ਗ਼ਦਰ ਲਹਿਰ ਦੇ ਅਣਫ਼ੋਲੇ ਵਰਕੇ



ਭਗਤ ਸਿੰਘ ਬਿਲਗਾ

ਗ਼ਦਰ ਲਹਿਰ ਦੇ ਅਣਫੋਲੇ ਵਰਕੇ

2

3

ਗ਼ਦਰ ਲਹਿਰ ਦੇ ਅਣਫੋਲੇ ਵਰਕੇ

ਗ਼ਦਰ ਪਾਰਟੀ

ਤੇ

ਕਿਰਤੀ ਪਾਰਟੀ

(1908-1952)

ਭਗਤ ਸਿੰਘ ਬਿਲਗਾ

ਪ੍ਰਕਾਸ਼ਕ:

ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

5

Ghadar Lehar De Anfole Varke

By

Bhagat Singh Bilga

ISBN : 978-93-82413-59-2

ਤੀਸਰੀ ਵਾਰ : 2013

ਕੀਮਤ: 225/-

ਪ੍ਰਕਾਸ਼ਕ:

ਪੰਜ ਆਬ ਪ੍ਰਕਾਸ਼ਨ

1, 2-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ, ਫ਼ੋਨ: 98140-87063

5aabparkashan@gmail.com, www. 5aabparkashan.com

ਟਾਈਪ ਸੈਟਿੰਗ : ਵੈਕ ਕੰਪਿਊਟਰਜ਼ ਜਲੰਧਰ, ਫ਼ੋਨ : 98140-87063

ਪ੍ਰਿੰਟਰਜ਼: 5ਆਬ ਪ੍ਰਿੰਟਰਜ਼, ਜਲੰਧਰ

5

ਸਮਰਪਣ

ਗ਼ਦਰੀ ਤੇ ਕਿਰਤੀ ਨਿਸ਼ਕਾਮ ਯੋਧਿਆਂ ਨੂੰ
ਜਿਨ੍ਹਾਂ ਆਪਣੀਆਂ ਜਿੰਦੜੀਆਂ
ਦੇਸ ਸੇਵਾ ਤੇ ਲੋਕ ਸੇਵਾ
ਵਿਚ ਲਾ ਦਿੱਤੀਆਂ

ਤਤਕਰਾ

9

ਭੂਮਿਕਾ

ਕਿਰਤੀ ਪਾਰਟੀ ਵਿਚ ਘਾਲਣਾ ਘਾਲ ਚੁੱਕੇ ਸਾਥੀਆਂ ਦੀ ਚਿਰੋਕਣੀ ਖਾਹਿਸ਼ ਸੀ ਕਿ ਕਿਰਤੀ ਪਾਰਟੀ ਬਾਬਤ ਤੱਥਾਂ ਦੇ ਆਧਾਰ 'ਤੇ ਲਿਖਿਆ ਜਾਵੇ। ਚਿਰ ਹੋਇਆ ਤੇਜਾ ਸਿੰਘ ਸੁਤੰਤਰ ਤੇ ਮੇਰੀ ਡਿਊਟੀ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਲੱਗੀ ਸੀ। ਉਮਰ ਨੇ ਸਾਥ ਨਾ ਦਿੱਤਾ। ਤੇਜਾ ਸਿੰਘ ਮਿੱਥੇ ਹੋਏ ਦਿਨ 'ਤੇ ਦੇਸ਼ ਭਗਤ ਯਾਦਗਾਰ ਹਾਲ ਆ ਤਾਂ ਗਿਆ, ਪਰ ਆਪਣੀ ਲਾਸ਼ ਦੇ ਰੂਪ ਵਿਚ। ਆਸ ਨਿਰਾਸ਼ਾ ਵਿਚ ਬਦਲ ਗਈ। ਹੁਣ ਮੇਰਾ ਜ਼ਿੰਮਾ ਸੀ ਕਿ ਕਿਰਤੀਆਂ ਦੀ ਇਸ ਖਾਹਿਸ਼ ਨੂੰ ਪੂਰਾ ਕਰਾਂ।

ਇਸ ਕਿਤਾਬ ਵਿਚ ਗ਼ਦਰ ਪਾਰਟੀ ਦੇ ਪਹਿਲੇ ਵਾਕਿਆਤ ਦੀ ਰਿਪੋਰਟ ਸੰਖੇਪ ਵਿਚ ਹੀ ਦਿੱਤੀ ਗਈ ਹੈ। ਗ਼ਦਰ ਪਾਰਟੀ ਬਾਰੇ ਪਹਿਲਾਂ ਲਿਖੀਆਂ ਕਿਤਾਬਾਂ ਵਿਚ ਵਿਚਾਰਨ ਤੋਂ ਰਹਿ ਗਏ ਗ਼ਦਰ ਇਤਿਹਾਸ ਦੇ ਅਣਫ਼ੋਲੇ ਵਰਕੇ ਇਸ ਕਿਤਾਬ ਵਿਚ ਦਰਜ ਹਨ। ਕਿਰਤੀ ਪਾਰਟੀ, ਜਿਹੜੀ ਕਿ ਗ਼ਦਰੀ ਕਮਿਊਨਿਸਟਾਂ ਦਾ ਹੀ ਦੂਜਾ ਨਾਂ ਸੀ, ਬਾਬਤ ਇਤਿਹਾਸ ਵਿਚ ਕਿਤੇ ਵੀ ਜ਼ਿਕਰ ਨਹੀਂ ਆਉਂਦਾ। ਏਥੋਂ ਤੱਕ ਕਿ ਕਮਿਊਨਿਸਟ ਪਾਰਟੀਆਂ ਦੇ ਇਤਿਹਾਸ ਵਿਚ ਵੀ ਕਿਰਤੀ ਪਾਰਟੀ ਨੂੰ ਥਾਂ ਨਹੀਂ ਦਿੱਤੀ ਗਈ। ਜਿਸ ਕਰਕੇ ਸੁਭਾਵਕ ਹੀ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਨ੍ਹਾਂ ਹਜ਼ਾਰਾਂ ਯੋਧਿਆਂ ਦੀਆਂ ਕੁਰਬਾਨੀਆਂ ਆਵਾਮ ਦੀਆਂ ਨਜ਼ਰਾਂ ਤੋਂ ਪਰ੍ਹੇ ਹੀ ਧੂੜ ਹੇਠ ਦੱਬ ਕੇ ਰਹਿ ਜਾਣਗੀਆਂ। ਇਸ ਕੰਮ ਵੱਲ ਧਿਆਨ ਦਿਵਾਉਣ ਲਈ ਇਹ ਇਕ ਛੋਟਾ ਜਿਹਾ ਉਪਰਾਲਾ ਹੈ, ਜਿਸ ਦੇ ਹਰ ਅਧਿਆਏ 'ਤੇ ਇਕ ਕਿਤਾਬ ਲਿਖੀ ਜਾ ਸਕਦੀ ਹੈ। ਇਸ ਕਿਤਾਬ ਦੇ ਛਪਣ ਤੋਂ ਬਾਅਦ ਜੇ ਇਸ ਮਹੱਤਵਪੂਰਣ ਵਿਸ਼ੇ ਉਤੇ ਖੋਜ ਸ਼ੁਰੂ ਹੋ ਜਾਵੇ ਤਾਂ ਸਮਝਾਂਗਾ ਕਿ ਮੇਰੀ ਤੇ ਮੇਰੇ ਸਾਥੀਆਂ ਦੀ ਖਾਹਿਸ਼ ਪੂਰੀ ਹੋ ਗਈ।

ਭਾਵੇਂ ਦੂਜੀਆਂ ਇਨਕਲਾਬੀ ਜਥੇਬੰਦੀਆਂ ਦੀ ਵੀ ਜੰਗੇ-ਆਜ਼ਾਦੀ ਵਿਚ ਅਥਾਹ ਦੇਣ ਹੈ, ਪਰ ਇਹ ਕਿਤਾਬ ਵਿਸ਼ੇਸ਼ ਕਰਕੇ ਗ਼ਦਰ ਪਾਰਟੀ ਤੇ ਕਿਰਤੀ ਪਾਰਟੀ ਵੱਲੋਂ ਮੁਲਕ ਅਤੇ ਲੋਕਾਂ ਲਈ ਕੀਤੀਆਂ ਗਈਆਂ ਮੁਸੱਲਸਲ ਕੁਰਬਾਨੀਆਂ ਦੀ ਦਾਸਤਾਨ ਹੈ। ਇਸ ਨੂੰ ਇਸ ਨਜ਼ਰੀਏ ਤੋਂ ਹੀ ਵਾਚਿਆ ਜਾਵੇ।

ਆਪਣੇ ਸਾਥੀਆਂ ਦੇ ਮੁਕੰਮਲ ਸਹਿਯੋਗ ਤੋਂ ਬਗੈਰ ਅਤੇ ਦੇਸ਼ ਭਗਤ ਯਾਦਗਾਰ ਦੇ ਸਮੂਹ ਸਟਾਫ਼ ਦੀ ਮਦਦ ਤੋਂ ਬਿਨਾਂ ਮੇਰੇ ਲਈ ਇਸ ਕਾਰਜ ਨੂੰ ਨੇਪਰੇ ਚਾੜ੍ਹ ਸਕਣਾ ਮੁਸ਼ਕਲ ਸੀ। ਦੇਸ਼ਭਗਤ ਖੋਜ ਕੇਂਦਰ ਵਿਚ ਪਏ ਅਹਿਮ ਇਤਿਹਾਸਕ ਦਸਤਾਵੇਜ਼ ਇਸ ਪੁਸਤਕ ਦਾ ਆਧਾਰ ਹਨ। ਨੈਸ਼ਨਲ ਆਰਕਾਈਵਜ਼ ਵੱਲੋਂ ਮਿਲੀ ਸਹਾਇਤਾ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਜੇ ਮੇਰੀਆਂ ਦੋ ਬੱਚੀਆਂ ਚੰਦਨਾ ਅਨੰਦ ਤੇ ਸੁਰਿੰਦਰ (ਨੂਰਮਹੱਲ) ਮੈਨੂੰ ਹਰ ਪੱਖੋਂ ਸਹਿਯੋਗ ਨਾ ਦਿੰਦੀਆਂ ਤਾਂ 83 ਸਾਲ ਦੀ ਉਮਰ ਵਿਚ ਮੇਰੇ ਲਈ ਇਹ ਕੰਮ ਅੱਤ ਮੁਸ਼ਕਲ ਸੀ।

ਸਤਨਾਮ ਚਾਨਾ ਨੇ ਇਸ ਕਿਤਾਬ ਦੀ ਲਿਖਾਈ, ਸੁਧਾਈ ਅਤੇ ਜ਼ਬਾਨਦਾਨੀ ਵਿਚ ਅਹਿਮ ਸਹਿਯੋਗ ਦਿੱਤਾ ਹੈ। ਜਿਸ ਨਾਲ ਮੁਸ਼ਕਲ ਅਸਾਨ ਕਰਨ ਵਿਚ ਮਦਦ ਮਿਲੀ। ਇਸ ਲਈ ਇਸ ਅਜ਼ੀਜ਼ ਦੀ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ।

ਮੈਂ ਅਵਾਮੀ ਪ੍ਰੈੱਸ ਦੇ ਸਮੂਹ ਸਟਾਫ਼ ਵੱਲੋਂ ਦਿੱਤੇ ਗਏ ਸਹਿਯੋਗ ਲਈ ਵੀ ਧੰਨਵਾਦੀ ਹਾਂ।

ਮੈਂ ਆਪਣੇ ਉਨ੍ਹਾਂ ਅਜ਼ੀਜ਼ਾਂ ਦੀ ਦੇਣ ਨੂੰ ਵੀ ਭੁੱਲ ਨਹੀਂ ਸਕਦਾ, ਜਿਹੜੇ, ਜਿਸ ਵੇਲੇ ਵੀ ਮਦਦ ਮੰਗੀ, ਕਲਮ ਫੜਕੇ ਲਿਖਣ ਬੈਠ ਗਏ।

-ਭਗਤ ਸਿੰਘ ਬਿਲਗਾ

ਇਤਿਹਾਸ ਦਾ ਸਿਰਜਕ ਤੇ ਲੇਖਕ: ਬਾਬਾ ਭਗਤ ਸਿੰਘ ਬਿਲਗਾ

*-ਵਰਿਆਮ ਸਿੰਘ ਸੰਧੂ**

ਸ਼ਹੀਦ ਭਗਤ ਸਿੰਘ ਦਾ ਸਿਰਨਾਵੀਆਂ ਬਾਬਾ ਭਗਤ ਸਿੰਘ ਬਿਲਗਾ ਪੈਦਾ ਵੀ ਓਸੇ ਸਾਲ ਵਿਚ ਹੋਇਆ, ਜਿਹੜੇ ਸਾਲ ਆਜ਼ਾਦੀ-ਸੰਗਰਾਮ ਦਾ ਮਹਾਂ-ਨਾਇਕ ਸ਼ਹੀਦ ਭਗਤ ਸਿੰਘ ਪੈਦਾ ਹੋਇਆ ਸੀ। 1907 ਵਿਚ। ਦੋਵੇਂ ਉਮਰੋਂ ਵੀ ਹਾਣੀ ਤੇ ਵਿਚਾਰਾਂ ਪੱਖੋਂ ਵੀ। ਦਿਲਚਸਪ ਇਤਫ਼ਾਕ ਇਹ ਵੀ ਹੈ ਕਿ ਜੇ ਸ਼ਹੀਦ ਭਗਤ ਸਿੰਘ ਦਾ ਪਹਿਲਾ ਪ੍ਰੇਰਨਾ-ਸਰੋਤ ਉਸਦਾ ਚਾਚਾ ਅਜੀਤ ਸਿੰਘ ਸੀ ਤਾਂ ਭਗਤ ਸਿੰਘ ਬਿਲਗਾ ਨੂੰ ਵੀ ਅਰਜਨਟਾਈਨਾ ਵਿਚ ਆਜ਼ਾਦੀ ਦੀ ਲੜਾਈ ਦੇ ਰਾਹ 'ਤੇ ਤੁਰਦਿਆਂ ਅਜੀਤ ਸਿੰਘ ਦੀ ਸੰਗਤ ਤੇ ਸਲਾਹ ਮਿਲਦੀ ਰਹੀ ਸੀ। ਪਹਿਲੇ ਭਗਤ ਸਿੰਘ ਨੇ ਸ਼ਹੀਦ ਹੋ ਕੇ ਇਹ ਦੱਸਿਆ ਕਿ ਮਰਿਆ ਕਿਵੇਂ ਜਾ ਸਕਦਾ ਹੈ ਤਾਂ ਦੂਜੇ ਭਗਤ ਸਿੰਘ (ਬਿਲਗਾ) ਨੇ 102 ਸਾਲ ਦਾ ਸੰਘਰਸ਼ ਭਰਿਆ ਜੀਵਨ ਜਿਊ ਕੇ ਇਹ ਸਾਬਤ ਕੀਤਾ ਕਿ ਇੱਕ ਇਨਕਲਾਬੀ ਨੂੰ ਜਿਊਂਦਾ ਕਿਵੇਂ ਰਹਿਣਾ ਚਾਹੀਦਾ ਹੈ। ਇਕ ਨੇ ਸਾਨੂੰ ਮਰਨ ਦੀ ਜਾਚ ਦੱਸੀ ਤਾਂ ਦੂਜੇ ਨੇ ਜਿਊਣ ਦੀ। ਇੱਕ ਨੇ ਸੁਪਨੇ ਲਏ; ਦੂਜੇ ਨੇ ਆਪਣੇ ਸਾਥੀਆਂ ਸੰਗ ਰਲਕੇ ਉਹਨਾਂ ਸੁਪਨਿਆਂ ਵਿਚ ਰੰਗ ਭਰਨ ਲਈ ਉਮਰ ਲਾ ਦਿੱਤੀ।

ਬਾਬਾ ਬਿਲਗਾ ਹੱਸਦਿਆਂ ਕਹਿੰਦਾ ਹੁੰਦਾ ਸੀ, "ਜੰਮਿਆਂ ਤਾਂ ਮੈਂ 'ਮੂਰਖਾਂ ਦੇ ਦਿਨ' ਨਾਲ ਯਾਦ ਕੀਤੇ ਜਾਂਦੇ ਦਿਨ ਪਹਿਲੀ ਅਪ੍ਰੈਲ ਨੂੰ ਸਾਂ ਪਰ 'ਫੂਲ' ਬਣਨਾ ਤਾਂ ਮੈਂ ਕਦੀ ਪ੍ਰਵਾਨ ਨਹੀਂ ਸੀ ਕਰਨਾ ਸ਼ਾਇਦ ਏਸੇ ਕਰਕੇ ਮੇਰੇ ਘਰਦਿਆਂ ਮੇਰੀ ਜਨਮ ਤਰੀਕ ਪਹਿਲੀ ਦੀ ਥਾਂ ਦੋ ਅਪ੍ਰੈਲ ਲਿਖਾ ਦਿੱਤੀ।"

ਉਸਦਾ ਜਨਮ ਦੋਆਬੇ ਦੇ ਪ੍ਰਸਿੱਧ ਪਿੰਡ ਬਿਲਗਾ ਵਿਖੇ ਨੰਬਰਦਾਰ ਹੀਰਾ ਸਿੰਘ ਸੰਘੇੜਾ ਦੇ ਘਰ ਮਾਤਾ ਮਾਲਣ ਦੀ ਕੁੱਖੋਂ ਹੋਇਆ।

ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਆਪਣੇ ਬਗ਼ਾਵਤੀ ਖ਼ਾਸੇ ਕਾਰਨ 'ਬਲੈਕ-ਲਿਸਟ' ਕੀਤੇ ਗਏ ਪਿੰਡ ਬਿਲਗੇ ਵਿਚ ਭਵਿੱਖ ਦੇ ਭਗਤ ਸਿੰਘ ਬਿਲਗਾ ਦੇ ਰੂਪ ਵਿਚ ਉਮਰ ਭਰ ਆਪਣੀਆਂ ਕਰਨੀਆਂ ਦਾ ਚਾਨਣ ਬਿਖ਼ੇਰਨ ਵਾਲੇ ਉਸ ਬੱਚੇ ਦੇ ਪਰਿਵਾਰ ਵਿਚ ਉਸ ਸਮੇਂ ਹਨੇਰ ਪੈ ਗਿਆ ਜਦੋਂ ਅਠਾਰਾਂ ਮਹੀਨਿਆਂ ਦੀ ਉਮਰ ਵਿਚ ਉਸਦਾ ਬਾਪ ਹੀਰਾ ਸਿੰਘ ਉਸਦੀ ਮਾਂ ਮਾਲਣ ਨੂੰ ਆਪਣੇ ਪਰਿਵਾਰ ਦੀ ਬਗ਼ੀਚੀ ਨੂੰ ਸਾਂਭਣ ਲਈ ਇਕੱਲੀ ਵਿਲਕਦਿਆਂ ਛੱਡ ਗਿਆ। ਬਾਲ ਭਗਤ ਸਿੰਘ ਦੀ ਗੁਜ਼ਰ ਚੁੱਕੀ ਪਹਿਲੀ ਮਾਂ ਤੋਂ ਵੱਡੀਆਂ ਦੋ ਭੈਣਾਂ ਤੇ ਆਪਣੀ ਮਾਂ ਤੋਂ ਉਹ ਦੋ ਭਰਾ। ਪੰਜ ਜੀਆਂ ਦਾ ਟੱਬਰ। ਸਭ ਤੋਂ ਛੋਟਾ ਭਗਤ ਸਿੰਘ। ਵਾਹੀ-ਖੇਤੀ ਕਰਨ ਜੋਗਾ ਕਮਾਊ ਜੀਅ ਤਾਂ ਪਰਿਵਾਰ ਵਿਚ ਰਿਹਾ ਕੋਈ ਨਾ। ਜ਼ਮੀਨ ਪਰਿਵਾਰ ਦੇ ਮੂੰਹ ਰੱਜਵੀਆਂ ਬੁਰਕੀਆਂ ਦੇਣ ਦੇ ਸਮਰੱਥ ਨਾ ਹੋਣ ਕਰ ਕੇ ਸਿਰ 'ਤੇ ਕਰਜ਼ੇ ਦੀ ਪੰਡ ਦਿਨੋ-ਦਿਨ ਭਾਰੀ ਹੋਣ ਲੱਗੀ। ਮਾਂ ਅੰਦਰ ਪੁੱਤ ਨੂੰ ਪੜ੍ਹਾਉਣ ਦੀ ਰੀਝ ਤਾਂ ਸੀ ਪਰ ਸਮਰੱਥਾ ਨਹੀਂ ਸੀ। ਉਸ ਆਪਣੀ ਭੈਣ ਦਾ ਤਰਲਾ ਕੀਤਾ। ਭੈਣ ਮੰਨ ਗਈ। ਭਗਤ ਸਿੰਘ

ਨੂੰ ਪਾਲਣ ਤੇ ਪੜ੍ਹਾਉਣ ਦੀ ਜ਼ਿੰਮੇਵਾਰੀ ਸੌਂਪ ਕੇ ਉਹਦੀ ਮਾਸੀ ਦੇ ਨਾਲ ਅਜੀਤਵਾਲ ਤੋਰ ਦਿੱਤਾ। ਪਲੇਗ ਪਈ ਤੇ ਮਾਸੀ ਦੀ ਮੌਤ ਹੋ ਗਈ। ਪਲੇਗ ਦਾ ਹਮਲਾ ਭਗਤ ਸਿੰਘ 'ਤੇ ਵੀ ਹੋਇਆ ਪਰ ਉਸਨੇ ਕਿਉਂਕਿ ਅਜੇ ਬਰਤਾਨਵੀ ਸਾਮਰਾਜ ਦੀ ਵਿਆਪਕ 'ਪਲੇਗ' ਨਾਲ ਲੜਨਾ ਸੀ ਇਸ ਲਈ ਪਲੇਗ ਉਸਦਾ ਕੁਝ ਨਾ ਵਿਗਾੜ ਸਕੀ ਤੇ ਉਹ ਅਜੀਤਵਾਲ ਤੋਂ ਚੌਥੀ ਜਮਾਤ ਪਾਸ ਕਰਕੇ ਚੂਹੜਚੱਕ ਦੇ ਮਿਡਲ ਸਕੂਲ ਵਿਚ ਦਾਖ਼ਲ ਹੋ ਗਿਆ। ਇਥੋਂ 1923 ਵਿਚ ਮਿਡਲ ਤੱਕ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਉਸਨੇ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਤੋਂ ਮੈਟਰਿਕ ਦਾ ਇਮਤਿਹਾਨ 1925 ਵਿਚ ਪਾਸ ਕਰ ਲਿਆ।

ਇਸ ਉਮਰ ਤੱਕ ਪਹੁੰਚਦਿਆਂ ਉਸਨੂੰ ਮੁਲਕ ਦੀ ਗੁਲਾਮੀ ਦਾ ਅਹਿਸਾਸ ਹੋ ਗਿਆ ਸੀ ਅਤੇ ਉਸ ਅੰਦਰ ਮੁਲਕ ਨੂੰ ਆਜ਼ਾਦ ਵੇਖਣ ਦੀ ਤਾਂਘ ਦਾ ਬੀਜ ਬੀਜਿਆ ਜਾ ਚੁੱਕਾ ਸੀ। 'ਬਲੈਕ-ਲਿਸਟ' ਹੋਏ ਅੰਗਰੇਜ਼ ਵਿਰੋਧੀ ਪਿੰਡ ਦਾ ਖ਼ਮੀਰ ਤੇ ਪਰਿਵਾਰ ਵਿਚ, ਵਿਸ਼ੇਸ਼ ਤੌਰ 'ਤੇ ਨਾਨੀ ਮਾਂ ਵੱਲੋਂ, ਕੀਤੀਆਂ ਜਾਂਦੀਆਂ ਸੰਤ-ਮਤੇ ਦੀਆਂ ਗੱਲਾਂ, 'ਰੱਬ ਹੋਰ ਕਿਤੇ ਨਹੀਂ, ਰੱਬ ਬੰਦੇ ਵਿਚ ਹੁੰਦਾ ਏ', ਜਿਹੇ ਪ੍ਰਵਚਨ ਉਸਦੇ ਮਨ ਦੀ ਜ਼ਮੀਨ ਤਿਆਰ ਕਰਨ ਵਿਚ ਸਹਾਈ ਹੋਏ। ਉਸ ਸਮੇਂ ਜੇਲ੍ਹ ਵਿਚ ਬੰਦ ਗਦਰੀ ਬਾਬਾ ਅਰੂੜ ਸਿੰਘ ਚੂਹੜਚੱਕ ਜਿਹੇ ਸੂਰਮਿਆਂ ਦੀਆਂ ਕੁਰਬਾਨੀਆਂ ਕਾਰਨ ਚੂਹੜਚੱਕ ਦੇ ਸਕੂਲ ਤੇ ਆਲੇ ਦੁਆਲੇ ਦੇ ਮਾਹੌਲ ਵਿਚ ਵੀ ਇਨਕਲਾਬੀ ਰੰਗ ਬਿਖ਼ਰਿਆ ਹੋਇਆ ਸੀ। ਇਹ ਰੰਗ ਵਿਦਿਆਰਥੀਆਂ ਦੇ ਕੋਰੇ ਮਨ 'ਤੇ ਕੁਝ ਛੇਤੀ ਚੜ੍ਹ ਜਾਣ ਵਾਲਾ ਸੀ। ਉੱਤੋਂ ਬਾਬਾ ਅਰੂੜ ਸਿੰਘ ਦਾ ਲੜਕਾ ਭਗਤ ਸਿੰਘ ਬਿਲਗਾ ਦਾ ਜਮਾਤੀ ਸੀ। ਹਰ ਵੇਲੇ ਇਕ ਦੂਜੇ ਨਾਲ ਬਾਬਾ ਜੀ ਤੇ ਉਹਨਾਂ ਦੇ ਗਦਰੀ ਸਾਥੀਆਂ ਦੀ ਕੁਰਬਾਨੀ ਤੇ ਕਾਰਨਾਮਿਆਂ ਬਾਰੇ ਚਰਚਾ ਦਾ ਅਵਸਰ ਬਣਿਆਂ ਰਹਿੰਦਾ। ਇਕ ਵਾਰ ਓਥੇ ਪਿੰਡ ਵਿਚ ਪੁਲਿਸ ਕਿਸੇ ਨੂੰ ਗ੍ਰਿਫ਼ਤਾਰ ਕਰਨ ਆਈ ਤੇ ਪੁਲਿਸ ਨੇ ਬੜੀ ਦਰਿੰਦਗੀ ਨਾਲ ਉਸ ਬੰਦੇ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ। ਲੋਕਾਂ ਨੇ ਗੁੱਸੇ ਵਿਚ ਪੁਲਿਸ ਨੂੰ ਘੇਰ ਲਿਆ ਤੇ ਬਦਲੇ ਵਿਚ ਥਾਣੇਦਾਰ ਮਾਰ ਦਿੱਤਾ। ਵਿਦਿਆਰਥੀ ਭਗਤ ਸਿੰਘ ਨੇ ਸਰਕਾਰੀ ਵਧੀਕੀ ਦੇ ਨਾਲ ਨਾਲ ਲੋਕ-ਰੋਹ ਤੇ ਲੋਕ-ਏਕੇ ਦਾ ਕਮਾਲ ਦੇਖਿਆ। ਸਥਾਪਤ ਤਾਕਤਾਂ ਦੀ ਬੇਇਨਸਾਫ਼ੀ ਵਿਰੁੱਧ ਲੜਨ ਦੀ ਭਾਵਨਾ ਤੀਬਰ ਹੁੰਦੀ ਗਈ। ਇਸੇ ਭਾਵਨਾ ਦਾ ਪ੍ਰਗਟਾ ਹੀ ਸੀ ਜਦੋਂ ਉਸ ਨੇ ਸਾਥੀਆਂ ਨਾਲ ਮਿਲ ਕੇ ਵਾਇਸਰਾਇ ਦੇ ਸਵਾਗਤ ਵਿਚ ਲੁਧਿਆਣੇ ਵਿਚ ਕੱਢੇ ਗਏ ਵਿਦਿਆਰਥੀਆਂ ਦੇ ਵੱਡੇ ਜਲੂਸ ਸਮੇਂ ਹੋਰਨਾਂ ਵਾਂਗ 'ਹਿਪ ਹਿਪ ਹੁਰਰੇ' ਕਹਿਣ ਦੀ ਥਾਂ 'ਡੋ ਡੋ ਝਰਲੇ' ਆਖ ਕੇ ਆਪਣੀ ਪਹਿਲੀ ਨਿੱਕੀ ਜਿਹੀ ਬਗ਼ਾਵਤ ਕੀਤੀ ਤੇ ਪਹਿਲੀ ਸਜ਼ਾ ਵਜੋਂ ਸਾਥੀਆਂ ਸਮੇਤ ਹੈਡਮਾਸਟਰ ਇਕਬਾਲ ਸਿੰਘ ਦੀ ਕੁੱਟ ਖਾਧੀ।

ਦਸਵੀਂ ਪਾਸ ਕਰਨ ਉਪਰੰਤ ਡਾਕਟਰ ਬਣਨ ਲਈ ਦਾਖ਼ਲ ਹੋਣ ਦਾ ਯਤਨ ਕੀਤਾ, ਪਰ ਕਾਮਯਾਬੀ ਹਾਸਲ ਨਾ ਹੋ ਸਕੀ। ਜਲੰਧਰ ਦੇ ਕਮਰਸ਼ੀਅਲ ਕਾਲਜ ਵਿਚ ਅੱਗੇ ਪੜ੍ਹਾਈ ਜਾਰੀ ਰੱਖਣੀ ਚਾਹੀ ਤਾਂ ਕਰਜ਼ੇ ਦੀਆਂ ਕੰਧਾਂ ਰਾਹ ਵਿਚ ਆਣ ਖਲੋਤੀਆਂ। ਕਰੇ ਤਾਂ ਕੀ ਕਰੇ?

ਜਜ਼ਬਾ ਤਾਂ ਦੇਸ਼ ਨੂੰ ਆਜ਼ਾਦ ਵੇਖਣ ਦਾ ਵੀ ਉਸ ਅੰਦਰ ਤੁਣਕੇ ਮਾਰਦਾ ਰਹਿੰਦਾ ਸੀ ਪਰ ਉਸਨੂੰ ਹੁਣ ਤੱਕ ਨਾਲ ਨਾਲ ਤੁਰੀ ਆ ਰਹੀ ਗਰੀਬੀ ਦਾ ਪ੍ਰਛਾਵਾਂ ਵੀ ਲਗਾਤਾਰ ਤੰਗ ਕਰਦਾ ਰਿਹਾ ਸੀ। ਆਪਣੀ ਮਾਂ ਵੱਲੋਂ ਬੱਚਿਆਂ ਦੀਆਂ ਸੱਧਰਾਂ ਪੂਰੀਆਂ ਨਾ ਕਰ ਸਕਣ ਦੀ ਲਾਚਾਰਗੀ ਤੇ ਬੇਵੱਸੀ ਦੇ ਨਾਲ ਨਾਲ ਪੁੱਤਾਂ ਵੱਲੋਂ ਵੱਡੇ ਹੋ ਕੇ ਸਾਰੇ ਕਰਜ਼ੇ ਲਾਹ ਕੇ ਸੁਰਖ਼ਰੂ ਕਰ ਦੇਣ ਦਾ ਉਸਦਾ ਸੁਪਨਾ ਵੀ ਉਸਨੂੰ ਭੁੱਲਾ ਨਹੀਂ ਸੀ। ਉਸਨੂੰ ਉਹ ਦਿਨ ਤੇ ਉਹ ਦ੍ਰਿਸ਼ ਨਹੀਂ ਸਨ ਭੁੱਲਦੇ ਜਦੋਂ ਸਾਰੀ ਜ਼ਮੀਨ ਗਹਿਣੇ ਪੈ ਚੁੱਕੀ ਸੀ; ਕਰਜ਼ਾ ਨਾ ਉਤਾਰ ਸਕਣ ਕਰਕੇ ਅਗਲੇ ਡਿਗਰੀਆਂ ਲੈ ਆਏ ਸਨ ਤੇ ਘਰ ਨੀਲਾਮ ਹੋਣ 'ਤੇ ਆ ਗਿਆ ਸੀ। ਇਸ ਸਮੇਂ ਉਸਦੇ ਬਾਪ ਦਾ ਜਲੰਧਰ ਰਹਿੰਦਾ ਹਮਦਰਦ ਵਕੀਲ ਕੰਮ ਆਇਆ ਸੀ। ਪਿਤਾ ਹੀਰਾ ਸਿੰਘ ਨੰਬਰਦਾਰ ਰਿਹਾ ਸੀ ਤੇ ਉਸਦੀ ਵਕੀਲ ਨਾਲ ਨੇੜੇ ਦੀ ਸਾਂਝ ਸੀ। ਜਦੋਂ ਵਕੀਲ ਨੂੰ ਪਤਾ ਲੱਗਾ ਤਾਂ ਉਸਨੇ ਕਮਿਸ਼ਨਰ ਜਲੰਧਰ ਕੋਲ ਘਰ ਨੀਲਾਮ ਨਾ ਕੀਤੇ ਜਾਣ ਦੀ ਦਰਖ਼ਾਸਤ ਦੇ ਦਿੱਤੀ। ਸੌ ਸਾਲ ਦੀ ਉਮਰ ਹੋ ਜਾਣ 'ਤੇ ਵੀ ਬਾਬਾ ਉਸ ਸਮੇਂ ਨੂੰ ਨਹੀਂ ਸੀ ਭੁੱਲ ਸਕਿਆ। ਉਸਦੀ ਮਾਂ ਉਹਨਾਂ ਦੋਵਾਂ ਭਰਾਵਾਂ ਨੂੰ ਬੁੱਕਲ ਵਿਚ ਲਈ ਜਲੰਧਰ ਪਹੁੰਚੀ। ਰਾਤ ਕਚਹਿਰੀ ਲਾਗੇ 'ਪਾਂਡਿਆਂ ਦੀ ਸਰਾਂ' ਵਿਚ ਕੱਟੀ। ਕਮਿਸ਼ਨਰ ਦੇ ਸਾਹਮਣੇ ਬੱਚਿਆਂ ਨੂੰ ਪੇਸ਼ ਕਰਕੇ ਵਕੀਲ ਨੇ ਅਰਜ਼ ਕੀਤੀ ਕਿ ਮੁੰਡੇ ਤਾਂ ਅਜੇ ਛੋਟੇ ਤੇ ਨਾਬਾਲਗ਼ ਹਨ। ਕੋਈ ਕਮਾਊ ਜੀਅ ਹੀ ਨਹੀਂ ਪਰਿਵਾਰ ਵਿਚ। ਘਰ ਨੀਲਾਮ ਹੋ ਗਿਆ ਤਾਂ ਇਕੱਲੀ ਔਰਤ ਆਪਣੇ ਨਿੱਕੇ ਨਿੱਕੇ ਬੋਟਾਂ ਨੂੰ ਲੈ ਕੇ ਕਿੱਥੇ ਜਾਏਗੀ! ਕਮਿਸ਼ਨਰ ਦੇ ਮਨ ਵਿਚ ਤਰਸ ਜਾਗਿਆ। ਉਸਨੇ ਫ਼ੈਸਲਾ ਸੁਣਾਇਆ ਕਿ ਜਿੰਨਾਂ ਚਿਰ ਬੱਚੇ ਬਾਲਗ਼ ਨਹੀਂ ਹੋ ਜਾਂਦੇ ਓਨਾ ਚਿਰ ਮਕਾਨ ਨੀਲਾਮ ਨਹੀਂ ਹੋ ਸਕਦਾ। ਸ਼ਾਹੂਕਾਰ ਲਾਲਾ ਤਾਂ ਰੋਂਦਾ ਬਾਹਰ ਆਇਆ ਤੇ ਮਾਂ ਮਾਲਣ ਆਪਣੇ ਪੁੱਤਾਂ ਦੇ ਸਿਰ 'ਤੇ ਹੱਥ ਫੇਰਦੀ, ਉਹਨਾਂ ਨੂੰ ਵੱਖੀ ਨਾਲ ਘੁੱਟਦੀ ਖ਼ੁਸ਼ੀ ਦੇ ਅੱਥਰੂ ਪੂੰਝਦੀ ਕਹਿ ਰਹੀ ਸੀ, "ਮੇਰੇ ਪੁੱਤ ਦਿਨਾਂ 'ਚ ਜਵਾਨ ਹੋਏ ਲਓ। ਜ਼ਮੀਨ ਵੀ ਛੁਡਾ ਲੈਣਗੇ ਤੇ ਘਰ ਵੀ ਬਚਾ ਲੈਣਗੇ।"

ਬਾਲਗ਼ ਹੋ ਚੁੱਕੇ ਭਗਤ ਸਿੰਘ ਬਿਲਗ਼ਾ ਨੂੰ ਮਾਂ ਦੇ ਬੋਲ, ਉਹਨਾਂ ਵਿਚਲੀ ਖ਼ੁਸ਼ੀ, ਪੁੱਤਾਂ 'ਤੇ ਮਾਣ ਦਾ ਜਜ਼ਬਾ ਕਦੀ ਨਹੀਂ ਸਨ ਭੁੱਲੇ। ਉਸਦਾ ਤਾਂ ਵਿਆਹ ਵੀ ਨੌਵੀਂ ਜਮਾਤ ਵਿਚ ਪੜ੍ਹਦਿਆਂ ਹੋ ਗਿਆ ਸੀ। ਭਾਵੇਂ ਅਜੇ ਤੱਕ ਪਤੀ-ਪਤਨੀ ਨੇ ਇੱਕ ਦੂਜੇ ਨੂੰ ਵੇਖਿਆ ਵੀ ਨਹੀਂ ਸੀ ਅਤੇ ਉਹ ਆਪਣੇ ਪੇਕੇ ਘਰ ਹੀ ਸੀ (ਕਿਉਂਕਿ ਉਹਨਾਂ ਦਿਨਾਂ ਵਿਚ ਵਿਆਹ ਛੋਟੀ ਉਮਰ ਵਿਚ ਹੋ ਜਾਣ ਕਰਕੇ ਮੁਕਲਾਵਾ ਦੇਰ ਨਾਲ ਤੋਰਿਆ ਜਾਂਦਾ ਸੀ) ਪਰ ਪਤਨੀ ਦੀ ਜ਼ਿੰਮੇਵਾਰੀ ਵੀ ਤਾਂ ਹੁਣ ਉਸਦੇ ਸਿਰ ਹੀ ਸੀ। ਉਸਨੇ ਦੇਸ਼ ਦੀ ਆਜ਼ਾਦੀ ਦਾ ਜਾਗ ਰਿਹਾ ਸੁਪਨਾ ਇਕ ਪਾਸੇ ਕਰਕੇ ਮਾਂ ਦੇ ਸੁਪਨੇ ਨੂੰ ਪੂਰਾ ਕਰਨ ਦਾ ਨਿਸਚਾ ਕਰ ਲਿਆ। ਪਤਨੀ ਦੀਆਂ ਰੀਝਾਂ ਸੰਗ ਆਪਣੇ ਆਪ ਨੂੰ ਜੋੜ ਲਿਆ।

ਕਰਜ਼ਾਈ ਹੋ ਚੁਕਿਆ ਪੰਜਾਬ ਦਾ ਕਿਸਾਨ ਪੈਸੇ ਕਮਾਉਣ ਲਈ ਬਦੇਸ਼ੀ ਧਰਤੀਆਂ ਵੱਲ ਕੂਚ ਕਰ ਰਿਹਾ ਸੀ। ਉਸਨੇ ਵੀ ਬਾਹਰ ਜਾਣ ਤੇ ਕਮਾਈ ਕਰਨ ਦੀ ਠਾਣ ਲਈ। ਪਰ ਪਾਸਪੋਰਟ ਬਣਨ ਦੀ ਮੁਸ਼ਕਿਲ ਰਾਹ ਵਿਚ ਆਣ ਖਲੋਤੀ। ਪਿੰਡ ਦੇ ਪਤੇ 'ਤੇ ਪਿੰਡ ਦੇ

ਕਿਸੇ ਬੰਦੇ ਨੂੰ ਪਾਸਪੋਰਟ ਨਹੀਂ ਸੀ ਮਿਲ ਸਕਦਾ। ਨੌਜਵਾਨ ਭਗਤ ਸਿੰਘ ਕਲਕੱਤੇ ਚਲਾ ਗਿਆ ਤੇ ਜਾਨ ਮੁਹੰਮਦ ਨਾਮੀਂ ਏਜੰਟ ਨੂੰ ਸੌ ਰੁਪਈਆ ਦਿੱਤਾ। ਉਸਨੇ ਕਲਕਤੇ ਦਾ ਥਹੁ-ਟਿਕਾਣਾ ਦੇ ਕੇ ਪਾਸਪੋਰਟ ਬਣਵਾ ਦਿੱਤਾ।

ਵੀਜ਼ਾ ਲਵਾਇਆ ਚਿੱਲੀ ਦਾ। 1927 ਦਾ ਸਾਲ ਸੀ ਜਦੋਂ ਪਾਣੀ ਵਾਲੇ ਜਹਾਜ਼ ਵਿਚ ਠਿੱਲ੍ਹ ਕੇ ਬਿਲਗਾ ਬਰ੍ਹਮਾ, ਪੀਨਾਂਗ ਹੁੰਦਾ ਹਾਂਗਕਾਂਗ ਪੁੱਜਾ। ਇਥੋਂ ਜਹਾਜ਼ ਬਦਲ ਕੇ ਅਗਲੀ ਯਾਤਰਾ ਸ਼ੁਰੂ ਕੀਤੀ ਪਰ ਪਿਛਲੀਆਂ ਯਾਦਾਂ ਵੀ ਅੰਗ-ਸੰਗ ਵਿਚਰ ਰਹੀਆਂ ਸਨ। ਘਰ ਚੇਤੇ ਆਇਆ, ਮਾਂ ਤੇ ਭੈਣ-ਭਰਾ ਚੇਤੇ ਆਏ। ਅੰਦਰਲਾ ਕਵੀ ਜਾਗ ਪਿਆ। ਮਾਂ ਨੂੰ ਚਿੱਠੀ ਲਿਖੀ ਜਪਾਨ ਤੋਂ ਤੇ ਨਾਲ ਕਵਿਤਾ ਲਿਖੀ ਜਿਸਦੀ ਇਹ ਤੁਕ ਜ਼ਿੰਦਗੀ ਭਰ ਨਾ ਭੁੱਲੀ:

ਬਰ੍ਹਮਾ, ਚੀਨ ਤੇ ਹੋਰ ਜਪਾਨ ਡਿੱਠਾ,
ਹਾਇ! ਭੁੱਲਦਾ ਨਹੀਂ ਪੰਜਾਬ ਮੇਰਾ

ਪੰਜਾਬ ਦੀ ਯਾਦ ਆਉਂਦਿਆਂ ਹੀ ਪੰਜਾਬ ਦੀ ਗੁਲਾਮੀ ਤੇ ਗਰੀਬੀ ਵਾਲੀ ਜ਼ਿੰਦਗੀ ਵੀ ਯਾਦ ਆਉਣ ਲੱਗੀ। ਘੁੰਮਦਿਆਂ ਘੁੰਮਾਉਂਦਿਆਂ ਬਿਲਗਾ ਆਖ਼ਰਕਾਰ ਅਰਜਨਟਾਈਨਾ ਪਹੁੰਚ ਗਿਆ। ਸਪੈਨਿਸ਼ ਸਿੱਖੀ। ਰੇਲਵੇ ਵਿਚ ਕਲਰਕ ਲੱਗ ਗਿਆ। ਏਥੇ ਹੀ ਸੰਗਤ ਹੋ ਗਈ ਗ਼ਦਰੀ ਇਨਕਲਾਬੀਆਂ ਨਾਲ। 'ਗ਼ਦਰ' ਅਖ਼ਬਾਰ ਪੜ੍ਹਿਆ। ਹੋਰ ਵੀ ਬਹੁਤ ਸਾਰੇ ਲੋਕ ਜੋ ਅਮਰੀਕਾ ਨਹੀਂ ਜਾ ਸਕੇ ਸਨ, ਏਥੇ ਹੀ ਆ ਉੱਤਰੇ ਸਨ। ਇਹਨਾਂ ਵਿਚ ਅਕਾਲੀ ਮੋਰਚਿਆਂ ਵਿਚ ਕੈਦਾਂ ਕੱਟਣ ਵਾਲੇ ਲੋਕ ਵੀ ਸਨ। ਇਹ ਲੋਕ ਸਿਆਸੀ ਚੇਤਨਾ ਵਾਲੇ ਸਨ। ਦੇਸ਼-ਪ੍ਰੇਮ ਦੇ ਦੀਵਾਨੇ। ਦੇਸ਼ ਭਗਤੀ ਦਾ ਜਜ਼ਬਾ ਮੁੜ ਤੋਂ ਫੁੱਟ ਨਿਕਲਿਆ। ਆਪਣੀ ਮਾਂ ਭੁੱਲ ਗਈ ਤੇ ਵੱਡੀ ਮਾਂ ਹਿੰਦੁਸਤਾਨ ਦੀ ਗੁਲਾਮੀ ਤੇ ਗਰੀਬੀ ਨੇ ਦਿਲ ਮੱਲ ਲਿਆ। ਭਾਈ ਰਤਨ ਸਿੰਘ ਨੇ ਆ ਕੇ ਸਭ ਦੀ ਸਲਾਹ ਨਾਲ ਗ਼ਦਰ ਪਾਰਟੀ ਦੀ ਬਰਾਂਚ ਖੋਲ੍ਹ ਦਿੱਤੀ। ਪਿੱਛੋਂ ਤੇਜਾ ਸਿੰਘ ਸੁਤੰਤਰ ਵੀ ਓਥੇ ਪਹੁੰਚ ਗਿਆ। ਉਸਨੇ ਜਮਹੂਰੀ ਤਰਜ਼ ਦੀਆਂ ਕਮੇਟੀਆਂ ਬਣਾ ਕੇ ਬਾਕਾਇਦਾ ਚੋਣ ਕਰਵਾਈ ਤੇ ਭਗਤ ਸਿੰਘ ਬਿਲਗਾ ਨੂੰ ਪਾਰਟੀ ਦਾ ਜਨਰਲ ਸਕੱਤਰ ਚੁਣ ਲਿਆ ਗਿਆ। ਇੱਥੇ ਹੀ ਸ਼ਹੀਦ ਭਗਤ ਸਿੰਘ ਦਾ ਚਾਚਾ ਅਜੀਤ ਸਿੰਘ ਵੀ ਪਹੁੰਚ ਗਿਆ। ਉਹ ਅਰਜਨਟਾਈਨਾ ਦੀ ਗ਼ਦਰ ਪਾਰਟੀ ਦਾ ਪ੍ਰਧਾਨ ਬਣਿਆ। ਅਜੀਤ ਸਿੰਘ ਦੀ ਸੰਗਤ ਵਿਚ ਰਹਿ ਕੇ ਪਿਛਲਾ ਇਤਿਹਾਸ ਵੀ ਸੁਣਿਆਂ ਸਮਝਿਆ ਤੇ ਹੋਰ ਵੀ ਬਹੁਤ ਕੁਝ ਨਵਾਂ ਜਾਣਿਆਂ। ਏਥੇ ਰਹਿੰਦਿਆਂ ਹੀ ਉਹਨਾਂ ਨੂੰ ਸਾਂਡਰਸ ਦੇ ਕਤਲ ਦੀ ਖ਼ਬਰ ਮਿਲੀ। ਏਥੇ ਹੀ ਅਜੀਤ ਸਿੰਘ ਨੂੰ ਲਿਖੇ ਸ਼ਹੀਦ ਭਗਤ ਸਿੰਘ ਦੇ ਤਿੰਨ ਖ਼ਤ ਮਿਲੇ। ਇਕ ਖ਼ਤ, ਜੋ ਪੰਜ ਛੇ ਸਫ਼ਿਆਂ ਦਾ ਸੀ, ਵਿਚ ਉਸਨੇ ਭਾਰਤੀ ਲੀਡਰਾਂ ਦਾ ਸਜ਼ਰਾ-ਨਸਬ ਲਿਖ ਭੇਜਿਆ ਸੀ। ਇੱਕ ਖ਼ਤ ਹੇਠਾਂ ਲਿਖਿਆ ਸੀ, ਸ਼ੋਸ਼ਲਿਸਟ-ਗ਼ਦਰ-ਕਮਿਊਨਿਸਟ। ਇਹ ਖ਼ਤ ਪੋਲੀਟੀਕਲ ਸਨ। ਮਹੱਤਵਪੂਰਨ ਦਸਤਾਵੇਜ਼; ਪਰ ਸਾਂਭੇ ਨਾ ਰਹਿ ਸਕੇ।

ਇਨਕਲਾਬੀ ਲਹਿਰ ਨਾਲ ਜੁੜਨ ਕਰ ਕੇ ਬਿਲਗਾ ਪੂਰਨ ਭਾਂਤ ਦੇਸ਼ ਦੀ ਆਜ਼ਾਦੀ ਨੂੰ ਸਮਰਪਿਤ ਹੋ ਗਿਆ। ਪਿਛਲਾ ਪਰਿਵਾਰ ਭੁੱਲ ਕੇ ਆਪਣੀ ਕਮਾਈ ਦਾ ਬਹੁਤਾ ਹਿੱਸਾ 'ਨੌਜਵਾਨ ਭਾਰਤ ਸਭਾ' ਤੇ 'ਕਿਰਤੀ ਪਾਰਟੀ' ਨੂੰ ਫੰਡ ਦੇ ਰੂਪ ਵਿਚ ਦੇਣ ਲੱਗਾ। ਬਾਬਾ

ਕਹਿੰਦਾ ਹੁੰਦਾ ਸੀ, "ਜਦੋਂ ਏਸ ਪਾਸੇ ਪੈ ਗਏ...ਫ਼ਿਰ ਘਰ ਪੈਸੇ ਕਿਸ ਨੇ ਭੇਜਣੇ ਸਨ!" ਉਸਦਾ ਹਰੇਕ ਪਲ ਪਾਰਟੀ ਨੂੰ ਸਮਰਪਤ ਸੀ ਤੇ ਜਿੱਥੇ ਵੀ ਕਿਸੇ ਭਾਰਤੀ ਦੀ ਦੱਸ ਪੈਂਦੀ ਉਹ ਉੱਡ ਕੇ ਪਹੁੰਚਦਾ ਤੇ ਪਾਰਟੀ ਦਾ ਮਕਸਦ ਦੱਸਦਾ, ਪ੍ਰੇਰਦਾ ਤੇ ਉਸਨੂੰ ਆਪਣੇ ਨਾਲ ਜੋੜਦਾ।

ਗ਼ਦਰ ਪਾਰਟੀ ਵੱਲੋਂ ਗ਼ਦਰ ਕਰਨ ਦਾ ਕੀਤਾ ਪਹਿਲਾ ਯਤਨ ਫੇਲ੍ਹ ਹੋ ਜਾਣ ਪਿੱਛੋਂ ਹੁਣ ਦੋਬਾਰਾ ਦੇਸ਼ ਪਰਤਣ ਤੇ ਇਨਕਲਾਬ ਲਈ ਜ਼ਮੀਨ ਤਿਆਰ ਕਰਨ ਲਈ ਵਿਚਾਰ ਚਰਚਾ ਹੋਣੀ ਸ਼ੁਰੂ ਹੋਈ। ਤੇਜਾ ਸਿੰਘ ਸੁਤੰਤਰ ਦਾ ਮੱਤ ਸੀ ਕਿ ਦੇਸ਼ ਪਰਤ ਕੇ ਇਨਕਲਾਬ ਕੀਤਾ ਜਾਏ, ਪਰ ਰਤਨ ਸਿੰਘ ਕਹਿੰਦਾ ਸੀ ਕਿ ਸਾਨੂੰ ਸੋਵੀਅਤ ਤਜਰਬੇ ਤੋਂ ਲਾਭ ਲੈਣਾ ਚਾਹੀਦਾ ਹੈ। ਬਾਬਾ ਬਿਲਗਾ ਵੀ ਇਸ ਮੱਤ ਦਾ ਸੀ ਕਿ ਅਸੀਂ ਪਹਿਲਾਂ ਸਾਰੀ ਟੇਕ ਫ਼ੌਜਾਂ ਉੱਪਰ ਰੱਖੀ ਸੀ; ਹੁਣ ਕਿਸਾਨਾਂ, ਮਜ਼ਦੂਰਾਂ ਦੀ ਫ਼ੌਜ 'ਤੇ ਟੇਕ ਰੱਖਣੀ ਪੈਣੀ ਹੈ।

ਪਾਰਟੀ ਵੱਲੋਂ ਭਗਤ ਸਿੰਘ ਬਿਲਗਾ ਨੂੰ ਸੋਵੀਅਤ ਯੂਨੀਅਨ ਵਿਚ ਮਾਰਕਸਵਾਦ ਦੀ ਤੇ ਗੁਰੀਲਾ ਯੁੱਧ ਦੀ ਸਿੱਖਿਆ ਲੈਣ ਲਈ ਭੇਜਿਆ ਗਿਆ। 1934 ਵਿਚ ਉਸਨੇ ਮਾਸਕੋ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਦੇਸ਼ ਪਰਤਣ ਦੀ ਤਿਆਰੀ ਕਰ ਲਈ। ਸੋਵੀਅਤ ਯੂਨੀਅਨ ਵਿਚੋਂ ਬਿਲਗਾ ਇਹ ਸਿੱਖ ਕੇ ਆਇਆ ਕਿ ਦੇਸ਼ ਵਾਪਸ ਜਾ ਕੇ 'ਸਿੱਧਾ' ਇਨਕਲਾਬ ਕਰਨ ਦੀ ਥਾਂ ਟਰੇਡ ਯੂਨੀਅਨ ਵਿੱਚ ਕੰਮ ਕਰ ਕੇ, ਕਿਸਾਨ ਸਭਾਵਾਂ ਉਸਾਰ ਕੇ, ਉਹਨਾਂ ਨੂੰ ਨਾਲ ਲੈ ਕੇ ਇੱਕ ਲੋਕ-ਲਹਿਰ ਉਸਾਰਨ ਦੀ ਲੋੜ ਹੈ। ਇਸ ਲਈ ਉਹ ਅਤੇ ਉਸਦੇ ਗ਼ਦਰ ਪਾਰਟੀ ਵਾਲੇ ਸਾਥੀ ਇਸ ਉਦੇਸ਼ ਨੂੰ ਮੁੱਖ ਰੱਖ ਕੇ ਹੀ ਐਤਕੀਂ ਵਾਪਸ ਪਰਤੇ।

ਬਾਬਾ ਭਗਤ ਸਿੰਘ ਬਿਲਗਾ ਨੇ ਜਰਮਨੀ ਵਿਚੋਂ ਲੰਘਣ ਦੀ ਦਾਸਤਾਂ ਸੁਣਾਉਂਦਿਆਂ ਇਹਨਾਂ ਸਤਰਾਂ ਦੇ ਲੇਖਕ ਨੂੰ ਕੁਝ ਸਾਲ ਪਹਿਲਾਂ ਨਿੱਜੀ ਮੁਲਾਕਾਤ ਵਿਚ ਦੱਸਿਆ ਸੀ, "ਅੱਜ ਤੱਕ ਮੈਂ ਕਿਸੇ ਨੂੰ ਦੱਸਿਆ ਨਹੀਂ, ਪਰ ਅੱਜ ਤੁਹਾਨੂੰ ਦੱਸਦਾਂ। ਹੁਣ ਕੋਈ 'ਉਸ ਤਰ੍ਹਾਂ' ਦੀ ਗੱਲ ਨਹੀਂ। ਮੈਂ ਲੈਨਿਨਗਰਾਦ ਵਿੱਚ ਉਹਨਾਂ ਦੇ ਲਾਦੂ ਜਹਾਜ਼ ਦੀ ਬੇਸਮੈਂਟ ਵਿੱਚ ਲੁਕਵੇਂ ਕੈਬਿਨ ਵਿੱਚ ਲੁਕ ਕੇ ਆਇਆ। ਮੈਨੂੰ ਦੱਸਿਆ ਗਿਆ ਸੀ ਕਿ ਜਦੋਂ ਜਹਾਜ਼ ਲੱਗੇਗਾ ਤਾਂ ਓਥੇ ਫ਼ਲਾਂ ਨਿਸ਼ਾਨੀ ਵਾਲਾ ਬੰਦਾ ਹੋਊ, ਉਹਨੂੰ ਬੁਲਾਉਣਾ ਨਹੀਂ...ਉਹਦੇ ਪਿੱਛੇ ਪਿੱਛੇ ਤੁਰੀ ਜਾਣਾ...ਪੰਜੀਂ ਛੇਈਂ ਦਿਨੀਂ ਜਹਾਜ਼ ਲੱਗਾ; ਸਾਮਾਨ ਨਾਲ ਲੱਦਿਆ। ਮੈਂ ਵੀ ਪਹੁੰਚ ਗਿਆ। ਜਦੋਂ ਸਮਾਨ ਉੱਤਰਨ ਲੱਗਾ, ਉਦੋਂ ਕਾਫ਼ੀ ਦੇਰ ਹੋ ਚੁੱਕੀ ਸੀ। ਹੁਣ ਪੜਤਾਲ ਵਗੈਰਾ ਖ਼ਤਮ ਸੀ। ਮੇਰੇ ਕੋਲ ਜਰਮਨ ਪਹਿਰਾਵਾ ਸੀ, ਉਹ ਮੈਂ ਪਹਿਨ ਲਿਆ। ਨਿਸ਼ਾਨੀ ਵਾਲਾ ਬੰਦਾ ਮੈਂ ਵੇਖ ਲਿਆ। ਉਹਦੇ ਪਿੱਛੇ-ਪਿੱਛੇ ਇੱਕ ਹੋਟਲ ਵਿੱਚ ਪਹੁੰਚ ਗਿਆ। ਓਥੇ ਮੈਨੂੰ ਇੱਕ ਪਾਸਪੋਰਟ ਮੁਹੱਈਆ ਕੀਤਾ ਗਿਆ, ਫੋਟੋ ਲਾ ਕੇ ਮੇਰੀ। ਇੱਕ ਨੁਕਸ ਉਸ ਵਿੱਚ ਸੀ ਕਿ ਉਦੋਂ ਬ੍ਰਿਟਿਸ਼ ਪਾਸਪੋਰਟ 'ਤੇ ਵੀਜ਼ੇ ਦੀ ਮੋਹਰ ਨਹੀਂ ਸੀ ਲੱਗਦੀ। ਪਰ ਉਸ ਉੱਤੇ ਲੱਗੀ ਹੋਈ ਸੀ। ਜਦੋਂ ਮੈਂ ਜਰਮਨ ਅਤੇ ਬੈਲਜੀਅਮ ਦੀ ਹੱਦ ਤੇ ਪਹੁੰਚਿਆ ਤਾਂ ਗੱਡੀ ਖੜੋ ਗਈ। ਜਿਹੜਾ ਬੰਦਾ ਪਾਸਪੋਰਟ ਚੈੱਕ ਕਰ ਰਿਹਾ ਸੀ, ਉਸਨੇ ਮੇਰਾ ਪਾਸਪੋਰਟ

ਫੜ ਕੇ ਮੇਜ਼ 'ਤੇ ਦੂਜੇ ਪਾਸੇ ਰੱਖ ਲਿਆ ਅਤੇ ਦੂਜਿਆਂ ਨੂੰ ਵਿਦਾ ਕਰਨ ਲੱਗਾ। ਮੈਂ ਸੋਚਿਆ, ਹੁਣ ਕਾਬੂ ਆਏ...ਗੋਲੀ ਵੱਜੀ ਲਓ...ਪਰ ਮੈਂ ਮਨ ਨੂੰ ਆਖਿਆ, "ਹੁਣ ਵੇਖੀ ਜਾਊ"। ਓਧਰੋਂ ਗੱਡੀ ਨੇ ਚੀਕ ਮਾਰੀ...ਮੈਂ ਹੌਲੀ ਜਿਹੀ ਦੂਜੇ ਪਾਸੇ ਦੀ ਹੋ ਕੇ ਪਾਸਪੋਰਟ ਚੁੱਕਿਆ ਅਤੇ ਤੁਰਦੀ ਗੱਡੀ ਵਿੱਚ ਚੜ੍ਹ ਗਿਆ, ਪਰ ਉਸ ਨੇ ਮੇਰਾ ਪਿੱਛਾ ਨਾ ਕੀਤਾ।"

ਇੰਝ ਬਾਬਾ ਬਿਲਗਾ ਦੀ 'ਮਿਲਕੀ ਸਿੰਘ' ਦੇ ਨਾਂ ਥੱਲੇ ਜਾਅਲੀ ਪਾਸਪੋਰਟਾਂ 'ਤੇ ਵਾਪਸ ਦੇਸ਼ ਪਰਤਣ 'ਤੇ ਥਾਂ-ਥਾਂ ਮੌਤ ਦਾ ਸਾਹਮਣਾ ਕਰਨ ਵਾਲੀ ਲੰਮੀ ਕਹਾਣੀ ਹੈ। ਲੰਕਾ ਥਾਣੀ ਕੰਨਿਆਂ ਕੁਮਾਰੀ ਤੋਂ ਹਿੰਦੁਸਤਾਨ ਵਿੱਚ ਦਾਖ਼ਲਾ...ਹਿੰਦੁਸਤਾਨ ਦਾਖ਼ਲ ਹੁੰਦਿਆਂ ਹੀ ਪੁਲਿਸ ਵੱਲੋਂ ਪਿੱਛਾ ਕਰਨਾ...ਬਾਬੇ ਵੱਲੋਂ ਵਾਰ-ਵਾਰ ਪੁਲਿਸ ਨੂੰ ਚਕਮਾ ਦੇਣਾ ਅਤੇ ਇੰਝ ਲੁਕਣ-ਮੀਟੀ ਖੇਡਦਿਆਂ ਪੰਜਾਬ ਪਹੁੰਚਣ ਦੀ ਖ਼ਤਰਿਆਂ ਭਰੀ ਕਹਾਣੀ...ਰੌਂਗਟੇ ਖੜੇ ਕਰਨ ਵਾਲੀ ਹੈ।

ਭਗਤ ਸਿੰਘ ਬਿਲਗਾ ਨੂੰ ਪਾਰਟੀ ਵੱਲੋਂ ਹਦਾਇਤ ਸੀ ਕਿ ਪੰਜਾਬ ਪਹੁੰਚ ਕੇ ਪਹਿਲਾਂ ਬਾਬਾ ਕਰਮ ਸਿੰਘ ਚੀਮਾ ਨੂੰ ਰੀਪੋਰਟ ਕਰਨੀ ਹੈ। ਉਹ ਜਾ ਕੇ ਬਾਬੇ ਕਰਮ ਸਿੰਘ ਨੂੰ ਮਿਲਿਆ। ਉਥੋਂ ਕਲਕੱਤੇ ਕੰਮ ਕਰਨ ਦੀ ਡਿਊਟੀ ਲੱਗੀ। ਬਾਬੇ ਕਰਮ ਸਿੰਘ ਨੇ ਬਾਬੇ ਭਾਗ ਸਿੰਘ ਨੂੰ ਕਿਹਾ ਕਿ ਉਹ ਭਗਤ ਸਿੰਘ ਨੂੰ ਬਿਲਗੇ ਤੋਂ ਗੱਡੀ ਚੜ੍ਹਾ ਆਵੇ। ਬਿਲਗਾ ਬਾਬੇ ਦਾ ਆਪਣਾ ਪਿੰਡ ਸੀ। ਉਹ ਪਿੰਡ ਦੇ ਕਿਸੇ ਜਣੇ ਵੱਲੋਂ ਪਛਾਣੇ ਜਾਣ ਤੋਂ ਡਰਦਾ ਸੀ। ਚੌਕਸੀ ਵਰਤਦਿਆਂ, ਥੋੜ੍ਹਾ ਜਿਹਾ ਵਲ਼ਾ ਪਾ ਕੇ ਵੱਖਰੀ ਡੰਡੀ ਤੋਂ, ਬਾਬਾ ਭਾਗ ਸਿੰਘ ਭਗਤ ਸਿੰਘ ਨੂੰ ਲੈ ਕੇ ਜਾਣ ਲੱਗਾ। ਭਗਤ ਸਿੰਘ ਬਾਬੇ ਭਾਗ ਸਿੰਘ ਦੇ ਪਿੱਛੇ ਪਿੱਛੇ, ਥੋੜੇ ਓਹਲੇ ਜਿਹੇ ਵਿਚ। ਚੇਤਨਾ ਨੂੰ ਹਲੂਣਾ ਆਇਆ। ਉਹ ਡੰਡੀ ਐਨ ਭਗਤ ਸਿੰਘ ਦੇ ਘਰ ਦੇ ਕੋਲੋਂ ਦੀ ਲੰਘ ਰਹੀ ਸੀ। ਜਦੋਂ ਉਹ ਘਰ ਕੋਲੋਂ ਲੰਘਿਆ ਤਾਂ ਮਨ ਵਿਚ ਕੁਲਬੁਲਾਉਂਦੀਆਂ ਛੱਲਾਂ ਉੱਠੀਆਂ। ਅਸਾਪਾ ਝੰਜੋੜਿਆ ਗਿਆ। ਯਾਦ ਆਇਆ, 'ਇਸ ਘਰ ਵਿੱਚ ਮੇਰੀ ਮਾਂ ਬੈਠੀ ਕਈ ਸਾਲਾਂ ਤੋਂ ਮੇਰਾ ਰਾਹ ਉਡੀਕਦੀ ਹੋਵੇਗੀ! ਮੇਰੀ ਪਤਨੀ, ਜਿਸਨੂੰ ਮੈਂ ਲੰਮੇ ਵਿਛੋੜੇ ਦੀ ਅੱਗ ਵਿਚ ਝੋਕ ਕੇ ਬਾਹਰ ਚਲਾ ਗਿਆ ਸੀ, ਸਾਲਾਂ ਤੋਂ ਮੇਰੀ ਵਾਟ ਨਿਹਾਰ ਰਹੀ ਹੋਵੇਗੀ।' ਪਰ ਭਗਤ ਸਿੰਘ ਫ਼ਰਜ਼ ਦਾ ਬੱਧਾ ਕਲੇਜੇ 'ਤੇ ਪੱਥਰ ਰੱਖ ਕੇ ਆਪਣੇ ਘਰ ਦੇ ਕੋਲੋਂ ਲੰਘ ਗਿਆ।

ਇੱਕ ਕੁਰਬਾਨੀ ਭਗਤ ਸਿੰਘ ਕਰ ਰਿਹਾ ਸੀ ਤੇ ਦੂਜੀ ਕੁਰਬਾਨੀ ਉਹਦੀ ਮਾਂ ਤੇ ਪਤਨੀ ਕਰ ਰਹੀਆਂ ਸਨ। ਇਹ ਵੱਖਰੀ ਗੱਲ ਹੈ ਕਿ ਇਨਕਲਾਬੀਆਂ ਦੀਆਂ ਮਾਵਾਂ ਤੇ ਪਤਨੀਆਂ ਦੀ ਕੁਰਬਾਨੀ ਵੱਲ ਇਤਿਹਾਸਕਾਰਾਂ ਦਾ ਕਦੀ ਬਹੁਤਾ ਧਿਆਨ ਨਹੀਂ ਜਾਂਦਾ। ਵਿਆਹੁਤਾ ਜੀਵਨ ਦਾ ਸੁਖ ਉਹਨਾਂ ਨੂੰ ਭੋਗਣਾ ਨਸੀਬ ਨਹੀਂ ਸੀ ਹੁੰਦਾ। ਪਿੱਛੋਂ ਆ ਕੇ ਭਗਤ ਸਿੰਘ ਬਿਲਗਾ ਦੀ ਪਤਨੀ ਨੇ ਜੇ ਵਿਆਹੁਤਾ ਜੀਵਨ ਭੋਗਿਆ ਵੀ ਤਾਂ ਕੇਵਲ ਉਸ ਸੂਰਤ ਵਿਚ ਕਿ ਪਾਰਟੀ ਨੂੰ ਮਕਾਨ ਕਿਰਾਏ 'ਤੇ ਲੈਣਾ ਪੈਣਾ ਸੀ ਅਤੇ ਵਿਆਹੇ ਵਰ੍ਹੇ ਪਰਿਵਾਰ ਵਾਲੇ ਬੰਦੇ ਨੂੰ ਹੀ ਕਮਰਾ ਕਿਰਾਏ 'ਤੇ ਮਿਲ ਸਕਦਾ ਸੀ। ਉਸਦੀ ਧੀ ਕ੍ਰਾਂਤੀ ਉਸਦੀ ਪਰਿਵਾਰਕ ਗ਼ੈਰਹਾਜ਼ਰੀ ਕਾਰਨ ਠੀਕ ਇਲਾਜ ਖੁਣੋਂ ਟਾਈਫਾਈਡ ਨਾਲ ਬੀਮਾਰ ਰਹਿਣ

ਕਾਰਨ ਚੱਲ ਵੱਸੀ ਸੀ। ਜਿਹੜੇ ਘਰ ਨੂੰ ਨਿਲਾਮ ਹੋਣੋਂ ਬਚਾਉਣ ਲਈ ਉਸਦੀ ਮਾਂ ਨੇ ਕਮਿਸ਼ਨਰ ਕੋਲੋਂ ਪੁੱਤਰਾਂ ਦੇ ਬਾਲਗ਼ ਹੋਣ ਤੱਕ ਦੀ ਮੁਹਲਤ ਲਈ ਸੀ, ਉਹ ਘਰ ਆਖ਼ਰਕਾਰ ਨੀਲਾਮ ਹੋ ਗਿਆ ਕਿਉਂਕਿ 'ਮਾਂ ਦਾ ਪੁੱਤਰ', 'ਭਾਰਤ ਮਾਂ ਦਾ ਪੁੱਤਰ' ਬਣ ਚੁੱਕਾ ਸੀ। ਜਦੋਂ ਘਰ ਨੀਲਾਮ ਹੋਣ ਲੱਗਾ ਤਾਂ ਧੀ ਕ੍ਰਾਂਤੀ ਰੋਣ ਲੱਗੀ। ਉਸਦੀ ਮਾਂ ਨੇ ਉਸਦੇ ਮੂੰਹ 'ਤੇ ਵੱਟ ਕੇ ਚਪੇੜ ਮਾਰੀ, "ਰੋਣਾ ਨਹੀਂ। ਅਗਲੇ ਆਖਣਗੇ; ਵੱਡੇ ਇਨਕਲਾਬੀ ਦੀ ਧੀ ਹੁਣ ਰੋਂਦੀ ਏ!"

ਭਗਤ ਸਿੰਘ ਬਿਲਗਾ ਦਾ ਸਾਰਾ ਜੀਵਨ ਨਿਰੰਤਰ ਸੰਘਰਸ਼ ਦਾ ਜੀਵਨ ਸੀ। ਪਹਿਲੀਆਂ ਵਿਚ ਕਲਕੱਤੇ ਜਾ ਕੇ ਕੱਪੜਾ ਮਿੱਲ ਵਿਚ ਕੰਮ ਕੀਤਾ। ਟਰੇਡ ਯੂਨੀਅਨ ਖੜੀ ਕੀਤੀ। ਇੰਝ ਹੀ ਕਾਨਪੁਰ ਜਾ ਕੇ ਮਜ਼ਦੂਰਾਂ ਵਿੱਚ ਕੰਮ ਕੀਤਾ ਤੇ ਯੂਨੀਅਨ ਤਿਆਰ ਕਰ ਕੇ ਅਜੈ ਘੋਸ਼ ਨੂੰ ਸੌਂਪ ਦਿੱਤੀ। ਫਿਰ ਬੰਬਈ ਜਾ ਕੇ ਮਜ਼ਦੂਰਾਂ ਵਿਚ ਕੰਮ ਕੀਤਾ। ਫਿਰ ਪੰਜਾਬ ਪਰਤ ਕੇ ਗੁਪਤਵਾਸ, ਗ੍ਰਿਫ਼ਤਾਰੀਆਂ, ਜੇਲ੍ਹ-ਯਾਤਰਾਵਾਂ, ਨਜ਼ਰਬੰਦੀਆਂ ਅਤੇ ਸਰਕਾਰੀ ਤਸ਼ੱਦਦ ਦਾ ਇਕ ਲੰਮਾਂ ਸਿਲਸਿਲਾ ਚੱਲਿਆ। ਕਦੀ ਲਾਇਲਪੁਰ, ਕਦੀ ਲਾਹੌਰ, ਕਦੀ ਲੁਧਿਆਣੇ ਅਤੇ ਕਦੀ ਯੋਲ੍ਹ ਕੈਂਪ ਦੀਆਂ ਜੇਲ੍ਹਾਂ ਉਸਦਾ ਘਰ ਬਣਦੀਆਂ ਰਹੀਆਂ।

ਦੇਸ਼ ਆਜ਼ਾਦ ਹੋਣ ਪਿੱਛੋਂ ਵੀ ਬਿਲਗਾ ਨੇ ਗ਼ਦਰੀ ਸ਼ਹੀਦਾਂ ਦੇ ਸੁਪਨਿਆਂ ਦਾ ਰਾਜ ਤੇ ਸਮਾਜ ਸਿਰਜਣ ਲਈ ਹਰ ਸਾਹ ਨਾਲ ਸੋਚਣਾ, ਪਰਚਾਰ ਕਰਨਾ ਤੇ ਸੰਘਰਸ਼ ਕਰਨਾ ਜਾਰੀ ਰੱਖਿਆ। ਦੇਸ਼ ਭਗਤ ਯਾਦਗ਼ਾਰ ਕੰਪਲੈਕਸ ਦੀ ਉਸਾਰੀ ਵਿਚ ਉਸਨੇ ਮੁਢਲਿਆਂ ਵਿਚ ਆਪਣੇ ਪੁਰਾਣੇ ਸਾਥੀਆਂ ਨਾਲ ਮਿਲ ਕੇ ਅਤੇ ਪਿਛਲੀ ਉਮਰੇ ਨਵੀਂ ਇਨਕਲਾਬੀ ਪੀੜ੍ਹੀ ਨੂੰ ਆਪਣੇ ਸੰਗ-ਸਾਥ ਲੈ ਕੇ ਆਗੂ ਵਾਲਾ ਰੋਲ ਨਿਭਾਇਆ। ਅੱਜ ਜੇ ਜਲੰਧਰ ਦਾ ਦੇਸ਼ ਭਗਤ ਯਾਦਗ਼ਾਰ ਹਾਲ ਸੰਸਾਰ ਭਰ ਦੇ ਪੰਜਾਬੀਆਂ ਅਤੇ ਭਾਰਤੀਆਂ ਲਈ ਇਨਕਲਾਬੀ ਇਤਿਹਾਸ ਦੇ ਪ੍ਰਤੀਕ ਵਜੋਂ ਸਥਾਪਤ ਹੋ ਸਕਿਆ ਹੈ ਤਾਂ ਇਸ ਵਿਚ ਦੇਸ਼ ਭਗਤ ਯਾਦਗ਼ਾਰ ਕਮੇਟੀ ਅਤੇ ਉਸਦੇ ਮੁਢਲੇ ਆਗੂਆਂ ਸਹਿਤ ਭਗਤ ਸਿੰਘ ਬਿਲਗਾ ਦਾ ਯੋਗਦਾਨ ਬਹੁਤ ਗਿਣਨਯੋਗ ਹੈ। ਗ਼ਦਰੀ ਦੇਸ਼ ਭਗਤਾਂ ਦੀ ਯਾਦਗ਼ਾਰ ਬਨਾਉਣ ਲਈ ਸੋਚ-ਵਿਚਾਰ ਕਰਨ ਤੇ ਸਭ ਦੇਸ਼ ਭਗਤ ਤਾਕਤਾਂ ਦੀ ਸਲਾਹ ਨਾਲ ਇਸਦਾ ਖ਼ਾਕਾ ਤਿਆਰ ਕਰਨ ਲਈ ਇਕ ਬੋਰਡ ਦੀ ਸਥਾਪਨਾ ਕਰਨ ਵਾਸਤੇ ਬਾਬਾ ਵਿਸਾਖਾ ਸਿੰਘ ਦੀ ਪ੍ਰਧਾਨਗੀ ਵਿਚ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਇਕੱਠ 2 ਜੂਨ 1938 ਨੂੰ ਅੰਮ੍ਰਿਤਸਰ ਵਿਚ ਹੋਇਆ। ਬਾਬਾ ਵਿਸਾਖਾ ਸਿੰਘ ਨੂੰ ਇਸ ਬੋਰਡ ਦਾ ਪ੍ਰਧਾਨ ਤੇ ਬਾਬਾ ਭਗਤ ਸਿੰਘ ਬਿਲਗਾ ਨੂੰ ਸਕੱਤਰ ਬਣਾਇਆ ਗਿਆ। ਜਦ ਕਿ ਹੋਰ ਮੈਂਬਰਾਂ ਵਿਚ ਬਾਬਾ ਸੋਹਨ ਸਿੰਘ ਭਕਨਾ, ਸੰਤਾ ਸਿੰਘ ਗੰਡੀਵਿੰਡ, ਬਾਬਾ ਕਰਮ ਸਿੰਘ ਚੀਮਾ, ਬਾਬਾ ਭਾਗ ਸਿੰਘ ਕਨੇਡੀਅਨ, ਬਾਬਾ ਭਗਵਾਨ ਸਿੰਘ ਦੁਸਾਂਝ, ਬਾਬਾ ਕੇਸਰ ਸਿੰਘ ਠਠਗੜ੍ਹ, ਬਾਬਾ ਰੂੜ ਸਿੰਘ ਜਿਹੇ ਮਹਾਨ ਦੇਸ਼ ਭਗਤ ਸ਼ਾਮਲ ਸਨ। ਜ਼ਾਹਿਰ ਹੈ; ਬਾਬਾ ਬਿਲਗਾ ਦੇਸ਼ ਭਗਤ ਯਾਦਗ਼ਾਰ ਦੇ ਨਿੰਮਣ, ਜੰਮਣ ਤੇ ਜਵਾਨ ਹੋਣ ਦੇ ਹਰੇਕ ਦੌਰ ਨਾਲ ਬਕਾਇਦਗੀ ਤੇ ਪੂਰੀ ਸਮਰਪਣ ਭਾਵਨਾ ਨਾਲ ਜੁੜਿਆ ਹੀ ਨਹੀਂ ਰਿਹਾ ਸਗੋਂ ਆਗੂ ਦਾ ਰੋਲ ਵੀ ਅਦਾ ਕਰਦਾ ਰਿਹਾ। ਉਹ ਤਿੰਨ ਦਹਾਕੇ ਤੋਂ ਵੱਧ ਸਮਾਂ, ਪਹਿਲਾਂ ਕਮੇਟੀ ਦੇ ਜਨਰਲ ਸਕੱਤਰ ਵਜੋਂ ਤੇ ਫੇਰ ਪ੍ਰਧਾਨ ਵਜੋਂ ਕਾਰਜਸ਼ੀਲ

ਰਿਹਾ। ਉਹ ਵਿਦੇਸ਼ਾਂ ਵਿਚ ਜਾ ਕੇ ਪਰਵਾਸੀ ਭਰਾਵਾਂ ਤੋਂ ਦੇਸ਼ ਭਗਤ ਹਾਲ ਅਤੇ ਅਦਾਰੇ ਨੂੰ ਪੱਕੇ ਪੈਰੀਂ ਖੜਾ ਕਰਨ ਲਈ ਝੋਲੀ ਮੰਗ ਕੇ ਪੈਸੇ ਇਕੱਠੇ ਕਰਦਾ ਰਿਹਾ। ਦੇਸ਼ ਭਗਤ ਯਾਦਗਾਰ ਹਾਲ, ਵਿਸ਼ੇਸ਼ ਤੌਰ 'ਤੇ ਉਪਰਲਾ ਹਾਲ, ਬਣਾਉਣ ਲਈ ਬਾਬਾ ਬਿਲਗਾ ਦੀ ਇਤਿਹਾਸਕ ਦੇਣ ਨੂੰ ਕਾਮਰੇਡ ਸੋਹਨ ਸਿੰਘ ਜੋਸ਼ ਇਹਨਾਂ ਸ਼ਬਦਾਂ ਵਿਚ ਯਾਦ ਕਰਦਾ ਹੈ, "ਇਹ ਸਭ ਸਾਡੇ ਅਣਥੱਕ ਜਨਰਲ ਸਕੱਤਰ ਸਾਥੀ ਭਗਤ ਸਿੰਘ ਬਿਲਗਾ ਦੀ ਮਿਹਨਤ ਦਾ ਨਤੀਜਾ ਹੈ। ਇਹ ਹਾਲ ਸ਼ਾਇਦ ਕਦੇ ਵੀ ਸਿਰੇ ਨਾ ਚੜ੍ਹਦਾ ਜੇ ਸਾਥੀ ਭਗਤ ਸਿੰਘ ਬਿਲਗਾ ਦੀ ਪਰੇਰਨਾ ਨਾਲ ਸਾਡੇ ਇੰਗਲੈਂਡ ਵਿਚ ਵਸਦੇ ਪੰਜਾਬੀ ਵੀਰ ਇਸ ਦੇ ਸਿਰੇ ਚੜ੍ਹਾਨ ਦਾ ਬੀੜਾ ਨਾ ਚੁਕਦੇ।"

ਆਪਣੇ ਕਰਮਾਂ ਨਾਲ ਹੀ ਨਹੀਂ ਆਪਣੀ ਕਲਮ ਨਾਲ ਵੀ ਬਾਬੇ ਬਿਲਗੇ ਨੇ ਵੱਡਾ ਕੰਮ ਕੀਤਾ। ਉਸਨੇ ਜੌਹਰੀ ਦੀ ਅੱਖ ਨਾਲ ਇਨਕਲਾਬੀ ਇਤਿਹਾਸ ਦੇ ਧੂੜ ਵਿਚ ਰੁਲ ਗਏ ਹੀਰਿਆਂ ਨੂੰ ਲੱਭਣ ਤੇ ਉਹਨਾਂ ਨੂੰ ਇਤਿਹਾਸ ਦੇ ਚੌਖਟੇ ਵਿਚ ਲਿਆਉਣ ਲਈ ਯਤਨ ਵੀ ਕੀਤਾ। ਜਦੋਂ ਉਹ ਬ੍ਰਿਟਿਸ਼ ਆਰਕਾਈਵਜ਼ ਵਿਚੋਂ ਦੂਜੇ ਦੌਰ ਦੀ ਗ਼ਦਰ ਡਾਇਰੈਕਟਰੀ ਦੀ ਨਕਲ ਲੈ ਕੇ ਆਇਆ ਤਾਂ ਉਸਦੇ ਚਿਹਰੇ ਦਾ ਜਲੌਅ ਤੇ ਖੁਸ਼ੀ ਵੇਖਣ ਵਾਲੀ ਸੀ। ਇਸ ਡਾਇਰੈਕਟਰੀ ਵਿਚ ਦੂਜੇ ਦੌਰ ਦੇ ਗ਼ਦਰੀ ਇਨਕਲਾਬੀਆਂ ਦੀਆਂ ਸਰਗਰਮੀਆਂ ਦਾ ਅੰਗਰੇਜ਼ ਸਰਕਾਰ ਵੱਲੋਂ ਲਿਖਿਆ ਤਰਤੀਬਵਾਰ ਖੁਫ਼ੀਆ ਰੀਕਾਰਡ ਸੀ। ਬਾਬਾ ਬਿਲਗਾ ਇਹਨਾਂ ਸਤਰਾਂ ਦੇ ਲੇਖਕ ਨੂੰ ਉਸ ਡਾਇਰੈਕਟਰੀ ਵਿਚੋਂ ਆਪਣਾ ਅੰਦਰਾਜ਼ ਕੱਢ ਕੇ ਵਿਖਾਉਣ ਲੱਗਾ। ਇਸ ਵਿਚ ਉਸਦੇ ਪਾਸਪੋਰਟ ਨੰਬਰ ਸਮੇਤ ਇੱਕ ਦੇਸ਼ ਤੋਂ ਦੂਜੇ ਦੇਸ਼ ਤੁਰਨ ਤੇ ਪਹੁੰਚਣ ਦੀਆਂ ਠੀਕ ਤਰੀਕਾਂ ਦਰਜ ਸਨ। ਉਹ ਕਹਿਣ ਲੱਗਾ, "ਸਾਡੇ ਨਾਲੋਂ ਵੱਧ ਤਾਂ ਅੰਗਰੇਜ਼ ਸਾਡੇ ਬਾਰੇ ਜਾਣਦੇ ਸਨ। ਐਵੇਂ ਤਾਂ ਨਹੀਂ ਏਨਾ ਚਿਰ ਸਾਡੇ 'ਤੇ ਰਾਜ ਕਰ ਗਏ।" ਉਸਨੂੰ ਇਸ ਡਾਇਰੈਕਟਰੀ ਵਿਚੋਂ ਉਹਨਾਂ ਸੂਰਮਿਆਂ ਦਾ ਵੇਰਵਾ ਤੇ ਨਾਂ ਲੱਭੇ ਜਿਹੜੇ ਸਮੇਂ ਦੀ ਧੂੜ ਵਿਚ ਗੁੰਮ ਗਵਾਚ ਗਏ ਸਨ।

ਬਿਲਗਾ ਗ਼ਦਰੀਆਂ ਦੀ ਉਸ ਸੋਚ ਨਾਲ ਸੰਬੰਧਤ ਸੀ ਜਿਹੜੀ ਸੋਚ ਇਸ ਸੱਚਾਈ ਨੂੰ ਪ੍ਰਵਾਨ ਕਰਦੀ ਸੀ ਕਿ ਕੋਈ ਵੀ ਇਨਕਲਾਬੀ ਲਹਿਰ ਤਦ ਹੀ ਲੋਕ ਮਨ ਦਾ ਹਿੱਸਾ ਬਣ ਸਕਦੀ ਹੈ ਜੇ ਉਸਦੀਆਂ ਜੜ੍ਹਾਂ ਆਪਣੀ ਵਿਰਾਸਤ ਵਿਚ ਹੋਣ। ਉਸਨੂੰ ਇਹ ਵੀ ਅਹਿਸਾਸ ਸੀ ਕਿ ਜੇ ਕਮਿਊਨਿਸਟ ਲਹਿਰ ਸਫ਼ਲ ਨਹੀਂ ਹੋ ਸਕੀ ਤਾਂ ਇਸ ਪਿੱਛੇ ਕਾਰਨ ਇਹੋ ਸੀ ਕਿ ਸਾਡੀ ਕਮਿਊਨਿਸਟ ਲਹਿਰ ਨੇ ਇਨਕਲਾਬੀ ਵਿਰਾਸਤ ਨਾਲੋਂ ਰਿਸ਼ਤਾ ਤੋੜ ਲਿਆ ਸੀ। ਉਸਨੇ ਮੇਰੇ ਨਾਲ ਲੰਮੀ ਗੱਲ-ਬਾਤ ਕਰਦਿਆਂ ਕਿਹਾ ਸੀ (ਇਹ ਗੱਲ-ਬਾਤ 'ਨਵਾਂ ਜ਼ਮਾਨਾ' ਵਿਚ ਪ੍ਰਕਾਸ਼ਿਤ ਹੋਈ ਸੀ):

'ਜਿੰਨਾ ਚਿਰ ਤੁਸੀਂ ਕਿਸੇ ਮੂਵਮੈਂਟ ਨੂੰ ਇੱਥੋਂ ਦੀ ਵਿਰਾਸਤ ਅਨੁਸਾਰ ਨਹੀਂ ਢਾਲ ਲੈਂਦੇ, ਜਾਂ ਮੈਂ ਇਹ ਕਹਾਂ ਕਿ ਅਸੀਂ ਬਾਹਰਲੀਆਂ ਮਿਸਾਲਾਂ ਦੇ ਕੇ ਫ਼ਿਲਾਸਫ਼ੀ ਨੂੰ ਪੜ੍ਹਾਵਾਂਗੇ, ਤਾਂ ਕਾਮਯਾਬ ਨਹੀਂ ਹੋ ਸਕਦੇ। ਅਸੀਂ ਇਹੋ ਹੀ ਗ਼ਲਤੀ ਕੀਤੀ। ਸਾਡੇ ਕਾਮਰੇਡ ਭਾਰਤ ਦੀ ਹਿੰਦੂ, ਸਿੱਖ ਜਾਂ ਮੁਸਲਿਮ ਫ਼ਿਲਾਸਫ਼ੀ ਅਤੇ ਇਤਿਹਾਸ ਤੋਂ ਜਾਣੂ ਨਹੀਂ ਸਨ। ਇਸੇ ਕਰਕੇ

ਲੋਕਾਂ ਨੂੰ ਨਾਲ ਨਾ ਜੋੜ ਸਕੇ। ਬਾਬਾ ਬੂਝਾ ਸਿੰਘ ਭਾਵੇਂ ਬਹੁਤਾ ਪੜ੍ਹਿਆ-ਲਿਖਿਆ ਨਹੀਂ ਸੀ, ਪਰ ਉਹਦੇ ਸਟੱਡੀ ਸਰਕਲ ਤਕੜੇ ਤੋਂ ਤਕੜੇ ਬੰਦੇ ਸੁਣਦੇ ਅਤੇ ਅਸਰ ਕਬੂਲਦੇ ਸਨ, ਕਿਉਂਕਿ ਉਹ ਸਾਡੀ ਅਮੀਰ ਵਿਰਾਸਤ ਵਿੱਚੋਂ ਮਿਸਾਲਾਂ ਦਿਆ ਕਰਦਾ ਸੀ। ਜਵਾਨੀ ਦੇ ਦਿਨਾਂ ਵਿੱਚ ਉਹਦੇ ਘਰ ਸਾਧ-ਸੰਤ ਆਉਂਦੇ ਰਹਿੰਦੇ ਅਤੇ ਉਹ ਕਥਾ-ਵਾਰਤਾ ਸੁਣਿਆ ਕਰਦਾ ਸੀ। ਸੋ, ਆਪਣੇ ਏਸ ਪਿਛੋਕੜ ਨਾਲੋਂ ਟੁੱਟ ਜਾਣਾ ਗਲਤ ਬੈਠਾ।'

ਗ਼ਦਰੀ ਭਾਵੇਂ ਕਮਿਊਨਿਸਟਾਂ ਦੇ ਨੇੜੇ ਸਨ ਅਤੇ ਕਈ ਤਾਂ ਪਾਰਟੀ ਵਿਚ ਵੀ ਸ਼ਾਮਲ ਸਨ ਪਰ 'ਅੰਤਰਾਸ਼ਟਰੀਅਤਾ' ਨੂੰ ਪ੍ਰਣਾਏ ਕਮਿਊਨਿਸਟਾਂ ਦਾ ਰਵੱਈਆ, ਸਥਾਨਕਤਾ ਤੇ ਅੰਤਰਰਾਸ਼ਟਰੀਅਤਾ ਵਿਚ ਸੁਮੇਲ ਬਣਾਈ ਰੱਖਣ ਵਾਲੇ ਗ਼ਦਰੀਆਂ ਪ੍ਰਤੀ ਵੱਖਰਾ ਹੀ ਸੀ। ਇਸ ਬਾਰੇ ਬਾਬਾ ਬਿਲਗਾ ਦਾ ਆਖਣਾ ਸੀ ਕਿ ਕਮਿਊਨਿਸਟ ਗ਼ਦਰੀਆਂ ਨੂੰ ਐਂਟੀ ਇੰਪੀਰੀਅਲਿਸਟ ਤਾਂ ਆਖਦੇ ਸਨ, ਕਮਿਊਨਿਸਟ ਨਹੀਂ। ਉਸ ਵੇਲੇ ਕਮਿਊਨਿਸਟ ਹੋਣਾ ਇਹ ਸਮਝਿਆ ਜਾਂਦਾ ਸੀ ਕਿ ਜੋ ਯੂਨੀਵਰਸਿਟੀ ਦਾ 'ਭਾਰਾ' ਪ੍ਰੋਫ਼ੈਸਰ ਹੋਵੇ, ਓਹੀ ਕਮਿਊਨਿਸਟ ਹੋ ਸਕਦਾ ਅਤੇ ਆਮ ਲੋਕਾਂ ਨੂੰ ਤਾਂ, ਉਹ ਸਮਝਦੇ, ਕਮਿਊਨਿਸਟ ਫ਼ਿਲਾਸਫ਼ੀ ਸਮਝ ਨਹੀਂ ਆ ਸਕਦੀ। ਤੇ ਪ੍ਰੋਫ਼ੈਸਰ ਨੇ ਤਾਂ ਕਾਲਜ ਛੱਡ ਕੇ ਲੋਕਾਂ 'ਚ ਨਹੀਂ ਸੀ ਜਾਣਾ।'

ਬਾਬਾ ਬਿਲਗਾ ਦੀ ਇਕ ਹੋਰ ਵਿਸ਼ੇਸ਼ਤਾ ਸੀ ਜਿੱਥੇ ਵੀ ਉਹਨਾਂ ਨੂੰ ਲੱਗਦਾ ਸੀ ਕਿ ਪਾਰਟੀ ਗ਼ਲਤ ਹੈ ਉਹ ਨਿਕਲਣ ਵਾਲੇ ਨਤੀਜੇ ਤੋਂ ਬੇਪ੍ਰਵਾਹ ਹੋ ਕੇ ਆਪਣੀ ਗੱਲ ਡਟ ਕੇ ਆਖਦਾ ਸੀ। ਬਾਬਾ ਆਖਦਾ ਸੀ, "ਮੈਂ 'ਯੈੱਸ ਮੈਨ' ਨਹੀਂ ਰਿਹਾ ਕਦੇ ਵੀ।"

ਉਹਨਾਂ ਵੇਲਿਆਂ ਦੀ ਗੱਲ ਕਰਦਿਆਂ ਬਾਬੇ ਬਿਲਗੇ ਨੇ ਦੱਸਿਆ ਸੀ ਕਿ ਉਹਦੀ ਇੱਛਾ ਸੀ, 'ਸਾਡਾ ਕਮਿਊਨਿਸਟਾਂ ਦਾ ਸਾਮਰਾਜ ਵਿਰੋਧੀ ਤਾਕਤਾਂ ਨਾਲ ਏਕਾ ਚਾਹੀਦਾ। ਪਰ ਸਾਡੀ ਪਾਰਟੀ ਉਦੋਂ ਜੰਗ ਦੀ ਹਮਾਇਤ ਕਰਦੀ ਸੀ। ਇੱਕ ਵਾਰ ਇੱਕ ਫ਼ੌਜੀ ਫ਼ੌਜ ਛੱਡ ਕੇ ਪਾਰਟੀ ਦਫ਼ਤਰ ਆ ਗਿਆ ਅਤੇ ਕਹਿਣ ਲੱਗਾ ਕਿ ਦੱਸੋ ਮੈਨੂੰ ਕੀ ਹੁਕਮ ਹੈ? ਤਾਂ ਇਕਬਾਲ ਤੇ ਜੋਸ਼, ਜੋ ਉਦੋਂ ਦਫਤਰ ਵਿੱਚ ਸਨ, ਉਹਨਾਂ ਉਸ ਨੂੰ ਓਥੋਂ ਦੌੜ ਜਾਣ ਲਈ ਕਿਹਾ। ਇਕਬਾਲ ਉਸਨੂੰ ਕਹਿਣ ਲੱਗਾ, "ਤੂੰ ਇੱਥੋਂ ਇਕਦਮ ਨਿਕਲ ਜਾਹ। ਖ਼ਬਰਦਾਰ ਮੁੜ ਕੇ ਇੱਥੇ ਆਇਆ ਤਾਂ" ਸੋ ਸਾਡਾ ਇਹ ਰਵੱਈਆ ਸੀ...ਮੈਂ ਤਾਂ ਹੁਣ ਤੱਕ ਕਹਿੰਦਾਂ ਕਿ ਇਨਕਲਾਬ ਲਈ ਫ਼ੌਜ ਅਤੇ ਪੁਲਿਸ ਵਿੱਚ ਕੰਮ ਕਰਨਾ ਚਾਹੀਦੈ।'

ਬਾਬੇ ਬਿਲਗੇ ਦਾ ਸਟੈਂਡ ਸੀ, 'ਜਰਮਨ ਅਤੇ ਜਾਪਾਨ ਨੂੰ ਹਿੰਦੁਸਤਾਨ ਵਿਚ ਨਹੀਂ ਵੜਨ ਦੇਣ ਚਾਹੀਦਾ ਪਰ ਸਾਨੂੰ ਸੋਵੀਅਤ ਨਾਲ ਵੀ ਪਿਆਰ ਸੀ...ਪਰ ਅੰਗਰੇਜ਼ ਵੀ ਇੱਥੇ ਰਹਿਣ ਨਹੀਂ ਦੇਣਾ। ਇੱਕ ਵਾਰ ਇੱਕ ਜਲਸੇ ਵਿੱਚ ਬੋਲਣ ਗਏ, ਮੈਂ ਅਤੇ ਇਕਬਾਲ। ਲੋਕ ਸਾਨੂੰ ਸਰਕਾਰ ਦੇ ਏਜੰਟ ਕਹਿ ਕੇ ਰਾਹ ਵਿੱਚ ਰੋੜੇ ਮਾਰਨ। ਜਲਸੇ ਵਿੱਚ ਜਦੋਂ ਇਕਬਾਲ ਬੋਲਣ ਲੱਗਿਆ ਤਾਂ 'ਸਰਕਾਰ ਦੇ ਏਜੰਟ' ਕਹਿ ਕੇ ਹੂਟਿੰਗ ਸ਼ੁਰੂ ਹੋ ਗਈ। ਜਦੋਂ ਮੈਂ ਆਪਣਾ ਦ੍ਰਿਸ਼ਟੀਕੋਣ ਪੇਸ਼ ਕੀਤਾ ਤਾਂ ਲੋਕਾਂ ਨੇ ਬੜੀ ਖ਼ਾਮੋਸ਼ੀ ਨਾਲ ਸੁਣਿਆ, ਪਰ ਮੇਰੇ ਉਸ ਭਾਸ਼ਣ ਤੇ ਮੈਨੂੰ ਵਾਰਨਿੰਗ ਮਿਲ ਗਈ। ਫ਼ਿਰ ਇਹ ਵੀ ਕਿਹਾ ਗਿਆ ਕਿ ਸਰਕਾਰ ਨੂੰ ਤੇਰਾ ਇਹ ਰਵੱਈਆ ਪਸੰਦ ਨਹੀਂ। ਮੈਂ ਕਿਹਾ ਕਿ ਸਰਕਾਰ ਨੂੰ ਖ਼ੁਸ਼ ਕਰਨ ਲਈ ਤਾਂ ਮੈਂ

ਆਪਣੀ ਸੋਚ ਨਹੀਂ ਬਦਲ ਸਕਦਾ। ਜੰਡਿਆਲਾ ਕਾਨਫ਼ਰੰਸ ਤੋਂ ਪਹਿਲਾਂ ਮੈਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਸਰਕਾਰ ਦੇ ਖ਼ਿਲਾਫ਼ ਬੋਲਣ ਦਾ ਦੋਸ਼ ਲਾ ਕੇ ਸਾਲ ਲਈ ਬੰਦ ਕਰ ਦਿੱਤਾ ਗਿਆ। ਮੈਂ ਪਾਕਿਸਤਾਨ ਦੇ ਮਸਲੇ 'ਤੇ ਵੀ ਪਾਰਟੀ ਨਾਲ ਸਹਿਮਤ ਨਹੀਂ ਸਾਂ। ਇੰਜ ਪਾਰਟੀ 'ਚ ਬਹੁਤੇ ਲੋਕ ਮੇਰੇ ਵਿਰੁੱਧ ਕਰ ਦਿੱਤੇ ਗਏ ਸਨ। ਮੈਂ ਪ੍ਰੋਵਿੰਸ਼ਲ ਕਮੇਟੀ ਦਾ ਮੈਂਬਰ ਰਹਿ ਚੁੱਕਾ ਸਾਂ...ਪਰ ਮੇਰੇ ਨਾਲ ਟਾਵੇਂ-ਟਾਵੇਂ ਬੰਦੇ ਹੀ ਬੋਲਦੇ ਸਨ। ਮੇਰੇ ਖ਼ਿਲਾਫ਼ ਨਫ਼ਰਤ ਸੀ ਇੱਕ ਤਰ੍ਹਾਂ ਦੀ। ਇਲੈਕਸ਼ਨ ਵਿੱਚ ਫਿਰ ਅਸੀਂ ਹਾਰ ਗਏ। ਡਾਕਟਰ ਅਧਿਕਾਰੀ ਲਾਹੌਰ ਆਏ। ਉਹਨਾਂ ਜਨਰਲ ਮੀਟਿੰਗ ਕੀਤੀ। ਉਸ ਕਿਹਾ ਕਿ ਤੁਸੀਂ ਪਾਰਟੀ ਪ੍ਰੋਗਰਾਮ ਲੋਕਾਂ ਤੱਕ ਨਾ ਪੁਚਾ ਸਕਣ ਕਰਕੇ ਹਾਰੇ ਹੋ। ਮੈਂ ਅਤੇ ਕਰਮ ਸਿੰਘ ਮਾਨ ਨੇ ਲਿਖ ਕੇ ਦਿੱਤਾ ਕਿ ਸਾਡਾ ਪ੍ਰੋਗਰਾਮ ਹੀ ਠੀਕ ਨਹੀਂ ਸੀ, ਲੋਕਾਂ ਨਾਲ ਕੀ ਜੁੜਨਾ ਸੀ। ਮੀਟਿੰਗ ਤੋਂ ਪਿੱਛੋਂ ਉਸਨੇ ਸਾਨੂੰ ਬੁਲਾ ਕੇ ਪੁੱਛਿਆ ਕਿ ਤੁਸੀਂ 'ਡਿਫ਼ਰ' ਕਰਦੇ ਹੋ? ਅਸੀਂ 'ਹਾਂ' ਕਿਹਾ। ਉਸ ਸਾਨੂੰ ਮੈਂਡੇਟ ਦਿੱਤਾ। ਮੈਨੂੰ ਹਦਾਇਤ ਦਿੱਤੀ ਕਿ ਤੂੰ ਪਿੰਡ ਜਾ ਕੇ ਖੇਤੀ ਕਰ, ਕੋਈ ਹੋਰ ਗੱਲ ਨਹੀਂ ਕਰਨੀ। ਮਾਨ ਨੂੰ ਵਕਾਲਤ ਕਰਨ ਲਈ ਕਿਚਲੂ ਨਾਲ ਭੇਜ ਦਿੱਤਾ। ਇੱਕ ਹੋਰ ਸਮੇਂ ਜਦੋਂ ਮੈਂ ਡਾ: ਅਧਿਕਾਰੀ ਨੂੰ ਪਾਕਿਸਤਾਨ ਦੇ ਹੱਕ ਵਿੱਚ ਬੋਲਦਿਆਂ ਉੱਠ ਕੇ ਟੋਕ ਦਿੱਤਾ ਤਾਂ ਉਸ ਕਿਹਾ ਕਿ ਪਾਕਿਸਤਾਨ ਦਾ ਲਫ਼ਜ਼ ਤੇਰੇ ਗਲੇ ਤੋਂ ਹੇਠਾਂ ਨਹੀਂ ਉੱਤਰਦਾ ਲੱਗਦਾ। ਮੈਂ ਕਿਹਾ, "ਹਾਂ, ਮੇਰਾ ਗਲਾ ਲੋਕਾਂ ਦਾ ਗਲਾ ਹੈ...ਇਹ ਲੋਕਾਂ ਦੇ ਗਲੇ 'ਚੋਂ ਵੀ ਨਹੀਂ ਉੱਤਰਦਾ।" ਉਸ ਵੇਲੇ ਜਗਜੀਤ ਸਿੰਘ ਆਨੰਦ ਨੇ ਉੱਠ ਕੇ ਇਹ ਵੀ ਆਖਿਆ ਕਿ , "ਜੇ ਗੱਲ ਸਮਝ ਨਹੀਂ ਆਉਂਦੀ ਤਾਂ ਬੈਠ ਜਾਓ, ਸਾਨੂੰ ਸੁਣਨ ਦਿਓ" ਉਦੋਂ ਪਿੱਛੋਂ ਮੈਨੂੰ ਪਾਰਟੀ ਤੋਂ ਫ਼ਾਰਗ ਕਰ ਦਿੱਤਾ। ਪਿੱਛੋਂ ਪਾਕਿਸਤਾਨ ਵਾਲਾ ਅਤੇ ਪੀਪਲ ਵਾਰ ਦਾ ਸਿੱਧਾਂਤ, ਦੋਵੇਂ ਹੀ ਵਾਪਸ ਲੈ ਲਏ। ਚਾਹੀਦਾ ਤਾਂ ਇਹ ਸੀ ਕਿ ਉਦੋਂ ਸਾਨੂੰ ਬੁਲਾਉਂਦੇ ਵਾਪਸ...।"

ਕਮਿਊਨਿਸਟ ਪਾਰਟੀ ਵੱਲੋਂ ਏਨੀ ਬਦਸਲੂਕੀ ਕੀਤੇ ਜਾਣ ਦੇ ਬਾਵਜੂਦ ਉਹ ਇਹ ਗੱਲ ਦਾਅਵੇ ਨਾਲ ਕਹਿੰਦਾ ਸੀ, "ਪਰ ਮੈਂ ਕਮਿਊਨਿਸਟ ਹਾਂ। ਮੈਂ ਨਕਸਲਾਈਟਾਂ ਸਮੇਤ ਸਾਰਿਆਂ ਦਾ ਹਮਦਰਦ ਹਾਂ। ਇਹਨਾਂ ਦੀ ਚੜ੍ਹਦੀ ਕਲਾ ਦਾ ਇਛੁੱਕ ਹਾਂ। ਏਥੇ ਹਾਲ ਵਿੱਚ ਵੀ ਮੈਂ ਇਹਨਾਂ ਦੀ ਆਮਦ 'ਤੇ ਕੰਮਾਂ ਦਾ ਸਵਾਗਤ ਕਰਦਾ ਹਾਂ।"

ਬਾਬਾ ਬਿਲਗਾ ਦੀ ਅਗਵਾਈ ਵਿਚ ਦੇਸ਼ ਭਗਤ ਯਾਦਗ਼ਾਰ ਹਾਲ ਇਕ ਖੋਜ-ਕੇਂਦਰ ਵਜੋਂ ਵਿਕਸਿਤ ਹੋਇਆ। ਇਸ ਦੀ ਲਾਇਬ੍ਰੇਰੀ ਵਿਚ ਵੀਹ ਹਜ਼ਾਰ ਦੇ ਲਗਭਗ ਪੁਸਤਕਾਂ, ਖਰੜਿਆਂ ਤੇ ਪੁਰਾਣੀਆਂ ਦਸਤਾਵੇਜ਼ਾਂ ਦਾ ਭੰਡਾਰ ਹੈ, ਜਿਥੋਂ ਨਵੇਂ ਖੋਜੀ ਸਹਾਇਤਾ ਲੈ ਕੇ ਇਤਿਹਾਸ ਦੀ ਖੋਜ ਵਿਚ ਜੁੱਟੇ ਹੋਏ ਹਨ। ਜਦੋਂ ਪੰਜਾਬ ਵਿਚ ਕਾਲੇ ਦਿਨਾਂ ਵਿਚ ਸਰਕਾਰੀ ਰੰਗ ਭਰਨ ਲਈ ਲੱਚਰ ਗਾਇਕੀ ਦੇ ਮੇਲਿਆਂ ਦਾ ਆਯੋਜਨ ਹੋਣਾ ਸ਼ੁਰੂ ਹੋਇਆ ਤਾਂ ਬਾਬਾ ਬਿਲਗਾ ਦੀ ਅਗਵਾਈ ਵਿਚ ਹਰ ਸਾਲ ਨਵੰਬਰ ਦੀ ਪਹਿਲੀ ਤਰੀਕ ਨੂੰ ਬਦਲਵੇਂ ਸਭਿਆਚਾਰ ਨੂੰ ਮੰਚ 'ਤੇ ਲਿਆਉਣ ਤੇ ਭਟਕਦੀ ਜਾਂਦੀ ਜਵਾਨੀ ਨੂੰ ਰਾਹੇ ਪਾਉਣ ਲਈ 'ਮੇਲਾ ਗ਼ਦਰੀ ਬਾਬਿਆਂ ਦਾ' ਸ਼ੁਰੂ ਕੀਤਾ ਗਿਆ। ਇਹ ਮੇਲਾ ਪੰਜਾਬ ਦੀ ਧੜਕਦੀ ਇਨਕਲਾਬੀ ਆਤਮਾ ਦਾ ਚਿੰਨ੍ਹ ਹੋ ਨਿੱਬੜਿਆ ਹੈ ਅਤੇ ਹਰ ਸਾਲ ਜਿੱਥੇ ਇਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ

ਲੋਕ ਸ਼ਾਮਲ ਹੁੰਦੇ ਹਨ ਅਤੇ ਇਨਕਲਾਬੀ ਇਤਿਹਾਸ ਤੋਂ ਪ੍ਰੀਚਿਤ ਹੁੰਦੇ ਹਨ ਓਥੇ ਇਸ ਮੇਲੇ ਨੇ ਗਾਇਨ ਅਤੇ ਨਾਟਕ ਕਲਾ ਦੇ ਖੇਤਰ ਵਿਚ ਮੰਚ ਮੁਹੱਈਆ ਕਰਵਾ ਕੇ ਇਕ ਨਵੀਂ ਦਿਸ਼ਾ ਦਿੱਤੀ ਹੈ। ਪੰਜਾਬ ਦਾ ਇਹ ਇੱਕੋ ਇਕ ਮੇਲਾ ਹੈ ਜਿੱਥੇ ਲੋਕ ਹਰ ਸਾਲ ਲੱਖਾਂ ਰੁਪਈਆਂ ਦੀਆਂ ਪੁਸਤਕਾਂ ਖ਼ਰੀਦ ਕੇ ਲਿਜਾਂਦੇ ਹਨ ਅਤੇ ਆਪਣੇ ਸਾਹਿਤ ਤੇ ਇਤਿਹਾਸ ਨਾਲ ਜੁੜਦੇ ਹਨ। ਇੰਝ ਹੀ ਹਰ ਸਾਲ ਨੌਜਵਾਨ ਵਿਦਿਆਰਥੀਆਂ ਨੂੰ ਜੀਵਨ ਦੀ ਚੰਗੀ ਸੋਚ ਨਾਲ ਜੋੜਨ ਲਈ ਬਾਬਾ ਬਿਲਗਾ ਦੀ ਅਗਵਾਈ ਵਿਚ ਹਰ ਸਾਲ 'ਵਿਦਿਆਰਥੀ ਚੇਤਨਾ ਕੈਂਪ' ਲਾਉਣ ਦੀ ਸ਼ੁਰੂਆਤ ਕੀਤੀ ਗਈ। ਇਹ ਬਾਬਾ ਬਿਲਗਾ ਹੀ ਸੀ ਜਿਸ ਦੀ ਪਹਿਲਕਦਮੀ ਅਤੇ ਸੁਹਿਰਦ ਯਤਨਾਂ ਨਾਲ ਪੰਜਾਬ ਦੀਆਂ ਖੱਬੇ-ਪੱਖੀ ਤਾਕਤਾਂ ਨੂੰ ਸਿਰ ਜੋੜ ਕੇ ਨੇੜੇ ਲਿਆਉਣ ਅਤੇ ਸੰਵਾਦ ਰਚਾਉਣ ਲਈ ਮੰਚ ਮੁਹੱਈਆ ਕੀਤਾ ਜਾਂਦਾ ਰਿਹਾ। ਬਾਬਾ ਬਿਲਗਾ ਦੀ ਅਗਵਾਈ ਵਿਚ ਹੀ ਦੇਸ਼ ਭਗਤ ਯਾਦਗ਼ਾਰ ਕਮੇਟੀ ਵੱਲੋਂ ਕਾਮਾਗਾਟਾ ਮਾਰੂ ਦੀ ਘਟਨਾ ਤੇ ਨਾਮਧਾਰੀ ਅੰਦੋਲਨ ਨੂੰ ਸਾਡੇ ਇਤਿਹਾਸ ਦਾ ਮਾਣਯੋਗ ਹਿੱਸਾ ਮੰਨਵਾਏ ਜਾਣ ਲਈ ਕੇਂਦਰ ਸਰਕਾਰ ਤੱਕ ਦਬਾਓ ਪਾਇਆ ਤੇ ਮਨਵਾਇਆ ਗਿਆ। ਜੱਲ੍ਹਿਆਂ ਵਾਲਾ ਬਾਗ਼ ਦੀ ਇਤਿਹਾਸਕ ਦਿੱਖ ਨੂੰ ਬਚਾਈ ਤੇ ਬਣਾਈ ਰੱਖਣ ਦਾ ਸੰਘਰਸ਼ ਆਰੰਭਿਆ ਗਿਆ।

ਬਾਬਾ ਬਿਲਗਾ ਦਾ ਮੱਤ ਸੀ ਕਿ ਦੇਸ਼ਭਗਤ ਯਾਦਗਾਰ ਕਮੇਟੀ ਤਮਾਸ਼ਾਈ ਨਹੀਂ। ਦੇਸ਼ ਵਿੱਚ ਜੋ ਕੁਕਰਮ ਹੋ ਰਹੇ ਨੇ, ਉਹਨਾਂ ਬਾਰੇ ਲੋਕਾਂ ਨੂੰ ਸੁਚੇਤ ਕਰਨਾ ਕਮੇਟੀ ਦਾ ਫ਼ਰਜ਼ ਹੈ। ਉਸਨੇ ਆਖਿਆ ਸੀ, "ਅਸੀਂ ਦੇਸ਼ਭਗਤ ਸ਼ਕਤੀਆਂ ਨੂੰ ਸੁਚੇਤ ਕਰਾਂਗੇ। ਖੱਬੇ-ਪੱਖੀ ਲਹਿਰ ਨੂੰ ਸੁਚੇਤ ਕਰਾਂਗੇ। ਗ਼ਦਰ ਪਾਰਟੀ ਦੀ ਦੇਣ ਬਾਰੇ ਲੋਕਾਂ ਨੂੰ ਦੱਸਾਂਗੇ। ਸਾਰਾ ਮੈਟਰ ਇਸ ਇਤਿਹਾਸ ਨਾਲ ਸੰਬੰਧਿਤ ਖੋਜੀਆਂ ਨੂੰ ਦਿਆਂਗੇ। 'ਵਿਰਸਾ' ਕੱਢਣ ਦਾ ਮਕਸਦ ਵੀ ਇਹੋ ਹੈ ਕਿ ਆਪਣਾ ਖ਼ਜ਼ਾਨਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੰਡੀਏ। ਪਰ ਅਜੇ ਅਸੀਂ ਦੇਸ਼-ਬਦੇਸ਼ ਤੱਕ ਆਪਣੀ ਦੇਣ ਨੂੰ ਵੱਡੇ ਪੱਧਰ 'ਤੇ ਪੁਚਾ ਨਹੀਂ ਸਕੇ। ਇਸ ਲਈ ਹੋਰ ਯਤਨ ਕਰਾਂਗੇ। ਮੈਂ ਬਹੁਤ ਸਾਰਾ ਮੈਟਰ ਬਾਹਰੋਂ ਲਿਆਇਆਂ। ਇਹ ਖੋਜੀਆਂ ਲਈ ਬਹੁਤ ਕੰਮ ਦੀ ਚੀਜ਼ ਹੈ। ਇਹ ਜੋ ਗ਼ਦਰ ਪਾਰਟੀ ਡਾਇਰੈਕਟਰੀ ਲਿਆਇਆਂ, ਇਹ ਅੰਗਰੇਜ਼ਾਂ ਨੇ ਹਰੇਕ ਦੇਸ਼ ਦੀ ਅੰਬੈਸੀ ਵਾਲਿਆਂ ਨੂੰ ਭੇਜੀਆਂ ਸਨ ਕਿ ਇਹ ਅੰਗਰੇਜ਼ ਹਕੂਮਤ ਦੇ ਦੁਸ਼ਮਣ ਨੇ। ਅੰਗਰੇਜ਼ ਤਾਂ ਗ਼ਦਰ ਪਾਰਟੀ ਵਾਲਿਆਂ ਬਾਰੇ ਸਾਰੇ ਸੰਸਾਰ ਨੂੰ ਸੁਚੇਤ ਕਰ ਰਿਹਾ ਸੀ, ਪਰ ਸਾਡੀਆਂ ਇਨਕਲਾਬੀ ਧਿਰਾਂ ਏਥੇ ਗ਼ਦਰ ਪਾਰਟੀ ਦੇ ਮਹੱਤਵ ਨੂੰ ਸਵੀਕਾਰਦੀਆਂ ਨਹੀਂ। ਇਹੋ ਗਿਲਾ ਮੈਨੂੰ ਕਮਿਊਨਿਸਟ ਪਾਰਟੀਆਂ 'ਤੇ ਵੀ ਹੈ। ਉਹ ਸਾਡਾ ਜ਼ਿਕਰ ਕਰਦਿਆਂ ਸ਼ਰਮਾਉਂਦੇ ਨੇ। ਮੰਨਿਆ, ਅਸੀਂ 'ਗ਼ਦਰਾਈਟ ਕਮਿਊਨਿਸਟ' ਹੀ ਸਹੀ, ਵੱਖਰਾ ਹੀ ਕਰ ਲਵੋ। ਪਰ ਸਾਡੀ ਦੇਣ ਹੈ ਫ਼ਿਰ ਵੀ। ਸਾਨੂੰ ਤਾਂ ਇਹ ਕਿਹਾ ਕਰਦੇ ਸਨ ਕਿ ਬਾਬੇ ਤਾਂ ਕਦੇ ਕਮਿਊਨਿਸਟ ਹੋ ਹੀ ਨਹੀਂ ਸਕਦੇ। ਅਸਲ ਵਿੱਚ ਸਾਡੇ ਕਮਿਊਨਿਸਟਾਂ ਦਾ ਜ਼ੋਰ ਵਧੇਰੇ ਲਿਖ਼ਤਾਂ ਤੇ ਰਿਹਾ, ਕਿਰਦਾਰ ਤੇ ਨਹੀਂ। ਪੰਜਾਬ ਦੇ ਇਨਕਲਾਬੀਆਂ ਨੇ ਲਿਖਣ ਤੋਂ ਭਾਵੇਂ ਸੰਕੋਚ ਕੀਤਾ, ਪਰ ਇਹ ਘਾਟਾ ਵੀ ਭਾਈ ਸੰਤੋਖ ਸਿੰਘ ਵਰਗਿਆਂ ਨੇ

ਪੂਰਾ ਕੀਤਾ।"

ਇਸ 'ਘਾਟੇ' ਨੂੰ ਪੂਰਾ ਕਰਨ ਵਾਸਤੇ ਬਾਬਾ ਖੁਦ ਇਤਿਹਾਸ ਲੇਖਣ ਦੇ ਮੈਦਾਨ ਵਿਚ ਆਇਆ। ਗ਼ਦਰੀਆਂ ਨਾਲ 'ਆਪਣਿਆਂ' ਵੱਲੋਂ ਕੀਤੇ ਵਿਤਕਰੇ ਤੇ ਸਥਾਪਤ ਤਾਕਤਾਂ ਵੱਲੋਂ ਹਾਸ਼ੀਏ ਉੱਤੇ ਧੱਕ ਦਿੱਤੇ ਜਾਣ ਕਰ ਕੇ ਇਸ ਦੌਰ ਦੇ ਇਤਿਹਾਸ ਨੂੰ ਰੌਸ਼ਨੀ ਵਿਚ ਲਿਆਉਣ ਲਈ ਖ਼ੁਦ ਕਲਮ ਚੁੱਕ ਲਈ। ਇਸ ਇਤਿਹਾਸ ਨੂੰ ਲਿਖਣ ਦਾ ਇਕ ਜਾਹਿਰਾ ਮਕਸਦ ਤਾਂ ਧੂੜ ਵਿਚ ਰੁਲ ਗਏ ਉਹਨਾਂ ਹੀਰਿਆਂ ਦੇ ਕਾਰਨਾਮਿਆਂ ਨੂੰ ਜਿਊਂਦੇ ਇਤਿਹਾਸ ਦਾ ਹਿੱਸਾ ਬਨਾਉਣਾ ਸੀ ਅਤੇ ਦੂਜਾ ਮਕਸਦ ਸੀ ਇਨਕਲਾਬੀ ਇਤਿਹਾਸ ਨੂੰ ਇਕ ਨਿਰੰਤਰ ਲੜੀ ਦੇ ਰੂਪ ਵਿਚ ਪੇਸ਼ ਕਰਨਾ ਕਿਉਂਕਿ ਹੁਣ ਤੱਕ ਇਸ ਇਤਿਹਾਸ ਦਾ ਟੁਟਵੇਂ ਖੰਡਾਂ ਦੇ ਰੂਪ ਵਿਚ ਹੀ ਜ਼ਿਕਰ ਹੋਇਆ ਸੀ। ਇਸ ਉਦੇਸ਼ ਦੀ ਪੂਰਤੀ ਲਈ ਪਿਛਲੀ ਉਮਰ ਵਿਚ ਜਦੋਂ ਅੱਖਾਂ ਦੀ ਜੋਤ ਵੀ ਜਵਾਬ ਦੇਈ ਜਾਂਦੀ ਸੀ ਉਸਨੇ ਅਠਾਰਾਂ ਅਠਾਰਾਂ ਘੰਟੇ ਲਗਾਤਾਰ ਕੰਮ ਕਰਕੇ 'ਗ਼ਦਰ ਲਹਿਰ ਦੇ ਅਣਫ਼ੋਲੇ ਵਰਕੇ' ਨਾਂ ਦੀ ਪੁਸਤਕ ਲਿਖੀ। ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਨਿਰੰਤਰ ਜੂਝਦੇ ਰਹਿਣ ਵਾਲਾ ਤੇ ਅੰਗਰੇਜ਼ ਹਾਕਮਾਂ ਦੇ ਜ਼ੁਲਮ ਦਾ ਸੇਕ ਆਪਣੇ ਤਨ ਮਨ ਉਤੇ ਸਹਿਣ ਵਾਲਾ ਬਾਬਾ ਭਗਤ ਸਿੰਘ ਬਿਲਗਾ ਜਿੱਥੇ ਖ਼ੁਦ ਇਸ ਰਾਂਗਲੇ ਇਨਕਲਾਬੀ ਇਤਿਹਾਸ ਦਾ ਸਿਰਜਕ ਸੀ ਉਥੇ ਉਹ ਇਸ ਇਤਿਹਾਸ ਦਾ ਚਸ਼ਮਦੀਦ ਗਵਾਹ ਵੀ ਸੀ। ਉਸਦੀ ਪ੍ਰਮਾਣਿਕ ਤੇ ਮੰਨਣ ਯੋਗ ਗਵਾਹੀ ਦਾ ਸਬੂਤ ਉਸ ਦੁਆਰਾ ਲਿਖੀ ਪੁਸਤਕ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਵਿੱਚ ਵੇਖਿਆ ਜਾ ਸਕਦਾ ਹੈ। ਇਸ ਪੁਸਤਕ ਵਿਚ ਉਸਨੇ ਆਪਣੇ ਤਨ ਮਨ 'ਤੇ ਹੰਢਾਇਆ ਇਤਿਹਾਸ ਤਾਂ ਪੇਸ਼ ਕੀਤਾ ਹੀ ਹੈ ਪਰ ਇਸਦੇ ਨਾਲ ਹੀ ਇਤਿਹਾਸ ਦੇ ਅਜਿਹੇ ਲੁਕਵੇਂ ਤੱਥ ਤੇ ਸੱਚ ਵੀ ਉਜਾਗਰ ਕੀਤੇ ਹਨ ਜਿਨ੍ਹਾਂ ਬਾਰੇ ਜੇ ਉਹ ਨਾ ਲਿਖਦਾ ਤਾਂ ਇਹ ਸਮੇਂ ਦੀ ਧੂੜ ਵਿਚ ਦੱਬੇ ਹੀ ਰਹਿ ਜਾਣੇ ਸਨ। 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਦਾ ਮਹੱਤਵ ਇਸ ਕਾਰਨ ਵੀ ਹੈ ਕਿ ਇਸ ਵਿਚ ਬਾਬੇ ਨੇ ਗ਼ਦਰ ਲਹਿਰ ਦੇ ਪਹਿਲੇ ਦੌਰ ਦੇ ਇਤਿਹਾਸ ਦੇ ਨਾਲ ਇਤਿਹਾਸ ਦੇ ਉਸ ਕਾਲ-ਖੰਡ ਨੂੰ ਵੀ ਸਾਂਭ ਲਿਆ ਹੈ ਜਿਹੜਾ ਪਹਿਲੇ ਦੌਰ ਦੀ ਗ਼ਦਰ ਲਹਿਰ ਤੋਂ ਪਿਛਲੇਰਾ ਕਾਲ ਸੀ ਤੇ ਜਿਸਨੂੰ ਕਮਿਊਨਿਸਟ ਲਹਿਰ ਦੇ ਇਤਿਹਾਸ ਵਿਚ ਇਕ ਤਰ੍ਹਾਂ ਨਾਲ ਅਣਗੌਲਿਆਂ ਕਰ ਦਿੱਤਾ ਗਿਆ ਹੈ। ਇਸ ਦਾ ਜ਼ਿਕਰ, ਬਾਬਾ ਬਿਲਗਾ ਨੇ, 'ਗ਼ਦਰ ਲਹਿਰ ਦੇ ਅਣਫ਼ੋਲੇ ਵਰਕੇ' ਵਿਚ 'ਕਿਤਾਬ ਤੋਂ ਪਹਿਲਾਂ' ਦੇ ਸਿਰਲੇਖ ਹੇਠ ਇਸਤਰ੍ਹਾਂ ਕੀਤਾ ਹੈ, 'ਗ਼ਦਰੀ 1917 ਤੋਂ ਬਾਅਦ ਫੇਰ ਮਜ਼ਬੂਤ ਹੋਏ ਸਨ ਅਤੇ ਉਹਨਾਂ ਨੇ ਉਤਰੀ ਅਤੇ ਦੱਖਣੀ ਅਮਰੀਕਾ, ਏਸ਼ੀਆ, ਅਫ਼ਰੀਕਾ ਅਤੇ ਹੋਰ ਕਈ ਦੇਸਾਂ ਵਿਚ ਆਪਣੀਆਂ ਸ਼ਾਖ਼ਾਵਾਂ ਕਾਇਮ ਕੀਤੀਆਂ ਸਨ ਅਤੇ ਹਿੰਦੁਸਤਾਨ ਵਿਚ ਗ਼ਦਰੀਆਂ ਨੇ 'ਕਿਰਤੀ ਪਾਰਟੀ' ਦੇ ਨਾਂ ਹੇਠ ਘੋਲ ਜਾਰੀ ਰੱਖਿਆ। ਇਹ ਸਭ ਅਜੇ ਤੱਕ ਗ਼ਦਰ ਲਹਿਰ ਦੇ ਅਣਫੋਲੇ ਵਰਕੇ ਹਨ, ਜਿਨ੍ਹਾਂ ਨੂੰ ਇਸ ਕਿਤਾਬ ਵਿਚ ਅੰਕਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।'

ਸੋ ਇਸ ਪੁਸਤਕ ਵਿਚ ਜਿੱਥੇ ਦੇਸ਼ਭਗਤਾਂ ਵੱਲੋਂ ਦੂਜੇ ਮੁਲਕਾਂ ਵਿਚ ਲੜੇ ਸੰਘਰਸ਼ ਦਾ ਇਤਿਹਾਸ ਹੈ ਓਥੇ 'ਕਿਰਤੀ ਤੇ ਕਿਸਾਨ ਲਹਿਰ' ਤੋਂ ਤੁਰ ਕੇ 'ਲਾਲ ਪਾਰਟੀ' ਤੱਕ ਦਾ

ਬਿਰਤਾਂਤ ਵੀ ਹਾਜ਼ਰ ਹੈ। ਇਸਤੋਂ ਇਲਾਵਾ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਤੋਂ ਲੈ ਕੇ 'ਦੇਸ਼ ਭਗਤ ਯਾਦਗਾਰ ਕਮੇਟੀ' ਦੀ ਹੁਣ ਤੱਕ ਦੀ ਇਤਿਹਾਸਕ ਯਾਤਰਾ ਦਾ ਬਿਓਰਾ ਵੀ ਦਰਜ ਹੈ।

ਇਸਤੋਂ ਬਾਅਦ ਉਸਨੇ ਨੇ ਆਪਣੇ ਅਨੇਕਾਂ ਪ੍ਰਸੰਸਕਾਂ ਤੇ ਪਾਠਕਾਂ ਦੀ ਮੰਗ ਨੂੰ ਮੁੱਖ ਰੱਖਦਿਆਂ 'ਮੇਰਾ ਵਤਨ' ਨਾਂ ਦੀ ਇਕ ਹੋਰ ਇਤਿਹਾਸਕ ਪੁਸਤਕ ਦੀ ਸਿਰਜਣਾ ਕੀਤੀ, ਜਿਸ ਵਿੱਚ ਉਸਨੇ ਅੰਗਰੇਜ਼ਾਂ ਦੇ ਭਾਰਤ ਵਿਚ ਪ੍ਰਵੇਸ਼ ਤੋਂ ਲੈ ਕੇ ਦੇਸ਼ ਨੂੰ ਛੱਡ ਜਾਣ ਤੱਕ ਦੇ ਇਤਿਹਾਸ ਨੂੰ ਖੋਜੀ ਬਿਰਤੀ ਨਾਲ ਵਾਚਦਿਆਂ ਹੋਇਆਂ ਅਜ਼ਾਦੀ ਸੰਗਰਾਮ ਦੀਆਂ ਵਿਭਿੰਨ ਲਹਿਰਾਂ ਦੇ ਯੋਗਦਾਨ ਬਾਰੇ ਆਪਣਾ ਨੁਕਤਾ ਨਜ਼ਰ ਵੀ ਪੇਸ਼ ਕੀਤਾ ਹੈ ਤੇ ਇਕ ਜੌਹਰੀ ਦੀ ਅੱਖ ਨਾਲ ਸਮੇਂ ਦੀ ਰੇਤ ਵਿਚੋਂ ਸੁਨਹਿਰੀ ਕਿਣਕੇ ਚੁਣਕੇ ਅੱਡ ਕਰ ਦਿੱਤੇ ਹਨ ਜਿਨ੍ਹਾਂ ਦੀ ਰੋਸ਼ਨੀ ਵਿਚ ਸਾਨੂੰ ਅੰਗਰੇਜ਼ ਵਿਰੋਧੀ ਸੰਘਰਸ਼ ਦੀ ਲੰਮੀ ਇਤਿਹਾਸਕ ਲੜਾਈ ਦਾ ਨਿਵੇਕਲਾ ਦੀਦਾਰ ਹੁੰਦਾ ਹੈ।

ਉਸਤੋਂ ਬਾਅਦ 'ਮੇਰੀ ਸੋਚ ਮੇਰੀ ਸਮਝ', 'ਜੀਵਨੀ ਬਾਬਾ ਗੁਰਮੁਖ ਸਿੰਘ ਲਲਤੋਂ' ਲਿਖ ਕੇ ਇਨਕਲਾਬੀ ਇਤਿਹਾਸ ਨੂੰ ਸਦੀਵੀ ਉਮਰ ਦੇਣ ਲਈ ਵੱਡਾ ਉੱਦਮ ਕੀਤਾ। ਬਾਬਾ ਬਿਲਗਾ ਦੇ ਮਰਨ ਉਪਰੰਤ ਉਨ੍ਹਾਂ ਦੇ ਪਿੰਡ ਬਿਲਗਾ ਨਾਲ ਸਬੰਧਤ ਖਰੜੇ 'ਇਤਿਹਾਸਕ ਪਿੰਡ ਬਿਲਗਾ' ਅਤੇ ਉਨ੍ਹਾਂ ਦੇ ਦੇਸ਼ ਭਗਤਾਂ ਬਾਰੇ ਲਿਖੇ ਲੇਖਾਂ ਨੂੰ 'ਮੇਰੇ ਸੰਗਰਾਮੀ ਸਾਥੀ' ਨਾਂ ਹੇਠ ਬਾਬਾ ਬਿਲਗਾ ਦੇ ਅਜ਼ੀਜ਼ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਸੰਪਾਦਤ ਕਰਕੇ ਪੁਸਤਕ ਰੂਪ ਵਿਚ ਛਪਵਾਇਆ ਹੈ।

ਜਿੱਥੇ ਇਤਿਹਾਸ ਸਿਰਜਦਿਆਂ ਉਸਨੇ ਸਾਰਾ ਜੀਵਨ ਲਾ ਦਿੱਤਾ ਓਥੇ ਇਤਿਹਾਸ ਲਿਖਦਿਆਂ ਅੱਖਾਂ ਦੀ ਜੋਤ ਗਵਾ ਲਈ ਪਰ ਆਪਣੇ ਫ਼ਰਜ਼ ਨੂੰ ਜੀ-ਜਾਨ ਨਾਲ ਨਿਭਾਇਆ।

ਬਾਬਾ ਭਗਤ ਸਿੰਘ ਬਿਲਗਾ ਇਤਿਹਾਸ ਦਾ ਲੇਖਕ ਵੀ ਸੀ ਤੇ ਖ਼ੁਦ ਵੀ ਚੱਲਦਾ ਫਿਰਦਾ ਇਤਿਹਾਸ ਸੀ। ਇਸ ਪੁਸਤਕ ਵਿਚ ਅਸੀਂ ਬਾਬੇ ਦੀ ਸੋਚ ਤੇ ਇਤਿਹਾਸਕ ਤਰਕ ਨਾਲ ਸਫ਼ਰ ਕਰਾਂਗੇ। ਆਜ਼ਾਦੀ ਸੰਗਰਾਮ ਦੇ ਮਹਾਨ ਘੁਲਾਟੀਏ ਦੁਆਰਾ ਰਚਿਤ ਇਹ ਪੁਸਤਕ ਇਤਿਹਾਸਕ ਖੋਜ ਤੇ ਲੱਭਤ ਦੇ ਖੇਤਰ ਵਿਚ ਇਕ ਬੜਾ ਮੁੱਲਵਾਨ ਵਾਧਾ ਹੈ। ਇਤਿਹਾਸ ਸਿਰਜਣ ਵਿਚ ਆਪਣਾ ਯੋਗਦਾਨ ਪਾਉਣ ਤੋਂ ਇਲਾਵਾ ਇਤਿਹਾਸ ਲੇਖਣ ਵਿਚ ਵੀ ਆਪਣਾ ਹਿੱਸਾ ਪਾ ਕੇ ਉਸਨੇ ਦੂਹਰੀ ਕਮਾਈ ਕੀਤੀ ਹੈ। ਉਹ ਸਾਡਾ ਬਜ਼ੁਰਗ ਸੀ, ਉਸਦੀ ਕਮਾਈ ਉੱਤੇ ਸਾਡਾ ਹੱਕ ਵੀ ਹੈ ਤੇ ਉਸ ਕਮਾਈ ਨੂੰ ਸਾਂਭਣ ਦੀ ਜ਼ਿੰਮੇਵਾਰੀ ਵੀ ਸਾਡੀ ਹੈ।

ਇਕ ਪੂਰੀ ਸਦੀ ਦੇ ਇਨਕਲਾਬੀ ਇਤਿਹਾਸ ਦਾ ਹਾਣੀ; ਸਿਰੜ, ਸੰਘਰਸ਼, ਕੁਰਬਾਨੀ ਤੇ ਸੂਰਮਗਤੀ ਦੀ ਸਾਕਾਰ ਮੂਰਤ; ਉੱਚੀਆਂ-ਸੁੱਚੀਆਂ ਕਦਰਾਂ ਵਾਲੀ ਇਨਕਲਾਬੀ ਸਿਆਸਤ ਨੂੰ ਉਮਰ ਭਰ ਸਮਰਪਤ ਰਹਿਣ ਵਾਲਾ, ਜ਼ਿੰਦਗੀ ਦੇ ਆਖ਼ਰੀ ਸਵਾਸਾਂ ਤੱਕ ਜਿਊਂਦੀ ਤੇ ਜਾਗਦੀ ਜਮੀਰ ਦਾ ਚਾਨਣ ਵੰਡਣ ਵਾਲਾ ਮਹਾਨ ਆਜ਼ਾਦੀ ਸੰਗਰਾਮੀਆਂ ਤੇ ਦੇਸ਼ ਭਗਤ ਯਾਦਗ਼ਾਰ ਕਮੇਟੀ ਦਾ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਆਉਣ ਵਾਲੀਆਂ

ਨਸਲਾਂ ਲਈ ਆਪਣੀਆਂ ਪੈੜਾਂ ਦੇ ਅਮਿੱਟ ਨਿਸ਼ਾਨ ਛੱਡ ਕੇ 22 ਮਈ 2009 ਵਾਲੇ ਦਿਨ ਸਦਾ ਲਈ ਅੱਖੋਂ ਓਹਲੇ ਹੋ ਗਿਆ। ਬਾਬਾ ਆਪਣੀ ਗੜ੍ਹਕਵੀਂ ਆਵਾਜ਼ ਵਿਚ ਹਮੇਸ਼ਾ ਆਖਿਆ ਕਰਦਾ ਸੀ ਕਿ ਅਸੀਂ ਆਪਣੇ ਹਿੱਸੇ ਦੀ ਦੌੜ ਦੌੜ ਲਈ ਹੈ, ਇਸ ਲਈ ਨੌਜਵਾਨੋ! ਤੁਸੀਂ ਹੁਣ ਅੱਗੇ ਆਵੋ ਤੇ ਸਾਥੋਂ ਝੰਡਾ ਫੜ ਕੇ ਆਪਣੇ ਹਿੱਸੇ ਦੀ ਦੌੜ ਦੌੜਨ ਲਈ ਮੈਦਾਨ ਵਿਚ ਨਿੱਤਰੋ। ਉਸਦੀ ਆਵਾਜ਼ ਅੱਜ ਵੀ ਪਿੱਛੇ ਰਹਿ ਗਿਆਂ ਨੂੰ ਵੰਗਾਰ ਰਹੀ ਹੈ। ਬਾਬਾ ਬਿਲਗਾ ਇਨਕਲਾਬੀ ਧਿਰਾਂ ਲਈ ਸਦਾ ਚਾਨਣ-ਮੁਨਾਰੇ ਵਾਂਗ ਲਿਸ਼ਕਦਾ ਤੇ ਰਾਹ ਦਸੇਰਾ ਬਣਿਆਂ ਰਹੇਗਾ

*ਟਰੱਸਟੀ: ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

ਕਿਤਾਬ ਤੋਂ ਪਹਿਲਾਂ

ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਜਦੋਂ ਕਸ਼ਮੀਰ ਦੀ ਘਾਟੀ ਨੂੰ ਤੱਕਿਆ ਸੀ ਤਾਂ ਉਹ ਕਹਿ ਉਠਿਆ ਸੀ:

'ਗਰ ਫਰਦੌਸ਼ ਬਰੂਏ ਜ਼ਮੀਂ ਅਸਤੋ ਅਮੀਂ ਅਸਤੋ ਅਮੀਂ ਅਸਤ"

(ਦੁਨੀਆਂ 'ਤੇ ਜੇ ਕੋਈ ਬਹਿਸ਼ਤ ਹੈ ਤਾਂ ਉਹ ਏਥੇ ਹੀ ਹੈ)।

ਕਾਸ਼! ਜਹਾਂਗੀਰ ਨੂੰ ਕਨੇਡਾ ਦੀਆਂ ਦਰਜਨਾਂ ਹੀ ਅਜਿਹੀਆਂ ਘਾਟੀਆਂ ਦੇਖਣ ਦਾ ਮੌਕਾ ਮਿਲ ਜਾਂਦਾ।

ਉੱਤਰੀ ਧਰੁਵ ਵਲ ਪਸਰੇ ਹੋਏ ਇਸ ਬਹਿਸ਼ਤ ਨੂੰ ਮਾਨਣ ਲਈ ਵੱਖ ਵੱਖ ਮਹਾਂਦੀਪਾਂ ਦੇ ਲੋਕ ਸਮੁੰਦਰ ਦਾ ਸੀਨਾ ਚੀਰ ਕੇ ਪਹੁੰਚਦੇ ਰਹੇ।

ਦਰਖਤਾਂ ਦੇ ਸੁੱਕੇ ਤਣਿਆਂ 'ਤੇ ਕਹਾਣੀਆਂ ਲਿਖਣ ਵਾਲੇ ਇਸ ਦੇਸ਼ ਦੇ ਮਾਲਕਾਂ ਨੂੰ 'ਤਹਿਜ਼ੀਬ' ਸਿਖਾਉਣ ਲਈ ਏਥੇ ਪਹੁੰਚਣ ਵਾਲੇ ਫਰਾਂਸੀਸੀ ਸਨ, ਅੰਗਰੇਜ਼ ਸਨ। ਫਰਾਂਸੀਸੀ ਪੈਰਿਸ ਦੀ ਜਗਮਗ ਅਤੇ ਸ਼ੋਰ-ਸ਼ਰਾਬੇ ਨੂੰ ਭੁਲਾ ਨਾ ਸਕੇ ਤੇ ਵਾਪਸ ਹੋ ਤੁਰੇ। ਜਿਹੜੇ ਕੁਝ ਰਹਿ ਗਏ ਉਨ੍ਹਾਂ ਨੇ ਮੌਨਿਤਰਿਆਲ ਦਾ ਇਲਾਕਾ ਮੱਲ ਲਿਆ। ਬਾਕੀ ਸਾਰੀ ਇਸ ਧਰਤੀ 'ਤੇ ਅੰਗਰੇਜ਼ ਕਾਬਜ਼ ਹੋ ਗਏ। ਇਸ ਸਮੁੱਚੀ ਧਰਤੀ ਨੂੰ ਕਨੇਡਾ ਦਾ ਨਾਂ ਦਿੱਤਾ ਗਿਆ। ਇਸੇ ਤਰ੍ਹਾਂ ਅਮਰੀਕਨ ਮਹਾਂਦੀਪ ਦੇ ਦੱਖਣ ਵੱਲ ਸਪੇਨੀਆਂ ਤੇ ਪੁਰਤਗੇਜ਼ੀਆ ਨੇ ਆ ਕਬਜ਼ੇ ਕੀਤੇ। ਇਨ੍ਹਾਂ ਝੀਲਾਂ ਦੀ ਹਿੱਕ 'ਤੇ ਕਲੋਲਾਂ ਵਾਲੇ ਰੈੱਡ ਇੰਡੀਅਨਾਂ ਨੂੰ ਆਪਣੇ ਹੀ ਮੁਲਕ ਵਿਚ ਬੇਗਾਨੇ ਕਰਕੇ ਪਹਾੜਾਂ ਦੀਆਂ ਕੁੰਦਰਾਂ ਵਿਚ ਵਾੜ ਦਿੱਤਾ, ਜਿਨ੍ਹਾਂ ਨੂੰ ਹੁਣ ਸ਼ਹਿਰਾਂ ਵਿਚ ਆਉਣ ਦੀ ਮਨਾਹੀ ਹੈ।

ਯੂਰਪੀਆਂ ਤੋਂ ਪਿਛੋਂ ਪੂਰਬ ਦੇ ਏਸ਼ੀਆਈ ਚੀਨੇ ਤੇ ਜਪਾਨੀ ਵੀ ਕਨੇਡਾ ਆਉਣੇ ਸ਼ੁਰੂ ਹੋ ਗਏ। ਇਨ੍ਹਾਂ ਤੋਂ ਬਾਅਦ ਰੋਜ਼ੀ ਕਮਾਉਣ ਲਈ ਪੰਜਾਬੀਆਂ ਨੇ ਵੀ ਏਥੇ ਡੇਰੇ ਆਣ ਲਾਏ। ਗੋਰੇ ਲੋਕ ਇਨ੍ਹਾਂ ਨੂੰ ਕਾਲੇ-ਪੀਲੇ ਲੋਕ ਕਿਹਾ ਕਰਦੇ ਸਨ। ਇਹ ਸਭ ਮਿਹਨਤ ਮੁਸ਼ੱਕਤ ਕਰਨ ਤੇ ਰੋਜ਼ੀ ਕਮਾਉਣ ਲਈ ਆਏ। ਜੰਗਲ ਕੱਟਦੇ ਤੇ ਜ਼ਮੀਨਾਂ ਪੱਧਰੀਆਂ ਕਰਦੇ। ਏਸ਼ੀਅਨਾਂ ਦੀ ਗਿਣਤੀ ਵਧਦੀ ਦੇਖ ਗੋਰਿਆਂ ਨੇ 'ਕਨੇਡਾ ਫਾਰ ਵ੍ਹਾਈਟ' ਦੇ ਨਾਅਰੇ ਹੇਠ ਇਨ੍ਹਾਂ ਏਸ਼ੀਅਨਾਂ ਨੂੰ ਧੱਕੇ ਮਾਰ ਕੇ ਬਾਹਰ ਕੱਢਣ ਦੀਆਂ ਕੋਸ਼ਿਸ਼ਾਂ ਕੀਤੀਆਂ।

ਪੰਜਾਬੀ ਪ੍ਰਵਾਸੀਆਂ ਨੇ ਕਨੇਡਾ ਵਿਚ ਡਟੇ ਰਹਿਣ ਲਈ ਜੱਦੋ -ਜਹਿਦ ਕੀਤੀ। ਅੰਗਰੇਜ਼ੀ ਹਕੂਮਤ ਨੇ ਇਨ੍ਹਾਂ ਦੀ ਇਸ ਜੱਦੋ-ਜਹਿਦ ਵਿਚ ਮਦਦ ਤਾਂ ਕੀ ਕਰਨੀ ਸੀ, ਸਗੋਂ ਮੁਖ਼ਾਲਫਤ ਕੀਤੀ। ਇਨ੍ਹਾਂ ਨੂੰ ਆਪਣੀ ਗ਼ੁਲਾਮੀ ਦਾ ਅਹਿਸਾਸ ਹੋਇਆ। ਇਸ ਦੇ ਫਲਸਰੂਪ ਕਨੇਡਾ ਤੇ ਅਮਰੀਕਾ ਵਿਚ ਆਪਣੇ ਹੱਕਾਂ ਲਈ ਲੜਾਈ ਤੇ ਮੁਲਕ ਦੀ ਗ਼ੁਲਾਮੀ ਦੂਰ ਕਰਨ ਦੀ ਤੜਪ ਦਾ ਸਿੱਟਾ ਗ਼ਦਰ ਲਹਿਰ ਦੇ ਉਭਰਨ ਵਿਚ ਨਿਕਲਿਆ।

ਹਿੰਦੁਸਤਾਨ ਦੀ ਆਜ਼ਾਦੀ ਦੇ ਸੰਗਰਾਮ ਵਿਚ ਗ਼ਦਰ ਪਾਰਟੀ ਦੀ ਦੇਣ ਬਾਰੇ

ਇਤਿਹਾਸ ਵਿਚ ਬੜਾ ਘਟ ਜ਼ਿਕਰ ਕੀਤਾ ਗਿਆ ਹੈ ਅਤੇ ਨਾ ਹੀ ਗ਼ਦਰ ਪਾਰਟੀ ਦੀ ਸਿਆਸੀ ਸੂਝ ਬਾਰੇ ਲੋਕਾਂ ਨੂੰ ਪੂਰਨ ਜਾਣਕਾਰੀ ਹੈ, ਜਦੋਂ ਕਿ ਅੰਗਰੇਜ਼ਾਂ ਨੇ ਇਸ ਇਨਕਲਾਬੀ ਲਹਿਰ ਦੇ ਵਿਰੁੱਧ ਰੀਪੋਰਟਾਂ ਲਿਖ-ਲਿਖ ਕੇ ਆਰਕਾਈਵਜ਼ ਦੀਆਂ ਫਾਈਲਾਂ ਵਿਚੋਂ ਕਈ ਗੁੰਮ ਹਨ ਅਤੇ ਕਈ ਤਲਫ਼ ਵੀ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਬਹੁਤ ਸਾਰੀਆਂ ਸੱਚੀਆਂ ਅਤੇ ਕਈ ਝੂਠੀਆਂ ਰਿਪੋਰਟਾਂ ਵੀ ਹਨ।

ਸਿਤਮ ਦੀ ਗੱਲ ਇਹ ਹੈ ਕਿ ਅਜ਼ਾਦ ਕੌਮੀ ਸਰਕਾਰਾਂ ਨੇ ਜੀਉਂਦੇ ਬਚੇ ਗ਼ਦਰੀ ਬਾਬਿਆਂ ਦੇ ਬਿਆਨ ਨੋਟ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ। ਏਸੇ ਤਰ੍ਹਾਂ ਇਤਿਹਾਸਕਾਰਾਂ ਨੇ ਵੀ ਇਸ ਪਾਸੇ ਲੋੜੀਂਦਾ ਧਿਆਨ ਨਹੀਂ ਦਿੱਤਾ। ਸ਼ਾਇਦ ਏਸੇ ਕਰਕੇ ਭਾਈ ਪਰਮਾਨੰਦ ਨੇ ਆਪਣੀ ਸਵੈ-ਜੀਵਨੀ ਵਿਚ ਇਸ ਸੱਚਾਈ ਨੂੰ ਬਿਆਨਿਆ ਹੈ ਕਿ ਗ਼ਦਰੀ ਸੂਰਬੀਰਾਂ ਦੇ ਕਾਰਨਾਮਿਆਂ ਬਾਰੇ ਮੌਕਾ ਆਉਣ 'ਤੇ ਜਦੋਂ ਵੀ ਲਿਖਿਆ ਗਿਆ ਤਾਂ ਤਾਰੀਖ਼ ਨਵੇਂ ਸਿਰਿਓਂ ਲਿਖਣੀ ਪਏਗੀ।

ਬੀਤੇ ਵਿਚ ਜੇ ਕਿਸੇ ਨੇ ਕਾਨੂੰਨ ਦੀਆਂ ਹੱਦਾਂ ਅੰਦਰ ਰਹਿੰਦਿਆਂ ਵੀ ਸੱਚਾਈ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਲਿਖਤਾਂ ਜ਼ਬਤ ਕਰ ਲਈਆਂ ਜਾਂਦੀਆਂ ਰਹੀਆਂ। ਬਾਅਦ ਵਿੱਚ ਆਈਆਂ ਕੌਮਾਂ ਸਰਕਾਰਾਂ ਨੇ ਸ਼ਾਇਦ ਇਸ ਲਈ ਹਕੀਕਤਾਂ ਦਬਾਈ ਰੱਖਣ ਨੂੰ ਠੀਕ ਸਮਝਿਆ ਕਿ ਇਹ ਇਨਕਲਾਬੀ ਕੌਮੀ ਜਜ਼ਬਾ ਉਭਾਰਨਗੀਆਂ। ਬਹੁਤ ਸਾਰੇ ਲਿਖਾਰੀਆਂ ਨੇ ਤਾਂ 1917 ਤੋਂ ਬਾਅਦ ਗ਼ਦਰ ਲਹਿਰ ਦਾ ਭੋਗ ਹੀ ਪਾ ਦਿੱਤਾ ਸੀ।

ਪ੍ਰੰਤੂ ਸੁਚੇਤ ਇਤਿਹਾਸਕਾਰਾਂ ਅਤੇ ਗ਼ਦਰ ਲਹਿਰ ਦੇ ਦੁਸ਼ਮਣਾ ਨੇ ਅਜੇਹਾ ਨਹੀਂ ਕੀਤਾ। ਅੰਗਰੇਜ਼ਾਂ ਦੀ ਇੰਟੈਲੀਜੈਂਸ ਸਰਵਿਸ ਦੇ ਡਾਇਰੈਕਟਰ ਸਰ ਡੇਵਿਡ ਪੈਟਰੀ ਨੇ 1925 ਵਿਚ ਲਿਖਿਆ ਸੀ :

" Ghadar movement in natuer was of a continuing revolutionary conspiracy........the movement was suppressed during the war, but never been stamped out. There are in Punjab many returned sikhs who's bitter hatred of our rule predisposes them to join with eagerness in any conspiracy aimed at subversion of our authority. Sikhs of Ghadar persuation wheather in America, India or elsewhere, have ever been ready to league themselves with any of our enemies almost without watiting to be asked."

"ਗ਼ਦਰ ਲਹਿਰ ਆਪਣੀ ਖ਼ਾਸੀਅਤ ਦੇ ਪੱਖੋਂ ਇਕ ਮੁਸੱਲਸਲ ਇਨਕਲਾਬੀ ਸਾਜ਼ਿਸ਼ ਹੈ......... ਇਹ ਤਹਿਰੀਕ ਜੰਗ ਸਮੇਂ ਦਬਾ ਦਿੱਤੀ ਗਈ ਸੀ ਪਰ ਇਹ ਜੜ੍ਹੋਂ ਕਦੇ ਵੀ ਨਹੀਂ ਸੀ ਪੁੱਟੀ ਗਈ। ਪੰਜਾਬ ਵਿਚ ਬਹੁਤ ਅਜਿਹੇ ਪਰਤੇ ਹੋਏ ਸਿੱਖ ਹਨ ਜਿਨ੍ਹਾਂ ਦੀ ਸਾਡੀ ਹਕੂਮਤ ਪ੍ਰਤੀ ਤਲਖ਼ ਨਫ਼ਰਤ ਉਨ੍ਹਾਂ ਨੂੰ ਸੁਭਾਵਕ ਤੌਰ 'ਤੇ ਅਜਿਹੀ

ਸਾਜ਼ਿਸ਼ ਵਿਚ ਸ਼ਾਮਲ ਹੋਣ ਲਈ ਉਤਸੁਕ ਕਰ ਦਿੰਦੀ ਹੈ ਜਿਸ ਦਾ ਮੰਤਵ ਸਾਡੇ ਦਬਦਬੇ ਨੂੰ ਖੋਖਲਾ ਕਰਨਾ ਹੋਵੇ। ਗ਼ਦਰ ਦੀ ਰੰਗਤ ਰੱਖਣ ਵਾਲੇ ਸਿੱਖ ਭਾਵੇਂ ਉਹ ਅਮਰੀਕਾ ਵਿਚ ਹਨ ਹਿੰਦ ਵਿਚ ਜਾ ਕਿਸੇ ਹੋਰ ਥਾਂ ਹਨ, ਉਹ ਸਾਡੇ ਦੁਸ਼ਮਣਾਂ ਨਾਲ ਬਿਨਾਂ ਆਖੇ ਜਾਂ ਉਡੀਕੇ ਮਿਲਣ ਲਈ ਤਤਪਰ ਰਹਿੰਦੇ ਹਨ।"

ਗ਼ਦਰੀ 1917 ਤੋਂ ਬਾਅਦ ਫੇਰ ਮਜ਼ਬੂਤ ਹੋਏ ਸਨ ਅਤੇ ਉਨ੍ਹਾਂ ਨੇ ਉੱਤਰੀ ਅਤੇ ਦੱਖਣੀ ਅਮਰੀਕਾ, ਏਸ਼ੀਆ, ਅਫ਼ਰੀਕਾ ਅਤੇ ਕਈ ਹੋਰ ਦੇਸਾਂ ਵਿਚ ਆਪਣੀਆਂ ਸ਼ਾਖ਼ਾਵਾਂ ਕਾਇਮ ਕੀਤੀਆਂ ਹਨ ਅਤੇ ਹਿੰਦੁਸਤਾਨ ਵਿਚ ਗ਼ਦਰੀਆ ਨੇ 'ਕਿਰਤੀ ਪਾਰਟੀ' ਦੇ ਨਾਂ ਹੇਠ ਘੋਲ ਜਾਰੀ ਰਖਿਆ ਹੈ। ਇਹ ਸਭ ਅਜੇ ਤਕ ਗ਼ਦਰ ਲਹਿਰ ਦੇ ਅਣਫੋਲੇ ਵਰਕੇ ਹਨ, ਜਿਨ੍ਹਾਂ ਨੂੰ ਇਸ ਕਿਤਾਬ ਵਿਚ ਅੰਕਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਪੰਜਾਬੀ ਪ੍ਰਦੇਸਾਂ ਨੂੰ

ਅੰਗਰੇਜ਼ਾਂ ਨੇ ਹਿੰਦ 'ਤੇ ਕਬਜ਼ਾ ਕਰਦਿਆਂ ਹੀ ਭਾਰਤੀ ਸਮਾਜ ਦੀਆਂ ਚੂਲਾਂ ਹਿਲਾ ਦਿੱਤੀਆਂ। 1850 ਈ. ਵਿਚ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਹੇਠ ਚਲਾ ਗਿਆ। ਜਿਸ ਉਪਰੰਤ ਸਰਕਾਰ ਨੇ ਜ਼ਮੀਨੀ ਬੰਦੋਬਸਤ ਕਰ ਕੇ ਇੰਚ-ਇੰਚ ਜ਼ਮੀਨ 'ਤੇ ਮਾਲੀਆ ਠੋਸ ਦਿੱਤਾ। ਇਸ ਮਾਲੀਏ ਦੀ ਵਸੂਲੀ ਪਹਿਲਾਂ ਵਾਂਗ ਜਿਨਸ ਵਿਚ ਨਹੀਂ ਸਗੋਂ ਰੁਪਏ ਵਿਚ ਕੀਤੀ ਜਾਣ ਲੱਗੀ। ਬੰਜਰ ਸ਼ਾਮਲਾਤਾਂ ਅਤੇ ਚਰਾਦਾਂ ਵੀ ਮਾਲੀਏ ਦੀ ਮਾਰ ਤੋਂ ਬਚ ਨਾ ਸਕੀਆਂ। ਜ਼ਮੀਨੀ (ਚਾਹੀ ਅਤੇ ਨਹਿਰੀ) ਮਾਲੀਏ ਦੀ ਮਿਕਦਾਰ ਕਈ ਵਾਰ ਤਾਂ ਏਨੀ ਹੁੰਦੀ ਸੀ ਕਿ ਕਿਸਾਨ ਪੂਰੀ ਫ਼ਸਲ ਵੇਚ ਕੇ ਵੀ ਅਦਾ ਨਾ ਕਰ ਸਕਦਾ। ਜਿਸ ਕਰਕੇ ਉਸਨੂੰ ਸ਼ਾਹੂਕਾਰ 'ਤੇ ਨਿਰਭਰ ਕਰਨਾ ਪੈਂਦਾ ਸੀ। ਸ਼ਾਹੂਕਾਰ ਜ਼ਮੀਨ ਗਿਰਵੀ ਰੱਖ ਕੇ ਮੂੰਹ ਮੰਗਵਾਂ ਵਿਆਜ ਲੈਂਦੇ ਸਨ। ਨਤੀਜੇ ਵਜੋਂ ਜ਼ਮੀਨ ਕਿਸਾਨ ਦੇ ਹੱਥੋਂ ਖੁਸਣ ਲੱਗ ਪਈ ਜੋ ਕਿ ਉਸਦੀ ਰੋਜ਼ੀ-ਰੋਟੀ ਦਾ ਇਕੋ-ਇਕ ਸਾਧਨ ਸੀ। ਮਾਲੀਆ ਅਦਾ ਨਾ ਕਰ ਸਕਣ ਦੀ ਸੂਰਤ ਵਿਚ ਕਿਸਾਨਾਂ ਨੂੰ ਤਸੀਹੇ ਦਿੱਤੇ ਜਾਂਦੇ ਸਨ (ਉਨ੍ਹਾਂ ਨੂੰ ਕਾਠ ਮਾਰ ਦਿੱਤਾ ਜਾਂਦਾ ਸੀ) ਜਿਸ ਕਰਕੇ ਉਹ ਤੰਗ ਆ ਕੇ ਹਿਜਰਤ ਕਰ ਜਾਂਦੇ ਸਨ ਅਤੇ ਅੰਗਰੇਜ਼ੀ ਸਰਕਾਰ ਦੇ ਖ਼ੈਰ-ਖਾਹ ਉਨ੍ਹਾਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰ ਲੈਂਦੇ ਸਨ। ਇਸ ਨੇ ਜਗੀਰਦਾਰਾਂ ਦੀ ਇਕ ਨਵੀਂ ਜਮਾਤ ਪੈਦਾ ਕਰ ਦਿੱਤੀ। ਇਸ ਜਮਾਤ ਨੇ ਅੰਗਰੇਜ਼ੀ ਰਾਜ ਦੇ ਥੰਮ ਦਾ ਕੰਮ ਕੀਤਾ। ਬਾਕੀ ਦੀ ਕਸਰ ਸ਼ਾਹੂਕਾਰਾਂ ਨੇ ਪੂਰੀ ਕਰ ਦਿੱਤੀ।

ਸ਼ਾਹੂਕਾਰਾਂ ਕਿਸਾਨ ਦੀ ਜਿਨਸ ਸਸਤੇ ਭਾਅ 'ਤੇ ਖਰੀਦ ਕੇ ਰੈਲੀ ਬ੍ਰਦਰਜ਼ ਨਾਂ ਦੀ ਅੰਗਰੇਜ਼ ਕੰਪਨੀ ਨੂੰ ਵੇਚਦਾ ਸੀ ਜੋ ਕਰਾਚੀ ਦੀ ਬੰਦਰਗਾਹ ਰਾਹੀਂ ਬਰਤਾਨੀਆਂ ਪਹੁੰਚ ਜਾਂਦੀ ਅਤੇ ਉਹੀ ਸ਼ਾਹੂਕਾਰ ਵਲੈਤ ਦਾ ਬਣਿਆ ਮਹਿੰਗਾ ਕੱਪੜਾ ਕਿਸਾਨਾਂ ਨੂੰ ਵੇਚਦਾ ਸੀ। ਸ਼ਾਹੂਕਾਰ ਅਤੇ ਅੰਗਰੇਜ਼ ਦੇ ਇਸ ਸਾਂਝੇ ਅਮਲ ਨੇ ਕਿਸਾਨਾਂ ਅਤੇ ਦਸਤਕਾਰਾਂ ਦਾ ਉਜਾੜਾ ਕਰਨਾ ਸ਼ੁਰੂ ਕਰ ਦਿੱਤਾ। ਕਿਸਾਨ ਬੇਜ਼ਮੀਨਾ ਅਤੇ ਦਸਤਕਾਰ ਬੇਰੁਜ਼ਗਾਰ ਹੁੰਦਾ ਗਿਆ। ਇਹ ਅੰਗਰੇਜ਼ ਸਰਕਾਰ ਦਾ ਪਹਿਲਾ 'ਤੋਹਫਾ' ਸੀ।

ਇਤਿਹਾਸ ਦੇ ਇਸ ਦੌਰ ਵਿਚ ਕੁਦਰਤੀ ਆਫਤਾਂ ਨੇ ਹਿੰਦੋਸਤਾਨੀਆਂ 'ਤੇ ਵਾਰ-ਵਾਰ ਹਮਲੇ ਕੀਤੇ। ਔੜ ਨੇ ਫਸਲਾਂ ਬਰਬਾਦ ਕਰ ਦਿੱਤੀਆਂ। ਕਾਲ ਅਤੇ ਭੁੱਖਮਰੀ ਨੇ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਲੈ ਲਈਆਂ, ਪ੍ਰੰਤੂ ਮਾਲੀਆ ਜਿਉਂ ਦਾ ਤਿਉਂ ਖੜ੍ਹਾ ਰਿਹਾ। ਸਭ ਤੋਂ ਭਿਆਨਕ ਆਫਤ ਪਲੇਗ ਦੀ ਸੀ, ਜਿਸਦਾ ਹਿੰਦੋਸਤਾਨ ਵਿਚ ਇਸ ਤੋਂ ਪਹਿਲਾਂ ਕਦੇ ਨਾਂ ਨਹੀਂ ਸੀ ਸੁਣਿਆ ਹੋਇਆ। ਇਸ ਬਿਮਾਰੀ ਨੇ ਘਰਾਂ ਦੇ ਘਰ ਖਾਲੀ ਕਰ ਦਿੱਤੇ ਅਤੇ ਪਿੰਡਾਂ ਦੇ ਪਿੰਡ ਉਜਾੜ ਦਿੱਤੇ। ਇਸ ਬਿਮਾਰੀ ਦੇ ਜਰਾਸੀਮ ਅੰਗਰੇਜ਼ਾਂ ਦੇ ਫੌਜੀ ਸਿਪਾਹੀ ਲੈ ਕੇ ਆਏ ਸਨ। ਹਿੰਦੋਸਤਾਨੀਆਂ ਲਈ ਅੰਗਰੇਜ਼ੀ ਰਾਜ ਦਾ ਇਹ ਦੂਜਾ 'ਤੋਹਫਾ' ਸੀ।

ਅੰਗਰੇਜ਼ਾਂ ਦੇ ਇਸ ਭਿਆਨਕ ਜਬਰ ਅਤੇ ਲੁੱਟ ਦਾ ਜ਼ਿਕਰ ਕਰਦਿਆਂ ਸਾਨਫਰਾਂਸਿਸਕੋ ਤੋਂ ਛਪਦੇ ਅਖ਼ਬਾਰ 'ਗ਼ਦਰ' ਨੇ ਆਪਣੇ 7 ਅਪ੍ਰੈਲ 1914 ਦੇ ਅੰਕ ਵਿਚ ਇਸ ਤਰ੍ਹਾਂ ਲਿਖਿਆ ਹੈ :

1. ਅੰਗਰੇਜ਼ ਹਿੰਦੋਸਤਾਨ 'ਚੋਂ 50 ਕਰੋੜ ਰੁਪਏ ਸਾਲਾਨਾ ਲੈ ਜਾਂਦੇ ਹਨ। ਸਿੱਟੇ ਵਜੋਂ ਹਿੰਦੋਸਤਾਨੀ ਏਨੇ ਗ਼ਰੀਬ ਹੋ ਗਏ ਹਨ ਕਿ ਉਨ੍ਹਾਂ ਦੀ ਪ੍ਰਤੀ ਜੀਅ ਦਿਨ ਆਮਦਨੀ ਸਿਰਫ ਪੰਜ ਪੈਸੇ ਰਹਿ ਗਈ ਹੈ।
2. ਜ਼ਮੀਨੀ ਮਾਲੀਆ ਫ਼ਸਲ ਦਾ 60 ਫੀਸਦੀ ਲੈ ਜਾਂਦਾ ਹੈ।
3. 24 ਕਰੋੜ ਦੀ ਵਸੋਂ 'ਤੇ ਸਿਰਫ ਪੌਣੇ 8 ਕਰੋੜ ਰੁਪਏ ਖਰਚ ਕੀਤੇ ਜਾਂਦੇ ਹਨ, ਜਿਸ ਵਿੱਚ ਸਿਹਤ ਵਿਭਾਗ 'ਤੇ ਸਿਰਫ 2 ਕਰੋੜ ਰੁਪਏ। ਜਦ ਕਿ ਫੌਜ 'ਤੇ ਇਸ ਤੋਂ ਵੱਖਰੇ 29 ਕਰੋੜ ਰੁਪਏ ਖਰਚ ਕੀਤੇ ਜਾਂਦੇ ਹਨ।
4. ਅੰਗਰੇਜ਼ੀ ਰਾਜ ਵਿਚ ਕਾਲ ਵਧ ਗਏ ਹਨ। ਪਿਛਲੇ ਇਕ ਦਹਾਕੇ ਵਿਚ ਦੀ ਦੋ ਕਰੋੜ ਇਨਸਾਨ ਕਾਲ ਤੇ ਭੁੱਖਮਰੀ ਨਾਲ ਮਰ ਗਏ ਹਨ।
5. ਪਿਛਲੇ 16 ਸਾਲਾਂ ਵਿਚ 8 ਲੱਖ ਲੋਕ ਪਲੇਗ ਨਾਲ ਮਰ ਚੁੱਕੇ ਹਨ। ਪਿਛਲੇ 30 ਸਾਲਾਂ ਵਿਚ ਪ੍ਰਤੀ ਹਜ਼ਾਰ ਮੌਤਾਂ ਦੀ ਗਿਣਤੀ 24 ਤੋਂ ਵਧ ਕੇ 34 ਹੋ ਗਈ ਹੈ।
6. ਅੰਗਰੇਜ਼ ਹੱਥੋਂ ਹਿੰਦੋਸਤਾਨੀਆਂ ਦੇ ਕਤਲ ਜਾਂ ਹਿੰਦੋਸਤਾਨੀ ਔਰਤਾਂ ਦੀ ਬੇਪਤੀ ਦੀ ਸੁਣਵਾਈ ਹਿੰਦੋਸਤਾਨੀ ਅਦਾਲਤਾਂ ਵਿਚ ਨਹੀਂ ਹੋ ਸਕਦੀ।
7. ਹਿੰਦੂਆਂ ਅਤੇ ਮੁਸਲਮਾਨਾਂ ਵਿਚ ਫਸਾਦ ਖੜ੍ਹੇ ਕਰਨ ਦੀ ਕੋਸ਼ਿਸ਼ ਅੰਗਰੇਜ਼ਾਂ ਵਲੋਂ ਲਗਾਤਾਰ ਜਾਰੀ ਰਹਿੰਦੀ ਹੈ।
8. ਅੰਗਰੇਜ਼ੀ ਮਾਲ ਦੀ ਵਿਕਰੀ ਲਈ ਹਿੰਦੋਸਤਾਨੀ ਦਸਤਕਾਰੀ ਤੇ ਹੁਨਰ ਤਬਾਹ ਕੀਤਾ ਜਾ ਰਿਹਾ ਹੈ।
9. ਹਿੰਦੋਸਤਾਨ ਦੇ ਰੁਪਏ ਨਾਲ ਹਿੰਦੋਸਤਾਨੀ ਸਿਪਾਹੀ ਭਰਤੀ ਕਰ ਕੇ ਮਰਵਾਉਣ ਲਈ ਅਫ਼ਗਾਨਿਸਤਾਨ, ਬਰਮਾ, ਮਿਸਰ, ਈਰਾਨ ਅਤੇ ਚੀਨ ਨੂੰ ਫਤਹਿ ਕਰਨ ਲਈ ਭੇਜੇ ਜਾਂਦੇ ਹਨ।

ਇਸ ਸਾਰੇ ਵਾਤਾਵਰਨ ਦਾ ਹਿੰਦੋਸਤਾਨ ਦੀ ਸਮਾਜੀ ਚੇਤਨਾ 'ਤੇ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ। ਰਾਜਸੀ ਸੂਝ-ਬੂਝ ਘਰ ਕਰਨ ਲਗ ਪਈ ਸੀ ਤੇ ਜਨਤਕ ਹਿਲਜੁਲ ਦਾ ਆਰੰਭ ਹੋ ਚੁੱਕਾ ਸੀ। ਇਸਦਾ ਪ੍ਰਭਾਵ ਹਥਿਆਰਬੰਦ ਦਸਤਿਆਂ 'ਤੇ ਪੈਣਾ ਵੀ ਅਟੱਲ ਸੀ। ਦੂਜੇ ਪਾਸੇ 1857 ਈ. ਦੇ ਗ਼ਦਰ ਤੋਂ ਬਾਅਦ ਅਵਧ ਦੇ ਫੌਜੀਆਂ ਤੋਂ ਅੰਗਰੇਜ਼ ਸਰਕਾਰ ਦਾ ਭਰੋਸਾ ਉੱਠ ਚੁੱਕਾ ਸੀ। ਜਿਸ ਕਾਰਨ ਅੰਗਰੇਜ਼ਾਂ ਨੇ ਪੰਜਾਬੀਆਂ ਨੂੰ ਫੌਜ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹੀਂ ਦਿਨੀਂ ਫੌਜੀ ਦੀ ਤਨਖਾਹ 7 ਰੁਪਏ ਮਹੀਨਾ ਹੁੰਦੀ ਸੀ। ਇਹ ਫੈਸਲਾ ਅੰਗਰੇਜ਼ਾਂ ਨੇ ਆਪਣੇ ਪਿਛਲੇ ਤਜਰਬੇ ਦੀ ਰੌਸ਼ਨੀ ਵਿਚ ਲਿਆ ਸੀ।

ਆਪਣੀ ਤਾਕਤ ਨਾਲ ਅੰਗਰੇਜ਼ ਹਿੰਦੋਸਤਾਨ ਨੂੰ ਕਦੇ ਵੀ ਫਤਹਿ ਨਾ ਕਰ ਸਕਦੇ। ਉਨ੍ਹਾਂ ਨੇ ਬੰਗਾਲ ਆਰਮੀ ਖੜ੍ਹੀ ਕੀਤੀ ਜਿਸਦੀ ਤਾਕਤ ਨਾਲ ਦਿੱਲੀ ਤਕ ਦੇਸ਼ ਫਤਹਿ ਕਰ ਲਿਆ। ਆਗਰਾ ਅਤੇ ਅਵਧ ਤੋਂ ਭਾਰਤੀ ਕਰਕੇ ਪੰਜਾਬ ਫਤਹਿ ਕਰ ਲਿਆ। ਪੰਜਾਬੀਆਂ ਨੂੰ ਭਰਤੀ ਕਰਕੇ ਅਫ਼ਗਾਨਿਸਤਾਨ, ਈਰਾਨ, ਮਿਸਰ ਅਤੇ ਬਰਮਾ ਤੇ ਸਿੰਘਾਪੁਰ ਨੂੰ ਸਰ ਕਰਨ ਲਈ ਰਵਾਨਾ ਕਰ ਦਿੱਤਾ। ਹਾਂਗਕਾਂਗ ਦੀ ਠੇਰੀ 'ਤੇ ਕਬਜ਼ਾ ਕਰਕੇ ਚੀਨ ਵਿਚ ਦਖ਼ਲ ਅੰਦਾਜ਼ੀ ਸ਼ੁਰੂ ਕਰ ਦਿੱਤੀ। ਇਨ੍ਹਾਂ ਅਪਰੇਸ਼ਨਾਂ ਵਿਚ ਪੰਜਾਬੀ ਫੌਜੀਆਂ ਨੇ ਅੰਗਰੇਜ਼ ਦੇ ਹਿੱਤ ਵਿਚ ਲੜ ਕੇ ਜਾਨਾਂ ਦਿੱਤੀਆਂ। ਨਤੀਜੇ ਵਜੋਂ ਅਧੀਨ ਮੁਲਕਾਂ ਨੂੰ ਕਾਬੂ ਰੱਖਣ ਲਈ ਪੰਜਾਬੀ ਪੁਲਸ ਦੀ ਸਥਾਪਨਾ ਕੀਤੀ ਗਈ ਅਤੇ ਤਨਖਾਹ 7 ਰੁਪਏ ਤੋਂ ਵਧਾ ਕੇ 13 ਰੁਪਏ ਮਹੀਨਾ ਕਰ ਦਿੱਤੀ। ਪ੍ਰੰਤੂ ਇਹ ਫੇਰ ਵੀ ਏਨੀ ਨਿਗੂਣੀ ਸੀ ਕਿ ਫੌਜੀ ਦਾ ਨਾ ਚੰਗੀ ਤਰ੍ਹਾਂ ਆਪਣਾ ਸਰਦਾ, ਨਾ ਘਰ ਦੀ ਹਾਲਤ ਸੁਧਾਰਨ ਲਈ ਕੁਝ ਭੇਜ ਸਕਦਾ। ਇਸਨੇਂ ਫੌਜੀਆਂ ਅੰਦਰ ਬੇਚੈਨੀ ਦਾ ਮਾਹੌਲ ਬਣਾਇਆ ਹੋਇਆ ਸੀ। ਅੱਕੇ ਹੋਏ ਫੌਜੀ ਕਦੇ-ਕਦੇ ਅਫ਼ਸਰਾਂ ਦੇ ਵੀ ਗਲ ਪੈ ਜਾਂਦੇ ਸਨ। ਅਫ਼ਸਰਾਂ ਦੇ ਕਤਲਾਂ ਦੀਆਂ ਵੀ ਵਾਰਦਾਤਾਂ ਹੋਣ ਲੱਗ ਪਈਆਂ। ਸ਼ੰਘਾਈ ਵਿਚ ਬੁੱਢਾ ਸਿੰਘ ਜਮਾਂਦਰ ਦਾ ਆਤਮਾ ਸਿੰਘ ਹੱਥੋਂ ਕਤਲ ਵੀ ਏਸੇ ਸਿਲਸਿਲੇ ਦੀ ਇਕ ਕੜੀ ਸੀ। ਫੌਜੀਆਂ ਨੂੰ ਸਜ਼ਾਵਾਂ ਹੋਣ ਲੱਗੀਆਂ ਅਤੇ ਦੇਸ਼ ਨਿਕਾਲੇ ਦਿੱਤੇ ਜਾਣ ਲੱਗੇ। ਇਹ ਫੌਜੀ ਜਦੋਂ ਆਪਣੇ ਪਿੰਡ ਪਹੁੰਚਦੇ ਤਾਂ ਅੰਗਰੇਜ਼ ਸਰਕਾਰ ਵਿਰੁੱਧ ਗੱਲਾਂ ਕਰਦੇ ਸਨ, ਜਿਸ ਨੇ ਲੋਕਾਂ ਵਿਚ ਹੋਰ ਤਲਖ਼ੀ ਅਤੇ ਨਫ਼ਰਤ ਪੈਦਾ ਕੀਤੀ।

ਪੰਜਾਬੀ ਫੌਜੀਆਂ ਨੇ ਅੰਗਰੇਜ਼ ਸਰਕਾਰ ਦੀ ਜਿੰਨੀ ਸੇਵਾ ਕੀਤੀ ਸੀ ਉਹ ਅੰਗਰੇਜ਼ਾਂ ਲਈ ਇਕ ਬੜੀ ਨਿਹਮਤ ਸੀ। ਇਸ ਦੀ ਵਿਆਖਿਆ ਕਿਚਨਰ ਨੇ ਆਪਣੇ ਖ਼ਤਾਂ ਵਿਚ ਬੜੀ ਹੀ ਸਪੱਸ਼ਟਤਾ ਨਾਲ ਕੀਤੀ ਹੈ। ਉਸਨੇ ਲਿਖਿਆ ਹੈ :

"ਅਸੀਂ ਇਸ ਇੰਡੀਅਨ ਆਰਮੀ ਦੇ ਸਦਕਾ ਹੀ ਦੁਨੀਆਂ 'ਤੇ ਕਬਜ਼ਾ ਕਰੀ ਬੈਠੇ ਹਾਂ। ਇਨ੍ਹਾਂ ਤੋਂ ਬਿਨਾਂ ਸਲਤਨਤ ਹੱਥੋਂ ਜਾਂਦੀ ਲੱਗੇਗੀ। ਬਰਮਾ, ਚੀਨ ਅਤੇ ਮੱਧ ਏਸ਼ੀਆ ਇਸ ਫੌਜੀ ਤਾਕਤ ਨਾਲ ਹੀ ਫਤਹਿ ਕੀਤੇ ਹਨ ਅਤੇ ਹੁਣ ਅਫ਼ਰੀਕਾ ਵੱਲ ਨੂੰ ਵਧ ਰਹੇ ਹਾਂ। ਹਿੰਦੋਸਤਾਨ ਅੰਗਰੇਜ਼ੀ ਤਾਜ ਵਿਚ ਉਹ ਹੀਰਾ ਹੈ ਜੋ ਕਦੇ ਵੀ ਹੱਥੋਂ ਛੱਡਣਾ ਨਹੀਂ ਚਾਹੀਦਾ।"

ਪੰਜਾਬੀ ਫੌਜੀਆਂ ਦਾ ਇਹ ਕੰਮ ਲਾਹਨਤ ਭਰਿਆ ਸੀ। ਅਣਖ ਅਤੇ ਗੌਰਵ ਨੇ ਬਹੁਤ ਸਾਰੇ ਪੰਜਾਬੀ ਫੌਜੀਆਂ ਅਤੇ ਸਿਪਾਹੀਆਂ ਨੂੰ ਅਸਤੀਫੇ ਦੇ ਕੇ ਵਤਨ ਪਰਤਣ ਲਈ ਮਜਬੂਰ ਕਰ ਦਿੱਤਾ। ਪ੍ਰੰਤੂ ਬਦੇਸ਼ਾਂ ਵਿਚ ਰਹਿਣ ਕਾਰਣ ਉਨ੍ਹਾਂ ਨੂੰ ਖੁੱਲ੍ਹੇ ਕਾਰੋਬਾਰ ਦਾ ਗਿਆਨ ਹੋ ਗਿਆ ਸੀ। ਚੀਨੀਆਂ ਨੇ ਉਨ੍ਹਾਂ ਨੂੰ ਕਨੇਡਾ ਅਤੇ ਅਮਰੀਕਾ ਬਾਰੇ ਜਾਣਕਾਰੀ ਦਿੱਤੀ।

19ਵੀਂ ਸਦੀ ਦੇ ਅਖ਼ੀਰ ਵਿਚ ਤੇ 20ਵੀਂ ਸਦੀ ਦੇ ਆਰੰਭ ਵਿਚ ਹਜ਼ਾਰਾਂ ਪੰਜਾਬੀ ਬਦੇਸ਼ਾਂ ਨੂੰ ਜਾਣ ਲਈ ਜਹਾਜ਼ਾਂ 'ਤੇ ਚੜ੍ਹ ਗਏ। ਇਕ ਮੁਲਕ 'ਚੋਂ ਦੂਜੇ ਮੁਲਕ

ਅਤੇ ਆਖ਼ਰਕਾਰ ਕਨੇਡਾ ਪਹੁੰਚ ਗਏ। ਉਨ੍ਹਾਂ ਨੇ ਰਾਹਾਂ ਵਿਚ ਬੜੀਆਂ ਮੁਸੀਬਤਾਂ ਝੱਲੀਆਂ। ਕਿਹਾ ਜਾਂਦਾ ਹੈ ਕਿ ਪੰਜਾਬੀ ਘਰੋਂ ਨਿਕਲ ਕੇ, ਜਮਨਾ ਪਾਰ ਕਰਕੇ ਬੜਾ ਅਡਵੈਂਚਰਿਸਟ ਹੋ ਜਾਂਦਾ ਹੈ। ਉਸ ਵਿਚ ਹਰ ਮੁਸੀਬਤ ਦਾ ਸਾਹਮਣਾ ਕਰਨ ਦੀ ਸ਼ਕਤੀ ਆ ਜਾਂਦੀ ਹੈ। ਉਹ ਹਰ ਕੰਮ ਕਰ ਲੈਂਦਾ ਹੈ। ਉਹ ਤੰਗਦਸਤੀਆਂ ਨੂੰ ਖਿੜੇ ਮੱਥੇ ਝੱਲਦਾ ਹੈ ਅਤੇ ਸੁਚੱਜੀ ਜ਼ਿੰਦਗੀ ਵੀ ਬਸਰ ਕਰਨਾ ਜਾਣਦਾ ਹੈ। ਪੰਜਾਬੀ ਦੀ ਇਹ ਖ਼ੂਬੀ ਉਸਨੂੰ ਦੁਨੀਆਂ ਭਰ ਵਿਚ ਲੈ ਗਈ।

ਕਨੇਡਾ ਵਿਚ ਪੰਜਾਬੀ ਪ੍ਰਵਾਸੀ

ਕਨੇਡਾ ਵਿਚ ਪੰਜਾਬੀ ਦੀ ਆਮਦ ਦੇ ਆਰੰਭ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਪ੍ਰੰਤੂ 20ਵੀਂ ਸਦੀ ਦੇ ਆਰੰਭ ਨਾਲ ਇਨ੍ਹਾਂ ਦੀ ਗਿਣਤੀ ਬਹੁਤ ਹੀ ਤੇਜ਼ੀ ਨਾਲ ਵਧੀ। 1904 ਈ. ਦੀ ਮਰਦਮਸ਼ੁਮਾਰੀ ਅਨੁਸਾਰ ਬ੍ਰਿਟਿਸ਼ ਕੋਲੰਬੀਆ 'ਚ ਪੰਜਾਬੀਆਂ ਦੀ ਗਿਣਤੀ 258 ਸੀ। 1908 ਈ. ਵਿਚ ਵਧ ਕੇ ਇਹ ਗਿਣਤੀ 5000 ਹੋ ਗਈ ਸੀ। ਪਹਿਲੇ-ਪਹਿਲ ਇਨ੍ਹਾਂ ਦਾ ਟਿਕਾਣਾ ਵੈਨਕੂਵਰ, ਵਿਕਟੋਰੀਆ ਸ਼ਹਿਰਾਂ ਦੇ ਇਰਦ-ਗਿਰਦ ਹੀ ਸੀ।

ਲੱਕੜ ਮਿੱਲਾਂ ਵੱਲੋਂ ਕਟਵਾਏ ਦਰਖਤਾਂ ਦੇ ਮੁੱਢ ਪੁੱਟ ਕੇ ਇਨ੍ਹਾਂ ਪੰਜਾਬੀਆਂ ਨੇ ਟਾਲ ਬਣਾ ਲਏ ਅਤੇ ਪਹਿਲੇ-ਪਹਿਲ ਘਰਾਂ ਵਿਚ ਬਾਲਣ ਸਪਲਾਈ ਕਰਨ ਦਾ ਕੰਮ ਕਰਦੇ ਰਹੇ। ਬਾਅਦ ਨੂੰ ਲੱਕੜ ਮਿੱਲਾਂ ਵਿਚ ਵੀ ਕੰਮ ਕਰਨ ਲੱਗ ਪਏ। ਹਾਲਾਤ ਸੁਧਰਨ ਦੇ ਨਾਲ-ਨਾਲ ਪੰਜਾਬੀਆਂ ਨੇ ਆਪਣੇ ਘਰ ਬਣਾਉਣੇ ਸ਼ੁਰੂ ਕਰ ਦਿੱਤੇ। ਪ੍ਰਾਪਰਟੀ ਡੀਲਰ ਵੀ ਬਣ ਗਏ ਅਤੇ ਕਨੇਡਾ ਦੇ ਪੱਕੇ ਵਸਨੀਕ ਹੋ ਗਏ।

ਬਾਬਾ ਜੁਆਲਾ ਸਿੰਘ ਨੇ ਲਿਖਿਆ ਹੈ : "1907 ਈ. ਵਿਚ ਕੇਨੇਡਾ ਦੀਆਂ ਹੁਕਮਰਾਨ ਜਮਾਤਾਂ ਨੂੰ ਇਨ੍ਹਾਂ ਦੀ ਹੋਂਦ ਚੁਭਣ ਲੱਗ ਪਈ। ਇਨ੍ਹਾਂ ਨੇ ਕਾਲੇ ਅਤੇ ਪੀਲੇ ਰੰਗ ਦੇ ਲੋਕਾਂ ਵੱਲੋਂ ਕਨੇਡਾ ਨੂੰ ਸਰ ਕਰਨ ਦਾ ਝੂਠਾ ਵਾਵੇਲਾ ਸ਼ੁਰੂ ਕਰ ਦਿੱਤਾ। ਹਿੰਦੋਸਤਾਨੀਆਂ, ਚੀਨੀਆਂ ਤੇ ਜਪਾਨੀਆਂ ਦੇ ਖਿਲਾਫ਼ ਐਜੀਟੇਸ਼ਨ ਸ਼ੁਰੂ ਕਰ ਦਿੱਤੀ। 'ਕਨੇਡਾ ਗੋਰੇ ਲੋਕਾਂ ਲਈ ਮਹਿਫੂਜ਼ ਰੱਖਿਆ ਜਾਏ' ਦੇ ਨਾਅਰੇ ਬੁਲੰਦ ਹੋਣ ਲਗੇ। ਨਫ਼ਰਤ-ਭਰਿਆ ਪ੍ਰਚਾਰ ਸ਼ੁਰੂ ਹੋ ਗਿਆ। ਹਕੂਮਤੀ ਕਨਜ਼ਰਵੇਟਿਵ ਟੋਲਾ ਇਨ੍ਹਾਂ ਨੂੰ ਕੱਢਣ ਦੀਆਂ ਗੱਲਾਂ ਕਰਦਾ ਤੇ ਇਹ ਪੱਕੀ ਤਰ੍ਹਾਂ ਏਥੇ ਟਿਕਣ ਲਈ ਸੋਚਦੇ।....... ਵੈਨਕੂਵਰ ਅਤੇ ਵਿਕਟੋਰੀਆ ਵਿਚ ਗੁਰਦੁਆਰੇ ਬਣਾ ਲਏ। ਖ਼ਾਲਸਾ ਦੀਵਾਨ ਸੁਸਾਇਟੀ ਬਣਾ ਲਈ ਅਤੇ ਹਿੰਦੋਸਤਾਨ ਐਸੋਸੀਏਸ਼ਨ, ਕਨੇਡਾ, ਕਾਇਮ ਕਰ ਲਈ।"

ਕਨੇਡਾ ਵਿਚ ਵਸਦੇ ਭਾਰਤੀਆਂ ਨੂੰ ਅਜੇ ਤਕ ਵਹਿਮ ਸੀ ਕਿ ਉਹ ਅੰਗਰੇਜ਼ੀ ਬਾਸ਼ਿੰਦੇ ਹੋ ਗਏ ਹਨ, ਕਿਉਂਕਿ ਮਲਕਾ ਵਿਕਟੋਰੀਆ ਨੇ ਐਲਾਨ ਕੀਤਾ ਸੀ, "ਮੈਂ ਸਾਰੇ ਬਾਸ਼ਿੰਦਿਆਂ ਨੂੰ ਇਕ ਨਿਗਾਹ ਨਾਲ ਦੇਖਾਂਗੀ ਜਿਨ੍ਹਾਂ ਵਿਚ ਹਿੰਦੋਸਤਾਨੀ ਵੀ ਸ਼ਾਮਲ ਹਨ।" ਬਾਬਾ ਜੁਆਲਾ ਸਿੰਘ ਅੱਗੇ ਲਿਖਦੇ ਹਨ : ਫੇਰ ਇਹ ਜੁਦੈਗੀ ਕਿਉਂ?.....

ਕਨੇਡਾ ਦੀ ਪਾਰਲੀਮੈਂਟ ਦਾ ਕਨਜ਼ਰਵੇਟਿਵ ਮੈਂਬਰ ਸਟੇਵਨ ਐਲਾਨੀਆ ਕਹਿ ਰਿਹਾ ਸੀ ਕਨੇਡਾ ਐਂਗਲੋ ਸੈਕਸ਼ਨ ਵਾਸਤੇ ਮਖ਼ਸੂਸ ਹੈ। ਡਾਕਟਰ ਸੁੰਦਰ ਸਿੰਘ ਤੇ ਪ੍ਰੋਫੈਸਰ ਤੇਜਾ ਸਿੰਘ ਵਰਗੇ ਵੇਲੇ ਦੇ ਵਿਦਵਾਨਾਂ ਨੇ ਅਰਜ਼ੀਆਂ, ਪਰਚੇ, ਪਟੀਸ਼ਨਾਂ 'ਤੇ ਜ਼ੋਰ ਪਾਇਆ। ਨਤੀਜਾ ਕੋਈ ਨਾ ਨਿਕਲਿਆ..... ਪੰਜਾਬੀ ਪ੍ਰਵਾਸੀਆਂ ਦੇ ਖਿਲਾਫ਼ ਨਫ਼ਰਤ ਦਾ ਪ੍ਰਚਾਰ ਸਗੋਂ ਹੋਰ ਵੀ ਵਧਦਾ ਗਿਆ। ਇਸ ਨਾਲ ਪੰਜਾਬੀਆਂ ਦਾ ਰੋਹ ਹੋਰ ਵੀ ਵਧਦਾ ਗਿਆ।

ਇਸ ਰੋਹ ਦਾ ਪ੍ਰਗਟਾਵਾ 'ਗ਼ਦਰ ਦੀ ਗੂੰਜ' ਵਿਚ ਇਸ ਪ੍ਰਕਾਰ ਆਉਂਦਾ ਹੈ:

ਕਰੋ ਨਾ ਮਿਨਤ ਐਵੇਂ ਬਣੋ ਕਾਇਰ ਨਾ
ਫੜੋ ਤਲਵਾਰ ਇਨ੍ਹਾਂ ਨਹੀਂ ਠਹਿਰਨਾ।
ਅਗੇ ਵੀਰੋ ਅਰਜ਼ੀਆਂ ਨੇ ਕੀ ਬਣਾ ਲਿਆ
ਜ਼ਾਲਮ ਫਰੰਗੀਆਂ ਨੇ ਦੇਸ ਖਾ ਲਿਆ।

ਪੰਜਾਬੀ ਪ੍ਰਵਾਸੀਆਂ ਨੂੰ ਇਹ ਅਹਿਸਾਸ ਉਨ੍ਹਾਂ ਦੇ ਤਜਰਬੇ ਨੇ ਕਰਾਇਆ ਕਿ ਉਨ੍ਹਾਂ ਦੇ ਸਾਰੇ ਦੁੱਖਾਂ ਦਾ ਕਾਰਣ ਉਨ੍ਹਾਂ ਦੇ ਦੇਸ ਦੀ ਗ਼ੁਲਾਮੀ ਹੈ। ਉਹ ਅਰਜ਼ੀਆਂ ਤੋਂ ਇਨਕਲਾਬ ਵੱਲ ਵਧੇ।

ਸਿਆਟਲ ਦਾ ਇਨਕਲਾਬੀ ਕੇਂਦਰ

ਸਿਆਟਲ ਅਮਰੀਕਾ ਦਾ ਇਕ ਸ਼ਹਿਰ ਹੈ ਅਤੇ ਕਨੇਡਾ ਦਾ ਬ੍ਰਿਟਿਸ਼ ਕੋਲੰਬੀਆ ਦੀ ਸਰਹੱਦ 'ਤੇ ਵਸਦਾ ਹੈ। ਅਮਰੀਕਾ ਨਾਲੋਂ ਕਨੇਡਾ ਨਾਲ ਇਸ ਦੇ ਸੰਬੰਧ ਸੁਖਾਲੇ ਹਨ। ਇਕ ਪਾਸੇ ਤੋਂ ਦੂਜੇ ਦੀ ਆਵਾਜਾਈ ਇਸ ਸ਼ਹਿਰ ਰਾਹੀਂ ਹੀ ਹੁੰਦੀ ਹੈ। ਸਿਆਟਲ ਤੋਂ ਤਾਰਕ ਨਾਥ ਦਾਸ ਅਤੇ ਉਸ ਦੇ ਚੰਦ-ਇਕ ਸਾਥੀਆਂ ਨੇ ਫਰੀ ਹਿੰਦੋਸਤਾਨ (Free Hindustan) ਨਾਂ ਦਾ ਇਕ ਇਨਕਲਾਬੀ ਪਰਚਾ ਕੱਢਿਆ ਸੀ। ਕਦੇ ਕਦਾਈਂ ਉਹ ਹਿੰਦੀ, ਪੰਜਾਬੀ, ਉਰਦੂ ਅਤੇ ਮਰਾਠੀ ਵਿਚ ਵੀ ਇਨਕਲਾਬੀ ਸਰਕੂਲਰ ਕੱਢਿਆ ਕਰਦੇ ਸਨ। ਇਹ ਸਰਕੂਲਰ ਕਨੇਡਾ 'ਚ ਵਸਦੇ ਪੰਜਾਬੀਆਂ ਵਿਚ ਵੀ ਤਕਸੀਮ ਕੀਤੇ ਜਾਂਦੇ ਸਨ ਅਤੇ ਹਿੰਦੋਸਤਾਨ ਵੀ ਭੇਜੇ ਜਾਂਦੇ ਸਨ। ਇਨ੍ਹਾਂ ਸਰਕੂਲਰਾਂ ਨੇ ਕਨੇਡਾ ਵਿਚਲੀ ਲਹਿਰ ਨੂੰ ਸਹੀ ਇਨਕਲਾਬੀ ਸੇਧ ਦੇਣ ਲਈ ਪ੍ਰੇਰਿਆ। ਤਾਰਕ ਨਾਥ ਦਾਸ ਨੇ ਆਪਣੀ ਰਿਹਾਇਸ਼ ਦਾ ਨਾਂ 'ਯੁਗਾਂਤਰ ਆਸ਼ਰਮ' ਰੱਖ ਲਿਆ ਸੀ। ਸਰਕਾਰੀ ਆਰਕਾਈਵਜ਼ ਤੋਂ ਪਤਾ ਲੱਗਦਾ ਹੈ ਕਿ ਸਿਆਟਲ ਵਿਚ 1906 ਈ. ਵਿਚ ਹੀ ਹਿੰਦੋਸਤਾਨ ਐਸੋਸੀਏਸ਼ਨ ਬਣ ਗਈ ਸੀ ਅਤੇ ਉਸ ਦੇ ਮੈਂਬਰ ਅਮਰੀਕਾ ਅਤੇ ਕਨੇਡਾ ਦੋਹਾਂ ਦੇਸਾਂ ਵਿਚ ਹੀ ਸਨ। ਭਾਰਤ ਵਿਚ ਇਸ ਅਖ਼ਬਾਰ ਦੀ ਕਾਰਗੁਜ਼ਾਰੀ ਦਾ ਬੜਾ ਜ਼ਿਕਰ ਹੈ। ਇਸ ਅਖ਼ਬਾਰ ਵਿਚ ਛਪੀ ਹਿੰਦੋਸਤਾਨੀ ਫੌਜੀਆਂ ਦੇ ਨਾਂ ਇਕ ਅਪੀਲ ਗੁਜਰਾਂਵਾਲੇ ਤੋਂ ਛਪਦੀ ਇਕ ਅਖ਼ਬਾਰ 'ਇੰਡੀਆ' ਨੇ ਮੁੜ ਛਾਪ ਦਿੱਤੀ। ਸਰਕਾਰ ਨੇ ਇਸ ਅਖ਼ਬਾਰ ਦੇ ਜ਼ਿੰਮੇਦਾਰਾਂ ਵਿਰੁੱਧ ਮੁਕੱਦਮਾ ਚਲਾ ਕੇ 30 ਜੁਲਾਈ 1907 ਨੂੰ ਹੇਠ

ਲਿਖੀਆਂ ਸਜ਼ਾਵਾਂ ਸੁਣਾਈਆਂ : ਪਿੰਡੀ ਦਾਸ ਅਤੇ ਦੀਨਾ ਨਾਥ ਨੂੰ ਪੰਜ-ਪੰਜ ਸਾਲ ਦੀ ਸਖ਼ਤ ਸਜ਼ਾ ਅਤੇ ਸੂਫੀ ਅੰਬਾ ਪ੍ਰਸਾਦ ਨੂੰ ਮਫ਼ਰੂਰ ਕਰਾਰ ਦੇ ਦਿੱਤਾ। ਇਨ੍ਹਾਂ ਤੋਂ ਬਿਨਾਂ ਅੰਜੁਮਨ-ਫਦਾਏ-ਵਤਨ ਤੇ ਭਾਰਤ ਮਾਤਾ ਸੁਸਾਇਟੀ 'ਤੇ ਮੁਕੱਦਮਾ ਚਲਾ ਕੇ ਲਾਲ ਚੰਦ ਫਲਕ, ਸਵਰਨ ਸਿੰਘ, ਕਰਤਾਰ ਸਿੰਘ, ਬਹਾਲੀ ਰਾਮ, ਰਾਮ ਸਿੰਘ, ਘਸੀਟਾ ਰਾਮ ਅਤੇ ਗਵਰਧਨ ਦਾਸ ਨੂੰ ਅਠਾਰਾਂ-ਅਠਾਰਾਂ ਮਹੀਨੇ ਦੀ ਸਖ਼ਤ ਸਜ਼ਾ ਸੁਣਾਈ। ਕਿਸ਼ਨ ਸਿੰਘ ਅਤੇ ਅਨੰਦ ਕਿਸ਼ੋਰ ਮਫ਼ਰੂਰ ਕਰਾਰ ਦਿੱਤੇ ਗਏ। ਇਹ ਸੁਸਾਇਟੀ ਸਰਦਾਰ ਅਜੀਤ ਸਿੰਘ ਨੇ ਕਾਇਮ ਕੀਤੀ ਸੀ। ਸਰਦਾਰ ਅਜੀਤ ਸਿੰਘ ਅਤੇ ਸਵਰਨ ਸਿੰਘ ਸਕੇ ਭਰਾ ਸਨ ਅਤੇ ਸ਼ਹੀਦ ਭਗਤ ਸਿੰਘ ਦੇ ਸਕੇ ਚਾਚੇ ਸਨ। ਸਰਦਾਰ ਕਿਸ਼ਨ ਸਿੰਘ ਉਨ੍ਹਾਂ ਦੇ ਪਿਤਾ ਸਨ।

ਸਿਆਟਲ ਤੋਂ ਨਿਕਲਦੇ 'ਫਰੀ ਹਿੰਦੋਸਤਾਨ' ਨੂੰ ਅਤੇ ਸਮੇਂ-ਸਮੇਂ ਛਪਦੇ ਸਰਕੂਲਰਾਂ ਨੂੰ ਬੰਦ ਕਰਾਉਣ ਲਈ ਅੰਗਰੇਜ਼ੀ ਸਰਕਾਰ ਨੇ ਅਮਰੀਕਾ ਦੀ ਸਰਕਾਰ ਉਤੇ ਦਬਾਅ ਪਾਇਆ। ਪ੍ਰੰਤੂ ਅਮਰੀਕਾ ਦੇ ਕਾਨੂੰਨਦਾਨਾਂ ਨੇ ਕੋਈ ਵੀ ਐਕਸ਼ਨ ਨਾ ਲੈਣ ਦੀ ਸਲਾਹ ਦਿੱਤੀ। ਇਹ ਅਖ਼ਬਾਰ ਇੰਗਲੈਂਡ ਵਿਚ ਵੀ ਪਹੁੰਚਦਾ ਰਿਹਾ। ਇੰਗਲੈਂਡ ਵਿਚ ਪੜ੍ਹਦੇ ਹਿੰਦੋਸਤਾਨੀ ਵਿਦਿਆਰਥੀ ਵੀ ਇਸ ਨੂੰ ਪੜ੍ਹਦੇ ਰਹੇ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸਾਵਰਕਰ, ਹਰਨਾਮ ਸਿੰਘ ਤੇ ਹਮੀਦ ਖ਼ਾਨ ਨੇ ਲਿਨਕੋਲਿਨ ਬਾਰ ਵਿਚ 'ਹਿੰਦੋਸਤਾਨ ਐਸੋਸੀਏਸ਼ਨ' ਨਾਂ ਦੀ ਜਥੇਬੰਦੀ ਕਾਇਮ ਕਰ ਲਈ। ਸਿਆਟਲ ਦੇ ਇਸ ਇਨਕਲਾਬੀ ਕੇਂਦਰ ਦੇ ਲੰਡਨ ਅਤੇ ਪੈਰਿਸ ਵਿਚਲੇ ਇਨਕਲਾਬੀ ਕੇਂਦਰਾਂ ਦੇ ਸ਼ਿਆਮ ਜੀ ਕ੍ਰਿਸ਼ਨ ਵਰਮਾ ਅਤੇ ਮੈਡਮ ਕਾਮਾ ਨਾਲ ਨਜ਼ਦੀਕੀ ਸਬੰਧ ਸਨ। ਕਨੇਡਾ ਵਿਚ ਬਾਬੂ ਹਰਨਾਮ ਸਿੰਘ ਸਾਹਰੀ ਇਸ ਦੇ ਸਰਗਰਮ ਮੈਂਬਰ ਸਨ। ਬਾਬੂ ਹਰਨਾਮ ਸਿੰਘ, [illegible] ਨਾਥ ਦਾਸ ਦੇ ਕਹਿਣ 'ਤੇ ਸਿਆਟਲ ਦੀ ਮਿਲਟਰੀ ਅਕਾਦਮੀ ਵਿਚ ਪੜ੍ਹਦੇ ਵੀ ਰਹੇ। ਜਦੋਂ ਕਾਮਾਗਾਟਾ ਮਾਰੂ ਜਹਾਜ਼ ਵੈਨਕੂਵਰ ਪਹੁੰਚਾ ਤਾਂ ਬਾਬੂ ਹਰਨਾਮ ਸਿੰਘ, ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਇਸ ਕੇਂਦਰ ਤੋਂ ਰੀਵਾਲਵਰ ਲੈ ਕੇ ਜਾ ਰਹੇ ਸਨ ਜਦੋਂ ਗ੍ਰਿਫਤਾਰ ਕਰ ਲਏ ਗਏ।

ਅੰਗਰੇਜ਼ ਸਰਕਾਰ ਲਾਇਲਪੁਰ ਵਿਚ 1907 ਈ. ਨੂੰ ਸ਼ੁਰੂ ਹੋਈ 'ਪਗੜੀ ਸੰਭਾਲ ਜੱਟਾ' ਲਹਿਰ ਨੂੰ ਵੀ ਏਸੇ ਇਨਕਲਾਬੀ ਕੇਂਦਰ ਨਾਲ ਜੋੜਦੀ ਹੈ। ਤਾਂ ਵੀ, ਸੰਬੰਧ ਜੇਕਰ ਸਿੱਧਾ ਨਹੀਂ ਤਾਂ ਇਸ ਲਹਿਰ ਉੱਤੇ ਸਿਆਟਲ ਕੇਂਦਰ ਦੇ ਪ੍ਰਚਾਰ ਦਾ ਅਸਰ ਜ਼ਰੂਰ ਸੀ। ਮਾਸਟਰ ਚਤਰ ਸਿੰਘ ਸਾਂਗਲਾ ਹਿੱਲ ਵੱਲੋਂ ਅਦਾਲਤ ਵਿਚ ਦਿੱਤੇ ਬਿਆਨਾਂ ਤੋਂ ਪਤਾ ਲਗਦਾ ਹੈ ਕਿ 'ਫਰੀ ਹਿੰਦੋਸਤਾਨ' ਹਰਚੰਦ ਸਿੰਘ ਲਾਇਲਪੁਰੀ ਕੋਲ ਪਹੁੰਚਦਾ ਸੀ। ਆਪਣੀ ਹਿੰਦੋਸਤਾਨ ਫੇਰੀ ਸਮੇਂ ਬਲਵੰਤ ਸਿੰਘ ਨੇ ਲਾਇਲਪੁਰ ਵਿਚ ਹਰਚੰਦ ਸਿੰਘ ਨਾਲ ਗੂੜ੍ਹੇ ਰਾਜਸੀ ਸੰਬੰਧ ਕਾਇਮ ਕਰ ਲਏ ਸਨ। ਹਰਚੰਦ ਸਿੰਘ ਨੂੰ ਖ਼ਤ ਪੱਤਰ ਤੋਂ ਸਿਵਾ ਕਨੇਡਾ ਵਿਚ ਛਪਦੇ ਲਿਟਰੇਚਰ ਵੀ ਪਹੁੰਚਦਾ ਸੀ। ਭਾਈ ਬਲਵੰਤ ਸਿੰਘ ਨੇ ਹਰਚੰਦ ਸਿੰਘ ਲਾਇਲਪੁਰੀ ਨੂੰ ਇਕ ਖ਼ਤ ਵਿਚ ਲਿਖਿਆ ਕਿ ਅੰਗਰੇਜ਼ੀ ਹਕੂਮਤ ਦੀ

ਮੁਖ਼ਾਲਫ਼ਤ ਕਰੋ। ਲੋਕਾਂ ਤੋਂ ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਭਾਵ ਖਤਮ ਕਰਨ ਲਈ ਅੱਗੇ ਵਧੋ ਅਤੇ ਇਸ ਕਾਰਜ ਲਈ ਲਾਹੌਰ ਤੋਂ ਆਪਣਾ ਅਖ਼ਬਾਰ ਕੱਢੋ। (ਖਾਲਸਾ ਕਾਲਜ ਕਤਲ ਕੇਸ)।

ਗ਼ਦਰ ਪਾਰਟੀ ਦੀ ਕਾਇਮੀ ਤੋਂ ਪਹਿਲਾਂ ਹੀ ਅਮਰੀਕਾ-ਕਨੇਡਾ ਦੇ ਇਸ ਸਿਆਟਲ ਕੇਂਦਰ ਦੀ ਹਿੰਦੋਸਤਾਨ ਦੀ ਅਜ਼ਾਦੀ ਦੀ ਮੰਗ ਵਿਚ ਕਾਫੀ ਦੇਣ ਸੀ। ਸਾਨਫਰਾਂਸਿਸਕੋ ਸਾਜ਼ਿਸ਼ ਕੇਸ ਵਿਚ 22 ਮਹੀਨੇ ਕੈਦ ਕੱਟਣ ਤੋਂ ਬਾਅਦ ਵੀ ਤਾਰਕ ਨਾਥ ਦਾਸ ਗ਼ਦਰ ਪਾਰਟੀ ਵਿਚ ਹੀ ਰਹੇ, ਜਦੋਂ ਕਿ ਉਨ੍ਹਾਂ ਦੇ ਸਾਥੀ ਹਰਨਾਮ ਸਿੰਘ ਮਾਂਡਲੇ ਨੂੰ ਫਾਂਸੀ ਲਾ ਦਿੱਤੀ ਗਈ ਸੀ। 3 ਅਕਤੂਬਰ, 1908 ਵਿਚ ਹੀ ਅੰਗਰੇਜ਼ੀ ਸਰਕਾਰ ਨੇ 'ਫਰੀ ਹਿੰਦੋਸਤਾਨ' ਦਾ ਹਿੰਦੋਸਤਾਨ ਵਿਚ ਦਾਖਲਾ ਬੰਦ ਕਰ ਦਿੱਤਾ ਸੀ। (File No. 1908 Political-A-No. 18 (INA) No. 9695. Free Hindustan)

ਵੀ.ਡੀ. ਕੁਮਾਰ, ਹਸਨ ਰਹੀਮ, ਪੰਡਤ ਸੋਹਣ ਲਾਲ, ਭਾਈ ਭਾਗ ਸਿੰਘ ਅਤੇ ਬਲਵੰਤ ਸਿੰਘ 1910 ਵਿਚ ਕਨੇਡਾ ਵਿਚਲੀ ਯੁਨਾਈਟਡ ਇੰਡੀਆ ਲੀਗ ਦੇ ਸਰਗਰਮ ਮੈਂਬਰ ਸਨ। ਹਿੰਦ ਦੀ ਅਜ਼ਾਦੀ ਦੀ ਲਹਿਰ ਵਿਚ ਇਸ ਦਾ ਆਪਣਾ ਥਾਂ ਹੈ ਅਤੇ ਖ਼ਾਲਸਾ ਦੀਵਾਨ ਸੁਸਾਇਟੀ ਦਾ ਆਪਣਾ ਰੋਲ ਹੈ। ਇਨ੍ਹਾਂ ਸਭ ਦੇ ਕੇਂਦਰੀ ਦਫ਼ਤਰ ਵੈਨਕੂਵਰ ਦੇ ਗੁਰਦੁਆਰੇ ਵਿਚ ਹੀ ਸਨ ਅਤੇ ਇਹ ਇਕੱਠੇ ਕੰਮ ਕਰਦੇ ਸਨ। ਭਾਈ ਪਿਆਰਾ ਸਿੰਘ ਲੰਗੇਰੀ ਵਰਗੇ ਕਨੇਡੀਅਨ ਪੰਜਾਬੀਆਂ ਨੇ ਵੀ 'ਆਰੀਆ' ਅਤੇ 'ਸੰਸਾਰ' ਆਦਿ ਨਾਂ ਦੇ ਪਰਚੇ ਕੱਢੇ, ਪਰ ਇਨ੍ਹਾਂ ਦੀ ਅਵਾਜ਼ ਮੱਧਮ ਸੀ, ਵੈਸੇਂ ਵੀ ਲੋਕ ਅਰਜ਼ੀਆਂ, ਪਰਚਿਆਂ ਤੋਂ ਅੱਕ ਗਏ ਸਨ ਅਤੇ ਸਹੀ ਇਲਾਜ ਦੀ ਮੰਗ ਕਰਨ ਲੱਗ ਪਏ ਸਨ ਜੋ ਕਨੇਡਾ ਵਿਚ ਨਹੀਂ ਸੀ ਹੋ ਸਕਦਾ।

ਕਨੇਡਾ ਵਿਚ ਬੰਦਸ਼ਾਂ ਤੇ ਦੇਸ ਨਿਕਾਲੇ ਦਾ ਖ਼ਤਰਾ

1910 ਈ. ਵਿਚ ਕਨੇਡਾ ਦੀ ਪ੍ਰੀਵੀ ਕੌਂਸਲ ਨੇ ਇਕ ਕਾਨੂੰਨ ਪਾਸ ਕਰਕੇ ਕੁਝ ਇਕ ਸ਼ਰਤਾਂ ਠੋਸ ਦਿੱਤੀਆਂ ਜਿਨ੍ਹਾਂ ਵਿਚ ਕੁਝ-ਇਕ ਇਸ ਤਰ੍ਹਾਂ ਸਨ: ਕਨੇਡਾ ਦੇ ਸਾਹਿਲ 'ਤੇ ਉਤਰਨ ਵਾਲੇ ਹਰ ਪ੍ਰਵਾਸੀ ਕੋਲ ਦੋ ਸੌ ਡਾਲਰ ਨਕਦ ਹੋਣੇ ਚਾਹੀਦੇ ਹਨ, ਕਨੇਡਾ ਉਪੜਨ ਵਾਲਾ ਹਰ ਪ੍ਰਵਾਸੀ ਆਪਣੇ ਮੁਲਕ ਤੋਂ ਸਿੱਧਾ ਜਹਾਜ਼ ਲੈ ਕੇ ਆਵੇ, ਯਾਨੀ ਉਸ ਦਾ ਸਫਰ ਟੁੱਟਵਾਂ ਨਹੀਂ ਹੋਣਾ ਚਾਹੀਦਾ, ਵਗੈਰਾ ਵਗੈਰਾ.....

ਉਨ੍ਹਾਂ ਦਿਨਾਂ ਵਿਚ ਹਿੰਦੋਸਤਾਨ ਤੋਂ ਕਨੇਡਾ ਵਿਚ ਕੋਈ ਸਿੱਧਾ ਜਹਾਜ਼ ਨਹੀਂ ਸੀ। ਹਿੰਦੋਸਤਾਨੀਆਂ ਨੂੰ ਕਨੇਡਾ ਪਹੁੰਚਣ ਲਈ ਤਾਂ ਹਾਂਗਕਾਂਗ ਵਿਚ ਅਤੇ ਜਾਪਾਨ ਵਿਚ ਜਹਾਜ਼ ਬਦਲਣਾ ਪੈਂਦਾ ਸੀ।

ਪ੍ਰੀਵੀ ਕੌਂਸਲ ਦੇ ਇਸ ਫੈਸਲੇ ਦਾ ਸਿੱਧਾ ਅਰਥ ਹਿੰਦੋਸਤਾਨੀਆਂ ਨੂੰ ਕਨੇਡਾ ਆਉਣ ਤੋਂ ਰੋਕਣਾ ਸੀ। ਜਿਸ ਵਾਸਤੇ ਟੇਢਾ ਢੰਗ ਅਪਣਾਇਆ ਗਿਆ।

ਹਿੰਦੋਸਤਾਨੀਆਂ ਵਿਰੋਧੀ ਮੁਹਿੰਮ ਦਾ ਇਹ ਹੀ ਅੰਤ ਨਹੀਂ ਸੀ। ਕਨੇਡਾ ਵਿਚ

ਪਹੁੰਚ ਚੁੱਕੇ ਹਿੰਦੋਸਤਾਨੀਆਂ ਨੂੰ ਵੀ ਕੱਢਣ ਲਈ ਇਕ ਸੋਚੀ ਸਮਝੀ ਸਾਜ਼ਿਸ਼ ਘੜੀ ਗਈ। ਇਹ ਤਜਵੀਜ਼ ਤਿਆਰ ਕੀਤੀ ਗਈ ਕਿ ਕਨੇਡਾ ਵਿਚ ਵਸਦੇ ਹਿੰਦੋਸਤਾਨੀਆਂ ਨੂੰ ਹੰਡੂਰਸ ਵਿਚ ਭੇਜ ਦਿੱਤਾ ਜਾਵੇ। ਕਨੇਡੀਅਨ ਸਰਕਾਰ ਨੇ ਉਨ੍ਹਾਂ ਦਾ ਸਫ਼ਰ ਖਰਚ ਵੀ ਆਪਣੇ ਕੋਲੋਂ ਦੇਣ ਦਾ ਐਲਾਨ ਕਰ ਦਿੱਤਾ। ਕਨੇਡਾ ਦੀ ਸਰਕਾਰ ਵੱਲੋਂ ਦਿਖਾਏ ਗਏ ਸਬਜ਼ਬਾਗਾਂ ਦੇ ਝਾਂਸੇ ਵਿਚ ਆ ਕੇ ਹਿੰਦੋਸਤਾਨੀ ਪ੍ਰਵਾਸੀਆਂ ਨੇ ਹੰਡੂਰਸ ਜਾ ਕੇ ਜਾਇਜ਼ਾ ਲੈਣ ਦੀ ਤਜਵੀਜ਼ ਨੂੰ ਮਨਜ਼ੂਰ ਕਰ ਲਿਆ। ਇਸ ਡੈਲੀਗੇਸ਼ਨ ਵਿਚ ਨਾਹਰ ਸਿੰਘ ਅਤੇ ਸ਼ਾਮ ਸਿੰਘ ਸਨ। ਇਹ ਡੈਲੀਗੇਸ਼ਨ 25 ਅਕਤੂਬਰ, 1908 ਈ. ਨੂੰ ਹੰਡੂਰਸ ਗਿਆ ਅਤੇ 7 ਨਵੰਬਰ, 1908 ਈ. ਨੂੰ ਵਾਪਸ ਕਨੇਡਾ ਆਇਆ ਸੀ।

ਉਨ੍ਹੀਂ ਦਿਨੀਂ ਹੰਡੂਰਸ ਪੀਲੇ ਤਾਪ ਅਤੇ ਮਲੇਰੀਏ ਦਾ ਘਰ ਸੀ। ਇਸ ਨੂੰ ਅਬਾਦ ਕਰਨ ਲਈ ਲਿਆਂਦੇ ਬੰਧੂਆ ਹਿੰਦੁਸਤਾਨੀ ਮਜ਼ਦੂਰਾਂ ਦੀ ਭਾਰੀ ਗਿਣਤੀ ਇਨ੍ਹਾਂ ਬਿਮਾਰੀਆਂ ਨਾਲ ਮਰ ਚੁੱਕੀ ਸੀ। ਜਿਹੜੇ ਬਚੇ ਹੋਏ ਸਨ ਉਨ੍ਹਾਂ ਦੀ ਹਾਲਤ ਤਰਸਯੋਗ ਸੀ।

ਸਰਕਾਰੀ ਪ੍ਰਤੀਨਿਧਾਂ ਨਾਲ ਗਏ ਇਸ ਡੈਲੀਗੇਸ਼ਨ ਨੇ ਪੰਜਾਬੀ ਮੈਂਬਰਾਂ ਨੂੰ ਸਰਕਾਰ ਨੇ ਭਾਰੀ ਰਕਮ ਰਿਸ਼ਵਤ ਦੇ ਰੂਪ ਵਿਚ ਦੇਣ ਦੀ ਵੀ ਪੇਸ਼ਕਸ਼ ਕੀਤੀ ਕਿ ਉਹ ਹੰਡੂਰਸ ਬਾਰੇ ਅਜਿਹੀ ਤਸਵੀਰ ਪੇਸ਼ ਕਰਨ ਜੋ ਪੰਜਾਬੀਆਂ ਨੂੰ ਉਥੇ ਜਾਣ ਲਈ ਪਰੇਰੇ। ਪਰ ਡੈਲੀਗੇਸ਼ਨ ਦੇ ਉਨ੍ਹਾਂ ਮੈਂਬਰਾਂ ਨੇ ਵਾਪਸ ਆ ਕੇ ਪੰਜਾਬੀਆਂ ਦੇ ਇਕੱਠ ਵਿੱਚ ਭਾਂਡਾ ਭੰਨ ਸੁੱਟਿਆ ਅਤੇ ਹੰਡੂਰਸ ਦੀ ਸਾਰੀ ਤਸਵੀਰ ਲੋਕਾਂ ਸਾਹਮਣੇ ਪੇਸ਼ ਕਰ ਦਿੱਤੀ। ਇਸ ਸਾਰੇ ਇਕੱਠ ਨੇ ਹੰਡੂਰਸ ਜਾਣ ਤੋਂ ਮੁਤਫ਼ਿਕਾ ਤੌਰ 'ਤੇ ਨਾਂਹ ਕਰ ਦਿੱਤੀ।

ਪਰ ਕਨੇਡੀਅਨ ਸਰਕਾਰ ਪੰਜਾਬੀਆਂ ਨੂੰ ਹਰ ਹਾਲਤ ਵਿਚ ਕੱਢਣ 'ਤੇ ਬਜ਼ਿੱਦ ਸੀ। ਉਸ ਹਕੂਮਤ ਨੂੰ ਇਕ ਹੋਰ ਸ਼ਰਾਰਤ ਸੁੱਝੀ। ਉਨ੍ਹਾਂ ਅੱਜ-ਪੱਜ ਲਾ ਕੇ ਸਾਰੇ ਹਿੰਦੁਸਤਾਨੀਆਂ ਨੂੰ ਵੈਨਕੂਵਰ ਵਿਚ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦਾ ਇਰਾਦਾ ਇਹ ਸੀ ਕਿ ਇਕੱਠੇ ਹੋਏ ਹਿੰਦੁਸਤਾਨੀਆਂ ਨੂੰ ਪੁਲਸ ਫੋਰਸ ਨਾਲ ਜਹਾਜ਼ਾਂ 'ਤੇ ਲੱਦ ਕੇ ਕਨੇਡਾ ਤੋਂ ਬਾਹਰ ਕੱਢ ਦਿੱਤਾ ਜਾਵੇ। ਪਰ ਕਨੇਡੀਅਨ ਸਰਕਾਰ ਹੁਣ ਤਕ ਕਾਫੀ ਲੇਟ ਹੋ ਚੁੱਕੀ ਸੀ। ਪੰਜਾਬੀ ਸਰਕਾਰ ਦੇ ਨਾਪਾਕ ਇਰਾਦਿਆਂ ਤੋਂ ਕਾਫੀ ਜਾਣੂ ਹੋ ਚੁੱਕੇ ਸਨ। ਕਨੇਡੀਅਨ ਸਰਕਾਰ ਦੀ ਇਸ ਸਕੀਮ ਵਿਚ ਕੋਈ ਵੀ ਨਾ ਫਸਿਆ।

ਕਸ਼ਮਕਸ਼ ਚਲਦੀ ਰਹੀ। ਕਨੇਡਾ ਦੀ ਹਕੂਮਤ ਹਿੰਦੋਸਤਾਨੀਆਂ ਨੂੰ ਕੱਢਣ ਦੇ ਯਤਨ ਕਰਦੀ ਰਹੀ ਅਤੇ ਹਿੰਦੋਸਤਾਨੀ ਹਮੇਸ਼ਾਂ ਲਈ ਏਥੇ ਰਹਿਣ ਦੀ ਲੜਾਈ ਲੜਦੇ ਰਹੇ।

•••

ਹੰਡੂਰਸ ਵਿਚ ਵਸਦੇ ਹਿੰਦੋਸਤਾਨੀਆਂ ਦੀ ਦਸ਼ਾ ਨੂੰ ਦੱਸੇ ਬਿਨਾਂ ਨਕਸ਼ਾ ਸਾਫ ਨਹੀਂ ਹੁੰਦਾ। ਹਿੰਦੋਸਤਾਨ ਵਿਚੋਂ ਸਭ ਤੋਂ ਪਹਿਲਾਂ ਬਾਹਰ ਆਉਣ ਵਾਲੇ ਮਜ਼ਦੂਰ

(Bonded Labour) ਸਨ। ਇਹ ਮਜ਼ਦੂਰ ਯੂ.ਪੀ., ਬਿਹਾਰ ਸੂਬਿਆਂ ਵਿਚੋਂ ਭਰਤੀ ਕਰਕੇ ਹੰਡੂਰਸ, ਤ੍ਰਿਨੀਦਾਦ, ਗੀਆਨਾ, ਫੀਜੀ ਆਦਿ ਅੰਗਰੇਜ਼ੀ ਟਾਪੂਆਂ ਵਿਚ ਲਿਆਂਦੇ ਗਏ ਸਨ। ਇਹ ਮਜ਼ਦੂਰ 1857 ਈ. ਦੇ ਗ਼ਦਰ ਦੀ ਨਾਕਾਮਯਾਬੀ ਤੋਂ ਬਾਅਦ ਉਜਾੜੇ ਗਏ ਕਿਸਾਨ ਸਨ। ਇਨ੍ਹਾਂ ਟਾਪੂਆਂ ਉੱਤੇ ਹਿੰਦੋਸਤਾਨੀਆਂ ਦੀ ਹਾਲਤ ਨੀਮ ਗ਼ੁਲਾਮਾਂ ਵਾਲੀ ਸੀ। ਉਹ ਇਕ ਥਾਂ ਛੱਡ ਕੇ ਦੂਜੀ ਥਾਂ ਨਹੀਂ ਜਾ ਸਕਦੇ ਸਨ। ਖਾਣ ਲਈ ਹਰਹਰ ਦੀ ਦਾਲ ਅਤੇ ਭਾਤ ਦਿੱਤਾ ਜਾਂਦਾ ਸੀ। ਕੰਮ ਸਖ਼ਤ ਅਤੇ ਤਨਖਾਹ ਘੱਟ ਰਿਹਾਇਸ਼ ਦਾ ਇੰਤਜ਼ਾਮ ਵੀ ਘਟੀਆ ਸੀ।

ਇਨ੍ਹਾਂ ਸਖਤੀਆਂ ਦਾ ਸਾਹਮਣਾ ਨਾ ਕਰਦੇ ਹੋਏ ਇਨ੍ਹਾਂ ਵਿਚੋਂ ਬਹੁਤ ਸਾਰੇ ਚੱਲ ਵਸੇ ਸਨ। ਇਨ੍ਹਾਂ ਤੋਂ ਨਾ ਪੈਸਾ ਜਮ੍ਹਾ ਹੋਇਆ ਅਤੇ ਨਾ ਹੀ ਵਤਨ ਪਰਤ ਸਕੇ। ਹੰਡੂਰਸ ਤਾਂ ਇਕ ਤਰ੍ਹਾਂ ਨਾਲ ਹਿੰਦੋਸਤਾਨੀ ਮਜ਼ਦੂਰਾਂ ਦਾ ਕਬਰਸਤਾਨ ਹੀ ਬਣ ਗਿਆ ਸੀ।

ਦੂਜੇ ਪਾਸੇ ਪੰਜਾਬੀ ਪ੍ਰਵਾਸੀ ਅਜ਼ਾਦ ਇਮੀਗਰਾਂਟਾਂ ਦੀ ਸ਼ਕਲ ਵਿਚ ਪ੍ਰਦੇਸ ਆਏ ਸਨ। ਮੁਕਾਬਲਤਨ ਅਜ਼ਾਦ ਹੋਣ ਕਰਕੇ ਇਹ ਇਕ ਮੁਲਕ ਤੋਂ ਦੂਜੇ ਮੁਲਕ ਚਲੇ ਜਾਂਦੇ ਸਨ। ਇਨ੍ਹਾਂ ਪੰਜਾਬੀ ਪ੍ਰਵਾਸੀਆਂ ਨੇ ਨਾ ਕੇਵਲ ਕਨੇਡਾ ਵਿਚ ਆਪਣੇ ਘਰ ਹੀ ਬਣਾਏ ਸਗੋਂ ਘਰਦਿਆਂ ਦੇ ਕਰਜ਼ੇ ਵੀ ਲਾਹ ਦਿੱਤੇ ਸਨ। ਇਸ ਤੋਂ ਵੀ ਵਧੇਰੇ ਉਨ੍ਹਾਂ ਨੇ ਵਿੱਦਿਅਕ ਅਦਾਰਿਆਂ ਵਰਗੇ ਸਮਾਜੀ ਕੰਮ ਲਈ ਵੀ ਪੈਸਾ ਹਿੰਦੋਸਤਾਨ ਨੂੰ ਭੇਜਣਾ ਸ਼ੁਰੂ ਕਰ ਦਿੱਤਾ ਸੀ। ਜ਼ਿੰਦਗੀ ਦੀ ਜੱਦੋ ਜਹਿਦ ਨੇ ਉਨ੍ਹਾਂ ਨੂੰ ਜਥੇਬੰਦ ਵੀ ਕਰ ਦਿੱਤਾ ਸੀ। ਜਿਸ ਕਰਕੇ ਉਹ ਕਨੇਡੀਅਨ ਸਰਕਾਰ ਦੇ ਕਾਨੂੰਨੀ ਅਤੇ ਗ਼ੈਰਕਾਨੂੰਨੀ ਦਾਅਪੇਚਾਂ ਦਾ ਮੁਕਾਬਲਾ ਕਰ ਸਕੇ। ਜਿਨ੍ਹਾਂ ਚੰਦ ਕੁ ਪ੍ਰਵਾਸੀਆਂ ਨੂੰ ਇਹ ਵਹਿਮ ਸੀ ਕਿ ਕਨੇਡੀਅਨ ਹਕੂਮਤ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰ ਸਕਦੀ ਹੈ, ਹਕੀਕਤ ਨੇ ਉਨ੍ਹਾਂ ਨੂੰ ਜਲਦੀ ਹੀ ਸਿਖਾ ਦਿੱਤਾ।

ਟੈਸਟ ਕੇਸ

ਕਨੇਡਾ ਦੀਆਂ ਕਚਹਿਰੀਆਂ ਵਿਚ ਟੈਸਟ ਕੇਸ ਲੜਨ ਲਈ ਭਾਈ ਬਲਵੰਤ ਸਿੰਘ ਹਿੰਦੋਸਤਾਨ ਜਾ ਕੇ ਭਾਈ ਭਾਗ ਸਿੰਘ ਦਾ ਅਤੇ ਆਪਣਾ ਪਰਿਵਾਰ ਲੈ ਆਏ। ਨਾਲ ਹੀ ਭਾਈ ਹੁਕਮ ਸਿੰਘ ਹੁੰਦਲ ਦੀ ਬਿਰਧ ਮਾਤਾ, ਦੋ ਪੁੱਤਰ ਇਕਬਾਲ ਸਿੰਘ ਅਤੇ ਉਸਦਾ ਭਾਈ। ਕਨੇਡੀਅਨ ਇਮੀਗਰੇਸ਼ਨ ਨੇ ਭਾਈ ਬਲਵੰਤ ਸਿੰਘ ਨੂੰ ਤਾਂ ਉਤਰਨ ਦੀ ਆਗਿਆ ਦੇ ਦਿੱਤੀ ਪਰ ਬਾਕੀ ਸਾਰੇ ਪਰਿਵਾਰਾਂ ਨੂੰ ਵਾਪਸ ਭੇਜਣ ਦੇ ਹੁਕਮ ਜਾਰੀ ਕਰ ਦਿੱਤੇ। ਕੌਮਾਂਤਰੀ ਕਾਨੂੰਨ ਅਨੁਸਾਰ ਪਤੀ ਅਤੇ ਪਤਨੀ ਦੇ ਇਕੱਠੇ ਰਹਿਣ ਦੇ ਹੱਕ ਵਾਸਤੇ ਲੜਨ ਲਈ ਕਨੇਡੀਅਨ ਅਦਾਲਤ ਦਾ ਦਰਵਾਜ਼ਾ ਖਟਖਟਾਇਆ। ਅਦਾਲਤ ਨੇ ਵੀ ਫੈਸਲਾ ਉਨ੍ਹਾਂ ਦੇ ਖਿਲਾਫ਼ ਦੇ ਦਿੱਤਾ। ਇਨ੍ਹਾਂ ਅਜੀਬ ਹੁਕਮਾਂ ਦੇ ਖਿਲਾਫ਼ ਪੰਜਾਬੀ ਪ੍ਰਵਾਸੀਆਂ ਨੇ ਅੰਦੋਲਨ ਕੀਤਾ ਜਿਸਦੇ ਨਤੀਜੇ ਵਜੋਂ ਸਰਕਾਰ ਨੇ ਭਾਰੀਆਂ ਜ਼ਮਾਨਤਾਂ

ਲੈ ਕੇ ਇਨ੍ਹਾਂ ਨੇ ਅਟਾਵਾ ਦੀ ਅਦਾਲਤ ਵਿਚ ਹੈਬੀਅੱਸ ਕਾਰਪਸ ਦਾਖਲ ਕਰ ਦਿੱਤਾ ਸੀ ਅਤੇ ਬਾਹਰ ਅੰਦੋਲਨ ਸੀ। ਆਖ਼ਰਕਾਰ ਕਨੇਡੀਅਨ ਸਰਕਾਰ ਨੇ ਪਿੱਛਾ ਛੁਡਾਉਣ ਲਈ ਰਹਿਮ ਦੇ ਤੌਰ 'ਤੇ ਇਨ੍ਹਾਂ ਪਰਿਵਾਰਾਂ ਨੂੰ ਰਹਿਣ ਦੀ ਆਗਿਆ ਦੇ ਦਿੱਤੀ। ਜਿਸ ਕਰਕੇ ਅੱਗੇ ਤੋਂ ਪਰਿਵਾਰਾਂ ਨੂੰ ਸੱਦ ਸਕਣ ਦੀ ਖੁੱਲ੍ਹ ਨਾ ਮਿਲ ਸਕੀ। ਕਨੇਡੀਅਨ ਪੰਜਾਬੀ ਪ੍ਰਵਾਸੀਆਂ ਦੀਆਂ ਜੜ੍ਹਾਂ ਨਹੀਂ ਸਨ ਲੱਗਣ ਦੇਣਾ ਚਾਹੁੰਦੇ। ਸਰਕਾਰ ਹਰ ਕੌਮਾਂਤਰੀ ਕਾਨੂੰਨ ਨੂੰ ਛਿੱਕੇ 'ਤੇ ਟੰਗ ਕੇ ਇਨ੍ਹਾਂ ਨੂੰ ਬਾਹਰ ਕੱਢਣ ਦੀਆਂ ਵਿਉਂਤਾਂ ਬਣਾ ਰਹੀ ਸੀ। ਇੰਡੀਆ ਲੀਗ ਅਤੇ ਖ਼ਾਲਸਾ ਦੀਵਾਨ ਦੀ ਰਹਿਨੁਮਾਈ ਵਿਚ ਹੁੰਦੀਆਂ ਪੰਜਾਬੀਆਂ ਦੀਆਂ ਸਰਗਰਮੀਆਂ ਦੀ ਸੂਹ ਲੈਣ ਲਈ ਸਰਕਾਰ ਨੇ ਇਕ ਐਂਗਲੋ-ਇੰਡੀਅਨ ਪੁਲਸ ਅਫ਼ਸਰ ਹਾਪਕਿਨਸਨ ਦੀਆਂ ਸੇਵਾਵਾਂ ਹਾਸਿਲ ਕੀਤੀਆਂ ਜਿਸ ਨੇ ਬੇਲਾ ਸਿੰਘ ਜੈਨ ਵਰਗੇ ਮੁਖ਼ਬਰ ਨਾਲ ਰਲਾ ਲਏ। ਝੂਠੀਆਂ ਸੱਚੀਆਂ ਰਿਪੋਰਟਾਂ ਸਰਕਾਰ ਕੋਲ ਜਾਣੀਆਂ ਸ਼ੁਰੂ ਹੋ ਗਈਆਂ। ਦੂਜੇ ਪਾਸੇ ਪੰਜਾਬੀ ਆਪਣੇ ਹੱਕ ਵਾਸਤੇ ਅੜੇ ਹੋਏ ਸਨ। ਲੀਡਰ ਕੋਸ਼ਿਸ਼ ਕਰਦੇ ਰਹੇ ਅਤੇ ਲੋਕਾਂ ਨੂੰ ਢਾਰਸ ਦੇਣ ਲਈ ਦਲਾਸੇ ਦਿੰਦੇ ਰਹੇ। ਅੱਠ-ਦਸਾਂ ਸਾਲਾਂ ਤੋਂ ਆਪਣੇ ਬੱਚਿਆਂ ਅਤੇ ਭੈਣ ਭਰਾਵਾਂ ਤੋਂ ਵਿਛੜੇ ਇਹ ਪੰਜਾਬੀ ਵੈਰਾਗ ਵਿਚ ਆ ਕੇ ਕਦੇ ਵਾਰਸ਼ ਸ਼ਾਹ ਦੀਆਂ ਇਹ ਪੰਗਤੀਆਂ ਗਾ ਲੈਂਦੇ ਸਨ:

ਹੀਰ ਆਖਦੀ ਜੋਗੀਆ ਝੂਠ ਬੋਲੇਂ
ਕਿਹੜਾ ਵਿਛੜੇ ਯਾਰ ਮਲਾਣਦਾ ਈ।

ਅਮਰੀਕਾ ਵੱਲ ਵਹੀਰਾਂ

ਅਮਰੀਕਾ ਅਤੇ ਕਨੇਡਾ ਅੰਗਰੇਜ਼ਾਂ ਦੀਆਂ ਹੀ ਬਸਤੀਆਂ ਸਨ। ਦੋਹਾਂ ਦੀ ਸਰਹੱਦ ਸਾਂਝੀ ਹੋਣ ਕਾਰਨ ਏਧਰ-ਓਧਰ ਜਾਣ ਵਿਚ ਕੋਈ ਮੁਸ਼ਕਲ ਨਹੀਂ ਸੀ। ਸਿਆਟਲ ਤੋਂ ਹੱਦ ਪਾਰ ਕਰਕੇ ਕਨੇਡਾ ਤੋਂ ਅਮਰੀਕਾ ਜਾ ਹੋ ਜਾਂਦਾ ਸੀ।

ਵਸ਼ਿੰਗਟਨ ਦੀ ਅਗਵਾਈ ਵਿਚ ਲੜ ਕੇ ਅਮਰੀਕਾ ਅਜ਼ਾਦ ਹੋ ਗਿਆ ਸੀ ਜਦੋਂ ਕਿ ਕਨੇਡਾ ਨੇ ਡੁਮੀਨੀਅਨ ਦਾ ਦਰਜਾ ਮੰਨ ਲਿਆ ਸੀ ਅਤੇ ਕਾਮਨਵੈਲਥ ਦਾ ਮੈਂਬਰ ਬਣਿਆ ਰਿਹਾ ਸੀ। ਅਮਰੀਕਾ ਨੂੰ ਵੱਸਣਯੋਗ ਬਣਾਉਣ ਲਈ ਅਫ਼ਰੀਕਾ ਤੋਂ ਕਾਲੇ ਲੋਕਾਂ ਨੂੰ ਗ਼ੁਲਾਮ ਬਣਾ ਕੇ ਲਿਆਂਦਾ ਗਿਆ। ਇਹ ਇਬਰਾਹਿਮ ਲਿੰਕਨ ਸੀ ਜਿਸ ਨੇ ਜੱਦੋ ਜਹਿਦ ਕਰਕੇ ਕਾਲੇ ਲੋਕਾਂ ਨੂੰ ਮਨੁੱਖੀ ਅਧਿਕਾਰ ਦਿਵਾਏ, ਭਾਵੇਂ ਕਿ ਕਾਲਿਆਂ ਵਿਰੁੱਧ ਨਫ਼ਰਤ ਨਾ ਗਈ ਜਿਹੜੀ ਕਿ ਅਜੇ ਵੀ ਮੌਜੂਦ ਹੈ।

1910 ਈ. ਵਿਚ ਜਦੋਂ ਕਨੇਡਾ ਵਿਚ ਬੇਕਾਰੀ ਵਧਣੀ ਸ਼ੁਰੂ ਹੋ ਗਈ ਅਤੇ ਸਖਤੀਆਂ ਵਧ ਗਈਆਂ ਤਾਂ ਪੰਜਾਬੀ ਪ੍ਰਵਾਸੀਆਂ ਨੇ ਹੱਦ ਟੱਪ ਕੇ ਅਮਰੀਕਾ ਆਉਣਾ ਸ਼ੁਰੂ ਕਰ ਦਿੱਤਾ। ਉਨ੍ਹੀਂ ਦਿਨੀਂ ਸਨਫਰਾਂਸਿਸਕੋ ਦੇ ਇਰਦ-ਗਿਰਦ ਪੈਸੇਫਿਕ ਰੇਲ ਪਟੜੀ ਵਿਛ ਰਹੀ ਸੀ। ਹਿੰਦੁਸਤਾਨ ਤੋਂ ਆਏ ਹੋਏ ਪੰਜਾਬੀ ਵੀ ਏਥੇ ਕੰਮ ਕਰ ਰਹੇ ਸਨ। 1908 ਈ. ਤੋਂ ਪਹਿਲਾਂ ਅਮਰੀਕਾ ਵਿਚ ਹਿੰਦੋਸਤਾਨੀਆਂ ਦੀ ਗਿਣਤੀ ਬਹੁਤ

ਘੱਟ ਸੀ। ਜਿਹੜੇ ਪਹਿਲਾਂ ਸਨ ਵੀ, ਉਹ ਵਿਦਿਆਰਥੀ ਸਨ ਜਾਂ ਵਿਦਵਾਨ ਸਨ। ਹੁਣ ਇਹ ਗਿਣਤੀ 271 ਤੋਂ ਵਧ ਕੇ 1710 ਹੋ ਚੁੱਕੀ ਹੈ, ਜਿਹੜੀ ਵਧਦੀ-ਵਧਦੀ ਹਜ਼ਾਰਾਂ ਵਿਚ ਹੋ ਗਈ। ਪੰਜਾਬੀ ਪਹਿਲੋਂ ਪਹਿਲ ਕੈਲੇਫੋਰਨੀਆਂ ਵਿਚ ਹੀ ਆਏ ਸਨ। ਕੈਲੇਫੋਰਨੀਆਂ ਦੇ ਮੁਖ.ਸ਼ਹਿਰਾਂ ਦੇ ਨਾਂ ਸਪੇਨੀ ਹਨ ਜਿਵੇਂ ਸਨਫਰਾਂਸਿਸਕੋਂ ਤੇ ਲਾਸ ਏਂਜਲਸ। ਇਹ ਸਭ ਸ਼ਹਿਰ ਮੈਕਸੀਕੋ ਦੇ ਸਨ, ਜਿਹੜੇ ਬਾਅਦ ਵਿਚ ਉਨ੍ਹਾਂ ਤੋਂ ਅਮਰੀਕਾ ਨੇ ਖੋਹ ਲਏ ਸਨ। ਇਹ ਹੀ ਕਾਰਨ ਹੈ ਕਿ ਉਸ ਸਮੇਂ ਨਾਲ ਸੰਬੰਧਤ ਜਿਹੜੀਆਂ ਫ਼ਿਲਮਾਂ ਬਣਾਈਆਂ ਜਾਂਦੀਆਂ ਹਨ ਉਹ ਬੜੀਆਂ ਹੀ ਮਕਬੂਲ ਹੁੰਦੀਆਂ ਹਨ। ਅਮਰੀਕਾ ਦੀਆਂ ਰੈੱਡ ਇੰਡੀਅਨਾਂ ਨਾਲ ਸੰਧੀਆਂ ਅਤੇ ਝੜਪਾਂ, ਮੈਕਸੀਕਨਾਂ ਨਾਲ ਅਮਰੀਕਾ ਦੇ ਲੜਾਈ-ਝਗੜੇ, ਲੁੱਟਾਂ-ਖੋਹਾਂ ਤੇ ਕਤਲੋਗਾਰਤ ਅਮਰੀਕੀ ਫ਼ਿਲਮਾਂ ਦੇ ਦਿਲਚਸਪ ਵਿਸ਼ੇ ਹਨ। ਪਰ ਜਿਹੜੇ ਜ਼ੁਲਮ ਅਮਰੀਕਨਾਂ ਨੇ ਕਾਲੇ ਲੋਕਾਂ ਉੱਤੇ ਢਾਹੇ ਹਨ, ਉਨ੍ਹਾਂ ਬਾਰੇ ਅਮਰੀਕੀ ਫ਼ਿਲਮਾਂ ਚੁੱਪ ਹਨ।

ਪੰਜਾਬੀ ਪ੍ਰਵਾਸੀਆਂ ਨੇ ਰੇਲ ਪਟੜੀਆਂ ਅਤੇ ਲੱਕੜ ਮਿੱਲਾਂ ਵਿਚ ਕੰਮ ਕਰਨ ਦੇ ਨਾਲ-ਨਾਲ ਘੋੜਿਆਂ ਨਾਲ ਹਲ ਚਲਾ ਕੇ ਸੌਗੀ, ਆੜੂ, ਪੀਚਾਂ ਆਦਿ ਦੇ ਬਾਗ ਲਾ ਕੇ ਕੈਲੇਫੋਰੀਆਂ ਨੂੰ ਚਮਨ ਬਣਾਉਣਾ ਸ਼ੁਰੂ ਕਰ ਦਿੱਤਾ। ਪੰਜਾਬੀਆ ਦੀ ਇਸ ਹੱਡ ਭੰਨ ਮਿਹਨਤ ਦਾ ਨਤੀਜਾ ਇਹ ਨਿਕਲਿਆ ਕਿ ਉਨ੍ਹਾਂ 'ਤੇ ਸਖ਼ਤੀ ਹੋਣੀ ਸ਼ੁਰੂ ਹੋ ਗਈ। ਪੰਜਾਬੀਆਂ ਦੇ ਅਮਰੀਕਾ ਆਉਣ 'ਤੇ ਪਾਬੰਦੀਆਂ ਲਾਈਆਂ ਗਈਆਂ, ਜਿਨ੍ਹਾਂ ਦਾ ਉਨ੍ਹਾਂ ਨੇ ਡਟ ਕੇ ਮੁਕਾਬਲਾ ਕੀਤਾ। ਜੇਕਰ ਉਨ੍ਹਾਂ ਦਾ ਸਿੱਧਾ ਉਤਾਰਾ ਬੰਦ ਕਰ ਦਿੱਤਾ ਤਾਂ ਉਹ ਮਸਕਾਲੀ ਤੋਂ ਸਰਹੱਦ ਟੱਪ ਕੇ ਆ ਵੜਦੇ ਸਨ। ਕਿਸ਼ਤੀਆਂ ਰਾਹੀਂ ਦਾਖਲ ਹੁੰਦਿਆਂ ਕਈ-ਕਈ ਸਮੁੰਦਰ ਦੀ ਭੇਂਟ ਵੀ ਹੋ ਗਏ ਸਨ। ਪੰਜਾਬੀ ਨੂੰ ਅਮਰੀਕਾ ਨਾਲ ਇਸ਼ਕ ਹੈ। ਉਹ ਕੰਨ ਪੜਵਾ ਕੇ, ਧੂਣੀਆਂ ਧੁਖਾ ਕੇ ਖੇੜੀਂ ਪਹੁੰਚ ਜਾਂਦਾ ਹੈ। ਉਹ ਝੱਖੜਾਂ ਵਿਚ ਵੀ ਝਨਾਂ ਪਾਰ ਕਰਦਾ ਹੈ। ਪਿਛਲੇ ਸੌ ਸਾਲ ਤੋਂ ਇਹ ਕਿੱਸਾ ਜਾਰੀ ਹੈ। ਭਾਵੇਂ ਲੱਖਾਂ ਬੰਦਸ਼ਾਂ ਲੱਗ ਜਾਣ ਇਸ ਨੇ ਮਿਆਮੀ ਦੇ ਸਾਹਿਲ 'ਤੇ ਉਤਰਦੇ ਹੀ ਰਹਿਣਾ ਹੈ।

1912 ਈ. ਵਿਚ 600 ਦੇ ਕਰੀਬ ਪੰਜਾਬੀ ਕਨੇਡਾ ਤੋਂ ਅਮਰੀਕਾ ਆਣ ਵੜਿਆ। ਆਰਥਕ ਮੰਦਵਾੜਾ ਪਰਛਾਵੇਂ ਵਾਂਗ ਉਨ੍ਹਾਂ ਦੇ ਨਾਲ ਰਿਹਾ। ਇਹ ਸੰਸਾਰ-ਵਿਆਪੀ ਆਰਥਕ ਸੰਕਟ ਦਾ ਹੀ ਇਕ ਹਿੱਸਾ ਸੀ। ਲੋਕ ਬੇਕਾਰ ਗਲੀਆਂ ਬਾਜ਼ਾਰਾਂ ਵਿਚ ਘੁੰਮਣ ਲੱਗ ਪਏ। ਅਮਰੀਕਾ ਵਿਚਲੀ ਇਸ ਬੇਕਾਰੀ ਦਾ ਨਜ਼ਲਾ ਵੀ ਏਸ਼ੀਅਨ ਪ੍ਰਵਾਸੀਆਂ ਉੱਪਰ ਹੀ ਡਿੱਗਾ। ਨਸਲੀ ਵਿਤਕਰਾ ਜ਼ੋਰ ਫੜਦਾ ਗਿਆ ਅਤੇ ਅਮਰੀਕਨਾਂ ਨੇ ਏਸ਼ੀਅਨਾਂ ਨੂੰ ਬਾਹਰ ਕੱਢਣ ਲਈ ਇਕ ਲੀਗ ਬਣਾ ਲਈ। ਪੰਜਾਬੀ ਮਜ਼ਦੂਰਾਂ 'ਤੇ ਹਮਲੇ ਹੋਣੇ ਸ਼ੁਰੂ ਹੋ ਗਏ। ਸਭ ਤੋਂ ਭੈੜੇ ਫਸਾਦ ਬਲਿੰਘਮ ਤੇ ਔਰਾਗਨ ਸਟੇਟ ਦੀਆਂ ਲੱਕੜ ਮਿੱਲਾਂ, ਡਕੂਮਾ ਅਤੇ ਐਵਰਟ ਵਿਚ ਹੋਏ, ਜਿਨ੍ਹਾਂ ਬਾਹਾਂ 'ਤੇ ਪੰਜਾਬੀ ਮਜ਼ਦੂਰਾਂ ਦੀ ਗਿਣਤੀ ਬਹੁਤ ਸੀ। ਫਸਾਦਾਂ ਵਿਚ ਪੰਜਾਬੀ ਮਜ਼ਦੂਰਾਂ ਦੇ ਸਮਾਨ ਸਾੜ ਦਿੱਤੇ ਗਏ ਤੇ

ਵਹਿਸ਼ੀਆਨਾ ਮਾਰਕੁਟਾਈ ਕੀਤੀ ਗਈ। ਚੀਨੇ ਅਤੇ ਜਪਾਨੀ ਮਜ਼ਦੂਰਾਂ ਨਾਲ ਕੋਈ ਵੱਖਰੀ ਨਹੀਂ ਸੀ ਵਾਪਰੀ। ਪਰ ਉਨ੍ਹਾਂ ਦੀਆਂ ਸਰਕਾਰਾਂ ਉਨ੍ਹਾਂ ਦੀ ਹਿਮਾਇਤ 'ਤੇ ਆ ਗਈਆਂ ਸਨ। ਪੰਜਾਬੀ ਮਜ਼ਦੂਰਾਂ ਦੀ ਪਿੱਠ 'ਤੇ ਆਉਣ ਵਾਲਾ ਕੋਈ ਨਹੀਂ ਸੀ। ਉਨ੍ਹਾਂ ਵੱਲੋਂ ਅੰਗਰੇਜ਼ੀ ਕੌਂਸਲ ਨੂੰ ਕੀਤੀਆਂ ਸਭ ਅਪੀਲਾਂ ਅਸਫਲ ਹੀ ਰਹੀਆਂ। ਪੰਜਾਬੀ ਪ੍ਰਵਾਸੀਆਂ ਨੂੰ ਇਹ ਅਹਿਸਾਸ ਹੋ ਗਿਆ ਕਿ ਆਪਣੀ ਰਾਖੀ ਆਪ ਕਰਨੀ ਪਏਗੀ ਉਨ੍ਹਾਂ ਨੇ ਆਪਣੀਆਂ ਡੀਫੈਂਸ ਕਮੇਟੀਆਂ ਬਣਾ ਲਈਆਂ ਅਤੇ ਰਿਹਾਇਸ਼ ਵੀ ਇਕ ਥਾਂ ਕਰਨ ਲੱਗ ਪਏ ਸਨ। ਰਾਤ ਨੂੰ ਟੋਲੀਆਂ ਵਿਚ ਬੈਠ ਰੰਗ-ਭੇਦ ਬਾਰੇ ਵਿਚਾਰਾਂ ਕਰਦੇ ਸਨ। ਕਦੇ-ਕਦੇ ਮਨ ਹਲਕਾ ਕਰਨ ਲਈ ਬੁਲੇਸ਼ਾਹ ਦੀਆਂ ਕਾਫੀਆਂ ਗਾਉਣ ਲੱਗ ਪੈਂਦੇ :

ਮੈਂ ਕਾਲੀ ਤੇ ਮੇਰੇ ਮਾਹੀ ਵੀ ਕਾਲੇ
ਅਸੀਂ ਕਾਲੇ ਲੋਕ ਸਦੇਂਦੇ
ਕੁਰਾਨ ਮਜੀਦ ਦੇ ਹਰਫ਼ ਭੀ ਕਾਲੇ
ਤੇ ਲੋਕੀਂ ਵਿਚ ਮਸੀਤ ਪੜ੍ਹੇਂਦੇ
ਕੋਹ ਤੂਰ ਦਾ ਸੁਰਮਾ ਭੀ ਕਾਲਾ
ਤੇ ਲੋਕੀਂ ਅੱਖੀਆਂ ਵਿਚ ਘਸੇਂਦੇ
ਦੱਸ ਬੁਲਿਆ ਗੋਰੇ ਰੰਗ ਕੀ ਕਰਨੇ
ਜਿਹੜੇ ਗਲੀਓਂ ਗਲੀ ਵਕੇਂਦੇ।

ਗੋਰਿਆਂ ਵੱਲੋਂ ਨਿੱਤ ਦਿਨ ਪੰਜਾਬੀਆਂ 'ਤੇ ਹਮਲੇ ਵਧਦੇ ਗਏ। ਇਹ ਹਮਲੇ ਖਾਸ ਕਰਕੇ ਸ਼ਹਿਰਾਂ ਵਿਚ ਕੀਤੇ ਜਾਂਦੇ ਸਨ। ਬਾਬਾ ਜੁਆਲਾ ਨੇ ਲਿਖਿਆ ਹੈ ਕਿ ਇਕ ਵਾਰ ਪੰਜਾਬੀਆਂ ਨੇ ਸਕੀਮ ਬਣਾ ਕੇ ਕੁਝ ਫੁਰਤੀਲੇ ਨੌਜਵਾਨਾਂ ਨੂੰ ਬਜ਼ਾਰ ਵਿਚ ਭੇਜ ਦਿੱਤਾ ਅਤੇ ਬਾਕੀ ਦੇ ਸ਼ਹਿਰ ਤੋਂ ਬਾਹਰ ਡਾਂਗਾਂ ਲੈ ਕੇ ਬੈਠ ਗਏ। ਜਦੋਂ ਗੋਰੇ ਮੁਸ਼ਟੰਡਿਆਂ ਨੇ ਇਨ੍ਹਾਂ ਪੰਜਾਬੀਆਂ ਉੱਤੇ ਬਜ਼ਾਰ ਵਿਚ ਹਮਲਾ ਕੀਤਾ ਤਾਂ ਉਹ ਅੱਗੇ-ਅੱਗੇ ਭੱਜ ਪਏ ਅਤੇ ਗੋਰੇ ਉਨ੍ਹਾਂ ਦੇ ਪਿੱਛੇ ਭੱਜਦੇ ਸ਼ਹਿਰੋਂ ਬਾਹਰ ਆ ਗਏ ਜਿਥੇ ਬਾਕੀ ਦੇ ਪੰਜਾਬੀ ਤਿਆਰ ਬੈਠੇ ਸਨ। ਉਨ੍ਹਾਂ ਨੇ ਘੇਰੇ ਵਿਚ ਲੈ ਕੇ ਗੋਰਿਆਂ ਦੀ ਏਨੀ ਗਿੱਦੜਕੁੱਟ ਕੀਤੀ ਕਿ ਦਿਨਾਂ ਤੱਕ ਯਾਦ ਰੱਖਣ। ਮੁੜ ਕਿਸੇ ਗੋਰੇ ਨੇ ਇਨ੍ਹਾਂ ਵੱਲ ਅੱਖ ਚੁੱਕ ਕੇ ਤੱਕਣ ਦੀ ਜੁਰਅਤ ਨਹੀਂ ਕੀਤੀ।

ਕਨੇਡਾ ਕਿਉਂਕਿ ਅਜੇ ਵੀ ਡੁਮੀਨੀਅਨ ਰਾਜ ਸੀ, ਇਸ ਕਰਕੇ ਏਥੇ ਅਮਰੀਕਾ ਵਰਗੀ ਖੁੱਲ੍ਹ ਨਹੀਂ ਹੋ ਸਕਦੀ ਸੀ। ਗ੍ਰਿਫਤਾਰੀਆਂ ਅਤੇ ਦੇਸ ਨਿਕਾਲੇ ਦਾ ਖ਼ਤਰਾ ਸਿਰ 'ਤੇ ਖੜ੍ਹਾ ਰਹਿੰਦਾ ਸੀ। ਤਾਂ ਵੀ, ਇੰਡੀਆ ਲੀਗ ਤੇ ਖ਼ਾਲਸਾ ਦੀਵਾਨ ਹਿੰਦੋਸਤਾਨੀਆਂ ਨੂੰ ਅੰਦੋਲਨ ਲਈ ਪ੍ਰੇਰਦੇ ਸੀ। ਪਰ ਅਮਰੀਕਾ ਵਿਚਲੀ ਹਰ ਘਟਨਾ ਦਾ ਅਸਰ ਕਨੇਡਾ ਵਿਚ ਵਸਦੇ ਹਿੰਦੀਆਂ 'ਤੇ ਪੈਂਦਾ ਸੀ ਅਤੇ ਕਨੇਡਾ ਦੇ ਹਿੰਦੀਆਂ ਨਾਲ ਹੁੰਦੀਆਂ ਜ਼ਿਆਦਤੀਆਂ ਦਾ ਅਸਰ ਅਮਰੀਕਾ ਵਿਚ ਵਸਦੇ ਹਿੰਦੀਆਂ 'ਤੇ ਹੁੰਦਾ ਸੀ। ਇਸ ਤਰ੍ਹਾਂ ਦੋਹਾਂ ਦੇਸ਼ਾਂ ਵਿਚ ਵਸਦੇ ਹਿੰਦੀਆਂ ਦੀ ਜੱਦੋ ਜਹਿਦ ਸਾਂਝਾ ਰੂਪ ਧਾਰਨ ਕਰ ਗਈ।

ਲਾਲਾ ਹਰਦਿਆਲ ਦੀ ਅਮਰੀਕਾ ਆਮਦ'

ਲਾਲਾ ਹਰਦਿਆਲ ਸੇਂਟ ਸਟੀਫਨ ਕਾਲਜ ਦਿੱਲੀ ਦਾ ਵਿਦਿਆਰਥੀ ਸੀ ਅਤੇ ਐਮ.ਏ. ਕਰਨ ਲਈ ਲਾਹੌਰ ਗੌਰਮਿੰਟ ਕਾਲਜ ਵਿਚ ਆਇਆ ਸੀ। ਉਸ ਨੇ 1905 ਈ. ਵਿਚ ਐਮ. ਏ. ਕੀਤੀ ਅਤੇ ਸਰਕਾਰੀ ਵਜ਼ੀਫੇ 'ਤੇ ਔਕਸਫੌਰਡ ਯੂਨੀਵਰਸਿਟੀ, ਇੰਗਲੈਂਡ ਪੜ੍ਹਨ ਲੱਗ ਪਿਆ ਸੀ। ਏਥੇ ਹੀ ਉਸ ਦਾ ਮੇਲਜੋਲ ਇੰਡੀਆ ਹਾਊਸ, ਲੰਡਨ ਦੇ ਇਨਕਲਾਬੀਆਂ ਨਾਲ ਹੋਇਆ ਸੀ। ਉਨ੍ਹਾਂ ਇਨਕਲਾਬੀਆਂ ਦੇ ਪ੍ਰਭਾਵ ਹੇਠ ਲਾਲਾ ਹਰਦਿਆਲ ਨੇ ਸਰਕਾਰੀ ਵਜ਼ੀਫਾ ਲੈਣੋਂ ਇਨਕਾਰ ਕਰ ਦਿੱਤਾ ਅਤੇ ਆਪਣਾ ਜੀਵਨ ਕੌਮ ਨੂੰ ਅਰਪਣ ਕਰ ਦਿੱਤਾ। ਉਸ ਨੇ ਆਪਣੇ ਇਕ ਦੋਸਤ ਨੂੰ ਖ਼ਤ ਲਿਖਿਆ ਸੀ, "ਸਾਡਾ ਮਕਸਦ ਗੌਰਮਿੰਟ ਨੂੰ ਸੁਧਾਰਨਾ ਨਹੀਂ, ਸਗੋਂ ਇਸ ਨੂੰ ਖਤਮ ਕਰਨਾ ਹੈ। ਜਿੰਨਾ ਜ਼ਿਆਦਾ ਮੈਂ ਸੋਚਦਾ ਹਾਂ ਓਨਾ ਹੀ ਜ਼ਿਆਦਾ ਮੈਨੂੰ ਸਪੱਸ਼ਟ ਹੁੰਦਾ ਜਾਂਦਾ ਹੈ ਕਿ ਅਧੂਰੇ ਉਪਰਾਲੇ ਫਾਇਦੇਮੰਦ ਨਹੀਂ ਹੋਣਗੇ, ਸਾਨੂੰ ਗ਼ੁਲਾਮੀ ਦੀ ਜੜ੍ਹ 'ਤੇ ਕੁਹਾੜਾ ਚਲਾਉਣਾ ਚਾਹੀਦਾ ਹੈ।"

1908 ਈ. ਵਿਚ ਲਾਲਾ ਹਰਦਿਆਲ ਹਿੰਦੋਸਤਾਨ ਵਾਪਸ ਆ ਗਿਆ। ਪਰ ਉਸੇ ਹੀ ਸਾਲ ਦੇ ਅਗਸਤ ਵਿਚ ਮੁੜ ਲੰਡਨ, ਪੈਰਿਸ ਤੇ ਮਾਰਤੀਨੀਕ ਵੱਲ ਚਲਾ ਗਿਆ। 1911 ਵਿਚ ਉਹ ਅਮਰੀਕਾ ਦੇ ਸ਼ਹਿਰ ਬਰਕਲੇ ਪਹੁੰਚ ਗਿਆ, ਜਿਥੇ ਉਸ ਨੂੰ ਸਟੈਨਫੋਰਡ ਯੂਨੀਵਰਸਿਟੀ ਵਿਚ ਲੈਕਚਰਾਰਸ਼ਿਪ ਮਿਲ ਗਈ ਸੀ। 1912 ਈ. ਤਕ ਉਹ ਯੂਨੀਵਰਸਿਟੀ ਵਿਚ ਸੰਸਕ੍ਰਿਤ ਅਤੇ ਹਿੰਦੋਸਤਾਨੀ ਫ਼ਲਸਫ਼ੇ 'ਤੇ ਲੈਕਚਰ ਦਿੰਦਾ ਰਿਹਾ ਸੀ, ਜਿਸ ਕਰਕੇ ਉਸ ਦੀ ਹਵਾਈ ਦੇ ਕੁਦਰਤੀ ਨਜ਼ਾਰੇ ਦੇਖਣ ਦੀ ਇੱਛਾ ਪੂਰੀ ਨਾ ਹੋ ਸਕੀ।

ਏਸੇ ਦੌਰਾਨ ਲਾਲਾ ਹਰਦਿਆਲ ਦੀ ਮੁਲਾਕਾਤ ਬਾਬਾ ਜੁਆਲਾ ਸਿੰਘ ਨਾਲ ਹੋਈ ਸੀ। ਉਸ ਨੇ ਯੂਨੀਵਰਸਿਟੀ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਬਰਕਲੇ ਵਿਚ ਇੰਡੀਅਨ ਸਟੂਡੈਂਟ ਕਲੱਬ ਸ਼ੁਰੂ ਕਰ ਦਿੱਤੀ। ਏਥੇ ਹੀ ਹਿੰਦੋਸਤਾਨੀ ਵਿਦਿਆਰਥੀਆਂ ਲਈ ਹੋਸਟਲ ਖੋਲ੍ਹਿਆ, ਜਿਸ ਦਾ ਇੰਚਾਰਜ ਵੀ ਲਾਲਾ ਹਰਦਿਆਲ ਹੀ ਸੀ। ਇਸ ਦਾ ਸਾਰਾ ਖਰਚ ਬਾਬਾ ਜੁਆਲਾ ਸਿੰਘ ਨੇ ਆਪਣੇ ਜ਼ਿੰਮੇ ਲਿਆ। ਉਸ ਨੇ ਇਹ ਵੀ ਸੁਝਾਅ ਪੇਸ਼ ਕੀਤਾ ਕਿ ਵੱਖ-ਵੱਖ ਸੂਬਿਆਂ ਤੋਂ ਛੇ ਵਿਦਿਆਰਥੀ ਸੱਦੇ ਜਾਣ ਜਿਨ੍ਹਾਂ ਦਾ ਸਾਰਾ ਖਰਚ ਬਾਬਾ ਜੁਆਲਾ ਸਿੰਘ ਦਾ ਫਾਰਮ ਝੱਲੇਗਾ।

ਇਸ ਨਾਲ ਲਾਲਾ ਹਰਦਿਆਲ ਦਾ ਸਿਆਸੀ ਜੀਵਨ ਸ਼ੁਰੂ ਹੋਇਆ ਜੋ ਜਲਦੀ ਹੀ ਇਨਕਲਾਬੀ ਰੂਪ ਧਾਰਨ ਕਰ ਗਿਆ ਸੀ। ਪੰਜਾਬੀਆਂ ਦੀ ਜੱਦੋ ਜਹਿਦ ਤਾਂ ਪਹਿਲਾਂ ਚਲ ਹੀ ਰਹੀ ਸੀ ਪਰ ਲਾਲਾ ਹਰਦਿਆਲ ਦੇ ਲੈਕਚਰਾਂ ਅਤੇ ਲਿਖਤਾਂ ਦਾ ਪੰਜਾਬੀ ਮਜਦੂਰਾਂ 'ਤੇ ਜਾਦੂ ਵਾਲਾ ਅਸਰ ਹੋਇਆ, ਜਿਸ ਨੇ ਗ਼ਦਰ ਲਹਿਰ ਦੇ ਭਾਂਬੜ ਦਾ ਰੂਪ ਧਾਰਨ ਕਰ ਲਿਆ।

ਇਸ ਸਮੇਂ ਅਮਰੀਕਾ ਵਿਚ ਤਿੰਨ ਰਾਜਸੀ ਕੇਂਦਰ ਕਾਇਮ ਹੋ ਚੁਕੇ ਸਨ। ਇਕ ਬਾਬਾ ਜੁਆਲਾ ਸਿੰਘ ਦਾ ਫਾਰਮ ਸੀ, ਜਿਸ ਦੇ ਭਾਈਵਾਲਾ ਬਾਬਾ ਵਸਾਖਾ ਸਿੰਘ ਤੇ ਭਾਈ ਸੰਤੋਖ ਸਿੰਘ ਸਨ। ਇਨ੍ਹਾਂ ਤਿੰਨਾਂ ਨੇ ਹੀ ਆਪਣੀਆਂ ਸੇਵਾਵਾਂ ਮੁਲਕ ਨੂੰ ਅਰਪਣ ਕਰ ਦਿੱਤੀਆਂ ਸਨ ਅਤੇ ਆਪਣੀ ਸਾਰੀ ਆਮਦਨੀ ਇਸ ਪਵਿੱਤਰ ਕੰਮ ਲਈ ਲਾਉਣ ਦੇ ਫੈਸਲੇ ਦਾ ਐਲਾਨ ਕਰ ਦਿੱਤਾ ਸੀ। ਸੈਂਟ ਜੌਹਨ ਲੱਕੜੀ ਦੇ ਕਾਰਖਾਨੇ ਵਿਚ ਪੰਡਤ ਕਾਂਸ਼ੀ ਰਾਮ ਅਤੇ ਬਾਬਾ ਸੋਹਣ ਸਿੰਘ ਭਕਨਾ ਦੀ ਰਿਹਾਇਸ਼ ਸੀ। ਏਥੇ ਕਾਫੀ ਪੰਜਾਬੀ ਮਜ਼ਦੂਰ ਕੰਮ ਕਰਦੇ ਸਨ। ਛੁੱਟੀ ਵਾਲੇ ਦਿਨ ਇਹ ਸਾਰੇ ਬਾਬਾ ਜੁਆਲਾ ਸਿੰਘ ਦੇ ਫਾਰਮ 'ਤੇ ਇਕੱਠੇ ਹੁੰਦੇ ਸਨ ਅਤੇ ਮੁਲਕ ਦੀ ਹਾਲਤ ਬਾਰੇ ਵਿਚਾਰਾਂ ਕਰਦੇ ਸਨ। ਸ਼ਹੀਦ ਊਧਮ ਸਿੰਘ, ਜਿਹੜੇ ਫੌਜ ਵਿਚ ਇਨਸਟਰੱਕਟਰ ਰਹਿ ਚੁੱਕੇ ਸਨ, ਇਹਨਾਂ ਨੂੰ ਹਥਿਆਰ ਚਲਾਉਣ ਦੀ ਜੰਗੀ ਟਰੇਨਿੰਗ ਦਿੰਦੇ ਸਨ।

ਸਭ ਨੇ ਮਿਲ ਕੇ ਸਟਾਕਟਨ ਵਿਚ ਗੁਰਦੁਆਰਾ ਬਣਾ ਲਿਆ ਸੀ ਅਤੇ ਇਹ ਪੰਜਾਬੀਆਂ ਦੀ ਇਕੱਤਰਤਾ ਦਾ ਦੂਜਾ ਰਾਜਸੀ ਕੇਂਦਰ ਸੀ, ਜਿਥੇ ਗੁਰਬਾਣੀ ਦੇ ਨਾਲ-ਨਾਲ ਮੁਲਕ ਦੀ ਗ਼ੁਲਾਮੀ ਬਾਰੇ ਵੀ ਵਿਚਾਰਾਂ ਹੁੰਦੀਆਂ ਸਨ।

ਬਰਕਲੇ ਹੋਸਟਲ ਹਿੰਦੋਸਤਾਨੀ ਵਿਦਿਆਰਥੀਆਂ ਨੂੰ ਸਿਆਸੀ ਸੂਝ ਦੇਣ ਦਾ ਤੀਜਾ ਕੇਂਦਰ ਸੀ, ਜਿਸ ਦੀ ਅਗਵਾਈ ਲਾਲਾ ਹਰਦਿਆਲ ਦੇ ਹੱਥ ਵਿਚ ਸੀ।

ਅਮਰੀਕਾ ਅਤੇ ਕਨੇਡਾ ਵਿਚ ਵੱਖਰੇ-ਵੱਖਰੇ ਨਾਵਾਂ 'ਤੇ ਹਿੰਦੋਸਤਾਨੀਆਂ ਦੀਆਂ ਜਥੇਬੰਦੀਆਂ ਖੜ੍ਹੀਆਂ ਹੋ ਰਹੀਆਂ ਸਨ ਜਿਨ੍ਹਾਂ ਨੂੰ ਇਕ ਕੇਂਦਰ ਵਿਚ ਅਤੇ ਇਕਸੁਰਤਾ ਵਿਚ ਲਿਆਉਣ ਦੀ ਬੜੀ ਜ਼ਰੂਰਤ ਸੀ।

ਅਮਰੀਕਾ ਅਤੇ ਕਨੇਡਾ ਵਿਚ ਅੰਗਰੇਜ਼ਾਂ ਤੋਂ ਸਿਵਾ ਵਸਦੀਆਂ ਹੋਰ ਕੌਮਾਂ ਵਿਚੋਂ ਕਈਆਂ ਦੀ ਹਮਦਰਦੀ ਹਿੰਦੋਸਤਾਨੀਆਂ ਨਾਲ ਸੀ। ਅੰਗਰੇਜ਼ਾਂ ਵਿਚੋਂ ਵੀ ਇੰਟਰਨੈਸ਼ਨਲ ਵਰਕਰਜ ਔਫ 'ਦ ਵਰਲਡ (I.W.W.) ਨਾਲ ਸੰਬੰਧਤ ਵਿਅਕਤੀਆਂ ਅਤੇ ਸੋਸ਼ਲਿਸਟ ਖਿਆਲਾਂ ਦੇ ਲੋਕਾਂ ਦੀਆਂ ਹਮਦਰਦੀਆਂ ਵੀ ਹਿੰਦੋਸਤਾਨੀਆਂ ਨਾਲ ਸਨ।

ਇਹ ਹਮਦਰਦ ਹਿੰਦੋਸਤਾਨੀਆਂ ਨੂੰ ਅਹਿਸਾਸ ਕਰਾਇਆ ਕਰਦੇ ਸਨ ਕਿ ਅੱਠ ਕਰੋੜ ਦੀ ਅਬਾਦੀ ਵਾਲੇ ਅੰਗਰੇਜ਼ 33 ਕਰੋੜ ਹਿੰਦੋਸਤਾਨੀਆਂ ਦਾ ਆਪਣਾ ਕੋਈ ਝੰਡਾ ਨਹੀਂ ਹੈ। ਹਿੰਦੋਸਤਾਨੀਆਂ ਲਈ ਇਹ ਬੜੀ ਸ਼ਰਮਿੰਦਗੀ ਦੀ ਗੱਲ ਸੀ ਅਤੇ ਨਮੋਸ਼ੀ ਵਿਚ ਉਨ੍ਹਾਂ ਦਾ ਸਿਰ ਝੁਕ ਜਾਂਦਾ ਸੀ। ਅੱਜ ਭਾਵੇਂ ਇਹ ਗੱਲ ਬੜੀ ਸਧਾਰਨ ਲਗਦੀ ਹੋਵੇ ਪਰ ਉਸ ਵੇਲੇ ਜਦੋਂ ਗ਼ੁਲਾਮੀ ਕਾਰਨ ਹਰ ਪਾਸਿਓਂ ਧੱਕੇ ਪੈ ਰਹੇ ਸਨ ਤਾਂ ਅਜਿਹੇ ਅਹਿਸਾਸ ਬੜੇ ਚੁਭਦੇ ਸਨ। ਗ਼ਦਰ ਦੀ ਗੂੰਜ ਵਿਚ ਇਸਦਾ ਜ਼ਿਕਰ ਇਸ ਤਰ੍ਹਾਂ ਕੀਤਾ ਗਿਆ ਹੈ:

ਤੀਸ ਏਹ ਕਰੋੜ ਦੇਸ ਵਾਸੀ ਜਗ ਹਾਸੀ ਕਰੇ,
ਦਾਸੀ ਹੋਈ ਹਿੰਦ ਨੂੰ ਚੁਰਾਸੀਓਂ ਛੁਡਾਇਆ ਨਾ।

ਅੱਗੇ ਜਾ ਕੇ ਲਿਖਿਆ ਗਿਆ ਹੈ:

ਆਓ ਵੀਰੋ ਬੈਠ ਕੇ ਮਤਾ ਪਕਾ ਲਈਏ,
ਭਾਰਤ ਮੇਂ ਝੰਡਾ ਆਪਣਾ ਚੜ੍ਹਾ ਲਈਏ।
ਮੁਰਦਿਆਂ ਦਿਲਾਂ ਨੂੰ ਪਾਣ ਦੇਈਏ ਚਾੜ੍ਹ ਜੀ।
ਧਾਰ ਲੋ ਇਰਾਦਾ ਝੰਡਾ ਦੇਣਾ ਚਾੜ੍ਹ ਜੀ।

ਜੂਨ 1911 ਈ. ਨੂੰ ਜਾਰਜ ਪੰਚਮ ਦੀ ਤਾਜਪੋਸ਼ੀ ਦੇ ਜ਼ਸਨ ਮਨਾਉਣ ਦਾ ਦਿਨ ਸੀ। ਕਨੇਡਾ ਦੇ ਗਵਰਨਰ ਜਨਰਲ ਨੇ ਇਨ੍ਹਾਂ ਜਸ਼ਨਾਂ ਵਿਚ ਸ਼ਰੀਕ ਹੋਣ ਲਈ ਸਾਰੇ ਸਾਬਕਾ ਫੌਜੀਆਂ ਨੂੰ ਸੱਦਿਆ ਸੀ ਅਤੇ ਇਹ ਸੱਦਾ-ਪੱਤਰ ਹਿੰਦੋਸਤਾਨੀ ਪੁਰਾਣੇ ਫੌਜੀਆਂ ਨੂੰ ਵੀ ਆਏ। ਅੰਗਰੇਜ਼ ਅਤੇ ਕਨੇਡੀਅਨ ਫੌਜੀ ਬਾਵਰਦੀ ਆਪਣੇ ਤਮਗ਼ੇ ਲਾ ਕੇ ਹਾਜ਼ਰ ਹੋਏ ਸਨ ਪਰ ਹਿੰਦੋਸਤਾਨ ਦਾ ਇਕ ਵੀ ਪੰਜਾਬੀ ਸਾਬਕਾ ਫੌਜੀ ਇਸ ਵਿਚ ਸ਼ਾਮਲ ਨਾ ਹੋਇਆ। ਇਸ ਦੇ ਉਲਟ ਉਨ੍ਹਾਂ ਨੇ ਵੈਨਕੂਵਰ ਦੇ ਗੁਰਦੁਆਰੇ ਵਿਚ ਇਕੱਠ ਕਰਕੇ ਮਤਾ ਪਾਸ ਕੀਤਾ ਕਿ ਅੱਗੇ ਤੋਂ ਕੋਈ ਵੀ ਹਿੰਦੋਸਤਾਨੀ ਅਜੇਹੇ ਇਕੱਠਾਂ ਵਿਚ ਸ਼ਾਮਲ ਨਾ ਹੋਵੇ। ਕੋਈ ਵੀ ਸਾਬਕਾ ਫੌਜੀ ਆਪਣੀ ਵਰਦੀ ਤੇ ਤਮਗ਼ਿਆਂ ਨੂੰ ਇਸਤੇਮਾਲ ਨਾ ਕਰੇ, ਕਿਉਂਕਿ ਇਹ ਉਨ੍ਹਾਂ ਦੀ ਗ਼ੁਲਾਮੀ ਦੀਆਂ ਨਿਸ਼ਾਨੀਆਂ ਹਨ।

ਭਾਈ ਭਾਗ ਸਿੰਘ ਅਤੇ ਗਰੀਬ ਸਿੰਘ ਨੇ ਵੀ ਫੌਜ ਦੀ ਨੌਕਰੀ ਕੀਤੀ ਸੀ। ਉਨ੍ਹਾਂ ਨੇ ਆਪਣੇ ਡਿਸਚਾਰਜ ਸਰਟੀਫਿਕੇਟ, ਵਰਦੀਆਂ ਅਤੇ ਬਹਾਦਰੀ ਦੇ ਤਮਗੇ ਤੇ ਹਰ ਦਸਤਾਵੇਜ਼ ਲੋਕਾਂ ਦੇ ਇਕੱਠ ਵਿਚ ਅੱਗ ਲਾ ਕੇ ਫੂਕ ਦਿੱਤੇ ਸਨ।

ਬਾਬਾ ਜੁਆਲਾ ਸਿੰਘ ਦੀ ਕਨੇਡਾ ਫੇਰੀ

ਲਹਿਰ ਵਧਣ ਦੇ ਨਾਲ-ਨਾਲ ਕਨੇਡਾ ਅਤੇ ਅਮਰੀਕਾ ਵਿਚ ਵਸਦੇ ਪੰਜਾਬੀਆਂ ਦੀ ਸਿਆਸੀ ਸੂਝ ਵੀ ਵਧਦੀ ਗਈ ਅਤੇ ਉਹ ਹੋਰ ਲੜਾਕੂ ਹੁੰਦੇ ਗਏ। ਕਨੇਡਾ ਅਤੇ ਅਮਰੀਕਾ ਵਿਚ ਵਸਦੇ ਹਿੰਦੋਸਤਾਨੀਆਂ ਦੀਆਂ ਸਮੱਸਿਆਵਾਂ 'ਤੇ ਸਾਂਝਾ ਵਿਚਾਰ ਕਰਨ ਲਈ ਭਾਈ ਭਾਗ ਸਿੰਘ ਅਤੇ ਬਲਵੰਤ ਸਿੰਘ ਨੇ ਬਾਬਾ ਜੁਆਲਾ ਸਿੰਘ ਨੂੰ ਕਨੇਡਾ ਆਉਣ ਦਾ ਸੱਦਾ ਦਿੱਤਾ ਸੀ। ਬਾਬਾ ਜੁਆਲਾ ਸਿੰਘ ਜਦੋਂ ਪੋਰਟਲੈਂਡ ਹੋ ਕੇ ਕਨੇਡਾ ਆਉਣ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਵਿਕਟੋਰੀਆ ਹੋਟਲ ਵਿਚ ਕਰਤਾਰ ਸਿੰਘ ਸਰਾਭਾ ਮਿਲਿਆ। ਉਸ ਦੀ ਨੌਜਵਾਨ ਸਖਸ਼ੀਅਤ ਅਤੇ ਕਾਬਲੀਅਤ ਦਾ ਬਾਬਾ ਜੁਆਲਾ ਸਿੰਘ 'ਤੇ ਬੜਾ ਪ੍ਰਭਾਵ ਪਿਆ। ਉਨ੍ਹਾਂ ਨੇ ਸਰਾਭੇ ਨੂੰ ਬਰਕਲੇ ਯੂਨੀਵਰਸਿਟੀ ਵਿਚ ਦਾਖਲ ਹੋਣ ਲਈ ਮਨਾ ਲਿਆ ਅਤੇ ਲਾਲਾ ਹਰਦਿਆਲ ਕੋਲ ਭੇਜ ਦਿੱਤਾ। ਆਪ ਕਨੇਡਾ ਚਲੇ ਗਏ।

ਬਾਬਾ ਜੁਆਲਾ ਸਿੰਘ ਨੇ ਕਨੇਡਾ ਦੇ ਹਿੰਦੋਸਤਾਨੀਆਂ ਤੇ ਖਾਸ ਕਰਕੇ ਪੰਜਾਬੀ ਲੀਡਰਾਂ ਨਾਲ ਡੂੰਘੀਆਂ ਵਿਚਾਰਾਂ ਕਰਕੇ ਸਾਂਝਾ ਪ੍ਰੋਗਰਾਮ ਉਲੀਕਿਆ। ਬਾਬਾ ਜੀ ਨੂੰ

ਉਹ ਥਾਵਾਂ ਵੀ ਦਿਖਾਈਆਂ ਗਈਆਂ ਜਿਥੇ ਅੰਗਰੇਜ਼ਾਂ ਨੇ ਰੈੱਡ ਇੰਡੀਅਨਾਂ ਨਾਲ ਸੰਧੀਆਂ ਕਰਕੇ ਦਗ਼ਾ ਦਿੱਤਾ ਸੀ ਤੇ ਉਨ੍ਹਾਂ ਦੇ ਟਿਕਾਣਿਆਂ 'ਤੇ ਕਬਜ਼ਾ ਕਰ ਲਿਆ ਸੀ। ਕਨੇਡਾ ਵਿਚ ਵਸਦੇ ਪੰਜਾਬੀਆਂ ਦੀ ਹਿੰਮਤ, ਦਲੇਰੀ ਅਤੇ ਜਥੇਬੰਦੀ ਨੇ ਬਾਬਾ ਜੁਆਲਾ ਸਿੰਘ ਨੂੰ ਕਾਫੀ ਪ੍ਰਭਾਵਿਤ ਕੀਤਾ ਸੀ।

22 ਫਰਵਰੀ, 1913 ਨੂੰ ਕਨੇਡਾ ਵਿਚ ਵਸਦੇ ਹਿੰਦੋਸਤਾਨੀਆਂ ਦਾ ਇਕੱਠ ਕੀਤਾ ਗਿਆ ਸੀ। ਇੰਡੀਆ ਲੀਗ ਅਤੇ ਖ਼ਾਲਸਾ ਦੀਵਾਨ ਵੱਲੋਂ ਇਹ ਫੈਸਲਾ ਲਿਆ ਗਿਆ ਕਿ ਕਨੇਡਾ ਤੋਂ ਭਾਈ ਬਲਵੰਤ ਸਿੰਘ ਤੇ ਨਰੈਣ ਸਿੰਘ ਅਤੇ ਅਮਰੀਕਾ ਤੋਂ ਨੰਦ ਸਿੰਘ ਸੀਹਰਾ ਇਕ ਡੈਪੂਟੇਸ਼ਨ ਦੀ ਸ਼ਕਲ ਵਿਚ ਇੰਗਲੈਂਡ ਜਾਣ ਅਤੇ ਬਰਤਾਨਵੀ ਹਕੂਮਤ ਅੱਗੇ ਪੇਸ਼ ਹੋ ਕੇ ਕਨੇਡਾ ਦੇ ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਹੱਲ ਦੀ ਮੰਗ ਕਰਨ। ਜੇਕਰ ਕੋਈ ਸੁਣਵਾਈ ਨਹੀਂ ਹੁੰਦੀ ਅਤੇ ਤਸੱਲੀਬਖ਼ਸ਼ ਹੱਲ ਨਹੀਂ ਨਿਕਲਦਾ ਤਾਂ ਇਹ ਡੈਪੂਟੇਸ਼ਨ ਹਿੰਦੋਸਤਾਨ ਨੂੰ ਚਲਾ ਜਾਵੇ, ਹਿੰਦੋਸਤਾਨ ਵਿਚ ਹਰ ਪਾਰਟੀ ਨੂੰ ਮਿਲੇ ਅਤੇ ਜਲਸੇ ਲਾ ਕੇ ਕਨੇਡਾ ਵਿਚ ਵਸਦੇ ਭਾਰਤੀਆਂ ਨਾਲ ਹੋ ਰਹੇ ਵਿਤਕਰੇ ਬਾਰੇ ਲੋਕਾਂ ਨੂੰ ਜਾਣੂੰ ਕਰਾਵੇ।

ਕਨੇਡਾ ਦੇ ਡੈਪੂਟੇਸ਼ਨ ਦੀ ਲੰਡਨ ਤੇ ਹਿੰਦੋਸਤਾਨ ਨੂੰ ਰਵਾਨਗੀ

14 ਮਾਰਚ, 1913 ਨੂੰ ਭਾਈ ਬਲਵੰਤ ਸਿੰਘ, ਨਰੈਣ ਸਿੰਘ ਤੇ ਨੰਦ ਸਿੰਘ ਸੀਹਰਾ 'ਤੇ ਅਧਾਰਤ ਇਕ ਡੈਪੂਟੇਸ਼ਨ ਲੰਡਨ ਪਹੁੰਚ ਗਿਆ ਸੀ। ਕਲੋਨੀਆਂ ਦੇ ਸਕੱਤਰ ਹਰਕੋਟ ਨੇ ਡੈਪੂਟੇਸ਼ਨ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਨੇ ਕੈਕਸਟਨ ਹਾਲ ਵਿਚ 14 ਮਈ 1913 ਨੂੰ ਇਕ ਜਲਸਾ ਕੀਤਾ ਅਤੇ ਬਾਅਦ ਵਿਚ ਉਨ੍ਹਾਂ ਨੇ ਕੈਂਬਰੇਜ ਤੇ ਲੰਡਨ ਵਿਚ ਹੋਰ ਵੀ ਜਲਸੇ ਕੀਤੇ। ਇਨ੍ਹਾਂ ਜਲਸਿਆਂ ਵਿਚ ਪੇਸ਼ ਕੀਤੇ ਮਸਲਿਆਂ ਬਾਰੇ ਬਰਤਾਨੀਆ ਦੀ ਪ੍ਰੈੱਸ ਨੇ ਕਾਫੀ ਕੁਝ ਲਿਖਿਆ ਸੀ।

ਇਹ ਡੈਪੂਟੇਸ਼ਨ ਬਰਤਾਨੀਆ ਤੋਂ ਹਿੰਦੋਸਤਾਨ ਚਲਾ ਗਿਆ ਸੀ। ਮਦਰਾਸ ਵਿਚ ਉਹ ਨੈਤਸਨ ਨੂੰ ਮਿਲੇ ਅਤੇ ਬੰਬਈ ਵਿਚ ਮਹਿਤਾ ਤੇ ਨਾਸ਼ਾ ਨਾਲ ਵਿਚਾਰ-ਵਟਾਂਦਰਾ ਕੀਤਾ ਸੀ।

ਪੰਜਾਬ ਵਿਚ ਆ ਕੇ ਡੈਪੂਟੇਸ਼ਨ ਦੇ ਇਹ ਮੈਂਬਰ ਵੱਖ-ਵੱਖ ਰਾਜਸੀ ਵਿਚਾਰਾਂ ਵਾਲੇ ਆਗੂਆਂ ਅਤੇ ਸਮਾਜ ਸੁਧਾਰਕਾਂ ਨੂੰ ਮਿਲੇ ਸਨ ਜਿਨ੍ਹਾਂ ਵਿਚ ਸਰ ਮੁਹੰਮਦ ਸ਼ਫੀ, ਹਰਕਿਸ਼ਨ ਲਾਲਾ ਗਾਬਾ ਆਦਿ ਸ਼ਾਮਲ ਸਨ। ਪੰਜਾਬ ਦੀਆਂ ਅਖ਼ਬਾਰਾਂ ਖਾਸ ਕਰ ਟ੍ਰਿਬਿਊਨ ਨੇ ਇਸ ਬਾਰੇ ਬੜਾ ਕੁਝ ਲਿਖਿਆ। ਬਾਅਦ ਵਿਚ ਡੈਪੂਟੇਸ਼ਨ ਪੰਜਾਬ ਦੇ ਗਵਰਨਰ ਮਾਈਕਲ ਅਡਵਾਇਰ ਅਤੇ ਵਾਇਸਰਾਏ ਹਾਰਡਿੰਗ ਨੂੰ ਵੀ ਮਿਲਿਆ ਸੀ।

ਕਨੇਡਾ ਵਿਚ ਵਸਦੇ ਹਿੰਦੋਸਤਾਨੀਆਂ ਦੀਆਂ ਮੁਸ਼ਕਲਾਂ ਲੋਕਾਂ ਸਾਹਮਣੇ ਰੱਖਣ ਲਈ ਜਲੰਧਰ, ਲੁਧਿਆਣਾ, ਹੁਸ਼ਿਆਰਪੁਰ, ਗੁਜਰਾਂਵਾਲਾ, ਰਾਵਲਪਿੰਡੀ ਤੇ ਸਿਆਲਕੋਟ

ਆਦਿ ਜ਼ਿਲ੍ਹਾ ਹੈਡਕੁਆਟਰਾਂ 'ਤੇ ਵੀ ਮੀਟਿੰਗਾਂ ਕੀਤੀਆਂ ਗਈਆਂ ਸਨ। 1913 'ਚ ਹੋਏ ਕਾਂਗਰਸ ਦੇ ਕਰਾਚੀ ਅਜਲਾਸ ਵਿਚ ਵੀ ਇਕ ਮਤਾ ਪਾਸ ਕਰਕੇ ਕਨੇਡਾ ਦੇ ਹਿੰਦੋਸਤਾਨੀਆਂ ਦੀਆਂ ਮੰਗਾਂ ਮੰਨਣ ਦੀ ਮੰਗ ਕੀਤੀ ਗਈ ਸੀ। ਮੁਸਲਿਮ ਲੀਗ ਨੇ ਵੀ ਇਸ ਦੀ ਤਾਈਦ ਕੀਤੀ ਸੀ। ਇਹ ਇਸ ਤਿੰਨ ਮੈਂਬਰੀ ਡੈਪੂਟੇਸ਼ਨ ਦੀ ਭਰਪੂਰ ਕਾਮਯਾਬੀ ਸੀ।

ਭਾਵੇਂ ਕਿ ਹਿੰਦੋਸਤਾਨ ਦੀ ਸਰਕਾਰ 'ਤੇ ਇਸ ਦਾ ਕੋਈ ਅਸਰ ਨਾ ਹੋਇਆ ਪਰ ਲੋਕਾਂ ਨੂੰ ਕਨੇਡਾ ਵਸਦੇ ਹਿੰਦੋਸਤਾਨੀਆਂ ਦੀਆਂ ਮੁਸ਼ਕਿਲਾਂ ਦਾ ਜ਼ਰੂਰ ਪਤਾ ਲੱਗ ਗਿਆ ਸੀ।

ਹਿੰਦੋਸਤਾਨ ਵਿਚ ਮਿਲੇ ਇਸ ਹੁੰਗਾਰੇ ਨਾਲ ਡੈਪੂਟੇਸ਼ਨ ਦੇ ਇਨ੍ਹਾਂ ਮੈਂਬਰਾਂ ਨੂੰ ਇਹ ਵਹਿਮ ਹੋ ਗਿਆ ਕਿ ਹਿੰਦੋਸਤਾਨ ਦੇ ਮੁਦੱਬਰ, ਵਿਦਵਾਨ ਉਨ੍ਹਾਂ ਦੀ ਪਿੱਠ ਉੱਤੇ ਹਨ। ਪ੍ਰੰਤੂ ਬਾਅਦ ਨੂੰ ਜੋ ਕੁਝ ਵਾਪਰਿਆ ਉਹ ਇਸ ਦੇ ਉਲਟ ਨਿਕਲਿਆ। ਮਾਰਚ 1914 ਵਿਚ ਭਾਈ ਬਲਵੰਤ ਸਿੰਘ ਕਨੇਡਾ ਵਾਪਸ ਚਲੇ ਗਏ ਸਨ।

ਇਨ੍ਹੀਂ ਦਿਨੀਂ ਭਾਈ ਭਗਵਾਨ ਸਿੰਘ ਮਲਾਇਆ ਤੇ ਹਾਂਗਕਾਂਗ ਆਦਿ ਥਾਵਾਂ 'ਤੇ ਧੱਕੇ ਖਾ ਕੇ ਕਨੇਡਾ ਪਹੁੰਚ ਚੁੱਕੇ ਸਨ। ਭਾਈ ਭਗਵਾਨ ਸਿੰਘ ਲਾਹੌਰ ਜ਼ਿਲ੍ਹੇ ਦੇ ਆਪਣੇ ਪਿੰਡ ਬੜ੍ਹਿੰਗ ਤੋਂ 1990 ਵਿਚ ਪੀਨਾਂਗ (ਮਲਾਇਆ) ਵਿਚ ਆ ਗਏ ਸਨ। ਉਹ ਬੜੇ ਵਿਦਵਾਨ ਸਨ ਜਿਸ ਕਰਕੇ ਗੁਰਦੁਆਰੇ ਵਿਚ ਉਨ੍ਹਾਂ ਨੂੰ ਨੌਕਰ ਰੱਖ ਲਿਆ ਗਿਆ ਸੀ। ਜਦੋਂ ਉਨ੍ਹਾਂ ਨੇ ਦੇਸ ਦੀ ਅਜ਼ਾਦੀ ਦੀਆਂ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ ਤਾਂ ਗੁਰਦੁਆਰਾ ਕਮੇਟੀ ਨੇ ਉਨ੍ਹਾਂ ਨੂੰ ਨੌਕਰੀਓਂ ਬਰਤਰਫ ਕਰ ਦਿੱਤਾ ਸੀ। ਭਾਈ ਭਗਵਾਨ ਸਿੰਘ ਮਲਾਇਆ ਛੱਡ ਕੇ ਹਾਂਗਕਾਂਗ ਚਲੇ ਗਏ ਜਿਥੇ ਉਨ੍ਹਾਂ ਦੀ ਵਿਦਵਤਾ ਨੇ ਫੇਰ ਗੁਰਦੁਆਰੇ ਦੀ ਨੌਕਰੀ ਦੁਆ ਦਿੱਤੀ ਸੀ। ਇਥੇ ਵੀ ਉਹ ਦੇਸ ਦੀ ਆਜ਼ਾਦੀ ਦੀਆਂ ਗੱਲਾਂ ਕਰਨ ਤੋਂ ਨਾ ਟਲ਼ੇ। ਇਸ ਆਦਤਨ ਮਜਬੂਰੀ ਸਦਕਾ ਹੀ ਉਨ੍ਹਾਂ ਨੂੰ ਹਾਂਗਕਾਂਗ ਦੇ ਗੁਰਦੁਆਰੇ ਦੀ ਨੌਕਰੀ ਤੋਂ ਵੀ ਜਵਾਬ ਹੋ ਗਿਆ ਸੀ। ਏਥੋਂ ਭਾਈ ਭਗਵਾਨ ਸਿੰਘ ਆਪਣਾ ਨਾਂ ਨੱਥਾ ਸਿੰਘ ਰੱਖ ਕੇ ਕਨੇਡਾ ਪਹੁੰਚ ਗਏ ਸਨ। ਕਨੇਡਾ ਵਿਚ ਪਹਿਲਾਂ ਹੀ ਅਜ਼ਾਦੀ ਦੀ ਲਹਿਰ ਚੱਲ ਰਹੀ ਸੀ।

ਭਾਈ ਭਗਵਾਨ ਸਿੰਘ ਤਕਰੀਰਾਂ ਕਰਦੇ ਅਤੇ ਕਵਿਤਾਵਾਂ ਲਿਖਦੇ ਸਨ। ਉਨ੍ਹਾਂ ਵਲੋਂ ਕੀਤੀਆਂ ਬਾਗੀਆਨਾਂ ਤਕਰੀਰਾਂ ਦੀਆਂ ਹਾਪਕਿਨਸਨ ਨੇ ਰੀਪਰਟਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਪੁਲਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਨੂੜ ਕੇ ਜਹਾਜ਼ ਵਿਚ ਸੁੱਟ ਕੇ ਹਾਂਗਕਾਂਗ ਵੱਲ ਤੋਰ ਦਿੱਤਾ। ਹੁਸ਼ਿਆਰੀ ਤੋਂ ਕੰਮ ਲੈਂਦਿਆਂ ਉਹ ਜਪਾਨ ਪਹੁੰਚ ਗਏ ਜਿਥੇ ਉਹ ਬਰਕਤਉੱਲ੍ਹਾ ਨੂੰ ਮਿਲੇ ਸਨ।

ਭਾਈ ਭਗਵਾਨ ਸਿੰਘ ਦੀ ਗ੍ਰਿਫਤਾਰੀ ਅਤੇ ਦੇਸ਼ ਨਿਕਾਲੇ ਨੇ ਕਨੇਡਾ ਵਸਦੇ ਹਿੰਦੋਸਤਾਨੀਆਂ ਵਿਚ ਰੋਹ ਦਾ ਭਾਂਬੜ ਬਾਲ ਦਿੱਤਾ ਸੀ।

ਗ਼ਦਰ ਪਾਰਟੀ ਦੀ ਸਥਾਪਨਾ

ਹੱਥਾਂ ਬਾਜ ਕਰਾਰਿਆਂ ਵੈਰੀ ਮਿੱਤ ਨਾ ਹੋਏ

ਗ਼ਦਰ ਦਾ ਅਰਥ ਇਨਕਲਾਬ ਹੈ। ਗ਼ਦਰ ਪਾਰਟੀ ਨਾਲ ਸਬੰਧਤ ਲੋਕਾਂ ਨੇ ਗ਼ਦਰ ਲਫ਼ਜ਼ ਇਨਕਲਾਬ ਵਾਸਤੇ ਵਰਤਿਆ ਹੈ। ਫਰਾਂਸ ਅਤੇ ਰੂਸ ਦੇ ਇਨਕਲਾਬਾਂ ਨੂੰ ਉਨ੍ਹਾਂ ਨੇ ਗ਼ਦਰ ਲਿਖਿਆ ਹੈ। ਉਨ੍ਹਾਂ ਨੇ ਇਸ ਬਗਾਵਤ ਜਾਂ ਮਿਊਟਨੀ ਕਦੇ ਨਹੀਂ ਕਿਹਾ। ਜਿਸ ਤਰ੍ਹਾਂ ਭਗਤ ਸਿੰਘ ਨੇ ਇਨਕਲਾਬ ਨੂੰ ਰੈਵ੍ਹੋਲੂਸ਼ਨ ਲਈ ਵਰਤਿਆ, ਏਸੇ ਤਰ੍ਹਾਂ ਗ਼ਦਰੀਆਂ ਨੇ ਗ਼ਦਰ ਨੂੰ ਰੈਵੋਲੂਸ਼ਨ ਲਈ ਪ੍ਰਚਲਤ ਕੀਤਾ ਸੀ।

ਅਮਰੀਕਾ ਅਤੇ ਕਨੇਡਾ ਵਿਚ ਚਲਦੀ ਲਹਿਰ ਨੇ ਸੱਤ ਸਾਲਾਂ ਵਿਚ ਬੜੇ ਕਰਵਟ ਬਦਲੇ ਸਨ: ਅਰਜ਼ਦਾਸ਼ਤਾਂ ਤੋਂ ਲੈ ਕੇ ਅੰਦੋਲਨ ਤਕ। ਦੋਹਾਂ ਦੇਸਾਂ ਵਿਚ ਹਿੰਦੋਸਤਾਨੀ ਪ੍ਰਵਾਸੀਆਂ ਦੇ ਅੰਦੋਲਨ ਨੂੰ ਇਕ ਸੁਰ ਸਾਂਝੀ ਸੇਧ ਦੇਣ ਲਈ ਇਕ ਅਖ਼ਬਾਰ ਦੀ ਜ਼ਰੂਰਤ ਪੈਦਾ ਹੋ ਗਈ ਸੀ। ਕਨੇਡਾ ਅੰਗਰੇਜ਼ਾਂ ਦੇ ਰਾਜ ਦਾ ਇਕ ਹਿੱਸਾ ਹੋਣ ਕਾਰਨ ਉਥੇ ਅਮਰੀਕਾ ਵਾਂਗ ਖੁੱਲ੍ਹ ਕੇ ਕੰਮ ਕਰਨਾ ਸੰਭਵ ਨਹੀਂ ਸੀ, ਜਿਸ ਕਰਕੇ ਅਜ਼ਾਦੀ ਦੀ ਲਹਿਰ ਦੇ ਰੋਜ਼-ਬ-ਰੋਜ਼ ਇਨਕਲਾਬੀ ਰੂਪ ਦਾ ਖੁੱਲਾ ਕੇਂਦਰ ਅਮਰੀਕਾ ਹੀ ਹੋ ਸਕਦਾ ਸੀ।

ਜਗਹ-ਜਗਹ ਖਿੱਲਰੇ ਇਨਕਲਾਬੀ ਮੋਤੀਆਂ ਨੂੰ ਇਕ ਲੜੀ ਵਿਚ ਪਰੋਣ ਦਾ ਕੰਮ ਲਾਲਾ ਹਰਦਿਆਲ ਦੀ ਅਗਵਾਈ ਵਿਚ ਬਰਕਲੇ ਦੇ ਬੁੱਧੀਜੀਵੀਆਂ ਨੇ ਸੰਭਾਲ ਲਿਆ ਸੀ। ਆਮ ਸਭਾਵਾਂ ਵਿਚ ਪਹਿਲੋਂ-ਪਹਿਲ ਲਾਲਾ ਹਰਦਿਆਲ ਦੀ ਮੁੱਖ ਤਕਰੀਰਾਂ ਕਰਿਆ ਕਰਦੇ ਸਨ। ਪਰ ਇਨ੍ਹਾਂ ਤਕਰੀਰਾਂ ਦਾ ਸਿਲਸਿਲਾ ਠਾਕਰ ਦਾਸ ਧੂਰੀ ਉਰਫ਼ ਗ਼ੁਲਾਮ ਹੁਸੈਨ ਨੇ ਸ਼ੁਰੂ ਕੀਤਾ ਸੀ, ਜਿਹੜਾ 1905 ਵਿਚ ਅਮਰੀਕਾ ਆਇਆ ਸੀ ਅਤੇ 1907 ਵਿਚ ਵਾਪਸ ਹਿੰਦੋਸਤਾਨ ਪਰਤ ਗਿਆ ਸੀ। 1907 ਵਿਚ 'ਪਗੜੀ ਸੰਭਾਲ ਜੱਟਾ' ਲਹਿਰ ਵਿਚ ਹਿੱਸਾ ਲੈਣ ਕਾਰਨ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ। ਜ਼ਮਾਨਤ 'ਤੇ ਰਿਹਾ ਹੋਣ ਮਗਰੋਂ ਉਹ ਮਫ਼ਰੂਰ ਹੋ ਕੇ ਈਰਾਨ ਚਲਾ ਗਿਆ ਸੀ। ਉਥੇ ਉਹ ਸਰਦਾਰ ਅਜੀਤ ਸਿੰਘ ਅਤੇ ਅੰਬਾ ਪ੍ਰਸਾਦ ਸੂਫ਼ੀ ਕੋਲ ਪਹੁੰਚ ਗਿਆ ਸੀ ਅਤੇ ਉਸਨੇ ਆਪਦਾ ਨਾਂ ਬਦਲ ਕੇ ਗ਼ੁਲਾਮ ਹੁਸੈਨ ਰੱਖ ਲਿਆ ਸੀ। ਏਥੋਂ ਉਹ ਈਰਾਨੀ ਪਾਸਪੋਰਟ ਪ੍ਰਾਪਤ ਕਰਕੇ ਫੇਰ ਅਮਰੀਕਾ ਪਹੁੰਚ ਗਿਆ ਸੀ। ਤਕਰੀਰਾਂ ਦੀ ਆਮ ਮੁਹਿੰਮ 25 ਮਾਰਚ 1913 ਨੂੰ ਬਰਕਲੇ ਦੇ ਪੋਰਟਲੈਂਡ ਤੋਂ ਸ਼ੁਰੂ ਹੋਈ ਸੀ, ਜਿਥੇ ਭਾਈ ਪਰਮਾਨੰਦ ਦੀ ਪ੍ਰੇਰਨਾ ਅਤੇ ਅਸ਼ੀਰਵਾਦ ਲਾਲਾ ਹਰਦਿਆਲ ਨੂੰ ਮਿਲਿਆ ਸੀ। ਏਥੇ ਹੀ ਭਾਈ ਪਰਮਾਨੰਦ ਦੀ ਰਿਹਾਇਸ਼ ਸੀ।

ਇਸ ਤੋਂ ਬਾਅਦ ਭਾਈ ਪਰਮਾਨੰਦ ਤਾਂ ਭਾਰਤ ਪਰਤ ਆਇਆ ਸੀ ਪਰ ਲਾਲਾ ਹਰਦਿਆਲ, ਗ਼ੁਲਾਮ ਹੁਸੈਨ, ਰਾਮ ਚੰਦਰ ਪੇਸ਼ਾਵਰੀਆ, ਪੰਡਤ ਕਾਂਸ਼ੀ ਰਾਮ ਮੜੌਲੀ (ਅੰਬਾਲਾ) ਅਤੇ ਬਾਬਾ ਸੋਹਣ ਸਿੰਘ ਭਕਨਾ ਨੇ ਕੈਲੇਫੋਰਨੀਆਂ ਦਾ ਦੌਰਾ ਸ਼ੁਰੂ ਕਰ

ਦਿੱਤਾ ਸੀ ਥਾਂ-ਥਾਂ 'ਤੇ ਇਨ੍ਹਾਂ ਨੇ ਪੰਜਾਬੀਆਂ ਦੇ ਇਕੱਠ ਕਰਕੇ ਤਕਰੀਰਾਂ ਕੀਤੀਆਂ, ਜਿਨ੍ਹਾਂ ਵਿਚ ਮੁਖ ਬੁਲਾਰਾ ਲਾਲਾ ਹਰਦਿਆਲ ਹੀ ਹੁੰਦਾ। ਵਾਅਦਾ-ਮੁਆਫ਼ ਗਵਾਹ ਨਵਾਬ ਖ਼ਾਨ ਹਲਵਾਰਾ ਵੀ ਇਨ੍ਹਾਂ ਦੇ ਨਾਲ ਹੋਣ ਦਾ ਦਾਅਵਾ ਕਰਦਾ ਹੈ।

ਇਨ੍ਹਾਂ ਤਕਰੀਰਾਂ ਦੇ ਤੱਤ ਇਸ ਤਰ੍ਹਾਂ ਹੁੰਦੇ ਸਨ: ਤੁਸੀਂ ਅਮਰੀਕਾ ਆਏ ਹੋ। ਇਸ ਮੁਲਕ ਦੀ ਤਰੱਕੀ ਨੂੰ ਤੁਸੀਂ ਦੇਖ ਲਿਆ ਹੈ। ਇਸ ਤਰੱਕੀ ਦਾ ਰਾਜ ਕੀ ? ਅਮਰੀਕਾ ਵਿਚ ਅਮਰੀਕਨਾਂ ਦਾ ਆਪਣਾ ਰਾਜ ਹੈ। ਅਸੀਂ ਅੰਗਰੇਜ਼ਾਂ ਦੇ ਗ਼ੁਲਾਮ ਹਾਂ। ਖ਼ੁਦਗਰਜ਼ ਅੰਗਰੇਜ਼ ਸਾਨੂੰ ਲੁੱਟੀ ਜਾਂਦਾ ਹੈ। ਸਾਡੀ ਜ਼ਮੀਨ ਭਾਵੇਂ ਬੜੀ ਉਪਜਾਊ ਹੈ ਫਿਰ ਵੀ ਕਾਲ ਪੈ ਰਹੇ ਹਨ ਤੇ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਵਿੱਦਿਆ ਅਤੇ ਸਿਹਤ 'ਤੇ ਨਾਮਾਤਰ ਖਰਚ ਹੁੰਦਾ ਹੈ, ਆਦਿ। ਆਓ ਮਜ਼ਹਬੀ ਵਿਤਕਰਿਆਂ ਤੋਂ ਉੱਤੇ ਉੱਠ ਹਿੰਦ ਨੂੰ ਅਜ਼ਾਦ ਕਰਾਉਣ ਲਈ ਜੂਝੀਏ। ਮੁਲਕ ਲਈ ਕੁਰਬਾਨੀਆਂ ਕਰਨ ਲਈ ਅੱਗੇ ਆਓ। ਅਸੀਂ ਪ੍ਰਦੇਸ਼ਾਂ ਵਿਚ ਰੁਲ ਰਹੇ ਹਾਂ, ਸਾਡੇ ਬੀਵੀ ਬੱਚੇ ਇੰਡੀਆ ਰੁਲ ਰਹੇ ਹਨ... ਕੌਣ ਪੁੱਛੇ ਇਨ੍ਹਾਂ ਹਕੂਮਤਾਂ ਨੂੰ ਕਿ ਜਿਸ ਜਗਹ ਆਦਮੀ ਜਾਵੇ ਉਸ ਜਗਹ ਉਸ ਦੀ ਘਰ ਵਾਲੀ ਵੀ ਜਾ ਸਕਦੀ ਹੈ। ਇਹ ਕੌਮਾਂਤਰੀ ਦਸਤੂਰ ਹੈ ਪਰ ਇਹ ਸਾਡੇ 'ਤੇ ਲਾਗੂ ਨਹੀਂ ਹੁੰਦਾ ਕਿਉਂਕਿ ਅਸੀਂ ਗ਼ੁਲਾਮ ਹਾਂ....ਇਕੋ ਇਕ ਰਾਹ ਹੈ ਗ਼ਦਰ। ਮੁਲਕ ਅਜ਼ਾਦ ਕਰਾਉਣ ਲਈ ਰੈਵੂਲੂਸ਼ਨ ਲਿਆਉਣਾ ਹੀ ਪਵੇਗਾ।

ਵਾਅਦਾ-ਮੁਆਫ਼ ਗਵਾਹ ਨਵਾਬ ਖ਼ਾਨ ਨੇ ਕਚਹਿਰੀ ਵਿਚ ਬਿਆਨ ਦਿੰਦਿਆਂ ਕਿਹਾ ਸੀ: ਇਕ ਦਿਨ ਹਰਦਿਆਲ ਦੀ ਤਕਰੀਰ ਤੋਂ ਬਾਅਦ ਇਕ ਅਮਰੀਕਨ ਨੇ ਉਸ 'ਤੇ ਸਵਾਲ ਕੀਤਾ ਸੀ ਹਿੰਦੁਸਤਾਨ ਦੀ ਅਬਾਦੀ ਕਿੰਨੀ ਹੈ? ਉਸ ਨੇ ਜਵਾਬ ਦਿੱਤਾ ਸੀ ਮਰਦਮਸ਼ੁਮਾਰ ਮੂਜਬ 33 ਕਰੋੜ। ਉਸ ਨੇ ਫੇਰ ਪੁੱਛਿਆ: ਇੰਡੀਆ ਵਿਚ ਅੰਗਰੇਜ਼ਾਂ ਦੀ ਗਿਣਤੀ ਕਿੰਨੀ ਹੈ? ਹਰਦਿਆਲ ਨੇ ਕਿਹਾ ਡੇਢ ਲੱਖ ਤਾਂ ਉਸ ਅਮਰੀਕਨ ਨੇ ਕਿਹਾ: ਇਸ ਗਿਣਤੀ ਨੂੰ ਤਾਂ ਤੁਸੀਂ ਪੱਥਰ ਮਾਰ ਕੇ ਹੀ ਕੱਢ ਸਕਦੇ ਹੋ।

ਜਿਉਂ-ਜਿਉਂ ਸਮਾਂ ਬੀਤਦਾ ਗਿਆ ਇਕ ਅਖ਼ਬਾਰ ਦੀ ਲੋੜ ਵਧੇਰੇ ਮਹਿਸੂਸ ਹੋਣ ਲੱਗੀ। ਜਿਸ ਲਈ ਕਾਫ਼ੀ ਫ਼ੰਡ ਦੀ ਲੋੜ ਸੀ। ਫੰਡ ਵਾਸਤੇ ਅਪੀਲਾਂ ਕੀਤੀਆਂ ਗਈਆਂ। ਪੰਡਤ ਕਾਂਸ਼ੀ ਰਾਮ ਮੜੌਲੀ ਨੇ ਆਪਣਾ 300 ਡਾਲਰ ਨਾਲ ਖਰੀਦਿਆ ਹੋਇਆ ਪਲਾਟ ਫੰਡ ਵਿਚ ਦੇ ਦਿੱਤਾ ਸੀ। ਹਰ ਥਾਂ ਤੋਂ ਫੰਡ ਉਗਰਾਹੀ ਆਉਣ ਲੱਗੀ। ਕਈਆਂ ਨੇ ਆਪਣੀ ਕਮਾਈ ਵਿਚੋਂ ਹਰ ਮਹੀਨੇ ਫੰਡ ਦੇਣ ਦਾ ਵੀ ਵਾਅਦਾ ਕੀਤਾ।

21 ਅਪ੍ਰੈਲ 1913 ਨੂੰ ਹਿੰਦੀ ਪ੍ਰਵਾਸੀਆਂ ਨੇ ਅਸਟੋਰੀਆ ਵਿਚ ਆਪਣਾ ਇਕ ਅਜਲਾਸ ਕੀਤਾ ਜਿਸ ਵਿਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਇਕ ਕੇਂਦਰੀ ਜਥੇਬੰਦੀ ਬਣਾਈ ਜਾਵੇ, ਜਿਸ ਦਾ ਨਾਂ ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ ਰੱਖਿਆ ਜਾਵੇ। ਉਰਦੂ ਅਤੇ ਪੰਜਾਬੀ ਵਿਚ ਹਫਤਾਵਾਰ ਕੱਢਿਆ ਜਾਵੇ ਜਿਸ ਦਾ ਨਾਂ 'ਗ਼ਦਰ' ਹੋਵੇ। ਸੰਸਥਾ ਦਾ ਕੇਂਦਰੀ ਦਫ਼ਤਰ ਸਨਫਰਾਂਸਿਸਕੋ ਵਿਚ ਹੋਵੇਗਾ ਜਿਸ ਨੂੰ ਯੁਗਾਂਤਰ ਆਸ਼ਰਮ ਕਹਿ ਕੇ ਪੁਕਾਰਿਆ ਜਾਵੇਗਾ। ਅਜਲਾਸ ਨੇ ਸਰਬਸੰਮਤੀ

ਨਾਲ ਬਾਬਾ ਸੋਹਣ ਸਿੰਘ ਭਕਨਾ ਨੂੰ ਪ੍ਰਧਾਨ, ਲਾਲਾ ਹਰਦਿਆਲ ਨੂੰ ਜਨਰਲ ਸਕੱਤਰ ਅਤੇ ਕਾਂਸ਼ੀ ਰਾਮ ਮੜੌਲੀ ਨੂੰ ਖਜ਼ਾਨਚੀ ਚੁਣ ਲਿਆ। ਇਸ ਜਥੇਬੰਦੀ ਦਾ ਮੰਤਵ ਹਿੰਦੁਸਤਾਨ ਵਿਚ ਹਥਿਆਰਬੰਦ ਇਨਕਲਾਬ ਕਰਕੇ ਜਮਹੂਰੀ ਰੀਪਬਲਿਕ ਕਾਇਮ ਕਰਨਾ ਸੀ। ਇਸ ਜਥੇਬੰਦੀ ਦੇ ਵਿਧਾਨ ਵਿਚ ਦਰਜ ਸੀ ਕਿ ਇਸ ਦੀਆਂ ਮੀਟਿੰਗਾਂ ਵਿੱਚ ਕੋਈ ਵੀ ਮਜ਼ਹਬੀ ਬਹਿਸ ਨਹੀਂ ਹੋਵੇਗੀ। ਮਜ਼ਹਬ ਹਰ ਕਿਸੇ ਦਾ ਆਪਣਾ ਨਿੱਜੀ ਮਾਮਲਾ ਹੈ। ਛੂਤਛਾਤ ਵਿਚ ਯਕੀਨ ਰੱਖਣ ਵਾਲਾ ਆਦਮੀ ਇਸ ਦਾ ਮੈਂਬਰ ਨਹੀਂ ਬਣ ਸਕਦਾ। ਇਸ ਤੋਂ ਬਿਨਾਂ ਡੈਮੋਕਰੈਟਿਕ ਚੋਣ ਦੇ ਨਿਯਮ, ਲੋਕ ਕਮੇਟੀਆਂ ਅਤੇ ਕੇਂਦਰੀ ਕਮੇਟੀ ਦੀ ਚੋਣ ਦੇ ਉਪ ਨਿਯਮ ਵੀ ਪਾਸ ਕੀਤੇ ਗਏ ਸਨ।

ਇਕ ਨਵਾਂ ਨਾਅਰਾ ਚਾਰ ਚੁਫੇਰੇ ਗੂੰਜਣ ਲੱਗਾ "ਹਿੰਦੋਸਤਾਨ ਦੀ ਅਜ਼ਾਦੀ ਲਈ ਗ਼ਦਰ ਕਰਨ ਹਿੱਤ ਆਪਣਾ ਤਨ ਮਨ ਧਨ ਸਭ ਨਿਛਾਵਰ ਕਰ ਦਿਓ।"

ਦੂਜੇ ਪਾਸੇ ਕਨੇਡਾ ਦੇ ਅਮਰੀਕਾ ਸਿਆਟਲ ਕੇਂਦਰ ਤੋਂ ਤਾਰਕ ਨਾਥ ਦਾਸ ਤੇ ਬਾਬੂ ਹਰਨਾਮ ਸਿੰਘ ਸਾਹਰੀ ਦੀ ਅਗਵਾਈ ਵਿਚ ਲਹਿਰ ਇਨਕਲਾਬੀ ਰੁਖ ਧਾਰਨ ਕਰ ਰਹੀ ਸੀ। ਕਨੇਡਾ ਵਿਚ ਭਾਗ ਸਿੰਘ ਭਿੱਖੀਵਿੰਡ, ਬਲਵੰਤ ਸਿੰਘ ਖੁਰਦਪੁਰੀ, ਸੋਹਣ ਲਾਲ ਪਾਠਕ, ਹਸਨ ਰਹੀਮ ਤੇ ਵੀ.ਡੀ. ਕੁਮਾਰ ਆਦਿ ਨਿਡਰਤਾ ਨਾਲ ਸਰਗਰਮੀ ਕਰ ਰਹੇ ਸਨ। ਉਹ ਵੀ ਹਿੰਦੁਸਤਾਨ ਦੀ ਪੂਰਨ ਅਜ਼ਾਦੀ ਦੇ ਸੰਕਲਪ ਤਕ ਪਹੁੰਚ ਗਏ ਸਨ ਅਤੇ ਉਨ੍ਹਾਂ ਨੇ ਅਮਰੀਕਾ ਵਿਚਲੇ ਇਨਕਲਾਬੀਆਂ ਨਾਲ ਆਪਣੇ ਨਜ਼ਦੀਕੀ ਸੰਬੰਧ ਕਾਇਮ ਕਰ ਲਏ ਸਨ। ਕਦੇ-ਕਦਾਈਂ ਉਨ੍ਹਾਂ ਦੀਆਂ ਸਾਂਝੀਆਂ ਮੀਟਿੰਗਾਂ ਵੀ ਹੁੰਦੀਆਂ ਸਨ।

ਗ਼ਦਰ ਅਖ਼ਬਾਰ ਦਾ ਆਰੰਭ

'ਗ਼ਦਰ' ਅਖ਼ਬਾਰ ਦਾ ਪਹਿਲਾ ਅੰਕ ਨਵੰਬਰ 1913 ਨੂੰ ਉਰਦੂ ਵਿਚ ਨਿਕਲਿਆ ਤੇ ਦਸ ਦਿਨ ਬਾਦ 'ਗ਼ਦਰ' ਦਾ ਪੰਜਾਬੀ ਰੂਪ ਛਾਇਆ ਕੀਤਾ ਗਿਆ ਸੀ। ਲਾਲਾ ਹਰਦਿਆਲ 'ਗ਼ਦਰ' ਦੇ ਮੁਖ ਸੰਪਾਦਕ ਸਨ।

ਗ਼ਦਰ ਅਖ਼ਬਾਰ ਹਿੰਦੋਸਤਾਨੀਆਂ ਵਿਚ ਜਲਦੀ ਹੀ ਮਕਬੂਲ ਹੋ ਗਿਆ। ਇਸ ਦੀ ਮੰਗ ਵਧ ਗਈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਪਾਸ ਉਪੜਨ ਲੱਗ ਪਿਆ ਸੀ। ਟੋਲਿਆਂ ਵਿਚ ਇਕੱਠੇ ਹੋ ਕੇ ਲੋਕ ਇਸ ਨੂੰ ਪੜ੍ਹਦੇ ਸਨ। ਕਈ ਵਾਰ ਜਲਸਿਆਂ ਵਿਚ ਵੀ ਗ਼ਦਰ ਵਿਚੋਂ ਮਜ਼ਮੂਨ ਪੜ੍ਹ ਕੇ ਸੁਣਾਏ ਜਾਂਦੇ ਸਨ। ਬੰਗਾਲੀ, ਗੁਜਰਾਤੀ, ਪਸ਼ਤੋ ਅਤੇ ਹਿੰਦੀ ਵਿਚ ਵੀ ਕਦੇ-ਕਦਾਈਂ ਇਸ ਦੀਆਂ ਐਡੀਸ਼ਨਾਂ ਕੱਢੀਆਂ ਜਾਂਦੀਆਂ ਸਨ। ਭਾਵੇਂ ਇਹ ਅਖ਼ਬਾਰ ਸਭ ਨੂੰ ਮੁਫ਼ਤ ਭੇਜਿਆ ਜਾਂਦਾ ਸੀ, ਫੇਰ ਵੀ ਫੰਡ ਦੀ ਕਦੇ ਕਮੀਂ ਨਹੀਂ ਸੀ ਆਈ। ਸਾਰੀ ਦੁਨੀਆਂ ਵਿਚੋਂ ਮਨੀਆਰਡਰ ਆਉਂਦੇ ਰਹਿੰਦੇ ਸਨ।

ਸ਼ੁਰੂ-ਸ਼ੁਰੂ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਹਰਨਾਮ ਸਿੰਘ ਟੁੰਡੀਲਾਟ

ਛਾਪੇਖਾਨੇ ਦਾ ਕੰਮ ਕਰਦੇ ਸਨ। ਕਰਤਾਰ ਸਿੰਘ ਆਪੇ ਲਿਖਦਾ ਅਤੇ ਆਪ ਹੀ ਹੱਥ ਨਾਲ ਮਸ਼ੀਨ ਚਲਾਉਂਦਾ ਸੀ। ਕੰਮ ਲਗਾਤਾਰ ਵਧਦਾ ਗਿਆ ਜਿਸ ਕਰਕੇ ਬੰਦਿਆਂ ਲਈ ਸੰਭਾਲਣਾ ਔਖਾ ਹੋ ਗਿਆ। ਕੰਮ ਵਿਚ ਹੱਥ ਵਟਾਉਣ ਲਈ ਬਰਕਲੇ ਯੂਨੀਵਰਸਿਟੀ ਦੇ ਵਿਦਿਆਰਥੀ ਵੀ ਆਉਣ ਲੱਗ ਪਏ ਸਨ। ਹੁਣ ਤਕ ਗ਼ਦਰ ਅਖ਼ਬਾਰ ਸਾਈਕਲੋ-ਸਟਾਈਲ ਹੀ ਹੁੰਦਾ ਸੀ, ਜਿਸ ਕਰਕੇ ਲਗਾਤਾਰ ਵਧ ਰਹੀ ਮੰਗ ਨੂੰ ਪੂਰਾ ਕਰਨਾ ਮੁਸ਼ਕਲ ਬਣਦਾ ਜਾ ਰਿਹਾ ਸੀ। ਪੱਥਰ ਦੇ ਛਾਪੇਖਾਨੇ ਦਾ ਇੰਤਜ਼ਾਮ ਕੀਤਾ ਗਿਆ ਸੀ।

ਗ਼ਦਰ ਅਖ਼ਬਾਰ ਦਾ ਅਸਰ

ਗ਼ਦਰ ਅਖ਼ਬਾਰ ਹਿੰਦੋਸਤਾਨ, ਮਲਾਇਆ, ਹਾਂਗਕਾਂਗ, ਸ਼ੰਘਾਈ, ਸਿੰਘਾਪੁਰ, ਸਿਆਮ, ਪਨਾਮਾ, ਅਰਜਨਟੀਨਾ, ਦੱਖਣੀ ਅਫ਼ਰੀਕਾ, ਫਿਲਪੀਨ ਆਦਿ ਮੁਲਕਾਂ ਤਕ ਜਾਣ ਲੱਗ ਪਿਆ ਸੀ। ਇਸ ਦੇ ਵੰਨ-ਸੁਵੰਨੇ ਮੈਟਰ ਕਰਕੇ ਗ਼ਦਰ ਅਖ਼ਬਾਰ ਆਮ ਲੋਕਾਂ ਦਾ ਪਰਚਾ ਬਣ ਗਿਆ ਸੀ। ਅੰਗਰੇਜ਼ੀ ਹਕੂਮਤ ਵੱਲੋਂ ਜ਼ਬਤ ਕੀਤੀ ਗਈ ਸਾਵਰਕਰ ਦੀ ਕਿਤਾਬ 'ਫਸਟ ਵਾਰ ਆਫ਼ ਇੰਡੀਡੈਂਸ' ਨੂੰ ਵੀ ਗ਼ਦਰ ਵਿਚ ਕਿਸ਼ਤਵਾਰ ਛਾਪਿਆ ਗਿਆ ਸੀ। ਏਸੇ ਤਰ੍ਹਾਂ ਇਸ ਨੇ ਭਾਈ ਪਰਮਾਨੰਦ ਦੀ ਕਿਤਾਬ 'ਤਾਰੀਖ਼ੇ ਹਿੰਦ' ਵੀ ਛਾਪੀ ਸੀ। ਅਖ਼ਬਾਰ ਦੇ ਪਹਿਲੇ ਸਫ਼ੇ ਉੱਤੇ ਅੰਗਰੇਜ਼ੀ ਲੁੱਟ ਦੇ ਅਦਾਦੋਸ਼ੁਮਾਰ ਦਿੱਤੇ ਜਾਂਦੇ ਸਨ। ਪੁਲਸ ਦੇ ਜ਼ੁਲਮ ਤੇ ਸਖਤੀਆਂ ਦੇ ਹਵਾਲੇ ਛਾਪੇ ਜਾਂਦੇ ਸਨ। ਸਿਆਸੀ ਕੈਦੀਆਂ ਦੀਆਂ ਗ੍ਰਿਫਤਾਰੀਆਂ, ਨਜ਼ਰਬੰਦੀਆਂ ਅਤੇ ਸਜ਼ਾਵਾਂ ਬਾਰੇ ਚਾਨਣਾ ਪਾਇਆ ਜਾਂਦਾ ਸੀ। ਜੇਲ੍ਹਾਂ ਵਿਚ ਕੀਤੇ ਜਾਂਦੇ ਅਣਮਨੁੱਖੀ ਸਲੂਕ ਤੇ ਤਸੀਹਿਆਂ ਬਾਰੇ ਲਿਖਿਆ ਜਾਂਦਾ ਸੀ। ਕਾਲ, ਪਲੇਗ, ਭੁੱਖਮਰੀ ਤੇ ਦੂਜੀਆਂ ਮੁਸੀਬਤਾਂ ਬਾਰੇ ਛਪਦੇ ਲੇਖਾਂ ਨੇ ਹਿੰਦੀ ਪ੍ਰਵਾਸੀਆਂ 'ਤੇ ਗਹਿਰਾ ਅਸਰ ਪਾਇਆ ਸੀ। ਪਾਠਕਾਂ ਦੀ ਕੌਮਾਂਤਰੀ ਸੂਝ ਬੂਝ ਨੂ ਉੱਚਾ ਚੁੱਕਣ ਲਈ ਅਖ਼ਬਾਰ ਨੇ ਫਰਾਂਸ ਇਨਕਲਾਬ ਅਤੇ 1905 ਦੇ ਰੂਸੀ ਇਨਕਲਾਬ ਬਾਰੇ ਵਿਸਥਾਰ ਵਿੱਚ ਲਿਖਿਆ ਸੀ। ਆਇਰਸ਼ ਲੋਕਾਂ ਦੇ ਅਜ਼ਾਦੀ ਦੇ ਘੋਲ ਵਿਚ ਕੀਤੇ ਕਾਰਨਾਮਿਆਂ ਨੂੰ ਬਿਆਨਿਆ ਜਾਂਦਾ ਸੀ। ਇਸ ਤੋਂ ਬਿਨਾਂ ਮਿਸਰ, ਈਰਾਨ, ਸਲਾਵ, ਤੁਰਕੀ, ਅਫ਼ਗਾਨਿਸਤਾਨ ਆਦਿ ਦੇਸ਼ਾਂ ਦੇ ਲੋਕਾਂ ਦੀ ਜੱਦੋ-ਜਹਿਦ ਬਾਰੇ ਵੀ ਜਾਣਕਾਰੀ ਛਾਪੀ ਜਾਂਦੀ ਸੀ।

ਗ਼ਦਰ ਅਖ਼ਬਾਰ ਨੇ ਸਾਹਿਤ ਨੂੰ ਵੀ ਅੱਖੋਂ-ਪਰੋਖੇ ਨਹੀਂ ਰੱਖਿਆ। ਇਸ ਵਿਚ ਇਨਕਲਾਬੀ ਕਵਿਤਾਵਾਂ ਲਗਾਤਾਰ ਛਪਦੀਆਂ ਸਨ। ਜਿਨ੍ਹਾਂ ਨੂੰ ਬਾਅਦ ਵਿਚ ਕਿਤਾਬਚੇ ਦੀ ਵੀ ਸ਼ਕਲ ਦਿੱਤੀ ਜਾਂਦੀ ਸੀ। ਜਿਸ ਨੂੰ ਅਜੇ 'ਗ਼ਦਰ ਦੀ ਗੂੰਜ' ਨਾਲ ਯਾਦ ਕੀਤਾ ਜਾਂਦਾ ਹੈ। ਲੋਕ ਇਸ ਨੂੰ ਇਹਤਰਾਮ ਨਾਲ ਦੇਸ਼ ਭਗਤਾਂ ਦੀ ਬਾਣੀ ਕਿਹਾ ਕਰਦੇ ਸਨ ਜਿਸ ਨੂੰ ਉਨ੍ਹਾਂ ਨੇ ਜ਼ੁਬਾਨੀ ਯਾਦ ਕਰ ਲਿਆ ਸੀ।

ਗ਼ਦਰ ਅਖ਼ਬਾਰ ਦੇ ਪ੍ਰਭਾਵ ਸਦਕਾ ਆਪ ਮੁਹਾਰੇ ਗ਼ਦਰ ਕਮੇਟੀਆਂ ਬਣਨੀਆਂ

ਸ਼ੁਰੂ ਹੋ ਗਈਆਂ ਸਨ। ਪਨਾਮਾ, ਸਿੰਘਾਪੁਰ, ਮਨੀਲਾ, ਹਾਂਗਕਾਂਗ, ਚੀਨ, ਸ਼ੰਘਾਈ ਅਤੇ ਸਿਆਮ (ਥਾਈਲੈਂਡ) ਵਿਚ ਅਜਿਹੀਆਂ ਕਮੇਟੀਆਂ ਤਟਫਟ ਹੀ ਹੋਂਦ ਵਿਚ ਆ ਗਈਆਂ ਸਨ। ਅਮਰੀਕਾ ਅਤੇ ਕਨੇਡਾ ਤੋਂ ਬਾਅਦ ਸਭ ਤੋਂ ਮਹੱਤਵਪੂਰਨ ਬਰਾਂਚ ਫਿਲਪੀਨ ਦੇ ਗ਼ਦਰੀਆਂ ਦੀ ਸੀ। ਦਰਸੀ ਚੰਚੇਹੀਆ ਦੇ ਬਿਆਨ ਅਨੁਸਾਰ ਅਮਰੀਕਾ ਤੇ ਕਨੇਡਾ ਵਿਚ ਵਸਦੇ ਕੱਲ੍ਹ ਦੇ ਅਨਪੜ੍ਹ ਹੁਣ ਲਿਖਾਰੀ ਬਣਨੇ ਸ਼ੁਰੂ ਹੋ ਗਏ ਸਨ ਅਤੇ ਉਨ੍ਹਾਂ ਵਿਚ ਆਗੂਆਂ ਵਾਲੇ ਗੁਣ ਪੈਦਾ ਹੋ ਗਏ ਸਨ। ਉਨ੍ਹਾਂ ਦਾ ਸਵੈ-ਭਰੋਸਾ ਬੁਲੰਦੀਆਂ ਵੱਲ ਜਾ ਰਿਹਾ ਸੀ।

ਯੁਗਾਂਤਰ ਆਸ਼ਰਮ ਦੀ ਜ਼ਿੰਦਗੀ

ਯੁਗਾਂਤਰ ਆਸ਼ਰਮ ਦੇ ਸਾਰੇ ਵਸਨੀਕ ਆਦਰਸ਼ਵਾਦੀ ਸਨ। ਦੇਸ਼ ਭਗਤੀ ਉਨ੍ਹਾਂ ਵਿਚ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਹ ਬੇਲਾਗ ਅਤੇ ਸਵੈ-ਲਾਲਚ ਤੋਂ ਉੱਚੇ ਉੱਠੇ ਹੋਏ ਸਨ। ਫਿਰਕੇਦਾਰੀ ਅਤੇ ਮਜ਼ਹਬੀ ਤੁਅੱਸਬ ਉਨ੍ਹਾਂ ਤੋਂ ਕੋਹਾਂ ਦੂਰ ਸੀ। ਉਹ ਜਦੋਂ ਇਕ ਦੂਜੇ ਨੂੰ ਮਿਲਦੇ ਸਨ ਤਾਂ ਬੰਦੇ ਮਾਤ੍ਰਮ ਪੁਕਾਰਦੇ ਸਨ। ਉਹ ਰੋਟੀ ਆਸ਼ਰਮ ਦੇ ਲੰਗਰ ਵਿਚ ਖਾਂਦੇ ਸਨ ਅਤੇ 2 ਡਾਲਰ ਇਕ ਮਹੀਨੇ ਦੇ ਜੇਬ ਖਰਚ ਲਈ ਲੈਂਦੇ ਸਨ। ਲੰਗਰ ਦੀ ਸਾਰੀ ਸਮੱਗਰੀ ਬਾਬਾ ਜੁਆਲਾ ਸਿੰਘ ਦੇ ਫਾਰਮ ਤੋਂ ਆਉਂਦੀ ਸੀ।

ਲਾਲਾ ਹਰਦਿਆਲ ਨੂੰ ਅਮਰੀਕਾ ਵਿਚੋਂ ਦੇਸ ਨਿਕਾਲਾ

ਗ਼ਦਰ ਪਾਰਟੀ ਦੀਆਂ ਇਨਕਲਾਬੀ ਕਾਰਵਾਈਆਂ ਤੇ ਗ਼ਦਰ ਅਖ਼ਬਾਰ ਦੀ ਹਿੰਦੁਸਤਾਨੀ ਅਵਾਮ ਵਿਚ ਹਰਦਿਲ-ਅਜ਼ੀਜ਼ ਨੇ ਅੰਗਰੇਜ਼ੀ ਹਕੂਮਤ ਨੂੰ ਫ਼ਿਕਰ ਪਾ ਦਿੱਤਾ ਸੀ। ਗ਼ਦਰ ਅਖ਼ਬਾਰ ਹਿੰਦੋਸਤਾਨੀ ਫੌਜਾਂ ਨੂੰ ਅੰਗਰੇਜ਼ ਦੀ ਹਕੂਮਤ ਦੇ ਵਿਰੁੱਧ ਬਗ਼ਾਵਤ ਕਰਨ ਲਈ ਉਕਸਾ ਰਿਹਾ ਸੀ। ਉਹ ਬਦੇਸ਼ਾਂ ਵਿਚ ਵਸਦੇ ਹਿੰਦੁਸਤਾਨੀਆਂ ਨੂੰ ਦੇਸ ਵਾਪਸ ਪਰਤ ਕੇ ਬਗ਼ਾਵਤ ਦਾ ਝੰਡਾ ਬੁਲੰਦ ਕਰਨ ਲਈ ਹੋਕਾ ਦੇ ਰਿਹਾ ਸੀ। ਅੰਗਰੇਜ਼ ਇਸ ਸਾਰੀ ਗੜਬੜ ਦਾ ਜ਼ੁਮੇਵਾਰ ਲਾਲਾ ਹਰਦਿਆਲ ਨੂੰ ਸਮਝਦੇ ਸਨ। ਮਾਈਕਲ ਅਡਵਾਇਰ ਨੇ ਤਾਂ ਦਸੰਬਰ 1912 ਨੂੰ ਦਿੱਲੀ ਦਰਬਾਰ ਵਿਚ ਲਾਰਡ ਹਾਰਡਿੰਗ 'ਤੇ ਹੋਏ ਕਾਤਲਾਨਾ ਹਮਲੇ ਦਾ ਜ਼ੁੰਮੇਵਾਰ ਵੀ ਲਾਲਾ ਹਰਦਿਆਲ ਨੂੰ ਠਹਿਰਾਇਆ ਸੀ। ਬਰਤਾਨਵੀ ਸਰਕਾਰ ਦੇ ਦਬਾਅ ਹੇਠ 1914 ਦੀ ਮਾਰਚ ਦੇ ਅੱਖਰ ਵਿਚ ਲਾਲਾ ਹਰਦਿਆਲ ਨੂੰ ਸਨਫਰਾਂਸਿਸਕੋ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਹਜ਼ਾਰ ਜ਼ਮਾਨਤ ਲੈ ਕੇ ਛੱਡਿਆ ਗਿਆ ਸੀ। ਇਹ ਦੇਖਦਿਆਂ ਹੋਇਆ ਕਿ ਅਮਰੀਕਾ ਦੀ ਸਰਕਾਰ ਲਾਲਾ ਹਰਦਿਆਲ ਨੂੰ ਦੇਸ ਨਿਕਾਲਾ ਦੇ ਕੇ ਬਰਤਾਨਵੀ ਸਰਕਾਰ ਦੇ ਹਵਾਲੇ ਕਰ ਸਕਦੀ ਹੈ, ਗ਼ਦਰ ਪਾਰਟੀ ਨੇ ਫੈਸਲਾ ਕੀਤਾ ਕਿ ਉਹ ਮੈਕਸੀਕੋ ਰਾਹੀਂ ਸਵਿਟਜ਼ਰਲੈਂਡ ਚਲਾ ਜਾਵੇ। ਜ਼ਮਾਨਤ ਦੀ ਰਕਮ ਅਦਾ ਕਰ ਦੇਣ ਦਾ ਫ਼ੈਸਲਾ ਲੈ ਲਿਆ ਗਿਆ ਸੀ।

ਅਮਰੀਕਾ ਛੱਡਣ ਤੋਂ ਪਹਿਲਾਂ ਲਾਲਾ ਹਰਦਿਆਲ ਨੇ ਅਮਰੀਕਾ ਦੀ ਪ੍ਰੈੱਸ ਨੂੰ ਇਕ ਬਿਆਨ ਦਿੱਤਾ ਸੀ ਕਿ ਅਮਰੀਕਾ ਦੀ ਸਰਕਾਰ ਬਰਤਾਨੀਆਂ ਦੀ ਹਕੂਮਤ ਦੇ ਦਬਾਅ ਹੇਠ ਚੱਲ ਰਹੀ ਹੈ ਜੋ ਇਸ ਨੂੰ ਅੰਗਰੇਜ਼ੀ ਹਕੂਮਤ ਦੀ ਗੋਲੀ ਬਣਾ ਦੇਵੇਗਾ।

("My arrest calls public attention to the dispicable pro-British subservience of the United States Gorvernment, which is so vivid a feature of president Wilson's foreign policy. The democratic administration is licking the boots of England")

ਭਾਈ ਸੰਤੋਖ ਸਿੰਘ

ਲਾਲਾ ਹਰਦਿਆਲ ਤੋਂ ਬਾਅਦ ਭਾਈ ਸੰਤੋਖ ਸਿੰਘ ਨੂੰ ਗ਼ਦਰ ਪਾਰਟੀ ਦਾ ਜਨਰਲ ਸਕੱਤਰ ਥਾਪਿਆ ਗਿਆ ਸੀ। ਭਾਈ ਸੰਤੋਖ ਸਿੰਘ ਬੜੇ ਕਾਬਲ ਵਿਦਵਾਨ ਅਤੇ ਮਜ਼ਬੂਤ ਇਨਕਲਾਬੀ ਵਿਚਾਰਾਂ ਦੇ ਧਾਰਨੀ ਸਨ। ਲਾਲਾ ਹਰਦਿਆਲ ਦੀ ਡੀਪੋਰਟੇਸ਼ਨ ਤੋਂ ਬਾਅਦ ਅੰਗਰੇਜ਼ਾਂ ਦੀ ਇੱਛਾ ਅਨੁਸਾਰ ਗ਼ਦਰ ਪਾਰਟੀ ਦਾ ਕੰਮ ਮੱਧਮ ਨਾ ਪਿਆ, ਸਗੋਂ ਭਾਈ ਸੰਤੋਖ ਸਿੰਘ ਦੀ ਅਗਵਾਈ ਵਿਚ ਹੋਰ ਵੀ ਵਧ ਗਿਆ ਸੀ। ਪੰਡਤ ਰਾਮ ਚੰਦਰ ਨੂੰ ਅਖ਼ਬਾਰ ਦਾ ਸੰਪਾਦਕ ਅਤੇ ਮੈਨੇਜਰ ਬਣਾਇਆ ਗਿਆ।

ਹੁਣ ਕੰਮ ਇਨਕਲਾਬੀ ਲੀਹਾਂ ਵੱਲ ਨੂੰ ਤੁਰ ਪਿਆ ਸੀ। ਬਾਬਾ ਜੁਆਲਾ ਸਿੰਘ ਦੇ ਫਾਰਮ 'ਤੇ ਮਿਲਟਰੀ ਟਰੇਨਿੰਗ ਦਾ ਕੈਂਪ ਖੋਲ੍ਹ ਦਿੱਤਾ ਗਿਆ ਸੀ। ਮਾਸਟਰ ਊਧਮ ਸਿੰਘ ਇਸ ਟਰੇਨਿੰਗ ਕੈਂਪ ਦੇ ਇਨਸਰੱਕਟਰ ਮੁਕੱਰਰ ਕੀਤੇ ਗਏ ਸਨ। ਉਹ ਫੌਜ ਵਿਚ ਰਹਿ ਚੁੱਕੇ ਸਨ ਅਤੇ ਹਥਿਆਰ ਚਲਾਉਣ ਦੇ ਮਾਹਿਰ ਸਨ।

ਕਰਤਾਰ ਸਿੰਘ ਸਰਾਭਾ ਨੂੰ ਹਵਾਈ ਜਹਾਜ਼ ਚਲਾਉਣ ਦੀ ਟਰੇਨਿੰਗ ਲੈਣ ਵਾਸਤੇ ਯੂਰਪ ਭੇਜ ਦਿੱਤਾ ਗਿਆ ਸੀ।

ਲਾਲਾ ਹਰਦਿਆਲ ਨੂੰ ਕੱਢ ਦਿੱਤੇ ਜਾਣ ਨਾਲ ਜੋ ਲੋਕਾਂ ਵਿਚ ਗੁੱਸਾ ਪੈਦਾ ਹੋਇਆ ਸੀ। ਉਸ ਨੂੰ ਸੂਝਵਾਨ ਆਗੂਆਂ ਨੇ ਜਥੇਬੰਦਕ ਰੂਪ ਵਿਚ ਬਦਲ ਦਿੱਤਾ ਸੀ। ਅੰਗਰੇਜ਼ਾਂ ਨੂੰ ਉਨ੍ਹਾਂ ਦੀ ਆਪਣੀ ਹੀ ਚਾਲ ਪੁੱਠੀ ਪੈ ਗਈ ਸੀ। ਗ਼ਦਰ ਪ੍ਰੈਸ ਨੇ ਲਾਲਾ ਹਰਦਿਆਲ ਦੀਆਂ ਲਿਖਤਾਂ ਉਰਦੂ ਤੋਂ ਪੰਜਾਬੀ ਵਿਚ ਛਾਪ ਕੇ ਦਸ-ਦਸ ਹਜ਼ਾਰ ਦੀ ਗਿਣਤੀ ਵਿਚ ਮੁਫ਼ਤ ਵੰਡੀਆਂ ਸਨ। ਇਨ੍ਹਾਂ ਵਿਚੋਂ ਕਈ ਲਿਖਤਾਂ ਲੇਖਾਂ ਦੀ ਸ਼ਕਲ ਵਿਚ ਗ਼ਦਰ ਅਖ਼ਬਾਰ ਵਿਚ ਵੀ ਛਾਪੀਆਂ ਗਈਆਂ ਸਨ। ਇਨ੍ਹਾਂ ਲਿਖਤਾਂ ਵਿਚ 'ਬਰਾਬਰੀ ਦਾ ਅਰਥ', 'ਨੀਮ ਹਕੀਮ ਖਤਰਾ ਏ ਜਾਨ', 'ਗ਼ੁਲਾਮੀ ਦਾ ਜ਼ਹਿਰ', ਹਿੰਦੋਸਤਾਨੀ ਕਿਸਾਨ', 'ਸ਼ੋਸ਼ਲ ਕੌਂਕੁਐਸਟ ਆਫ 'ਦ ਹਿੰਦੀ ਰੇਸ' ਆਦਿ ਸ਼ਾਮਲ ਸਨ। ਇਸ ਤੋਂ ਬਿਨਾਂ 80 ਦੇ ਕਰੀਬ ਹੋਰ ਪੈਂਫਲਿਟ ਪੰਜਾਬੀ, ਉਰਦੂ ਵਿਚ ਛਾਪ ਕੇ ਗ਼ਦਰ ਪਾਰਟੀ ਨੇ ਮੁਫ਼ਤ ਵੰਡੇ ਸਨ। ਸਾਰੇ ਦੀ ਦਸ-ਦਸ ਹਜ਼ਾਰ ਦੀ ਗਿਣਤੀ ਵਿੱਚ ਛਾਪੇ ਗਏ ਸਨ। ਅੰਗਰੇਜ਼ ਅੰਗਰੇਜ਼ੀ ਦੀਆਂ ਲਿਖਤਾਂ ਨੂੰ ਏਨਾ ਖ਼ਤਰਨਾਕ ਨਹੀਂ ਸੀ

ਸਮਝਦਾ ਜਿੰਨਾ ਪੰਜਾਬੀ ਅਤੇ ਉਰਦੂ ਦੀਆਂ ਲਿਖਤਾਂ ਨੂੰ ਸਮਝਦਾ ਸੀ। ਜਿਸ ਕਰਕੇ ਗ਼ਦਰ ਅਖ਼ਬਾਰ ਦਾ ਬਰਤਾਨੀਆਂ ਦੀ ਹਰ ਬਸਤੀ ਵਿਚ ਦਾਖਲਾ ਬੰਦ ਕਰ ਦਿੱਤਾ ਗਿਆ ਸੀ। ਇਹ ਵੱਖਰੀ ਗੱਲ ਹੈ ਕਿ ਇਹ ਅਖ਼ਬਾਰ ਦੂਜੇ ਅਨੇਕਾਂ ਤਰੀਕਿਆਂ ਨਾਲ ਹਰ ਥਾਂ ਪਹੁੰਚਦਾ ਰਿਹਾ ਸੀ।

ਇਸ ਦੇ ਨਾਲ-ਨਾਲ ਹਰਦਿਆਲ ਦੇ ਦੇਸ ਨਿਕਾਲੇ 'ਤੇ ਰੋਸ ਇਕੱਠ ਵੀ ਹੋਏ। ਅਸਟੋਰੀਆ ਵਿਚ ਬਾਬਾ ਕੇਸਰ ਸਿੰਘ ਦੀ ਪ੍ਰਧਾਨਗੀ ਹੇਠ ਰੋਸ ਇਕੱਠ ਕੀਤਾ ਗਿਆ ਸੀ, ਜਿਸ ਨੂੰ ਬਾਬਾ ਸੋਹਣ ਸਿੰਘ ਭਕਨਾ, ਰਾਮ ਚੰਦਰ, ਮਾਸਟਰ ਊਧਮ ਸਿੰਘ, ਕਾਂਸ਼ੀ ਰਾਮ, ਰਾਮ ਰੱਖਾ, ਜਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਰੁਲੀਆ ਸਿੰਘ ਨੇ ਸੰਬੋਧਨ ਕੀਤਾ ਸੀ।

ਕਾਮਾਗਾਟਾ ਮਾਰੂ ਜਹਾਜ਼ ਦਾ ਦੁਖਾਂਤ

ਦੇਸ ਪੈਣ ਧੱਕੇ ਬਾਹਰ ਮਿਲੇ ਢੋਈ ਨਾ,
ਸਾਡਾ ਪ੍ਰਦੇਸੀਆਂ ਦਾ ਦੇਸ ਕੋਈ ਨਾ।

ਹਾਂਗਕਾਂਗ, ਮਲਾਇਆ ਅਤੇ ਚੀਨ ਵਿਚ ਰੁਲਦੇ ਪੰਜਾਬੀ ਕਨੇਡਾ ਪਹੁੰਚਣਾ ਚਾਹੁੰਦੇ ਸਨ, ਜਿਥੇ ਉਹ ਆਪਣੀ ਰੋਜ਼ੀ ਕਮਾ ਸਕਣ। ਕਨੇਡਾ ਵਿਚ ਲੱਗੀਆਂ ਸ਼ਰਤਾਂ ਨੂੰ ਪੂਰਾ ਕਰਨ ਲਈ ਬਾਬਾ ਗੁਰਦਿੱਤ ਸਿੰਘ ਨੇ ਉਪਰਾਲਾ ਕੀਤਾ ਸੀ। ਉਹ ਮਲਾਇਆ ਦਾ ਇਕ ਧਨੀ ਠੇਕੇਦਾਰ ਸੀ। ਉਸ ਨੇ ਗੁਰੂ ਨਾਨਕ ਸਟੀਮਸ਼ਿਪ ਕੰਪਨੀ ਦੀ ਸਥਾਪਨਾ ਕੀਤੀ ਅਤੇ ਕਾਮਾਗਾਟਾ ਮਾਰੂ ਜਪਾਨੀ ਜ਼ਹਾਜ ਠੇਕੇ 'ਤੇ ਲਿਆ ਤਾਂ ਕਿ ਇਨ੍ਹਾਂ ਪੰਜਾਬੀ ਮੁਸਾਫਰਾਂ ਨੂੰ ਕਨੇਡਾ ਲਿਜਾਇਆ ਜਾ ਸਕੇ। 4 ਅਪ੍ਰੈਲ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਹਾਂਗਕਾਂਗ ਤੋਂ ਕਨੇਡਾ ਨੂੰ ਰਵਾਨਾ ਹੋਇਆ ਸੀ। ਇਸ ਵਿਚ 376 ਮੁਸਾਫਰ ਸਨ। ਭਾਈ ਬਲਵੰਤ ਸਿੰਘ, ਜੋ ਹਿੰਦੁਸਤਾਨ ਤੋਂ ਵਾਪਸ ਕਨੇਡਾ ਜਾ ਰਿਹਾ ਸੀ, ਨੇ ਵੀ ਜਪਾਨ ਦੀ ਮੌਜੀ ਬੰਦਰਗਾਹ ਤੋਂ ਕੋਬੇ ਬੰਦਰਗਾਹ ਤਕ ਏਸੇ ਜਹਾਜ਼ ਵਿਚ ਸਫਰ ਕੀਤਾ ਸੀ। ਜਹਾਜ਼ ਜਦੋਂ ਯੋਕੋਹਾਮਾ ਪਹੁੰਚਾ ਸੀ ਤਾਂ ਭਾਈ ਭਗਵਾਨ ਸਿੰਘ ਅਤੇ ਬਰਕਤ ਉੱਲ੍ਹਾ ਇਸ ਜਹਾਜ਼ ਦੇ ਮੁਸਾਫਰਾਂ ਨੂੰ ਮਿਲੇ ਸਨ। ਉਨ੍ਹਾਂ ਨੇ ਮੁਸਾਫਰਾਂ ਨੂੰ ਅਮਰੀਕਾ ਅਤੇ ਕਨੇਡਾ ਦੀ ਹਾਲਤ ਤੋਂ ਜਾਣੂ ਕਰਾ ਦਿੱਤਾ ਸੀ ਅਤੇ ਗ਼ਦਰ ਪਾਰਟੀ ਦੇ ਪ੍ਰੋਗਰਾਮ ਬਾਰੇ ਵੀ ਚਾਨਣਾ ਪਾਇਆ ਸੀ। ਰਸਤੇ ਵਿਚ ਆਉਂਦੀ ਹਰ ਬੰਦਰਗਾਹ 'ਤੇ ਉਨ੍ਹਾਂ ਮੁਸਾਫਰਾਂ ਨੂੰ ਗ਼ਦਰ ਦੇ ਪਰਚੇ ਮਿਲ ਜਾਂਦੇ ਸਨ। ਪ੍ਰੰਤੂ ਮੁਸਾਫਰਾਂ ਦਾ ਇਕੋ-ਇਕ ਮੰਤਵ ਕਨੇਡਾ ਪਹੁੰਚਣਾ ਸੀ ਤਾਂ ਵੀ, ਜੋ ਕੁਝ ਉਨ੍ਹਾਂ ਨਾਲ ਅੱਗੇ ਜਾ ਕੇ ਵਾਪਰੀ ਉਸ ਦਾ ਕੁਝ-ਕੁਝ ਅੰਦਾਜ਼ਾ ਉਨ੍ਹਾਂ ਨੂੰ ਗ਼ਦਰ ਅਖ਼ਬਾਰ ਪੜ੍ਹਨ ਨਾਲ ਹੋ ਚੁੱਕਾ ਸੀ। ਇਸ ਸੂਝ ਨੇ ਅਗਲੀ ਜੱਦੋ ਜਹਿਦ ਵਿਚ ਉਨ੍ਹਾਂ ਦੀ ਮਦਦ ਵੀ ਕੀਤੀ ਸੀ।

ਕਾਮਾਗਾਟਾਮਾਰੂ ਜਹਾਜ਼ 24 ਮਈ ਨੂੰ ਵੈਨਕੂਵਰ ਪਹੁੰਚ ਗਿਆ। ਕਨੇਡਾ ਦੀ ਸਰਕਾਰ ਨੇ ਮੁਸਾਫਰਾਂ ਨੂੰ ਉੱਤਰ ਜਾਣ ਦੀ ਆਗਿਆ ਦੇਣ ਦੀ ਥਾਂ ਜਹਾਜ਼ ਦੇ

ਇਰਦ-ਗਿਰਦ ਅਗਨ ਬੋਟਾਂ ਦਾ ਪਹਿਰਾ ਲਾ ਦਿੱਤਾ ਸੀ।

ਇਮੀਗਰੇਸ਼ਨ ਅਫਸਰ ਮੈਲਕਮ ਰਾਈਡ ਹੀ ਇਨ੍ਹਾਂ ਮੁਸਾਫਰਾਂ ਕੋਲ ਜਾਂਦਾ ਸੀ ਅਤੇ ਗੱਲਬਾਤ ਕਰਦਾ ਸੀ। ਬਾਬਾ ਗੁਰਦਿੱਤ ਸਿੰਘ ਨੇ ਹਿੰਦੋਸਤਾਨ ਦੇ ਗਵਰਨਰ ਜਨਰਲ ਅਤੇ ਬਰਤਾਨੀਆ ਦੀ ਹਕੂਮਤ ਨੂੰ ਤਾਰਾਂ ਭੇਜੀਆਂ ਸਨ ਕਿ ਮੁਸਾਫਰਾਂ ਨੂੰ ਉਤਰਨ ਤੋਂ ਰੋਕਿਆ ਗਿਆ ਹੈ। ਇਸ ਸੰਬੰਧੀ ਉਨ੍ਹਾਂ ਨੇ ਮਦਦ ਦੀ ਮੰਗ ਕੀਤੀ ਸੀ। ਪਰ ਦੋਹਾਂ ਥਾਵਾਂ ਤੋਂ ਕੋਈ ਜਵਾਬ ਨਾ ਆਇਆ। ਕਨੇਡਾ ਦੇ ਵਕੀਲਾਂ ਨੂੰ ਵੀ ਮੁਸਾਫਰਾਂ ਨਾਲ ਗੱਲਬਾਤ ਕਰਨ ਦੀ ਇਜਾਜ਼ਤ ਨਾ ਦਿੱਤੀ ਗਈ। ਇਸ ਦੇ ਉਲਟ ਕਨੇਡਾ ਦੀ ਸਰਕਾਰ ਨੇ ਜਹਾਜ਼ ਨੂੰ ਕਨੇਡਾ ਦੇ ਸਮੁੰਦਰੀ ਪਾਣੀ ਦੀ ਹੱਦ ਤੋਂ ਬਾਹਰ ਚਲੇ ਜਾਣ ਦਾ ਹੁਕਮ ਦੇ ਦਿੱਤਾ ਸੀ। ਪਰ ਮੁਸਾਫਰਾਂ ਨੇ ਇਹ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਸਰਕਾਰ ਨੇ ਸੀ ਲਾਇਨ ਸਮੁੰਦਰੀ ਜਹਾਜ਼ ਨੂੰ ਕਾਮਾਗਾਟਾ ਮਾਰੂ ਜਹਾਜ਼ ਖਿੱਚ ਕੇ ਕੈਨੇਡਾ ਦੇ ਸਮੁੰਦਰ ਵਿਚੋਂ ਬਾਹਰ ਕੱਢਣ ਲਈ ਭੇਜਿਆ ਸੀ। ਸੀ ਲਾਈਨ 'ਤੇ ਸਵਾਰ ਪੁਲਸ ਅਤੇ ਮੁਸਾਫਰਾਂ ਵਿਚਕਾਰ ਇੱਟਾਂ ਵੱਟੇ ਚੱਲੇ। ਮੁਸਾਫਰਾਂ ਨੇ ਪੱਥਰ ਦੇ ਕੋਲੇ, ਲੋਹੇ ਦੀਆਂ ਸੀਖਾਂ ਅਤੇ ਜੋ ਵੀ ਕੁਝ ਹੋਰ ਹੱਥ ਆਇਆ, ਮਾਰ ਮਾਰ ਕੇ ਸੀ ਲਾਈਨ ਦੀਆਂ ਖਿੜਕੀਆਂ, ਸ਼ੀਸ਼ੇ ਤੇ ਦਰਵਾਜ਼ੇ ਤੋੜ ਦਿੱਤੇ ਸੀ। ਇਸ ਘਮਸਾਨ ਵਿਚ ਕਨੇਡਾ ਦੇ 20 ਪੁਲਸੀਏ ਜ਼ਖਮੀ ਹੋ ਗਏ ਸਨ, ਨਤੀਜੇ ਵਜੋਂ ਸੀ ਲਾਈਨ ਨੂੰ ਵਾਪਸ ਜਾਣਾ ਪਿਆ ਸੀ। ਕਾਮਾਗਾਟਾ ਮਾਰੂ ਜਹਾਜ਼ ਦੇ ਵੀ ਚਾਰ ਮੁਸਾਫਰ ਜ਼ਖਮੀ ਹੋ ਗਏ ਸਨ। ਪਰ ਉਨ੍ਹਾਂ ਨੇ ਪਹਿਲੀ ਲੜਾਈ ਜਿੱਤ ਲਈ ਸੀ। ਸਾਰੇ ਕਨੇਡਾ ਵਿਚ ਇਸ ਦਾ ਰੌਲਾ ਪੈ ਗਿਆ ਅਤੇ ਦੂਰੋਂ ਨੇੜਿਓਂ ਹਿੰਦੋਸਤਾਨੀ ਵੈਨਕੂਵਰ ਵੱਲ ਤੁਰ ਪਏ ਸਨ। ਉਨ੍ਹਾਂ ਨੇ ਮੁਸਾਫਰਾਂ ਦੀ ਮਦਦ ਲਈ ਇਕ ਕਮੇਟੀ ਦੀ ਵੀ ਸਥਾਪਨਾ ਕੀਤੀ ਸੀ। ਜਿਸ ਨੇ ਸਹਾਇਤਾ ਫੰਡ ਵੀ ਇਕੱਤਰ ਕੀਤਾ ਸੀ। ਭਾਈ ਭਾਗ ਸਿੰਘ; ਹਸਨ ਰਹੀਮ, ਭਾਈ ਬਲਵੰਤ ਸਿੰਘ, ਸੋਹਣ ਲਾਲ ਪਾਠਕ, ਹਰਨਾਮ ਸਿੰਘ ਸਾਹਰੀ ਇਸ ਕਮੇਟੀ ਦੇ ਮੈਂਬਰ ਸਨ। ਵੈਨਕੂਵਰ ਵਿਚ ਇਕੱਠੇ ਹੋਏ ਹਿੰਦੁਸਤਾਨੀਆਂ ਵਿਚ ਭਰੇ ਗੁੱਸੇ ਅਤੇ ਰੋਹ ਨੇ ਵੈਨਕੂਵਰ ਦੇ ਹਾਲਾਤ ਨਾਜ਼ਕ ਬਣਾ ਦਿੱਤੇ ਸਨ। ਇਨ੍ਹਾਂ ਹਿੰਦੋਸਤਾਨੀਆਂ ਨੇ ਜਹਾਜ਼ ਦੇ ਮੁਸਾਫਰਾਂ ਨੂੰ ਹਥਿਆਰ ਪਹੁੰਚਾਉਣ ਦੀ ਵੀ ਕੋਸ਼ਿਸ਼ ਕੀਤੀ ਸੀ, ਪਰ ਉਹ ਸਫਲ ਨਾ ਹੋ ਸਕੇ। ਭਾਈ ਭਾਗ ਸਿੰਘ, ਬਲਵੰਤ ਸਿੰਘ ਅਤੇ ਹਰਨਾਮ ਸਿੰਘ ਤਾਰਕ ਨਾਥ ਦਾਸ ਨਾਲ ਸਲਾਹ ਕਰਨ ਲਈ ਸਿਆਟਲ (ਅਮਰੀਕਾ) ਨੂੰ ਚਲੇ ਗਏ ਸਨ। ਭਾਈ ਮੇਘਾ ਸਿੰਘ ਲੋਪੋਕੇ ਵੀ ਉਨ੍ਹਾਂ ਦੇ ਮਗਰ ਸਿਆਟਲ ਪਹੁੰਚ ਗਿਆ ਸੀ। ਵਾਪਸ ਆਉਂਦੇ ਸਮੇਂ ਸੂਮਾਸ ਦੀ ਅਮਰੀਕੀ ਪੁਲਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਹਵਾਲਾਤ ਵਿਚ ਡੱਕ ਦਿੱਤਾ ਸੀ। ਭਾਈ ਮੇਵਾ ਸਿੰਘ ਕੋਲੋਂ ਰਿਵਾਲਵਰ ਵੀ ਫੜਿਆ ਗਿਆ ਸੀ। ਪਹਿਲੇ ਤਿੰਨ ਤਾਂ ਰਿਹਾਅ ਹੋ ਕੇ ਵੈਨਕੂਵਰ ਪਹੁੰਚ ਗਏ ਸਨ ਪਰ ਭਾਈ ਮੇਵਾ ਸਿੰਘ ਨੂੰ ਸਜ਼ਾ ਕੱਟਣੀ ਪਈ ਸੀ। ਇਸ ਗ੍ਰਿਫਤਾਰੀ ਦੇ ਪਿੱਛੇ ਹਾਪਕਿਨਸਨ ਦਾ ਹੱਥ ਸੀ।

ਸੀ ਲਾਈਨ ਦੀ ਨਾਕਾਮਯਾਬੀ ਤੋਂ ਬਾਅਦ ਕਨੇਡਾ ਦੀ ਪੁਲਸ ਨੇ ਜਹਾਜ਼ 'ਤੇ

ਚੜ੍ਹ ਕੇ ਮੁਸਾਫਰਾਂ ਨੂੰ ਗ੍ਰਿਫਤਾਰ ਕਰਨ ਦੀ ਵਿਉਂਤ ਬਣਾਈ ਅਤੇ ਇਸ ਕੰਮ ਲਈ ਜੰਗੀ ਜਹਾਜ਼ ਕਰੂਜ਼ਰ ਰੇਨਬੋ ਨੂੰ ਤਿਆਰ ਰਹਿਣ ਦੇ ਹੁਕਮ ਜਾਰੀ ਕਰ ਦਿੱਤੇ ਗਏ ਸਨ। ਕਾਮਾਗਾਟਾ ਮਾਰੂ ਜਹਾਜ਼ ਦੇ ਨੇੜੇ ਪਹੁੰਚ ਕੇ ਕਰੂਜ਼ਰ ਰੇਨਬੋ ਨੇ ਆਪਣੀਆਂ ਤੋਪਾਂ ਦੇ ਮੂੰਹ ਮੁਸਾਫਰ ਜਹਾਜ਼ ਵੱਲ ਕਰ ਲਏ ਸਨ। ਦੂਜੇ ਪਾਸੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰ ਜਾਨ ਦੀ ਬਾਜ਼ੀ ਲਾਉਣ ਦੀ ਤਿਆਰ ਖੜ੍ਹੇ ਸਨ। ਤਟ 'ਤੇ ਖੜ੍ਹੇ ਹਿੰਦੋਸਤਾਨੀ ਪ੍ਰਵਾਸੀ ਵੀ ਰੋਹ ਨਾਲ ਭਰੇ ਪਏ ਸਨ। ਮਾਹੌਲ ਖ਼ਤਰਨਾਕ ਬਣ ਗਿਆ ਸੀ। ਇਹ ਸਪਸ਼ਟ ਸੀ ਕਿ ਜੇਕਰ ਜਹਾਜ਼ 'ਤੇ ਹਮਲਾ ਹੋ ਗਿਆ ਤਾਂ ਵੈਨਕੂਵਰ ਦੀ ਖੈਰ ਨਹੀਂ। ਸਭ ਲੋਕ ਸਿਰ ਤਲੀ 'ਤੇ ਲੈ ਕੇ ਖੜ੍ਹੇ ਸਨ। ਹਾਲਾਤ ਨੂੰ ਭਾਂਪਦਿਆਂ ਹੋਇਆਂ ਵੈਨਕੂਵਰ ਦੀ ਪੁਲਸ ਗੱਲਬਾਤ ਲਈ ਤਿਆਰ ਹੋ ਗਈ। ਕਮੇਟੀ ਨੇ ਇਹ ਪੇਸ਼ਕਸ਼ ਮਨਜ਼ੂਰ ਕਰ ਲਈ। ਕਾਮਾਗਾਟਾ ਮਾਰੂ ਵਿਚ ਰਾਸ਼ਨ ਪਾਣੀ ਜਾਣਾ ਸ਼ੁਰੂ ਹੋ ਗਿਆ ਜਿਹੜਾ ਕਿ ਅਧਿਕਾਰੀਆਂ ਨੇ ਬੰਦ ਕਰ ਰੱਖਿਆ ਸੀ। ਐਕਸ਼ਨ ਕਮੇਟੀ ਨੇ ਜਹਾਜ਼ ਦੇ ਮੁਸਾਫ਼ਰਾਂ ਨੂੰ ਪੂਰਾ ਰਾਸ਼ਨ ਲੈ ਕੇ ਹਾਂਗਕਾਂਗ ਵਾਪਸ ਚਲੇ ਜਾਣ ਦੀ ਸਲਾਹ ਦਿੱਤੀ ਸੀ। ਕਨੇਡਾ ਦੇ ਹਿੰਦੀ ਪ੍ਰਵਾਸੀਆਂ ਨੇ 60,000 ਡਾਲਰ ਇਕੱਠਾ ਕਰ ਕੇ ਜਪਾਨੀ ਜਹਾਜ਼ ਕੰਪਨੀ ਨੂੰ ਉਸ ਦਾ ਠੇਕਾ ਤੇ ਹਰਜਾਨਾ ਵੀ ਤਾਰ ਦਿੱਤਾ ਸੀ।

ਕਾਮਾਗਾਟਾ ਮਾਰੂ ਜਹਾਜ਼ ਜੁਲਾਈ 1914 ਦੀ ਅਖੀਰ ਤਕ ਕਨੇਡਾ ਦੇ ਪਾਣੀਆਂ ਵਿਚ ਖੜ੍ਹਾ ਰਹਿਣ ਤੋਂ ਬਾਅਦ ਹਾਂਗਕਾਂਗ ਨੂੰ ਵਾਪਸ ਮੁੜ ਤੁਰਿਆ ਸੀ। ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਪਾਰਟੀ ਫੈਸਲੇ ਅਨੁਸਾਰ ਮੁਸਾਫ਼ਰਾਂ ਨੂੰ ਮਿਲਣ ਲਈ ਯੋਕੋਹਾਮਾ ਪਹੁੰਚ ਚੁੱਕੇ ਸਨ। ਉਨ੍ਹਾਂ ਨੇ ਮੁਸਾਫ਼ਰਾਂ ਨੂੰ ਗ਼ਦਰ ਪਾਰਟੀ ਦਾ ਲਿਟਰੇਚਰ ਅਤੇ ਹਥਿਆਰ ਵੀ ਪਹੁੰਚਾਏ ਸਨ।

ਜਹਾਜ਼ ਵਿਚ ਸਫ਼ਰ ਕਰ ਰਿਹਾ ਡਾਕਟਰ ਮਥਰਾ ਸਿੰਘ ਜਪਾਨ ਉੱਤਰ ਕੇ ਚੀਨ ਚਲਾ ਗਿਆ ਸੀ। ਇਸ ਤੋਂ ਬਾਅਦ ਕਿਸੇ ਵੀ ਮੁਸਾਫ਼ਰ ਨੂੰ ਜਹਾਜ਼ ਛੱਡਣ ਦੀ ਇਜਾਜ਼ਤ ਨਾ ਦਿੱਤੀ ਗਈ।

ਹਾਂਗਕਾਂਗ ਤੇ ਸਿੰਘਾਪੁਰ ਹੁੰਦਾ ਹੋਇਆ ਕਾਮਾਗਾਟਾ ਮਾਰੂ ਜਹਾਜ਼ ਹਿੰਦੋਸਤਾਨੀ ਪਾਣੀਆਂ ਵਿਚ ਪਹੁੰਚ ਗਿਆ ਸੀ। ਬਾਬਾ ਗੁਰਦਿੱਤ ਸਿੰਘ ਨੇ ਮੀਟਿੰਗ ਬੁਲਾ ਕੇ ਸਾਰੇ ਮੁਸਾਫਰਾਂ ਨੂੰ ਹਦਾਇਤ ਕੀਤੀ ਕਿ ਉਹ ਸਾਰਾ ਲਿਟਰੇਚਰ ਅਤੇ ਹਥਿਆਰ ਸਮੁੰਦਰ ਵਿਚ ਸੁੱਟ ਦੇਣ। ਉਨ੍ਹਾਂ ਦੀ ਇਹ ਸਲਾਹ ਮੰਨ ਲਈ ਗਈ ਸੀ ਪਰ ਦੋ ਰਿਵਾਲਵਰ ਪਾਣੀ ਦੀ ਟੈਂਕੀ ਹੇਠ ਲੁਕੋ ਕੇ ਰੱਖ ਲਏ ਗਏ ਸਨ।

ਜਹਾਜ਼ 14 ਸਤੰਬਰ, 1914 ਨੂੰ ਕਲਕੱਤੇ ਦੇ ਬਜਬਜ ਘਾਟ ਦੇ ਸਾਹਿਲ 'ਤੇ ਪਹੁੰਚ ਗਿਆ ਸੀ। ਪੁਲਸ ਪਹਿਲਾਂ ਹੀ ਆਪਣੇ ਨਾਪਾਕ ਇਰਾਦੇ ਨਾਲ ਉਨ੍ਹਾਂ ਨੂੰ ਉਡੀਕ ਰਹੀ ਸੀ। ਮੁਸਾਫਰ ਜਦੋਂ ਗੱਡੀ ਉਤੇ ਚੜ੍ਹਨ ਲਗੇ ਤਾਂ ਮੁਸਾਫਰਾਂ ਅਤੇ ਪੁਲਸ ਵਿਚਕਾਰ ਤਕਰਾਰ ਹੋ ਗਿਆ ਸੀ। ਜਿਸ 'ਤੇ ਪੁਲਸ ਨੇ ਅੰਧਾ-ਧੁੰਦ ਫਾਇਰਿੰਗ ਸ਼ੁਰੂ ਕਰ ਦਿੱਤੀ। 19 ਮੁਸਾਫ਼ਰ ਅਤੇ ਇਕ ਰਾਹ ਜਾਂਦਾ ਰਾਹੀ ਪੁਲਸ ਗੋਲੀਆਂ ਨਾਲ ਸ਼ਹੀਦ

ਹੋ ਗਏ ਸਨ। 96 ਮੁਸਾਫ਼ਰਾਂ ਨੂੰ ਗ੍ਰਿਫ਼ਤਾਰ ਕਰਕੇ ਨਜ਼ਰਬੰਦ ਕਰ ਦਿੱਤਾ ਗਿਆ। ਭਾਈ ਅਮਰ ਸਿੰਘ ਨੌਧਸਿੰਘ ਵਾਲਾ ਨੂੰ ਮੀਆਂਵਾਲੀ ਜੇਲ੍ਹ ਵਿਚ ਕੁੱਟ-ਕੁੱਟ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਸਿੰਧ ਦੇ ਦੋ ਮੁਸਾਫ਼ਰ, ਜਿਹੜੇ ਜਪਾਨ ਤੋਂ ਇਸ ਜਹਾਜ਼ ਵਿਚ ਚੜ੍ਹੇ ਸਨ, ਵੀ ਗ੍ਰਿਫਤਾਰ ਕਰਕੇ ਲੰਬੇ ਸਮੇਂ ਲਈ ਕੈਦ ਕਰ ਦਿੱਤੇ ਸਨ। ਬਾਬਾ ਗੁਰਦਿੱਤ ਸਿੰਘ ਤੇ ਕੁਝ ਹੋਰ ਮੁਸਾਫ਼ਰ ਫਰਾਰ ਹੋ ਗਏ ਸਨ। ਕੁਝ ਇਕ ਜੋ ਪਹਿਲਾਂ ਗੱਡੀ ਚੜ੍ਹ ਗਏ ਸਨ, ਉਨ੍ਹਾਂ ਨੂੰ ਪੰਜਾਬ ਲਿਆ ਕੇ ਪੁਲਸ ਦੇ ਪਹਿਰੇ ਹੇਠ ਪਿੰਡਾਂ ਵਿਚ ਛੱਡਿਆ ਗਿਆ ਸੀ।

ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨਾਲ ਹੋਏ ਦੁਰਵਿਹਾਰ ਨੇ ਪ੍ਰਦੇਸਾਂ ਵਿਚ ਵੱਸਦੇ ਹਿੰਦੋਸਤਾਨੀ ਪ੍ਰਵਾਸੀਆਂ ਵਿਚ ਅੰਗਰੇਜ਼ ਹਕੂਮਤ ਵਿਰੁੱਧ ਹੋਰ ਵੀ ਨਫ਼ਰਤ ਭਰ ਦਿੱਤੀ ਸੀ। ਅੰਗਰੇਜ਼ ਸਾਮਰਾਜ ਵਿਰੁਧ ਇਸ ਰੋਹ ਨੂੰ ਟਾਲਿਆ ਨਹੀਂ ਸੀ ਜਾ ਸਕਦਾ ਜਿਸ ਕਰਕੇ ਆਗੂਆਂ ਨੂੰ ਕਤਲ ਕਰਨ ਦੀਆਂ ਸਾਜ਼ਿਸ਼ਾਂ ਘੜੀਆਂ ਗਈਆਂ ਸਨ। ਹਾਪਕਿਨਸਨ ਨੇ ਬੇਲਾ ਸਿੰਘ ਜੈਨ ਨਾਲ ਮਿਲ ਕੇ ਭਾਈ ਭਾਗ ਸਿੰਘ ਅਤੇ ਉਸਦੇ ਸਾਥੀਆਂ ਨੂੰ ਕਤਲ ਕਰਨ ਦੀ ਵਿਉਂਤ ਬਣਾਈ ਸੀ। 19 ਜੁਲਾਈ, 1914 ਨੂੰ ਇਕ ਨਾ-ਮਾਲੂਮ ਕਾਤਲ ਰਾਹੀਂ ਹਸਨ ਰਹੀਮ ਉੱਤੇ ਤਲਵਾਰ ਨਾਲ ਹਮਲਾ ਕਰਵਾਇਆ ਗਿਆ, ਜਿਸ ਤੋਂ ਉਹ ਵਾਲ-ਵਾਲ ਬਚ ਗਏ ਸਨ। ਗੁੱਸੇ ਵਿਚ ਆਏ ਲੋਕਾਂ ਨੇ ਇਕ ਪੁਲਸ ਟਾਊਟ ਹੁਕਮ ਸਿੰਘ ਨੂੰ ਮਾਰ-ਮਾਰ ਕੇ ਅਧਮੋਇਆ ਕਰ ਦਿੱਤਾ ਸੀ। 5 ਸਤੰਬਰ 1914 ਨੂੰ ਜਦੋਂ ਭਾਈ ਭਾਗ ਸਿੰਘ ਭਿੱਖੀਵਿੰਡ (ਲਾਹੌਰ) ਵੈਨਕੂਵਰ ਦੇ ਗੁਰਦੁਆਰੇ ਵਿਚ ਬੈਠ ਕੇ ਵਾਕ ਲੈਣ ਲੱਗਾ ਤਾਂ ਬੇਲਾ ਸਿੰਘ ਜੈਨ ਨੇ ਉਸਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ ਜਿਸ ਨਾਲ ਭਾਈ ਭਾਗ ਸਿੰਘ ਮੌਕੇ 'ਤੇ ਹੀ ਸ਼ਹੀਦ ਹੋ ਗਏ ਸਨ। ਜਦੋਂ ਭਾਈ ਭਾਗ ਸਿੰਘ ਨੂੰ ਬਚਾਉਣ ਲਈ ਭਾਈ ਵਤਨ ਸਿੰਘ ਅਗੇ ਵਧਿਆ ਤਾਂ ਉਸ ਨੂੰ ਵੀ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਬੇਲਾ ਸਿੰਘ ਓਨੀ ਦੇਰ ਗੋਲੀਆਂ ਚਲਾਉਂਦਾ ਰਿਹਾ ਜਿੰਨੀ ਦੇਰ ਉਸਦੀ ਪਿਸਤੌਲ ਖਾਲੀ ਨਾ ਹੋ ਗਈ। ਇਸ ਨਾਲ ਸੰਗਤ ਵਿਚ ਬੈਠੇ 12 ਹੋਰ ਵਿਅਕਤੀ ਜ਼ਖਮੀ ਹੋ ਗਏ ਸਨ। ਇਨ੍ਹਾਂ ਜ਼ਖਮੀਆਂ ਵਿਚ ਬਾਬਾ ਦਲੀਪ ਸਿੰਘ ਫਾਹਲਾ ਵੀ ਸ਼ਾਮਲ ਸਨ ਜਿਸ ਨੂੰ ਬਾਅਦ ਵਿਚ ਜਾ ਕੇ ਗ਼ਦਰ ਪਾਰਟੀ ਦਾ ਪ੍ਰਧਾਨ ਵੀ ਨਿਯੁਕਤ ਕੀਤਾ ਗਿਆ ਸੀ।

ਬੇਲਾ ਸਿੰਘ ਵਿਰੁੱਧ ਵੈਨਕੂਵਰ ਦੀ ਅਦਾਲਤ ਵਿਚ ਮੁਕੱਦਮਾ ਚਲ ਰਿਹਾ ਸੀ। ਉਸ ਦੀ ਡੀਫੈਂਸ ਕਰਨ ਲਈ ਹਾਪਕਿਨਸਨ ਅਦਾਲਤ ਵਿਚ ਗਿਆ ਸੀ। ਉਹ ਅਜੇ ਦਰਵਾਜ਼ੇ ਵਿਚ ਹੀ ਸੀ ਕਿ ਭਾਈ ਮੇਵਾ ਸਿੰਘ ਲੋਪੋਕੇ (ਅੰਮ੍ਰਿਤਸਰ) ਨੇ ਉਸ ਨੂੰ ਗੋਲੀਆਂ ਮਾਰ ਕੇ ਜਹੱਨਮ ਪਹੁੰਚਾ ਦਿੱਤਾ। ਮੇਵਾ ਸਿੰਘ ਉਤੇ ਮੁਕੱਦਮਾ ਚਲਿਆ ਅਤੇ ਉਸ ਨੂੰ ਫਾਂਸੀ ਦੀ ਸਜ਼ਾ ਹੋਈ ਅਤੇ ਉਸ ਨੂੰ ਵੈਸਟਮਨਿਸਟਰ ਵੈਨਕੂਵਰ ਦੀ ਜੇਲ੍ਹ ਵਿਚ ਫਾਂਸੀ ਲਾਈ ਗਈ ਸੀ। ਭਾਈ ਮੇਵਾ ਸਿੰਘ ਲੋਪੋਕੇ ਪਹਿਲੇ ਗ਼ਦਰੀ ਸ਼ਹੀਦ ਸਨ ਜਿਨ੍ਹਾਂ ਨੂੰ ਕਨੇਡਾ ਵਿਚ ਫਾਂਸੀ ਲਾਈ ਗਈ ਸੀ।

ਪੁਲਸ ਟਾਊਟ ਬੇਲਾ ਸਿੰਘ ਦੀ ਜਾਨ ਬਚਾਉਣ ਲਈ ਉਸ ਨੂੰ ਕਨੇਡਾ ਵਿਚੋਂ ਬਾਹਰ ਭੇਜ ਦਿੱਤਾ ਗਿਆ ਸੀ। ਉਹ ਹਿੰਦੋਸਤਾਨ ਆ ਕੇ ਅੰਗਰੇਜ਼ੀ ਪੁਲਸ ਦੇ ਪਹਿਰੇ ਵਿਚ ਜੂਨ ਕੱਟਣ ਲੱਗਾ। ਬਾਬਾ ਹਰੀ ਸਿੰਘ ਸੂੰਢ (ਜਲੰਧਰ) ਵੀ ਕਨੇਡਾ ਤੋਂ ਹਿੰਦੁਸਤਾਨ ਵਾਪਸ ਆ ਚੁੱਕਾ ਸੀ। ਬਾਬਾ ਹਰੀ ਸਿੰਘ ਸੂੰਢ ਉਸ ਸਮੇਂ ਵੈਨਕੂਵਰ ਦੇ ਗੁਰਦੁਆਰੇ ਵਿਚ ਹਾਜ਼ਰ ਸੀ ਜਦੋਂ ਬੇਲਾ ਸਿੰਘ ਨੇ ਭਾਈ ਭਾਗ ਸਿੰਘ ਭਿਖੀਵਿੰਡ ਦਾ ਕਤਲ ਕੀਤਾ ਸੀ। 1936 ਵਿਚ ਬਾਬਾ ਹਰੀ ਸਿੰਘ ਸੂੰਢ ਅਤੇ ਉਸ ਦੇ ਦੋ ਹੋਰ ਸਾਥੀਆਂ ਨੇ ਬੱਸ ਤੋਂ ਉਤਰ ਕੇ ਆਉਂਦਾ ਬੇਲਾ ਸਿੰਘ ਰਾਹ ਵਿਚ ਹੀ ਘੇਰ ਲਿਆ ਸੀ ਅਤੇ ਤਲਵਾਰ ਨਾਲ ਉਸ ਦਾ ਸਿਰ ਕਲਮ ਕਰ ਦਿੱਤਾ ਸੀ। ਅਜਿਹਾ ਕਰਕੇ ਬਾਬਾ ਹਰੀ ਸਿੰਘ ਨੇ ਆਪਣਾ ਪ੍ਰਣ ਪੂਰਾ ਕੀਤਾ ਸੀ।

ਗ਼ਦਰ ਪਾਰਟੀ ਦੀ ਰਾਜਸੀ ਸੂਝ

ਗ਼ਦਰੀਆਂ ਦੀਆਂ ਅਦੁੱਤੀ ਕੁਰਬਾਨੀਆਂ ਦੀ ਪ੍ਰਸ਼ੰਸਾ ਕਰ ਦੇਣ ਨਾਲ ਹੀ ਗ਼ਦਰ ਪਾਰਟੀ ਨਾਲ ਇਨਸਾਫ ਨਹੀਂ ਹੋ ਜਾਂਦਾ। ਗ਼ਦਰ ਪਾਰਟੀ ਦੇ ਮੈਂਬਰ ਇਕ ਠੋਸ ਅਤੇ ਸਾਫ ਰਾਜਸੀ ਵਿਚਾਰਧਾਰਾ ਲੈ ਕੇ ਹਿੰਦੋਸਤਾਨ ਨੂੰ ਅਜ਼ਾਦ ਕਰਾਉਣ ਲਈ ਬਦੇਸ਼ਾਂ ਤੋਂ ਵਾਪਸ ਆਏ ਸਨ। ਉਨ੍ਹਾਂ ਦੀ ਵਿਚਾਰਧਾਰਾ ਨੂੰ ਸਮਝਣ ਲਈ ਗ਼ਦਰ ਅਖ਼ਬਾਰ ਦੇ ਪੱਤਰਿਆਂ ਨੂੰ ਫੋਲਣਾ ਜ਼ਰੂਰੀ ਹੈ ਕਿਉਂਕਿ ਇਹ ਹਫਤਾਵਰ ਅਖ਼ਬਾਰ, ਜਿਹੜਾ 1913 ਤੋਂ ਲੈ ਕੇ 1948 ਤਕ ਉਰਦੂ ਤੇ ਪੰਜਾਬੀ ਵਿਚ ਛਪਿਆ, ਗ਼ਦਰ ਪਾਰਟੀ ਦੀਆਂ ਨੀਤੀਆਂ ਦਾ ਬੁਲਾਰਾ ਸੀ। ਇਸ ਦੇ ਨਾਲ-ਨਾਲ ਗ਼ਦਰ ਪ੍ਰੈਸ ਵਲੋਂ ਛਾਪੇ 80 ਪੈਂਫਲਿਟ ਵੀ ਗ਼ਦਰ ਪਾਰਟੀ ਦੀ ਰਾਜਸੀ ਸੂਝ ਅਤੇ ਇਸ ਦੀ ਲੜਾਈ ਦੇ ਪੈਂਤੜੇ ਨੂੰ ਬਿਆਨ ਕਰਦੇ ਹਨ।

ਅੰਗਰੇਜ਼ੀ ਦੇ ਕੁਝ ਲੇਖਕਾਂ ਨੇ ਲਿਖਿਆ ਸੀ ਕਿ ਗ਼ਦਰ ਪਾਰਟੀ ਅਜ਼ਾਦੀ ਤੋਂ ਪਿਛੋਂ ਕਿਸੇ ਤਰ੍ਹਾਂ ਦੀ ਹਕੂਮਤ ਕਾਇਮ ਕਰਨਾ ਚਾਹੁੰਦੀ ਸੀ, ਇਸ ਬਾਰੇ ਕੁਝ ਸਪੱਸ਼ਟ ਨਹੀਂ ਕਿਹਾ ਜਾ ਸਕਦਾ। ਪ੍ਰੰਤੂ ਇਨ੍ਹਾਂ ਲੇਖਕਾਂ ਦੀ ਇਹ ਧਾਰਨਾ ਬਿਲਕੁਲ ਹੀ ਗ਼ਲਤ ਹੈ। ਹਿੰਦੋਸਤਾਨ ਐਸੋਸੀਏਸ਼ਨ ਦੇ ਖਰੜੇ ਵਿਚ ਸਪੱਸ਼ਟ ਲਿਖਿਆ ਗਿਆ ਹੈ: Object of the association is to establish liberty, equality and fraternity of Hindostanies.

ਗ਼ਦਰ ਪਾਰਟੀ ਹਿੰਦੋਸਤਾਨ ਦੀ ਪੂਰਨ ਅਜ਼ਾਦੀ ਲਈ ਲੜੀ ਸੀ। ਇਸ ਦੀ ਪ੍ਰਾਪਤੀ ਲਈ ਹਥਿਆਰਬੰਦ ਇਨਕਲਾਬ ਵਿਚ ਉਨ੍ਹਾਂ ਦਾ ਪੂਰਾ ਵਿਸ਼ਵਾਸ ਸੀ। ਇਸ ਬਾਰੇ ਗ਼ਦਰ ਦੀ ਗੂੰਜ ਵਿਚ ਸਪਸ਼ਟ ਕਿਹਾ ਹੈ :

ਕਦੇ ਮੰਗਿਆ ਮਿਲਣ ਅਜ਼ਾਦੀਆਂ ਨਾ,
ਹੁੰਦੇ ਤਰਲਿਆਂ ਨਾਲ ਨਾ ਰਾਜ ਲੋਕੋ।

ਗ਼ਦਰੀ ਹਿੰਦੋਸਤਾਨੀਆਂ ਵਿਚ ਇਕ ਰੀਪਬਲਿਕ, ਲੋਕਾਂ ਦੀਆਂ ਵੋਟਾਂ ਨਾਲ

ਚੁਣੀ ਹੋਈ ਡੈਮੋਕਰੈਟਿਕ ਹਕੂਮਤ ਸਥਾਪਤ ਕਰਨੀ ਚਾਹੁੰਦੇ ਸਨ। ਛੂਤਛਾਤ ਨੂੰ ਇਹ ਸਮਾਜ ਦਾ ਕੋਹੜ ਸਮਝਦੇ ਸਨ। ਉਨ੍ਹਾਂ ਦੀ ਰਾਜਸੀ ਸੋਚ ਧਰਮ ਨਿਰਲੇਪ ਸੀ, ਨਿਰੋਲ ਸੈਕੂਲਰ, ਜਿਸ ਉੱਤੇ ਉਹ ਜ਼ਿੰਦਗੀ ਭਰ ਖੜ੍ਹੇ ਰਹੇ। ਸੂਬਾਵਾਦ ਜਾਂ ਜਾਤੀ ਤੁੱਅਸਬ ਉਨ੍ਹਾਂ ਦੇ ਨੇੜਿਓਂ ਵੀ ਨਹੀਂ ਸੀ ਲੰਘਿਆ ਹੋਇਆ। ਹਿੰਦੁਸਤਾਨ ਦੀ ਅਜ਼ਾਦੀ ਦੇ ਸੰਗਰਾਮ ਵਿਚ ਉਨ੍ਹਾਂ ਨੇ ਸਮੁੱਚੇ ਹਿੰਦੋਸਤਾਨ ਦੇ ਵਿਰਸੇ ਨੂੰ ਅਪਣਾਇਆ ਸੀ। ਹਿੰਦੋਸਤਾਨ ਦੇ ਸਾਰੇ ਸੂਬਿਆਂ ਅਤੇ ਕੌਮੀਅਤਾਂ ਦੇ ਵਿਦਰੋਹੀਆਂ ਨੂੰ ਉਨ੍ਹਾਂ ਨੇ ਗ਼ਦਰ ਦੀ ਗੂੰਜ ਵਿਚ ਸਨਮਾਨਿਆ ਸੀ ਅਤੇ ਉਨ੍ਹਾਂ ਦੀਆਂ ਉਦਾਹਰਣਾਂ ਦੇ ਕੇ ਲੋਕਾਂ ਨੂੰ ਜਗਾਇਆ ਸੀ। ਏਸੇ ਤਰ੍ਹਾਂ ਰਾਜਿਆਂ, ਨਵਾਬਾਂ, ਸਰਦਾਰਾਂ, ਖ਼ਾਨ ਤੇ ਰਾਏ ਬਹਾਦਰਾਂ ਦੀਆਂ ਕਾਲੀਆਂ ਕਰਤੂਤਾਂ ਤੋਂ ਲੋਕਾਂ ਨੂੰ ਸੁਚੇਤ ਕੀਤਾ ਸੀ, ਅੰਗਰੇਜ਼ੀ ਰਾਜ ਦੇ ਇਹ ਸਹਿਯੋਗੀ ਭਾਵੇਂ ਪੰਜਾਬ ਦੇ ਸਨ ਜਾਂ ਦੂਜੇ ਸੂਬਿਆਂ ਦੇ। ਗ਼ਦਰੀ ਭਾਵੇਂ ਕਿ ਸ਼ਾਹੂਕਾਰਾਂ ਤੋਂ ਕਿਸੇ ਵੀ ਮਦਦ ਦੇ ਆਸਵੰਦ ਨਹੀਂ ਸਨ, ਤਾਂ ਵੀ ਉਨ੍ਹਾਂ ਨੂੰ ਪ੍ਰੇਰਣ ਦੀ ਕੋਸ਼ਿਸ਼ ਕੀਤੀ। ਗ਼ਦਰ ਪਾਰਟੀ ਨੇ ਮਜ਼ਹਬੀ ਫਸਾਦ ਕਰਾਉਣ ਵਾਲੇ ਪੰਡਤਾਂ, ਮੁਲਾਣਿਆਂ ਅਤੇ ਭਾਈਆਂ ਦੇ ਪਰਦੇ ਫਾਸ਼ ਕੀਤੇ ਸਨ। ਮੁਲਕ ਦੀ ਬਦਹਾਲੀ ਦਾ ਕਾਰਣ ਉਹ ਅੰਗਰੇਜ਼ ਦੀ ਹਕੂਮਤ ਅਤੇ ਉਸ ਦੇ ਪਿੱਠੂਆਂ ਨੂੰ ਸਮਝਦੇ ਸਨ। ਉਹ ਕਿਸਾਨਾਂ, ਪੇਂਡੂ ਮਜ਼ਦੂਰਾਂ ਅਤੇ ਦਸਤਕਾਰਾਂ ਨੂੰ ਉਨ੍ਹਾਂ ਦੀ ਗ਼ਰੀਬੀ ਦੇ ਕਾਰਣਾਂ ਬਾਰੇ ਸੁਚੇਤ ਕਰਦੇ ਅਤੇ ਮੁਲਕ ਦੀ ਅਜ਼ਾਦੀ ਲਈ ਲੜਨ ਵਾਸਤੇ ਪ੍ਰੇਰਦੇ ਸਨ। ਉਹ ਔਰਤਾਂ ਦੀ ਬਰਾਬਰੀ ਦਾ ਪ੍ਰਚਾਰ ਕਰਦੇ ਸਨ। ਹਰ ਮਸਲੇ ਵਿਚ ਉਨ੍ਹਾਂ ਦੀ ਸੋਚ ਤਰਕਸ਼ੀਲ ਸੀ। ਗ਼ਦਰੀ ਕੌਮਾਂਤਰੀ ਮਸਲਿਆਂ ਬਾਰੇ ਬਾਖ਼ਬਰ ਸਨ। ਦੁਨੀਆਂ ਵਿੱਚ ਹੋਏ ਇਨਕਲਾਬਾਂ ਦੀ ਉਨ੍ਹਾਂ ਨੂੰ ਪੂਰੀ ਜਾਣਕਾਰੀ ਸੀ ਅਤੇ ਵੇਲੇ-ਵੇਲੇ ਚੱਲ ਰਹੀਆਂ ਅਜ਼ਾਦੀ ਦੀਆਂ ਲਹਿਰਾਂ ਬਾਰੇ ਉਹ ਸੁਚੇਤ ਰਹਿੰਦੇ ਸਨ।

ਗ਼ਦਰ ਪਾਰਟੀ ਨੇ ਆਮ ਲੋਕਾਂ ਨੂੰ ਲਾਮਬੰਦ ਕਰਨ ਵੱਲ ਘੱਟ ਧਿਆਨ ਦਿੱਤਾ ਅਤੇ ਅੰਗਰੇਜ਼ ਹਕੂਮਤ ਵਿਰੁੱਧ ਹਥਿਆਰਬੰਦ ਲੜਾਈ ਲਈ ਹਿੰਦੋਸਤਾਨੀ ਫੌਜੀਆਂ 'ਤੇ ਖ਼ਾਸ ਟੇਕ ਲਾਈ ਹੋਈ ਸੀ। ਫੌਜੀਆਂ, ਨਾਮ-ਕਟਿਆਂ ਤੇ ਰੀਜ਼ਰਵੀਆਂ ਨੂੰ ਉਨ੍ਹਾਂ ਨੇ ਅਪੀਲਾਂ 'ਤੇ ਅਪੀਲਾਂ ਕੀਤੀਆਂ ਸਨ। ਇਹ ਵਿਚ ਗ਼ਦਰੀਆਂ ਨੂੰ ਕਾਫ਼ੀ ਹਦ ਤੱਕ ਕਾਮਯਾਬੀ ਵੀ ਮਿਲ ਗਈ ਸੀ। ਪਰ ਇਸ ਦੇ ਮੁਕਾਬਲੇ ਉਹ ਆਮ ਲੋਕਾਂ ਨੂੰ ਜਾਗਰੂਕ ਨਾ ਕਰ ਸਕੇ, ਜੋ ਉਨ੍ਹਾਂ ਦੀ ਨਾਕਾਮਯਾਬੀ ਦਾ ਮੁੱਖ ਕਾਰਨ ਬਣਿਆ ਸੀ।

ਗ਼ਦਰ ਪਾਰਟੀ ਦੀ ਉਪਰੋਕਤ ਰਾਜਸੀ ਸੂਝ ਗ਼ਦਰ ਦੀ ਗੂੰਜ ਵਿਚ ਸਪੱਸ਼ਟ ਨਜ਼ਰ ਆਉਂਦੀ ਸੀ। ਇਸ ਵਿਚਲੀਆਂ ਕਵਿਤਾਵਾਂ ਦੀ ਰਚਨਾ ਆਮ ਲੋਕਾਂ ਨੇ ਕੀਤੀ ਇਹ ਕਵਿਤਾਵਾਂ ਪੰਜਾਬੀ ਤਰਜ਼ ਵਿਚ ਗਾਈਆਂ ਜਾਣ ਵਾਲੀਆਂ ਤੇ ਲੋਕ ਗੀਤਾਂ ਵਰਗੀਆਂ ਹਨ। ਇਨ੍ਹਾਂ ਵਿਚ ਅੰਕਤ ਖਿਆਲ ਗ਼ਦਰੀਆਂ ਦੇ ਹੱਡਾਂ ਵਿਚ ਰਚ ਗਏ ਸਨ। ਗ਼ਦਰ ਪਾਰਟੀ ਨਾਲ ਸੰਬੰਧਤ ਲੋਕਾਂ 'ਤੇ ਇਨ੍ਹਾਂ ਕਵਿਤਾਵਾਂ ਦਾ ਅਸਰ ਅਜੇ ਵੀ ਏਨਾ ਗਹਿਰਾ ਹੈ ਕਿ ਨਜ਼ਮ ਦੀ ਇਕ ਪੰਗਤੀ ਬੋਲੋ ਉਹ ਅਗਲਾ ਹਿੱਸਾ ਆਪ ਮੁਹਾਰੇ ਹੀ ਪੂਰਾ ਕਰ ਦਿੰਦੇ ਹਨ।

ਅੰਗਰੇਜ਼ੀ ਹਕੂਮਤ ਨੇ ਵੀ ਗ਼ਦਰੀਆਂ ਦੀ ਉਪਰੋਕਤ ਸਿਆਸੀ ਸੂਝ ਨੂੰ ਮੰਨਿਆ ਹੈ। 1915-16 ਦੇ ਸਾਜ਼ਸ਼ ਕੇਸਾਂ ਵਿਚ ਅੰਗਰੇਜ਼ੀ ਅਦਾਲਤਾਂ ਨੇ ਗ਼ਦਰੀਆਂ ਉਪਰ ਇਹ ਦੋਸ਼ ਲਾਏ ਸਨ ਕਿ ਇਹ ਉਪਰ ਦੱਸੀ ਸਿਆਸੀ ਸੂਝ ਰੱਖਦੇ ਹਨ, ਜਿਸ ਨੇ ਉਨ੍ਹਾਂ ਨੂੰ ਫਾਂਸੀਆਂ ਅਤੇ ਉਮਰ ਕੈਦਾਂ ਦੀਆਂ ਸਜ਼ਾਵਾਂ ਦਿਵਾਈਆਂ।

ਨਵੰਬਰ 1913 ਤੋਂ 15 ਦਸੰਬਰ 1914 ਤਕ ਦੇ ਗ਼ਦਰ ਅਖ਼ਬਾਰ ਦੇ ਅੰਕਾਂ ਵਿਚੋਂ ਹਵਾਲੇ ਦਿੰਦਿਆਂ ਸਰਕਾਰ ਨੇ ਦੋਸ਼ ਲਾਏ ਸਨ ਕਿ :

1. ਜ਼ਮੀਨੀ ਬੰਦੋਬਸਤ, ਰੇਲਵੇ, ਨਹਿਰਾਂ, ਕਣਕ ਦੇ ਨਿਕਾਸ ਅਤੇ ਮਾਰੂ ਬਿਮਾਰੀਆਂ ਬਾਰੇ ਦਸਦਿਆਂ ਅੰਗਰੇਜ਼ ਸਰਕਾਰ ਵਿਰੁਧ ਨਫਰਤ ਪੈਦਾ ਕੀਤੀ।
2. ਇਸ ਅਖਬਾਰ ਵਿਚ ਦੁਨੀਆਂ ਦੇ ਕਈ ਮੁਲਕਾਂ ਵਿਚ ਵਾਪਰੀਆਂ ਪਿਛਲੀਆਂ ਤੇ ਹੁਣ ਵਾਲੀਆਂ ਬਗ਼ਾਵਤਾਂ ਬਾਰੇ ਲਿਖਿਆ ਤਾਂ ਕਿ ਹਿੰਦੋਸਤਾਨੀ ਉਹਨਾਂ ਨੂੰ ਨਮੂਨੇ ਵਜੋਂ ਲੈ ਕੇ ਉਨ੍ਹਾਂ ਦੇ ਰਾਹ 'ਤੇ ਚਲਣ।
3. ਤਿਲਕ, ਅਰਬਿੰਦੋ ਘੋਸ਼ ਤੇ ਅਜੀਤ ਸਿੰਘ ਨੂੰ ਜ਼ਿੰਦਾ ਸ਼ਹੀਦ ਕਹਿ ਕੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ।
4. ਅਮਰੀਕਾ ਵਿਚ ਵਸਦੇ ਹਿੰਦੋਸਤਾਨੀਆਂ ਨੂੰ ਬਗ਼ਾਵਤ ਕਰਨ ਵਾਸਤੇ ਹਿੰਦੋਸਤਾਨ ਪਰਤ ਜਾਣ ਲਈ ਉਕਸਾਇਆ।
5. 17 ਫਰਵਰੀ 1914 ਦੇ ਗ਼ਦਰ ਅਖ਼ਬਾਰ ਵਿਚ ਹਿੰਦੋਸਤਾਨੀ ਫੌਜੀਆਂ ਨੂੰ ਫੌਜ ਵਿਚੋਂ ਮਫਰੂਰ ਹੋਣ ਦੀ ਸਲਾਹ ਦਿਤੀ। ਜਿਸ ਵਿਚ ਹਿੰਦੋਸਤਾਨੀ ਫੌਜੀਆਂ ਅਤੇ ਅੰਗਰੇਜ਼ ਫੌਜੀਆਂ ਦੀਆਂ ਤਨਖਾਹਾਂ ਦੇ ਫਰਕ ਦਾ ਵੀ ਜ਼ਿਕਰ ਕੀਤਾ ਗਿਆ ਹੈ। 21 ਜੁਲਾਈ 1914 ਦੇ ਅੰਕ ਵਿਚ ਲਿਖਿਆ ਹੈ ਕਿ ਸਾਰੇ ਬਾਦਸ਼ਾਹ ਕਿਸਾਨੀ ਦੇ ਦੁਸ਼ਮਣ ਹੁੰਦੇ ਹਨ।

ਗ਼ਦਰ ਪਾਰਟੀ ਨੇ ਗ਼ਦਰ ਅਖ਼ਬਾਰ, ਇਸ ਦੀਆਂ ਕਟਿੰਗਾਂ ਤੇ ਇਸ ਦੇ ਲੇਖਾਂ ਤੇ ਅਧਾਰਤ ਖ਼ਤ ਡਾਕ ਰਾਹੀਂ ਹਿੰਦੋਸਤਾਨ ਭੇਜੇ, ਜਿਹੜੇ ਸੈਂਸਰ ਦੇ ਬਾਵਜੂਦ ਵੀ ਪਹੁੰਚਦੇ ਰਹੇ ਸਨ।

ਅੰਗਰੇਜ਼ੀ ਹਕੂਮਤ ਵਲੋਂ ਗ਼ਦਰੀਆਂ ਵਿਰੁਧ ਘੜੇ ਇਨ੍ਹਾਂ ਕੇਸਾਂ ਵਿਚ ਲਾਏ ਦੋਸ਼ ਗ਼ਦਰ ਪਾਰਟੀ ਦੀ ਸਿਆਸੀ ਸੂਝ ਦੀ ਵਿਆਖਿਆ ਕਰਦੇ ਹਨ।

•••

ਗ਼ਦਰ ਦੀ ਗੂੰਜ ਵਿਚ ਅੰਕਤ ਕੀਤੀਆਂ ਕਵਿਤਾਵਾਂ ਹਿੰਦੋਸਤਾਨੀ ਲੋਕਾਂ ਤੇ ਹਿੰਦੋਸਤਾਨੀ ਪ੍ਰਵਾਸੀਆਂ ਦੀ ਸਮਾਜੀ ਤੇ ਆਰਥਕ ਦਸ਼ਾ ਬਿਆਨ ਕਰਦੀਆਂ ਹਨ। ਇਸ ਦਸ਼ਾ ਦੇ ਕਾਰਨਾਂ ਦੀ ਵਿਆਖਿਆ ਕਰਦੀਆਂ ਹਨ। ਇਹ ਦਸ਼ਾ ਵਿਚੋਂ ਬਾਹਰ ਨਿਕਲਣ ਦਾ ਰਾਹ ਦਿਖਾਉਂਦੀਆਂ ਹਨ। ਬਹੁਤ ਸਾਰੀਆਂ ਕਵਿਤਾਵਾਂ ਵਿਚ ਹਿੰਦੋਸਤਾਨੀਆਂ ਦੀ ਮਨੋਅਵਸਥਾ ਨੂੰ ਬੜੀ ਸਾਦਗੀ ਤੇ ਸਫਾਈ ਨਾਲ ਕਲਮਬੰਦ ਕੀਤਾ ਗਿਆ ਹੈ। ਗ਼ਦਰ ਦੀ ਗੂੰਜ (ਨੰਬਰ ਇਕ) ਵਿਚ 'ਸੱਚੀ ਪੁਕਾਰ' ਦੇ ਸਿਰਲੇਖ ਹੇ

ਲਿਖਿਆ ਹੈ :

ਕੁਲੀ ਕੁਲੀ ਪੁਕਾਰਦਾ ਜਗ ਸਾਨੂੰ
ਸਾਡਾ ਝੁਲਦਾ ਕਿਤੇ ਨਿਸ਼ਾਨ ਕਿਉਂ ਨਹੀਂ
ਕੀਕੂੰ ਬਚਾਂਗੇ ਸਦਾ ਗੁਲਾਮ ਰਹਿ ਕੇ
ਸਾਨੂੰ ਰਾਜਨੀਤੀ ਵਾਲਾ ਗਿਆਨ ਕਿਉਂ ਨਹੀਂ
ਢਾਈ ਟੋਟਰੂ ਖਾ ਗਏ ਖੇਤ ਸਾਡਾ
ਹਿੰਦੋਸਤਾਨ ਦਾ ਕੋਈ ਕਿਰਸਾਨ ਕਿਉਂ ਨਹੀਂ

ਅਗਲੀਆਂ ਪੰਗਤੀਆਂ ਵਿਚ ਤਿਲਕ, ਅਰਬਿੰਦੋ ਘੋਸ਼, ਹਰਦਿਆਲ ਅਤੇ ਸਰਦਾਰ ਅਜੀਤ ਸਿੰਘ ਬਾਰੇ ਇਸ਼ਾਰਾ ਕੀਤਾ ਗਿਆ ਹੈ :

ਜਿਨ੍ਹਾਂ ਵਿਚ ਮੁਸੀਬਤਾਂ ਉਮਰ ਗਾਲੀ
ਭਾਰਤ ਉਨ੍ਹਾਂ ਨੂੰ ਕਰੂ ਪ੍ਰਵਾਨ ਕਿਉਂ ਨਹੀਂ
ਸਮਾਂ ਆਵਸੀ ਅੱਖੀਆਂ ਵੇਖ ਲੈਸਨ.....

ਏਸੇ ਤਰ੍ਹਾਂ ਦੂਜੀ ਬੈਂਤ ਵਿਚ ਮੁਲਕ ਦੀ ਦੁਰਦਸ਼ਾ ਦਾ ਚਿੱਤਰ ਪੇਸ਼ ਕੀਤਾ ਗਿਆ ਹੈ :

ਕਿਸਮਤ ਕੁਲ ਜਹਾਨ ਦੀ ਤੇਜ਼ ਹੋਈ
ਭਾਗ ਗਿਰ ਗਏ ਕਿਉਂ ਹਿੰਦੋਸਤਾਨ ਤੇਰੇ
ਪਾਟੇ ਕਪੜੇ ਵਾਂਗ ਸੁਦਾਈਆਂ ਦੇ
ਰੁਲਦੇ ਫਿਰਨ ਕੀਕੂੰ ਨੌਜਵਾਨ ਤੇਰੇ
ਦੁਨੀਆਂ ਵਿਚ ਏਰੋਪਲੈਨ ਤਿਆਰ ਕੀਤੇ
ਗਿਣਤੀ ਵਿਚ ਕਿਉਂ ਨਹੀਂ ਸੈਂਸਦਾਨ ਤੇਰੇ
ਔਰਤ ਮਰਦ ਕੋਲੋਂ ਜਬਰਨ ਜੁਦਾ ਕੀਤੀ
ਭੌਂਦੂ ਅਜੇ ਵੀ ਵਾਸਤੇ ਪਾਨ ਤੇਰੇ

ਤੀਜੀ ਬੈਂਤ ਵਿਚ ਅਜ਼ਾਦੀ ਲਈ ਲੜਨ ਦਾ ਐਲਾਨ ਕੀਤਾ ਗਿਆ ਹੈ :

ਮਾਰਾਂ ਮਾਰਾਂਗੇ ਲੜਾਂਗੇ ਹਿੰਦ ਬਦਲੇ
ਬੋਲੋ ਗੱਜ ਕੇ ਗਈ ਜ਼ੁਬਾਨ ਕਿਥੇ

ਚੌਥੀ ਬੈਂਤ ਵਿਚ ਹਿੰਦੋਸਤਾਨੀਆਂ ਲਈ ਦਾਅਪੇਚ ਤਜਵੀਜ਼ ਕੀਤੇ ਗਏ ਹਨ:

ਖੁਫੀਆ ਰਾਜ ਸੋਸਾਇਟੀਆਂ ਕਰੋ ਕੈਮ
ਰਲ ਮਰਹੱਟੇ ਬੰਗਾਲੀ ਦੇ ਯਾਰ ਹੋ ਜਾਓ
ਹਿੰਦੂ ਸਿੱਖ ਤੇ ਮੋਮਨੋ ਕਰੋ ਜਲਦੀ
ਇਕ ਦੂਸਰੇ ਦੇ ਮਦਦਗਾਰ ਹੋ ਜਾਓ

ਏਸੇ ਤਰ੍ਹਾਂ ਪੰਜਵੀਂ ਬੈਂਤ ਵਿਚ ਅਜ਼ਾਦੀ ਜਾ ਮੌਤ ਦੀ ਗੱਲ ਕਹੀ ਗਈ ਹੈ। ਚੀਨ ਵਿਚ ਪੈਦਾ ਹੋਈ ਸਿਆਸੀ ਜਾਗਰਤੀ ਦਾ ਜ਼ਿਕਰ ਹੈ। ਗ਼ਦਰ ਕਰਨ ਬਾਰੇ ਅਪੀਲ ਹੈ

ਅਤੇ ਗ਼ਦਰ ਦੇ ਰਾਹ ਵਿਚ ਰੁਕਾਵਟਾਂ ਪਾਉਣ ਵਾਲੇ ਮਜ਼ਹਬੀ ਜਨੂੰਨੀਆਂ ਨੂੰ ਬੇੜਾ ਡੋਬਣ ਵਾਲੇ ਦੱਸਿਆ ਗਿਆ ਹੈ :

ਮਰਨ ਭਲਾ ਗੁਲਾਮੀ ਦੀ ਜ਼ਿੰਦਗੀ ਤੋਂ
ਨਹੀਂ ਸੁਖਨ ਇਹ ਮਨ ਭੁਲਾਵਣੇ ਦਾ
ਮੁਲਕ ਜਾਗਿਆ ਚੀਨ ਜੋ ਘੂਕ ਸੁੱਤਾ
ਢੋਲ ਵਜਿਆ ਹਿੰਦ ਜਗਾਵਣੇ ਦਾ
ਸਾਨੂੰ ਲੋੜ ਨਾ ਪੰਡਤਾਂ ਕਾਜ਼ੀਆਂ ਦੀ
ਨਹੀਂ ਸ਼ੌਕ ਹੈ ਬੇੜਾ ਡੁਬਾਵਣੇ ਦਾ
ਜਪ ਜਾਪ ਦਾ ਵਕਤ ਬਤੀਤ ਹੋਇਆ
ਵੇਲਾ ਆ ਗਿਆ ਤੇਗ ਉਠਾਵਣੇ ਦਾ
ਪੜ੍ਹ ਕੇ ਗ਼ਦਰ ਅਖ਼ਬਾਰ ਨੂੰ ਖ਼ਬਰ ਲਗੀ
ਵੇਲਾ ਆ ਗਿਆ ਗ਼ਦਰ ਮਚਾਵਣੇ ਦਾ

ਛੇਵੀਂ ਬੈਂਤ ਵਿਚ ਉਤਸ਼ਾਹ ਦੇਣ ਲਈ ਦੂਜੇ ਦੇਸ਼ਾਂ ਦੀ ਤਰੱਕੀ ਦਾ ਜ਼ਿਕਰ ਹੈ ਅਤੇ ਆਪਸੀ ਝਗੜਿਆਂ ਤੋਂ ਸੁਚੇਤ ਕੀਤਾ ਗਿਆ ਹੈ। ਭੁਖਮਰੀ ਤੇ ਗਰੀਬੀ ਦਾ ਚਿੱਤਰ ਪੇਸ਼ ਕੀਤਾ ਹੈ ਅਤੇ ਬਗ਼ਾਵਤ ਦਾ ਸੱਦਾ ਦਿੱਤਾ ਗਿਆ ਹੈ ;

ਜ਼ਰਾ ਉਨ੍ਹਾਂ ਦੇ ਵਲ ਧਿਆਨ ਮਾਰੋ
ਕਿਥੇ ਪੁਜ ਗਏ ਮੁਲਕ ਜਪਾਨ ਵਾਲੇ
ਤੁਸਾਂ ਦੀਨ ਈਮਾਨ ਦੇ ਪਏ ਪਿਛੇ
ਫਿਕਰ ਤੁਸੀਂ ਨੂੰ ਗਿਆਨ ਧਿਆਨ ਵਾਲੇ
ਆਪਸ ਵਿਚ ਲੜਨਾ ਮੰਦਾ ਕੰਮ ਫੜਿਆ
ਝਗੜੇ ਝਗੜ ਹਿੰਦੂ ਮੁਸਲਮਾਨ ਵਾਲੇ
ਹੀਰਾ ਹਿੰਦ ਹੀਰਾ ਖਾਕ ਰੋਲ ਦਿਤਾ
ਰੌਲੇ ਘਰ ਕੇ ਵੇਦ ਕੁਰਾਨ ਵਾਲੇ
ਗਾਈਂ ਸੂਰ ਝਟਕਾ ਜੇ ਕਰ ਦੁਖ ਦਿੰਦਾ
ਗੋਰੇ ਹਨ ਤਿੰਨੇ ਚੀਜ਼ਾਂ ਖਾਣ ਵਾਲੇ
ਭੁਖੇ ਮਰਨ ਬੱਚੇ ਕਾਲ ਵਿਚ ਸਾਡੇ
ਖੱਟੀ ਖਾਣ ਸਾਡੀ ਇੰਗਲਸਤਾਨ ਵਾਲੇ
ਕਣਕ ਬੀਜ ਕੇ ਖਾਣ ਨੂੰ ਜੌਂ ਮਿਲਦੇ
ਪੈਸਾ ਛਡਦੇ ਨਹੀਂ ਲਗਾਨ ਵਾਲੇ
ਲਾਇਆ ਟੈਕਸ ਫਰੰਗੀਆਂ ਬਹੁਤ ਯਾਰੋ
ਭੁੱਖੇ ਮਰਨ ਗਰੀਬ ਦੁਕਾਨ ਵਾਲੇ
ਕਰੋ ਪਲਟਨ ਨੂੰ ਖ਼ਬਰਦਾਰ ਜਾ ਕੇ

ਸੁੱਤੇ ਪਏ ਕਿਉਂ ਤੇਗ ਚਲਾਣ ਵਾਲੇ
ਮੁਸਲਮਾਨ ਪਠਾਣ ਬਲਵਾਨ ਡੋਗਰ
ਸਿੰਘ ਸੂਰਮੇ ਯੁੱਧ ਮਚਾਣ ਵਾਲੇ
ਹਿੰਦੋਸਤਾਨੀਆਂ ਮੋਰਚੇ ਫਤਹਿ ਕੀਤੇ
ਬਰਮਾ ਮਿਸਰ ਤੇ ਚੀਨ ਸੁਡਾਨ ਵਾਲੇ

ਇਸੇ ਤਰ੍ਹਾਂ ਸੱਤਵੀਂ ਬੈਂਤ ਸਾਰੀ ਦੀ ਸਾਰੀ ਹਿੰਦੋਸਤਾਨ ਦੇ ਲੋਕਾਂ ਦੀ ਤਰਸਯੋਗ ਦਸ਼ਾ ਨੂੰ ਬਿਆਨ ਕਰਦੀ ਹੈ। ਹਿੰਦੋਸਤਾਨੀ ਅਤੇ ਗੋਰੇ ਫੌਜੀਆਂ ਵਿਚਕਾਰ ਵਿਤਕਰੇ ਦਾ ਜ਼ਿਕਰ ਕਰਦੀ ਹੈ। ਅੰਗਰੇਜ਼ਾਂ ਵਲੋਂ ਪੰਜਾਬੀ, ਮਰਹੱਟੇ, ਡੋਗਰੇ, ਪਠਾਣ, ਗੜ੍ਹਵਾਲੀ ਆਦਿ ਨਾਵਾਂ 'ਤੇ ਹਿੰਦੋਸਤਾਨੀ ਫੌਜੀਆਂ ਨੂੰ ਵੰਡਣ ਦਾ ਜ਼ਿਕਰ ਹੈ। ਅੱਠਵੀਂ ਬੈਂਤ ਵਿਚ ਫੇਰ ਹਿੰਦੋਸਤਾਨੀਆਂ ਨੂੰ ਉਨ੍ਹਾਂ ਦੀ ਬਲਵਾਨ ਤਾਕਤ ਦਾ ਅਹਿਸਾਸ ਕਰਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਕ ਹੋਣ ਲਈ ਕਿਹਾ ਹੈ :

ਹਿੰਦੋਸਤਾਨ ਤੇ ਤੀਹ ਕਰੋੜ ਬੰਦੇ
ਕਰਦੇ ਰਾਜ ਇਹ ਚਾਰ ਕਰੋੜ ਕਾਹਨੂੰ
ਛੇਤੀ ਮਿਲ ਬੈਠੋ ਹਿੰਦੂ ਮੁਸਲਮਾਨੋ
ਤੁਸੀਂ ਬੈਠੇ ਹੋ ਵਿਚ ਅਨਜੋੜ ਕਾਹਨੂੰ

ਗੋਰਿਆਂ ਦੀਆਂ ਸਾਜ਼ਾਸ਼ਾਂ ਨੂੰ ਬੇਪਰਦ ਕਰਨ ਲਈ ਉਨ੍ਹਾਂ ਨੇ ਤੁਰਕੀ ਨੂੰ ਖ਼ਤਮ ਕਰਨ ਦੇ ਮਨਸੂਬਿਆਂ ਨੂੰ ਸਾਹਮਣੇ ਲਿਆਂਦਾ ਗਿਆ ਹੈ:

ਜ਼ਾਹਰਾ ਜਾ ਬਲਗੇਰੀਆ ਛੇੜ ਛੇੜੀ
ਗੁਝੇ ਤੌਰ ਜ਼ਾਲਮ ਇੰਗਲਸਤਾਨ ਚੜ੍ਹ ਗਈ
ਪੈਹਲਾਂ ਮਲ ਇਟਲੀ ਲਈ ਟਿਰੀਪੋਲੀ
ਦੂਜੇ ਪਾਸਿਓਂ ਜਾ ਬਲਕਾਨ ਚੜ੍ਹ ਗਈ

ਅੱਗੇ ਚਲ ਕੇ ਗਿਆਰਵੀਂ ਬੈਂਤ ਵਿਚ ਸਿੱਖਾਂ ਨੂੰ ਉਨ੍ਹਾਂ ਦੀਆਂ ਰਵਾਇਤਾਂ, ਸਿਖਿਆਵਾਂ ਅਤੇ ਜਿੱਤਾਂ ਬਾਰੇ ਯਾਦ ਕਰਾਇਆ ਗਿਆ ਹੈ। ਸਿੱਖ ਯੋਧਿਆਂ ਦੇ ਕਾਰਨਾਮੇ ਬਿਆਨੇ ਗਏ ਹਨ ਅਤੇ ਬਾਅਦ ਨੂੰ ਉਨ੍ਹਾਂ ਵਿਚ ਪਈ ਦੁਫੇੜ ਦੇ ਭਿਆਨਕ ਨਤੀਜਿਆਂ ਦਾ ਜ਼ਿਕਰ ਹੈ। ਰਿਆਸਤਾਂ ਦੇ ਰਾਜਿਆਂ ਦੀ ਗ਼ਦਰੀ ਨੰਗੀ ਕੀਤੀ ਗਈ ਹੈ:

ਪਰ ਉਪਕਾਰ ਖਾਤਰ ਗੁਰਾਂ ਸਾਜਿਆ ਸੀ
ਹੱਥੀਂ ਕੀਤੇ ਸੀ ਜੰਗ ਅਪਾਰ ਸਿੰਘੋ

•••

ਵਿਚ ਪੰਥ ਦੇ ਆਣ ਦੁਫੇੜ ਪੈ ਗਈ
ਫਸੇ ਵਿਚ ਗੁਲਾਮੀ ਦੇ ਜਾਲ ਸਿੰਘੋ
ਆਏ ਵਿਚ ਪੰਜਾਬ ਅੰਗਰੇਜ਼ ਜ਼ਾਲਮ
ਦਿਤਾ ਮੁਲਕ ਨੂੰ ਕਰ ਕੰਗਾਲ ਸਿੰਘੋ

ਏਥੇ ਆਉਣ ਦੀ ਇਨ੍ਹਾਂ ਮਜਾਲ ਕੀ ਸੀ
ਜੇ ਨਾ ਲਿਔਂਦੇ ਨਾਭਾ ਪਟਿਆਲ ਸਿੰਘੋ
ਮਦਦ ਇਨ੍ਹਾਂ ਦੀ ਫਤੇਹ ਪੰਜਾਬ ਕੀਤਾ
ਜੇਹੜੇ ਬਣੇ ਨਾ ਨਿਮਕ ਹਲਾਲ ਸਿੰਘੋ

ਇਨ੍ਹਾਂ ਰਜਵਾੜਿਆਂ ਵਲੋਂ 1857 ਦੇ ਗ਼ਦਰ ਵਿਚ ਹਿੱਸਾ ਨਾ ਲੈਣ 'ਤੇ ਤਾਹਨਾ ਮਾਰਦਿਆਂ ਲਿਖਿਆ ਗਿਆ ਹੈ:

ਅੱਜ ਮੁਲਕ ਅਜ਼ਾਦੀ ਵਿਚ ਖੇਲਣਾ ਸੀ
ਕਰਦੇ ਪਿਆਰ ਜੇ ਗ਼ਦਰ ਦੇ ਨਾਲ ਸਿੰਘੋ

ਏਸੇ ਤਰ੍ਹਾਂ ਉਸ ਜ਼ਮਾਨੇ ਦੇ ਕਥਿਤ ਲੀਡਰਾਂ, ਰਾਏ, ਖਾਨ ਤੇ ਸਰਦਾਰ ਬਹਾਦਰਾਂ ਦੀ ਨਿੰਦਾ ਕੀਤੀ ਹੈ:

ਜੱਟਾਂ ਸਿੱਧਿਆਂ ਨੂੰ ਕੋਈ ਦੋਸ਼ ਨਾਹੀਂ
ਸਾਡੇ ਲੀਡਰਾਂ ਦਾ ਮੰਦਾ ਹਾਲ ਸਿੰਘੋ
ਰਾਏ ਬਾਂਦਰਾਂ ਮੁਲਕ ਵੈਰਾਨ ਕੀਤਾ
ਪਿਆਰ ਰਖਦੇ ਬਾਂਦਰਾਂ ਨਾਲ ਸਿੰਘੋ
ਸਾਨੂੰ ਪਾਸ ਅੰਗਰੇਜ਼ਾਂ ਦੇ ਵੇਚਿਆ ਹੈ
ਆਪ ਮੁਲਕ ਦੇ ਬਣੇ ਦਲਾਲ ਸਿੰਘੋ

ਕਨੇਡਾ ਸਰਕਾਰ ਵੱਲੋਂ ਭਾਈ ਭਗਵਾਨ ਸਿੰਘ ਨੂੰ ਗ੍ਰਿਫਤਾਰ ਕਰਕੇ ਦੇਸ ਨਿਕਾਲਾ ਦੇਣ ਬਾਰੇ ਜ਼ਿਕਰ ਕਰਦਿਆਂ ਤਾਹਨੇ ਮਾਰਿਆ ਹੈ:

ਜਦੋਂ ਭਾਈ ਭਗਵਾਨ ਸਿੰਘ ਜੂੜਿਆ ਸੀ
ਕਿੱਥੇ ਗਏ ਸਨ ਗੁਰਾਂ ਦੇ ਲੌਾਲ ਸਿੰਘੋ
ਪਾਪੀ ਬੰਨ੍ਹ ਕੇ ਵਿਚ ਜਹਾਜ਼ ਲੈ ਲਏ
ਦਿਤਾ ਪਿੰਜਰੇ ਦੇ ਵਿਚ ਡਾਲ ਸਿੰਘੋ

ਡੈਪੂਟੇਸ਼ਨ, ਅਰਜ਼ੀਆਂ, ਪਰਚੇ ਛਡ ਕੇ ਹਥਿਆਰ ਚੁਕਣ ਦੀ ਸਲਾਹ ਦਿਤੀ ਹੈ:

ਡੈਪੂਟੇਸ਼ਨਾਂ ਕੁਝ ਨਾ ਖੋਵਣਾ ਜੇ
ਹੱਥੀਂ ਪਕੜ ਲੋ ਤੇਗ ਤੇ ਢਾਲ ਸਿੰਘੋ

ਅੱਗੇ ਜਾ ਕੇ ਸਿੱਖਾਂ ਨੂੰ ਕੌਮੀ ਇਨਕਲਾਬੀ ਧਾਰਾ ਵਿਚ ਸ਼ਾਮਲ ਹੋ ਕੇ ਲੜਨ ਦੀ ਅਪੀਲ ਕੀਤੀ ਅਤੇ ਹਿੰਦੋਸਤਾਨ ਦੇ ਸਾਰੇ ਕੌਮੀ ਲੀਡਰਾਂ ਦੀਆਂ ਕੁਰਬਾਨੀਆਂ ਦੇ ਗੁਣ ਗਾਏ ਗਏ ਹਨ:

ਜਿਨ੍ਹਾਂ ਮਾਮਲਾ ਬਾਰ ਦਾ ਰੋਕਿਆ ਸੀ
ਕਿਧਰ ਗਿਆ ਦਸਮੇਸ਼ ਦਾ ਲਾਲ ਸਿੰਘੋ
ਅਜ ਵਿਚ ਪ੍ਰਦੇਸਾਂ ਦੇ ਫਿਰੇ ਰੁਲਦਾ
ਪਾਸ ਉਸਦਾ ਨਹੀਂ ਹੈ ਮਾਲ ਸਿੰਘੋ

ਮਿਸਟਰ ਤਿਲਕ ਵਰਗੇ ਵਿਚ ਜੇਲ੍ਹ ਤੜਫਨ੍
ਭਾਰਤ ਵਰਸ਼ ਦੇ ਨੌਨਿਹਾਲ ਸਿੰਘੋ
ਬੈਠਾ ਵਿਚ ਜਪਾਨ ਦੇ ਬਰਕਤਉੱਲਾ
ਕਿਸੇ ਪੁਛਿਆ ਨਹੀਂ ਅਹਿਵਾਲ ਸਿੰਘੋ
ਕ੍ਰਿਸ਼ਨ ਵਰਮਾ ਜਾ ਵਿਚ ਫਰਾਂਸ ਬੈਠੇ
ਮੈਡਮ ਕਾਮਾ ਦਾ ਕਰੋਂ ਖਿਆਲ ਸਿੰਘੋ
ਬੈਠੀ ਮੋਰਚੇ ਮਲ ਫਰਾਂਸ ਅੰਦਰ
ਰਹੀ ਲੜ ਫਰੰਗੀਆਂ ਨਾਲ ਸਿੰਘੋ
ਸਵਰਕਰ ਨੂੰ ਪਕੜਿਆ ਜ਼ੋਰਾ ਜ਼ੋਰੀ
ਜੇਲ ਭੇਜ ਦਿਤਾ ਸੇਠ ਸਾਲ ਸਿੰਘੋ
ਸੂਫੀ ਅੰਬਾ ਪ੍ਰਸਾਦ ਵੀ ਯਾਦ ਆਇਆ
ਕਿਸੇ ਪੁੱਛਿਆ ਨਹੀਂ ਅਹਿਵਾਲ ਸਿੰਘੋ

ਖਾਲਸਾ ਕਾਲਜ ਉਤੇ ਅੰਗਰੇਜ਼ਾਂ ਦੇ ਕਬਜ਼ੇ ਬਾਰੇ ਅਤੇ ਹਰੀਮੰਦਰ 'ਤੇ ਅੰਗਰੇਜ਼ੀ ਦਲਾਲਾਂ ਦੀਆਂ ਕਰਤੂਤਾਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ:

ਕਾਲਜ ਖਾਲਸਾ ਜਿਹੜਾ ਤਿਆਰ ਕੀਤਾ
ਗੋਰੇ ਬਾਂਦਰਾਂ ਲਿਆ ਸੰਭਾਲ ਸਿੰਘੋ
ਸੁੰਦਰ ਸਿੰਘ ਮਜੀਠੀਏ ਨਾਸ਼ ਕੀਤਾ
ਭੈੜੀ ਚਲਿਆ ਚਾਲ ਚੰਡਾਲ ਸਿੰਘੋ

(ਇਸ 'ਤੇ ਰੋਹ ਵਿਚ ਆ ਕੇ ਹੀ ਮਾਸਟਰ ਚਤਰ ਸਿੰਘ ਸਾਂਗਲਾ ਹਿੱਲ ਨੇ ਅੰਮ੍ਰਿਤਸਰ ਖਾਲਸਾ ਕਾਲਜ ਦੇ ਅੰਗਰੇਜ਼ ਅਧਿਕਾਰੀਆਂ 'ਤੇ ਖ਼ੂਨੀ ਵਾਰ ਕੀਤਾ ਸੀ ਜਿਸ 'ਤੇ ਉਸਨੂੰ ਉਮਰ ਕੈਦ ਕਰਕੇ ਕਾਲੇ ਪਾਣੀ ਭੇਜ ਦਿਤਾ ਗਿਆ ਸੀ)। ਏਸੇ ਵਿਚ ਹੀ ਪੰਜਾਬੀਆਂ ਨੂੰ ਵੰਗਾਰਿਆ ਗਿਆ ਹੈ:-

ਡੂੰਘੀ ਨੀਂਦ ਦੇ ਵਿਚ ਪੰਜਾਬ ਸੁੱਤਾ
ਸ਼ੇਰ ਜਾਗਿਆ ਮੁਲਕ ਬੰਗਾਲ ਸਿੰਘੋ
ਹਿੰਦੂ ਮੋਮਨੋ ਮੁਗਲ ਪਠਾਣ ਮਿਲਕੇ
ਬੇੜਾ ਦਿਓ ਫਰੰਗੀਆਂ ਨਾਲ ਗਾਲ ਸਿੰਘੋ
ਅਸਾਂ ਸਾਰਿਆਂ ਵਿਚ ਨਾ ਫਰਕ ਕੋਈ
ਹਿੰਦ ਮਾਤ ਦੇ ਸਭੀ ਹਾਂ ਲਾਲ ਸਿੰਘੋ

ਹਿੰਦੋਸਤਾਨੀ ਪ੍ਰਵਾਸੀਆਂ ਉਤੇ ਪਏ ਗ਼ਦਰ ਅਖ਼ਬਾਰ ਦੇ ਪ੍ਰਭਾਵ ਨੂੰ ਬੈਂਤ ਰਾਹੀਂ ਇਸ ਤਰ੍ਹਾਂ ਪੇਸ਼ ਕੀਤਾ ਹੈ :

ਨਾਲ ਦਿਲੀ ਪਰੇਮ ਦੇ ਗ਼ਦਰ ਕਰਨਾ
ਇਹਦੇ ਨਾਲ ਹੀ ਬਚੇਗੀ ਜਾਨ ਸਾਡੀ

•••

ਹੋਈ ਬੰਦ ਗ਼ੁਲਾਮੀ ਦੇ ਨਾਲ ਜੋੜੀ
ਦਿਤੀ ਗ਼ਦਰ ਨੇ ਖੋਲ੍ਹ ਜ਼ਬਾਨ ਸਾਡੀ
ਗੱਲਾਂ ਸੱਚੀਆਂ ਦਸਦਾ ਗ਼ਦਰ ਸਾਨੂੰ
ਲਈ ਗ਼ਦਰ ਨੇ ਨਬਜ਼ ਪਛਾਣ ਸਾਡੀ

ਅੰਗਰੇਜ਼ ਦੀ ਫ਼ੌਜ ਵਿਚ ਭਰਤੀ ਹਿੰਦੋਸਤਾਨੀਆਂ ਫ਼ੌਜੀਆਂ ਨੂੰ ਬਗ਼ਾਵਤ ਵਾਸਤੇ ਉਕਸਾਉਣ ਲਈ ਇਸ ਤਰ੍ਹਾਂ ਛੰਦਬੰਦੀ ਕੀਤੀ ਹੈ:

ਤੁਸੀਂ ਲੜੋ ਜਾ ਕੇ ਖ਼ਾਤਰ ਗੋਰਿਆਂ ਦੀ
ਸਿੰਘੋ ਭੋਲਿਓ ਕਰਦੇ ਖਿਆਲ ਕਿਉਂ ਨਹੀਂ
ਦੇਸਾਂ ਦੂਜਿਆਂ ਤੇ ਕਰੋ ਨਿੱਤ ਧਾਵੇ
ਮੁਲਕ ਆਪਣਾ ਲੈਂਦੇ ਸੰਭਾਲ ਕਿਉਂ ਨਹੀਂ
ਤਿਬਤ, ਚੀਨ ਅਫ਼ਰੀਕਾ ਨੂੰ ਫਤੇਹ ਕਰਦੇ
ਦਿਤਾ ਦੁਸ਼ਮਣ ਹੱਥ ਦਾਖਲ ਕਿਉਂ ਨਹੀਂ
ਉਠੋ ਜ਼ਰਾ ਅਜ਼ਾਦੀ ਦਾ ਲਵੋ ਝਾਕਾ
ਰਲ ਕੇ ਖੇਡਦੇ ਜ਼ਰਾ ਗੁਲਾਲ ਕਿਉਂ ਨਹੀਂ

ਸਤਾਰ੍ਹਵੀਂ ਬੈਂਤ ਵਿਚ ਜਥੇਬੰਦਕ ਪੈਂਤੜੇ ਅਤੇ ਐਕਸ਼ਨ ਦਾ ਵਿਸਥਾਰ ਦਿਤਾ ਗਿਆ ਹੈ, ਜਿਸ ਵਿਚ ਗੁਰੀਲਾ ਜੰਗ ਦਾ ਵੀ ਜ਼ਿਕਰ ਆਉਂਦਾ ਹੈ: ਏਸੇ ਤਰ੍ਹਾਂ ਸਾਰਾ ਜਥਾ

ਗ਼ਦਰ ਪਾਰਟੀ ਜਥਾ ਬਣਾ ਲਈਏ
ਫੇਰ ਘੱਲੀਏ ਸੂਰਮੇ ਦੇਸ ਅੰਦਰ
ਪਹਿਲਾਂ ਟਾਪੂਆਂ ਵਿਚ ਅਜ਼ਮਾ ਲਈਏ
ਫੇਰ ਛਾਂਟ ਲਈਏ ਮੈਂਬਰ ਮਰਨ ਵਾਲੇ
ਖ਼ੁਫੀਆ ਤੌਰ ਦੀ ਸਭਾ ਬਣਾ ਲਈਏ
ਸ਼ਾਖਾਂ ਛੱਡ ਕੇ ਦੇਸ ਬਦੇਸ ਅੰਦਰ
ਪੱਕੇ ਤੌਰ ਥੀਂ ਕਦਮ ਜਮਾ ਲਈਏ
ਡਾਕੇ ਮਾਰੀਏ ਚਲ ਸਰਕਾਰ ਉਤੇ
ਸਾਰਾ ਦੇਸ ਪੰਜਾਬ ਜਗਾ ਲਈਏ
ਕਿਤੇ ਖ਼ੂਬ ਗੁਰੀਲੜੇ ਵਾਰ ਕਰੀਏ
ਜਿਵੇਂ ਦਾਓ ਲੱਗੇ ਤਿਵੇਂ ਲਾ ਲਈਏ
ਵੀਰੇ ਵਾਂਗ ਬੰਗਾਲੀਆ ਚਮਕ ਉਠੋ
ਕਰੋ ਪਰਨ ਜਲਦੀ ਬੀੜਾ ਚਾ ਲਈਏ

ਅਠਾਰ੍ਹਵੀਂ ਬੈਂਤ ਇਕ ਗ਼ਦਰੀ ਸਿਪਾਹੀ ਦੀ ਕਸਮ ਹੈ:

ਵੇਲਾ ਆਣ ਪੁੱਜਾ ਕਿਉਂ ਨਾ ਜਾਗਦੇ ਹੋ

ਸੁਤੇ ਘੂਕ ਹਿੰਦੂ ਮੁਸਲਮਾਨ ਵੀਰੋ
ਜ਼ਾਲਮ ਕੌਮ ਫਰੰਗੀ ਦੀ ਬੜੀ ਭੈੜੀ
ਇਨ੍ਹਾਂ ਲੁੱਟ ਖਾਧਾ ਹਿੰਦੋਸਤਾਨ ਵੀਰੋ
ਲਾਇਆ ਮਾਮਲਾ ਚੱਕੀਆਂ ਚਰਖਿਆਂ ਨੂੰ
ਕੀਤੀ ਤੁਸਾਂ ਨੇ ਬੰਦ ਜ਼ੁਬਾਨ ਵੀਰੋ
....
ਖੁਫੀਆਂ ਤੌਰ ਕਮੇਟੀਆਂ ਕਰੋ ਕੈਮ
ਪਿਛਲੇ ਗ਼ਦਰ ਦਾ ਕਰੋ ਧਿਆਨ ਵੀਰੋ
ਸਭ ਗਲਤੀਆਂ ਤੇ ਪਾਪ ਜਾਣ ਧੋਤੇ
ਖਾਤਰ ਲੜਾਂਗੇ ਜਾਂ ਹਿੰਦੋਸਤਾਨ ਵੀਰੋ
ਲੜਨਾ ਦੇਸ ਖਾਤਰ ਡਰਨਾ ਮੂਲ ਨਾਹੀਂ
ਮਰਨਾ ਯੁਧ ਕਰਕੇ ਬੜੀ ਸ਼ਾਨ ਵੀਰੋ

ਅਗੇ ਲਿਖੀ ਗਈ ਬੈਂਤ ਤੋਂ ਪਤਾ ਲਗਦਾ ਹੈ ਕਿ ਗ਼ਦਰੀਆਂ ਦਾ ਕੇਵਲ ਹਥਿਆਰਬੰਦ ਗੁਰੀਲਿਆਂ ਜ਼ਰੀਏ ਹੀ ਲੜਨ 'ਤੇ ਜ਼ੋਰ ਨਹੀਂ ਸੀ, ਸਗੋਂ ਗ਼ਦਰ ਵਿਚ ਆਮ ਜਨਤਾ ਦੀ ਸ਼ਮੂਲੀਅਤ ਦਾ ਪ੍ਰੋਗਰਾਮ ਸੀ। ਇਹ ਗੱਲ ਹੇਠ ਲਿਖੇ ਤੋਂ ਸਾਬਤ ਹੁੰਦੀ ਹੈ:

ਮਿਲ ਕੇ ਸਭ ਗਰੀਬਾਂ ਨੇ ਗ਼ਦਰ ਕਰਨਾ
ਆਸ ਰੱਖਣੀ ਨਾ ਸ਼ਾਹੂਕਾਰ ਵਾਲੀ
ਛੂਤ ਛਾਤ ਦਾ ਕੋਈ ਖਿਆਲ ਨਹੀਂ
ਸਾਨੂੰ ਪਰਖ ਨਾ ਚੂਹੜੇ ਚਮਾਰ ਵਾਲੀ

ਇੱਕੀਵੀਂ ਬੈਂਤ ਵਿਚ ਅਜ਼ਾਦੀ ਸੰਗਰਾਮੀਆਂ ਦੀਆਂ ਕੁਰਬਾਨੀਆਂ, ਉਨ੍ਹਾਂ ਵਲੋਂ ਕਟੀਆਂ ਜੇਲ੍ਹਾਂ, ਫਾਂਸੀਆਂ ਆਦਿ ਨੂੰ ਯਾਦ ਕੀਤਾ ਗਿਆ ਹੈ:

ਹਿੰਦੋਸਤਾਨ ਦਾ ਜ਼ੁਲਮ ਮਟਾਨ ਖ਼ਾਤਰ
ਕਈ ਵੀਰ ਬਲਵਾਨ ਕੁਰਬਾਨ ਹੋ ਗਏ
ਕਈ ਬਿਨਾ ਕਸੂਰ ਦੇ ਚੜ੍ਹੇ ਫਾਂਸੀ
ਕਈ ਜੇਲ ਖਾਨੀ ਅੰਡੇਮਾਨ ਹੋ ਗਏ
ਪੈਹਲੇ ਗ਼ਦਰ ਅੰਦਰ ਜਿਨ੍ਹਾਂ ਕੰਮ ਕੀਤਾ
ਨਾਨਾ ਸਾਹਿਬ ਅਲੀ ਨਕੀ ਖਾਨ ਹੋ ਗਏ
ਰਾਣੀ ਲਕਸ਼ਮੀ ਮੌਲਵੀ ਸ਼ਾਹ ਅਹਿਮਦ
ਤੋਪ ਤਾਂਤੀਆ ਬੀਰ ਬਲਵਾਨ ਹੋ ਗਏ

ਏਥੇ ਹੀ ਕੂਕਾ ਲਹਿਰ ਦਾ ਜ਼ਿਕਰ ਕੀਤਾ ਗਿਆ ਹੈ:

ਕੀਤਾ ਕੂਕਿਆਂ, ਕੱਠ ਪੰਜਾਬ ਅੰਦਰ
ਰਾਮ ਸਿੰਘ ਭਾਈ ਮੋਹਣੀ ਆਣ ਹੋ ਗਏ

ਬੱਚੇ ਔਰਤਾਂ ਲਈ ਹਜ਼ਾਰ ਕੂਕੇ
ਖਾਤਰ ਦੇਸ ਦੀ ਲਹੂ ਲੁਹਾਨ ਹੋ ਗਏ
ਰਾਮ ਸਿੰਘ ਭਾਈ ਜਲਾਵਤਨ ਕੀਤੇ
ਨਾਲ ਹੋਰ ਵੀ ਕਈ ਕੁਰਬਾਨ ਹੋ ਗਏ

ਬੈਂਤ ਚਲਦੀ-ਚਲਦੀ ਉਸ ਸਮੇਂ ਦੇ ਆਗੂਆਂ 'ਤੇ ਆ ਜਾਂਦੀ ਹੈ:

ਬੁੱਢਾ ਤਿਲਕ ਤੇ ਲਿਆਕਤ ਹੁਸੈਨ ਦੋਵੇਂ
ਦੇਖ ਹਾਲ ਸਾਡਾ ਪ੍ਰੇਸ਼ਾਨ ਹੋ ਗਏ
ਹਸਰਤ ਮੁਹਾਨੀ ਤੇ ਮੌਲਵੀ ਬਰਕਤਉੱਲਾ
ਸੂਫ਼ੀ ਸਾਫ਼ ਦਿਲ ਵਿਚ ਈਰਾਨ ਹੋ ਗਏ
ਪਿੰਡੀ ਦਾਸ ਤੇ ਨੰਦ ਗੁਪਾਲ ਦੋਵੇਂ
ਨਾਲ ਸਿੰਘ ਅਜੀਤ ਭਗਵਾਨ ਹੋ ਗਏ
ਸਠ ਸਾਲ ਦੀ ਜੇਲ੍ਹ ਸਾਵਰਕਰ ਜੀ
ਲਿਖ ਕੇ ਗ਼ਦਰ ਤਾਰੀਖ ਰਵਾਨ ਹੋ ਗਏ
ਹੋਤੀ ਲਾਲ ਬਰਿੰਦਰ ਮੋਹਨ ਘੋਸ ਦੋਨੋਂ
ਯਾਰੋ ਬਿਨਾ ਕਸੂਰ ਚਲਾਨ ਹੋ ਗਏ
ਪਾਂਡੀਚਰੀ ਅੰਦਰ ਬਾਬੂ ਅਰਬਿੰਦੋ
ਲਿਖ ਕੇ ਕਰਮ ਯੋਗਨ ਯੋਗੀਆਨ ਹੋ ਗਏ
ਮੈਡਮ ਕਾਮਾ ਤੇ ਸ਼ਾਮ ਜੀ ਕ੍ਰਿਸ਼ਨ ਵਰਮਾ
ਪੈਰਸ ਵਿਚ ਬੈਠੇ ਬੁਢੀ ਜਾਨ ਹੋ ਗਏ
ਡੇਰਾ ਵਿਚ ਅਮਰੀਕਾ ਦੇ ਆਣ ਲਾਇਆ
ਹਰਦਿਆਲ ਹੋਣੀ ਮੇਹਰਬਾਨ ਹੋ ਗਏ
ਹੋਕਾ ਫੇਰਿਆ ਗ਼ਦਰ ਅਖ਼ਬਾਰ ਸਾਰੇ
ਅੱਖਾਂ ਖੁੱਲ੍ਹੀਆਂ ਲੋਕ ਹੈਰਾਨ ਹੋ ਗਏ
ਚਲੋ ਚਲੀਏ ਮੁਲਕ ਨੂੰ ਯੁਧ ਕਰਨੇ
ਹੋ ਆਖਰੀ ਬਚਨ ਫਰਮਾਨ ਹੋ ਗਏ

ਹਿੰਦੋਸਤਾਨ ਦੇ ਲੋਕਾਂ ਦੀ ਦੁਰਦਸ਼ਾ, ਗਰੀਬੀ, ਕੰਗਾਲੀ ਤੇ ਭੁੱਖਮਰੀ ਬਾਰੇ ਉਹ ਲਿਖਦੇ ਹਨ ਅਤੇ ਅਚੇਤ ਰੂਪ ਵਿਚ ਜਮਾਤੀ ਸੂਝ ਪ੍ਰਗਟਾਉਂਦੇ ਹਨ:

ਰੋਟੀ ਕਪੜਾ ਮੂਲ ਨਾ ਮਿਲੇ ਸਾਨੂੰ
ਨੰਗ ਭੁੱਖ ਨੇ ਸ਼ਕਲ ਗਵਾ ਦਿਤੀ
ਦਿਨੇ ਰਾਤ ਮਰਦੇ ਅਸੀਂ ਕੰਮ ਕਰਦੇ
ਸੁਧ ਬੁਧ ਤਮਾਮ ਭੁਲਾ ਦਿਤੀ
ਦੇਸ ਲੁੱਟ ਫਰੰਗੀਆਂ ਲਿਆ ਸਾਡਾ

ਦੁੱਖ ਭੁੱਖ ਪਲੇਗ ਫੈਲਾ ਦਿਤੀ

ਫਿਰਕੇਦਾਰਾਨਾ ਹੱਕ ਮੰਗਣ ਵਾਲਿਆਂ ਬਾਬਤ ਲਿਖਦੇ ਹਨ:

ਹੱਕਾਂ ਦਾ ਖਿਆਲ ਛਡ ਸਾਂਭੋ ਦੇਸ ਨੂੰ
ਕਢ ਦਿਓ ਫਰੰਗੀ ਭੂਤਨੇ ਮਲੇਸ਼ ਨੂੰ
ਉਠੋ ਹੁਣ ਵੀਰੋ ਹੌਸਲਾ ਕਿਉਂ ਢਾ ਲਿਆ
ਜ਼ਾਲਮ ਫਰੰਗੀਆਂ ਨੇ ਦਸ ਖਾ ਲਿਆ

•••

ਕੋਈ ਚੀਜ਼ ਬਿਨਾਂ ਨਾ ਮਸੂਲ ਛੱਡਦੇ
ਹੌਲੀ ਹੌਲੀ ਇੰਡੀਆ ਦੀ ਜੜ੍ਹ ਵੱਢਦੇ
ਮਾਲੀਆ ਵਧਾਇਆ ਬੇਈਮਾਨ ਗੁਟਕੇ
ਜ਼ਾਲਮ ਫਰੰਗੀ ਦੇਸ ਲੈ ਗਏ ਲੁਟਕੇ
ਅਰਬਾਂ ਦੇ ਲੇਖੇ ਪੈਸਾ ਹੈ ਲੈ ਜਾਵਦੇ
ਥੋੜਾ ਸਾ ਖਰਚ ਇੰਡੀਆ ਮੇ ਲਾਮਦੇ
ਮਾਲੀਆ ਲਗਾਇਆ ਯਾਰੋ ਸ਼ਾਮਲਾਤ ਨੂੰ
ਸੁੱਤੇ ਪਏ ਸਿੰਘ ਪੁੱਛਦੇ ਨਾ ਬਾਤ ਨੂੰ
ਸਾਡੇ ਪਿਛੇ ਜ਼ਾਲਮਾਂ ਨਾ ਕੁਝ ਛੱਡਿਆ
ਦਾਣਾ ਪੈਸਾ ਸਾਰਾ ਹੀ ਵਲੈਤ ਕੱਢਿਆ
ਮੱਖਣ ਵਰੋਲ ਛਾਛ ਗਏ ਸੁੱਟ ਕੇ
ਜ਼ਾਲਮ ਫ਼ਰੰਗੀ ਦੇਸ ਲੈ ਗਏ ਲੁੱਟ ਕੇ
ਸਿਰ ਦਿੱਤੇ ਬਾਝ ਨਹੀਂ ਕੰਮ ਸਰਨਾ
ਯੁਧ ਵਿਚ ਪਵੇਗਾ ਜ਼ਰੂਰ ਮਰਨਾ
ਮਾਰ ਲਈਏ ਵੈਰੀ ਮਰ ਜਾਈਏ ਆਪ ਜਾਂ
ਕਾਇਰਤਾ ਗਰੀਬੀ ਮੁੱਕ ਜਾਵੇ ਤਾਪ ਤਾਂ
ਪਿਛਲੀ ਕਲੰਕੀ ਸਾਡੀ ਚੁੱਕੀ ਜਾਊਗੀ
ਹੋਊਗੀ ਅਜ਼ਾਦ ਨਸਲ ਸੁੱਖ ਪਾਊਗੀ
ਜਾਨ ਜਾਵੇ ਆਣ ਨੂੰ ਨਾ ਜਾਵੋ ਤੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।

(ਟੁੰਡੀਲਾਟ ਵਲੋਂ ਪੜ੍ਹੀ ਗਈ ਇਹ ਕਵਿਤਾ ਸੁਣ ਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਟਕ ਪਾਰ ਕਰਨ ਲਗਿਆ ਲੜ ਮਰਨ ਲਈ ਵਾਪਸ ਪੰਜਾਬ ਪਰਤ ਆਇਆ ਸੀ)।

ਗ਼ਦਰ ਦੀ ਗੂੰਜ ਵਿਚ ਥਾਂ-ਥਾਂ ਉਤੇ ਹਿੰਦੋਸਤਾਨ ਦੀ ਅੰਗਰੇਜ਼ਾਂ ਵਲੋਂ ਕੀਤੀ ਜਾਂਦੀ ਲੁਟ, ਗਰੀਬੀ, ਭੁੱਖਮਰੀ, ਬਿਮਾਰੀ ਆਦਿ ਦੀ ਵਿਆਖਿਆ ਆਉਂਦੀ

ਹੈ ਅਤੇ ਸਾਰੇ ਫਿਰਕਿਆਂ ਦੇ ਲੋਕਾਂ ਨੂੰ ਇੱਕਠੇ ਹੋਣ ਦੀ ਨਸੀਹਤ ਕੀਤੀ ਗਈ ਹੈ। ਏਸੇ ਤਰ੍ਹਾਂ ਵਾਰ-ਵਾਰ ਜ਼ਿਕਰ ਆਉਂਦਾ ਹੈ ਕਿ ਹਿੰਦੋਸਤਾਨ ਦੇ ਲੋਕ ਮੈਦਾਨ ਵਿੱਚ ਨਿਤਰਨ ਅਤੇ ਮਰਨ-ਮਾਰਨ ਦੀ ਲੜਾਈ ਕਰਕੇ ਕੁਰਬਾਨੀਆਂ ਦੇ ਕੇ ਦੇਸ ਅਜ਼ਾਦ ਕਰਾਉਣ। ਗ਼ਦਰ ਦੀ ਗੂੰਜ ਵਿਚ ਸਪੱਸ਼ਟ ਸੰਕਲਪ ਨਜ਼ਰ ਆਉਂਦਾ ਹੈ। ਗ਼ਦਰੀ ਆਪਣੇ ਨਿੱਜੀ ਸੁੱਖ ਅਰਾਮ ਅਤੇ ਖੁਸ਼ਹਾਲੀ ਲਈ ਮੁਲਕ ਅਜ਼ਾਦ ਕਰਾਉਣ ਦੇ ਇੱਛੁਕ ਨਹੀਂ ਸਨ, ਸਗੋਂ ਆਉਣ ਵਾਲੀਆਂ ਨਸਲਾਂ ਲਈ ਸੁਨਹਿਰਾ ਭਵਿੱਖ ਬਣਾਉਣ ਲਈ ਕੁਰਬਾਨ ਹੋ ਜਾਣ ਲਈ ਤਿਆਰ ਹੋ ਰਹੇ ਸਨ। ਦੂਜੇ ਦੇਸ਼ਾਂ ਵਿਚ ਵਾਪਰੇ ਇਨਕਲਾਬ ਤੇ ਉਨ੍ਹਾਂ ਦੀ ਤਰੱਕੀ ਤੇ ਵੱਖ-ਵੱਖ ਦੇਸ਼ਾਂ ਵਿਚ ਉਠਦੀਆ ਲਹਿਰਾਂ ਉਨ੍ਹਾਂ ਲਈ ਉਤਸ਼ਾਹ ਦਾ ਸੋਮਾ ਸਨ। ਹਿੰਦੋਸਤਾਨ ਦੇ ਪਿਛਲੇ ਇਤਿਹਾਸ ਨੇ ਉਨ੍ਹਾਂ ਨੂੰ ਗ਼ਦਾਰਾਂ ਦੀ ਜਮਾਤ ਬਾਰੇ ਵੀ ਸੁਚੇਤ ਕੀਤਾ ਹੋਇਆ ਸੀ। ਗ਼ਦਰ ਦੀ ਗੂੰਜ ਵਿਚ ਕੁਰਬਾਨੀਆਂ ਕਰਨ ਵਾਲੇ ਇਨਕਲਾਬੀਆਂ ਅਤੇ ਸ਼ਹੀਦਾਂ ਦਾ ਥਾਂ-ਥਾਂ 'ਤੇ ਗੁਣਗਾਣ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਹਵਾਲਿਆਂ ਨਾਲ ਗ਼ਦਰ ਲਹਿਰ ਵਿੱਚ ਸ਼ਾਮਲ ਹੋਣ ਲਈ ਹਿੰਦੋਸਤਾਨੀਆਂ ਨੂੰ ਅਪੀਲ ਕੀਤੀ ਗਈ ਹੈ। ਬਦੇਸ਼ਾਂ ਵਿਚ ਵਸਦੇ ਹਿੰਦੋਸਤਾਨੀਆਂ ਨੂੰ ਮੁਲਕ ਵਾਪਸ ਪਰਤਣ ਲਈ ਕਿਹਾ ਗਿਆ ਹੈ। ਕੇਵਲ ਅਰਜ਼ੀਆਂ, ਪਰਚਿਆਂ ਉਤੇ ਹੀ ਜ਼ੋਰ ਰੱਖਣ ਵਾਲਿਆਂ ਨੂੰ ਗ਼ਦਰੀ ਰੁਕਾਵਟ ਪਾਉਣ ਵਾਲੇ ਸਮਝਦੇ ਸਨ। ਉਨ੍ਹਾਂ ਨੇ ਬਹੁਤੀ ਟੇਕ ਫੌਜਾਂ 'ਤੇ ਲਾਈ ਹੋਈ ਸੀ ਜਿਸ ਕਰਕੇ ਗ਼ਦਰ ਦੀ ਗੂੰਜ ਲਈ ਫੌਜੀਆਂ ਨੂੰ ਬਗ਼ਾਵਤ ਕਰਨ ਲਈ ਪ੍ਰੇਰਿਆ ਗਿਆ। ਭਾਵੇਂ ਕਿ ਉਹ ਸਮਝਦੇ ਸਨ ਕਿ ਹਿੰਦੋਸਤਾਨ ਦੇ ਲੋਕ ਰਾਜਸੀ ਤੌਰ 'ਤੇ ਬਹੁਤੀ ਸੂਝ ਨਹੀਂ ਰਖਦੇ ਹਨ ਪਰ ਉਨ੍ਹਾਂ ਨੇ ਲੋਕਾਂ ਨੂੰ ਜਾਗਰੂਕ ਕਰਨ ਦਾ ਜ਼ਿਕਰ ਵਾਰ-ਵਾਰ ਕੀਤਾ ਹੈ। ਉਹ ਹਾਲਤਾਂ ਅਤੇ ਸਮੇਂ ਦੀਆਂ ਜ਼ਰੂਰਤਾਂ ਅਨੁਸਾਰ ਚਲਣ 'ਤੇ ਜ਼ੋਰ ਦਿੰਦੇ ਸਨ। ਜਨਤਕ ਅਤੇ ਹਥਿਆਰਬੰਦ ਲਹਿਰਾਂ ਨੂੰ ਨਾਲ-ਨਾਲ ਚਲਾਉਣ ਦਾ ਉਨ੍ਹਾਂ ਦਾ ਇਰਾਦਾ ਸੀ, ਜਿਵੇਂ ਹੇਠਲੀ ਪੰਗਤੀ ਵਿਚ ਸਪੱਸ਼ਟ ਲਿਖਿਆ ਗਿਆ ਹੈ :

ਪੈਹਲਾਂ ਗ਼ਦਰ ਪਾਰਟੀ ਦੇਸ ਵਿਚ ਪ੍ਰਚਾਰ ਕਰੇ
ਖੁਲਮ ਖੁੱਲਾ ਪਰਜਾ ਤਾਈਂ ਚੋਰਾਂ ਥੀਂ ਹੁਸ਼ਿਆਰ ਕਰੇ
ਡਾਕੇ ਮਾਰ ਡਾਕੂਆਂ ਉਤੇ ਕੱਠੇ ਵੀ ਹਥਿਆਰ ਕਰੇ
ਜੈਸਾ ਜੈਸਾ ਮੌਕਾ ਦੇਖੇ ਸਾਰਾ ਕਾਰ ਵਿਹਾਰ ਕਰੇ
ਸੁਤੀ ਪਰਜਾ ਜਾਗ ਪਈ ਜਦ ਅੱਗੇ ਕੰਮ ਵਧਾਵਣ ਦਾ
ਆਓ, ਭਾਈਓ ਗ਼ਦਰ ਮਚਾਈਏ ਮੌਕਾ ਨਹੀਂ-ਖੰਜਾਵਣ ਦਾ

ਗ਼ਦਰ ਦੀ ਗੂੰਜ ਨੰਬਰ ਤਿੰਨ ਵਿਚ ਇਨ੍ਹਾਂ ਗ਼ਦਰੀ ਇਨਕਲਾਬੀਆਂ ਨੇ ਫਾਂਸੀ ਦੇ ਤਖ਼ਤੇ ਤੋਂ ਵੀ ਹਿੰਦੋਸਤਾਨੀਆਂ ਨੂੰ ਸੰਦੇਸ਼ ਭੇਜਿਆ :

ਹਿੰਦੋਸਤਾਨੀਓ ਰਖਣਾ ਯਾਦ ਸਾਨੂੰ

ਕਿਤੇ ਦਿਲਾਂ ਤੋਂ ਨਹੀਂ ਭੁਲਾ ਜਾਣਾ

ਗ਼ਦਰੀਆਂ ਵਲੋਂ ਰਚੇ ਇਨਕਲਾਬੀ ਸਾਹਿਤ ਦੇ ਵੱਡੇ ਭੰਡਾਰ ਵਿਚੋਂ ਜੋ ਟੂਕਾਂ ਉਪਰ ਦਿਤੀਆਂ ਗਈਆਂ ਹਨਹ, ਇਹ ਉਨ੍ਹਾਂ ਦੀ ਰਾਜਸੀ ਸੂਝ ਨੂੰ ਪ੍ਰਗਟ ਕਰਦੀਆਂ ਹਨ। ਵਧੇਰੇ ਠੋਸ ਅਤੇ ਸਪੱਸ਼ਟ ਗੱਲ ਵਾਰਤਕ ਵਿਚ ਹੀ ਕਹੀ ਜਾ ਸਕਦੀ ਹੈ। ਗ਼ਦਰੀਆਂ ਦੀ ਰਾਜਸੀ ਸੂਝ ਬਾਰੇ ਵਧੇਰੇ ਸਫਾਈ ਗ਼ਦਰ ਪਾਰਟੀ ਵੱਲੋਂ ਉਰਦੂ, ਪੰਜਾਬੀ ਤੇ ਹੋਰ ਜ਼ਬਾਨਾਂ ਵਿਚ ਛਪੇ ਪੈਂਫਲਿਟਾਂ ਤੋਂ ਮਿਲ ਸਕਦੀ ਹੈ। ਲਾਲਾ ਹਰਦਿਆਲ ਵਲੋਂ ਲਿਖੇ ਲੇਖਾਂ ਅਤੇ ਪੈਂਫਲਿਟਾਂ ਨੇ ਨਿਰਸੰਦੇਹ ਗ਼ਦਰੀਆਂ ਦੀ ਸੂਝ 'ਤੇ ਕਾਫੀ ਪ੍ਰਭਾਵ ਪਾਇਆ ਸੀ। ਲਾਲਾ ਹਰਦਿਆਲ ਤਰਕਸ਼ੀਲ ਸੋਚ ਦੇ ਧਾਰਨੀ ਸਨ ਅਤੇ ਹਰ ਵਿਚਾਰ ਨੂੰ ਕਿੰਤੂ ਦੀ ਕਸਵੱਟੀ 'ਤੇ ਪਰਖਦੇ ਸਨ। 'ਗ਼ੁਲਾਮੀ ਦਾ ਜ਼ਹਿਰ' ਨਾਮੀ ਕਿਤਾਬ ਇਸ ਦਾ ਉੱਘਾ ਸਬੂਤ ਹੈ। ਰਾਮ ਰਾਜ, ਮੁਸਲਮਾਨ ਰਾਜ ਜਾਂ ਸਿੱਖ ਰਾਜ, ਬਣਵਾਸਾਂ ਅਤੇ ਬਿਨਾਂ ਸੋਚੇ ਸਮਝੇ ਆਗਿਆਕਾਰੀ ਜਾਂ ਨਜਾਇਜ਼ ਹੁਕਮ ਦੀ ਪਾਲਣਾ ਨੂੰ ਉਨ੍ਹਾਂ ਨੇ ਗ਼ੁਲਾਮੀ ਦਾ ਜ਼ਹਿਰ ਕਿਹਾ। ਉਹ ਹਿੰਦੋਸਤਾਨ ਵਿਚ ਅਜ਼ਾਦ ਜਮਹੂਰੀ ਸੈਕੂਲਰ ਰੀਪਬਲਿਕ ਸਥਾਪਤ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਦੇਸ ਵਿਚ ਚਲ ਰਹੀਆਂ ਕੁਰਾਹੇ ਪਾਉਣ ਵਾਲੀਆਂ ਕਈ ਲਹਿਰਾਂ ਤੋਂ ਸੁਚੇਤ ਕਰਨ ਲਈ ਲਿਖਿਆ। ਇਥੋਂ ਤਕ ਕਿ ਕਾਂਗਰਸ ਬਾਰੇ ਲਾਲਾ ਹਰਦਿਆਲ ਨੇ ਲਿਖਿਆ ਸੀ ਕਿ ਇਸ ਨੂੰ ਹਿਊਮ ਨਾਮੀ ਅੰਗਰੇਜ਼ ਨੇ ਕਾਇਮ ਕੀਤਾ ਹੈ। ਜਿਸ ਕਰਕੇ ਉਹ ਹਰ ਸਾਲ ਇਕੱਠ ਹੋ ਕੇ ਅੰਗਰੇਜ਼ੀ ਸਰਕਾਰ ਤੋਂ ਕੁਝ-ਇਕ ਹੱਕ ਮੰਗਣ ਦੀਆਂ ਗੱਲਾਂ ਕਰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਮੰਗਾਂ ਨਾਲ ਮੁਲਕ ਵਿਚੋਂ ਨਾ ਤਾਂ ਗਰੀਬੀ, ਕਾਲ ਤੇ ਪਲੇਗ ਹੀ ਦੂਰ ਹੋ ਸਕਦੇ ਹਨ ਅਤੇ ਨਾ ਹੀ ਸਨਅਤਾਂ ਲਗ ਸਕਦੀਆਂ ਹਨ। ਲਾਲਾ ਹਰਦਿਆਲ ਨੇ ਮਜ਼ਹਬ 'ਤੇ ਸਿਰ ਚੁਕ ਰਹੀਆਂ ਜਥੇਬੰਦੀਆਂ ਤੋਂ ਵੀ ਸੁਚੇਤ ਕੀਤਾ ਸੀ ਅਤੇ ਲਿਖਿਆ ਸੀ ਕਿ ਮਜ਼ਹਬ ਦਾ ਕੋਈ ਮੇਲ ਨਹੀਂ। ਮਜ਼ਹਬ ਸਾਡੀ ਬਰਬਾਦੀ ਦਾ ਕਾਰਨ ਬਣਦੇ ਹਨ। ਹਰ ਇਕ ਨੂੰ ਮਜ਼ਹਬ ਦੀ ਅਜ਼ਾਦੀ ਹੋਣੀ ਚਾਹੀਦੀ ਹੈ ਜਿਹੜੇ ਲੋਕ ਇਕੋ ਮਜ਼ਹਬ ਦੀ ਗੱਲ ਕਰਦੇ ਹਨ ਉਹ ਇਸ ਅਜ਼ਾਦੀ ਨੂੰ ਖਤਮ ਕਰਨਾ ਚਾਹੁੰਦੇ ਹਨ ਅਤੇ ਜਿਹੜਾ ਕਿਸੇ ਦੀ ਅਜ਼ਾਦੀ ਖੋਂਹਦਾ ਹੈ ਉਹ ਆਪ ਗੁਲਾਮ ਹੋ ਜਾਂਦਾ ਹੈ। ਲਾਲਾ ਹਰਦਿਆਲ ਨੇ ਲਿਖਿਆ ਕਿ ਹਿੰਦੂ ਸਭਾ ਵਰਗੀਆਂ ਜਥੇਬੰਦੀਆਂ ਹਿੰਦੋਸਤਾਨ ਦੇ ਉੱਤਰੀ ਹਿੱਸੇ ਵਿਚ ਅਜਿਹੀਆਂ ਗੱਲਾਂ ਕਰਦੀਆਂ ਹਨ।

ਜ਼ੁਬਾਨ ਦੇ ਸਵਾਲ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਲਿਖਿਆ ਸੀ ਕਿ ਅੰਗਰੇਜ਼ੀ, ਜਿਹੜੀ ਬਦੇਸ਼ੀ ਜ਼ੁਬਾਨ ਹੈ, ਬਾਰੇ ਕੋਈ ਬੋਲਦਾ, ਪਰ ਹਿੰਦੀ, ਉਰਦੂ ਦੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ।

ਪਿਦਰ ਸੁਲਤਾਨ ਬੂਦ ਦਾ ਫਲਸਫਾ ਅਤੇ ਪ੍ਰਾਚੀਨ ਸੰਸਕ੍ਰਿਤੀ ਵਲ ਲੈ ਜਾਣ ਦੀਆਂ ਗੱਲਾਂ ਨੂੰ ਲਾਲਾ ਹਰਦਿਆਲ ਨੇ ਗ਼ੁਲਾਮੀ ਦਾ ਜ਼ਹਿਰ ਦੱਸਿਆ ਸੀ।

1914 ਦੀ ਪਹਿਲੀ ਸੰਸਾਰ ਜੰਗ ਤੇ ਮੁੜ ਵਤਨਾਂ ਵਲ ਫੇਰੇ

ਸੰਸਾਰ ਜੰਗ ਛਿੜਨ ਬਾਰੇ ਗ਼ਦਰ ਪਾਰਟੀ ਨੂੰ ਪੂਰਾ ਯਕੀਨ ਸੀ ਪਰ ਉਨ੍ਹਾਂ ਦਾ ਅੰਦਾਜ਼ਾ ਸੀ ਕਿ ਇਹ ਜੰਗ ਛਿੜੇਗੀ ਤਾਂ ਗ਼ਦਰ ਪਾਰਟੀ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਜੰਗ ਛੇੜ ਦੇਵੇਗੀ। ਏਸੇ ਸਿਲਸਿਲੇ ਵਿਚ ਲਾਲਾ ਹਰਦਿਆਲ ਨੇ 1913 ਵਿਚ 50 ਵਿਦਿਆਰਥੀਆਂ ਦਾ ਜੱਥਾ ਹਿੰਦੋਸਤਾਨ ਦੇ ਹਰ ਸੂਬੇ ਵਿਚ ਭੇਜਿਆ ਸੀ, ਜਿਨ੍ਹਾਂ ਨੇ ਥਾਂ-ਥਾਂ ਤੋਂ ਹਾਲਾਤ ਦਾ ਜਾਇਜ਼ਾ ਲੈ ਕੇ ਪਾਰਟੀ ਨੂੰ ਭੇਜਣਾ ਸੀ। ਮਹਾਂਰਾਸ਼ਟਰ ਦਾ ਇਕ ਵਿਦਿਆਰਥੀ ਆਪਣੀ ਰੀਪੋਰਟ ਵਿਚ ਲਿਖਦਾ ਹੈ : It is very cold here while is very hot in America. (ਇਸ ਦਾ ਅਰਥ ਸੀ ਹਿੰਦੋਸਤਾਨ ਤਾਂ ਸੁੱਤਾ ਪਿਆ ਹੈ ਜਦਕਿ ਅਮਰੀਕਾ ਵਿਚ ਬੜਾ ਗਰਮਾ-ਗਰਮੀ ਹੈ।)

ਭੇਜੇ ਗਏ ਵਿਦਿਆਰਥੀਆਂ ਵਿਚ ਕੇਵਲ ਬੰਤਾ ਸਿੰਘ ਸੰਘਵਾਲ ਸੀ ਜਿਸਨੇ ਹੌਸਲਾ ਨਾ ਛਡਿਆ। ਉਸ ਨੇ ਪਿੰਡ ਦੇ ਡਾਕੀਏ ਨਾਲ ਗਾਂਢਾ-ਸਾਂਢਾ ਕਰਕੇ ਹੋਰ ਐਡਰੈਸ 'ਤੇ ਗ਼ਦਰ ਅਖ਼ਬਾਰ ਮੰਗਵਾਉਣੀ ਸ਼ੁਰੂ ਕਰ ਦਿੱਤੀ। ਇਹ ਅਖ਼ਬਾਰ ਅੰਗੇਜ਼ੀ ਅਖ਼ਬਾਰਾਂ ਵਿਚ ਲਪੇਟ ਕੇ ਆਉਂਦੀ ਸੀ। ਬੰਤਾ ਸਿੰਘ ਇਹ ਅਖ਼ਬਾਰ ਲੋਕਾਂ ਦੇ ਇਕੱਠ ਕਰਕੇ ਪੜ੍ਹ ਕੇ ਸੁਣਾਉਂਦਾ ਸੀ ਅਤੇ ਗ਼ਦਰ ਪਾਰਟੀ ਦੇ ਪ੍ਰੋਗਰਾਮ ਬਾਰੇ ਪ੍ਰਚਾਰ ਕਰਦਾ ਸੀ। ਉਸ ਨੇ ਅਨੇਕਾਂ ਹੀ ਆਪਣੇ ਸਾਥੀ ਬਣਾ ਲਏ ਸਨ। ਪਾਰਟੀ ਦੇ ਹੁਕਮ ਅਨੁਸਾਰ ਇਲਾਕੇ ਵਿਚ ਇਨਕਲਾਬੀ ਪੰਚਾਇਤਾਂ ਕਾਇਮ ਕਰ ਲਈਆਂ ਸਨ। ਡਾਕਟਰ ਅਰੂੜ ਸਿੰਘ ਖਾਸ ਕਰਕੇ ਉਸ ਦੇ ਨੇੜੇ ਸੀ। ਉਨ੍ਹਾਂ ਨੇ ਪਿੰਡ ਸੰਘਵਾਲ ਵਿਚ ਸਕੂਲ, ਲਾਇਬਰੇਰੀ ਤੇ ਪਸ਼ੂਆਂ ਦਾ ਹਸਪਤਾਲ ਵੀ ਸ਼ੁਰੂ ਕੀਤਾ ਜਿਸ ਦਾ ਖਰਚ ਪਿੰਡ ਵਿਚੋਂ ਇਕੱਠਾ ਕਰ ਕੇ ਹੀ ਚਲਾਇਆ ਜਾਂਦਾ ਸੀ। ਉਨ੍ਹਾਂ ਦੀਆਂ ਸਰਗਰਮੀਆਂ ਦਾ ਘੇਰਾ ਇਕ ਪਾਸੇ ਕਪੂਰਥਲੇ ਤਕ ਅਤੇ ਦੂਜੇ ਆਦਮਪੁਰ ਤਕ ਫੈਲ ਗਿਆ ਸੀ। ਗ਼ਦਰੀ ਜਦੋਂ ਪਰਤਣੇ ਸ਼ੁਰੂ ਹੋਏ ਤਾਂ ਸੰਘਵਾਲ ਉਨ੍ਹਾਂ ਦਾ ਖਾਸ ਕੇਂਦਰ ਬਣਿਆ। ਹਰਨਾਮ ਸਿੰਘ ਟੁੰਡੀਲਾਟ ਅਤੇ ਬੀਬੀ ਗੁਲਾਬ ਕੌਰ ਵੀ ਜ਼ਿਆਦਾ ਕਰਕੇ ਇਸ ਅੱਡੇ 'ਤੇ ਹੀ ਰਹੇ ਸਨ । (ਆਈਸ ਮੌਂਗਰ ਤੇ ਸਲੇਟਰੀ, ਡਾਇਰੈਕਟਰ ਇੰਟੈਲੀਜੈਂਸ, ਦੀਆਂ ਲਿਖਤਾਂ)।

ਜੰਗ ਲਗਣ ਬਾਰੇ ਗ਼ਦਰ ਪਾਰਟੀ ਦੇ ਕਿਆਫ਼ੇ ਸਹੀ ਸਾਬਤ ਨਾ ਹੋਏ। 4 ਅਗਸਤ 1914 ਨੂੰ ਜਰਮਨਾਂ ਅਤੇ ਅੰਗਰੇਜ਼ਾਂ-ਫਰਾਂਸੀਸੀਆਂ ਵਿਚਕਾਰ ਜੰਗ ਦਾ ਐਲਾਨ ਕਰ ਦਿੱਤਾ। ਗ਼ਦਰ ਪਾਰਟੀ ਵੱਲੋਂ ਇਹ ਜੰਗ ਤਿੰਨ ਫਰੰਟਾਂ 'ਤੇ ਲੜਨ ਦਾ ਫੈਸਲਾ ਲਿਆ ਭਾਵੇਂ ਕਿ ਤਿਆਰੀ ਲਈ ਸਮਾਂ ਘੱਟ ਮਿਲਿਆ ਸੀ। ਪਹਿਲਾ : ਹਿੰਦੋਸਤਾਨ ਨੂੰ ਗ਼ਦਰੀ ਜਥੇ ਭੇਜੇ ਜਾਣ ਜਿਹੜੇ ਲੋਕਾਂ ਅਤੇ ਖਾਸ ਕਰਕੇ ਪੰਜਾਬ ਦੇ ਲੋਕਾਂ ਨੂੰ ਨਾਲ ਲੈ ਕੇ ਹਿੰਦੋਸਤਾਨੀ ਫੌਜੀਆਂ ਨੂੰ ਬਗ਼ਾਵਤ ਕਰਨ ਲਈ ਤਿਆਰ ਕਰਨ ਅਤੇ ਬਗ਼ਾਵਤ ਦਾ ਝੰਡਾ ਬੁਲੰਦ ਕਰਨ; ਦੂਜਾ : ਦੂਰ ਪੂਰਬ, ਜਿਸ ਵਿਚ ਬਰਮਾ, ਸਿਆਮ, ਥਾਈਲੈਂਡ, ਸਿੰਘਾਪੁਰ, ਮਲਾਇਆ ਆਦਿ ਸ਼ਾਮਲ ਹਨ, ਨੂੰ ਗ਼ਦਰ ਕੁਮਕ ਭੇਜੀ ਜਾਵੇ, ਜਿਹੜੀ

ਇਨ੍ਹਾਂ ਮੁਲਕਾਂ ਵਿਚ ਵਸਦੇ ਹਿੰਦੀਆਂ ਨੂੰ ਨਾਲ ਲੈ ਕੇ ਹਿੰਦੀ ਫ਼ੌਜਾਂ ਵਿਚ ਬਗ਼ਾਵਤ ਕਰ ਦੇਵੇ ਤੇ ਤੀਜਾ : ਪੱਛਮ ਵਿਚ ਬਰਲਨ ਕਮੇਟੀ ਨਾਲ ਮਿਲ ਕੇ ਕਾਬਲ, ਈਰਾਨ, ਬਲੋਚਸਤਾਨ ਤੇ ਮਧ ਏਸ਼ੀਆ ਦੇ ਮੁਲਕਾਂ ਵਿਚ ਅੰਗਰੇਜ਼ੀ ਹਕੂਮਤ ਵਿਰੁਧ ਬਗ਼ਾਵਤ ਕਰਾਈ ਜਾਵੇ। ਸਨਫਰਾਂਸਿਸਕੋ ਦਾ ਗ਼ਦਰੀ ਐਡਕੁਆਟਰ ਇਨ੍ਹਾਂ ਫਰੰਟਾਂ ਵਿੱਚ ਤਾਲਮੇਲ ਪੈਦਾ ਕਰਕੇ ਮਾਲੀ ਅਤੇ ਹਥਿਆਰਾਂ ਦੀ ਮਦਦ ਪਹੁੰਚਾਉਣ ਦਾ ਕੰਮ ਕਰੇ। ਗ਼ਦਰ ਪਾਰਟੀ ਦੇ ਇਸ ਫੈਸਲੇ ਨੂੰ ਗ਼ਦਰ ਅਖ਼ਬਾਰ ਨੇ ਪੱਛਮ ਅਤੇ ਪੂਰਬ ਦੇ ਸਭ ਮੁਲਕਾਂ ਵਿਚ ਵਸਦੇ ਹਿੰਦੋਸਤਾਨੀਆਂ ਅਤੇ ਹਿੰਦੋਸਤਾਨੀ ਪਲਟਣਾਂ ਤਕ ਪਹੁੰਚਾਇਆ। ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਕਰਤਾਰ ਸਿੰਘ ਸਰਾਭਾ ਦੀ ਅਗਵਾਈ ਵਿਚ ਗੁਪਤ ਪ੍ਰੈਸ ਲਾਈ ਗਈ। ਮੈਡਮ ਕਾਮਾ ਦੇ ਉਦਮ ਨਾਲ ਕਾਬਲ, ਈਰਾਨ, ਬਲੋਚਸਤਾਨ ਆਦਿ ਪੱਛਮੀ ਫਰੰਟ 'ਤੇ ਗ਼ਦਰ ਅਖ਼ਬਾਰ ਰੀਪ੍ਰਿੰਟ ਕਰਕੇ ਲੱਖਾਂ ਦੀ ਗਿਣਤੀ ਵਿਚ ਵੰਡੀ ਗਈ। ਦੂਰ ਪੂਰਬ ਵਿਚ ਭਾਈ ਸੰਤੋਖ ਸਿੰਘ ਨੇ ਪਾਖੋ (ਸਿਆਮ) ਵਿਚ ਪ੍ਰੈਸ ਲਾ ਕੇ ਗ਼ਦਰ ਅਖ਼ਬਾਰ ਨੂੰ ਬਰਮਾ, ਚੀਨ, ਮਨੀਲਾ, ਸਿੰਘਾਪੁਰ, ਮਲਾਇਆ ਤੇ ਇੰਡੋਨੇਸ਼ੀਆ ਤਕ ਪਹੁੰਚਾਇਆ।

ਦੂਜੀ ਜੰਗ ਨੂੰ ਅੰਗਰੇਜ਼ੀ ਹਕੂਮਤ ਵਿਰੁਧ ਜੰਗ ਵਿਚ ਤਬਦੀਲ ਕਰ ਦੇਣ ਦੇ ਫੈਸਲੇ ਨੂੰ ਗ਼ਦਰ ਅਖ਼ਬਾਰ ਦੇ ਨਾਲ-ਨਾਲ ਅਮਰੀਕਾ ਤੇ ਕੈਨੇਡਾ ਵਿਚ ਜਲਸੇ ਲਾ ਕੇ ਪ੍ਰਚਾਰਿਆ ਗਿਆ। ਫੰਡ ਉਗਰਾਹੀ ਕੀਤੀ ਗਈ ਅਤੇ ਗ਼ਦਰੀਆਂ ਨੂੰ ਇਨਕਲਾਬੀ ਜੱਥਿਆਂ ਵਿਚ ਭਰਤੀ ਕੀਤਾ ਗਿਆ। ਸਾਕਰਾਮੈਂਟੋ, ਉਰਗੌਨ, ਫਰਜ਼ਿਨੋ, ਸਟੌਕਟਨ, ਅਸਟੂਰੀਆ, ਕਲੇਅਰਮੌਂਟ, ਵੀਆਨਾ, ਪੋਰਟਲੈਂਡ, ਐਂਬਰਤੀਨਹ, ਸਿਆਟਲ, ਔਕਸਫੋਰਡ ਆਦਿ ਥਾਵਾਂ 'ਤੇ ਜਲਸੇ ਕੀਤੇ ਗਏ ਸਨ। ਸਟੌਕਟਨ ਦੀ ਮੀਟਿੰਗ ਵਿਚ ਮੈਕਸੀਕੋ ਤੇ ਕਨੇਡਾ ਤੋਂ ਆਏ ਡੈਲੀਗੇਟਾਂ ਨੇ ਵੀ ਸ਼ਮੂਲੀਅਤ ਕੀਤੀ ਸੀ। ਇਨ੍ਹਾਂ ਜਲਸਿਆਂ ਵਿਚ ਤਕਰੀਰਾਂ ਕਰਨ ਵਾਲਿਆਂ ਵਿਚ ਬਰਕਤਉੱਲ੍ਹਾ, ਭਗਵਾਨ ਸਿੰਘ, ਸੋਹਣ ਸਿੰਘ ਭਕਨਾ, ਕੇਸਰ ਸਿੰਘ, ਰਾਮ ਚੰਦਰ, ਜਗਤ ਰਾਮ, ਗਾਂਧਾ ਸਿੰਘ ਕੱਚਰ ਭਾਨ, ਕਰਤਾਰ ਸਿੰਘ ਸਰਾਭਾ, ਕਾਂਸ਼ੀ ਰਾਮ, ਊਧਮ ਸਿੰਘ, ਰਾਮ ਰੱਖਾ, ਰੁਲੀਆ ਸਿੰਘ ਆਦਿ ਸ਼ਾਮਲ ਸਨ। ਏਸੇ ਤਰ੍ਹਾਂ ਕਨੇਡਾ ਵਿਚ ਭਾਈ ਭਾਗ ਸਿੰਘ ਅਤੇ ਹਰਨਾਮ ਸਿੰਘ ਨੇ ਤਾਰਕ ਨਾਥ ਦਾਸ ਨਾਲ ਸਿਆਟਲ ਵਿਚ ਤਾਲਮੇਲ ਕਰਕੇ ਬ੍ਰਿਟਿਸ਼ ਕੋਲੰਬੀਆ ਵਿਚ ਇਕੱਠ ਕੀਤੇ ਸਨ। ਸਾਰੇ ਜਲਸਿਆਂ ਵਿਚ ਗਾਇਕਾਂ ਨੇ ਗ਼ਦਰ ਦੀ ਗੂੰਜ ਵਿਚੋਂ ਕਵਿਤਾਵਾਂ ਗਾਈਆਂ ਸਨ। ਹਰ ਥਾਂ ਫੰਡ ਇਕੱਠਾ ਹੋਇਆ ਅਤੇ ਗ਼ਦਰੀਆਂ ਨੇ ਆਪਣੇ ਨਾਂ ਗ਼ਦਰੀ ਜੱਥਿਆਂ ਲਈ ਦਿੱਤੇ। ਬਹੁਤਿਆਂ ਨੇ ਆਪਣੀ ਸਾਰੀ ਕਮਾਈ ਪਾਰਟੀ ਦੇ ਹਵਾਲੇ ਕਰ ਦਿੱਤੀ ਸੀ। ਇਨ੍ਹਾਂ ਵਿਚ ਰਾਮ ਸਿੰਘ ਧੁਲੇਤਾ ਵਰਗੇ ਵੀ ਸਨ ਜਿਸ ਦੀ ਸਮੁੱਚੀ ਜਾਇਦਾਦ ਡੇਢ ਲੱਖ ਡਾਲਰ ਸੀ। ਅਮਰੀਕਾ ਵਿਚ ਹੋਏ ਜਲਸਿਆਂ ਵਿਚ ਨਵਾਬ ਖ਼ਾਨ, ਮੂਲਾ ਸਿੰਘ ਅਤੇ ਅਮਰ ਸਿੰਘ ਵੀ ਸ਼ਾਮਲ ਹੁੰਦੇ ਰਹੇ ਹਨ ਜਿਹੜੇ ਬਾਅਦ ਵਿਚ ਵਾਅਦਾ ਮੁਆਫ਼ ਗਵਾਹ ਬਣ ਗਏ ਸਨ।

ਸਤੰਬਰ 1914 ਵਿਚ ਕਰਤਾਰ ਸਿੰਘ ਸਰਾਭਾ ਨੂੰ ਇਕ ਜੱਥੇ ਦਾ ਆਗੂ ਬਣਾ

ਕੇ ਹਿੰਦੋਸਤਾਨ ਭੇਜਿਆ ਗਿਆ ਸੀ। ਇਸ ਗੁਪਤ ਜੱਥੇ ਵਿਚ ਵਿਸ਼ਨੂੰ ਗਣੇਸ਼ ਪਿੰਗਲੇ, ਭਗਤ ਸਿੰਘ ਉਰਫ ਗਾਂਧਾ ਸਿੰਘ ਕੱਚਰ ਭਾਨ ਵੀ ਸ਼ਾਮਲ ਸਨ। ਬੰਤਾ ਸਿੰਘ ਸੰਘਵਾਲ ਪਹਿਲਾਂ ਆ ਚੁੱਕਾ ਸੀ। ਪ੍ਰਾਪਤ ਰੀਪੋਰਟਾਂ ਅਨੁਸਾਰ ਕਰਤਾਰ ਸਿੰਘ ਸਰਾਭਾ 15 ਜਾਂ 16 ਸਤੰਬਰ ਨੂੰ ਨਿਪਨ ਮਾਰੂ ਜਪਾਨੀ ਜਹਾਜ਼ ਰਾਹੀਂ ਕੋਲੰਬੋ ਪਹੁੰਚਿਆ ਸੀ। ਪ੍ਰੇਮ ਸਿੰਘ, ਜਗਤ ਸਿੰਘ ਸੁਰ ਸਿੰਘ, ਲਾਲ ਸਿੰਘ ਜਹਾਜ਼ ਰਾਹੀ ਕਲਕੱਤਾ ਪਹੁੰਚੇ ਸਨ। ਹਰਨਾਮ ਸਿੰਘ ਸਿਆਲਕੋਟੀ ਤੇ ਪਿਆਰਾ ਸਿੰਘ ਲੰਗੇਰੀ ਫੂ ਸੰਘ ਜਹਾਜ਼ ਰਾਹੀਂ ਕਲਕੱਤਾ ਅੱਪੜੇ ਸਨ। ਸੋਹਣ ਸਿੰਘ ਭਕਨਾ 1914 ਨੂੰ ਕਲਕੱਤਾ ਪਹੁੰਚੇ ਸਨ। ਬਾਬਾ ਸੋਹਣ ਸਿੰਘ ਭਕਨਾ ਅਤੇ ਨਿਧਾਨ ਸਿੰਘ ਚੁੱਘਾ ਜਪਾਨ ਤੋਂ ਸ਼ੰਘਾਈ ਨੂੰ ਚਲੇ ਗਏ ਸਨ ਅਤੇ ਸ਼ੰਘਾਈ ਦੇ ਗੁਰਦੁਆਰੇ ਵਿਚ ਬਾਬਾ ਗੁੱਜਰ ਸਿੰਘ ਭਕਨਾ ਨੇ ਦੇਸ਼ ਅਜ਼ਾਦ ਕਰਾਉਣ ਲਈ ਮੁਲਕ ਪਰਤਣ ਦੀ ਅਪੀਲ ਕੀਤੀ ਸੀ। ਏਥੇ ਫੰਡ ਵੀ ਇਕੱਠਾ ਹੋਇਆ ਸੀ। ਬਾਅਦ ਵਿਚ ਬਾਬਾ ਸੋਹਣ ਸਿੰਘ ਭਕਨਾ ਅਤੇ ਨਿਧਾਨ ਸਿੰਘ ਕਲਕੱਤਾ ਚਲੇ ਗਏ ਸਨ। ਬਾਬਾ ਸੋਹਣ ਸਿੰਘ ਭਕਨਾ ਨੂੰ ਉਤਰਦਿਆਂ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ।

ਬਾਬਾ ਗੁੱਜਰ ਸਿੰਘ ਭਕਨਾ ਚੀਨ ਦੇ ਸਾਥੀਆਂ ਨੂੰ ਨਾਲ ਲੈ ਕੇ ਸ਼ੰਘਾਈ ਤੋਂ ਹਿੰਦੋਸਤਾਨ ਪਹੁੰਚੇ ਸਨ। ਇਸ ਜਥੇ ਵਿਚ 70 ਗ਼ਦਰੀ ਸਨ ਅਤੇ ਦਸ-ਦਸ ਦੀ ਗਿਣਤੀ ਵਿਚ ਇਹ ਸੱਤਾਂ ਪਲਾਟੂਨਾਂ ਵਿਚ ਵੰਡੇ ਹੋਏ ਸਨ। ਹਰ ਪਲਾਟੂਨ ਦਾ ਇਕ ਕਮਾਂਡਰ ਸੀ, ਜਿਸ ਦਾ ਹੁਕਮ ਮੰਨਣਾ ਜ਼ਰੂਰੀ ਸੀ। ਇਨ੍ਹਾਂ ਖੁਫੀਆ ਜੱਥਿਆਂ ਤੋਂ ਬਾਅਦ ਖੁਲ੍ਹਾ ਕੰਮ ਕਰਨ ਵਾਲੇ ਲੀਡਰ ਵੀ ਕਲਕੱਤੇ ਲਈ ਰਵਾਨਾ ਹੋ ਗਏ, ਜਿਨ੍ਹਾਂ ਨੇ ਆਮ ਜਨਤਾ 'ਚ ਪ੍ਰਚਾਰ ਕਰਨਾ ਸੀ। ਇਨ੍ਹਾਂ 'ਚ 29 ਅਗਸਤ 1914 ਨੂੰ ਸਨਫਰਾਂਸਿਸਕੋ ਤੋਂ ਐਸ.ਐਸ. ਕੋਰੀਆ ਜਹਾਜ਼ 'ਤੇ ਚੜ੍ਹਨ ਵਾਲੇ ਮੁਸਾਫਰ ਜ਼ਿਆਦਾ ਅਹਿਮੀਅਤ ਰੱਖਦੇ ਹਨ। ਏਸੇ ਜੱਥੇ ਵਿਚ 70 ਗ਼ਦਰੀ ਅਮਰੀਕਾ ਤੋਂ ਚੜ੍ਹੇ ਸਨ, ਜਿਨ੍ਹਾਂ ਵਿੱਚ ਬਾਬਾ ਕੇਸਰ ਸਿੰਘ, ਊਧਮ ਸਿੰਘ ਕਸੇਲ, ਪ੍ਰਿਥਵੀ ਸਿੰਘ, ਜੁਆਲਾ ਸਿੰਘ, ਨਿਧਾਨ ਸਿੰਘ, ਅਰੂੜ ਸਿੰਘ, ਅਰਜਨ ਸਿੰਘ ਖੁਖਰਾਨਾ, ਰਾਮ ਰੱਖਾ, ਸ਼ੇਰ ਸਿੰਘ, ਭਾਗ ਸਿੰਘ ਉੱਪਲ, ਕਰਮ ਸਿੰਘ ਚੀਮਾ, ਸੱਫਾ ਸਿੰਘ ਬਿਲਗਾ ਅਤੇ ਜਗਤ ਰਾਮ ਰਿਹਾਣਾ ਸ਼ਾਮਿਲ ਸਨ। ਪੰਡਤ ਪਰਮਾ ਨੰਦ ਝਾਂਸੀ ਏਸ ਜਥੇ ਨੂੰ ਜਪਾਨ ਵਿਚ ਮਿਲਿਆ ਸੀ। ਮਨੀਲਾ ਪਹੁੰਚਣ 'ਤੇ ਫਿਲਪੀਨ ਦੀ ਗ਼ਦਰ ਪਾਰਟੀ ਦੇ ਪ੍ਰਧਾਨ ਹਾਫਜ਼ ਅਬਦੁੱਲਾ ਤੇ ਬੀਬੀ ਗੁਲਾਬ ਕੌਰ ਵੀ ਇਨ੍ਹਾਂ ਵਿਚ ਸ਼ਾਮਲ ਹੋ ਗਏ ਸਨ। ਤੁਰਨ ਤੋਂ ਪਹਿਲਾਂ ਉਨ੍ਹਾਂ ਨੇ ਮਨੀਲਾ ਦੀ ਬੰਦਰਗਾਹ 'ਤੇ ਜਲਸਾ ਕੀਤਾ ਜਿਸ ਵਿਚ ਨਵਾਬ ਖਾਂ, ਜਗਤ ਰਾਮ ਤ ਹਾਫਜ਼ ਅਬਦੁੱਲਾ ਨੇ ਤਕਰੀਰਾਂ ਕੀਤੀਆਂ ਅਤੇ ਮਨੀਲਾ ਵਿਚ ਵਸਦੇ ਹਿੰਦੁਸਤਾਨੀਆਂ ਨੂੰ ਦੇਸ ਵਾਪਸ ਪਰਤਣ ਅਤੇ ਅਜ਼ਾਦੀ ਦੇ ਘੋਲ ਵਿਚ ਸ਼ਾਮਿਲ ਹੋਣ ਦੀ ਅਪੀਲ ਕੀਤੀ।

ਸਨਫਰਾਂਸਿਸਕੋ ਅਤੇ ਵਿਕਟੋਰੀਆ ਤੋਂ ਗ਼ਦਰੀ ਮੁਸਾਫਰਾਂ ਨਾਲ ਭਰੇ ਜਹਾਜ਼ ਹਰ ਹਫ਼ਤੇ ਰਵਾਨਾ ਹੋ ਰਹੇ ਸਨ। ਐਸ.ਐਸ. ਸਾਇਬੇਰੀਆ, ਮੋਹਸੀਮਾ ਮਾਰੂ, ਮੈਕਸੀਕੋ

ਮਾਰੂ, ਕਨੇਡਾ ਮਾਰੂ, ਆਦਿ ਜਹਾਜ਼ ਹਾਂਗਕਾਂਗ, ਅਮਰੀਕਾ, ਕਨੇਡਾ, ਫਿਲਪੀਨ ਤੋਂ ਹਿੰਦੋਸਤਾਨ ਪਹੁੰਚ ਰਹੇ ਸਨ। ਇਨ੍ਹਾਂ ਜਹਾਜ਼ਾਂ ਵਿਚ ਅਮਰੀਕਾ ਤੋਂ ਧਿਆਨ ਸਿੰਘ ਬੰਗਸੀਪੁਰਾ, ਮਨੀਲਾ ਤੋਂ ਰਹਿਮਤ ਅਲੀ ਤੇ ਜੀਵਨ ਸਿੰਘ ਵੀ ਸਵਾਰ ਹੋ ਕੇ ਹਿੰਦੋਸਤਾਨ ਪਰਤ ਆਏ ਸਨ।

ਬਾਬਾ ਨਿਧਾਨ ਸਿੰਘ ਚੁੱਘਾ ਨੇ ਸ਼ੰਘਾਈ ਤੋਂ ਟੈਲੀਗਰਾਮ ਦੇ ਕੇ ਜਹਾਜ਼ ਕੋਰੀਆ ਦੇ ਮੁਸਾਫਰਾਂ ਨੂੰ ਚੌਕੰਨੇ ਕਰ ਦਿੱਤਾ ਸੀ ਕਿ ਹਾਂਗਕਾਂਗ ਵਿਚ ਸਖ਼ਤ ਤਲਾਸ਼ੀ ਹੋਵੇਗੀ। ਜਹਾਜ਼ ਦੇ ਗ਼ਦਰੀ ਲੀਡਰਾਂ ਦੇ ਕਹਿਣ 'ਤੇ ਮੁਸਾਫਰਾਂ ਨੇ ਗ਼ਦਰ ਦੀ ਗੂੰਜ ਦੀਆਂ ਕਾਪੀਆਂ ਅਤੇ ਹਥਿਆਰ ਸਮੁੰਦਰ ਵਿਚ ਸੁੱਟ ਦਿੱਤੇ ਸਨ। ਇਸ ਜਹਾਜ਼ ਦੇ ਆਗੂਆਂ ਨੇ ਮਨੀਲਾ, ਸਿੰਘਾਪੁਰ ਤੇ ਪੀਨਾਂਗ ਦੇ ਗੁਰਦੁਆਰਿਆਂ 'ਚ ਵੀ ਤਕਰੀਰਾਂ ਕੀਤੀਆਂ ਸਨ ਤੇ ਵਤਨ ਪਰਤਣ ਦੀਆਂ ਅਪੀਲਾਂ ਕੀਤੀਆਂ ਸਨ। ਉਸ ਸਮੇਂ ਪਾਸਪੋਰਟ ਨਹੀਂ ਹੁੰਦੇ ਸਨ ਕੇਵਲ ਸ਼ਨਾਖਤੀ ਕਾਰਡਾਂ 'ਤੇ ਹੀ ਸਫਰ ਹੁੰਦਾ ਸੀ। ਉਨ੍ਹਾਂ 'ਤੇ ਕੋਈ ਤਸਵੀਰ ਨਹੀਂ ਹੁੰਦੀ ਸੀ। ਬਰਮਾ, ਮਲਾਇਆ, ਹਾਂਗਕਾਂਗ ਤੇ ਸਿੰਘਾਪੁਰ ਤਕ ਤਾਂ ਇਨ੍ਹਾਂ ਕਾਰਡਾਂ ਦੀ ਵੀ ਜ਼ਰੂਰਤ ਨਹੀਂ ਸੀ ਹੁੰਦੀ।

ਅਮਰੀਕਾ ਅਤੇ ਕਨੇਡਾ ਤੋਂ ਸਿੱਧੇ ਜਹਾਜ਼ ਕੇਵਲ ਹਾਂਗਕਾਂਗ ਤਕ ਹੀ ਆਉਂਦੇ ਸਨ। ਕੋਰੀਆ ਜਹਾਜ਼ ਦੇ ਮੁਸਾਫਰਾਂ ਨੇ ਹਾਂਗਕਾਂਗ ਤੋਂ ਕਲਕੱਤਾ ਤਕ ਤੋਸ਼ਾ ਮਾਰੂ ਜਹਾਜ਼ ਲਿਆ ਸੀ ਅਤੇ 28 ਅਕਤੂਬਰ 1914 ਨੂੰ ਕਲਕੱਤਾ ਪਹੁੰਚੇ ਸਨ। ਏਸੇ ਤਰ੍ਹਾਂ ਬਾਕੀ ਜਹਾਜ਼ਾਂ ਦੇ ਮੁਸਾਫਰ ਵੀ ਰਾਹ ਵਿਚ ਜਹਾਜ਼ ਬਦਲ ਕੇ ਕਲਕੱਤਾ ਆਏ ਸਨ।

ਏਸੇ ਤਰ੍ਹਾਂ ਗੁਪਤ ਪਹੁੰਚਣ ਵਾਲ ਜਪਾਨ, ਹਾਂਗਕਾਂਗ ਜਾਂ ਮਲਾਇਆ ਤੋਂ ਜਹਾਜ਼ ਬਦਲ ਕੇ ਹਿੰਦੋਸਤਾਨ ਦੀਆਂ ਦੱਖਣੀ ਬੰਦਰਾਗਾਹਾਂ 'ਤੇ ਉਤਰਦੇ ਸਨ। ਖੁਲਮਖੁੱਲ੍ਹਾ ਪਹੁੰਚਣ ਵਾਲਿਆਂ ਬਾਰੇ ਅੰਗਰੇਜ਼ੀ ਹਕੂਮਤ ਨੂੰ ਸਭ ਖ਼ਬਰਾਂ ਨਾਲੋਂ-ਨਾਲ ਪਹੁੰਚ ਰਹੀਆਂ ਸਨ। ਸਰਕਾਰ ਨੇ ਇਨ੍ਹਾਂ ਦੇ ਕਲਕੱਤਾ ਪਹੁੰਚਣ ਤੋਂ ਪਹਿਲਾਂ ਹੀ 'ਇੰਗਰੈੱਸ ਆਰਡੀਨੈਂਸ' ਜਾਰੀ ਕਰ ਦਿੱਤਾ ਸੀ। ਜਿਸ ਮੁਤਾਬਕ ਬਦੇਸਾਂ ਤੋਂ ਆਉਣ ਵਾਲੇ ਕਿਸੇ ਵੀ ਹਿੰਦੋਸਤਾਨੀ ਨੂੰ ਬਿਨਾਂ ਵਰੰਟ ਗ੍ਰਿਫਤਾਰ ਕੀਤਾ ਜਾ ਸਕਦਾ ਸੀ ਤੇ ਬਿਨਾਂ ਮੁਕੱਦਮਾ ਚਲਾਏ ਸਾਲਾਂ ਬੱਧੀ ਜੇਲ੍ਹ ਵਿਚ ਰੱਖਿਆ ਜਾ ਸਕਦਾ ਸੀ।

ਖੁਲਮਖੁੱਲ੍ਹਾ ਆਉਣ ਵਾਲਿਆਂ ਨਾਲ ਜੋ ਬੀਤੀ ਉਸ ਦਾ ਪੂਰਾ ਵਿਸਥਾਰ ਬਾਬਾ ਜੁਆਲਾ ਸਿੰਘ ਦੀਆਂ ਲਿਖਤਾਂ ਵਿੱਚ ਮਿਲਦਾ ਹੈ।

ਬਾਬਾ ਜੁਆਲਾ ਸਿੰਘ ਦੀ ਹੱਥ ਲਿਖਤ ਵਿੱਚੋਂ

"ਤੋਸ਼ਾ ਮਾਰੂ ਜਹਾਜ਼ ਦੁਸ਼ਮਣ ਦੇ ਹੱਥ ਜਾ ਪਿਆ। ਉਨ੍ਹਾਂ ਨੇ ਜਹਾਜ਼ ਨੂੰ ਘੇਰਾ ਪਾ ਕੇ ਕਲਕੱਤੇ ਘਾਟ ਉੱਪਰ ਲੈ ਆਂਦਾ ਤੇ ਕੈਦ ਕਰ ਲਿਆ। ਘਾਟ ਦੇ ਉਦਾਲੇ-ਪੁਦਾਲੇ ਫੌਜ ਤੇ ਪੁਲਸ ਦੇ ਪਹਿਰੇ ਲਗ ਗਏ। ਤਲਾਸ਼ੀ ਕਰਨ ਲਈ ਇਕ ਸਿੱਖ ਅਫਸਰ ਜਹਾਜ਼ ਉਪਰ ਆਇਆ। ਇਹ ਇੰਦਰ ਸਿੰਘ ਸੋਢੀ ਸੀ। ਸਰਕਾਰ ਬੜੀ ਚਲਾਕ ਸੀ।

ਸਿੱਖਾਂ ਦੇ ਫੜਨ ਵਾਸਤੇ ਸਿੱਖ ਹੀ ਭੇਜਦੀ ਹੈ। ਉਸ ਭਲੇ ਲੋਕ ਨੇ ਇਕ-ਇਕ ਆਦਮੀ ਨੂੰ ਚੰਗੀ ਤਰ੍ਹਾਂ ਬੱਕਰੇ ਵਾਂਗਰ ਟੋਹਿਆ। ਗਲਾਂ ਨੂੰ ਬੜੇ ਗਹੁ ਨਾਲ ਟੋਹਿਆ। ਸਾਡੇ ਵਿਚੋਂ ਕਈਆਂ ਨੇ ਕਿਹਾ ਕਿਉਂ ਸਰਦਾਰ ਜੀ ਗਲਾਂ ਵਿਚ ਕੋਈ ਬੰਬਾਂ ਦੇ ਸਟੋਰ ਤਾਂ ਨਹੀਂ। ਆਪ ਕਿਉਂ ਏਨੀ ਤਕਲੀਫ ਕਰਦੇ ਹੋ। ਇਕ-ਇਕ ਆਦਮੀ ਨੂੰ ਦੇਖਿਆ ਮਗਰ ਕਿਸੇ ਪਾਸੋਂ ਕੋਈ ਵੀ ਇਤਰਾਜ਼ ਵਾਲੀ ਚੀਜ਼ ਸਨ ਉਹ ਤਾਂ ਅਸੀਂ ਸਮੁੰਦਰ ਸੁੱਖਾ ਸਿੰਘ ਸੀ.ਆਈ.ਡੀ. ਦੇ ਦਰਸ਼ਨ ਹੋਏ। ਇਸ ਭਲੇ ਲੋਕ ਦੀ ਬੋਲਚਾਲ ਵਿਚੋਂ ਸੱਪ ਦੀ ਜ਼ਹਿਰ ਨਾਲੋਂ ਵਧ ਜ਼ਹਿਰੀਲੇ ਸ਼ਬਦ ਟਪਕਦੇ ਸਨ। ਭਲਾ ਅਜ਼ਾਦ ਮੁਲਕਾਂ 'ਚੋਂ ਆਏ ਸੱਜਣ ਅਜਿਹੇ ਸ਼ਬਦ ਕਦ ਸੁਣ ਸਕਦੇ ਸਨ। ਬਹੁਤ ਸੱਜਣਾਂ ਨੇ ਉਸ ਦੀ ਬੇਪਤੀ ਕੀਤੀ ਤੇ ਕਿਹਾ ਬੱਸ ਚੁੱਪ ਰਹੋ। ਤੇਰੇ ਜੈਸੇ ਜ਼ਹਿਰੀਲੇ ਸੱਪ ਦੀ ਅਸੀਂ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ। ਉਹ ਸ਼ਰਮਿੰਦਾ ਹੋ ਚਲਿਆ ਗਿਆ। ਜਹਾਜ਼ ਦੇ ਹਰ ਹਿੱਸੇ ਨੂੰ ਟੋਹਿਆ, ਦੇਖਿਆ, ਕੁਝ ਨਾ ਮਿਲਿਆ। ਇਸ ਹਾਲਤ ਨੂੰ ਦੇਖ ਸਾਡੇ ਵਿਚੋਂ ਕਈ ਸੱਜਣ ਸਾਨੂੰ ਆਪਣੇ ਆਪੇ ਤੋਂ ਬਾਹਰ ਹੁੰਦੇ ਨਜ਼ਰ ਆਏ। ਅਸੀਂ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤੇ ਕਿਹਾ ਜੇ ਏਦਾਂ ਹੀ ਕਰਨੀ ਸੀ ਤਾਂ ਆਪਣੇ ਹਥਿਆਰ ਕਿਉਂ ਸਮੁੰਦਰ ਵਿਚ ਸੁੱਟੇ। ਉਸ ਵੇਲੇ ਸੋਚ ਲੈਣਾ ਚਾਹੀਦਾ ਸੀ ਹੁਣ ਅਸੀਂ ਹੱਥਾਂ ਤੋਂ ਖਾਲੀ ਹਾਂ, ਕੀ ਕਰ ਸਕਦੇ ਹਾਂ। ਝਟ ਹੀ ਪੰਜ, ਸੱਤ ਸਾਡੇ ਕੰਨਾਂ ਵਿਚ ਆਣ ਕੇ ਆਖਣ ਲੱਗੇ, ਜੋ ਗੋਰੇ ਜਹਾਜ਼ ਵਿਚ ਹਥਿਆਰਾਂ ਵਾਲੇ ਸਿਪਾਹੀ ਹਨ, ਉਨ੍ਹਾਂ ਕੋਲੋਂ ਹਥਿਆਰ ਅਸੀਂ ਮਿੰਟਾਂ ਵਿੱਚ ਖੋਹ ਸਕਦੇ ਹਾਂ। ਅਸੀਂ ਸਮਝਾਇਆ ਪੰਜਾਂ, ਸੱਤਾਂ ਰਫਲਾਂ ਨਾਲ ਤਿੰਨ, ਚਾਰ ਹਜ਼ਾਰ ਸਿਪਾਹੀ ਦਾ ਮੁਕਾਬਲਾ ਅਸੀ ਕਿਸ ਤਰ੍ਹਾਂ ਕਰ ਸਕਦੇ ਹਾਂ। ਤੁਸੀਂ ਦੁਸ਼ਮਣ ਦੇ ਹੱਥੋਂ ਤਕਲੀਫਾਂ ਸਹਿ ਕੇ ਆਪਣੀਆਂ ਕੁਰਬਾਨੀਆਂ ਕਰੀ ਚਲੋ, ਕਿਸੇ ਲੰਮੇ ਵੇਲੇ ਦੀ ਉਡੀਕ ਰੱਖੋ। ਅਸੀਂ ਹਜ਼ਾਰ ਅਫ਼ਸਰਾਂ ਨੂੰ ਪੁਛਿਆ ਕਿ ਕੀ ਅਸੀਂ ਆਪਣੇ ਟਿਕਟ ਖਰੀਦ ਪੰਜਾਬ ਨੂੰ ਜਾ ਸਕਦੇ ਹਾਂ? ਇਹ ਜਾਣਨ ਲਈ ਗੱਲ ਕਰਨ ਦਾ ਢੰਗ ਸੀ ਤਾਂ ਕਿ ਪਤਾ ਲੱਗ ਜਾਏ ਇਹ ਸਾਡੇ ਨਾਲ ਕੀ ਕਰਨਾ ਚਾਹੁੰਦੇ ਹਨ। ਭਾਈ ਕੇਸਰ ਸਿੰਘ, ਰੂੜ ਸਿੰਘ ਤੇ ਮੈਂ, ਅਸੀਂ ਤਿੰਨਾਂ ਨੇ ਗੋਰੇ ਸਿਪਾਹੀਆਂ ਨੂੰ ਆਖਿਆ ਤੁਸੀਂ ਸਾਨੂੰ ਆਪਣੇ ਅਫਸਰਾਂ ਪਾਸ ਲੈ ਚੱਲੋ। ਉਹ ਪੁੱਛ ਕੇ ਸਾਨੂੰ ਕਮਿਸ਼ਨਰ ਪਾਸ ਲੈ ਗਏ। ਉਸ ਕਿਹਾ ਮੇਰੇ ਬੱਸ ਕੁਝ ਨਹੀਂ ਤੇ ਅੱਗੇ ਸਰਦਾਰ ਦਲਜੀਤ ਸਿੰਘ ਕੌਂਸਲ ਦੇ ਮੈਂਬਰ ਪਾਸ ਭੇਜ ਦਿੱਤਾ। ਇਹ ਸਰਦਾਰ ਕਪੂਰਥਲੀਆਂ ਵਿੱਚੋਂ ਸੀ ਸਾਡੇ ਜਹਾਜ਼ ਨੂੰ ਫੜਨ ਵਾਸਤੇ ਵੈਸਰਾਏ ਨੇ ਭੇਜਿਆ ਸੀ। ਉਸ ਨੂੰ ਅਸੀਂ ਕਿਹਾ ਆਪ ਜਿਥੇ ਦੀਆਂ ਕਹੋ ਟਿਕਟਾਂ ਲੈ ਲੈਂਦੇ ਹਾਂ, ਉਥੇ ਹੀ ਜਾ ਕੇ ਉਤਰਾਂਗੇ। ਅਸੀਂ ਚੋਰ ਨਹੀਂ, ਡਾਕੂ ਨਹੀਂ ਦੇਸ ਦੀ ਅਜ਼ਾਦੀ ਵਾਸਤੇ ਆਏ ਹਾਂ, ਲੁਕ ਛੁਪ ਕੇ ਰਹਿਣ ਵਾਸਤੇ ਨਹੀਂ ਆਏ। ਆਪਣੀਆਂ ਜਾਨਾਂ ਦੇ ਕੇ ਸੁੱਤੇ ਪਏ ਹਿੰਦ ਨੂੰ ਜਗਾਉਣ ਵਾਸਤੇ ਆਏ ਹਾਂ। ਸਾਨੂੰ ਸਾਡੀ ਮਰਜ਼ੀ ਦੇ ਮੁਤਾਬਕ ਜਾਣ ਦਿਓ। ਉਹ ਕਹਿਣ ਲਗਾ ਮੈਂ ਲਾਚਾਰ ਹਾਂ ਕਿ ਤੁਹਾਨੂੰ ਤੁਹਾਡੀ ਮਰਜ਼ੀ ਦੇ ਮੁਤਾਬਕ ਜਾਣਦਿਆਂ। ਅਸੀਂ ਦੇਖਣਾ ਹੀ ਚਾਹੁੰਦੇ ਸੀ। ਪਤਾ ਲਗ ਗਿਆ ਇਹ ਸਾਨੂੰ ਜੇਲ੍ਹਾਂ ਵਿਚ ਲੈ ਜਾਣਗੇ।

ਸਭ ਨੂੰ ਮੁੜ ਜਹਾਜ਼ ਵਿਚ ਚਲੇ ਜਾਣ ਲਈ ਕਿਹਾ। ਅਸੀਂ ਸਾਰੀ ਹਾਲਤ ਸਭ ਸਾਥੀਆਂ ਨੂੰ ਦੱਸ ਦਿੱਤੀ। ਜਿਸ ਜਗਾਹ ਸਾਡਾ ਜਹਾਜ਼ ਕੈਦ ਕੀਤਾ। ਗਿਆਨੀ ਉਥੇ ਇਕ ਡੂੰਘੀ ਤੇ ਚੌੜੀ ਜਗਾਹ ਬਣਾਈ ਗਈ ਸੀ। ਜਹਾਜ਼ ਨੂੰ ਉਸ ਵਲਗਣ 'ਚ ਲਿਜਾ ਕੇ ਵਾੜ ਦਿਤਾ ਗਿਆ। ਬਾਹਰਲਾ ਦਰਵਾਜ਼ਾ ਵੱਡੇ-ਵੱਡੇ ਲੋਹੇ ਦੇ ਫਾਟਕਾਂ ਨਾਲ ਬੰਦ ਕਰ ਦਿੱਤਾ। ਫਿਰ ਵਿਚਲਾ ਪਾਣੀ ਕੱਢ ਦਿੱਤਾ ਤਾਂ ਕਿ ਜਹਾਜ਼ ਚੱਲ ਨਾ ਸਕੇ। ਜਦ ਜਹਾਜ਼ ਬਾਹਰ ਕੱਢਣਾ ਹੋਵੇ ਫੇਰ ਪਾਣੀ ਭਰ ਦਿੱਤਾ ਜਾਂਦਾ ਹੈ ਤਾਂ ਕਿ ਜਹਾਜ਼ ਚੱਲ ਨਾ ਸਕੇ। ਜਦ ਜਹਾਜ਼ ਬਾਹਰ ਕਢਣਾ ਹੋਵੇ ਤਾਂ ਪਾਣੀ ਭਰ ਦਿੱਤਾ ਜਾਂਦਾ ਹੈ ਤੇ ਬਾਹਰਲੇ ਪਾਣੀ ਦੇ ਬਰਾਬਰ ਕਰ ਦਿੱਤਾ ਜਾਂਦਾ ਹੈ। ਕੁਝ ਅਰਸੇ ਬਾਅਦ ਪੰਜਾਂ-ਪੰਜਾਂ ਆਦਮੀਆਂ ਨੂੰ ਉਤਾਰ ਕੇ ਕਮਿਸ਼ਨਰ ਸੀ.ਆਈ.ਡੀ. ਦੇ ਪੇਸ਼ ਕੀਤਾ ਗਿਆ। ਉਸ ਨੇ ਹਰ ਇਕ ਦਾ ਨਾਉਂ ਪਿੰਡ ਦਾ ਨਾਉਂ, ਥਾਣਾ, ਤਹਿਸੀਲ ਤੇ ਜ਼ਿਲ੍ਹਾ ਲਿਖ ਲਿਆ ਅਤੇ ਸਭ ਨੂੰ ਕਸਟਮ ਹਾਊਸ ਦੇ ਕਮਰੇ ਵਿਚ ਬੰਦ ਕਰ ਦਿੱਤਾ। ਉਥੋਂ ਰੇਲ ਗੱਡੀ ਦੇ ਡੱਬਿਆਂ ਵਿਚ ਬਿਠਾ ਪੁਲਸ ਤੇ ਫੌਜ ਦੇ ਪਹਿਰਿਆਂ ਹੇਠ ਪੰਜਾਬ ਨੂੰ ਤੋਰ ਦਿੱਤੇ। ਭੁੱਖਣ ਭਾਣੇ ਰੋਟੀ ਦਾ ਕਿਸੇ ਨਾਉਂ ਤਕ ਨਾ ਲਿਆ। ਗੱਡੀ ਪਟਨੇ, ਅਲਾਹਾਬਾਦ, ਦਿਲੀ ਹੁੰਦੀ ਹੋਈ ਰਾਏਵਿੰਡ (ਪੰਜਾਬ) ਦੇ ਸਟੇਸ਼ਨ 'ਤੇ ਪੁੱਜ ਗਈ। ਰਾਏਵਿੰਡੋਂ ਵਾਰੰਟ ਬਣਾ ਪੰਜਾਬ ਦੀਆਂ ਜੇਲ੍ਹਾਂ ਵੱਲ ਤੋਰ ਲਏ। ਮੇਰੇ ਤੇ ਮੇਰੇ ਸਾਥੀਆਂ ਦੇ ਹਿੱਸੇ ਮਿੰਟਗੁਮਰੀ ਜੇਲ੍ਹ ਆਈ। 2 ਨਵੰਬਰ 1914 ਨੂੰ ਅਸੀਂ ਮਿੰਟਗਮਰੀ ਜੇਲ੍ਹ ਵਲਿਆਂ ਦੇ ਹਵਾਲੇ ਕਰ ਦਿੱਤੇ। ਪੁਲਸ ਤੇ ਫੌਜੀ ਅਫਸਰਾਂ ਨੇ ਕਿਹਾ ਲਓ ਸਾਡਾ ਤੇ ਏਨਾ ਹੀ ਕੰਮ ਸੀ। ਸਾਥੀ ਭਾਗ ਸਿੰਘ ਉੱਪਲ ਨੇ ਕਿਹਾ ਕਿ ਮੈਨੂੰ ਸ਼ਹੀਦ ਹੋ ਜਾਣ ਦਿਓ। ਮੈਂ ਇਸ ਪੁਲਸ ਸੁਪਰਡੈਂਟ ਨੂੰ ਹੁਣੇ ਹੀ ਕਤਲ ਕਰ ਦਿੰਦਾ ਹਾਂ। ਉਸ ਨੂੰ ਮਸਾਂ ਰੋਕਿਆ ਤੇ ਕਿਹਾ ਇਸ ਇਕ ਦੇ ਮਾਰ ਜਾਣ ਨਾ ਦੇਸ ਅਜ਼ਾਦ ਨਹੀਂ ਹੋਣ ਲਗਾ। ਬਲਕਿ ਇਕ ਦੇ ਕਤਲ ਨਾਲ ਆਪਣੇ ਸਾਰਿਆਂ ਦੇ ਗਲੀਂ ਰੱਸੇ ਪੈ ਸਕਦੇ ਹਨ। ਜੇਲ੍ਹ ਵਾਲਿਆਂ ਨੇ ਸਾਡਾ ਸਮਾਨ ਲਿਖ ਕੇ ਜਮ੍ਹਾਂ ਕਰ ਲਿਆ। ਜੇਲ੍ਹ ਦੇ ਅੰਦਰ ਲੈ ਗਏ। ਜਦ ਅਸੀਂ ਕੈਦੀਆਂ ਦੀ ਹਾਲਤ ਦੇਖੀ ਤਾਂ ਸਾਡੀ ਖਾਨਿਉਂ ਗਈ। ਮੈਨੂੰ ਪੇਸ਼ਾਬ ਆਇਆ। ਮੈਂ ਇਕ ਬਾਬੂ ਨੂੰ ਪੇਸ਼ਾਬ ਜਾਣ ਵਾਸਤੇ ਆਖਿਆ। ਉਸ ਨੇ ਮੇਰੇ ਨਾਲ ਇਕ ਨੰਬਰਦਾਰ ਦਿੱਤਾ। ਉਹ ਮੈਨੂੰ ਬੰਬੇ ਹਾਤੇ ਲੈ ਗਿਆ। ਮੈਂ ਪਿਛਾਂਹ ਤੱਕ ਕੇ ਜਦ ਬੰਬੇ ਵਲ ਨਿਗਾਹ ਮਾਰੀ ਤਾਂ ਆਦਮੀ ਬੰਬਾ ਗੇੜਦੇ ਦੇਖੇ। ਉਨ੍ਹਾਂ ਵਿਚੋਂ ਜਿਹੜਾ ਵੀ ਆਦਮੀ ਜ਼ਰਾ ਵੀ ਢਿੱਲਾ ਹੁੰਦਾ ਦਿਸਦਾ ਉਸ ਕੇ ਹੱਥ ਲੰਮਾ ਛਿੱਤਰ ਮਾਰ-ਮਾਰ ਉਡਾ ਦਿੰਦੇ ਸਨ ਤੇ ਕੈਦੀ ਦਾ ਲੱਕ ਦੂਹਰਾ ਕਰ ਦਿੰਦੇ ਸਨ। ਮੈਂ ਵੇਖ ਕਰ ਬੜਾ ਹੈਰਾਨ ਹੋਇਆ। ਨੰਬਰਦਾਰ ਆਖਣ ਲੱਗਾ ਸਰਦਾਰ ਜੀ ਆਪ ਨੂੰ ਏਥੇ ਐਸੇ-ਐਸੇ ਜ਼ੁਲਮ ਹੁੰਦੇ ਕੈਦੀਆਂ ਦੇ ਦੇਖਣੇ ਪੈਣਗੇ ਜੋ ਇਨਸਾਨ ਦੀ ਹੋਸ਼ ਭੁਲਾ ਦਿੰਦੇ ਹਨ। ਅਜੇ ਮੈਂ ਬੋਲਣ ਹੀ ਲੱਗਾ ਸੀ ਕਿ ਇਕ ਸਿਪਾਹੀ ਆ ਗਿਆ। ਜਲਦੀ ਚਲੋ ਏਥੇ ਕੇਦੀਆਂ ਵੱਲ ਮਤ ਦੇਈਏ। ਮੈਂ ਬੜਾ ਹੈਰਾਨ ਹੋਇਆ ਕਿ ਇਸ ਆਦਮੀ ਨੂੰ ਬਾਤ ਕਰਨ ਦੀ ਵੀ ਤਮੀਜ਼ ਨਹੀਂ ਹੈ। ਉਹ ਮੂੰਹ ਵਿਚ ਬੁੜ-ਬੁੜ ਕਰਦਾ ਮੈਨੂੰ ਦੂਜੇ ਸਾਥੀਆਂ

ਵਾਂਗ ਕੋਠੀ ਬੰਦ ਕਰ ਗਿਆ। ਕੋਠੀ ਵਿਚ ਵੜਦੇ ਸਾਰ ਹੀ ਅੱਗੋਂ ਬਦਬੂ ਨੇ ਸਵਾਗਤ ਕੀਤਾ ਅਤੇ ਮੱਛਰ ਮੱਖੀਆਂ ਅਤੇ ਟਿੱਡੀਆਂ ਨੇ ਸਲਾਮੀ ਦਿੱਤੀ। ਇਹ ਸਭ ਆਪਣੀ ਜ਼ਬਾਨ ਵਿੱਚ ਖੁਸ਼ੀ ਦੇ ਗੀਤ ਗਾਉਂਦੇ ਸੁਣਾਈ ਦਿੰਦੇ ਸਨ। ਜਦ ਮੈਂ ਕੋਠੀ ਦੀ ਹਰ ਚੀਜ਼ ਵਲ ਨਿਗਾਹ ਮਾਰੀ। ਮਨ ਨੇ ਹੁਕਮ ਦਿੱਤਾ ਕਿ ਆਪਣੇ ਘਰ ਦੀ ਸੰਪਤੀ ਗਿਣ ਕਰ ਆਪਣੇ ਮਗਜ਼ ਵਿਚ ਯਾਦ ਕਰ ਲੈ। ਕੋਠੀ ਕੋਈ ਦਸ ਫੁੱਟ ਲੰਬੀ, ਅੱਠ ਫੁੱਟ ਚੌੜੀ, ਪੰਦਰਾਂ-ਚੌਦਾਂ ਫੁੱਟ ਉਚੀ ਸੀ। ਪੰਜ ਫੁੱਟ ਲੰਮੀ, ਢਾਈ-ਤਿੰਨ ਫੁੱਟ ਚੌੜੀ ਚੱਕੀ ਨੇ ਜਗਹ ਮਲੀ ਹੋਈ ਸੀ। ਇਕ ਪਾਸੇ ਦੋ ਫੁੱਟ ਚੌੜੀ, ਛੇ-ਸੱਤ ਫੁਟ ਲੰਮੀ ਕੈਦੀ ਦੇ ਸੌਣ ਲਈ ਖੱਡੀ ਬਣਾਈ ਹੋਈ ਸੀ। ਪੈਰਾਂ ਵੱਲ ਦੀ ਤਿੰਨ ਫੁੱਟ ਜਗਹ ਖਾਲੀ ਸੀ। ਸਿਰ ਵੱਲ ਟੱਟੀ ਬਣੀ ਹੋਈ ਸੀ। ਦੋ-ਦੋ ਇੱਟਾਂ ਹੇਠ ਉਪਰ ਰੱਖ ਦਰਮਿਆਨ ਵਿੱਚ ਟੱਟੀ ਵਾਲਾ ਪੁਤਰਾ ਉਸ ਦੇ ਅਗੇ ਲੁਕ ਨਾਲ ਲੱਥ-ਪਥ ਕਰਕੇ ਕੇ ਕਿ ਟਿੰਡ ਪਸ਼ਾਬ ਲਈ ਰੱਖੀ ਹੋਈ ਸੀ। ਇਕ ਘੜੀ ਪਾਣੀ ਵਾਸਤੇ, ਦੋ ਲੋਹੇ ਦੇ ਬਰਤਣ ਇਕ ਪਾਣੀ ਵਾਸਤੇ, ਇਕ ਦਾਲ ਭਾਜੀ ਵਾਸਤੇ, ਇਕ ਝਾੜੂ, ਇਕ ਸਫ਼, ਤਿੰਨ ਕੰਬਲ।ਬਸ ਇਹ ਕੈਦੀ ਦੇ ਘਰਦੀ ਜਾਇਦਾਦ ਹੈ, ਕੋਠੀ ਦਾ ਤਾਲਾ ਬੰਦ। ਮੈਨੂੰ ਇਹ ਪਤਾ ਨਹੀਂ ਸੀ ਕਿ ਸਾਡੀ ਕੋਠੀ ਬੰਦ ਕਰ ਦੇਣਗੇ। ਕੋਠੀ ਹੱਦ ਤੋਂ ਜ਼ਿਆਦਾ ਗੰਦੀ ਤੇ ਖਰਾਬ ਸੀ। ਸੜੇਹਾਨ ਇਤਨੀ ਆਉਂਦੀ ਸੀ ਕਿ ਨੱਕ ਨੂੰ ਬੰਦ ਕਰਕੇ ਬੈਠਣਾ ਪਿਆ। ਇਸ ਜੇਲ੍ਹ ਦੀਆਂ ਕੋਠੀਆਂ ਕੱਚੀਆਂ ਸਨ। ਬਲਕਿ ਸਾਰੀ ਜੇਲ੍ਹ ਹੀ ਕੱਚੀ ਸੀ। ਜਮੀਨ ਕਲਰ ਵਾਲੀ ਸੀ। ਸਾਰੀ ਜ਼ਮੀਨ ਫੁਲ ਉਠਦੀ ਸੀ। ਜ਼ਰਾ ਕੁ ਹਵਾ ਦੇ ਬੁਲ੍ਹੇ ਨਾਲ ਘੱਟਾ ਉੱਡਣਾ ਸ਼ੁਰੂ ਹੋ ਜਾਂਦਾ ਸੀ। ਮੈਂ ਬੈਠਾ ਵਿਚਾਰ ਹੀ ਕਰ ਰਿਹਾ ਸੀ ਕਿ ਸ਼ੇਰ ਸਿੰਘ ਨੇ ਵਾਜ ਮਾਰੀ। ਮੇਰੀ ਨਾਲ ਦੀ ਕੋਠੀ ਵਿਚ ਕੌਣ ਹੈ, ਵਾਜ ਪਛਾਣ ਕੇ ਮੈਂ ਕਿਹਾ ਮੈਂ ਹਾਂ। ਸ਼ੇਰ ਸਿੰਘ ਹੱਸ ਕੇ ਉਹ ਕਹਿਣ ਲੱਗਾ, ਚੰਗੇ ਭਾਗਾਂ ਨਾਲ ਮਿਲਿਆ ਹੈ। ਸੁਣਾ ਅੱਤਰ ਦੀ ਵਾਸ਼ਨਾ ਚੰਗੀ ਹੈ, ਮੇਰੀ ਕੋਠੀ ਵਿਚ ਤਾਂ ਅੱਤਰ ਬੜਾ ਤੇਜ਼ ਹੈ। ਇਹ ਤਾਂ ਮਗਜ਼ ਨੂੰ ਚੜ੍ਹਦਾ ਜਾਂਦਾ ਹੈ। ਹੁਣ ਇਹ ਹੀ ਮੰਨਣ ਹੈ। ਇਹ ਕਿਸੇ ਨਸੀਬਾਂ ਵਾਲੇ ਨੂੰ ਹੀ ਮਿਲਦੇ ਹਨ ਮੈਂ ਕਿਹਾ। ਅਜੇ ਅਸੀਂ ਗੱਲਾਂ ਹੀ ਕਰਦੇ ਸਾਂ ਨੰਬਰਦਾਰ ਭੱਜਾ ਆਇਆ। ਕਹਿਣ ਲੱਗਾ ਚੁੱਪ-ਚਾਪ ਆਪਣੀ ਕੋਠੀ ਵਿਚ ਖੜ੍ਹੇ ਹੋ ਜਾਓ। ਜਦ ਨੂੰ ਇਕ ਉੱਚਾ ਤੇ ਮੋਟਾ ਤਾਜ਼ਾ ਆਦਮੀ ਮੇਰੀ ਕੋਠੀ ਦੇ ਸਾਹਮਣੇ ਆ ਖੜਾ ਹੋਇਆ। ਮੇਰੇ ਵੱਲ ਇਸ਼ਾਰਾ ਕਰ ਕਹਿਣ ਲੱਗਾ, ਓਏ ਤੇਰਾ ਕੀ ਨਾਮ ਹੈ। ਚੁੱਪ ਰਿਹਾ ਤੇ ਹੁੰਗਾਰਾ ਹੀ ਨਾ ਦਿੱਤਾ ਤਾਂ ਉਹ ਲੋਹੇ ਦੇ ਖਿੜਕਾਂ ਅੱਗੇ ਆ ਗਿਆ, ਫਿਰ ਕਿਹਾ ਤੇਰਾ ਨਾਮ ਕੀ ਹੈ? ਮੈਂ ਕਿਹਾ ਸੰਤਾ ਸਿੰਘ। ਲੜਾਈ ਦਾ ਕੀ ਹਾਲ ਹੈ? ਮੈਂ ਕੋਈ ਅਖ਼ਬਾਰਾਂ ਨਹੀਂ ਛਾਪ ਰਿਹਾ ਤੇ ਨਾ ਹੀ ਅਖ਼ਬਾਰਾਂ ਦੀ ਰਿਪੋਰਟ ਹੀ ਹਾਂ। ਨਹੀਂ ਮੈਂ ਤੇ ਤੁਹਾਡੀ ਲੜਾਈ ਬਾਰੇ ਪੁੱਛਦਾ ਹਾਂ। ਉਹ ਬਹੁਤ ਹੀ ਸਵਾਲ ਕਰੀ ਜਾਵੇ। ਮੈਂ ਕਿਹਾ ਆਪ ਜਾਈਏ ਸਰਕਾਰ ਨੂੰ ਸਭ ਪਤਾ ਹੈ। ਮੇਰੇ ਕੋਲ ਹੋ ਕੇ ਸ਼ੇਰ ਸਿੰਘ ਪਾਸ ਚਲਿਆ ਗਿਆ। ਉਸ ਨੂੰ ਵੀ ਇਹ ਹੀ ਸਵਾਲ ਪੁੱਛੇ। ਪਰ ਉਸ ਨੇ ਛੇਤੀ ਹੀ ਪਿੱਛਾ ਛੁਡਾ ਲਿਆ। ਪੈਂਦੇ ਸਾਰ ਹੀ ਕਹਿ ਦਿੱਤਾ ਕਿਰਪਾ ਕਰ ਮੇਰਾ ਮਗਜ਼

ਨਾ ਖਾ ਤੇ ਉਹ ਸ਼ਰਮਿੰਦਾ ਹੋ ਚਲਦਾ ਬਣਿਆ। ਰਾਤ ਪੈ ਰਹੀ ਸੀ। ਲਾਂਗਰੀ ਆ ਗਿਆ। ਕਹਿਣ ਲੱਗਾ ਭਾਈ ਜੋ ਰੋਟੀ ਲਵੋ। ਮੈਂ ਕਿਹਾ ਪਹਿਲਾਂ ਕੋਠੀ ਦਾ ਬੂਹਾ ਤਾਂ ਖੁਲਾਓ ਬਾਹਰ ਨਿਕਲਕੇ ਹੀ ਰੋਟੀ ਲਵਾਂਗਾ। ਲਾਂਗਰੀ ਨੇ ਦੱਸਿਆ ਆਪ ਲੋਗਾਂ ਨੂੰ ਖੋਹਲਣ ਦਾ ਹੁਕਮ ਨਹੀਂ। ਮੈਂ ਮੁੜ ਕਿਹਾ ਪਾਣੀ ਆ ਜਾਣ ਦੇ ਹੱਥ ਧੋ ਕੇ ਰੋਟੀ ਫੜਦਾ ਹਾਂ। ਉਸ ਕਿਹਾ ਇਹ ਵੈਸ਼ਨੂੰਪੁਣਾ ਜੇਲੋਂ ਬਾਹਰ ਹੀ ਰਹਿਣ ਦਿਓ, ਰੋਟੀ ਫੜੋ। ਰੋਟੀ ਫੜ ਲਈ, ਦਾਲ ਵਾਲਾ ਵੀ ਆ ਗਿਆ। ਟੀਨ ਦਾ ਬਣਿਆ ਹੋਇਆ ਇਕ ਪਰਨਾਲਾ ਉਸ ਸੀਖਾਂ ਵਿਚਦੀ ਲੰਘਾ ਦਿੱਤਾ ਤੇ ਕਿਹਾ ਦਾਲ ਲੈ ਲਉ, ਮੈਂ ਲੋਹੇ ਦੀ ਥਾਲੀ ਅੱਗੇ ਕਰ ਦਿੱਤੀ ਉਸਨੇ ਦੋ ਪਲੇ ਮੇਰੇ ਨਾਂਹ-ਨਾਂਹ ਕਰਦੇ ਪਾ ਦਿੱਤੇ ਤੇ ਕਿਹਾ ਬਦਨਸੀਬ ਖਾ ਲੈ। ਏਥੇ ਤਾਂ ਦਾਲ ਵੀ ਨਹੀਂ ਮਿਲਦੀ। ਮੈਂ ਤੇ ਤੁਹਾਡੀ ਹਾਲਤ ਤਕ ਇਕ ਦੀ ਥਾਂ ਦੋ ਪਲੇ ਪਾ ਦਿੱਤੇ ਸਨ ਅਤੇ ਨਾਲ ਹੀ ਕੈਦੀਆਂ ਤੇ ਹੋ ਰਹੇ ਅਤਿਆਚਾਰਾਂ ਦਿਲ ਖੋਹਲ ਕੇ ਦੱਸੇ ਅਤੇ ਅੱਗੇ ਨੂੰ ਜੇਲ੍ਹ ਦੀ ਸਾਰ ਰਿਪੋਰਟ ਦੇਣ ਦਾ ਵਾਅਦਾ ਕੀਤਾ। ਪਾਣੀ ਵਾਲੇ ਨੇ ਆਣ ਪਾਣੀ ਦਿੱਤਾ। ਮੈਂ ਹੱਥ ਧੋ ਕੇ ਰੋਟੀ ਖਾਣ ਲੱਗਾ। ਭੁੱਖ ਬੜੀ ਲੱਗੀ ਸੀ। ਮੂੰਹ ਵਿਚ ਪਾ ਕੇ ਬੁਰਕੀ ਚਿੱਥੀ ਤੇ ਕਰਚ-ਕਰਚ ਮਿੱਟੀ ਕਰਨ ਲੱਗ ਪਈ। ਬੁਰਕੀ ਮੂੰਹ ਚੋਂ ਕੱਢ ਕੇ ਬਾਹਰ ਸੁੱਟ ਦਿੱਤੀ। ਦੂਜੀ, ਤੀਜੀ, ਚੌਥੀ ਬੁਰਕੀ ਪਾਈ। ਸਭ ਕਰਚ-ਕਰਚ ਹੀ ਮਿੱਟੀ ਨਾਲ ਕਰਦੀਆਂ। ਰੋਟੀ ਛੱਡ ਦਾਲ ਪੀ ਲਈ ਤੇ ਸ਼ੇਰ ਸਿੰਘ ਨੂੰ ਪੁੱਛਿਆ ਯਾਰ ਤੁਹਾਡੀਆਂ ਰੋਟੀਆਂ ਵਿਚ ਮਿੱਟੀ ਹੈ? ਉਸ ਆਖਿਆ ਨਹੀਂ ਮੇਰੀ ਰੋਟੀ ਤੇ ਬੜੀ ਚੰਗੀ ਹੈ। ਦੋਨੋਂ ਹੀ ਹੱਸ ਪਏ। ਏਨੇ ਵਿਚ ਭਾਈ ਕੇਸਰ ਸਿੰਘ ਉੱਚੀ ਉੱਚੀ ਹਾਕਾਂ ਮਾਰ ਕੇ ਕਿਹਾ ਕਿ ਰੋਟੀ ਕੋਈ ਨਾ ਖਾਵੇ। ਏਧਰ ਮੈਂ ਦਾਲ ਚਟਮ ਕਰ ਚੁਕਿਆ ਸੀ। ਮਾਰੇ ਸ਼ਰਮਿੰਦਗੀ ਦੇ ਹਾਂ ਵਿਚ ਹਾਂ ਮਿਲਾ ਦਿੱਤੀ। ਸਾਰੇ ਪਾਸਿਆਂ ਤੋਂ ਅਵਾਜ਼ ਆਉਣੀ ਸ਼ੁਰੂ ਹੋਈ। ਕੋਈ ਨਹੀ ਖਾਂਦਾ। ਭੁੱਖ ਹੜਤਾਲ ਹੋ ਗਈ। ਜੇਲ੍ਹ ਅਫਸਰਾਂ ਨੂੰ ਖ਼ਬਰ ਹੋ ਗਈ... ਕੋਈ ਇਕ ਵਜੇ ਤੱਕ ਗੱਲਾਂ ਹੁੰਦੀਆਂ ਰਹੀਆਂ। ਆਖਰ ਥੱਕ ਹਾਰ ਕੇ ਸੌਂ ਗਏ। ਸੌਂ ਕਾਹਨੂੰ ਲੰਮੇ ਪੈ ਗਏ। .... ਪੰਜ ਵਜ ਗਏ। ਜਾਗ ਕੋਠੀ ਵਾਲੇ ਦੀ ਅਵਾਜ਼ ਆਈ ਮੈਂ ਕਿਹਾ ਭਾਈ ਅਸੀਂ ਤਾਂ ਸੁੱਤੇ ਹੀ ਨਹੀਂ..... ਜੇਲ੍ਹ ਅਫਸਰ ਆ ਗਏ। ਪੁੱਛਣ ਲੱਗੇ ਰਾਤ ਰੋਟੀ ਕਿਉਂ ਨਹੀਂ ਖਾਧੀ। ਅਸੀਂ ਕਿਹਾ ਰੋਟੀ ਹੁੰਦੀ ਤਾਂ ਖਾਂਦੇ। ਮਿੱਟੀ ਕਿਹੜਾ ਖਾਵੇ......... ਜੇਹਲਰ ਕਹਿਣ ਲੱਗਾ, ਕਰਨਾ ਸਰਕਾਰ ਨਾਲ ਮੁਕਾਬਲਾ ਤੇ ਰੋਟੀ ਚੰਗੀ ਲੱਭਣੀ। ਅਸੀਂ ਆਖਿਆ ਸਾਡੇ ਨਾਲ ਗੱਲ ਕਰਨੀ ਹੈ ਤੇ ਅਖ਼ਲਾਕ ਨਾਲ ਕਰ ਅਸੀਂ ਅਫ਼ਸਰੀ ਉਫਸਰੀ ਕੋਈ ਨਹੀਂ ਦੇਖਣੀ। ਸਵੇਰ ਨੂੰ ਰੋਟੀ ਆਈ। ਫਿਰ ਸਭ ਨੇ ਇਨਕਾਰ ਕਰ ਦਿੱਤਾ। ਡੀ.ਸੀ ਕਸ਼ਮੀਰੀ ਬ੍ਰਾਹਮਣ ਸੀ। ਆ ਗਿਆ। ਲੱਗਾ ਚਾਪਲੋਸੀ ਦੀਆਂ ਗੱਲਾਂ ਕਰਨ। ਕਿਸੇ ਇਕ ਨਾ ਸੁਣੀ....... ਗਵਰਨਰ ਨੂੰ ਰੀਪੋਰਟ ਗਈ। ਉਸ ਨੇ ਹੁਕਮ ਦਿੱਤਾ ਸਪੈਸ਼ਲ ਖਾਣਾ ਇਨ੍ਹਾਂ ਨੂੰ ਦਿਉ। ਹੜਤਾਲ ਖੁੱਲ ਗਈ।

ਸਾਨੂੰ ਇਸ ਜੇਲ੍ਹ ਵਿਚ ਆਇਆ ਇਕ ਦਿਨ ਹੀ ਹੋਇਆ ਸੀ ਕਿ ਸੀ.ਆਈ.ਡੀ. ਵਾਲੇ ਅਫਸਰ ਆਉਣੇ ਸ਼ੁਰੂ ਹੋ ਗਏ। ਸਰਦਾਰ ਸੁੱਖਾ ਸਿੰਘ ਤੇ ਉਸ ਦਾ ਸਟਾਫ਼ ਆ ਕੇ

ਦੁਬਾਰਬਾ ਨਾਮ ਪਤਾ ਪੁੱਛਣਾ ਸ਼ੁਰੂ ਕੀਤਾ.... ਪੁੱਛਦਾ-ਪੁੱਛਦਾ ਮੇਰੇ ਪਾਸ ਆਇਆ, ਮੈਂ ਨਾਮ ਪਤਾ ਸਭ ਦੱਸ ਦਿੱਤਾ... ਉਹ ਚਲੇ ਗਏ। ਉਸ ਦੇ ਮਤੈਹਤ ਛੋਟਾ ਸਟਾਫ਼ ਆ ਗਿਆ, ਮੌਲਵੀ ਅਮੀਰ ਅਲੀ, ਮੌਲਵੀ ਹੈਦਰ ਅਲੀ, ਇਕ-ਇਕ ਸਾਥੀ ਨੂੰ ਲੈ ਜਾ ਕੇ ਪੁੱਛਗਿੱਛ ਕਰਦੇ। ਤੁਸੀਂ ਅਮਰੀਕਾ ਵਿਚ ਗ਼ਦਰ ਅਖ਼ਬਾਰ ਪੜ੍ਹਦੇ ਹੁੰਦੇ ਸੀ, ਉਹ ਕਿੱਥੋਂ ਨਿਕਲਦਾ ਹੈ, ਕੌਣ ਕੱਢਦਾ ਹੈ? ਉਸਦਾ ਪਿੰਡ ਕਿਹੜਾ ਹੈ? ਜ਼ਿਲ੍ਹਾ ਕਿਹੜਾ ਹੈ? ਮਗਰ ਏਸ ਗੱਲ 'ਤੇ ਜ਼ਿਆਦਾ ਜ਼ੋਰ ਦਿੰਦੇ, "ਤੂੰ ਕੁਝ ਦੱਸ ਕੇ ਛੁੱਟ ਜਾ, ਸਰਕਾਰ ਨੇ ਇਨ੍ਹਾਂ ਸਾਰਿਆਂ ਨੂੰ ਬਗੈਰ ਮੁਕੱਦਮਾ ਚਲਾਇਓਂ ਫਾਂਸੀ ਦੇ ਦੇਣਾ ਹੈ। ਤੂੰ ਕਾਹਨੂੰ ਐਵੇਂ ਮਾਰਦਾ ਹੈ, ਆਪਣੀ ਜਾਨ ਬਚਾ ਲੈ।" ਪਰ ਕਿਸੇ ਕੁੱਝ ਨਾ ਦੱਸਿਆ ਤਾਂ ਸਾਡੀਆਂ ਜੇਲ੍ਹ ਬਦਲੀਆਂ ਦੀ ਫਰਿਸਤ ਤਿਆਰ ਕਰ ਦਿੱਤੀ........ ਸਾਨੂੰ ਕੋਈ 22 ਦਿਨ ਮਿੰਟਗੁਮਰੀ ਜੇਲ੍ਹ ਵਿਚ ਆਇਆ ਨੂੰ ਹੋਏ ਸਨ। ਚੱਕਰ ਵਿਚ ਬੁਲਾਇਆ ਗਿਆ। ਅਸੀਂ ਤਿੰਨ ਜਣੇ ਸਾਂ, ਪਾਲ ਸਿੰਘ, ਇੰਦਰ ਸਿੰਘ, ਤੇ ਮੈਂ। ਬੇੜੀਆਂ ਹੱਥਕੜੀਆਂ ਲਾ ਮੀਆਂਵਾਲੀ ਜੇਲ੍ਹ ਭੇਜ ਦਿੱਤੇ....... ਇਕ ਅੰਗਰੇਜ਼ ਅਫਸਰ (ਡਿਪਟੀ ਕਮਿਸ਼ਨਰ ਮੀਆਂਵਾਲੀ) ਅਮਲੇ ਸਮੇਤ ਮੇਰੇ ਲੋਹੇ ਦੇ ਦਰਵਾਜ਼ੇ ਦੇ ਸਾਹਮਣੇ ਆ ਕੇ ਬੋਲਿਆ, "ਕਰਨੇ ਸਰਕਾਰ ਨਾਲ ਮੁਕਾਬਲੇ ਤੇ ਲੱਭਣੇ ਸੁਖ।" ਮੈਂ ਮੁੜ ਕਿਹਾ, ਆਪ ਦਾ ਇਹ ਪੁੱਛਣ ਦਾ ਕੀ ਅਰਥ ਹੈ ਕਿ ਕੋਈ ਤਕਲੀਫ ਤੇ ਨਹੀਂ, ਜਦ ਆਪ ਨੂੰ ਪਤਾ ਹੀ ਹੈ ਕਿ ਅਸੀਂ ਮੁਕਾਬਲਾ ਕਰਨ ਵਾਲੇ ਹਾਂ। ਸੁਪਰਡੈਂਟ ਬੋਲ ਉਠਿਆ ਆਪ ਨੂੰ ਪਤਾ ਨਹੀਂ ਇਹ ਡਿਪਟੀ ਕਮਿਸ਼ਨਰ ਹੈ। ਮੈਂ ਆਖਿਆ ਭੁਗਤ ਰਹੇ ਹਾਂ, ਬੀਮਾਰ ਹੋਇਆਂ ਨੂੰ ਦੁਆਈ ਕੋਈ ਨਹੀਂ ਮਿਲਦੀ, ਛੋਲਿਆਂ ਦੀ ਰੋਟੀ ਜਿਸ ਵਿੱਚ ਅੱਧੀ ਮਿੱਟੀ ਹੈ, ਮਿਲਦੀ ਹੈ। ਘਾਹ ਫੂਸ ਦੀ ਸੜੀ ਹੋਈ ਭਾਜੀ, ਮੈਂ ਰੋਟੀ ਭਾਜੀ ਦਿਖਾਈ ਤੇ ਕਹਿਣ ਲੱਗਾ, ਤੁਸੀਂ ਤੇ ਇਸ ਰੋਟੀ ਦੇ ਵੀ ਲਾਇਕ ਨਹੀਂ ਹੋ, ਮੇਰੇ ਅਖ਼ਤਿਆਰ ਹੋਵੇ ਤਾਂ ਮੈਂ ਤੋਂ ਤੁਹਾਨੂੰ ਭੁੱਖਿਆ ਹੀ ਮਾਰ ਦੇਵਾਂ।

...ਸੀ.ਆਈ.ਡੀ. ਦਾ ਫੇਰਾ

..... ਮੈਂ ਚੁੱਪ ਕਰਕੇ ਵਾਰਡਰ ਨਾਲ ਤੁਰ ਪਿਆ। ਇੰਦਰ ਸਿੰਘ, ਪਾਲਾ ਸਿੰਘ ਮਰਹਾਣਾ ਅੱਗੇ ਹੀ ਉਥੇ ਬੈਠੇ ਸਨ। ਅਜੇ ਕੋਈ ਗੱਲ ਨਹੀਂ ਹੋਈ ਸੀ। ਮੈਨੂੰ ਅੱਗੇ ਬੁਲਾ ਲਿਆ, ਪਰ ਚਲਦਾ ਚਲਦਾ ਮੈਂ ਸੁਖ-ਸਾਂਦ ਪੁੱਛ ਗਿਆ। ਅਗੇ ਸੁੱਖਾ ਸਿੰਘ, ਮੌਲਵੀ ਅਮੀਰ ਅਲੀ ਤੇ ਮਰਹਾਣੇ ਦਾ ਜੈਲਦਾਰ ਕਪੂਰ ਸਿੰਘ ਬੈਠੇ ਸਨ। ਸੁੱਖਾ ਸਿੰਘ ਉੱਚੀ-ਉੱਚੀ ਬੋਲਿਆ ਵਾਹਿਗੁਰੂ-ਵਾਹਿਗੁਰੂ ਦੇਖੋ ਓਏ ਇਹਦਾ ਵਾਲ ਵਿੰਗਾ ਨਹੀਂ ਹੋਇਆ।.... ਕਪੂਰ ਸਿੰਘ ਬੋਲਿਆ, ਭੁਖੇ ਮਰਦੇ ਗਏ ਸੀ, ਉਥੇ ਰੱਜ ਕੇ ਖਾਣ ਲੱਗੇ। ਹੁਣ ਖੇਹ ਉਡਾਉਣ ਲੱਗ ਪਏ। 'ਚੁੱਪ ਓਏ ਮੂੰਹ ਨੂੰ ਬੰਦ ਕਰ" ਮੈਂ ਕਿਹਾ। ਖ਼ਬਰਦਾਰ ਜੇ ਅੱਗੇ ਵਧਿਆ। ਸੁਖਾ ਸਿੰਘ ਨੇ ਕਿਹਾ, ਤੂੰ ਸਿੱਖ ਹੈਂ ਮੈਨੂੰ ਤੇਰੇ ਉੱਤੇ ਤਰਸ ਆਉਂਦਾ ਹੈ। ਮੈਂ ਫਲਾਨੇ, ਫਲਾਨੇ ਨੂੰ ਛੱਡ ਦਿੱਤਾ ਹੈ, ਮੇਰੇ ਅਖ਼ਤਿਆਰ ਹੈ ਛੱਡਣਾ ਛੁਡਾਉਣਾ। ਆਪਣੀ ਸਫਾਈ ਕਰ ਦਿਚ ਤੁਹਾਨੂੰ ਵੀ ਛੱਡ ਦਿਆਂਗਾ। ਕਿਸ ਤਰ੍ਹਾਂ ਦੀ ਸਫਾਈ, ਮੈਨੂੰ ਪਤਾ

ਨਹੀ ਲਗਦਾ। ਅੱਛਾ ਦੱਸ, ਜਿਹੜਾ ਜਲਸਾ ਹਾਂਗਕਾਂਗ ਨਿੰਮ ਹੇਠ ਹੋਇਆ ਸੀ, ਉਸ ਵਿਚ ਕਿਨ-ਕਿਨ ਸਪੀਚਾਂ ਕੀਤੀਆਂ ਸਨ, ਮੈਂ ਆਖਿਆ ਮੈਨੂੰ ਕੋਈ ਨਹੀਂ ਪਤਾ। ਅੱਛਾ ਜਿਹੜਾ ਗੁਰਦਵਾਰੇ ਦੇ ਅੰਦਰ ਹੋਇਆ ਸੀ, ਉਸ ਵਿਚ ਜਿਹੜੀ ਬੀਬੀ ਬੋਲੀ ਸੀ "ਹੁਣ ਆਦਮੀਆਂ ਨੂੰ ਚਾਹੀਦਾ ਹੈ ਘਰਾਂ ਦਾ ਕੰਮ ਕਰਨ, ਔਰਤਾਂ ਮੈਦਾਨੇ ਜੰਗ ਵਿੱਚ ਆਉਣਗੀਆਂ" ਉਹ ਕੇਹਦੀ ਸਿੰਘਣੀ ਸੀ? "ਮੈਨੂੰ ਕੋਈ ਪਤਾ ਨਹੀਂ", ਹਾਂ ਮੈਂ ਕਿਹਾ। ਉਸ ਨੇ ਸਾਡੀਆਂ ਪ੍ਰਾਈਵੇਟ ਗੱਲਾਂ ਜੋ ਕੁਝ ਇਕ ਜ਼ਿੰਮੇਦਾਰਾਂ ਨੂੰ ਹੀ ਪਤਾ ਸੀ, ਪੁੱਛੀਆਂ। ਮੈਂ ਹੈਰਾਨ ਸੀ। (ਨਵਾਬ ਖਾਂ ਵਾਇਦਾ ਮੁਆਫ਼ ਗਵਾਹ ਬਣ ਚੁੱਕਾ ਸੀ)... ਅਖੀਰ 'ਚ ਉਸ ਆਖਿਆ ਤੂੰ ਬਗਾਵਤ ਵਿਚ ਸ਼ਾਮਿਲ ਹੈਂ, ਤੁਸੀਂ ਤਾਂ ਸਾਡੀ ਗੌਰਮਿੰਟ ਹੀ ਉਲਟਾ ਛੱਡੀ ਸੀ। ਤੁਹਾਨੂੰ ਹੁਣ ਏਸ ਦਾ ਨਤੀਜਾ ਭੁਗਤਣਾ ਪਵੇਗਾ। ਅਚਾਨਕ ਪੰਜ ਵਜੇ ਦਿਨ ਦੇ ਮੇਰਾ ਦਰਵਾਜ਼ਾ ਖੁਲ੍ਹਿਆ, ਮੇਰਾ ਲਾਹੌਰ ਨੂੰ ਚਲਾਨ ਹੋ ਗਿਆ।"

ਜੋ ਕੁਝ ਬਾਬਾ ਜੁਆਲਾ ਦੀ ਹੱਥ ਲਿਖਤ ਵਿਚ ਦਰਜ ਕੀਤਾ ਗਿਆ ਹੈ ਉਹ ਹਰ ਗ਼ਦਰੀ ਕੈਦੀ ਨਾਲ ਵਾਪਰਿਆ ਸੀ। ਉਨ੍ਹਾਂ ਵਿਚੋਂ ਬਹੁਤਿਆਂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਲਿਆ ਕੇ ਬਗਾਵਤ ਦਾ ਮੁਕੱਦਮਾ ਚਲਾਇਆ ਗਿਆ ਸੀ। ਇਨ੍ਹਾਂ ਗ਼ਦਰੀਆਂ ਵਿਚ ਅਨੇਕਾਂ ਅਜੇਹੇ ਸਨ ਜਿਨ੍ਹਾਂ ਦਾ ਅਮਰੀਕਾ ਵਿਚਲਾ ਜੀਵਨ ਐਸ਼ੋਇਸ਼ਰਤ ਵਾਲਾ ਰਿਹਾ ਸੀ, ਜਿਨ੍ਹਾਂ ਦੇ ਆਪਣੇ ਜੀਵਨ ਲਈ ਸੁੱਖ ਅਰਾਮ ਦੀ ਕਮੀ ਨਹੀਂ ਸੀ। ਬਾਬਾ ਜੁਆਲਾ ਸਿੰਘ ਆਪ ਹਰ ਸਾਲ ਡੇਢ ਲੱਖ ਬੋਰੀ ਆਲੂਆਂ ਦੀ ਪੈਦਾ ਕਰਦੇ ਸਨ। ਪਰ ਅਜ਼ਾਦੀ ਉਨ੍ਹਾਂ ਨੂੰ ਸਭ ਤੋਂ ਪਿਆਰੀ ਸੀ। ਜਿਸ ਵਾਸਤੇ ਉਨ੍ਹਾਂ ਨੇ ਘਾਲਣਾ ਘਾਲੀਆਂ ਅਤੇ ਤਸੀਹੇ ਜਰੇ ਸਨ।

ਇਨ੍ਹਾਂ ਸੂਰਬੀਰ ਗ਼ਦਰੀਆਂ ਬਾਰੇ ਪੰਜਾਬ ਦੇ ਗਵਰਨਰ ਅਡਵਾਇਰ ਨੇ 'ਮੇਰੇ ਹਿੰਦ ਵਿਚ 25 ਸਾਲ' ਨਾਮੀ ਕਿਤਾਬ ਵਿਚ ਲਿਖਿਆ ਹੈ, "1914 ਵਿਚ 8 ਹਜ਼ਾਰ ਪੰਜਾਬੀ ਬਦੇਸ਼ਾਂ ਤੋਂ ਹਿੰਦੋਸਤਾਨ ਪਰਤੇ ਸਨ। ਉਨ੍ਹਾਂ ਵਿਚੋਂ 400 ਨੂੰ ਕੈਦ ਕਰ ਲਿਆ ਸੀ। 2500 ਨੂੰ ਪਿੰਡਾਂ ਵਿਚ ਨਜ਼ਰਬੰਦ ਕੀਤਾ ਗਿਆ ਸੀ। ਅਨੇਕਾਂ ਬਚ ਕੇ ਨਿਕਲ ਗਏ ਸਨ। ਬਾਅਦ ਵਿਚ ਜਾ ਕੇ ਪਤਾ ਲਗਾ ਕਿ ਜਿਨ੍ਹਾਂ ਨੂੰ ਸਧਾਰਨ ਸਮਝ ਕੇ ਛੱਡ ਦਿੱਤਾ ਗਿਆ ਸੀ, ਉਹ ਬੜੇ ਹੀ ਖ਼ਤਰਨਾਕ ਨਿਕਲੇ ਸਨ। ਜੇਕਰ ਅਸੀਂ ਅਵੇਸਲੇ ਹੁੰਦੇ ਤਾਂ ਉਨ੍ਹਾਂ ਨੇ ਸਾਡਾ ਤਖ਼ਤਾ ਉਲਟਾ ਦੇਣਾ ਸੀ। ਉਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ, ਨਿਧਾਨ ਸਿੰਘ ਚੁੱਘਾ, ਹਰਨਾਮ ਸਿੰਘ ਟੁੰਡੀਲਾਟ, ਭਗਤ ਸਿੰਘ ਉਰਫ਼ ਗਾਂਧਾ ਸਿੰਘ ਕੱਚਰ ਭਾਨ, ਪਰਮਾਨੰਦ ਝਾਂਸੀ, ਅਰੂੜ ਸਿੰਘ ਚੂੜਚੱਕ, ਜਗਤ ਰਾਮ ਰਿਹਾਣਾ, ਪ੍ਰਿਥਵੀ ਸਿੰਘ ਲਾਲੜੂ, ਗੱਜਣ ਸਿੰਘ, ਪ੍ਰੇਮ ਸਿੰਘ, ਜਗਤ ਸਿੰਘ ਸੁਰਸਿੰਘ (ਲਾਹੌਰ), ਜਵੰਤ ਸਿੰਘ ਨੰਗਲ, ਬੀਰ ਸਿੰਘ ਬਾਹੋਵਾਲ, ਫਿਲਪੀਨ ਤੋਂ ਪਰਤੇ ਹਾਫ਼ਜ਼ ਅਬਦੁੱਲਾ, ਰਹਿਮਤ ਅਲੀ ਆਦਿ ਸ਼ਾਮਲ ਸਨ।

"ਬਾਅਦ ਵਿਚ ਪਰਤੇ ਵੀ. ਜੀ. ਪਿੰਗਲੇ, ਕਾਂਸ਼ੀ ਰਾਮ ਅਸਲ ਵਿਚ ਗ਼ਦਰੀ ਲੀਡਰਾਂ ਵਿਚੋਂ ਸਨ। ਇਨ੍ਹਾਂ ਸਭ ਨੇ ਮਿਲ ਕੇ ਇਕ ਨੌਂ ਮੈਂਬਰੀ ਇਨਕਲਾਬੀ ਕਮੇਟੀ

ਬਣਾਈ ਸੀ। ਜਿਸ ਦਾ ਸਭ ਤੋਂ ਪਹਿਲਾ ਕੰਮ ਲੋਕਾਂ ਨੂੰ ਮੁਲਕ ਦੀ ਅਜ਼ਾਦੀ ਲਈ ਤਿਆਰ ਕਰਨਾ ਸੀ ਤੇ ਫੇਰ ਗ਼ਦਰ ਵਿਚ ਸ਼ਾਮਲ ਹੋ ਕੇ ਅੰਗਰੇਜ਼ੀ ਹਕੂਮਤ ਦਾ ਤਖਤਾ ਉਲਟਾਉਣਾ ਸੀ।"

ਦੂਜੇ ਪਾਸੇ ਜਿਹੜੇ ਲੀਡਰ ਕਦੇ ਕਨੇਡੀਅਨ ਡੈਪੂਟੇਸ਼ਨ ਦੀ ਮਦਦ ਕਰ ਰਹੇ ਸਨ ਅਤੇ ਕਨੇਡਾ ਵਿਚ ਵਸਦੇ ਹਿੰਦੋਸਤਾਨੀ ਪ੍ਰਵਾਸੀਆਂ ਦੇ ਹੱਕ ਵਿਚ ਮਤੇ ਕਰ ਰਹੇ ਸਨ, ਉਹ ਹੁਣ ਲੋਕਾਂ ਨੂੰ ਫੌਜ ਵਿਚ ਭਰਤੀ ਹੋਣ ਲਈ ਕਹਿ ਰਹੇ ਸਨ ਅਤੇ ਫੌਜ ਦੀ ਸਹਾਇਤਾ ਵਾਸਤੇ ਫੰਡ ਇਕੱਠੇ ਕਰ ਰਹੇ ਸਨ। ਮਹਾਤਮਾ ਗਾਂਧੀ, ਜਿਨਾਹ, ਸੱਯਦ ਹੁਸੈਨ ਵਾਸ਼ਾ ਵਰਗੇ ਡੁਮੀਨੀਅਨ ਸਟੇਟਸ ਹਾਸਲ ਕਰਨ ਦੇ ਸੁਪਨੇ ਲੈ ਰਹੇ ਸਨ। ਜਿਸ ਕਰਕੇ ਜੰਗ ਵਿਚ ਉਹ ਅੰਗਰੇਜ਼ਾਂ ਦੀ ਪਿੱਠ 'ਤੇ ਖੜ੍ਹੇ ਸਨ।

ਏਸੇ ਤਰ੍ਹਾਂ ਖ਼ਾਨ, ਰਾਏ, ਸਰਦਾਰ, ਜ਼ੈਲਦਾਰ, ਜਾਗੀਰਦਾਰ ਵੀ ਜੰਗ ਦੇ ਦੌਰ ਵਿਚ ਵਧ ਚੜ੍ਹ ਕੇ ਅੰਗਰੇਜ਼ੀ ਹਕੂਮਤ ਦੀ ਹਮਾਇਤ ਕਰ ਰਹੇ ਸਨ ਤਾਂ ਕਿ ਉਹ ਨੇਕਨਾਮੀ ਤੇ ਵਫ਼ਦਾਰੀ ਦੀਆਂ ਸਨਦਾਂ ਹਾਸਲ ਕਰ ਸਕਣ। ਅੰਗਰੇਜ਼ੀ ਹਕੂਮਤ ਇਨ੍ਹਾਂ ਦੇ ਬਲਬੂਤੇ 'ਤੇ ਹੀ ਖੜ੍ਹੀ ਸੀ। ਸਰਦਾਰ ਬਹਾਦਰ ਅਰੂੜ ਸਿੰਘ ਤੇ ਗੱਜਣ ਸਿੰਘ ਲੁਧਿਆਣਾ ਆਦਿ ਉਸ ਸਮੇਂ ਗੌਰਮਿੰਟ ਪ੍ਰਸਤ ਸਿੱਖਾਂ ਦੇ ਕਰਤਾ-ਧਰਤਾ ਸਨ। ਉਨ੍ਹਾਂ ਨੇ ਗ਼ਦਰੀਆਂ ਦੇ ਖਿਲਾਫ਼ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਕਰਵਾ ਦਿੱਤਾ ਸੀ ਕਿ ਇਹ ਸਿੱਖ ਨਹੀਂ ਹਨ, ਇਨ੍ਹਾਂ ਨੂੰ ਕੋਈ ਮੂੰਹ ਨਾ ਲਾਵੇ। ਪਿੰਡਾਂ ਵਿਚ ਜ਼ੈਲਦਾਰਾਂ ਦੀ ਅਗਵਾਈ ਵਿਚ ਕਮੇਟੀਆਂ ਬਣਾਈਆਂ ਗਈਆਂ ਜਿਨ੍ਹਾਂ ਦਾ ਕੰਮ ਗ਼ਦਰੀਆਂ ਦੀਆਂ ਸਰਗਰਮੀਆਂ ਦੀ ਇਤਲਾਹ ਪੁਲਸ ਨੂੰ ਦੇ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਵਾਉਣਾ ਸੀ। ਇਹ ਕਮੇਟੀਆਂ ਗ਼ਦਰੀਆਂ ਵਿਰੁਧ ਚਲਾਏ ਜਾਂਦੇ ਮੁਕੱਦਮਿਆਂ ਵਿਚ ਗਵਾਹ ਪੈਦਾ ਕਰਦੀਆਂ ਸਨ। ਇਨ੍ਹਾਂ ਨੇ ਪਿੰਡਾਂ ਅਤੇ ਸ਼ਹਿਰਾਂ ਵਿਚ ਪ੍ਰਚਾਰ ਕੀਤਾ ਕਿ ਗ਼ਦਰੀ ਡਾਕੂ ਹਨ, ਮਫ਼ਰੂਰ ਤੇ ਭਗੌੜੇ ਹਨ। ਗ਼ਦਰੀਆਂ ਨੂੰ ਹਕੂਮਤ ਦੇ ਤਸ਼ਦੱਦ ਹੇਠ ਅਤੇ ਦੇਸੀ ਗ਼ਦਾਰਾਂ ਤੇ ਮੁਖਬਰਾਂ ਦੇ ਜਮਘਟੇ ਵਿਚ ਗ਼ਦਰੀਆਂ ਨੇ ਦੇਸ ਦੀ ਅਜ਼ਾਦੀ ਦੀ ਜੰਗ ਲੜੀ ਸੀ।

ਪੰਜਾਬ ਵਿਚ ਗ਼ਦਰੀ ਜਥੇਬੰਦੀ ਦੀ ਸ਼ੁਰੂਆਤ

ਕਰਤਾਰ ਸਿੰਘ ਸਰਾਭਾ ਨੇ ਗ੍ਰਿਫਤਾਰੀਆਂ ਤੋਂ ਬਚ ਗਏ ਸਾਰੇ ਗ਼ਦਰੀਆਂ ਨੂੰ ਇਕੱਠੇ ਕੀਤਾ ਸੀ ਜਿਸ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਹੋਇਆ। ਇਨ੍ਹਾਂ ਮੀਟਿੰਗਾਂ ਵਿਚ ਅੰਗਰੇਜ਼ੀ ਹਕੂਮਤ ਉਤੇ ਧਾਵਾ ਬੋਲਣ ਦੇ ਦਾਅਪੇਚ ਘੜੇ ਗਏ ਸਨ। ਗ਼ਦਰੀਆਂ ਦੀ ਪਹਿਲੀ ਮੀਟਿੰਗ ਸਤਲੁਜ ਦਰਿਆ ਦੇ ਮੰਡ ਲੌਂਢੂਵਾਲ ਵਿਚ ਹੋਈ ਸੀ। ਇਸ ਮੀਟਿੰਗ ਵਿਚ ਇਨਕਲਾਬੀ ਡੀਟੈਚਮੈਂਟਾਂ ਬਣਾਈਆਂ ਗਈਆਂ ਸਨ। ਹਰ ਡੀਟੈਚਮੈਂਟ ਦਾ ਆਗੂ ਨਿਯੁਕਤ ਕੀਤਾ ਗਿਆ ਅਤੇ ਇਕ ਉੱਚ ਪੱਧਰੀ 9 ਮੈਂਬਰੀ ਇਨਕਲਾਬੀ ਕਮਾਂਡ ਵੀ ਬਣਾਈ ਗਈ ਸੀ ਜਿਸ ਦੀ ਅਗਵਾਈ ਵਿਚ ਇਨ੍ਹਾਂ ਡੀਟੈਚਮੈਂਟਾਂ ਨੇ ਕੰਮ

ਕਰਨਾ ਸੀ। ਇਸ ਕੰਮ ਵਿਚ ਬਾਬਾ ਨਿਧਾਨ ਸਿੰਘ ਬੜੇ ਕਾਮਯਾਬ ਆਗੂ ਸਾਬਤ ਹੋਏ ਸਨ। ਏਸੇ ਕਰਕੇ ਅੰਗਰੇਜ਼ ਜੱਜਾਂ ਨੇ ਉਨ੍ਹਾਂ ਨੂੰ ਸੋਸ਼ਲਿਸਟ ਬਾਬੇ ਦਾ 'ਖਿਤਾਬ' ਦਿੱਤਾ ਸੀ।

ਬਾਬਾ ਨਿਧਾਨ ਸਿੰਘ ਨੇ ਲੁਧਿਆਣੇ ਸ਼ਹਿਰ ਦੇ ਸਕੂਲਾਂ ਵਿਚ ਆਉਣਾ ਜਾਣਾ ਸ਼ੁਰੂ ਕਰ ਦਿੱਤਾ ਸੀ ਅਤੇ ਵਿਦਿਆਰਥੀ ਉਨ੍ਹਾਂ ਦੇ ਪ੍ਰਚਾਰ ਤੋਂ ਕਾਇਲ ਹੋ ਰਹੇ ਸਨ। ਬਹੁਤ ਸਾਰੇ ਸਕੂਲ ਛੱਡ ਕੇ ਉਨ੍ਹਾਂ ਦੇ ਨਾਲ ਵੀ ਤੁਰ ਪਏ ਸਨ। ਸੱਜਣ ਸਿੰਘ ਨਾਰੰਗਵਾਲ, ਕ੍ਰਿਪਾਲ ਸਿੰਘ ਬੋਪਾਰਾਏ ਅਤੇ ਪੂਰਨ ਸਿੰਘ ਉਨ੍ਹਾਂ ਦੇ ਪੱਕੇ ਮੁਰੀਦ ਬਣ ਗਏ ਸਨ। ਸਾਈਕਲੋ-ਸਟਾਈਲ 'ਤੇ ਗ਼ਦਰ ਪਾਰਟੀ ਦਾ ਲਿਟਰੇਚਰ ਛਾਪ ਕੇ ਅਤੇ ਪਿੰਡਾਂ ਵਿਚ ਵੰਡਦੇ ਸਨ ਅਤੇ ਇਨਕਲਾਬੀ ਕੇਂਦਰ ਤੋਂ ਦੂਜੇ ਕੇਂਦਰ ਤਕ ਖ਼ਤ-ਪੱਤਰ ਪਹੁੰਚਾਉਣ ਦਾ ਕੰਮ ਵੀ ਕਰਦੇ ਸਨ।

ਦੂਜੇ ਪਾਸੇ ਬੰਗਾਲ ਦੇ ਗ਼ਦਰੀ ਵੀ ਹਥਿਆਰਬੰਦ ਹੋ ਕੇ ਅੰਗਰੇਜ਼ੀ ਹਕੂਮਤ ਵਿਰੁੱਧ ਐਕਸ਼ਨ ਕਰਨ ਲਈ ਤਿਆਰ ਹੋ ਰਹੇ ਸਨ। ਉਨੀਂ ਦਿਨੀਂ ਭਾਈ ਪਰਮਾਨੰਦ ਲਾਹੌਰ ਆਇਆ ਹੋਇਆ ਸੀ ਅਤੇ ਕਰਤਾਰ ਸਿੰਘ ਸਰਾਭਾ ਦੀ ਉਸ ਨਾਲ ਵਾਕਫੀਅਤ ਅਮਰੀਕਾ ਵਿਚ ਹੀ ਹੋ ਚੁਕੀ ਸੀ। ਭਾਈ ਪਰਮਾਨੰਦ ਨੇ ਕਰਤਾਰ ਸਿੰਘ ਸਰਾਭਾ ਦੀ ਜਾਣ ਪਛਾਣ ਰਾਮ ਸਰਨ ਦਾਸ ਤਲਵਾੜਾ ਨਾਲ ਕਰਾਈ ਸੀ। ਉਸ ਕੋਲੋਂ ਸਿਰਨਾਵੇਂ ਪ੍ਰਾਪਤ ਕਰਕੇ ਕਰਤਾਰ ਸਿੰਘ ਸਰਾਭਾ ਅਤੇ ਪਰਮਾਨੰਦ ਝਾਂਸੀ ਬੰਗਾਲ ਦੇ ਇਨਕਲਾਬੀਆਂ ਨਾਲ ਸੰਪਰਕ ਕਰਨ ਲਈ ਗਏ ਸਨ। ਬਨਾਰਸ ਪਹੁੰਚ ਕੇ ਉਨ੍ਹਾਂ ਨੇ ਸਾਨਿਆਲ ਨਾਲ ਰਾਬਤਾ ਕਾਇਮ ਕੀਤਾ ਸੀ।

ਉਸ ਵੇਲੇ ਬੰਗਾਲ ਦੇ ਇਨਕਲਾਬੀ ਕਈ ਗਰੁੱਪਾਂ ਵਿਚ ਵੰਡੇ ਹੋਏ ਸਨ ਅਤੇ ਇਕ ਦੂਜੇ ਤੋਂ ਬੜੇ ਦੂਰ ਸਨ। ਉਨ੍ਹਾਂ ਦਾ ਕੋਈ ਵੀ ਸਾਂਝਾ ਇਨਕਲਾਬੀ ਕੇਂਦਰ ਨਹੀਂ ਸੀ। ਤਾਂ ਵੀ, ਕਰਤਾਰ ਸਿੰਘ ਸਰਾਭਾ ਅਤੇ ਪਰਮਾਨੰਦ ਝਾਂਸੀ ਨੇ ਵੱਖ-ਵੱਖ ਗਰੁੱਪਾਂ ਦੇ ਆਗੂਆਂ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਸੀ। ਪਰ ਬੰਗਾਲ ਦੇ ਇਨਕਲਾਬੀ ਗਰੁੱਪਾਂ ਦੇ ਆਗੂ ਇਨ੍ਹਾਂ ਗ਼ਦਰੀ ਆਗੂਆਂ ਨੂੰ ਨਹੀਂ ਜਾਣਦੇ ਸਨ। ਜਿਸ ਕਰਕੇ ਇਹ ਬੰਗਾਲੀ ਆਗੂਆਂ ਦਾ ਇਤਬਾਰ ਨਾ ਜਿੱਤ ਸਕੇ ਅਤੇ ਨਾਕਾਮ ਹੋ ਕੇ ਵਾਪਸ ਪਰਤ ਆਏ ਸਨ। ਉਨ੍ਹਾਂ ਦੇ ਵਾਪਸ ਪਰਤਣ ਤਕ ਵਿਸ਼ਨੂੰ ਗਣੇਸ਼ ਪਿੰਗਲੇ ਲਾਹੌਰ ਆ ਚੁੱਕਾ ਸੀ ਅਤੇ ਉਸ ਕੋਲ ਬੰਗਾਲ ਦੇ ਇਨਕਲਾਬੀਆਂ ਦੇ ਸਿਰਨਾਵੇਂ, ਗ਼ਦਰ ਪਾਰਟੀ 'ਕਰੀਡੈਂਸ਼ੀਅਲ' ਅਤੇ ਲੈਟਰ ਆਫ਼ ਇੰਟਰੋਡਕਸ਼ਨ ਵੀ ਸੀ। ਵਿਸ਼ਨੂੰ ਗਣੇਸ਼ ਪਿੰਗਲੇ ਦੁਬਾਰਾ ਬੰਗਾਲ ਗਿਆ ਅਤੇ ਬੰਗਾਲ ਦੇ ਇਨਕਲਾਬੀਆਂ ਦਾ ਤਾਲਮੇਲ ਪੰਜਾਬ ਦੇ ਗ਼ਦਰੀਆਂ ਨਾਲ ਬਣਾ ਕੇ ਆਇਆ।

ਇਸ ਨੇ ਪੰਜਾਬ ਦੇ ਗ਼ਦਰੀਆਂ ਨੂੰ ਬੜਾ ਉਤਸ਼ਾਹ ਦਿੱਤਾ ਸੀ ਕਿਉਂਕਿ ਉਨ੍ਹਾਂ ਨੂੰ ਹਥਿਆਰ ਅਤੇ ਗੋਲੀ ਸਿੱਕਾ ਬੰਗਾਲ ਰਾਹੀਂ ਪ੍ਰਾਪਤ ਹੋਣਾ ਸੀ। ਇਸ ਦਾ ਇੰਤਜ਼ਾਮ ਸਨਫਰਾਂਸਿਸਕੋ ਤੋਂ ਰਾਮ ਚੰਦਰ ਨੇ ਕਰਨਾ ਸੀ ਅਤੇ ਹਥਿਆਰ ਗੁਪਤ ਜਹਾਜ਼ ਰਾਹੀਂ

ਬੰਗਾਲ ਦੇ ਸੁੰਦਰ ਬਨ ਡੈਲਟੇ 'ਤੇ ਚੋਰੀਂ ਉਤਾਰੇ ਜਾਣੇ ਸਨ।

ਕਰਤਾਰ ਸਿੰਘ ਸਰਾਭਾ ਇਨਕਲਾਬੀ ਡੀਟੈਚਮੈਂਟਾਂ ਨੂੰ ਸਾਵਧਾਨ ਕਰਨ ਲਈ ਸਾਰੇ ਪੰਜਾਬ ਵਿਚ ਘੁੰਮਿਆ। ਬੰਤਾ ਸਿੰਘ ਸੰਘਵਾਲ, ਜਿਹੜਾ 1913 ਵਿਚ ਅਮਰੀਕਾ ਤੋਂ ਹਿੰਦੋਸਤਾਨ ਆਇਆ ਸੀ, ਜਲੰਧਰ, ਕਪੂਰਥਲਾ ਤੇ ਹੁਸ਼ਿਆਰਪੁਰ ਵਿਚ ਕਮਾਂਡ ਕਰ ਰਿਹਾ ਸੀ। ਇਸ ਇਲਾਕੇ ਵਿਚ ਪਿਆਰਾ ਸਿੰਘ ਲੰਗੇਰੀ, ਬੀਬੀ ਗੁਲਾਬ ਕੌਰ ਅਤੇ ਬਾਅਦ ਵਿਚ ਆਏ ਬਾਬਾ ਹਰਨਾਮ ਸਿੰਘ ਟੁੰਡੀਲਾਟ ਤੇ ਡਾਕਟਰ ਅਰੂੜ ਸਿੰਘ ਨੇ ਗ਼ਦਰੀ ਡੀਟੈਚਮੈਂਟਾਂ ਖੜ੍ਹੀਆਂ ਕੀਤੀਆਂ ਸਨ। ਉਹ ਗੁਪਤ ਮੀਟਿੰਗਾਂ ਕਰਦੇ ਅਤੇ ਗ਼ਦਰ ਦਾ ਲਿਟਰੇਚਰ ਵੰਡਦੇ ਸਨ। ਇਹ ਕੰਮ ਰਾਤਾਂ ਨੂੰ ਕੀਤਾ ਜਾਂਦਾ ਸੀ।

ਇਕ ਰਾਤ ਜਦੋਂ ਮੁਕਾਮੀ ਡੀਟੈਚਮੈਂਟ ਦੀ ਮੀਟਿੰਗ ਸੰਘਵਾਲ ਦੇ ਇਕ ਚੁਬਾਰੇ ਵਿਚ ਹੋ ਰਹੀ ਸੀ ਤਾਂ ਪੁਲਸ ਨੂੰ ਖ਼ਬਰ ਹੋ ਗਈ ਜਲੰਧਰ ਛਾਉਣੀ ਤੋਂ ਸਪੈਸ਼ਲ ਪੁਲਸ ਫੋਰਸ ਹਥਿਆਰਬੰਦ ਹੋ ਕੇ ਛਾਪਾ ਮਾਰਨ ਲਈ ਤੁਰ ਪਈ ਅਤੇ ਪੁਲਸ ਅਫਸਰ ਰਾਏ ਸਾਹਿਬ ਚੋਢਾ ਨੂੰ ਨਾਲ ਲੈਣ ਲਈ ਅਲਾਵਲਪੁਰ ਗਏ। ਉਨ੍ਹਾਂ ਨੇ ਰਾਏ ਸਾਹਿਬ ਨੂੰ ਜਦੋਂ ਨਾਲ ਜਾਣ ਦਾ ਮਕਸਦ ਦੱਸਿਆ ਤਾਂ ਨਾਲ ਪਏ ਉਸ ਦੇ ਪੁੱਤਰ ਭਗਤ ਰਾਮ ਚੋਢਾ ਨੇ ਸੁਣ ਲਿਆ ਸੀ। ਉਹ ਗ਼ਦਰੀਆਂ ਦਾ ਉਪਾਸ਼ਕ ਸੀ। ਉਸ ਨੇ ਨਾਲ ਖੜ੍ਹੀ ਘੋੜੀ ਨੂੰ ਖੱਬੀ ਲਾਈ ਅਤੇ ਜਾ ਕੇ ਮੀਟਿੰਗ ਕਰ ਰਹੇ ਗ਼ਦਰੀਆਂ ਨੂੰ ਖ਼ਬਰਦਾਰ ਕਰ ਦਿੱਤਾ ਸੀ। ਗ਼ਦਰੀ ਤਾਂ ਛਾਲਾਂ ਮਾਰਕੇ ਫਰਾਰ ਹੋ ਗਏ ਸਨ ਪਰ ਕੁਝ ਲਿਟਰੇਚਰ ਅਤੇ ਹਥਿਆਰ ਕਾਹਲੀ ਵਿਚ ਪਿੱਛੇ ਛੱਡ ਗਏ ਸਨ। ਮੀਟਿੰਗ ਵਿਚ ਬੀਬੀ ਗੁਲਾਬ ਕੌਰ ਵੀ ਹਾਜ਼ਰ ਸੀ। ਉਸਨੇ ਪਿੱਛੇ ਰਹਿ ਗਿਆ ਸਾਰਾ ਸਮਾਨ ਟੋਕਰੀ ਵਿਚ ਪਾ ਲਿਆ ਅਤੇ ਘੱਗਰਾ ਪਾ ਕੇ ਘੁੰਢ ਕੱਢੀ ਖੂਹ ਦੇ ਰਾਹ ਪੈ ਗਈ। ਪੁਲਸ ਉਸ ਦੇ ਕੋਲੋਂ ਦੀ ਲੰਘੀ ਗਈ। ਪੁਲਸ ਦੇ ਕੁਝ ਵੀ ਹੱਥ ਨਾ ਲੱਗਾ। ਇਸ ਉਤੇ ਪੁਲਸ ਨੂੰ ਭਗਤ ਰਾਮ ਚੋਢੇ 'ਤੇ ਸ਼ੱਕ ਪੈ ਗਿਆ ਸੀ। ਜਿਸ ਕਰਕੇ ਉਸਨੂੰ ਬਾਅਦ ਵਿਚ ਅਲਾਵਲਪੁਰ ਪਿੰਡ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਸੀ।

ਲਾਹੌਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਭਕਨਾ, ਕਸੇਲ, ਦਦੇਹਰ, ਸਰਹਾਲੀ ਕੈਰੋਂ, ਝਾੜ ਸਾਹਿਬ, ਗਿੱਲਵਾਲੀ, ਪੱਟੀ ਤੇ ਸੁਰਸਿੰਘ ਗ਼ਦਰੀਆਂ ਦੇ ਖਾਸ ਕੇਂਦਰ ਸੀ। ਸੁਰਸਿੰਘ ਪਿੰਡ ਨੇ ਗ਼ਦਰੀ ਲਹਿਰ ਨੂੰ ਇਕ ਦਰਜਨ ਤੋਂ ਵੱਧ ਆਗੂ ਦਿੱਤੇ ਸਨ। ਇਨ੍ਹਾਂ ਆਗੂਆਂ ਵਿਚ ਪ੍ਰੇਮ ਸਿੰਘ ਅਤੇ ਜਗਤ ਸਿੰਘ ਸਿਰਕੱਢ ਸਨ। ਇਨ੍ਹਾਂ ਨੇ ਕਿਸਾਨਾਂ ਨੂੰ ਮਾਲੀਆ ਅਤੇ ਦੂਜੇ ਟੈਕਸ ਨਾ ਤਾਰਨ ਲਈ ਤਿਆਰ ਕਰ ਲਿਆ ਸੀ। ਜਿਸ ਕਰਕੇ Joint responsibility (ਸਾਂਝੀ ਜ਼ਿੰਮੇਦਾਰੀ) ਦੇ ਰੂਲਾਂ ਮੁਤਾਬਕ ਪਿੰਡ ਦੇ ਜੈਲਦਾਰ ਅਤੇ ਨੰਬਰਦਾਰ ਨੂੰ ਸਾਰਾ ਮਾਲੀਆ ਕਰਜ਼ਾ ਚੁੱਕ ਕੇ ਖਜ਼ਾਨੇ ਵਿਚ ਜਮ੍ਹਾ ਕਰਾਉਣਾ ਪਿਆ ਸੀ। ਇਸ ਇਲਾਕੇ ਵਿਚ ਗ਼ਦਰੀਆਂ ਦੇ ਪੈਰ ਲੱਗ ਗਏ ਸਨ।

ਲੁਧਿਆਣਾ ਅਤੇ ਫਿਰੋਜ਼ਪੁਰ ਵਿਚ ਵਿਦਿਆਰਥੀਆਂ ਤੋਂ ਬਿਨਾਂ ਭਾਈ ਰਣਧੀਰ ਸਿੰਘ ਨਾਰੰਗਵਾਲ ਦਾ ਸਾਰਾ ਜੱਥਾ ਗ਼ਦਰੀਆਂ ਵਿਚ ਸ਼ਾਮਲ ਹੋ ਗਿਆ ਸੀ। ਭਗਤ

ਸਿੰਘ ਕੱਚਰ ਭਾਨ, ਸੱਜਣ ਸਿੰਘ, ਗੁਰਮੁਖ ਸਿੰਘ, ਅਰੂੜ ਸਿੰਘ, ਰਹਿਮਤ ਅਲੀ ਤੇ ਕਾਂਸ਼ੀ ਰਾਮ ਸਰਗਰਮੀ ਨਾਲ ਕੰਮ ਕਰ ਰਹੇ ਸਨ।

ਫੌਜ ਵਿਚ ਕੰਮ

ਗ਼ਦਰੀਆਂ ਨੇ ਆਪਣੀ ਪਾਰਟੀ ਦਾ ਨਾਂ 1857 ਦੇ ਗ਼ਦਰ ਤੋਂ ਹੀ ਪ੍ਰਭਾਵਿਤ ਹੋ ਕੇ ਰੱਖਿਆ ਸੀ। ਇਸ ਗ਼ਦਰ ਵਿਚ ਅੰਗਰੇਜ਼ੀ ਪਲਟਨਾਂ ਦੇ ਹਿੰਦੋਸਤਾਨੀ ਫੌਜੀਆਂ ਨੇ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਬਗ਼ਾਵਤ ਦਾ ਝੰਡਾ ਬੁਲੰਦ ਕੀਤਾ ਸੀ। ਇਹ ਗ਼ਦਰ ਭਾਵੇਂ ਕਾਮਯਾਬ ਨਾ ਹੋਇਆ ਪਰ ਹਿੰਦੋਸਤਾਨ ਦੇ ਦਿਲਾਂ 'ਤੇ ਡੂੰਘੀ ਛਾਪ ਛੱਡ ਗਿਆ। ਭਾਰਤੀ ਫੌਜੀਆਂ ਵੱਲੋਂ ਮੁਲਕ ਦੀ ਅਜ਼ਾਦੀ ਲਈ ਕੀਤੀਆਂ ਕੁਰਬਾਨੀਆਂ 'ਤੇ ਗ਼ਦਰੀ ਬਹੁਤ ਮਾਣ ਕਰਦੇ ਸਨ। ਗ਼ਦਰੀ ਉਨ੍ਹਾਂ ਨੂੰ ਹੀਰੋ ਸਮਝਦੇ ਸਨ ਅਤੇ ਗ਼ਦਰ ਦੀ ਗੂੰਜ ਵਿਚ ਉਨ੍ਹਾਂ ਉਤੇ ਗੀਤ ਵੀ ਲਿਖੇ ਗਏ ਸਨ।

ਗ਼ਦਰੀਆਂ ਨੇ ਭਾਵੇਂ ਹਿੰਦ ਦੇ ਲੋਕਾਂ ਨੂੰ ਵੀ ਜਗਾਉਣ ਦੀ ਕੋਸ਼ਿਸ਼ ਕੀਤੀ ਪਰ ਮੁਖ ਕੰਮ ਫੌਜਾਂ ਵਿਚ ਬਗ਼ਾਵਤ ਕਰਾਉਣ ਦਾ ਹੀ ਰੱਖਿਆ ਸੀ। ਉਹ 1914 ਦੀ ਜੰਗ ਦਾ ਲਾਭ ਲੈਣਾ ਚਾਹੁੰਦੇ ਸਨ, ਜਿਸ ਕਰਕੇ ਜਲਦੀ ਵਿਚ ਸਨ। ਇਸ ਦਾ ਵੇਰਵਾ ਹੋਮ ਪੁਲੀਟੀਕਲ ਪ੍ਰੋਸੀਡਿੰਗ ਸਤੰਬਰ 1918, ਨੰਬਰ 55-57 ਵਿਚ ਇਸ ਪ੍ਰਕਾਰ ਕਰ ਦਿੱਤਾ ਗਿਆ ਹੈ:

1. ਹਾਂਗਕਾਂਗ ਵਿਚ ਉਨ੍ਹਾਂ 56 ਨੰਬਰ ਪੰਜਾਬੀ ਪਲਟਣ ਵਿਚ ਆਪਣਾ ਬਾਗ਼ੀ ਗਰੁੱਪ ਕਾਇਮ ਕਰ ਲਿਆ ਸੀ।
2. ਸ਼ੰਘਾਈ ਦੀ ਮਿਊਂਸਪਲ ਪੰਜਾਬੀ ਪੁਲਿਸ ਵਿਚ ਬਾਬਾ ਗੁੱਜਰ ਸਿੰਘ ਭਕਨਾ ਦੀ ਅਗਵਾਈ ਵਿਚ ਇਕ ਮਜ਼ਬੂਤ ਇਨਕਲਾਬੀ ਫੌਜੀ ਸੈੱਲ ਬਣਾ ਲਿਆ ਗਿਆ ਸੀ, ਜਿਸ ਨੇ ਜੰਗ ਵਿਚ ਹੀ ਨਹੀਂ, ਮਗਰੋਂ ਜਾ ਕੇ ਚੀਨ ਦੀ ਅਜ਼ਾਦੀ ਤਕ ਆਪਣਾ ਭਰਪੂਰ ਰੋਲ ਅਦਾ ਕੀਤਾ ਤੇ ਕੁਰਬਾਨੀਆਂ ਦਿੱਤੀਆਂ ਸਨ।
3. ਫਿਰੋਜ਼ਪੁਰ ਛਾਉਣੀ ਵਿਚ ਹਾਂਗਕਾਂਗ ਤੋਂ ਵਾਪਸ ਆਏ ਪੰਜਾਬੀ ਪਲਟਣ ਦੇ ਫੌਜੀਆਂ ਨੇ ਬਗ਼ਾਵਤ ਦੀ ਤਿਆਰੀ ਕੀਤੀ।
4. ਅੰਬਾਲਾ ਛਾਉਣੀ ਵਿਚ ਹੁਡਸਨ ਹੌਰਸ ਦੇ ਨੌਵੇਂ ਰਸਾਲੇ ਦੇ ਸਿਪਾਹੀਆਂ ਨੇ ਬਗ਼ਾਵਤ ਵਿਚ ਸ਼ਾਮਲ ਹੋਣ ਦੀ ਰਜ਼ਾਮੰਦੀ ਦਿੱਤੀ।
5. ਮੇਰਠ ਛਾਉਣੀ ਦੀ 12ਵੀਂ ਕਵੈਲਰੀ ਤੇ 128 ਪਾਇਨੀਅਰ ਦੇ ਜਵਾਨ ਬਗ਼ਾਵਤ ਵਿਚ ਸ਼ਾਮਲ ਹੋਣ ਲਈ ਤਿਆਰ ਸਨ। ਗ਼ਦਰ ਲਹਿਰ ਦੇ ਫੇਲ੍ਹ ਹੋਣ ਨਾਲ ਇਸ ਦੇ 4 ਫੌਜੀ ਲੀਡਰਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ।
6. ਸਰਗੋਧਾ ਦੀ 22ਵੀਂ ਕਵੈਲਰੀ ਅੰਦਰ ਵੀ ਬਗ਼ਾਵਤ ਵਿਚ ਸ਼ਾਮਲ ਹੋਣ ਦਾ ਪ੍ਰਚਾਰ ਹੋਇਆ ਸੀ।
7. ਲਾਹੌਰ 23ਵੇਂ ਰਸਾਲੇ ਦੇ ਜਵਾਨਾਂ ਨੇ ਸਭ ਤੋਂ ਪਹਿਲਾਂ ਬਗ਼ਾਵਤ ਕਰਨੀ ਸੀ

ਅਤੇ ਲਾਹੌਰ ਗਵਰਨਰ ਦੀ ਕੋਠੀ 'ਤੇ ਕੌਮੀ ਝੰਡਾ ਲਹਿਰਾਉਣਾ ਸੀ। ਗ਼ਦਰ ਫੇਲ੍ਹ ਹੋ ਜਾਣ 'ਤੇ ਇਨ੍ਹਾਂ ਵਿਚੋਂ 12 ਨੂੰ ਮੌਤ ਦੀ ਸਜ਼ਾ ਸੁਣਾ ਕੇ ਫਾਂਸੀ ਦੇ ਦਿੱਤੀ ਗਈ ਸੀ ਅਤੇ ਬਾਕੀਆਂ ਨੂੰ ਉਮਰ ਕੈਦ ਕਰ ਕੇ ਕਾਲੇ ਪਾਣੀ ਭੇਜ ਦਿੱਤਾ ਗਿਆ ਸੀ।

8. ਫੈਜ਼ਾਬਾਦ, ਬਨਾਰਸ, ਕਾਨਪੁਰ, ਅਲਾਹਬਾਦ ਤੇ ਆਗਰਾ ਦੀਆਂ ਛਾਉਣੀਆਂ ਵਿਚ ਗ਼ਦਰੀਆਂ ਨੇ ਆਪਣੇ ਤੁਅੱਲਕਾਤ ਪੈਦਾ ਕਰ ਲਏ ਸਨ।

9. ਪਿਸ਼ਾਵਰ, ਬੰਨੂ, ਕੁਹਾਟ, ਨੌਸ਼ਹਿਰਾ ਆਦਿ ਛਾਉਣੀਆਂ ਵਿਚ ਗ਼ਦਰੀ ਘੁਸਣ ਵਿਚ ਕਾਮਯਾਬ ਹੋ ਗਏ ਸਨ।

10. ਸਿੰਘਾਪੁਰ ਵਿਚ ਬਲੋਚ ਰੈਜਮੈਂਟ ਨੇ ਬਗ਼ਾਵਤ ਕਰ ਕੇ ਸਿੰਘਾਪੁਰ 'ਤੇ ਕਬਜ਼ਾ ਕਰ ਲਿਆ ਸੀ। ਗ਼ਦਰ ਪਾਰਟੀ ਦੇ ਲੀਡਰਾਂ ਦਾ ਇਸ ਵਿਚ ਪੂਰਾ ਹੱਥ ਸੀ।

11. ਬਰਮਾ ਦੀ ਮਿਲਟਰੀ ਪੁਲਸ ਤੇ ਮਹਿਮਦ ਸਰਹੱਦੀ ਫੌਜ ਵਿਚ ਬਗ਼ਾਵਤਾਂ ਗ਼ਦਰੀਆਂ ਕਾਰਣ ਹੀ ਹੋਈਆਂ ਸਨ।

ਗ਼ਦਰ ਦੀ ਗੂੰਜ ਦੀਆਂ ਕਵਿਤਾਵਾਂ ਅਤੇ ਗ਼ਦਰ ਅਖ਼ਬਾਰ ਵਿਚ ਛਾਪੇ ਜਾਂਦੇ ਅੰਕੜੇ ਫੌਜੀਆਂ ਵਿਚ ਪ੍ਰਚਾਰੇ ਜਾਂਦੇ ਸਨ। ਉਨ੍ਹਾਂ ਨੂੰ ਅਹਿਸਾਸ ਕਰਾਇਆ ਜਾਂਦਾ ਸੀ ਕਿ ਉਹ ਦੂਜੇ ਦੇਸ਼ਾਂ ਨੂੰ ਗੁਲਾਮ ਬਣਾਉਣ ਲਈ ਦੇਸ-ਪ੍ਰਦੇਸ਼ ਜਾ ਕੇ ਅੰਗਰੇਜ਼ਾਂ ਲਈ ਲੜਦੇ ਹਨ, ਜਦੋਂ ਕਿ ਉਨ੍ਹਾਂ ਨੂੰ ਆਪਣਾ ਮੁਲਕ ਅਜ਼ਾਦ ਕਰਾ ਕੇ ਖੁਦ ਮਾਲਕ ਬਣਨਾ ਚਾਹੀਦਾ ਹੈ। ਫੌਜੀਆਂ ਨੂੰ ਆਪਣੀ ਤਾਕਤ ਦਾ ਅਹਿਸਾਸ ਕਰਾਇਆ ਜਾਂਦਾ ਅਤੇ ਬਗ਼ਾਵਤ ਲਈ ਪ੍ਰੇਰਿਆ ਜਾਂਦਾ ਸੀ। ਉਨ੍ਹਾਂ ਦੀ ਦੁਰਦਸ਼ਾ ਅਤੇ ਨਗੂਣੀ ਤਨਖਾਹ ਤੋਂ ਫੌਜੀਆਂ ਨੂੰ ਸੁਚੇਤ ਕੀਤਾ ਜਾਂਦਾ ਸੀ। ਇਸ ਨਾਲ ਗ਼ਦਰੀਆਂ ਨੇ ਫੌਜੀਆਂ ਦੇ ਮਨਾਂ 'ਤੇ ਪਕੜ ਬਿਠਾ ਲਈ ਸੀ।

1914 ਦੀ ਨਵੰਬਰ ਵਿਚ ਗ਼ਦਰੀ ਹਾਈ ਕਮਾਂਡ ਨੇ ਨਨਕਾਣਾ ਸਾਹਿਬ ਅਤੇ ਖਾਸੇ ਵਿਚ ਇਕੱਠੇ ਹੋ ਕੇ ਬਗ਼ਾਵਤ ਕਰਨ ਦੀ ਯੋਜਨਾ ਨੂੰ ਆਖਰੀ ਸ਼ਕਲ ਦਿੱਤੀ ਸੀ। ਲਾਹੌਰ ਛਾਉਣੀ ਅਤੇ ਫਿਰੋਜ਼ਪੁਰ ਛਾਉਣੀ 'ਤੇ ਹੱਲੇ ਕਰਨ ਦੀ ਤਾਰੀਖ਼ 26 ਨਵੰਬਰ 1914 ਮਿੱਥ ਲਈ ਗਈ। ਬਾਬਾ ਨਿਧਾਨ ਸਿੰਘ ਚੁੱਘਾ ਫਿਰੋਜ਼ਪੁਰ ਛਾਉਣੀ 'ਤੇ ਧਾਵਾ ਕਰਨ ਵਾਲੀਆਂ ਡੀਟੈਚਮੈਂਟਾਂ ਦਾ ਆਗੂ ਸੀ।

ਲਾਹੌਰ ਗ਼ਦਰੀ ਡੀਟੈਚਮੈਂਟ ਦਾ ਇਕੱਠ ਝਾੜ ਸਾਹਿਬ ਗੁਰਦੁਆਰੇ ਵਿਚ ਕੀਤਾ ਗਿਆ, ਜਿਸ ਵਿਚ 23ਵੇਂ ਰਸਾਲੇ ਦੇ ਆਗੂਆਂ ਨੇ ਹਿੱਸਾ ਲੈਣਾ ਸੀ। ਬਦਕਿਸਮਤੀ ਨਾਲ ਇਹ ਆਗੂ ਉਸ ਦਿਨ ਝਾੜ ਸਾਹਿਬ ਵਿਚ ਪਹੁੰਚ ਨਾ ਸਕੇ ਅਤੇ ਬਗ਼ਾਵਤ ਦਾ ਤਰੀਕ ਅਗੇ ਪਾ ਕੇ 30 ਨਵੰਬਰ 1914 ਰੱਖੀ ਗਈ ਸੀ, ਇਸ ਦੀ ਇਤਲਾਹ ਫਿਰੋਜ਼ਪੁਰ ਵੀ ਪਹੁੰਚਾ ਦਿੱਤੀ ਗਈ ਸੀ। ਡੀਟੈਚਮੈਂਟਾਂ ਨੂੰ ਇਹ ਵੀ ਖੁਸ਼ਖ਼ਬਰੀ ਦਿੱਤੀ ਕਿ ਫਿਰੋਜ਼ਪੁਰ ਛਾਉਣੀ ਦੀ ਪਠਾਣ ਰੈਜਮੈਂਟ ਗ਼ਦਰੀਆਂ ਨੂੰ ਹਥਿਆਰ ਦੇਣਾ ਮੰਨ ਗਈ ਹੈ।

ਫੇਰੂ ਸ਼ਹਿਰ ਦਾ ਸਾਕਾ

ਡੀਟੈਚਮੈਂਟਾਂ ਦੇ ਵਾਪਸ ਜਾਣ ਦਾ ਐਲਾਨ ਸ਼ਾਮ ਨੂੰ ਹੋਇਆ ਜਦੋਂ ਲੁਧਿਆਣਾ ਜਾਣ ਵਾਲੀਆਂ ਗੱਡੀਆਂ ਲੰਘ ਚੁੱਕੀਆਂ ਸਨ। 22 ਗ਼ਦਰੀ ਟਾਂਗੇ ਕਰ ਕੇ ਮੋਗੇ ਵੱਲ ਚੱਲ ਪਏ। ਉਹ ਅਜੇ ਫੇਰੂ ਸ਼ਹਿਰ ਹੀ ਪਹੁੰਚੇ ਸਨ ਕਿ ਇਕ ਥਾਣੇਦਾਰ ਅਤੇ ਜ਼ੈਲਦਾਰ ਜੁਆਲਾ ਸਿੰਘ ਦੇ ਨਜ਼ਰੀਂ ਪੈ ਗਏ। ਜ਼ੈਲਦਾਰ ਨੇ ਥਾਣੇਦਾਰ ਨੂੰ ਕਿਹਾ ਕਿ ਇਹ ਬੰਦੇ ਕੁਝ ਸ਼ੱਕੀ ਮਾਲੂਮ ਹੁੰਦੇ ਹਨ। ਉਸ ਨੇ ਏ.ਐਸ.ਆਈ. ਬਸ਼ਾਰਤ ਅਲੀ ਨੂੰ ਟਾਂਗੇ ਰੁਕਾਉਣ ਲਈ ਇਸ਼ਾਰਾ ਕੀਤਾ। ਬਸ਼ਾਰਤ ਅਲੀ ਨੇ ਅੱਗੇ ਹੋ ਕੇ ਟਾਂਗੇ ਖੜ੍ਹੇ ਕਰਨ ਦਾ ਹੁਕਮ ਦਿੱਤਾ। ਬਸ਼ਾਰਤ ਅਲੀ ਨੇ ਪੈਂਦੇ ਹੀ ਰਹਿਮਤ ਅਲੀ ਨੂੰ ਗਾਲ੍ਹ ਕੱਢੀ ਅਤੇ ਥੱਪੜ ਮਾਰ ਦਿੱਤਾ। ਭਗਤ ਸਿੰਘ ਉਰਫ ਗਾਂਧਾ ਸਿੰਘ ਕੱਚਰ ਭਾਨ ਨੇ ਗੁੱਸੇ ਵਿਚ ਆ ਕੇ ਬਸ਼ਾਰਤ ਅਲੀ ਥਾਣੇਦਾਰ ਨੂੰ ਪਿਸਤੌਲ ਦੀ ਗੋਲੀ ਨਾਲ ਚਿਤ ਕਰ ਦਿੱਤਾ ਅਤੇ ਦੂਜੀ ਗੋਲੀ ਜ਼ੈਲਦਾਰ ਜੁਆਲਾ ਸਿੰਘ ਨੂੰ ਮਾਰੀ ਅਤੇ ਉਹ ਵੀ ਥਾਂ 'ਤੇ ਹੀ ਮਰ ਗਿਆ। ਲੋਕਾਂ ਵਿਚ ਭਗਦੜ ਮਚ ਗਈ। ਕੱਚਰ ਭਾਨ ਅਤੇ ਕਈ ਹੋਰ ਗ਼ਦਰੀ ਲੋਕਾਂ ਦੀ ਭੀੜ ਵਿਚ ਭੱਜਣ ਵਿਚ ਕਾਮਯਾਬ ਹੋ ਗਏ ਸਨ। ਇਨ੍ਹਾਂ ਵਿਚੋਂ ਨੌਂ ਗ਼ਦਰੀ ਨਹਿਰ ਦੀਆਂ ਝਾੜੀਆਂ ਵੱਲ ਚਲੇ ਗਏ ਸੀ। ਏਨੇ ਨੂੰ ਥਾਣੇ ਵਿਚੋਂ ਪੁਲਸ ਦੀ ਕੁਮੁਕ ਆ ਗਈ ਜਿਹੜੀ ਕਿ ਨੇੜੇ ਹੀ ਸੀ। ਪੁਲਸ ਕੋਲ ਦੂਰਮਾਰ ਬੰਦੂਕਾਂ ਸਨ ਅਤੇ ਨੌਂ ਗ਼ਦਰੀਆਂ ਕੋਲ ਸਿਰਫ਼ ਦੋ ਰਿਵਾਲਰਵਰ ਸਨ ਜਿਸ ਨਾਲ ਉਹ ਲੰਬੀ ਦੇਰ ਪੁਲਸ ਦਾ ਮੁਕਾਬਲਾ ਕਰਦੇ ਰਹੇ। ਪੁਲਸ ਨੇ ਘੇਰਾ ਪਾ ਕੇ ਝਾੜੀਆਂ ਦੌਰਾਨ ਦੋ ਗ਼ਦਰੀ ਚੰਦਾ ਸਿੰਘ ਵੜੈਚ ਤੇ ਧਿਆਨ ਸਿੰਘ ਬੰਗਸੀਪੁਰ ਸ਼ਹੀਦ ਹੋ ਗਏ ਸਨ। ਬਾਕੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਗ੍ਰਿਫਤਾਰ ਹੋਣ ਵਾਲਿਆਂ ਵਿਚ ਗ਼ਦਰ ਪਾਰਟੀ ਦੇ ਖਜ਼ਾਨਚੀ ਪੰਡਤ ਕਾਂਸ਼ੀ ਰਾਮ ਮੜੌਲੀ ਵੀ ਸ਼ਾਮਿਲ ਸੀ। ਬਾਕੀ ਸਨ ਰਹਿਮਤ ਅਲੀ, ਜੀਵਨ ਸਿੰਘ ਦੌਲੇਸਿੰਘ ਵਾਲਾ, ਲਾਲ ਸਿੰਘ ਸਾਹਿਬਆਣਾ ਜਗਤ ਸਿੰਘ ਬਿੰਜਲ, ਬਖਸ਼ੀਸ਼ ਸਿੰਘ ਤੇ ਧਿਆਨ ਸਿੰਘ ਉਮਰਪੁਰਾ। ਇਨ੍ਹਾਂ ਸੱਤਾਂ ਉਤੇ ਸ਼ੈਸ਼ਨ ਜੱਜ ਫਿਰੋਜ਼ਪੁਰ ਦੀ ਅਦਾਲਤ ਵਿਚ ਮੁੱਕਦਮਾ ਚੱਲਿਆ ਅਤੇ ਸਭ ਨੂੰ ਫਾਂਸੀ ਦੀ ਸਜ਼ਾ ਹੋਈ। ਪੰਡਤ ਕਾਂਸ਼ੀ ਰਾਮ ਮੜੌਲੀ ਨੂੰ 13 ਫਰਵਰੀ 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਲਾਇਆ ਗਿਆ ਸੀ। ਉਸ ਦੇ ਬਾਕੀ ਸਾਥੀਆਂ ਨੂੰ 25 ਮਾਰਚ 1915 ਨੂੰ ਸਾਹੀਵਾਲ ਮਿੰਟਗੁਰਮੀ ਜੇਲ੍ਹ ਵਿਚ ਫਾਂਸੀ ਲਾਇਆ ਗਿਆ ਸੀ। ਇਨ੍ਹਾਂ ਫਾਂਸੀਆਂ ਬਾਰੇ ਕਿਸੇ ਨੂੰ ਖ਼ਬਰ ਨਾ ਹੋਣ ਦਿੱਤੀ ਗਈ। ਜੇਲ੍ਹ ਵਾਲਿਆਂ ਨੇ ਜੇਲ੍ਹ ਵਿਚ ਹੀ ਫੂਕੇ ਅਤੇ ਦੱਬ ਦਿੱਤੇ ਸਨ। ਉਸ ਦੋਂ ਬਾਅਦ ਉਨ੍ਹਾਂ ਦੇ ਘਰੀਂ ਚਿੱਠੀਆਂ ਪਾ ਦਿੱਤੀਆਂ ਕਿ ਆ ਕੇ ਆਖਰੀ ਮੁਲਾਕਾਤ ਕਰ ਜਾਓ। ਅਤੇ ਸ਼ਹੀਦਾਂ ਦੇ ਕੱਪੜੇ ਲੱਤੇ ਘਰ ਵਾਲਿਆਂ ਦੇ ਹਵਾਲੇ ਕਰ ਦਿੱਤੇ ਸਨ। ਹਕੂਮਤ ਦੀ ਇਸ ਕਾਰਵਾਈ ਨੇ ਬਾਹਰ ਬੈਠੇ ਗ਼ਦਰੀਆਂ ਵਿਚ ਕਹਿਰ ਦਾ ਗੁੱਸਾ ਭਰ ਦਿੱਤਾ ਸੀ। ਧਾਵੇ ਦੀ ਤਾਰੀਖ ਦੀ ਬਦਲੀ ਫਿਰੋਜ਼ਪੁਰ ਦੇ ਗ਼ਦਰੀਆਂ ਨੂੰ ਬੜੀ ਮਹਿੰਗੀ ਪਈ।

ਕਰਤਾਰ ਸਿੰਘ ਸਰਾਭਾ ਨੂੰ ਸ਼ਹੀਦਾਂ ਦੇ ਘਰਾਂ ਵਿਚ ਜਾ ਕੇ ਉਨ੍ਹਾਂ ਦੀਆਂ ਫੋਟੋਆਂ ਇਕੱਠੀਆਂ ਕੀਤੀਆਂ ਜਿਹੜੀਆਂ ਮਿਲ ਸਕੀਆਂ। ਉਹ ਫੋਟੋਆਂ ਅਤੇ ਜ਼ਿੰਦਗੀ ਬਾਰੇ ਲਿਖ ਕੇ ਸਾਨਫਰਾਂਸਿਸਕੋ ਦੇ ਗ਼ਦਰ ਆਸ਼ਰਮ ਨੂੰ ਭੇਜੀਆਂ ਜੋ ਗ਼ਦਰ ਅਖ਼ਬਾਰ ਵਿਚ ਛਾਪੀਆਂ ਗਈਆਂ ਸਨ।

ਲਗਦਾ ਹੈ ਕਿ ਬਗ਼ਾਵਤ ਦੀ ਤਾਰੀਖ ਸਚਿੰਦਰ ਨਾਥ ਸਾਨਿਆਲ ਜਾਂ ਭਾਈ ਪਰਮਾਨੰਦ ਦੇ ਕਹਿਣ 'ਤੇ ਬਦਲੀ ਗਈ ਸੀ। ਸਚਿੰਦਰ ਨਾਥ ਸਨਿਆਲ ਬੰਗਾਲ ਅਤੇ ਪੰਜਾਬ ਦੇ ਗ਼ਦਰੀਆਂ ਵਿਚਕਾਰ ਲਾਇਜਾਂ ਅਫ਼ਸਰ ਦਾ ਕੰਮ ਕਰਦੇ ਸਨ। ਸਰਕਾਰੀ ਲਿਖਤਾਂ ਅਨੁਸਾਰ ਭਾਈ ਪਰਮਾਨੰਦ ਲਾਹੌਰ ਗ਼ਦਰ ਹੈਡਕੁਆਟਰ ਸਾਨਫਰਾਂਸਿਸਕੋ ਅਤੇ ਪੰਜਾਬ ਦੇ ਗ਼ਦਰੀਆਂ ਵਿਚਾਰ ਕਮਿਊਨੀਕੇਸ਼ਨ ਦਾ ਇੰਚਾਰਜ ਸੀ। ਉਹ ਪਿੱਛੇ ਰਹਿ ਕੇ ਹਦਾਇਤਾਂ ਤਾਂ ਦਿੰਦਾ ਸੀ ਪਰ ਕਿਸੇ ਪੇਚੀਦਗੀ ਵਿਚ ਪੈਣ ਤੋਂ ਕੰਨੀ ਕਤਰਾਉਂਦਾ ਸੀ।

ਹਥਿਆਰਾਂ ਅਤੇ ਫੰਡ ਦੀ ਕਮੀ

ਬਦੇਸ਼ਾਂ ਤੋਂ ਤੁਰਨ ਲੱਗਿਆਂ ਗ਼ਦਰੀਆਂ ਨੇ ਹਥਿਆਰ ਤਾਂ ਖਰੀਦੇ ਸਨ ਪ੍ਰੰਤੂ ਸਕਿਓਰਟੀ ਦੀ ਵਜਹ ਕਰਕੇ ਸਮੁੰਦਰ ਵਿਚ ਸੁੱਟਣੇ ਪਏ ਸਨ। ਪੰਜਾਬ ਪਹੁੰਚ ਕੇ ਕੁਝ ਹਥਿਆਰ ਉਨ੍ਹਾਂ ਨੇ ਹਾਸਲ ਕਰ ਲਏ ਸਨ ਅਤੇ ਕੁਝ ਇਕ ਬੰਗਾਲ ਦੇ ਇਨਕਲਾਬੀਆਂ ਨੇ ਵੀ ਦਿੱਤੇ ਸਨ ਪਰ ਇਹ ਗ਼ਦਰੀ ਕਮਾਂਡ ਦੀ ਪੂਰੀ ਨਹੀਂ ਕਰਦੇ ਸਨ। ਹਥਿਆਰ ਖਰੀਦਣ ਲਈ ਪੰਡਤ ਜਗਤ ਰਾਮ ਰਿਹਾਣੇ ਨੂੰ ਪਿਸ਼ਾਵਰ ਭੇਜਿਆ ਗਿਆ ਤਾਂ ਕਿ ਉਹ ਅਜ਼ਾਦ ਕਬੀਲਿਆਂ ਨਾਲ ਸੰਬੰਧ ਕਾਇਮ ਕਰੇ। ਉਸਨੇ ਅਫ਼ਰੀਦੀਆਂ ਤੋਂ ਦੇਸੀ ਸਾਖਤ ਦੀਆਂ ਬੰਦੂਕਾਂ ਤੇ ਪਿਸਤੌਲ ਖਰੀਦੇ ਸਨ। ਅੰਗਰੇਜ਼ਾਂ ਨੇ ਅਜ਼ਾਦ ਕਬੀਲਿਆਂ ਵਿਚ ਅਤੇ ਪਿਸ਼ਾਵਰ ਵਿਚ ਆਪਣੇ ਜਾਸੂਸਾਂ ਦਾ ਜਾਲ ਵਿਛਾਇਆ ਹੋਇਆ ਸੀ। ਜਿਸ ਕਰਕੇ ਪੰਡਤ ਜਗਤ ਰਾਮ 23 ਨਵੰਬਰ 1914 ਨੂੰ ਪਿਸ਼ਾਵਰ ਵਿਚੋਂ ਫੜਿਆ ਗਿਆ।

ਬੰਗਾਲ ਤੋਂ ਇਕ ਬਿਲਟੀ ਚੌਕੀ ਮਾਨ ਸਟੇਸ਼ਨ 'ਤੇ ਪਹੁੰਚੀ ਸੀ। ਹਥਿਆਰਾਂ ਦੀ ਇਸ ਬਿਲਟੀ 'ਤੇ ਸ਼ੀਸ਼ੇ ਦਾ ਸਮਾਨ ਲਿਖਿਆ ਹੋਇਆ ਸੀ। ਇਹ ਡਲਿਵਰੀ ਚੰਦਾ ਸਿੰਘ ਵੜੈਚ ਅਤੇ ਧਿਆਨ ਸਿੰਘ ਨੂੰ ਮਿਲਣੀ ਸੀ ਪ੍ਰੰਤੂ ਉਹ ਫੇਰੂ ਸ਼ਹਿਰ ਦੇ ਸਾਕੇ ਵਿਚ ਸ਼ਹੀਦ ਹੋ ਚੁਕੇ ਸਨ। ਜਗਤ ਸਿੰਘ ਸੁਰਸਿੰਘ ਨੇ ਇਹ ਬਿਲਟੀ ਛੁਡਾਉਣ ਦੀ ਕੋਸ਼ਿਸ਼ ਕੀਤੀ ਸੀ। ਸ਼ੱਕ ਪੈਣ 'ਤੇ ਸਟੇਸ਼ਨ ਮਾਸਟਰ ਨੇ ਪੁਲਸ ਨੂੰ ਇਤਲਾਹ ਕਰ ਦਿੱਤੀ ਜਿਸ ਤੋਂ ਗੁੱਸੇ ਵਿਚ ਆ ਕੇ ਜਗਤ ਸਿੰਘ ਨੇ ਸਟੇਸ਼ਨ ਮਾਸਟਰ ਨੂੰ ਗੋਲੀ ਮਾਰ ਦਿੱਤੀ ਅਤੇ ਉਹ ਥਾਂ 'ਤੇ ਹੀ ਮਰ ਗਿਆ ਸੀ।

ਬੰਗਾਲ ਤੋਂ ਇਕ ਹੋਰ ਬਿਲਟੀ ਪੰਡਤ ਕਾਂਸ਼ੀ ਰਾਮ ਦੇ ਨਾਂ ਖਾਸਾ (ਅੰਮ੍ਰਿਤਸਰ) ਰੇਲਵੇ ਸਟੇਸ਼ਨ 'ਤੇ ਪਹੁੰਚਾਣੀ ਸੀ ਪਰ ਉਹ ਪਹੁੰਚੀ ਹੀ ਨਾ। ਪੰਡਤ ਕਾਂਸ਼ੀ ਰਾਮ ਫੇਰੂ

ਸ਼ਹਿਰ ਦੇ ਸਾਕੇ ਵਿਚ ਗ੍ਰਿਫਤਾਰ ਹੋ ਗਏ ਸਨ। ਪੰਡਤ ਕਾਂਸ਼ੀ ਰਾਮ ਨੂੰ ਫਾਂਸੀ ਲਗਣ ਤੋਂ ਬਾਦ ਉਨ੍ਹਾਂ ਦੇ ਨਾਂ 'ਤੇ ਇਕ ਬਿਲਟੀ ਜਪਾਨੀ ਜਹਾਜ਼ ਰਾਹੀਂ ਕਲਕੱਤੇ ਦੀ ਬੰਦਰਗਾਹ 'ਤੇ ਪਹੁੰਚੀ ਸੀ ਜਿਸ ਦੀ ਤੈਹ ਦੇ ਗੁਪਤਖਾਨੇ ਵਿਚ ਕੁਝ ਰਾਈਫਲਾਂ, ਇਕ ਮੌਜ਼ਰ ਤੇ ਗੋਲੀ ਸਿੱਕਾ ਭਰਿਆ ਹੋਇਆ ਸੀ। ਉਹ ਸਾਰਾ ਕਸਟਮ ਵਾਲਿਆਂ ਨੇ ਜ਼ਬਤ ਕਰ ਲਿਆ।

ਗ਼ਦਰੀ ਕੁਮੁਕ ਨੂੰ ਫੰਡ ਅਤੇ ਹਥਿਆਰਾਂ ਦੀ ਸਪਲਾਈ ਕਰਨਾ ਸਾਨਫਰਾਂਸਿਸਕੋ ਦੇ ਪਾਰਟੀ ਹੈਡਕੁਆਟਰ ਦਾ ਜ਼ਿੰਮਾ ਸੀ। ਕੁਝ ਜ਼ਿੰਮੇਵਾਰ ਆਗੂ ਜਿਵੇਂ ਕਿ ਬਰਕਤਉੱਲਾ, ਤਾਰਕਨਾਥ ਦਾਸ ਆਦਿ ਬਰਲਿਨ ਚਲੇ ਗਏ ਸਨ। ਭਗਵਾਨ ਸਿੰਘ, ਹਰਨਾਮ ਸਿੰਘ, ਸੋਹਣ ਲਾਲ, ਭਾਈ ਸੰਤੋਖ ਸਿੰਘ ਤੇ ਹੋਰ ਲੱਗੀ ਡਿਊਟੀ 'ਤੇ ਸਿਆਮ, ਬਰਮਾ, ਫਿਲਪੀਨ, ਸਿੰਘਾਪੁਰ ਆਦਿ ਦੇਸਾਂ ਵਿਚ ਆ ਗਏ ਸਨ। ਪਿੱਛੇ ਕੇਵਲ ਰਾਮ ਚੰਦਰ ਰਹਿ ਗਿਆ। ਫੰਡ ਅਤੇ ਹਥਿਆਰਾਂ ਦੀ ਸਪਲਾਈ ਦਾ ਸਾਰਾ ਕੰਮ ਉਸ 'ਤੇ ਆ ਪਿਆ ਸੀ। ਜਿਸ ਕਰਕੇ ਫੰਡ ਅਤੇ ਹਥਿਆਰ ਸਪਲਾਈ ਤਾਂ ਕੀ ਹੋਣੇ ਸੀ ਗ਼ਦਰੀਆਂ ਨਾਲ ਸਾਰਾ ਸੰਪਰਕ ਹੀ ਟੁੱਟ ਗਿਆ ਸੀ। ਪੰਜਾਬ ਦੇ ਗ਼ਦਰੀ ਢਿੱਡਾਂ ਤੋਂ ਭੁੱਖੇ ਅਤੇ ਹਥਿਆਰਾਂ ਤੋਂ ਖਾਲੀ ਰਹਿ ਗਏ ਸਨ। ਨਤੀਜਾ ਕੀ ਨਿਕਲਿਆ : ਮਿਰਜਾ ਬਾਝ ਭਰਾਵਾਂ ਮਾਰਿਆ।

ਪੰਜਾਬ ਦੇ ਗ਼ਦਰੀਆਂ ਅਤੇ ਬੰਗਾਲ ਦੇ ਇਨਕਲਾਬੀਆਂ ਨੇ ਇਕ ਦੂਜੇ ਨਾਲ ਤਜਰਬੇ ਸਾਂਝੇ ਕੀਤੇ ਸਨ। ਬੰਗਾਲੀਆਂ ਨੇ ਪੰਜਾਬੀਆਂ ਤੋਂ ਫੌਜਾਂ ਵਿਚ ਕੰਮ ਕਰਨਾ ਸਿੱਖਿਆ ਸੀ ਅਤੇ ਪੰਜਾਬੀਆਂ ਨੂੰ ਬੰਗਾਲੀਆਂ ਨੇ ਲੋੜ ਪੈਣ 'ਤੇ ਪੁਲੀਟੀਕਲ ਡਾਕੇ ਮਾਰਨ ਦੀ ਸਲਾਹ ਦਿੱਤੀ ਸੀ।

ਗ਼ਦਰੀਆਂ ਨੇ ਪਾਰਟੀ ਦੀ ਮਾਲੀ ਮਦਦ ਵਾਸਤੇ ਸਾਥੀਆਂ ਨੂੰ ਫੰਡ ਦੀ ਅਪੀਲ ਕੀਤੀ, ਜਿਸ 'ਤੇ ਬਾਬਾ ਵਸਾਖਾ ਸਿੰਘ ਦਦੇਹਰ ਤੇ ਵਧਾਵਾ ਸਿੰਘ ਗਿੱਲਵਾਲੀ ਨੇ ਆਪਣਾ ਸਾਰਾ ਕੁੱਝ ਹੀ ਦੇ ਦਿਤਾ ਸੀ ਤੇ ਬਾਕੀਆਂ ਨੇ ਵੀ ਹਿੱਸਾ ਪਾਇਆ ਸੀ। ਫਿਰ ਵੀ ਫੰਡ ਦੋ ਤਿੰਨ ਹਜ਼ਾਰ ਤਕ ਹੀ ਪਹੁੰਚਿਆ।

ਪੰਜਾਬ ਦੇ ਗ਼ਦਰੀਆਂ ਨੂੰ ਉਨ੍ਹਾਂ ਦੀ ਤੰਗਦਸਤੀ ਨੇ ਬੰਗਾਲੀਆਂ ਦੀ ਰਾਏ 'ਤੇ ਚੱਲਣ ਲਈ ਮਜਬੂਰ ਕਰ ਦਿੱਤਾ ਸੀ। ਗ਼ਦਰੀ ਹਾਈਕਮਾਂਡ ਦੀ ਮੀਟਿੰਗ ਲੁਧਿਆਣਾ ਜ਼ਿਲ੍ਹੇ ਵਿਚ ਕਿਤੇ ਹੋਈ ਜਿਥੇ ਪੁਲੀਟੀਕਲ ਡਾਕੇ ਮਾਰਨ ਦਾ ਮਸਲਾ ਵਿਚਾਰ ਅਧੀਨ ਆਇਆ। ਬਾਬਾ ਨਿਧਾਨ ਸਿੰਘ ਚੁੱਘਾ ਨੇ ਇਸ ਦੀ ਮੁਖ਼ਾਲਫ਼ਤ ਕੀਤੀ ਤੇ ਕਿਹਾ ਕਿ ਇਸ ਨਾਲ ਫਾਇਦਾ ਹੋਣ ਦੀ ਥਾਂ ਬਦਨਾਮੀ ਹੋਵੇਗੀ ਅਤੇ ਹਕੂਮਤ ਨੂੰ ਭੰਡੀ ਪ੍ਰਚਾਰ ਕਰਨ ਦਾ ਮੌਕਾ ਮਿਲੇਗਾ ਪਰ ਬਹੁਮਤ ਡਾਕੇ ਮਾਰਨ ਦੇ ਹੱਕ ਵਿਚ ਸੀ।

ਕਰਤਾਰ ਸਿੰਘ ਸਰਾਭਾ ਦੀ ਅਗਵਾਈ ਵਿਚ ਡਕੈਤੀਆਂ ਮਾਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ।

ਪਹਿਲੀ ਡਕੈਤੀ 23 ਫਰਵਰੀ 1915 ਨੂੰ ਸਾਹਨੇਵਾਲ ਮਾਰੀ ਗਈ ਜਿਥੋਂ ਬੜਾ ਹੀ ਘੱਟ ਮਾਲ ਹੱਥ ਲਗਾ ਸੀ। ਦੂਜੀ ਡਕੈਤੀ ਲੁਧਿਆਣਾ ਦੇ ਹੀ ਮਨਸੂਰਾਂ ਦੇ ਇਕ

ਸ਼ਾਹੂਕਾਰ ਦੇ ਘਰ ਮਾਰੀ ਗਈ ਸੀ, ਜਿਥੋਂ ਕਾਫੀ ਫੰਡ ਹੱਥ ਲਗ ਗਿਆ ਸੀ। ਇਸ ਦੀ ਕਮਾਂਡ ਕਰਤਾਰ ਸਿੰਘ ਸਰਾਭਾ ਨੇ ਆਪ ਕੀਤੀ ਸੀ। ਤੀਜੀ ਡਕੈਤੀ ਝਾਮ ਵਿਚ ਮਾਰੀ ਗਈ ਸੀ ਜਿਥੋਂ 7 ਤੋਲੇ ਸੋਨਾ, ਚਾਂਦੀ ਦੇ ਕੁਝ ਗਹਿਣੇ ਅਤੇ 1000 ਰੁਪਏ ਪ੍ਰਾਪਤ ਹੋਏ ਸਨ। ਗਿਲਵਾਨੀ ਦੇ ਮੁਕਾਮੀ ਸਾਥੀਆਂ ਦੀ ਦੱਸ 'ਤੇ ਪਿੰਡ ਚੱਬਾ ਦੇ ਇਕ ਸ਼ਾਹੂਕਾਰ ਦੇ ਘਰ ਚੌਥੀ ਡਕੈਤੀ ਮਾਰੀ ਗਈ ਸੀ। ਇਸ ਵਾਰ ਗ਼ਦਰੀ ਪੂਰੀ ਤਿਆਰੀ ਨਾਲ ਬੰਬ ਪਿਸਤੌਲਾਂ ਲੈ ਕੇ ਗਏ ਸਨ। ਉਨ੍ਹਾਂ ਨੇ ਸਟੀਲ ਦੀਆਂ ਪੇਟੀਆਂ ਅਤੇ ਜੰਦਰੇ ਤੋੜੇ। ਗਿਲਵਾਲੀ ਦੇ ਮੁਕਾਮੀ ਸਾਥੀ ਬਖਸ਼ੀਸ਼ ਸਿੰਘ ਨੇ ਜਾਂਦਿਆਂ ਹੀ ਸ਼ਾਹੂਕਾਰ ਦੀਆਂ ਬਹੀਆਂ ਤਮਸਕਾਂ ਨੂੰ ਅੱਗ ਲਾ ਦਿੱਤੀ ਸੀ। ਪਰ ਮਾਲ ਥੋੜ੍ਹਾ ਹੱਥ ਲੱਗਾ ਸੀ। ਇਸ ਡਕੈਤੀ ਵਿਚ ਗ਼ਦਰੀਆਂ ਦਾ ਭਾਰੀ ਨੁਕਸਾਨ ਹੋ ਗਿਆ ਸੀ। ਮੁਕਾਬਲੇ ਵਿਚ ਬੰਬ ਚਲ ਗਿਆ ਸੀ ਜਿਸ ਵਿਚ ਵਰਿਆਮ ਸਿੰਘ ਅਮਲੀ, ਅਤੇ ਰਾਮ ਰੱਖਾ ਸਾਹਿਬ ਸੜੋਆ (ਜ਼ਿਲ੍ਹਾ ਹੁਸ਼ਿਆਰਪੁਰ) ਮਾਰੇ ਗਏ ਸਨ ਅਤੇ ਬੀਰ ਸਿੰਘ ਬਾਹੋਵਾਲ ਜ਼ਖਮੀ ਹੋ ਗਿਆ ਸੀ। ਇਹ ਸਿਰਫ ਗ਼ਲਤ ਇਤਲਾਹ ਮਿਲਣ ਕਾਰਨ ਹੋਇਆ ਸੀ। ਪੰਜਵੀਂ ਡਕੈਤੀ ਰਾਹੋਂ ਉੱਚੀ ਵਿਚ ਮਾਰੀ ਗਈ ਸੀ ਜਿਥੋਂ 2020 ਰੁਪਏ ਨਕਦ ਅਤੇ ਕੁਝ ਗਹਿਣੇ ਮਿਲੇ ਸਨ। ਘਰ ਦੀ ਮਾਲਕਣ ਸਰਧੀ ਨੇ ਕਰਤਾਰ ਸਿੰਘ ਨੂੰ ਬੇਨਤੀ ਕੀਤੀ ਕਿ ਇਹ ਉਸ ਨੇ ਆਪਣੀ ਬੇਟੀ ਦੀ ਸ਼ਾਦੀ ਲਈ ਰੱਖੇ ਹੋਏ ਸਨ। ਕਰਤਾਰ ਸਿੰਘ ਨੇ ਗਹਿਣੇ ਅਤੇ ਨਕਦੀ ਸਰਧੀ ਨੂੰ ਵਾਪਸ ਕਰ ਦਿੱਤੀ ਸੀ। ਸਰਾਭਾ ਨੇ ਕਿਹਾ ਉਹ ਡਾਕੂ ਨਹੀਂ ਹਨ। ਸਗੋਂ ਦੇਸ਼ ਦੀ ਅਜ਼ਾਦੀ ਲਈ ਲੜਨ ਵਾਸਪੇ ਪੈਸਾ ਇਕੱਠੇ ਕਰ ਰਹੇ ਹਨ ਜੋ ਅਜ਼ਾਦੀ ਤੋਂ ਬਾਅਦ ਵਿਆਜ ਸਮੇਤ ਵਾਪਸ ਕੀਤੇ ਜਾਣਗੇ। ਇਨ੍ਹਾਂ ਡਕੈਤੀਆਂ ਵਿਚ ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਉਰਫ਼ ਗਾਂਧਾ ਸਿੰਘ ਕੱਚਰ ਭਾਨ, ਗੁਰਮੁਖ ਸਿੰਘ ਲਲਤੋਂ, ਅਰਜਨ ਸਿੰਘ ਖੁਖਰਾਣਾ, ਨਿਧਾਨ ਸਿੰਘ ਚੁੱਘਾ, ਬੰਤਾ ਸਿੰਘ ਸੰਘਵਾਲ, ਪ੍ਰੇਮ ਸਿੰਘ ਸੁਰਸਿੰਘ, ਬੀਰ ਸਿੰਘ ਬਾਹੋਵਾਲ ਅਤੇ ਰਾਮ ਰੱਖਾ ਨੇ ਹਿੱਸਾ ਲਿਆ ਸੀ।

ਇਸ ਤੋਂ ਬਾਅਦ ਜਿਥੇ ਵੀ ਡਾਕਾ ਪਿਆ ਹਕੂਮਤ ਨੇ ਗ਼ਦਰੀਆਂ ਦੇ ਸਿਰ ਮੜ੍ਹ ਦਿੱਤਾ 12 ਹੋਰ ਡਕੈਤੀਆਂ ਦੇ ਕੇਸ ਗ਼ਦਰੀਆਂ ਸਿਰ ਪਾਏ ਜਿਹੜੇ ਬਿਲਕੁਲ ਹੀ ਝੂਠੇ ਸਨ।

ਰਾਸ ਬਿਹਾਰੀ ਬੋਸ ਦੀ ਆਮਦ

ਪੰਜਾਬੀ ਗ਼ਦਰੀਆਂ ਅਤੇ ਬੰਗਾਲੀ ਇਨਕਲਾਬੀਆਂ ਦਾ ਬਕਾਇਦਾ ਤਾਲਮੇਲ ਰਿਹਾ ਸੀ। ਉਨ੍ਹਾਂ ਨੇ ਇਕ ਦੂਜੇ ਦੀਆਂ ਇਨਕਲਾਬੀ ਸਰਗਰਮੀਆਂ ਵਿਚ ਸ਼ਿਰਕਤ ਵੀ ਕੀਤੀ ਸੀ ਅਤੇ ਕੁਰਬਾਨੀਆਂ ਵੀ ਦਿੱਤੀਆਂ ਸਨ। ਪੰਜਾਬ ਵਿਚ ਸਭ ਤੋਂ ਪਹਿਲਾਂ ਆਉਣ ਵਾਲਾ ਬੰਗਾਲੀ ਆਗੂ ਸਾਨਿਆਲ ਸੀ ਅਤੇ ਉਸ ਤੋਂ ਬਾਅਦ ਚੰਦਰ ਨਗਰ ਦਾ ਵਸਨੀਕ ਰਾਸ ਬਿਹਾਰੀ ਬੋਸ ਆਇਆ।

ਕਿਹਾ ਜਾਂਦਾ ਹੈ ਕਿ 23 ਸਤੰਬਰ 1912 ਨੂੰ ਬਸੰਤ ਕੁਮਾਰ ਨੇ ਜਿਹੜਾ ਬੰਬ

ਲਾਰਡ ਹਾਰਡਿੰਗ ਦੇ ਜਲੂਸ 'ਤੇ ਸੁਟਿਆ ਸੀ, ਉਹ ਰਾਸ ਬਿਹਾਰੀ ਬੋਸ ਦਾ ਹੀ ਬਣਾਇਆ ਹੋਇਆ ਸੀ। ਬਸੰਤ ਕੁਮਾਰ ਉਸ ਦਾ ਸ਼ਗਿਰਦ ਸੀ। ਰਾਸ ਬਿਹਾਰੀ ਬੋਸ ਉਸੇ ਕੇਸ ਵਿਚ ਮਫ਼ਰੂਰ ਸੀ। 26 ਜਨਵਰੀ 1915 ਨੂੰ ਰਾਸ ਬਿਹਾਰੀ ਬੋਸ ਪੰਜਾਬ ਆ ਗਿਆ। ਉਸ ਦੇ ਆਉਣ ਤੋਂ ਬਾਅਦ ਹੀ ਰਾਜਸੀ ਡਕੈਤੀਆਂ ਦਾ ਪ੍ਰੋਗਰਾਮ ਬਣਾਇਆ ਗਿਆ ਸੀ।

ਹੁਣ ਗ਼ਦਰੀਆਂ ਕੋਲ ਬੰਬ ਬਣਾਉਣ ਵਾਲ ਤਿੰਨ ਮਾਹਰ ਹੋ ਗਏ ਸਨ। ਰਾਸ ਬਿਹਾਰੀ ਬੋਸ, ਮਥਰਾ ਸਿੰਘ ਤੇ ਡਾ. ਅਰੂੜ ਸਿੰਘ। ਬੰਬਸਾਜ਼ੀ ਦਾ ਕਾਰੋਬਾਰ ਲੁਧਿਆਣੇ ਤੋਂ ਸ਼ੁਰੂ ਹੋਇਆ ਸੀ ਜੋ ਅੰਮ੍ਰਿਤਸਰ ਹੁੰਦਾ ਹੋਇਆ ਲਾਹੌਰ ਪਹੁੰਚ ਗਿਆ ਸੀ।

ਹਕੂਮਤ ਉਤੇ ਆਖਰੀ ਵਾਰ ਕਰਨ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਸਨ।

ਉਨ੍ਹੀਂ ਦਿਨੀਂ ਅਣਵਿਆਹਿਆਂ ਨੂੰ ਕਮਰਾ ਕਿਰਾਏ 'ਤੇ ਨਹੀਂ ਸੀ ਮਿਲਦਾ। ਰਾਸ ਬਿਹਾਰੀ ਦੀ ਇਹ ਸਮੱਸਿਆ ਰਾਮ ਸਰਨ ਦਾਸ ਦੀ ਸੁਪਤਨੀ ਸਤਿਆਵਤੀ ਨੇ ਹੱਲ ਕਰ ਦਿੱਤੀ ਸੀ। ਉਸ ਨੇ ਆਪਣੇ ਆਪ ਨੂੰ ਰਾਸ ਬਿਹਾਰੀ ਦੀ ਪਤਨੀ ਦੱਸ ਕੇ ਗਵਾਲ ਮੰਡੀ ਲਾਹੌਰ ਵਿਚ ਕਮਰਾ ਕਿਰਾਏ 'ਤੇ ਲੈ ਦਿੱਤਾ ਸੀ। ਦੂਜਾ ਮਕਾਨ ਸਰਾਏ ਮੂਲ ਰਾਜ ਵਿਚ ਗੁਲਾਬ ਕੌਰ ਨੇ ਕਿਰਾਏ 'ਤੇ ਲੈ ਲਿਆ ਸੀ। ਇਨ੍ਹਾਂ ਵਿਚੋਂ ਗੁਲਾਬ ਕੌਰ ਦੇ ਮਕਾਨ ਵਿਚ ਪਾਰਟੀ ਲਿਟਰੇਚਰ ਛਾਪਣ ਲਈ ਪ੍ਰੈਸ ਦਾ ਸਮਾਨ ਰੱਖਿਆ ਹੋਇਆ ਗਿਆ ਸੀ ਜਿਸ ਦੇ ਬਾਹਰ ਬੀਬੀ ਗੁਲਾਬ ਕੌਰ ਚਰਖਾ ਕਤਦੀ ਰਹਿੰਦੀ ਸੀ ਅੰਦਰ ਲਿਟੇਰਚ ਛਪਦਾ ਰਹਿੰਦਾ ਸੀ। ਝੰਡੇ ਵੀ ਇਥੇ ਹੀ ਤਿਆਰ ਹੋ ਰਹੇ ਸਨ। ਆਉਣ ਵਾਲੇ ਹਰ ਗ਼ਦਰੀ ਨੂੰ ਕੋਡ-ਵਰਡ ਬੋਲਣ 'ਤੇ ਹੀ ਅੰਦਰ ਜਾਣ ਦਿੱਤਾ ਜਾਂਦਾ ਸੀ। ਗ਼ਦਰੀਆਂ ਦੇ ਫੌਜੀਆਂ ਨਾਲ ਮੇਲ ਮਿਲਾਪ ਦੀ ਥਾ ਮੀਆਂ ਮੀਰ ਛਾਉਣੀ ਵਿਚ ਬਾਬਾ ਮਦਨ ਸਿੰਘ ਗਾਗੇ ਦੀ ਲੱਕੜੀ ਦੇ ਸਮਾਨ ਦੀ ਦੁਕਾਨ ਸੀ। ਮਦਨ ਸਿੰਘ ਅਗੇ ਬੈਠਾ ਕਿੱਲੀਆਂ ਮਧਾਣੀਆਂ ਬਣਾਉਂਦਾ ਰਹਿੰਦਾ ਸੀ ਅਤੇ ਪਿਛੇ ਪ੍ਰੇਮ ਸਿੰਘ ਸੁਰਸਿੰਘ ਫੌਜੀਆਂ ਨਾਲ ਮੀਟਿੰਗਾਂ ਕਰਿਆ ਕਰਦਾ ਸੀ। ਆਮ ਇਕੱਠਾਂ ਵਾਸਤੇ ਇਕ ਮਕਾਨ ਮੋਚੀ ਗੇਟ ਲਿਖਿਆ ਹੋਇਆ ਸੀ।

ਬਗ਼ਾਵਤ ਦੀ ਤਾਰੀਖ 21 ਫਰਵਰੀ 1915 ਮਿੱਥੀ ਗਈ ਸੀ। ਉਸ ਦਿਨ ਛਾਉਣੀ ਮੀਆਂ ਮੀਰ ਲਾਹੌਰ ਤੇ ਛਾਉਣੀ ਫਿਰੋਜ਼ਪੁਰ 'ਤੇ ਹਮਲਾ ਕਰਕੇ ਕਬਜ਼ਾ ਕਰਨ ਦਾ ਪਲੈਨ ਸੀ। ਇਸ ਦੀ ਕਾਮਯਾਬੀ ਪਿਛੋਂ ਮੇਰਠ ਛਾਉਣੀ ਦੇ 128 ਪਇਨੀਅਰ ਡਵੀਯਨ ਅਤੇ 12 ਨੰਬਰ ਰਸਾਲਾ ਨੇ ਵਿਸ਼ਨੂੰ ਗਣੇਸ਼ ਪਿੰਗਲੇ ਦੀ ਅਗਵਾਈ ਵਿਚ ਬਗ਼ਾਵਤ ਕਰਨੀ ਸੀ। ਮੇਰਠ 'ਤੇ ਕਬਜ਼ਾ ਕਰਕੇ ਇਸ ਫੋਰਸ ਨੇ ਦਿੱਲੀ 'ਤੇ ਹੱਲਾ ਬੋਲਣਾ ਅਤੇ ਕੌਮੀ ਝੰਡਾ ਲਹਿਰਾਉਣਾ ਸੀ। ਬਾਕੀ ਹਿੰਦੋਸਤਾਨੀ ਫੌਜੀਆਂ ਲਈ ਇਹ ਇਕ ਸਿਗਨਲ ਹੋਣਾ ਸੀ ਕਿ ਉਹ ਵੀ ਇਸ ਬਗ਼ਾਵਤ ਵਿਚ ਸ਼ਾਮਲ ਹੋਣ।

ਹਰਨਾਮ ਸਿੰਘ ਕਹੂਟਾ ਨੂੰ ਸਰਹੱਦੀ ਅਜ਼ਾਦ ਕਬੀਲਿਆਂ ਵੱਲ ਭੇਜਿਆ ਗਿਆ ਕਿ ਉਹ ਉਨ੍ਹਾਂ ਨੂੰ ਵੀ ਬਗ਼ਾਵਤ ਵਿਚ ਸ਼ਾਮਲ ਹੋਣ ਲਈ ਤਿਆਰ ਕਰੇ।

ਫੌਜੀ ਬਗ਼ਾਵਤ ਦੀਆਂ ਤਿਆਰੀਆਂ

ਗ਼ਦਰ ਪਾਰਟੀ ਦਾ ਕੌਮੀ ਝੰਡਾ ਤਿੰਨ ਰੰਗ ਦਾ ਸੀ। ਉੱਪਰ ਪੀਲਾ, ਵਿਚਕਾਰ ਲਾਲ ਅਤੇ ਹੇਠਾਂ ਹਰਾ ਰੰਗ ਸੀ। ਝੰਡੇ ਦੇ ਵਿਚਕਾਰ ਕਰਾਸ ਕਰਦੀਆਂ ਦੋ ਤਲਵਾਰਾਂ ਸਨ। ਕੌਮੀ ਝੰਡਾ ਅਤੇ ਪਾਰਟੀ ਦਾ ਐਲਾਨ ਜੰਗ, ਗ਼ਦਰ ਸੰਦੇਸ਼ਾਂ ਅਤੇ ਗ਼ਦਰ ਦੀਆਂ ਗੂੰਜਾਂ ਲੈ ਕੇ ਗ਼ਦਰੀ ਵੱਖ-ਵੱਖ ਛਾਉਣੀਆਂ ਨੂੰ ਚਲਾ ਰਹੇ ਸਨ। ਲਿਟਰੇਚਰ ਛਾਪਣ ਲਈ ਸਰਾਏ ਮੂਲ ਰਾਜ ਵਾਲੇ ਮਕਾਨ ਵਿਚ 6 ਸਾਈਕਲੋਸਟਾਈਲ ਮਸ਼ੀਨਾਂ ਦਿਨ ਰਾਤ ਕੰਮ ਕਰ ਰਹੀਆਂ ਹਨ।

ਪਰਮਾਨੰਦ ਝਾਂਸੀ ਪਿਸ਼ਾਵਰ ਚਲਾ ਗਿਆ ਸੀ। ਕਰਤਾਰ ਸਿੰਘ ਸਰਾਭਾ ਖੁਦ ਮੇਰਠ ਜਾ ਕੇ ਪਿੰਗਲੇ ਨੂੰ ਮਿਲਿਆ। ਉਨ੍ਹਾਂ ਨੇ ਸਾਰਾ ਸਮਾਨ ਬਾਗ਼ੀ ਫੌਜੀ ਫੂਲਾ ਸਿੰਘ ਦੇ ਸਪੁਰਦ ਕਰ ਦਿੱਤਾ ਸੀ। ਫੂਲਾ ਸਿੰਘ ਦੀ ਰਿਪੋਰਟ ਸੀ ਕਿ 1100 ਫੌਜੀ ਬਗ਼ਾਵਤ ਵਿਚ ਹਿੱਸਾ ਲੈਣਗੇ (Ghadar Movement) ਨਾਹਰ ਸਿੰਘ, ਸਫਾ (141)। ਕਰਤਾਰ ਸਿੰਘ ਅਤੇ ਪਿੰਗਲੇ ਆਗਰਾ, ਕਾਨਪੁਰ, ਅਲਾਹਬਾਦ ਤੇ ਬਨਾਰਸ ਦੀਆਂ ਛਾਉਣੀਆਂ ਦਾ ਦੌਰਾ ਕਰਕੇ ਬੰਗਾਲ ਦੇ ਸਾਥੀਆਂ ਨੂੰ ਜਾ ਮਿਲੇ ਸਨ। ਉਹ ਇਨ੍ਹਾਂ ਦੋਹਾਂ ਨੂੰ ਦੀਨਾਜਪੁਰ ਦੀ ਛਾਉਣੀ ਲੈ ਕੇ ਗਏ। ਜਿੱਥੇ ਰਾਜਪੂਤ ਪਲਟਣ ਨੇ ਇਸ ਬਗ਼ਾਵਤ ਵਿਚ ਹਿੱਸਾ ਲੈਣਾ ਸੀ। ਵਾਪਸੀ ਸਮੇਂ ਉਹ ਫੈਜ਼ਾਬਾਦ ਅਤੇ ਲਖਨਊ ਦੇ ਬਾਗ਼ੀ ਫੌਜੀਆਂ ਨੂੰ ਮਿਲੇ ਸਨ। ਵਾਪਸ ਲਾਹੌਰ ਆ ਕੇ ਉਨ੍ਹਾਂ ਨੇ ਰੀਪੋਰਟ ਰਾਸ ਬਿਹਾਰੀ ਬੋਸ ਅਤੇ ਡਾ. ਮਥਰਾ ਸਿੰਘ ਅਤੇ ਅਮਰ ਸਿੰਘ ਨਾਲ ਵਿਚਾਰੀ ਸੀ। ਬਨੂੰ, ਕੁਹਾਟ, ਨੌਸ਼ਹਿਰਾ ਆਦਿ ਛਾਉਣੀਆਂ ਦੀ ਤਿਆਰੀ ਦਾ ਪਤਾ ਲੈਣ ਅਤੇ ਤਾਰੀਖ ਦਸਣ ਨਿਧਾਨ ਸਿੰਘ ਚੁੱਘਾ ਗਿਆ ਸੀ। ਰਾਜ ਬਿਹਾਰੀ ਬੋਸ ਨੇ ਰਾਜਪੂਤਾਂ ਆਦਿ ਸੂਬਿਆਂ ਵਿਚ ਕੰਮ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਸੀ। ਮੁਲਤਾਨ ਵਿਚ ਰਾਜਪੂਤ ਪਲਟਣਾ ਲਈ ਤੇ ਮਹਾਂਰਾਸ਼ਟਰ ਵਿਚ ਮਰਹੱਟੇ ਫੌਜੀਆਂ ਲਈ ਰਾਸ ਬਿਹਾਰੀ ਬੋਸ ਨੇ ਆਪਣੇ ਬੰਦੇ ਭੇਜੇ ਹੋਏ ਸਨ।

ਕਿਉਂਕਿ ਬਗ਼ਾਵਤ ਦੀ ਸ਼ੁਰੂਆਤ 23ਵੇਂ ਰਸਾਲੇ ਨੇ ਕਰਨੀ ਸੀ ਜਿਸ ਕਰਕੇ ਮਦਨ ਸਿੰਘ ਗਾਗਾ ਦੀ ਛਾਉਣੀ ਵਿਚਲੀ ਦੁਕਾਨ 'ਤੇ ਪ੍ਰੇਮ ਸਿੰਘ, ਜਗਤ ਸਿੰਘ ਸੁਰਸਿੰਘ ਤੇ ਬੰਤਾ ਸਿੰਘ ਸੰਘਵਾਲ ਦੀਆਂ ਲਗਾਤਾਰ ਮੀਟਿੰਗਾਂ ਹੁੰਦੀਆਂ ਸਨ। 23ਵੇਂ ਰਸਾਲੇ ਦਾ ਲੀਡਰ ਲਛਮਣ ਸਿੰਘ ਚੂਸਲੇਵਾੜ ਵੀ ਇਨ੍ਹਾਂ ਮੀਟਿੰਗਾਂ ਵਿਚ ਹਿੱਸਾ ਲੈਂਦਾ ਸੀ।

ਪਹਿਲਾ ਹੱਲਾ ਗ਼ਦਰੀਆਂ ਨੇ ਰੇਲਵੇ ਲਾਈਨ ਵੱਲੋਂ ਕਰਨਾ ਸੀ ਅਤੇ ਰਸਾਲੇ ਦੇ ਬਾਗ਼ੀ ਫੌਜੀਆਂ ਨੇ ਉਨ੍ਹਾਂ ਦੇ ਨਾਲ ਰਲ ਜਾਣਾ ਸੀ। ਅਡਵਾਇਰ ਨੇ 'ਮੇਰੇ ਹਿੰਦ ਵਿਚ 25 ਸਾਲ' (My 25 years in India) ਵਿਚ ਨੋਟ ਕੀਤਾ ਹੈ ਕਿ ਉਸ ਦੇ ਬਾਡੀਗਾਰਡ ਵੀ ਇਸ ਰਸਾਲੇ ਵਿਚੋਂ ਸਨ। ਉਨ੍ਹਾਂ ਨੇ ਗਵਰਨਰ ਦੀ ਕੋਠੀ ਉਤੇ ਗ਼ਦਰੀ ਕੌਮੀ ਤਿੰਨ

ਰੰਗਾਂ ਝੰਡਾ ਲਹਿਰਾ ਦੇਣਾ ਸੀ।

ਗ਼ਦਰੀਆਂ ਦੀਆਂ ਡੀਟੈਚਮੈਂਟਾਂ ਨੇ ਨਿਧਾਨ ਸਿੰਘ ਅਤੇ ਕਰਤਾਰ ਸਿੰਘ ਦੀ ਕਮਾਂਡ ਹੇਠ ਫਿਰੋਜ਼ਪੁਰ ਪਹੁੰਚਣਾ ਸੀ।

ਇਕ ਸਾਲ ਦੇ ਅਰਸੇ ਵਿੱਚ ਗ਼ਦਰੀਆਂ ਨੇ ਹੈਰਾਨਕੁਨ ਤਿਆਰੀ ਕਰ ਲਈ ਸੀ। ਜਿਸ ਤੋਂ ਸਾਬਤ ਹੁੰਦਾ ਹੈ ਕਿ ਹਿੰਦੋਸਤਾਨ ਦੇ ਲੋਕ ਅਤੇ ਫੌਜੀ ਅੰਗਰੇਜ਼ ਦੀ ਗ਼ੁਲਾਮੀ ਤੋਂ ਅੱਕੇ ਹੋਏ ਸਨ। ਵਾਇਸਰਾਏ ਹਿੰਦ ਲਾਰਡ ਹਾਰਡਿੰਗ ਦੀ ਲਿਖਤ ਅਨੁਸਾਰ ਉਸਨੇ ਅੰਗਰੇਜ਼ੀ ਫੌਜਾਂ ਹਿੰਦੋਸਤਾਨ ਵਿਚੋਂ ਕੱਢ ਜੰਗ ਦੇ ਫਰੰਟ ਉਤੇ ਭੇਜ ਦਿੱਤੀਆਂ ਸਨ ਤੇ ਕੇਵਲ 15000 ਨਵੇਂ ਅੰਗਰੇਜ਼ ਰੰਗਰੂਟ ਹੀ ਉਸ ਸਮੇਂ ਹਿੰਦੋਸਤਾਨ ਵਿਚ ਸਨ।

ਪੁਲਸ ਮੁਖਬਰ ਕ੍ਰਿਪਾਲ ਸਿੰਘ ਦਾ ਪਾਰਟੀ ਵਿਚ ਦਾਖਲਾ

ਹਕੂਮਤ ਜਾਣਦੀ ਸੀ ਕਿ ਗ਼ਦਰੀ ਫੌਜਾਂ ਵਿਚ ਬਗ਼ਾਵਤ ਕਰਾਉਣ ਲਈ ਉਕਸਾ ਰਹੇ ਸਨ। ਪਰ ਉਨ੍ਹਾਂ ਦੇ ਅਸਲ ਪਲੈਨ ਦੀ ਉਨ੍ਹਾਂ ਨੂੰ ਸੂਹ ਨਹੀਂ ਮਿਲਦੀ ਸੀ। ਗ਼ਦਰੀਆਂ ਵਿਚੋਂ ਉਹ ਕੋਈ ਵੀ ਮੁਖਬਰ ਪੈਦਾ ਨਹੀਂ ਕਰ ਸਕੇ ਸਨ।

ਡਿਪਟੀ ਸੁਪਰਡੈਂਟ ਲਿਆਕਤ ਹਯਾਤ ਖਾਂ ਨੇ ਬੂਟਾ ਸਿੰਘ ਜ਼ੈਲਦਾਰ ਦੀ ਮਦਦ ਨਾਲ ਕ੍ਰਿਪਾਲ ਸਿੰਘ ਮਾਧੋਕੇ ਬਰਾੜ (ਅੰਮ੍ਰਿਤਸਰ) ਨੂੰ ਗ਼ਦਰ ਪਾਰਟੀ ਵਿਚ ਘੁੱਸ ਜਾਣ ਲਈ ਤਿਆਰ ਕੀਤਾ ਸੀ। ਕ੍ਰਿਪਾਲ ਸਿੰਘ ਦਾ ਭਤੀਜਾ ਬਲਵੰਤ ਸਿੰਘ 23ਵੇਂ ਰਸਾਲੇ ਦਾ ਸਵਾਰ ਭਰਤੀ ਸੀ। ਉਸਨੇ ਕ੍ਰਿਪਾਲ ਸਿੰਘ ਨੂੰ ਗ਼ਦਰੀਆਂ ਨਾਲ ਮਿਲਾਇਆ ਸੀ। ਕ੍ਰਿਪਾਲ ਸ਼ੰਘਾਈ ਵਿਚ ਬਾਬਾ ਨਿਧਾਨ ਸਿੰਘ ਨਾਲ ਵੀ ਰਹਿ ਚੁੱਕਾ ਸੀ। ਜਿਸ ਕਰਕੇ ਬਾਬਾ ਨਿਧਾਨ ਸਿੰਘ ਨੇ ਵੀ ਉਸਨੂੰ ਪਾਰਟੀ ਵਿਚ ਲੈਣ ਦੀ ਸਿਫਾਰਸ਼ ਕਰ ਦਿੱਤੀ ਸੀ ਇਕ ਪਾਸੇ ਦੋ ਗ਼ਦਰੀ ਆਗੂਆਂ ਦੀ ਸਿਫਾਰਸ਼ ਅਤੇ ਦੂਜੇ ਪਾਸੇ ਕ੍ਰਿਪਾਲ ਸਿੰਘ ਦੀ ਆਪਣੀ ਹੁਸ਼ਿਆਰੀ ਉਸਨੂੰ ਉਪਰਲੀਆਂ ਸਫਾਂ ਵਿਚ ਲੈ ਗਈ ਸੀ। ਕ੍ਰਿਪਾਲ ਸਿੰਘ ਦੇ ਹੱਥ ਜੋ ਵੀ ਕੁਝ ਲਗਦਾ ਉਹ ਪੁਲਸ ਤੱਕ ਪਹੁੰਚਾ ਦਿੰਦਾ ਸੀ।

21 ਫਰਵਰੀ ਦੀ ਬਗ਼ਾਵਤ ਦੇ ਪਲੈਨ ਬਾਰੇ ਪੁਲਸ ਨੂੰ ਖ਼ਬਰ ਹੋ ਚੁੱਕੀ ਸੀ। ਇਸ ਬਾਰੇ ਗ਼ਦਰੀਆਂ ਨੂੰ ਵੀ ਸੂਹ ਮਿਲ ਗਈ ਸੀ। ਜਿਸ ਕਰਕੇ ਉਨ੍ਹਾਂ ਨੇ ਤਾਰੀਖ ਬਦਲ ਕੇ 21 ਫਰਵਰੀ ਦੀ ਥਾਂ 19 ਫਰਵਰੀ ਕਰ ਦਿੱਤੀ ਸੀ। ਕ੍ਰਿਪਾਲ ਸਿੰਘ ਨੂੰ 19 ਤਾਰੀਖ ਦਾ ਵੀ ਪਤਾ ਲੱਗ ਚੁੱਕਾ ਸੀ। ਗ਼ਦਰੀਆਂ ਨੂੰ ਕ੍ਰਿਪਾਲ ਸਿੰਘ 'ਤੇ ਸ਼ੱਕ ਹੋਣਾ ਸ਼ੁਰੂ ਹੋ ਗਿਆ ਸੀ। ਉਨ੍ਹਾਂ ਨੇ ਉਸ ਗ਼ਦਰ ਦਾ ਲਿਟਰੇਚਰ ਦੇ ਕੇ ਦਦੇਹਰ ਅਤੇ ਅੰਮ੍ਰਿਤਸਰ ਜਾਣ ਲਈ ਦਿੱਤਾ ਸੀ। ਜਿਸ ਨੇ ਗ਼ਦਰੀਆਂ ਦਾ ਸ਼ੱਕ ਪੱਕਾ ਕਰ ਦਿੱਤਾ ਸੀ। ਗ਼ਦਰੀਆਂ ਨੇ ਉਸਨੂੰ ਖਤਮ ਕਰ ਦੇਣ ਦਾ ਫੈਸਲਾ ਲਿਆ ਸੀ।

ਕ੍ਰਿਪਾਲ ਸਿੰਘ ਨੂੰ ਕੇਵਲ ਮੋਚੀ ਗੇਟ ਵਾਲੇ ਮਕਾਨ ਦਾ ਹੀ ਪਤਾ ਸੀ ਜਿਥੇ ਕੁਝ ਗ਼ਦਰੀਆਂ ਨੇ ਇਕੱਠੇ ਹੋਣਾ ਸੀ। ਮਕਾਨ ਦੇ ਅੰਦਰ ਵੜਦਿਆਂ ਹੀ ਕ੍ਰਿਪਾਲ ਸਿੰਘ ਨੂੰ ਸ਼ੱਕ ਹੋ ਗਿਆ ਸੀ। ਉਹ ਫੁਰਤੀ ਨਾਲ ਕੋਠੇ 'ਤੇ ਚੜ੍ਹਿਆ ਅਤੇ ਪੁਲਸ ਨੂੰ ਅਵਾਜ਼ ਦੇ

ਦਿੱਤੀ। ਪੁਲਸ ਨੇ ਧਾਵਾ ਬੋਲ ਕੇ 7 ਗ਼ਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਸੀ। ਮਕਾਨ ਅੰਦਰ ਦਾਖਲ ਹੁੰਦਿਆਂ 3 ਹੋਰ ਗ਼ਦਰੀ ਕਾਬੂ ਆ ਗਏ। ਇਨ੍ਹਾਂ ਦਸਾਂ ਵਿਚ ਹਿਰਦੈ ਰਾਮ, ਅਮਰ ਸਿੰਘ ਤੇ ਖੜਕ ਸਿੰਘ ਵਿਦਿਆਰਥੀ (ਲੁਧਿਆਣਾ) ਵੀ ਸ਼ਾਮਲ ਸਨ। ਉਸ ਸਮੇਂ ਕ੍ਰਿਪਾਲ ਸਿੰਘ ਬਚ ਨਿਕਲਿਆ ਸੀ।

ਕ੍ਰਿਪਾਲ ਸਿੰਘ ਦੀ ਇਸ ਗ਼ਦਰੀ ਦੇ ਇਨਾਮ ਵਜੋਂ ਅੰਗਰੇਜ਼ੀ ਹਕੂਮਤ ਨੇ ਉਸਨੂੰ ਚੱਕ ਨੰਬਰ 102/15 ਖਾਨੇਵਾਲ ਜ਼ਿਲ੍ਹਾ ਮੁਲਤਾਨ ਵਿਚ 5 ਮਰੱਬੇ ਜ਼ਮੀਨ ਦੇ ਦਿੱਤੇ ਸਨ। ਬਾਰੇ ਦੇ ਲੋਕ ਉਸਨੂੰ ਬੜੀ ਨਫ਼ਤਰ ਕਰਦੇ ਸਨ। ਗ਼ੱਦਾਰ ਦੇ ਮੁਰੱਬਿਆਂ ਨੂੰ ਨਫ਼ਰਤ ਨਾਲ ਝੋਲੀ ਚੁੱਕਾਂ ਦੇ ਚੱਕ ਕਿਹਾ ਕਰਦੇ ਸਨ।

ਕ੍ਰਿਪਾਲ ਸਿੰਘ ਨੂੰ ਜਿੰਨੀ ਦੇਰ ਜੀਉਣ ਦਾ ਮੌਕਾ ਮਿਲਿਆ ਉਸ ਦੇ ਪਾਪ ਏਦਾਂ ਕੰਬਦੇ ਰਹੇ ਕਿ ਉਸ ਨੂੰ ਆਪਣੇ ਅਹਾਤੇ ਦੀ 8 ਫੁੱਟ ਉੱਚੀ ਦੀਵਾਰ ਵਿਚ ਕੈਦ ਰਹਿਣਾ ਪਿਆ ਸੀ। ਉਸਨੇ ਅਹਾਤੇ ਦੇ ਦਰਮਿਆਨ ਦੋ ਮੰਜ਼ਲੀ ਕੋਠੀ ਉਸਾਰੀ ਹੋਈ ਸੀ ਅਤੇ ਚੌਕਸੀ ਾਸਤੇ ਬੱਤਖਾਂ ਤੇ ਕੁੱਤੇ ਰੱਖੇ ਹੋਏ ਸਨ।

1931 ਦੀ 11 ਜੁਲਾਈ ਵਾਲੀ ਗਰਮੀਆਂ ਦੀ ਰਾਤ ਜਦੋਂ ਕ੍ਰਿਪਾਲ ਸਿੰਘ ਆਪਣੇ ਚੁਬਾਰੇ ਦੀ ਛੱਤ 'ਤੇ ਸੁੱਤਾ ਹੋਇਆ ਸੀ ਤਾਂ ਉਸ ਰਾਤ ਨਾ ਬੱਤਖਾਂ ਹੀ ਬੋਲੀਆਂ, ਨਾ ਕੁੱਤੇ ਹੀ ਭੌਂਕੇ। ਘਰ ਦਾ ਭੇਤੀ 8 ਫੁੱਟੀ ਬਾਂਸ ਦੀ ਪੌੜੀ ਲਾ ਕੇ ਅਹਾਤੇ ਵਿਚ ਉੱਤਰ ਆਇਆ ਸੀ। ਬਤਖਾਂ ਦਾਣਾ ਚੁਗਣ ਲਈ ਉਸ ਵੱਲ ਵਧੀਆਂ ਅਤੇ ਕੁੱਤਿਆਂ ਨੇ ਪੂਛਾਂ ਹਿਲਾਈਆਂ। ਉਸ ਪੌੜੀ ਨਾਲ ਉਹ ਪਹਿਲੀ ਤੇ ਫ਼ੇਰ ਦੂਜੀ ਮੰਜ਼ਲ 'ਤੇ ਚੜ੍ਹਿਆ ਸੀ। ਉਸਨੇ ਘੂਕ ਸੁੱਤੇ ਕ੍ਰਿਪਾਲ ਸਿੰਘ ਦਾ ਸਿਰ ਕਿਰਪਾਨ ਦੇ ਇਕ ਵਾਰ ਨਾਲ ਧੜ ਤੋਂ ਅਲੱਗ ਕਰ ਦਿੱਤਾ ਸੀ। ਉਹ ਆਪਣੇ ਦੋਵੇਂ ਹਥਿਆਰ, ਪੌੜੀ ਤੇ ਕਿਰਪਾਨ ਲੈ ਕੇ ਅਰਾਮ ਨਾਲ ਅਹਾਤੇ ਤੋਂ ਬਾਹਰ ਨਿਕਲ ਗਿਆ ਸੀ ਅਤੇ ਕੱਸੀ ਉਤੇ ਜਾ ਕੇ ਕਿਰਪਾਨ ਧੋਤੀ ਸੀ।

ਸਵੇਰ ਨੂੰ ਪਰਨਾਲੇ ਤੋਂ ਵਗੇ ਖੂਨ ਨੇ ਵਿਹੜੇ 'ਚ ਆ ਕੇ ਸੋਗ ਦਾ ਸੁਨੇਹਾ ਦਿੱਤਾ ਸੀ ਕਿ ਦੋ ਸੁਆਣੀਆਂ ਰੰਡੀਆਂ ਹੋ ਗਈਆਂ ਹਨ।

ਸਿਤਮ ਦੀ ਗੱਲ ਇਹ ਹੈ ਕਿ ਮੁਲਕ ਦੀ ਅਜ਼ਾਦੀ ਤੋਂ ਬਾਅਦ ਵੀ ਕ੍ਰਿਪਾਲ ਸਿੰਘ ਦੇ ਵਾਰਸਾਂ ਨੂੰ ਇਹ ਮੁਰੱਬੇ ਭੈਣੀ, ਲਾਗੇ ਫਿਲੌਰ, ਵਿਚ ਅਲਾਟ ਹੋਏ ਹਨ।

ਗ੍ਰਿਫ਼ਤਾਰੀਆਂ ਦੀ ਸ਼ੁਰੂਆਤ

19 ਫਰਵਰੀ 1915 ਦੀ ਸ਼ਾਮ ਨੂੰ ਹੀ 23ਵਾਂ ਰਸਾਲਾ ਬੇਹਥਿਆਰ ਕਰਕੇ ਪਹਿਰੇ ਹੇਠ ਲੈ ਲਿਆ ਗਿਆ ਸੀ। ਇਸ ਦੇ 20 ਰਿੰਗ ਲੀਡਰ ਗ੍ਰਿਫਤਾਰ ਕਰਕੇ ਕੋਰਟ ਮਾਰਸ਼ਲ ਵਾਸਤੇ ਡਿਗਸ਼ਈ ਦੀ ਛਾਉਣੀ ਭੇਜ ਦਿੱਤੇ ਸਨ। ਦਫੇਦਾਰ ਲਛਮਣ ਸਿੰਘ, ਵਧਾਵਾ ਸਿੰਘ, ਅਬਦੁੱਲਾ ਨਾਹਲਬੰਦ (ਲਾਹੌਰ) ਸਮੇਤ 12 ਲੀਡਰਾਂ ਨੂੰ ਮੌਤ ਦੀ ਸਜ਼ਾ ਸੁਣਾ ਕੇ ਅੰਬਾਲਾ ਜੇਲ੍ਹ ਵਿਚ ਫਾਂਸੀ ਲਾ ਦਿੱਤਾ ਗਿਆ ਸੀ। ਅੱਠਾਂ ਨੂੰ ਉਮਰ ਕੈਦ ਦੀ ਸਜ਼ਾ

ਸੁਣਾ ਕੇ ਹਜ਼ਾਰੀਬਾਗ ਜੇਲ੍ਹ ਵਿਚ ਡੱਕ ਦਿੱਤਾ ਸੀ। ਰਸਾਲੇ ਦੇ ਬਾਕੀ ਫੌਜੀਆਂ ਨੂੰ ਰਾਵਲਪਿੰਡੀ ਛਾਉਣੀ ਵਿਚ ਭੇਜ ਦਿੱਤਾ ਸੀ।

19 ਫਰਵਰੀ ਨੂੰ ਹੀ ਫਿਰੋਜ਼ਪੁਰ ਛਾਉਣੀ ਦੀ 56 ਨੰਬਰ ਪਲਟਣ ਦੇ ਜਵਾਨਾਂ ਨੂੰ ਵੀ ਬੇਹਥਿਆਰ ਕਰ ਦਿੱਤਾ ਗਿਆ ਸੀ ਅਤੇ ਪਠਾਣਾਂ ਦੀ ਪਲਟਣ ਦੀ ਨਿਗਰਾਨੀ ਸ਼ੁਰੂ ਹੋ ਗਈ ਸੀ। 56 ਨੰਬਰ ਪਲਟਣ ਦੇ ਅੱਠ ਰਿੰਗ ਲੀਡਰਾਂ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਹਜ਼ਾਰੀਬਾਗ ਜੇਲ੍ਹ ਵਿਚ ਡੱਕ ਦਿੱਤਾ ਸੀ। ਇਨ੍ਹਾਂ ਦੀ ਜ਼ਮੀਨ-ਜਾਇਦਾਦ ਜ਼ਬਤ ਕਰ ਲਈ ਗਈ ਸੀ। ਇਨ੍ਹਾਂ ਰਿੰਗ ਲੀਡਰਾਂ ਵਿਚ ਬਾਬਾ ਹਰਨਾਮ ਸਿੰਘ ਕਾਲਾਸੰਘਾ, ਕਾਲਾ ਸਿੰਘ, ਲਾਭ ਸਿੰਘ ਤੇ ਫੁੰਮਣ ਸਿੰਘ ਵੀ ਸ਼ਾਮਲ ਸਨ। (ਬਾਬਾ ਹਰਨਾਮ ਸਿੰਘ ਦੀ ਨਿਆਈ ਵਾਲੀ ਜ਼ਬਤ ਕੀਤੀ ਜ਼ਮੀਨ ਅਜੇ ਤਕ ਉਨ੍ਹਾਂ ਦੇ ਵਾਰਸਾਂ ਨੂੰ ਨਹੀਂ ਮਿਲੀ)

ਗ੍ਰਿਫਤਾਰੀਆਂ ਤੋਂ ਬਾਅਦ ਮੂਲਾ ਸਿੰਘ ਮੀਰਾਂਕੋਟੀਆ (ਅੰਮ੍ਰਿਤਸਰ), ਨਵਾਬ ਖ਼ਾਨ ਰਾਏਕੋਟੀਆ (ਲੁਧਿਆਣਾ) ਅਮਰ ਸਿੰਘ ਨਵਾਂ ਸ਼ਹਿਰੀਆ (ਜਲੰਧਰ) ਵਾਅਦਾ ਮੁਆਫ਼ ਗਵਾਹ ਬਣ ਗਏ ਸਨ।

23 ਮਾਰਚ 1915 ਨੂੰ ਮੇਰਠ ਛਾਉਣੀ ਵਿਚੋਂ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਸ ਕੋਲੋਂ ਕਾਫੀ ਹਥਿਆਰ ਅਤੇ ਲਿਟਰੇਚਰ ਫੜਿਆ ਗਿਆ ਸੀ। ਪਿੰਗਲੇ ਉਤੇ ਲਾਹੌਰ ਜੇਲ੍ਹ ਅੰਦਰ ਸਾਜ਼ਿਸ਼ ਕੇਸ ਚਲਾਇਆ ਗਿਆ ਸੀ। ਫੂਲਾ ਸਿੰਘ, ਈਸਾ ਸਿੰਘ ਤੇ ਚਾਰ ਹੋਰਾਂ ਨੂੰ ਕੋਰਟ ਮਾਰਸ਼ਲ ਕਰਕੇ ਫਾਂਸੀ ਲਾ ਦਿੱਤਾ ਗਿਆ ਸੀ। ਪਿਸ਼ਾਵਰ ਤੋਂ ਲੈ ਕੇ ਦੀਨਾਜਪਰ ਤਕ ਸ਼ੱਕੀ ਗ਼ਦਰੀ ਫੌਜੀਆਂ ਦੀ ਨਿਗਰਾਨੀ ਸ਼ੁਰੂ ਹੋ ਗਈ ਸੀ। ਥਾਂ-ਥਾਂ 'ਤੇ ਗ੍ਰਿਫਤਾਰੀਆਂ ਹੋਈਆਂ ਅਤੇ ਡਿਸਚਾਰਜ ਕੀਤੇ ਗਏ ਸਨ। ਡਿਸਬੈਂਡ ਕਰਕੇ ਵੀ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਗਈ ਸੀ।

ਫਿਰੋਜ਼ਪੁਰ ਛਾਉਣੀ 'ਤੇ ਹਮਲਾ ਕਰਨ ਲਈ ਕਰਤਾਰ ਸਿੰਘ ਸਰਾਭਾ ਤੇ ਬੰਤਾ ਸਿੰਘ ਸੰਘਵਾਲ ਆਪਣਾ-ਆਪਣਾ ਜੱਥਾ ਲੈ ਕੇ ਪਹੁੰਚ ਗਏ ਸਨ। ਸੰਤ ਰਣਧੀਰ ਸਿੰਘ ਨਾਰੰਗਵਾਲ ਦਾ ਜੱਥਾ ਵੀ ਫਿਰੋਜ਼ਪੁਰ ਪਹੁੰਚ ਗਿਆ ਸੀ। ਟੈਰੀਟੋਰੀਅਲ ਆਰਮੀ ਨੇ ਸੰਤ ਰਣਧੀਰ ਸਿੰਘ ਦੇ ਜੱਥੇ ਨੂੰ ਰੋਕ ਲਿਆ ਸੀ। ਇਨ੍ਹਾਂ ਕੋਲੋਂ ਕੱਪੜੇ ਅਤੇ ਲਪੇਟਿਆ ਹੋਇਆ ਹਰਮੋਨੀਅਮ ਸੀ ਜਿਸ ਨਾਲ ਉਹ ਇਹ ਯਕੀਨ ਦੁਆਉਣ ਵਿਚ ਕਾਮਯਾਬ ਹੋ ਗਏ ਕਿ ਉਹ ਸ਼ਬਦ ਕੀਰਤਨੀਏ ਹਨ। ਹੋਰ ਜੱਥੇ ਵੀ ਪਹੁੰਚ ਰਹੇ ਸਨ।

ਜਦੋਂ ਕਰਤਾਰ ਸਿੰਘ ਸਰਾਭਾ ਨੂੰ ਪਤਾ ਲੱਗਾ ਕਿ 56ਵੀਂ ਪਲਟਣ ਨੂੰ ਬੇਹਥਿਆਰ ਕਰਕੇ ਨਿਗਰਾਨੀ ਵਿਚ ਰੱਖਿਆ ਹੋਇਆ ਹੈ ਤਾਂ ਉਸਨੇ ਸਭ ਗ਼ਦਰੀਆਂ ਨੂੰ ਵਾਪਸ ਜਾਣ ਦੇ ਹੁਕਮ ਦੇ ਦਿੱਤੇ ਸਨ। ਕਰਤਾਰ ਸਿੰਘ ਸਰਾਭਾ ਅਤੇ ਬੰਤਾ ਸਿੰਘ ਨੂੰ ਲਾਹੌਰ ਆ ਕੇ ਸਾਰੀ ਗੱਲ ਦਾ ਪਤਾ ਲੱਗਾ ਸੀ। ਅਗਲੇ ਦਿਨ ਬੰਤਾ ਸਿੰਘ ਸੰਘਵਾਲ ਮੁਸ਼ਕਲ ਨਾਲ ਗ੍ਰਿਫਤਾਰੀ ਤੋਂ ਬਚਿਆ ਸੀ।

20 ਫਰਵਰੀ 1915 ਦੀ ਸ਼ਾਮ ਨੂੰ ਅਨਾਰਕਲੀ ਬਜ਼ਾਰ ਵਿਚ ਪੁਲਸ ਦੇ ਸਬ

ਇੰਸਪੈਕਟਰ ਮੁਹੰਮਦ ਮੂਸਾ ਤੇ ਹੌਲਦਾਰ ਮੋਹਸਨ ਅਲੀ ਸ਼ਾਹ ਨੇ ਇਕ ਟਾਂਗੇ ਨੂੰ ਰੋਕਿਆ ਜਿਸ ਉਤੇ ਤਿੰਨ ਆਦਮੀ ਸਵਾਰ ਸਨ। ਇਨ੍ਹਾਂ ਵਿਚੋਂ ਇਕ ਕੋਲ ਫੜੀ ਹੋਈ ਸੋਟੀ ਨੂੰ ਦੇਖਣ 'ਤੇ ਪਤਾ ਲਗਾ ਕਿ ਇਹ ਗੁਪਤੀ ਤਲਵਾਰ (Sword Stick) ਸੀ। ਪੁਲਸ ਨੇ ਇਨ੍ਹਾਂ ਨੂੰ ਥਾਣੇ ਜਾਣ ਲਈ ਕਿਹਾ ਤਾਂ ਸੱਜਣ ਸਿੰਘ ਉਰਫ ਅਰਜਨ ਸਿੰਘ ਖੁਖਰਾਨਾ ਨੇ ਆਪਣੇ ਪਿਸਤੌਲ ਨਾਲ ਗੋਲੀਆਂ ਚਲਾ ਕੇ ਹੌਲਦਾਰ ਨੂੰ ਹਲਾਕ ਕਰ ਦਿੱਤਾ ਸੀ। ਭੱਜਦੇ ਸਮੇਂ ਸੱਜਣ ਸਿੰਘ ਤਿਲਕ ਪਾਣੀ ਦੀ ਨਾਲੀ ਵਿਚ ਡਿੱਗ ਪਿਆ ਸੀ ਜਿਸ ਕਾਰਨ ਪੁਲਸ ਦੇ ਕਾਬੂ ਆ ਗਿਆ ਸੀ। ਹਰਨਾਮ ਸਿੰਘ ਕਹੂਟਾ (ਸਿਆਲਕੋਟ) ਅਤੇ ਬੰਤਾ ਸਿੰਘ ਸੰਘਵਾਲ ਦੌੜਨ ਵਿਚ ਕਾਮਯਾਬ ਹੋ ਗਏ ਸਨ।

ਹਰਨਾਮ ਸਿੰਘ ਕਹੂਟਾ ਕਾਮਾਗਾਟਾ ਮਾਰੂ ਜਹਾਜ਼ ਦਾ ਸਵਾਰ ਸੀ ਜਿਹੜਾ ਜਪਾਨ ਵਿਚੋਂ ਖਿਸਕਿਆ ਸੀ ਅਤੇ ਸ਼ੰਘਾਈ ਦੇ ਰਸਤੇ ਹਿੰਦੋਸਤਾਨ ਪਹੁੰਚਣ ਵਿਚ ਕਾਮਯਾਬ ਹੋ ਗਿਆ ਸੀ।

ਗਵਾਲ ਮੰਡੀ ਵਾਲੇ ਮਕਾਨ ਦਾ ਅਜੇ ਤਕ ਪੁਲਸ ਨੂੰ ਪਤਾ ਨਹੀਂ ਸੀ। ਏਥੇ ਰਾਸ ਬਿਹਾਰੀ ਬੋਸ ਦੀ ਰਿਹਾਇਸ਼ ਸੀ। ਕਰਤਾਰ ਸਿੰਘ ਸਰਾਭਾ ਨੇ ਅਮੀਰਾਂ ਵਾਲੀ ਟਮਟਮ 'ਤੇ ਬਿਠਾ ਕੇ ਰਾਸ ਬਿਹਾਰੀ ਬੋਸ ਨੂੰ ਲਾਹੌਰ ਵਿਚੋਂ ਬਾਹਰ ਕੱਢ ਦਿੱਤਾ, ਜਿੱਥੋਂ ਉਹ ਗੱਡੀ ਚੜ੍ਹ ਕੇ ਬਨਾਰਸ ਪਹੁੰਚ ਗਿਆ ਸੀ। ਦੂਜੇ ਦਿਨ ਪੁਲਸ ਨੂੰ ਵਛੋਵਾਲੀ ਮੰਡੀ ਦੇ ਮਕਾਨ ਦਾ ਪਤਾ ਲੱਗ ਗਿਆ ਸੀ ਜਿਥੋਂ ਪਰਮਾਨੰਦ ਝਾਂਸੀ ਤੇ ਉਨ੍ਹਾਂ ਦੀ ਡੀਟੈਚਮੈਂਟ ਦੇ ਸਾਰੇ ਸਾਥੀ ਪੁਲਸ ਦੇ ਕਾਬੂ ਆ ਗਏ ਸਨ।

ਫਿਰੋਜ਼ਪੁਰ ਤੋਂ ਸਿਗਨਲ ਉਡੀਕ ਰਹੇ ਇਨਕਲਾਬੀ 21 ਫਰਵਰੀ ਨੂੰ ਗ਼ਦਰ ਦੇ ਫੇਲ੍ਹ ਹੋਣ ਦੀਆਂ ਖ਼ਬਰਾਂ ਸੁਣ ਕੇ ਮਾਯੂਸ ਹੋ ਗਏ ਸਨ। ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰਸਿੰਘ ਅਤੇ ਹਰਨਾਮ ਸਿੰਘ ਟੁੰਡੀਲਾਟ ਲਾਹੌਰ ਦੀਆਂ ਗ੍ਰਿਫਤਾਰੀਆਂ ਤੋਂ ਬਚ ਗਏ ਸਨ। ਤਿੰਨੇ ਹੀ ਮੁੜ ਤੋਂ ਜਥੇਬੰਦ ਕਰਨ ਲਈ ਸਰਹੱਦੀ ਸੂਬੇ ਦੇ ਪਠਾਣ ਕਬੀਲਿਆਂ ਵੱਲ ਤੁਰ ਪਏ ਸਨ। ਕਿਹਾ ਜਾਂਦਾ ਹੈ ਕਿ ਉਹ ਤਿੰਨੇ ਹੀ ਅਟਕ ਪਾਰ ਕਰਨ ਤੋਂ ਪਹਿਲਾਂ ਦਰਿਆ ਦੇ ਕੰਢੇ ਬੈਠੇ ਸਨ ਤਾਂ ਹਰਨਾਮ ਸਿੰਘ ਟੁੰਡੀਲਾਟ ਗ਼ਦਰ ਦੀ ਗੂੰਜ ਗਾਉਣ ਲਗ ਪਿਆ ਸੀ। "ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ"। ਇਸ ਨੇ ਕਰਤਾਰ ਸਿੰਘ ਸਰਾਭਾ ਦਾ ਮਨ ਬਦਲ ਦਿੱਤਾ ਸੀ। ਉਸ ਨੇ ਆਪਣੇ ਦੂਜੇ ਸਾਥੀਆਂ ਨੂੰ ਮਨਾਇਆ ਅਤੇ ਵਾਪਸ ਪਰਤ ਪਏ ਸਨ।

ਰਾਹ ਵਿਚ ਪੈਂਦੇ ਸ਼ਾਹਪੁਰ ਸਰਗੋਧੇ ਦੇ ਵਿਲਾਸਪੁਰੇ ਵਿਚ ਗੰਡੀਵਿੰਡ ਦਾ ਰਸਾਲਦਾਰ ਗੰਡਾ ਸਿੰਘ ਰਹਿੰਦਾ ਸੀ। ਜਗਤ ਸਿੰਘ ਨਾਲ ਉਹ ਰਸਾਲੇ ਵਿਚ ਵੀ ਰਿਹਾ ਸੀ ਅਤੇ ਲੋੜ ਪੈਣ ਉਤੇ ਮਦਦ ਕਰਨ ਦਾ ਯਕੀਨ ਵੀ ਦੁਆਉਂਦਾ ਰਿਹਾ ਸੀ। ਤਿੰਨੋਂ ਗ਼ਦਰੀ ਉਸ ਦੇ ਘਰ ਚਲੇ ਗਏ। ਉਪਰੋਂ-ਉਪਰੋਂ ਉਸ ਨੇ ਆਓ ਭਗਤ ਕੀਤੀ ਪਰ 2 ਮਾਰਚ 1915 ਨੂੰ ਪੁਲਸ ਦਾ ਛਾਪਾ ਮਰਵਾ ਕੇ ਮੰਜਿਆਂ 'ਤੇ ਪਿਆ ਨੂੰ ਹੀ ਗ੍ਰਿਫਤਾਰ ਕਰਵਾ ਦਿੱਤਾ ਸੀ।

ਗ੍ਰਿਫਤਾਰ ਕੀਤੇ ਗਏ ਸਾਰੇ ਗ਼ਦਰੀਆਂ ਉਪਰ ਲਾਹੌਰ ਸੈਂਟਰਲ ਜੇਲ੍ਹ ਵਿਚ ਸਾਜ਼ਿਸ਼ ਦਾ ਕੇਸ ਚਲਾਇਆ ਗਿਆ ਸੀ।

ਏਸੇ ਤਰ੍ਹਾਂ ਠਾਕਰ ਗੋਪਾਲ ਸਿੰਘ ਰਾਜਪੂਤਾਨਾ ਨੇ ਰਾਸ ਬਿਹਾਰ ਬੋਸ ਨਾਲ ਵਾਅਦਾ ਕੀਤਾ ਹੋਇਆ ਸੀ ਕਿ ਉਹ 21 ਫਰਵਰੀ ਦੀ ਬਗ਼ਾਵਤ ਵਿਚ 300 ਹਥਿਆਰਬੰਦ ਸਵਾਰ ਦੇਵੇਗਾ। ਬਗ਼ਾਵਤ ਵਿਚ ਸ਼ਾਮਲ ਕਰਾਉਣ ਲਈ ਰਾਸ ਬਿਹਾਰੀ ਬੋਸ ਨੇ ਆਪਣੇ ਇਕ ਮੁਸ਼ੀਰ ਮਨੀ ਲਾਲ ਤ੍ਰਿਵੇਦੀ ਨੂੰ ਦਿੱਲੀ ਭੇਜਿਆ ਜਿਹੜਾ ਬਾਲ ਕ੍ਰਿਸ਼ਨ ਤੇ ਰਾਮ ਨਾਥ ਨੂੰ ਨਾਲ ਲੈ ਕੇ ਠਾਕਰ ਗੋਪਾਲ ਸਿੰਘ ਨੂੰ ਮਿਲਿਆ ਸੀ। ਉਹ ਗ਼ਦਰ ਦੇ ਕੌਮੀ ਝੰਡੇ ਤੇ ਐਲਾਨੇ ਜੰਗ ਲਿਟਰੇਚਰ ਵੀ ਨਾਲ ਲੈ ਕੇ ਗਏ ਸਨ। ਮੌਕੇ ਉਤੇ ਠਾਕਰ ਗੋਪਾਲ ਸਿੰਘ ਟਾਲਮਟੋਲ ਕਰ ਗਿਆ ਸੀ ਪ੍ਰੰਤੂ ਅੰਗਰੇਜ਼ੀ ਹਕੂਮਤ ਨੇ ਉਸਨੂੰ ਬਖਸ਼ਿਆ ਨਹੀਂ ਸੀ। ਉਸ ਨੂੰ ਬਨਾਰਸ ਕੇਸ ਵਿਚ ਸ਼ਾਮਲ ਕਰ ਲਿਆ ਸੀ। ਰਾਸ ਬਿਹਾਰੀ ਬੋਸ ਫਰਾਰ ਹੋ ਕੇ ਜਪਾਨ ਚਲਾ ਗਿਆ ਸੀ।

ਗ਼ਦਰੀਆਂ ਨੂੰ ਗ੍ਰਿਫਤਾਰ ਕਰਨ ਲਈ ਪੁਲਸ ਨੇ ਥਾਂ-ਥਾਂ 'ਤੇ ਛਾਪੇ ਮਾਰੇ ਸਨ। ਗੁਰਦਾਸਪੁਰ ਜ਼ਿਲ੍ਹੇ ਦੇ ਹਰਗੋਬਿੰਦਪੁਰ ਪਿੰਡ ਵਿਚ ਛਾਪਾ ਮਾਰ ਕੇ ਪੁਲਸ ਨੇ ਸ਼ੰਘਾਈ ਅਤੇ ਹਾਂਗਕਾਂਗ ਤੋਂ ਪਰਤ ਗ਼ਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਸੀ। ਉਨ੍ਹਾਂ ਕੋਲੋਂ ਹਥਿਆਰ ਅਤੇ ਲਿਟਰੇਚਰ ਵੀ ਫੜਿਆ ਗਿਆ ਸੀ। ਗ੍ਰਿਫਤਾਰ ਕੀਤੇ ਇਨ੍ਹਾਂ ਗ਼ਦਰੀਆਂ ਵਿਚੋਂ ਸ਼ੇਰ ਸਿੰਘ ਨੂੰ ਲਾਹੌਰ ਸਾਜ਼ਿਸ਼ ਕੇਸ ਵਿਚ ਸ਼ਾਮਲ ਕੀਤਾ ਗਿਆ ਸੀ ਅਤੇ ਬਾਕੀ ਦਿਆਂ ਨੂੰ ਮੁਕਾਮੀ ਅਦਾਲਤਾਂ ਨੇ ਕਈ ਕਈ ਸਾਲ ਦੀ ਸਜ਼ਾ ਸੁਣਾਈ ਸੀ।

ਢੁਡੀਕੇ ਦਾ ਕੇਂਦਰ -ਮੁੜ ਇਕੱਤਰਤਾ ਤੇ ਬਦਲੇ ਦੀ ਭਾਵਨਾ

ਨੇੜੇ ਭਵਿੱਖ ਵਿਚ ਆਸ ਦੀ ਕੋਈ ਕਿਰਨ ਨਜ਼ਰ ਨਹੀਂ ਸੀ ਆਉਂਦੀ, ਪਰ ਬਾਹਰ ਰਹਿ ਗਏ ਗ਼ਦਰੀਆਂ ਦੇ ਹੌਸਲੇ ਫੇਰ ਵੀ ਬੁਲੰਦ ਸਨ। ਢੁਡੀਕੇ ਹੁਣ ਗ਼ਦਰੀਆਂ ਦਾ ਕੇਂਦਰ ਬਣ ਗਿਆ ਸੀ। ਤਾਰੀਖਦਾਨ ਇਸ ਨੂੰ ਲਾਲਾ ਲਾਜਪਤ ਰਾਏ ਦੀ ਜਨਮ ਭੂਮੀ ਕਹਿੰਦੇ ਹਨ। ਏਥੇ ਇਕੱਤਰ ਹੋਣ ਵਾਲੇ ਗ਼ਦਰੀਆਂ ਨੂੰ ਸਰਕਾਰੀ ਦਸਤਾਵੇਜ਼ਾਂ ਵਿਚ ਢੁਡੀਕੇ ਗੈਂਗ ਕਿਹਾ ਗਿਆ ਹੈ।

ਬਾਬਾ ਪਾਲਾ ਸਿੰਘ ਅਤੇ ਪਾਖਰ ਸਿੰਘ ਦੇ ਖੂਹ ਮੀਟਿੰਗਾਂ ਕਰਨ ਦੇ ਟਿਕਾਣੇ ਹੁੰਦੇ ਸਨ। ਮੀਟਿੰਗ ਤੇ ਰਿਹਾਇਸ਼ ਦਾ ਪ੍ਰਬੰਧ ਮਾਸਟਰ ਫੇਰਾ ਸਿੰਘ ਕਰਿਆ ਕਰਦੇ ਸਨ। ਇਨ੍ਹਾਂ ਗ਼ਦਰੀਆਂ ਦਾ ਬਹੁਤ ਗੁੱਸਾ ਮੁਖਬਰਾਂ ਅਤੇ ਗ਼ਦਾਰਾਂ ਉਤੇ ਸੀ ਜਿਸ ਕਰਕੇ ਉਨ੍ਹਾਂ ਦੇ ਇਰਾਦੇ ਬਦਲਾ ਲੈਣ 'ਤੇ ਕੇਂਦਰਤ ਸਨ। ਡਾ. ਅਰੂੜ ਸਿੰਘ ਸੰਘਵਾਲ ਨੇ ਢੁਡੀਕੇ ਆ ਕੇ ਬੰਬ ਬਣਾਉਣ ਦੀ ਸਿਖਲਾਈ ਸ਼ੁਰੂ ਕਰ ਦਿੱਤੀ ਸੀ ਅਤੇ ਪ੍ਰੇਮ ਸਿੰਘ ਦੇ ਅਜੇ ਵੀ ਫੌਜੀਆਂ ਨਾਲ ਤੁਅੱਲਕਾਤ ਕਾਇਮ ਸਨ।

ਗ਼ਦਰ ਕ੍ਰਿਪਾਲ ਸਿੰਘ ਨੂੰ ਮਾਰਨ ਦੀ ਜ਼ਿੰਮੇਵਾਰੀ ਖੁਦ ਪ੍ਰੇਮ ਸਿੰਘ ਨੇ ਲਈ ਸੀ। ਜੇਲ੍ਹਾਂ ਤੋੜ ਕੇ ਕੈਦੀ ਗ਼ਦਰੀਆਂ ਨੂੰ ਛੁਡਾਉਣ ਦੀ ਵੀ ਸਕੀਮ ਬਣਾਈ ਗਈ ਸੀ।

ਬਦਲੇ ਦੀ ਪਹਿਲੀ ਕਾਰਵਾਈ ਲਾਹੌਰ ਸ਼ਾਲੀਮਾਰ ਬਾਗ਼ ਵਿਚ ਲੱਗੇ ਮੇਲੇ 'ਤੇ ਕੀਤੀ ਗਈ ਸੀ ਜਦੋਂ ਪ੍ਰੇਮ ਸਿੰਘ ਦੀ ਡੀਟੈਚਮੈਂਟ ਦੇ ਬਦਨਾਮ ਥਾਣੇਦਾਰ ਉਤੇ ਬੰਬ ਸੁਟਿਆ ਸੀ। ਜਵੰਦ ਸਿੰਘ ਨੰਗਲ ਕਲਾਂ, ਬੂਟਾ ਸਿੰਘ ਅਕਾਲਗੜ੍ਹ, ਈਸ਼ਰ ਸਿੰਘ ਢੁਡੀਕੇ ਤੇ ਬੰਤਾ ਸਿੰਘ ਸੰਘਵਾਲ ਨੇ ਨੰਗਲ ਕਲਾਂ ਦੇ ਜ਼ੈਲਦਾਰ ਚੰਦਾ ਸਿੰਘ ਨੂੰ ਉਸ ਦੇ ਘਰ ਵਿਚ ਹੀ ਗੋਲੀਆਂ ਨਾਲ ਭੁੰਨ ਦਿੱਤਾ ਸੀ। ਚੰਦਾ ਸਿੰਘ ਨੇ 12 ਅਪ੍ਰੈਲ 1915 ਨੂੰ ਪਿਆਰਾ ਸਿੰਘ ਲੰਗੇਰੀ ਨੂੰ ਗ੍ਰਿਫਤਾਰ ਕਰਵਾਇਆ ਸੀ। ਸਰਦਾਰ ਬਹਾਦਰ ਰੂੜ ਸਿੰਘ 'ਤੇ ਕੀਤਾ ਵਾਰ ਖਾਲੀ ਚਲਾ ਗਿਆ ਸੀ। ਇਹ ਅੰਗਰੇਜ਼ਾਂ ਦਾ ਥਾਪਿਆ ਹੋਇਆ ਦਰਬਾਰ ਸਾਹਿਬ ਦਾ ਪ੍ਰਧਾਨ ਸੀ ਅਤੇ ਉਸਨੇ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਕਰਵਾ ਕੇ ਗ਼ਦਰੀਆਂ ਨੂੰ ਕੁਰਾਹੀਏ ਅਤੇ ਪਤਿਤ ਕਹਿ ਕੇ ਗਰਦਾਨਿਆ ਸੀ। ਉਨ੍ਹਾਂ ਨੂੰ Apostats ਕਾਫਰ ਦੱਸਿਆ ਸੀ। ਇਸ ਵਾਰ ਰੂੜ ਸਿੰਘ ਦਾ ਸਾਥੀ ਸਰਦਾਰ ਬਹਾਦਰ ਅੱਛਰ ਸਿੰਘ ਅੜਿੱਕੇ ਚੜ੍ਹ ਗਿਆ ਸੀ। ਉਹ ਖੂਹ 'ਤੇ ਨਹਾ ਰਿਹਾ ਸੀ ਜਦੋਂ ਉਸਨੂੰ ਕਾਲਾ ਸਿੰਘ ਅਤੇ ਚੰਨਣ ਸਿੰਘ ਨੇ ਤਲਵਾਰ ਨਾਲ ਕਤਲ ਕਰ ਦਿੱਤਾ ਸੀ। ਇਸ ਮੌਕੇ 'ਤੇ ਕੋਈ ਪਿੰਡ ਦਾ ਆਦਮੀ ਨੇੜੇ ਨਾ ਫਟਕਿਆ ਕਿਉਂਕਿ ਉਸਨੇ ਸਾਰੇ ਪਿੰਡ ਨੂੰ ਹੀ ਦੁਖੀ ਕੀਤਾ ਹੋਇਆ ਸੀ।

ਵੱਲੋ ਪੁਲ ਦਾ ਸਾਕਾ

ਢੁਡੀਕੇ ਕੇਂਦਰ ਨੇ ਕਪੂਰਥਲੇ ਦਾ ਅਸਲ੍ਹਾਖਾਨਾ ਲੁਟਣ ਦੀ ਸਕੀਮ ਬਣਾਈ ਸੀ ਜਿਸ ਲਈ ਬੰਦੂਕਾਂ ਦੀ ਲੋੜ ਸੀ। ਇਸ ਕੰਮ ਲਈ ਗ਼ਦਰੀਆਂ ਨੇ ਦੋਰਾਹਾ ਪੁਲ 'ਤੇ ਲਗੀ ਗਾਰਦ ਦੀਆਂ ਬੰਦੂਕਾਂ ਖੋਹਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬੀ ਨਾ ਮਿਲੀ। ਬੰਤਾ ਸਿੰਘ ਸੰਘਵਾਲ ਅਤੇ ਜਵੰਦ ਸਿੰਘ ਨੰਗਲ ਦੀ ਡਿਊਟੀ ਲਗੀ ਕਿ ਉਹ ਅੰਮ੍ਰਿਤਸਰ ਜ਼ਿਲ੍ਹੇ ਵਿਚ ਵੱਲੇ ਨਹਿਰ ਦੇ ਪੁਲ 'ਤੇ ਲਗੀ ਗਾਰਦ ਦੀਆਂ ਬੰਦੂਕਾਂ ਖੋਹਣ। ਇਹ ਗ਼ਦਰੀ ਡੀਟੈਚਮੈਂਟ ਗਾਰਦ ਦੇ ਤੰਬੂ ਨੇੜੇ ਹਨ੍ਹੇਰੇ ਵਿਚ ਲੇਟੀ ਰਹੀ ਸੀ। ਕਾਫੀ ਰਾਤ ਗਈ ਜਦੋਂ ਮਾਲ ਗੱਡੀ ਲੰਘ ਰਹੀ ਸੀ ਉਸ ਦੇ ਖੜਾਕੇ ਦਾ ਫਾਇਦਾ ਉਠਾ ਲਿਆ। ਗ਼ਦਰੀਆਂ ਨੇ ਸੰਤਰੀਆਂ ਅਤੇ ਹਵਾਲਦਾਰ ਨੂੰ ਗੋਲੀਆਂ ਮਾਰਕੇ ਹਲਾਕ ਕਰ ਦਿੱਤਾ ਤੇ ਲਾਸ਼ਾਂ ਨਹਿਰ ਦੇ ਪਾਣੀ ਵਿਚ ਸੁੱਟ ਦਿੱਤੀਆਂ ਸਨ। ਬੰਤਾ ਸਿੰਘ ਸੰਘਵਾਲ ਅਤੇ ਕਾਲਾ ਸਿੰਘ ਨੇ ਗਾਰਦ ਦੀਆਂ ਫੌਜੀ ਵਰਦੀਆਂ ਪਹਿਨ ਲਈਆਂ ਅਤੇ ਬੰਦੂਕਾਂ ਲਟਕਾ ਤੁਰ ਪਏ ਸਨ। ਰਾਹ ਵਿਚ ਜਾਂਦਿਆਂ ਗ਼ਦਰੀਆਂ ਨੇ ਇਕ ਰਾਜਪੂਤ ਜ਼ੈਲਦਾਰ ਦਾ ਘੋੜਾ ਵੀ ਖੋਹ ਲਿਆ ਸੀ ਜਿਸ 'ਤੇ ਸਵਾਰ ਹੋ ਕੇ ਉਹ ਅੱਗੇ ਵਧੇ ਸਨ। ਗੋਇੰਦਵਾਲ ਨੇੜੇ ਜਦੋਂ ਉਹ ਬੇੜੀ ਰਾਹੀਂ ਬਿਆਸ ਦਰਿਆ ਪਾਰ ਕਰ ਰਹੇ ਸਨ ਤਾਂ ਉਨ੍ਹਾਂ ਦਾ ਪਿੱਛਾ ਕਰ ਰਹੀ ਪੁਲਸ ਦਰਿਆ 'ਤੇ ਪਹੁੰਚੀ ਸੀ। ਮੁਕਾਬਲੇ ਵਿਚ ਬੇੜੀ ਦਾ ਮਲਾਹ ਮਾਰਿਆ ਗਿਆ ਪਰ ਗ਼ਦਰੀ ਪਾਰ ਲੱਗ ਗਏ ਸਨ। ਉਨ੍ਹਾਂ ਨੇ 36 ਘੰਟੇ ਮੀਲਾਂਬੱਧੀ ਪੁਲਸ ਦਾ ਮੁਕਾਬਲਾ ਕੀਤਾ ਸੀ। ਉਹ ਭੁੱਖੇ ਵੀ ਸਨ ਅਤੇ ਪੈਰਾਂ ਤੋਂ ਜ਼ਖਮੀ

ਹੋ ਚੁੱਕ ਸਨ। ਗ਼ਦਰੀਆਂ ਨੇ ਦਰਿਆ ਦੇ ਮੰਡ ਵਿਚ ਹਥਿਆਰ ਦੱਬ ਦਿੱਤੇ। ਫਿਰੋਜ਼ਪੁਰ ਦੀ ਤਲਵੰਡੀ ਦੁਸਾਂਝ ਦਾ ਰੂੜ ਸਿੰਘ ਕੱਪੜਿਆਂ ਦੀ ਗਠੜੀ ਚੁੱਕੀ ਆ ਰਿਹਾ ਸੀ। ਗ਼ਦਰੀਆਂ ਨੇ ਇਸ ਤੋਂ ਕੱਪੜੇ ਲੈ ਕੇ ਬਦਲ ਲਏ ਸਨ ਅਤੇ ਚਾਰੇ ਪਾਸੇ ਖਿੰਡ-ਪੁੰਡ ਗਏ ਸਨ। ਪੁਲਸ ਨੇ ਬੀਰ ਸਿੰਘ ਬਾਹੋਵਾਲ ਨੂੰ ਜਲੰਧਰ ਦੇ ਪਿੰਡ ਚਿੱਟੀ ਦੇ ਗੁਰਦੁਆਰੇ ਵਿਚੋਂ ਗ੍ਰਿਫਤਾਰ ਕਰ ਲਿਆ ਸੀ।

ਗ਼ਦਰੀ ਡੀਟੈਚਮੈਂਟ ਦਾ ਇਹ ਸਭ ਤੋਂ ਲੰਬਾ ਅਤੇ ਬਹਾਦਰਾਨਾ ਮੁਕਾਬਲਾ ਸੀ। ਉਪਰ ਦੱਸਿਆ ਤੋਂ ਬਿਨਾਂ ਇਸ ਡੀਟੈਚਮੈਂਟ ਦੇ ਦੂਜੇ ਸਾਥੀ ਰੋਡਾ ਸਿੰਘ, ਕਾਲਾ ਸਿੰਘ ਜਗਤਪੁਰ, ਚੰਨਣ ਸਿੰਘ ਪਿੰਡ ਬੂੜ ਚੰਦ ਤੇ ਬਚਨ ਸਿੰਘ ਢੁਡੀਕੇ ਸਨ।

ਉਨ੍ਹਾਂ ਦਿਨਾਂ ਵਿਚ ਪਹਾੜੀ ਰਿਆਸਤ ਮੰਡੀ ਦੇ ਮੀਆਂ ਜਵਾਹਰ ਸਿੰਘ ਨੇ ਬਾਬੂ ਰਾਮ ਰਾਹੀਂ ਗ਼ਦਰੀਆਂ ਨੂੰ ਸੱਦਾ ਦਿੱਤਾ ਸੀ ਕਿ ਉਹ ਰਿਆਸਤ ਵਿਚ ਆ ਕੇ ਤਿਆਰੀ ਕਰਨ। ਬਾਬਾ ਨਿਧਾਨ ਸਿੰਘ ਚੁੱਘਾ ਅਤੇ ਅਰੂੜ ਸਿੰਘ ਚੂੜਚੱਕ ਮਲਕ ਚੀਮਨੇ ਨੇ ਇਕ ਖੂਹ 'ਤੇ ਬਾਬੂ ਰਾਮ ਫਤਿਹਗੜ੍ਹ ਦਾ ਇੰਤਜ਼ਾਰ ਕਰ ਰਹੇ ਸਨ। ਪੁਲਸ ਮੁਖਬਰ ਨੇ ਪੁਲਸ ਨੂੰ ਇਤਲਾਹ ਦੇ ਕੇ ਦੋਹਾਂ ਗ਼ਦਰੀਆਂ ਨੂੰ ਬੇਹਿਥਆਰ ਗ੍ਰਿਫਤਾਰ ਕਰਵਾ ਦਿੱਤਾ ਸੀ। ਉਸ ਸਮੇਂ ਨਿਧਾਨ ਸਿੰਘ ਕੋਲ ਕੇਵਲ ਇਕ ਚਾਕੂ ਸੀ ਜਿਸ ਨਾਲ ਵਾਰ ਕਰਕੇ ਉਸਨੇ ਇਕ ਪੁਲਸੀਆ ਜ਼ਖਮੀ ਵੀ ਕਰ ਦਿੱਤਾ ਸੀ। ਪੁਲਸ ਨੇ ਇਨ੍ਹਾਂ ਦੋਹਾਂ ਗ਼ਦਰੀਆਂ ਨੂੰ ਸਾਜ਼ਿਸ ਕੇਸ ਭੁਗਤਣ ਨਹੀ ਲਾਹੌਰ ਜੇਲ੍ਹ ਵਿਚ ਭੇਜ ਦਿੱਤਾ ਸੀ। ਪੈਰਾਂ ਤੋਂ ਜ਼ਖਮੀ ਹੋਏ ਬੰਤਾ ਸਿੰਘ ਸੰਘਵਾਲ ਨੂੰ ਉਸ ਦਾ ਸਾਂਢੂ ਇਲਾਜ ਦੇ ਬਹਾਨੇ ਆਪਣੇ ਪਿੰਡ ਲੈ ਗਿਆ ਅਤੇ ਗ੍ਰਿਫਤਾਰ ਕਰਵਾ ਦਿੱਤਾ ਸੀ। ਇਸ ਦੇ ਰੋਸ ਵਜੋਂ ਮੁਖਬਰ ਦੀ ਸੱਜ-ਵਿਆਹੀ ਪਤਨੀ ਨੇ ਸਹੁਰੇ ਜਾਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਸਾਰੀ ਉਮਰ ਪੇਕੇ ਘਰ ਗੁਜ਼ਾਰੀ ਸੀ। ਉਹ ਬਾਕੀ ਦੀ ਜ਼ਿੰਦਗੀ ਪੁਰਸ਼ਾਂ ਵਾਂਗ ਸਿਰ 'ਤੇ ਦਸਤਾਰ ਸਜਾ ਕੇ ਅੰਗਰੇਜ਼ਾਂ ਵਿਰੁੱਧ ਹਰ ਮੋਰਚੇ ਵਿਚ ਹਿੱਸਾ ਲੈਂਦੀ ਰਹੀ ਸੀ। ਬੰਤਾ ਸਿੰਘ ਸੰਘਵਾਲ ਦੀ ਗ੍ਰਿਫਤਾਰੀ ਦਾ ਬਦਲਾ ਲੈਣ ਲਈ ਅਰੂੜ ਸਿੰਘ ਸੰਘਵਾਲ ਨੇ ਮੁਖਬਰ ਤੇ ਉਸਦੇ ਬਾਪ 'ਤੇ ਖੇਤਾਂ ਵਿਚ ਜਾ ਕੇ ਹਮਲਾ ਕੀਤਾ ਅਤੇ ਗੋਲੀਆਂ ਨਾਲ ਉਡਾ ਦਿੱਤੇ ਸਨ।

ਪੱਧਰੀ ਕਲਾਂ ਦਾ ਇਕ ਸ਼ਾਹੂਕਾਰ ਕਪੂਰ ਸਿੰਘ ਗ਼ਦਰ ਸਾਜ਼ਿਸ਼ ਕੇਸ ਵਿਚ ਗਵਾਹ ਵੀ ਸੀ ਅਤੇ ਉਸਨੇ ਕਈ ਗ਼ਦਰੀਆਂ ਨੂੰ ਗ੍ਰਿਫਤਾਰ ਵੀ ਕਰਵਾਇਆ ਸੀ। ਝਾੜ ਸਾਹਿਬ ਦੀ ਮੀਟਿੰਗ ਦੀ ਇਤਲਾਹ ਵੀ ਉਸੇ ਨੇ ਹੀ ਪੁਲਸ ਨੂੰ ਦਿੱਤੀ ਸੀ। ਨੌਜਵਾਨ ਗ਼ਦਰੀ ਲਾਲ ਸਿੰਘ ਭੂਰੇ ਨੂੰ ਵੀ ਉਸੇ ਨੇ ਹੀ ਗ੍ਰਿਫਤਾਰ ਕਰਵਾਇਆ ਸੀ। ਇਸ ਦਾ ਬਦਲਾ ਲੈਣ ਲਈ ਪ੍ਰੇਮ ਸਿੰਘ ਸੁਰਸਿੰਘ ਤੇ ਹਰਦਿੱਤ ਸਿੰਘ ਡੱਡੇਵਾਲ ਨੇ ਉਸ ਨੂੰ ਮਾਰ ਮੁਕਾਇਆ। ਇਸ ਕੇਸ ਵਿਚ ਹਰਦਿੱਤ ਸਿੰਘ ਨੂੰ ਭਾਵੇਂ ਮੌਤ ਦੀ ਸਜ਼ਾ ਸੁਣਾਈ ਸੀ ਪਰ ਉਹ ਜ਼ਿੰਦਗੀ ਭਰ ਪੁਲਸ ਦੇ ਹੱਥ ਨਾ ਆਇਆ। ਪਰ ਬਾਬਾ ਕਰਮ ਸਿੰਘ ਚੀਮਾ ਨੂੰ ਉਹ ਸਾਧੂ ਦੇ ਭੇਸ ਵਿਚ ਮਿਲਦਾ ਰਿਹਾ ਸੀ।

ਈਸ਼ਰ ਸਿੰਘ ਢੁੱਡੀਕੇ ਤੇ ਉਤਮ ਸਿੰਘ ਹਾਂਸ ਨੇ ਫਰੀਦਕੋਟ ਰਿਆਸਤ ਦੀ ਉਜਾੜ ਵਿਚ ਕੁਟੀਆ ਬਣਾ ਕੇ ਰਿਹਾਇਸ਼ ਕੀਤੀ ਹੋਈ ਸੀ। ਭਗਤ ਸਿੰਘ ਉਰਫ ਗਾਂਧਾ ਸਿੰਘ ਕੱਚਰ ਭਾਨ ਇਨ੍ਹਾਂ ਕੋਲ ਅਉਂਦਾ ਜਾਂਦਾ ਸੀ। ਮੁਖਬਰ ਦੀ ਇਤਲਾਹ 'ਤੇ ਪੁਲਸ ਨੇ ਭਾਰੀ ਫੋਰਸ ਲੈ ਕੇ ਕੁਟੀਆ ਨੂੰ ਘੇਰਾ ਪਾ ਲਿਆ ਸੀ। ਦੋਹਵੇਂ ਗ਼ਦਰੀ ਖੇਤ ਵਿਚ ਗੁਆਰੇ ਦੀਆਂ ਫਲੀਆਂ ਤੋੜ ਰਹੇ ਸਨ ਜਦੋਂ ਪੁਲਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਸੀ। ਉਨ੍ਹਾਂ ਨੇ ਦੌੜਨ ਦੀ ਕੋਸ਼ਿਸ਼ ਵੀ ਕੀਤੀ ਪਰ ਸਫਲ ਨਾ ਹੋਏ। ਏਸੇ ਹੀ ਇਲਾਕੇ ਵਿਚੋਂ ਗਾਂਧਾ ਸਿੰਘ ਕੱਚਰ ਭਾਨ ਵੀ ਫੜਿਆ ਗਿਆ ਸੀ।

ਪ੍ਰੇਮ ਸਿੰਘ ਨੇ ਗ਼ਦਰ ਦਾ ਪ੍ਰਚਾਰ ਲਗਾਤਾਰ ਪਿੰਡਾਂ ਵਿਚ ਜਾਰੀ ਰੱਖਿਆ। ਉਹ ਗ਼ਦਰ ਦੀ ਗੂੰਜ ਵੰਡਦਾ ਤੇ ਲੋਕਾਂ ਨੂੰ ਇਕੱਠੇ ਕਰਕੇ ਗਾਉਂਦਾ ਸੀ। ਅੰਤ ਇਕ ਦਿਨ ਉਸਨੂੰ ਸਹਿੰਸਰਾ ਪਿੰਡ ਵਿਚੋਂ ਪੁਲਸ ਨੇ ਗ੍ਰਿਫਤਾਰ ਕਰ ਲਿਆ ਸੀ।

ਸਭ ਤੋਂ ਆਖਰੀ ਗ੍ਰਿਫਤਾਰੀ ਜਵੰਦ ਸਿੰਘ ਨੰਗਲ ਕਲਾਂ ਦੀ ਹੋਈ ਸੀ। ਜਵੰਦ ਸਿੰਘ ਨੂੰ ਉਸਦੇ ਪਿੰਡ ਨੰਗਲ ਕਲਾਂ ਤੋਂ ਗ੍ਰਿਫਤਾਰ ਕੀਤਾ ਗਿਆ ਸੀ।

ਇਨ੍ਹਾਂ ਗ਼ਦਰੀਆਂ ਦੀਆਂ ਗ੍ਰਿਫਤਾਰੀਆਂ ਨਾਲ ਪੰਜਾਬ ਦੀ ਧਰਤੀ 'ਤੇ ਗ਼ਦਰ ਦੀਆਂ ਸਰਗਰਮੀਆਂ ਕੁਝ ਸਮੇਂ ਲਈ ਮੱਠੀਆਂ ਪੈ ਗਈਆਂ ਸਨ।

ਲਾਹੌਰ ਗ਼ਦਰ ਸਾਜ਼ਿਸ਼ ਕੇਸ

ਨਾ ਵਕੀਲ, ਨਾ ਦਲੀਲ, ਨਾ ਅਪੀਲ

ਪਹਿਲਾ ਲਾਹੌਰ ਸਾਜ਼ਿਸ਼ ਕੇਸ 26 ਅਪ੍ਰੈਲ 1915 ਨੂੰ ਡੀਫ਼ੈਂਸ ਆਫ ਇੰਡੀਆ ਐਕਟ ਅਧੀਨ ਸ਼ੁਰੂ ਹੋਇਆ ਸੀ। ਕੇਸ ਦੀ ਸੁਣਵਾਈ ਲਾਹੌਰ ਜੇਲ੍ਹ ਦੇ ਅੰਦਰ ਸ਼ੁਰੂ ਹੋਈ ਜਿਸ ਦੀ ਰੱਖਿਆ ਲਈ ਚਾਰ ਦੀਵਾਰੀ ਦੇ ਨਾਲ ਫੌਜ ਗਸ਼ਤ ਲਾਉਂਦੀ ਰਹਿੰਦੀ ਸੀ। ਗ਼ਦਰੀਆਂ ਨੇ ਆਪ ਕੋਈ ਵਕੀਲ ਨਹੀਂ ਸੀ ਕੀਤਾ ਪਰ ਸਰਕਾਰ ਨੇ ਆਪਣੇ ਵਲੋਂ ਕੁਝ ਵਕੀਲ ਡੀਫੈਂਸ ਵਾਸਤੇ ਮੁੱਕਰਰ ਕੀਤੇ।

65 ਗ਼ਦਰੀਆਂ ਦੇ ਖਿਲਾਫ਼ ਮੁਕੱਦਮਾ ਸ਼ੁਰੂ ਹੋਇਆ ਸੀ ਜਿਨ੍ਹਾਂ ਵਿਚੋਂ 16 ਮਫਰੂਰ ਕਰਾਰ ਦਿੱਤੇ ਗਏ ਸਨ। ਇਨ੍ਹਾਂ ਗ਼ਦਰੀਆਂ ਵਿਚ ਉਹ ਵੀ ਸ਼ਾਮਲ ਸਨ, ਜਿਨ੍ਹਾਂ ਨੂੰ ਜਹਾਜ਼ਾਂ ਤੋਂ ਉੱਤਰਦਿਆਂ ਨੂੰ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਕੇਸ ਵਿਚ ਸ਼ਾਮਲ ਕਰਨ ਲਈ ਦੂਜੀਆਂ ਜੇਲ੍ਹਾਂ ਵਿਚੋਂ ਲਾਂਹੌਰ ਲੈ ਆਂਦਾ ਗਿਆ ਸੀ। ਇਨ੍ਹਾਂ ਵਿਰੁੱਧ ਬਾਦਸ਼ਾਹ ਜਾਰਜ ਪੰਚਮ ਦਾ ਤਖਤਾ ਉਲਟਾਉਣ ਦੀ ਸਾਜ਼ਿਸ਼ ਦਾ ਦੋਸ਼ ਲਾ ਕੇ ਦਫਾ 121 ਤੇ 121 ਏ ਅਧੀਨ ਮੁਕੱਦਮਾ ਚਲਾਇਆ ਗਿਆ ਸੀ। ਸੁਣਵਾਈ ਕਰਨ ਲਈ ਤਿੰਨ ਮੈਂਬਰੀ ਟ੍ਰਿਬਿਊਨਲ ਬਿਠਾਇਆ ਗਿਆ ਸੀ ਜਿਸ ਦੇ ਮੈਂਬਰ ਮੇਜਰ ਇਰਵਨ, ਐਲਿਸ ਅਤੇ ਲਾਹੌਰ ਹਾਈਕੋਰਟ ਦਾ ਵਕੀਲ ਰਾਏ ਬਹਾਦਰ ਸ਼ਿਵ ਨਰਾਇਣ ਸਨ। ਇਸ ਟ੍ਰਿਬਿਊਨਲ ਦੇ ਫ਼ੈਸਲੇ ਵਿਰੁੱਧ ਅਪੀਲ ਨਹੀਂ ਹੋ ਸਕਦੀ ਸੀ। ਮੁਕੱਦਮੇ ਦੀ ਕਾਰਵਾਈ ਕਿਸ ਤਰ੍ਹਾਂ ਚੱਲੀ ਅਤੇ ਗ਼ਦਰੀਆਂ ਨਾਲ ਕੀ ਸਲੂਕ ਹੋਇਆ, ਉਸ ਦਾ

ਤਸਵੀਰ ਇਸ ਮੁਕੱਦਮੇ ਤੇ ਭਾਈਵਾਲ ਮਾਸਟਰ ਊਧਮ ਸਿੰਘ ਨੇ ਆਪਣੀ ਹੱਥ ਲਿਖਤ 'ਯਾਦੇ ਰਫ਼ਤਗਾਂ' 'ਚ ਇਸ ਤਰ੍ਹਾਂ ਪੇਸ਼ ਕੀਤੀ ਹੈ : 13 ਸਤੰਬਰ ਨੂੰ ਟ੍ਰਿਬਿਊਨਲ ਨੇ ਆਪਣਾ ਫੈਸਲਾ ਸੁਣਾ ਦਿੱਤਾ। 24 ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਅਤੇ 27 ਨੂੰ ਉਮਰ ਕੈਦ ਕਾਲੇ ਪਾਣੀ ਅਤੇ ਬਾਕੀਆਂ ਨੂੰ ਉਮਰ ਕੈਦ ਤੋਂ ਕੁਝ ਘਟ ਸਜ਼ਾਵਾਂ ਹੋਈਆਂ। ਸਭ ਦੀ ਜਾਇਦਾਦ ਜ਼ਬਤੀ ਦੇ ਹੁਕਮ ਦੇ ਦਿੱਤੇ ਗਏ। ਚਾਰ ਮੁਲਾਜ਼ਮ ਬਰੀ ਕਰ ਦਿੱਤੇ ਜਿਨ੍ਹਾਂ ਵਿਚ ਕਿਦਾਰ ਨਾਥ ਸਹਿਗਲ ਅਤੇ ਆਨੰਦ ਕਿਸ਼ੋਰ ਲਾਹੌਰ ਸ਼ਾਮਲ ਸਨ। ਮੁਕੱਦਮੇ ਦੇ ਦੌਰਾਨ ਬਾਬਾ ਜੁਆਲਾ ਸਿੰਘ ਨੂੰ ਹੱਤਕ ਅਦਾਲਤ ਦੇ ਜੁਰਮ ਵਿਚ 30 ਬੈਂਤਾਂ ਮਾਰੀਆਂ ਗਈਆਂ। ਹਰ ਰੋਜ਼ ਪ੍ਰੈਸ ਨੂੰ ਗੌਰਮਿੰਟ ਵੱਲੋਂ ਸਮਰੀ ਰੀਪੋਰਟ ਦਿੱਤੀ ਜਾਂਦੀ ਸੀ। ਇਨ੍ਹਾਂ ਸਖ਼ਤ ਸਜ਼ਾਵਾਂ ਦਾ ਸਾਰੇ ਮੁਲਕ ਵਿਚ ਰੌਲਾ ਪੈ ਗਿਆ। ਪੰਡਤ ਮਾਲਵੀਆ, ਭਾਈ ਪਰਮਾਨੰਦ ਲਾਹੌਰ ਦਾ ਜਾਤੀ ਦੋਸਤ ਸੀ। ਉਸਨੇ ਵਾਇਸਰਾਏ ਦੀ ਕੌਂਸਲ ਵਿਚ ਸਵਾਲ ਉਠਾਇਆ ਸੀ ਕਿ ਉਹ ਲੋਕ ਜਿਨ੍ਹਾਂ ਨੇ ਹਿੰਦੋਸਤਾਨ ਦੀ ਧਰਤੀ 'ਤੇ ਆ ਕੇ ਕੁਝ ਕੀਤਾ ਹੀ ਨਹੀਂ ਤੇ ਜਹਾਜ਼ਾਂ ਵਿਚੋਂ ਹੀ ਫੜ ਲਏ ਗਏ ਸਨ, ਉਨ੍ਹਾਂ ਨੂੰ ਵੀ ਫਾਂਸੀ ਦੀ ਸਜ਼ਾ ਦੇਣਾ ਜ਼ੁਲਮ ਦੀ ਹੱਦ ਹੈ। ਵਾਇਸਰਾਏ ਲਾਰਡ ਹਾਰਡਿੰਗ ਵੀ ਘਬਰਾ ਗਿਆ ਸੀ। ਬਾਬਾ ਸੋਹਣ ਸਿੰਘ ਭਕਨਾ ਤੇ ਉਸਦੇ ਸਾਥੀਆਂ ਨੇ ਰਹਿਮ ਦੀ ਅਪੀਲ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਜਿਹੜੀ ਹਕੂਮਤ ਬਾਹਰੋਂ ਆਇਆ ਨੂੰ ਜਹਾਜ਼ਾਂ ਤੋਂ ਹੀ ਗ੍ਰਿਫਤਾਰ ਕਰਕੇ ਮੌਤ ਦੀ ਸਜ਼ਾ ਦੇ ਸਕਦੀ ਹੈ, ਸਾਨੂੰ ਉਸ ਤੋਂ ਇਨਸਾਫ ਦੀ ਉਮੀਦ ਨਹੀਂ, ਅਸੀਂ ਕੋਈ ਰਹਿਮ ਦੀ ਅਪੀਲ ਨਹੀਂ ਕਰਨੀ।

ਗਵਰਨਰ ਪੰਜਾਬ ਅਡਵਾਇਰ ਦੀ ਮਰਜ਼ੀ ਤੋਂ ਬਿਨਾਂ ਲਾਰਡ ਹਾਰਡਿੰਗ ਖ਼ੁਦ ਲਾਹੌਰ ਪਹੁੰਚਾ। ਉਸਨੇ ਆਪਣੇ ਖਾਸ ਅਧਿਕਾਰ ਵਰਤ ਕੇ 17 ਗ਼ਦਰੀਆਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਸੀ। ਇਨ੍ਹਾਂ ਸਤਾਰਾਂ ਗ਼ਦਰੀਆਂ ਵਿਚ ਇਹ ਵੀ ਸਨ: ਕੇਸਰ ਸਿੰਘ, ਪ੍ਰਿਥਵੀ ਸਿੰਘ, ਹਰਨਾਮ ਸਿੰਘ ਟੁੰਡੀਲਾਟ, ਨਿਧਾਨ ਸਿੰਘ ਚੁੱਘਾ, ਊਧਮ ਸਿੰਘ ਕਸੇਲ ਇਨ੍ਹਾਂ ਨੂੰ ਵੀ ਦੂਸਰਿਆਂ ਦੇ ਨਾਲ ਕਾਲੇ ਪਾਣੀ ਭੇਜ ਦਿੱਤਾ।

ਕਰਤਾਰ ਸਿੰਘ ਸਰਾਭਾ ਉਦੋਂ 18 ਸਾਲਾਂ ਦਾ ਸੀ ਜਿਸ ਦੇ ਸਮੇਤ ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸੁਰਸਿੰਘ, ਹਰਨਾਮ ਸਿੰਘ ਗੁਰਾਏ ਭੱਟੀ ਸਿਆਲਕੋਟ, ਬਖਸ਼ੀਸ਼ ਸਿੰਘ, ਸੁਰੈਣ ਸਿੰਘ ਛੋਟਾ ਅਤੇ ਸੁਰੈਣ ਸਿੰਘ ਵੱਡਾ ਗਿਲਵਾਲੀ ਨੂੰ 17 ਨਵੰਬਰ 1915 ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦੇ ਦਿੱਤਾ ਗਿਆ ਸੀ।

ਸਮਰੀ ਟਰਾਇਲਾਂ

ਅਜੇ ਪਹਿਲਾ ਸਾਜ਼ਿਸ਼ ਕੇਸ ਚਲ ਰਿਹਾ ਸੀ ਕਿ ਬਾਹਰ ਬਚੇ ਗ਼ਦਰੀਆਂ ਨੇ ਵੱਲੇ ਪੁਲ ਦਾ ਸਾਕਾ ਕਰ ਦਿੱਤਾ। ਅੰਗਰੇਜ਼ਾਂ ਦੇ ਝੋਲੀ ਚੁਕ ਜਗਤਪੁਰੇ ਦੇ ਅੱਛਰ ਸਿੰਘ ਅਤੇ ਨੰਗਲ ਕਲਾਂ ਦੇ ਜ਼ੈਲਦਾਰ ਨੂੰ ਮਾਰ ਦਿੱਤਾ। ਲਾਹੌਰ ਦੇ ਅਨਾਰਕਲੀ ਬਜ਼ਾਰ ਵਿਚ

ਪਹਿਲਾਂ ਹੀ ਇਕ ਥਾਣੇਦਾਰ ਮਾਰਿਆ ਜਾ ਚੁੱਕਾ ਸੀ।

ਇਨ੍ਹਾਂ ਘਟਨਾਵਾਂ ਨੇ ਅਡਵਾਇਰ ਨੂੰ ਲੋਹਾ ਲਾਖਾ ਕਰ ਦਿੱਤਾ ਕਿਉਂਕਿ ਉਹ ਪਹਿਲੀਆਂ ਗ੍ਰਿਫਤਾਰੀਆਂ ਕਰ ਕੇ ਸਮਝਦਾ ਸੀ ਕਿ ਕਿੱਸਾ ਖਤਮ ਹੋ ਚੁੱਕਾ ਹੈ। ਉਹ ਫੜੇ ਹੋਏ ਗ਼ਦਰੀਆਂ ਨੂੰ ਜਲਦੀ ਤੋਂ ਜਲਦੀ ਮੌਤ ਦੇ ਘਾਟ ਉਤਾਰ ਦੇਣਾ ਚਾਹੁੰਦਾ ਸੀ। ਪਹਿਲਾਂ ਚੱਲ ਰਿਹਾ ਸਾਜ਼ਿਸ਼ ਕੇਸ ਕੁਝ ਸਮੇਂ ਲਈ ਵਿਚੋਂ ਹੀ ਬੰਦ ਕਰਕੇ ਉਪਰਲੇ ਸਾਕਿਆਂ ਵਿਚ ਫੜੇ ਗ਼ਦਰੀਆਂ ਨੂੰ ਦਿਨਾਂ ਵਿਚ ਹੀ ਸਮਰੀ ਟਰਾਇਲ ਕਰਕੇ ਫਾਂਸੀ ਲਾ ਦਿੱਤਾ ਗਿਆ।

ਬੰਤਾ ਸਿੰਘ ਸੰਘਵਾਲ, ਕਾਲਾ ਸਿੰਘ ਜਗਤਪੁਰ, ਚੰਨਣ ਸਿੰਘ ਬੂੜ ਚੰਦ (ਲਾਹੌਰ), ਹਰਨਾਮ ਸਿੰਘ ਅਤੇ ਆਤਮਾ ਸਿੰਘ ਦੋਨੋਂ ਠੱਠੀ ਖਾਰਾ (ਅੰਮ੍ਰਿਤਸਰ) ਤੇ ਬੂਟਾ ਸਿੰਘ ਅਕਾਲਗੜ੍ਹ ਨੂੰ 12 ਅਗਸਤ 1915 ਨੂੰ, ਜਵੰਦ ਸਿੰਘ ਨੰਗਲ ਕਲਾਂ ਨੂੰ 27 ਜੁਲਾਈ 1917 ਨੂੰ ਤੇ ਸੱਜਣ ਸਿੰਘ ਖੁਖਰਾਨਾ ਫਿਰੋਜ਼ਪੁਰ ਨੂੰ 16 ਮਈ 1916 ਨੂੰ ਫਾਂਸੀਆਂ ਦਿੱਤੀਆਂ ਗਈਆਂ।

ਇਨ੍ਹਾਂ ਗ਼ਦਰੀਆਂ ਤੋਂ ਪੰਜਾਬ ਪੁਲਸ ਬਹੁਤ ਭੈਅ-ਭੀਤ ਸੀ। ਇਨ੍ਹਾਂ ਨੇ ਗ਼ਦਰੀ ਬਗ਼ਾਵਤ ਦੇ ਸਾਰੇ ਅਹਿਮ ਸਾਕਿਆਂ ਵਿਚ ਹਿੱਸਾ ਲਿਆ ਸੀ।

ਦੂਜਾ ਲਾਹੌਰ ਗ਼ਦਰ ਸਾਜ਼ਿਸ਼ ਕੇਸ

ਦੂਜਾ ਸਾਜ਼ਿਸ਼ ਕੇਸ ਵੀ ਲਾਹੌਰ ਜੇਲ੍ਹ ਵਿਚ ਹੀ ਚਲਿਆ ਅਤੇ ਟ੍ਰਿਬਿਊਨਲ ਦੇ ਜੱਜ ਵੀ ਉਹੀ ਤਿੰਨ ਬੰਦੇ ਸਨ। ਇਹ ਕੇਸ 30 ਮਾਰਚ 1916 ਨੂੰ ਖਤਮ ਹੋਇਆ ਸੀ। ਜਿਨ੍ਹਾਂ 102 ਗ਼ਦਰੀਆਂ ਉਪਰ ਇਹ ਕੇਸ ਚਲਿਆ ਉਨ੍ਹਾਂ ਵਿਚੋਂ ਬਹੁਤੇ ਚੀਨ, ਮਲਾਇਆ ਤੋਂ ਆਏ ਹੋਏ ਸਨ। ਇਨ੍ਹਾਂ ਨੇ ਝਾੜ ਸਾਹਿਬ ਅਤੇ ਕੈਰੋਂ ਵਿਚ ਹੋਏ ਇਕੱਠਾਂ ਵਿੱਚ ਹਿੱਸਾ ਲਿਆ ਸੀ। ਬਾਬਾ ਗੁੱਜਰ ਸਿੰਘ ਭਕਨਾ, ਜਿਸਨੂੰ ਪਹਿਲੇ ਸਾਜ਼ਸ਼ ਕੇਸ ਵਿੱਚੋਂ ਬਰੀ ਕਰ ਦਿੱਤਾ ਸੀ, ਨੂੰ ਫੇਰ ਦੁਬਾਰਾ ਇਸ ਕੇਸ ਵਿਚ ਸ਼ਾਮਲ ਕਰ ਲਿਆ ਗਿਆ ਸੀ। ਉਸ ਵਿਰੁੱਧ ਸ਼ੰਘਾਈ ਤੋਂ ਸਬੂਤ ਹਾਸਲ ਕੀਤੇ ਗਏ ਸਨ। 23ਵੇਂ ਰਸਾਲੇ ਦੇ ਭਗੌੜੇ ਸਵਾਰ ਸੁੱਚਾ ਸਿੰਘ ਅਤੇ ਮਹਾਰਾਜ ਸਿੰਘ ਵੀ ਇਸ ਕੇਸ ਵਿਚ ਸ਼ਾਮਲ ਸਨ। ਇਨ੍ਹਾਂ ਤਿੰਨਾਂ ਨੂੰ ਹੀ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ।

ਕਨੇਡਾ ਤੋਂ ਆਏ ਗ਼ਦਰੀ ਬੀਰ ਸਿੰਘ ਬਾਹੋਵਾਲ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਉਹ ਚੱਬੇ ਚਲਣ ਨਾਲ ਜ਼ਖਮੀ ਹੋ ਗਿਆ ਸੀ ਤੇ ਵੱਲੇ ਪੁਲ ਦੇ ਸਾਕੇ ਵਿਚ ਚਿੱਟੀ ਤੋਂ ਫੜਿਆ ਗਿਆ ਸੀ। ਚਰਨ ਸਿੰਘ ਨੂੰ ਪਹਿਲਾਂ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਅਤੇ ਬਾਅਦ ਵਿਚ ਘਟਾ ਕੇ ਉਮਰ ਕੈਦ ਵਿਚ ਤਬਦੀਲ ਕੀਤੀ ਗਈ ਸੀ। ਚਰਨ ਸਿੰਘ ਹਾਂਗਕਾਂਗ ਵਿਚ ਵਾਚਮੈਨ ਸੀ ਜਿਸ ਨੇ ਹਿੰਦੋਸਤਾਨ ਆ ਕੇ ਸਰਹੱਦੀ ਸੂਬੇ ਦੀਆਂ ਛਾਉਣੀਆਂ ਵਿਚ ਕੰਮ ਕੀਤਾ ਸੀ। ਈਸ਼ਰ ਸਿੰਘ ਉਰਫ ਪੂਰਨ ਸਿੰਘ ਢੁੱਡੀਕੇ ਨੂੰ ਫਾਂਸੀ ਦੀ ਸਜ਼ਾ ਹੋਈ। ਸਰਕਾਰ ਨੇ ਇਸ ਨੂੰ ਢੁਡੀਕੇ ਗ਼ਦਰੀ ਦਸਤੇ ਦਾ

ਆਗੂ ਦੱਸਿਆ ਹੈ। ਰੰਗਾ ਸਿੰਘ ਖੁਰਦਪੁਰ (ਜਲੰਧਰ) ਨੂੰ ਵੀ ਫਾਂਸੀ ਦੀ ਸਜ਼ਾ ਹੋਈ। ਇਸ ਉਪਰ ਵੱਲੋ ਪੁਲ ਦੇ ਸਾਕੇ ਵਿਚ ਸ਼ਾਮਲ ਹੋਣ ਅਤੇ ਨੰਗਲ ਵਾਲੇ ਜ਼ੈਲਦਾਰ ਨੂੰ ਕਤਲ ਕਰਨ ਦਾ ਦੋਸ਼ ਸੀ। ਰੂੜ ਸਿੰਘ ਤਲਵੰਡੀ ਦੁਸਾਂਝ (ਫਿਰੋਜ਼ਪੁਰ) ਨੂੰ ਵੀ ਵੱਲੋ ਪੁਲ ਦੇ ਸਾਕੇ ਵਿਚ ਸ਼ਾਮਲ ਕਰਕੇ ਫਾਂਸੀ ਦੇ ਦਿੱਤੀ ਗਈ। ਉਤਮ ਸਿੰਘ ਹਾਂਸ (ਲੁਧਿਆਣਾ) ਉਰਫ ਰਾਘੋ ਸਿੰਘ ਨੂੰ ਨੰਗਲ ਦੇ ਜ਼ੈਲਦਾਰ ਦੇ ਕਤਲ ਕੇਸ ਵਿਚ ਸ਼ਾਮਲ ਕਰਕੇ ਮੌਤ ਦੀ ਸ਼ਜਾ ਦੇ ਦਿੱਤੀ ਗਈ। ਸੰਤ ਭਾਈ ਰਣਧੀਰ ਸਿੰਘ ਨਾਰੰਗਵਾਲ ਨੂੰ ਉਮਰ ਕੈਦ ਦੀ ਸਜ਼ਾ ਹੋਈ ਅਤੇ ਉਸਦੀ ਜਾਇਦਾਦ ਕੁਰਕ ਕਰ ਲਈ ਗਈ ਸੀ। ਉਹ ਚੋਟੀ ਦੇ ਸਿੱਖ ਪ੍ਰਚਾਰਕ ਸਨ ਅਤੇ ਮਿਲਾਪ ਰਾਹੀਂ ਗ਼ਦਰ ਪਾਰਟੀ ਵਿਚ ਸ਼ਾਮਲ ਹੋਏ ਸਨ। ਬਾਬਾ ਹਰਨਾਮ ਸਿੰਘ ਕਾਲਾ ਸੰਘਾ ਅਤੇ ਉਸਦੇ ਦੋ ਹੋਰ ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਹੋਈ। ਇਹ ਪਲਟਣ ਨੰਬਰ 56 ਵਿਚ ਬਗ਼ਾਵਤ ਕਰਾਉਣ ਦੇ ਲੀਡਰ ਸਨ।

ਦੂਜੇ ਸਾਜ਼ਿਸ਼ ਕੇਸ ਵਿਚ ਕੁਲ ਮਿਲਾ ਕੇ 5 ਗ਼ਦਰੀਆਂ ਨੂੰ ਫਾਂਸੀ, 18 ਨੂੰ ਉਮਰ ਕੈਦ ਅਤੇ 36 ਗ਼ਦਰੀਆਂ ਨੂੰ ਲੰਬੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਸਨ। ਇਨ੍ਹਾਂ ਗ਼ਦਰੀਆਂ ਵਿਰੁੱਧ ਸਪੈਸ਼ਲ ਟ੍ਰਿਬਿਊਨਲ ਨੇ ਫੈਸਲਾ ਇਸ ਤਰ੍ਹਾਂ ਲਿਖਿਆ :

"ਪਹਿਲੇ ਗ਼ਦਰ ਸਾਜ਼ਿਸ਼ ਕੇਸ ਦੀ ਜੱਜਮੈਂਟ ਵਿਚ ਅਸੀਂ ਖੋਲ੍ਹ ਕੇ ਦੱਸਿਆ ਸੀ ਕਿ ਅਮਰੀਕਾ ਦੀ ਪੈਸੇਫਿਕ ਕੋਸਟ 'ਤੇ ਕਿਸ ਤਰ੍ਹਾਂ ਬਾਗੀ ਲਹਿਰ ਵਜੂਦ ਵਿਚ ਆਈ ਅਤੇ ਉਸ ਵਿਚ ਹਰਦਿਆਲ ਦਾ ਕਿੰਨਾ ਹੱਥ ਸੀ। ਗ਼ਦਰ ਅਖ਼ਬਾਰ ਦੇ ਪ੍ਰਚਾਰ ਨਾਲ ਅਤੇ ਬਾਗ਼ੀਆਂ ਨਾਲ ਮੀਟਿੰਗਾਂ ਰਾਹੀਂ ਕਿਸ ਤਰ੍ਹਾਂ ਅਮਰੀਕਾ ਵਿਚ ਬਾਗ਼ੀ ਸੁਸਾਇਟੀਆਂ ਕਾਇਮ ਹੋਈਆਂ। ਅਸੀਂ ਇਹ ਵੀ ਦੱਸ ਚੁੱਕੇ ਹਾਂ ਕਿ ਜੰਗ ਸ਼ੁਰੂ ਹੋਣ 'ਤੇ ਕਿਸ ਤਰ੍ਹਾਂ ਵੱਖ-ਵੱਖ ਬਸਤੀਆਂ ਵਿਚੋਂ ਗ਼ਦਰੀ ਇਕੱਠੇ ਕਰ ਕੇ ਸਾਨਫਰਾਂਸਿਸਕੋ ਲਿਆਂਦੇ ਗਏ ਸਨ ਉਨ੍ਹਾਂ ਨੂੰ ਐਸ.ਐਸ. ਕੋਰੀਆ ਜਹਾਜ਼ ਰਾਹੀਂ ਹਿੰਦੋਸਤਾਨ ਭੇਜਿਆ ਗਿਆ ਸੀ ਤਾਂ ਕਿ ਉਹ ਹਿੰਦੋਸਤਾਨ ਵਿਚੋਂ ਅੰਗਰੇਜ਼ਾਂ ਨੂੰ ਕੱਢਣ ਲਈ ਕਤਲ ਕਰਨ, ਡਾਕੇ ਮਾਰਨ, ਫੌਜ ਵਿੱਚ ਬਗ਼ਾਵਤਾਂ ਕਰਾਉਣ ਅਤੇ ਹੋਰ ਏਸੇ ਤਰ੍ਹਾਂ ਦੀਆਂ ਕਾਰਵਾਈਆਂ ਕਰਨ ਜਿਨ੍ਹਾਂ ਨਾਲ ਉਨ੍ਹਾਂ ਦਾ ਇਹ ਮਕਸਦ ਪੂਰਾ ਹੋ ਜਾਵੇ। ਇਸ ਦੂਜੇ (ਸਾਜ਼ਿਸ਼) ਕੇਸ ਵਿਚ ਸਾਨੂੰ ਹੋਰ ਵੀ ਸਬੂਤ ਮਿਲੇ ਹਨ ਜੋ ਸਾਬਤ ਕਰਦੇ ਹਨ ਕਿ ਬਗ਼ਾਵਤ ਕਰਨ ਵਾਲੀ ਜਥੇਬੰਦੀ ਉਸ ਤੋਂ ਬਹੁਤ ਵੱਡੀ ਸੀ ਜਿੰਨਾ ਕੁ ਸਾਨੂੰ ਪਹਿਲਾਂ ਪਤਾ ਲੱਗਾ ਸੀ।"

ਇਸ ਕੇਸ ਵਿਚ ਟ੍ਰਿਬਿਊਨਲ ਦੇ ਦੂਰ ਪੂਰਬ ਦੇ ਦੇਸਾਂ ਤੇ ਕਈ ਹੋਰ ਥਾਵਾਂ 'ਤੇ ਗ਼ਦਰ ਪਾਰਟੀ ਦੇ ਇਨਕਲਾਬੀ ਕੰਮ ਦਾ ਜ਼ਿਕਰ ਕੀਤਾ ਹੈ। ਕੇਸ ਵਿਚ ਲਿਖਿਆ ਗਿਆ ਹੈ ਕਿ ਸ਼ੰਘਾਈ ਦੇ ਗੁਰਦੁਆਰੇ ਵਿਚ 1913 ਤੋਂ ਬਾਅਦ ਲਗਾਤਾਰ ਹਫਤਾਵਾਰ ਮੀਟਿੰਗਾਂ ਹੁੰਦੀਆਂ ਰਹੀਆਂ ਸਨ ਤੇ ਗ਼ਦਰ ਲਿਟਰੇਚਰ ਤਕਸੀਮ ਹੁੰਦਾ ਸੀ। ਫੰਡ ਇਕੱਠੇ ਕੀਤੇ ਜਾਂਦੇ ਸਨ। ਬਾਬਾ ਗੁੱਜਰ ਸਿੰਘ ਸ਼ੰਘਾਈ ਇਸ ਗ਼ਦਰ ਗਰੁੱਪ ਦਾ ਲੀਡਰ ਸੀ। ਇਨ੍ਹਾਂ ਦੀਆਂ ਮੀਟਿੰਗਾਂ ਕਰਾਉਣ ਲਈ ਬਾਬਾ ਸੋਹਣ ਸਿੰਘ ਭਕਨਾ ਅਤੇ ਡਾ. ਮਥਰਾ ਸਿੰਘ ਦੀ ਸ਼ੰਘਾਈ ਗਏ ਸਨ। ਜੱਜ ਨੇ ਆਪਣੇ ਫੈਸਲੇ ਵਿਚ ਅੱਗੇ ਜਾ ਕੇ ਲਿਖਿਆ ਹੈ:

"ਹਾਂਗਕਾਂਗ ਲਹਿਰ ਦਾ ਖਾਸ ਕੇਂਦਰ ਸੀ। ਅਮਰੀਕਾ, ਕਨੇਡਾ, ਫਿਲਪੀਨ ਤੇ ਚੀਨ ਤੋਂ ਆਉਣ ਵਾਲੇ ਲੋਕ ਹਾਂਗਕਾਂਗ ਵਿਚੋਂ ਦੀ ਹੋ ਜਾਂਦੇ ਸਨ। ਜੋ ਗਵਾਹੀਆਂ ਤੇ ਸਬੂਤ ਸਾਨੂੰ ਮਿਲੇ ਹਨ ਉਨ੍ਹਾਂ ਤੋਂ ਸਾਬਤ ਹੁੰਦਾ ਹੈ ਹਾਂਗਕਾਂਗ ਦਾ ਗੁਰਦੁਆਰਾ ਗ਼ਦਰ ਪਾਰਟੀ ਦੀਆਂ ਕਾਰਵਾਈਆਂ ਦਾ ਕੇਂਦਰ ਸੀ। ਇਸ ਗੁਰਦੁਆਰੇ ਵਿਚ ਗ਼ਦਰ ਪਾਰਟੀ ਦੀਆਂ ਮੀਟਿੰਗਾਂ ਹੁੰਦੀਆਂ ਸਨ ਅਤੇ ਗ਼ਦਰ ਅਖ਼ਬਾਰ ਵੰਡਿਆ ਜਾਂਦਾ ਸੀ ਅਤੇ ਬਾਗ਼ੀਆਨਾ ਤਕਰੀਰਾਂ ਹੁੰਦੀਆਂ ਸਨ। ਏਥੋਂ ਦੇ ਪ੍ਰਚਾਰ ਦਾ ਪਲਟਣ ਨੰਬਰ 56 ਉਤੇ ਬਹੁਤ ਅਸਰ ਹੋਇਆ। ਸਰਕਾਰ ਨੂੰ ਇਸ ਪਲਟਣ ਦੇ ਕਈ ਫੌਜੀ ਏਥੋਂ ਹਿੰਦੋਸਤਾਨ ਦੇਸ ਬਦਰ ਕਰਨੇ ਪਏ ਕਿਉਂਕਿ ਇਸ ਗੁਰਦੁਆਰੇ ਦੇ ਗ਼ਦਰੀ ਪ੍ਰਚਾਰ ਨੇ ਉਨ੍ਹਾਂ ਨੂੰ ਬਾਗ਼ੀ ਬਣਾ ਦਿੱਤਾ ਸੀ। ਇਸ ਕਰਕੇ ਸਰਕਾਰ ਨੂੰ ਸਖ਼ਤ ਐਕਸ਼ਨ ਲੈਣੇ ਪਏ। ਗੁਰਦੁਆਰਾ ਕਮੇਟੀ ਨੂੰ ਤੋੜ ਕੇ ਸਰਕਾਰ ਨੇ ਉਸ ਉਤੇ ਕਬਜ਼ਾ ਕਰ ਲਿਆ ਸੀ ਅਤੇ ਸਰਕਾਰ ਨੂੰ ਵਫਾਦਾਰ ਲੋਕਾਂ ਦੀ ਕਮੇਟੀ ਬਣਾਉਣੀ ਪਈ ਸੀ। ਇਹੋ ਕੁਝ ਸਿੰਘਾਪੁਰ ਤੇ ਪੀਨਾਂਗ ਦੇ ਗੁਰਦੁਆਰਿਆਂ ਵਿਚ ਕਰਨਾ ਪਿਆ। ਸਿਆਮ ਵੀ ਗ਼ਦਰ ਲਹਿਰ ਦਾ ਤਕੜਾ ਕੇਂਦਰ ਸੀ।"

ਟ੍ਰਿਬਿਊਨਲ ਨੇ ਆਪਣੇ ਫੈਸਲੇ ਵਿਚ ਜ਼ੋਰ ਦੇ ਕੇ ਲਿਖਿਆ ਹੈ ਕਿ "ਹਿੰਦੋਸਤਾਨ ਨੂੰ ਅੰਗਰੇਜ਼ੀ ਹਕੂਮਤ ਤੋਂ ਆਜ਼ਾਦ ਕਰਾਉਣ ਦੇ ਮਕਸਦ ਲਈ ਇਕੱਠੇ ਹੋਣਾ ਹੀਂ ਕਾਫੀ ਸਬੂਤ ਹੈ ਕਿ ਤੁਸੀਂ ਬਾਦਸ਼ਾਹ ਦੇ ਖਿਲਾਫ਼ ਲੜਾਈ ਕਰਨ ਦੇ ਅਪਰਾਧ ਵਿਚ ਦਫਾ 121 ਤੇ 121 ਏ ਦੇ ਮੁਜਰਮ ਹੋ।" ਆਪਣ ਕਾਨੂੰਨੀ ਨੁਕਤੇ ਨੂੰ ਹੋਰ ਮਜਬੂਤ ਕਰਨ ਲਈ ਉਨ੍ਹਾਂ ਸਕਾਟਲੈਂਡ ਤੇ ਆਇਰਲੈਂਡ ਦੇ (1817-20) ਇਨਕਲਾਬੀਆਂ ਦੀਆਂ ਉਦਾਹਰਣਾਂ ਦਿੱਤੀਆਂ। ਉਨ੍ਹਾਂ ਨੇ ਗ਼ਦਰੀਆਂ ਦੀ ਇਨ੍ਹਾਂ ਇਨਕਲਾਬੀਆਂ ਨਾਲ ਤੁਲਨਾ ਦੇ ਕੇ ਫਾਂਸੀ ਤੇ ਉਮਰ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਸਨ।

ਪੰਜਾਬ ਦੇ ਗਵਰਨਰ ਅਡਵਾਇਰ ਦੇ ਹੁਕਮ ਸਨ ਕਿ ਇਨ੍ਹਾਂ ਗ਼ਦਰੀਆਂ ਨੂੰ ਸਖ਼ਤ ਸਬਕ ਸਿਖਾਇਆ ਜਾਵੇ। ਕੇਵਲ ਇਨ੍ਹਾਂ ਨੂੰ ਹੀ ਨਹੀਂ, ਸਗੋਂ ਇਨ੍ਹਾਂ ਨੂੰ ਰੋਟੀ ਤੇ ਪਨਾਹ ਦੇਣ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

ਸਜ਼ਾਵਾਂ ਸੁਣਾ ਕੇ ਇਨ੍ਹਾਂ ਗ਼ਦਰੀਆਂ ਨੂੰ ਹਜ਼ਾਰੀ ਬਾਗ਼ ਜੇਲ੍ਹ ਵਿਚ ਭੇਜ ਦਿੱਤਾ ਗਿਆ ਸ਼ੀ ਕਿਉਂਕਿ ਅੰਡੇਮਾਨ ਜੇਲ੍ਹ ਦੇ ਅਧਿਕਾਰੀਆਂ ਨੇ ਹੋਰ ਗ਼ਦਰੀ ਕੈਦੀਆਂ ਨੂੰ ਲੈਣ ਤੋ ਨਾਂਹ ਕਰ ਦਿੱਤੀ ਸੀ। ਏਸੇ ਤਰ੍ਹਾਂ ਹਿੰਦੋਸਤਾਨ ਦੀਆਂ ਬਾਕੀ ਜੇਲ੍ਹਾਂ ਨੇ ਵੀ ਗ਼ਦਰੀਆਂ ਨੂੰ ਲੈਣ ਤੋਂ ਨਾਂਹ ਕਰ ਦਿੱਤੀ ਅਤੇ ਪੰਜਾਬ ਵਿਚ ਇਨ੍ਹਾਂ ਦੇ ਫਰਾਰ ਹੋ ਜਾਣ ਦਾ ਡਰ ਸੀ। ਕੇਵਲ ਹਜ਼ਾਰੀ ਬਾਗ਼ ਦੀ ਜੇਲ੍ਹ ਨੇ ਹੀ ਉਨ੍ਹਾਂ ਨੂੰ ਲਿਆ।

ਤੀਜਾ ਗ਼ਦਰ ਸਾਜ਼ਿਸ਼ ਕੇਸ

ਇਹ ਇਕ ਨਿਰਾਲਾ ਹੀ ਕੇਸ ਸੀ। ਭਾਈ ਬਲਵੰਤ ਸਿੰਘ ਖੁਰਦਪੁਰੀ ਨੂੰ ਬੈਂਕਾਕ ਦੇ ਹਸਪਤਾਲ ਵਿਚੋਂ ਗ੍ਰਿਫਤਾਰ ਕਰ ਕੇ ਸਿੰਘਾਪੁਰ ਦੀ ਪੁਲਸ ਦੇ ਹਵਾਲੇ ਕੀਤਾ ਗਿਆ, ਜਿਥੇ ਉਨ੍ਹਾਂ ਨੂੰ ਇੰਟੇਰੋਗੇਸ਼ਨ ਦੌਰਾਨ ਸਖਤ ਤਸੀਹੇ ਦਿੱਤੇ ਗਏ ਸਨ ਅਤੇ

ਕਲਕੱਤੇ ਦੀ ਅਲੀਪੁਰ ਜੇਲ੍ਹ ਵਿਚ ਭੇਜਿਆ ਗਿਆ ਸੀ। ਏਥੋਂ ਭਾਈ ਬਲਵੰਤ ਸਿੰਘ ਨੂੰ ਲਾਹੌਰ ਜੇਲ੍ਹ ਵਿਚ ਲਿਆ ਕੇ ਸਾਜ਼ਿਸ਼ ਵਿੱਚ ਸ਼ਾਮਿਲ ਕੀਤਾ ਗਿਆ ਸੀ। ਭਾਈ ਬਲਵੰਤ ਸਿੰਘ ਖੁਰਦਪੁਰੀ ਨੂੰ ਕਨੇਡਾ ਵਿਚ ਵਿਤਕਰੇ ਦੇ ਖਿਲਾਫ ਅਵਾਜ਼ ਉਠਾਉਣ ਕਾਰਣ ਦੋਸ਼ੀ ਠਹਿਰਾ ਕੇ ਮੁਕੱਦਮਾ ਕੀਤਾ ਗਿਆ ਸੀ ਜਿਸ ਵਿਚੋਂ ਉਹ ਬਰੀ ਹੋ ਗਿਆ ਸੀ। ਹੁਸ਼ਿਆਰਪੁਰ ਦੇ ਪਿੰਡ ਫਤਹਿਗੜ੍ਹ ਦੇ ਹਰਨਾਮ ਸਿੰਘ ਸੈਣੀ ਨੂੰ ਡੱਚ ਵੈਸਟ ਇੰਡੀਜ਼ ਦੇ ਬਤਾਵੀਆ ਵਿਚ ਜਹਾਜ਼ ਮਾਰਵਿਕ ਵਿਚੋਂ ਗ੍ਰਿਫਤਾਰ ਕਰਕੇ ਡੱਚਾਂ ਨੇ ਸਿੰਘਾਪੁਰ ਦੀ ਪੁਲਸ ਦੇ ਹਵਾਲੇ ਕਰ ਦਿੱਤਾ ਸੀ। ਉਸ ਨੂੰ ਪਹਿਲਾਂ ਅਲੀਪੁਰ ਜੇਲ੍ਹ ਵਿਚ ਲਿਆਂਦਾ ਗਿਆ ਤੇ ਬਕਾਇਦਾ ਲਾਹੌਰ ਲਿਆ ਕੇ ਸਾਜ਼ਿਸ਼ ਕੇਸ ਵਿਚ ਸ਼ਾਮਲ ਕਰ ਲਿਆ ਗਿਆ ਸੀ। ਫਿਲਪੀਨ ਦੀ ਗ਼ਦਰ ਪਾਰਟੀ ਦੇ ਪ੍ਰਧਾਨ ਹਾਫਜ਼ ਅਬਦੁੱਲਾ ਜਗਰਾਓਂ ਜਦੋਂ ਤੋਸ਼ਾ ਮਾਰੂ ਜਹਾਜ਼ ਰਾਹੀਂ ਕਲਕੱਤੇ ਪਹੁੰਚਾ ਤਾਂ ਉਸ ਨੂੰ ਗ੍ਰਿਫਤਾਰ ਕਰਕੇ ਕਈ ਮਹੀਨੇ ਤੋਂ ਕੈਬਲਪੁਰ ਜੇਲ੍ਹ ਵਿਚ ਰੱਖਿਆ ਹੋਇਆ ਸੀ। ਉਸ ਨੂੰ ਅਪਰਾਧੀ ਬਣਾ ਕੇ ਤੀਜੇ ਸਾਜ਼ਿਸ਼ ਕੇਸ ਵਿਚ ਸ਼ਾਮਿਲ ਕਰ ਲਿਆ ਗਿਆ ਸੀ। ਏਸੇ ਤਰ੍ਹਾਂ ਬਦੇਸ਼ਾਂ ਤੋ ਲਿਆ ਕੇ ਉਨ੍ਹਾਂ ਗ਼ਦਰੀਆਂ ਨੂੰ ਵੀ ਫਾਂਸੀਆਂ ਲਾ ਦਿੱਤੀਆਂ ਜਿਨ੍ਹਾਂ ਵਿਰੁੱਧ ਹਿੰਦ ਦੀ ਧਰਤੀ 'ਤੇ ਕੁਝ ਵੀ ਕਰਨ ਦਾ ਦੋਸ਼ ਨਹੀਂ ਸੀ। ਇਸ ਅਨਰਥ ਦੇ ਵਿਰੁੱਧ ਕਿਸੇ ਨੇ ਅਵਾਜ਼ ਨਾ ਉਠਾਈ।

ਉਪਰਲੇ ਤਿੰਨ ਗ਼ਦਰੀਆਂ ਦੇ ਨਾਲ ਡਾ. ਅਰੂੜ ਸਿੰਘ ਸੰਘਵਾਲ ਅਤੇ ਬਾਬੂ ਰਾਮ ਫਤਿਹਗੜ੍ਹ (ਹੁਸ਼ਿਆਰਪੁਰ) ਵੀ ਸਨ। ਇਨ੍ਹਾਂ ਪੰਜਾਂ ਨੇ ਹੀ 16 ਮਾਰਚ 1917 ਨੂੰ ਫਾਂਸੀ ਦਿੱਤੀ ਗਈ ਸੀ। ਇਨ੍ਹਾਂ ਤੋਂ ਬਿਨਾਂ ਕਰਤਾਰ ਸਿੰਘ ਨਵਾਂ ਚੰਦ, ਮੁਣਸ਼ਾ ਸਿੰਘ ਦੁਖੀ ਜੰਡਿਆਲਾ ਮੰਜਕੀ (ਨਾਮਵਰ ਗ਼ਦਰੀ ਕਵੀ) ਅਤੇ ਫਜ਼ਲਦੀਨ ਫਤਹਿਗੜ੍ਹ ਨੂੰ ਉਮਰੇ ਕੈਦ ਦੀ ਸਜ਼ਾ ਸੁਣਾਈ ਗਈ।

ਤੀਜਾ ਸਾਜ਼ਿਸ਼ ਕੇਸ ਵੀ ਲਾਹੌਰ ਜੇਲ੍ਹ ਵਿਚ ਹੀ ਚਲਾਇਆ ਗਿਆ ਸੀ। ਇਸ ਦੇ ਜੱਜ ਐਲਿਸ, ਮੇਜਰ ਫਰਿਜ਼ਲੇ ਅਤੇ ਰਾਏ ਬਹਾਦਰ ਗੁਪਾਲ ਦਾਸ ਭੰਡਾਰੀ ਸਨ। ਇਹ ਪੰਜਾਬ ਦੇ ਗਵਰਨਰ ਅਡਵਾਇਰ ਦੇ ਗੁੱਸੇ ਦੀ ਹੱਦ ਸੀ।

ਹਰਨਾਮ ਸਿੰਘ ਸੈਣੀ ਨੂੰ ਜਦੋਂ ਮਾਰਵਿਕ ਜਹਾਜ਼ ਵਿਚੋਂ ਗ੍ਰਿਫਤਾਰ ਕੀਤਾ ਤਾਂ ਉਸ ਕੋਲੋਂ ਕੋਈ ਇਤਰਾਜ਼ਯੋਗ ਚੀਜ਼ ਵੀ ਨਹੀਂ ਫੜੀ ਗਈ ਸੀ। ਡੱਚ ਸਾਮਰਾਜੀਆਂ ਨੇ ਐਕਸਟਰਾਡੀਸ਼ਨ ਦਾ ਮੁਕੱਦਮਾ ਚਲਾਏ ਬਿਨਾਂ ਹੀ ਉਸ ਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ ਸੀ। ਇਹ ਕੌਮਾਂਤਰੀ ਕਾਨੂੰਨ ਦੀ ਖੁੱਲ੍ਹੀ ਉਲੰਘਣਾ ਸੀ। ਏਸੇ ਤਰ੍ਹਾਂ ਜਹਾਜ਼ ਵਿਚੋਂ ਗ੍ਰਿਫਤਾਰ ਕੀਤੇ ਹਾਫ਼ਜ ਉੱਲਾ ਅਬਦੁੱਲਾ ਵਿਰੁੱਧ ਵੀ ਕੋਈ ਖਾਸ ਸਬੂਤ ਨਹੀਂ ਸਨ। ਕਰਤਾਰ ਸਿੰਘ ਨਵਾਂ ਚੰਦ ਵਿਰੁੱਧ ਏਨਾ ਹੀ ਦੋਸ਼ ਸੀ ਕਿ ਉਹ ਭਾਈ ਬਲਵੰਤ ਸਿੰਘ ਦੇ ਬੱਚਿਆਂ ਨੂੰ ਖੁਰਦਪੁਰ ਛੱਡਣ ਆਇਆ ਸੀ। ਏਨੇ "ਜੁਰਮ" ਲਈ ਉਸ ਨੂੰ ਸਾਰੀ ਉਮਰ ਜੇਲ੍ਹ ਵਿਚ ਕੱਟਣੀ ਪਈ ਸੀ।

ਤੀਜੇ ਸਾਜ਼ਿਸ਼ ਕੇਸ ਦੇ ਸਾਰੇ ਤੱਥ ਇਸ ਮੁਕੱਦਮੇ ਦੀ ਬੇਹੂਦਗੀ ਦਾ ਸਬੂਤ ਹਨ।

ਚੌਥਾ ਗ਼ਦਰ ਸਾਜ਼ਿਸ਼ ਕੇਸ

ਇਹ ਕੇਸ ਵੀ ਲਾਹੌਰ ਜੇਲ੍ਹ ਵਿਚ ਹੀ ਚਲਿਆ ਅਤੇ ਇਸ ਦੇ ਜੱਜ ਵੀ ਤੀਜੇ ਕੇਸ ਵਾਲੇ ਹੀ ਸਨ। ਇਹ ਕੇਸ ਵੀ 19 ਫਰਵਰੀ 1917 ਤੋਂ ਸ਼ੁਰੂ ਹੋ ਕੇ 2 ਮਾਰਚ 1917 ਨੂੰ ਖਤਮ ਹੋਇਆ। ਇਸ ਕੇਸ ਦਾ ਇਕੋ ਹੀ ਮੁਲਜ਼ਮ ਸੀ ਡਾ. ਮਥਰਾ ਸਿੰਘ ਉਰਫ਼ ਸ਼ਮਸ਼ੇਰ ਸਿੰਘ ਪੁੱਤਰ ਹਰੀ ਸਿੰਘ ਪਿੰਡ ਢੁਡਿਆਲ ਜ਼ਿਲ੍ਹਾ ਜੇਹਲਮ। ਉਹ ਚੀਨ ਅਤੇ ਜਪਾਨ ਘੁੰਮਿਆ ਹੋਇਆ ਸੀ। ਉਸਨੇ ਚੀਨ ਦੇ ਸਨਯਤ ਸੈਨ ਤੇ ਹੋਰ ਕੌਮੀ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ ਸਨ ਜਿਹੜੇ ਉਸ ਸਮੇਂ ਚੀਨ ਦੀ ਅਜ਼ਾਦੀ ਲਈ ਲੜ ਰਹੇ ਸਨ। ਡਾ. ਮਥਰਾ ਸਿੰਘ ਮਦਦ ਲੈਣ ਲਈ ਕਾਬਲ ਵੀ ਗਏ ਸਨ। ਹਬੀਬਉੱਲਾ ਦੀ ਹਕੂਮਤ ਨੇ ਉਸ ਨੂੰ ਹਿਜ਼ਰਤੀ ਵਿਦਿਆਰਥੀਆਂ ਨਾਲ ਕੈਦੀ ਬਣਾ ਲਿਆ ਸੀ। ਬਰਕਤਉੱਲਾ ਨੇ ਇਨ੍ਹਾਂ ਸਾਰਿਆਂ ਨੂੰ ਰਿਹਾਅ ਕਰਵਾਇਆ ਸੀ। ਮਥਰਾ ਸਿੰਘ ਨੂੰ ਰਾਜਾ ਮਹਿੰਦਰ ਪ੍ਰਤਾਪ ਸਿੰਘ ਅਤੇ ਬਰਕਤਉੱਲਾ ਦੀ ਆਰਜ਼ੀ ਹਿੰਦੋਸਤਾਨੀ ਹਕੂਮਤ ਵਿਚ ਵਜ਼ੀਰ ਲੈ ਲਿਆ ਗਿਆ ਸੀ। ਮਹਿੰਦਰ ਪ੍ਰਤਾਪ ਸਿੰਘ ਨੇ ਉਸ ਨੂੰ ਆਪਣੇ ਖਾਸ ਵਜ਼ੀਰ ਵਜੋਂ ਰੂਸ ਦੀ ਹਕੂਮਤ ਨਾਲ ਤਾਲਮੇਲ ਕਰਨ ਲਈ ਤਾਸ਼ਕੰਦ ਵੱਲ ਭੇਜਿਆ ਸੀ। ਜ਼ਾਰ ਦੀਆਂ ਫੌਜਾਂ ਨੇ ਮਥਰਾ ਸਿੰਘ ਨੂੰ ਤਾਜਿਕਸਤਾਨ ਵਿਚ ਗ੍ਰਿਫਤਾਰ ਕਰਕੇ ਈਰਾਨ ਵਿਚ ਅੰਗਰੇਜ਼ੀ ਫੌਜਾਂ ਦੇ ਹਵਾਲੇ ਕਰ ਦਿੱਤਾ ਸੀ। ਜਿਥੋਂ ਉਸ ਨੂੰ ਲਾਹੌਰ ਲਿਆਂਦਾ ਗਿਆ। ਡਾ. ਮਥਰਾ ਸਿੰਘ ਵਿਰੁੱਧ ਦਫਾ 121 ਤੇ 121 ਏ. ਅਤੇ 398/108 ਹੇਠ ਮੁਕੱਦਮਾ ਚਲਾਇਆ ਗਿਆ। ਟ੍ਰਿਬਿਊਨਲ ਨੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾ ਕੇ ਜਾਇਦਾਦ ਦੀ ਜ਼ਬਤੀ ਦੇ ਹੁਕਮ ਦਿੱਤੇ ਸਨ।

ਪੰਜਵਾਂ ਗ਼ਦਰ ਸਾਜ਼ਿਸ਼ ਕੇਸ

ਇਸ ਕੇਸ ਵਿਚ ਚੌਥੇ ਕੇਸ ਵਾਲੇ ਹੀ ਜੱਜ ਸਨ ਅਤੇ ਲਾਹੌਰ ਜੇਲ੍ਹ ਦੇ ਅੰਦਰ ਹੀ ਚਲਾਇਆ ਗਿਆ ਸੀ। ਇਹ ਕੇਸ ਮਾਰਚ 1917 ਵਿਚ ਸ਼ੁਰੂ ਕੀਤਾ ਗਿਆ ਸੀ। ਇਸ ਕੇਸ ਦਾ ਇਕੋ ਇਕ ਮੁਲਾਜ਼ਮ ਜਵੰਦ ਸਿੰਘ ਉਰਫ ਲਛਮਣ ਸਿੰਘ ਉਰਫ਼ ਜਸਵੰਤ ਸਿੰਘ ਉਰਫ ਪੰਜਾਬ ਸਿੰਘ ਉਰਫ ਰਾਮ ਚੰਦ ਨੰਗਲ ਕਲਾਂ (ਜ਼ਿਲ੍ਹਾ ਹੁਸ਼ਿਆਰਪੁਰ) ਸੀ। ਜਵੰਦ ਸਿੰਘ ਨੇ ਤਕਰੀਬਨ ਸਾਰੇ ਹੀ ਗ਼ਦਰੀ ਮੁਕਾਬਲਿਆਂ ਵਿਚ ਹਿੱਸਾ ਲਿਆ ਸੀ। ਉਸ ਉਤੇ ਵਡਾ ਦੋਸ਼ ਨੰਗਲ ਕਲਾਂ ਦੇ ਜ਼ੈਲਦਾਰ ਨੂੰ ਕਤਲ ਕਰਨ ਦਾ ਸੀ। ਉਸ ਨੂੰ 28 ਮਾਰਚ 1917 ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਦਫ਼ਾ 121, 121 ਏ. 302/149 ਅਤੇ 306 ਅਧੀਨ ਬਾਦਸ਼ਾਹਤ ਵਿਰੁੱਧ ਬਗ਼ਾਵਤ ਕਰਨ ਅਤੇ ਕਤਲ ਦਾ ਮੁਕੱਦਮਾ ਚਲਾਇਆ ਗਿਆ ਸੀ। ਜਵੰਦ ਸਿੰਘ ਨੂੰ ਵੀ ਮੌਤ ਦੀ ਸਜ਼ਾ ਦਿੱਤੀ ਗਈ ਸੀ।

ਪੱਧਰੀ ਕਤਲ ਕੇਸ

ਗ਼ਦਰੀਆਂ ਨੇ ਪੱਧਰੀ ਦੇ ਇਕ ਮੁਖ਼ਬਰ ਕਪੂਰ ਸਿੰਘ ਦਾ ਕਤਲ ਕਰ ਦਿੱਤਾ ਸੀ। ਇਸ ਇਲਜ਼ਾਮ ਵਿਚ 14 ਗ਼ਦਰੀਆਂ ਨੂੰ ਗ੍ਰਿਫਤਾਰ ਕਰਕੇ ਕਤਲ ਦਾ ਕੇਸ ਚਲਾਇਆ ਗਿਆ। ਇਹ ਕੇਸ ਵੀ ਲਾਹੌਰ ਜੇਲ੍ਹ ਵਿਚ ਏਸੇ ਹੀ ਟ੍ਰਿਬਿਊਨਲ ਅੱਗੇ ਪੇਸ਼ ਹੋਇਆ ਸੀ। ਟ੍ਰਿਬਿਊਨਲ ਨੇ ਪ੍ਰੇਮ ਸਿੰਘ ਸੁਰਸਿੰਘ ਤੇ ਇੰਦਰ ਸਿੰਘ ਪੱਧਰੀ ਨੂੰ ਮੌਤ ਦੀ ਸਜ਼ਾ ਸੁਣੀ ਸੀ। ਚਾਰ ਹੋਰ ਗ਼ਦਰੀਆਂ ਨੂੰ ਉਮਰ ਕੈਦ ਕੀਤੀ ਅਤੇ ਹਰਦਿੱਤ ਸਿੰਘ ਡੱਲੇਵਾਲ (ਜਲੰਧਰ) ਨੂੰ ਮਫਰੂਰ ਕਰਾਰ ਦਿੱਤਾ ਸੀ।

ਮੰਡੀ ਸਾਜ਼ਿਸ਼ ਕੇਸ

ਇਸ ਕੇਸ ਵਿਚ ਸਾਰੇ ਗ਼ਦਰੀ ਮੰਡੀ ਰਿਆਸਤ ਦੇ ਹੀ ਸਨ। ਉਨ੍ਹਾਂ ਵਿਚੋਂ ਕੋਈ ਵੀ ਬਦੇਸ਼ 'ਚ ਨਹੀਂ ਸੀ ਆਇਆ ਹੋਇਆ। ਮੁਕੱਦਮਾ ਮੰਡੀ ਰਿਆਸਤ ਵਿਚ ਹੀ ਚੱਲਿਆ। ਇਸ ਮੁਕੱਦਮੇ ਵਿਚ ਮੀਆਂ ਜਵਾਹਰ ਸਿੰਘ ਨੂੰ ਉਮਰ ਕੈਦ ਅਤੇ ਜਾਇਦਾਦ ਦੀ ਜ਼ਬਤੀ ਦਾ ਹੁਕਮ ਹੋਇਆ ਸੀ। ਮੀਆਂ ਜਵਾਹਰ ਸਿੰਘ ਸਜ਼ਾ ਭੁਗਤਦਾ ਜੇਲ੍ਹ ਵਿਚ ਹੀ ਸ਼ਹੀਦ ਹੋ ਗਿਆ ਸੀ। ਉਸ ਤੋਂ ਬਿਨਾਂ ਬਦਰੀ ਪੁੱਤਰ ਮੀਆਂ ਜਵਾਹਰ ਸਿੰਘ ਨੂੰ 18 ਮਹੀਨੇ, ਲੱਧੂ ਰੰਗਰੇਜ਼ (ਲਲਾਰੀ) ਨੂੰ ਉਮਰ ਕੈਦ ਤੇ ਜਾਇਦਾਦ ਦੀ ਜ਼ਬਤੀ ਤੇ ਸਿੱਧੂ ਪੁੱਤਰ ਫਕੀਰ ਮੁਹੰਮਦ ਨੂੰ ਤਿੰਨ ਤਿੰਨ ਸਾਲ ਦੀਆਂ ਸ਼ਜਾਵਾਂ ਹੋਈਆਂ।

ਪੰਜਾਬ ਤੋਂ ਬਾਹਰ ਦੇ ਗ਼ਦਰੀਆਂ ਉਤੇ ਬਨਾਰਸ ਸਾਜ਼ਿਸ਼ ਕੇਸ ਚਲਿਆ, ਜਿਸ ਵਿਚ ਸਚਿੰਦਰ ਨਾਥ ਸਾਨਿਆਲ ਨੂੰ ਉਮਰ ਕੈਦ ਅਤੇ ਰਾਸ ਬਿਹਾਰੀ ਬੋਸ ਨੂੰ ਮਫਰੂਰ ਕਰਾਰ ਦਿੱਤਾ ਗਿਆ।

ਗ਼ਦਰ ਪਾਰਟੀ ਦਾ ਦੂਰ-ਪੂਰਬੀ ਫਰੰਟ

(1915-16)

ਜਹਾਜ਼ਾਂ ਰਾਹੀਂ ਹਿੰਦੋਸਤਾਨ ਆਉਣਾ ਹੁਣ ਔਖਾ ਹੋ ਗਿਆ ਸੀ। ਪਾਰਟੀ ਨੇ ਪੂਰਬੀ ਅਤੇ ਪੱਛਮੀ ਫਰੰਟਾਂ ਰਾਹੀਂ ਗ਼ਦਰੀਆਂ ਨੂੰ ਹਿੰਦੋਸਤਾਨ ਭੇਜਣ ਦਾ ਫੈਸਲਾ ਲਿਆ। ਇਨ੍ਹਾਂ ਫਰੰਟਾਂ ਦਾ ਜਾਇਜ਼ਾ ਲੈਣ ਲਈ ਪਾਰਟੀ ਦੇ ਪ੍ਰਮੁੱਖ ਲੀਡਰਾਂ ਨੂੰ ਭੇਜਿਆ ਗਿਆ। ਪੱਛਮੀ ਫਰੰਟ 'ਤੇ ਪ੍ਰੋਫੈਸਰ ਬਰਕਤਉੱਲਾ ਤੇ ਤਾਰਕ ਨਾਥ ਦਾਸ ਆਦਿ ਦੀ ਡਿਊਟੀ ਲੱਗੀ ਅਤੇ ਪੂਰਬੀ ਫਰੰਟ 'ਤੇ ਪੰਡਤ ਸੋਹਣ ਲਾਲ ਪਾਠਕ, ਬਾਬੂ ਹਰਨਾਮ ਸਿੰਘ ਸਾਹਰੀ, ਭਾਈ ਸੰਤੋਖ ਸਿੰਘ ਤੇ ਭਾਈ ਭਗਵਾਨ ਸਿੰਘ ਨੂੰ ਭੇਜਿਆ ਗਿਆ। ਉਨ੍ਹਾਂ ਨੇ ਮਨੀਲਾ ਤੋਂ ਫਿਲਪੀਨ ਗ਼ਦਰ ਪਾਰਟੀ ਦੇ ਪ੍ਰਧਾਨ ਮੁਜਤਬਾ ਹੁਸੈਨ ਜੌਨਪੁਰੀ ਨੂੰ ਵੀ ਨਾਲ ਲਿਆ। ਇਹ ਗ਼ਦਰ ਪਾਰਟੀ ਦੀ ਉਸ ਸਮੇਂ ਦੀ ਲੀਡਰਸ਼ਿਪ ਦਾ ਸੂਝਵਾਨ ਡੈਪੂਟੇਸ਼ਨ ਸੀ। ਇਹ ਡੈਪੂਟੇਸ਼ਨ ਸਤੰਬਰ, ਅਕਤੂਬਰ, 1914 ਤਕ ਆਪਣੇ ਦੂਰ-ਪੂਰਬ

ਟਿਕਾਣਿਆਂ 'ਤੇ ਪਹੁੰਚ ਗਿਆ ਸੀ।

ਪੂਰਬੀ ਫਰੰਟ 'ਤੇ ਆਈ ਗ਼ਦਰੀ ਕਮਾਂਡ ਦੀ ਡਿਊਟੀ ਸੀ ਕਿ ਉਹ ਚੀਨ ਦੇ ਕੌਮਪ੍ਰਸਤ ਆਗੂਆਂ ਨਾਲ ਸੰਪਰਕ ਕਰਨ ਤੇ ਹਿੰਦੋਸਤਾਨ ਦੀ ਅਜ਼ਾਦੀ ਦੇ ਘੋਲ ਵਿਚ ਮਦਦ ਹਾਸਲ ਕਰਨ ਤੇ ਹਿੰਦੋਸਤਾਨ ਪਹੁੰਚਣ ਲਈ ਨਵੇਂ ਰਾਹਾਂ ਦੀ ਤਲਾਸ਼ ਕਰਨ ਅਤੇ ਚੀਨ, ਮਲਾਇਆ, ਸਿੰਘਾਪੁਰ ਤੇ ਸਿਆਮ ਵਿਚ ਵਸਦੇ ਹਿੰਦੋਸਤਾਨੀਆਂ ਨੂੰ ਗ਼ਦਰ ਪਾਰਟੀ ਦੀ ਇਨਕਲਾਬੀ ਮੁਹਿੰਮ ਵਿਚ ਸ਼ਾਮਲ ਹੋਣ ਲਈ ਤਿਆਰ ਕਰਨ।

ਇਨ੍ਹਾਂ ਗ਼ਦਰੀਆਂ ਨੇ ਬਰਮਾ ਵਿਚ ਦਾਖਲ ਹੋ ਕੇ ਬਗ਼ਾਵਤ ਦਾ ਆਰੰਭ ਕਰਨਾ ਸੀ (ਬਰਮਾ ਉਸ ਸਮੇਂ ਹਿੰਦੋਸਤਾਨ ਦਾ ਹੀ ਇਕ ਸੂਬਾ ਸੀ)। ਉਨ੍ਹਾਂ ਨੇ ਬੰਗਾਲ ਦੇ ਗ਼ਦਰੀਆਂ ਨਾਲ ਸੰਪਰਕ ਕਰ ਕੇ ਅੰਡੇਮਾਨ ਵਿਚੋਂ ਇਨਕਲਾਬੀਆਂ ਨੂੰ ਰਿਹਾ ਕਰਾਉਣਾ ਸੀ ਅਤੇ ਦਿੱਲੀ ਵੱਲ ਵਧਣਾ ਸੀ। ਇਸ ਦੇ ਨਾਲ-ਨਾਲ ਇਸ ਫਰੰਟ ਉਤੇ ਗ਼ਦਰੀ ਹੈਡਕੁਆਟਰ ਕਾਇਮ ਕਰ ਕੇ ਪ੍ਰੈਸ ਲਾਉਣੀ ਸੀ ਅਤੇ ਗ਼ਦਰ ਅਖ਼ਬਾਰ ਛਾਪ ਕੇ ਪੂਰਬ ਦੇ ਸਾਰੇ ਦੇਸਾਂ ਵਿਚ ਵਸਦੇ ਹਿੰਦੋਸਤਾਨੀਆਂ ਵਿਚ ਤਕਸੀਮ ਕਰਨਾ ਸੀ।

ਬਰਮਾ ਵਿਚ ਬਗ਼ਾਵਤ ਦੀ ਤਿਆਰੀ ਵਿਚ ਪੰਡਤ ਸੋਹਣ ਲਾਲ, ਬਾਬੂ ਹਰਨਾਮ ਸਿੰਘ ਅਤੇ ਮੁਜਤਬਰਾ ਹੁਸੈਨ ਦੀ ਡਿਊਟੀ ਲਗੀ ਸੀ। ਭਗਵਾਨ ਸਿੰਘ ਨੂੰ ਮੁਕੱਰਰ ਕੀਤਾ ਗਿਆ ਕਿ ਉਹ ਫਿਲਪੀਨ ਵਿਚ ਰਹਿ ਕੇ ਸਨਫਰਾਂਸਿਸਕੋ ਦੇ ਗ਼ਦਰੀ ਹੈਡਕੁਆਟਰ ਨਾਲ ਸੰਬੰਧ ਕਾਇਮ ਰੱਖੇ। ਡੈਪੂਟੇਸ਼ਨ ਦੇ ਮੈਂਬਰਾਂ ਨੇ ਚੀਨ ਦੇ ਕੌਮਪ੍ਰਸਤ ਆਗੂਆਂ ਨਾਲ ਰਾਬਤਾ ਕਾਇਮ ਕਰ ਲਿਆ। ਉਹ ਜਪਾਨ ਵਿਚ ਡਾਕਟਰ ਸਨਯਤ ਸੈਨ ਨੂੰ ਮਿਲੇ ਜਿਸ ਨੇ ਜਾਣ ਪਛਾਣ ਲਈ ਯੇਨਾਨ ਦੇ ਗਵਰਨਰ ਦੇ ਨਾਂ ਚਿੱਠੀ ਵੀ ਦਿੱਤੀ ਸੀ। ਸਨਯਤ ਸੈਨ ਨੇ ਡੈਪੂਟੇਸ਼ਨ ਕੋਲ ਆਪਣੀ ਰਾਏ ਇਸ ਤਰ੍ਹਾਂ ਪ੍ਰਗਟ ਕੀਤੀ ਸੀ:

British Subjugated people of the East were of the opinion that India is a continant itself with such a vast population was not only under subjugation itself but also was the cause of subjugation of other nations of the East. British Indian Army was employed all along on this front to enslave the nations of the East. With libration of India backbone of British armed forces will be broken and danger to newly librated countries of intervention would be lessend.

ਬੈਂਕਾਕ ਵਿਚ ਭਾਈ ਬੁੱਢਾ ਸਿੰਘ ਅਤੇ ਜੀਵਨ ਸਿੰਘ ਗ਼ਦਰ ਪਾਰਟੀ ਦੇ ਆਗੂ ਸਨ। ਬਾਬੂ ਅਮਰ ਸਿੰਘ ਪਾਖੋ ਰੇਲਵੇ ਲਾਈਨ 'ਤੇ ਸਰਗਰਮ ਸੀ। ਸਿਆਮ-ਬਰਮਾ ਦੀ ਹੱਦ 'ਤੇ ਚੰਗਮਈ ਦੇ ਗੁਰਦੁਆਰੇ ਦਾ ਗ੍ਰੰਥੀ ਵਸਾਖਾ ਸਿੰਘ ਵਾੜਾ (ਹੁਸ਼ਿਆਰਪੁਰ) ਸਰਗਰਮ ਸੀ। ਵਸਾਵਾ ਸਿੰਘ ਨੂੰ ਗ਼ਦਰ ਅਖ਼ਬਾਰ ਤਕਸੀਮ ਕਰਨ ਕਾਰਣ ਹੀ ਪੀਨਾਂਗ ਵਿਚ ਗ੍ਰੰਥੀ ਦੀ ਪਦਵੀ ਤੋਂ ਹਟਾਇਆ ਗਿਆ ਸੀ। ਇਨ੍ਹਾਂ ਗ਼ਦਰੀਆਂ ਨੂੰ ਸਨਫਰਾਂਸਿਸਕੋ

ਹੈਡਕੁਆਟਰ ਤੋਂ ਸੂਚਨਾ ਮਿਲੀ ਕਿ ਜਰਮਨ ਹਕੂਮਤ ਨੇ ਗ਼ਦਰੀਆਂ ਨੂੰ ਹਥਿਆਰ ਦੇਣ ਦੀ ਪੇਸ਼ਕਸ ਕੀਤੀ ਹੈ ਜੋ "ਦੁਸ਼ਮਣ ਦਾ ਦੁਸ਼ਮਣ ਸਾਡਾ ਸਹਿਯੋਗੀ" ਦੇ ਅਸੂਲ ਅਨੁਸਾਰ ਮਨਜ਼ੂਰ ਕਰ ਲਈ ਗਈ ਹੈ।

ਪਾਰਟੀ ਨੇ ਫੈਸਲਾ ਕੀਤਾ ਕਿ ਬਦੇਸ਼ਾਂ ਤੋਂ ਸਭ ਗ਼ਦਰੀ ਸਿਆਮ ਲਿਆਂਦੇ ਜਾਣ ਅਤੇ ਮੁਕਾਮੀ ਹਿੰਦੋਸਤਾਨੀਆਂ ਨੂੰ ਨਾਲ ਲੈ ਕੇ ਹਥਿਆਰਾਂ ਦੀ ਸਿਖਲਾਈ ਦਿੱਤੀ ਜਾਵੇ ਅਤੇ ਕਮਾਂਡੋ ਤਿਆਰ ਕੀਤੇ ਜਾਣ। ਸਿਆਮ ਉਨ੍ਹਾਂ ਦਿਨਾਂ ਵਿਚ ਜੰਗ ਤੋਂ ਨਿਰਲੇਪ ਸੀ। ਜਰਮਨ ਦੇ ਹਥਿਆਰਾਂ ਅਤੇ ਮਾਹਰਾਂ ਨਾਲ ਚੰਗਮਈ ਦੇ ਜੰਗਲਾਂ ਵਿਚ ਕਮਾਂਡੋ ਸਿਖਲਾਈ ਦਾ ਫੈਸਲਾ ਹੋਇਆ ਅਤੇ ਇਨ੍ਹਾਂ ਜੰਗਲਾਂ ਵਿਚ ਹੀ ਹਥਿਆਰਾਂ ਦੀ ਜ਼ਖ਼ੀਰਾ ਬਣਾਉਣ ਦਾ ਫੈਸਲਾ ਲਿਆ ਗਿਆ ਸੀ।

ਇਸ ਦੇ ਨਾਲ-ਨਾਲ ਗ਼ਦਰ ਪਾਰਟੀ ਨੇ ਫੈਸਲਾ ਕੀਤਾ ਕਿ ਸਿੰਘਾਪੁਰ ਅਤੇ ਬਰਮਾ ਵਿਚਲੀਆਂ ਹਿੰਦੋਸਤਾਨੀ ਫੌਜਾਂ ਨੂੰ ਬਗ਼ਾਵਤ ਕਰਨ ਲਈ ਤਿਆਰ ਕੀਤਾ ਜਾਵੇ।

ਇਸ ਸਾਰੀ ਸਕੀਮ ਨੂੰ ਮੱਦੇਨਜ਼ਰ ਰਖਦਿਆਂ ਪੂਰਬੀ ਫਰੰਟ ਦੀ ਗ਼ਦਰ ਲੀਡਰਸ਼ਿਪ ਅਰਾਕਾਨ ਦੀਆਂ ਪਹਾੜੀਆਂ ਨੂੰ ਟੱਪ ਕੇ ਬਰਮਾ ਵਿਚ ਦਾਖਲ ਹੋ ਗਈ। ਇੰਤਜ਼ਾਮ ਕਰਨ ਲਈ ਚੇਤ ਰਾਮ ਨੂੰ ਪਹਿਲਾਂ ਹੀ ਭੇਜਿਆ ਹੋਇਆ ਸੀ। ਜਿਸ ਨੇ ਰੰਗੂਨ ਵਿਚ 16, ਡਫਰਨ ਰੋਡ 'ਤੇ ਮਕਾਨ ਕਿਰਾਏ 'ਤੇ ਲੈ ਲਿਆ ਸੀ, ਜਿਥੇ ਗ਼ਦਰ ਕੇਂਦਰ ਖੋਲ੍ਹਿਆ ਗਿਆ। ਮੁਜਤਬਾ ਹੁਸੈਨ ਨੇ ਬਰਮਾ ਵਿਚ ਖਿਲਾਫ਼ਤ ਦੇ ਆਗੂਆਂ ਮਾਸਟਰ ਅਬੂ ਸਈਅਦ ਤੇ ਹਕੀਮ ਫਹਿਮ ਅਲੀ ਨੂੰ ਗ਼ਦਰ ਪਾਰਟੀ ਵਿਚ ਸ਼ਾਮਲ ਹੋਣ ਲਈ ਮਨਾ ਲਿਆ ਸੀ।

ਭਾਈ ਸੰਤੋਖ ਸਿੰਘ ਨੇ ਪਾਖੋ (ਸਿਆਮ) ਆ ਕੇ ਗ਼ਦਰ ਦਾ ਲਿਟਰੇਚਰ ਛਾਪਣਾ ਆਰੰਭ ਕਰ ਦਿੱਤਾ ਸੀ। ਸਿਆਮ ਦੇ ਗ਼ਦਰੀ, ਜਿਹੜੇ ਕਪੜੇ ਦੀ ਡੱਗੀ ਫੇਰੇ ਦਾ ਕੰਮ ਕਰਦੇ ਸਨ, ਕੱਪੜੇ ਦੇ ਥਾਨਾਂ ਵਿਚ ਲਪੇਟ ਗ਼ਦਰ ਅਖ਼ਬਾਰ ਅਤੇ ਗ਼ਦਰ ਦੀਆਂ ਗੂੰਜਾਂ ਦੂਰ-ਦੂਰ ਤਕ ਲੈ ਜਾਂਦੇ ਸਨ। ਪਹਿਲੇ ਪਰਚਿਆਂ ਵਿਚ ਗ਼ਦਰ ਪਾਰਟੀ ਦਾ ਬਰਤਾਨੀਆਂ ਦੇ ਖਿਲਾਫ਼ ਐਲਾਨੇ ਜੰਗ ਤੇ ਹਿੰਦੋਸਤਾਨ ਨੂੰ ਅਜ਼ਾਦ ਕਰਾਉਣ ਦਾ ਸੰਦੇਸ਼ ਅਤੇ ਅਨਵਰ ਪਾਸ਼ਾ ਦੀ ਮੁਸਲਮ ਦੁਨੀਆਂ ਨੂੰ ਅਪੀਲ ਛਾਪ ਕੇ ਉਰਦੂ, ਪੰਜਾਬੀ, ਹਿੰਦੀ, ਗੁਜਰਾਤੀ ਅਤੇ ਪਸ਼ਤੋ ਵਿਚ ਵੰਡੀ ਗਈ ਸੀ। ਗ਼ਦਰ ਪਾਰਟੀ ਦਾ ਲਿਟਰੇਚਰ ਸਿਆਮ ਤੋਂ ਸਿੰਘਾਪੁਰ, ਮਲਾਇਆ, ਬਰਮਾ ਤੇ ਚੀਨ, ਜਾਵਾ ਸਮਾਟਰਾ ਤੇ ਇੰਡੋਨੇਸ਼ੀਆ ਦੇ ਸ਼ਹਿਰਾਂ ਤੱਕ ਪਹੁੰਚਣਾ ਸ਼ੁਰੂ ਹੋ ਗਿਆ ਸੀ। (ਦੇਖੋ FO Papers 6018 (co)

ਸਿੰਘਾਪੁਰ ਦਾ ਗ਼ਦਰ

(15 ਫਰਵਰੀ 1915)

ਸਿੰਘਾਪੁਰ ਵਿਚ ਅੰਗਰੇਜ਼ਾਂ ਦੀ ਸਮੁੰਦਰੀ ਛਾਉਣੀ ਵਿਚ ਦੇਸ ਦੀ ਅਜ਼ਾਦੀ ਲਈ ਪ੍ਰਚਾਰ 1907 ਤੋਂ ਹੀ ਸ਼ੁਰੂ ਸੀ। ਸਿਆਟਲ (ਅਮਰੀਕਾ) ਦੇ ਕੇਂਦਰ ਤੋਂ ਛਪਦੇ

ਸਰਕੂਲਰ ਏਥੇ ਤਕਸੀਮ ਹੁੰਦੇ ਰਹੇ ਸਨ। ਅਜ਼ਾਦੀ ਦੇ ਇਨ੍ਹਾਂ ਸਰਕੂਲਰਾਂ ਨੂੰ ਤਕਸੀਮ ਕਰਨ ਦੇ ਦੋਸ਼ ਵਿਚ 1907 ਵਿਚ ਨੰਦ ਗੋਪਾਲ ਨੂੰ ਗ੍ਰਿਫਤਾਰ ਕਰਕੇ ਦਸ ਸਾਲ ਦੀ ਸਜ਼ਾ ਦਿੱਤੀ ਗਈ ਸੀ। ਤੁਰਕੀ ਵੱਲੋਂ ਅੰਗਰੇਜ਼ਾਂ ਦੇ ਖਿਲਾਫ਼ ਜੰਗ ਵਿਚ ਸ਼ਾਮਲ ਹੋਣ ਅਤੇ ਖਿਲਾਫ਼ਤ ਲਹਿਰ ਦੇ ਇਨਕਲਾਬੀਆਂ ਵੱਲੋਂ ਗ਼ਦਰ ਪਾਰਟੀ ਨਾਲ ਤਾਲਮੇਲ ਕਰਨ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਗ਼ਦਰ ਪਾਰਟੀ ਦੇ ਅੰਗਰੇਜ਼ੀ ਹਕੂਮਤ ਦ ਖਿਲਾਫ ਐਲਾਨੇ ਜੰਗ ਅਤੇ ਅਨਵਰ ਪਾਸ਼ਾ ਦੀ ਮੁਸਲਮ ਦੁਨੀਆਂ ਨੂੰ ਅਪੀਲ ਦਾ ਫੌਜੀਆਂ 'ਤੇ ਕਾਫੀ ਅਸਰ ਹੋ ਰਿਹਾ ਸੀ। ਸਿੱਖ ਫੌਜੀਆਂ ਵਿਚ ਬਗ਼ਾਵਤ ਦੇ ਆਸਾਰ ਦੇਖ ਕੇ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਹਾਂਗਕਾਂਗ ਭੇਜ ਦਿੱਤਾ ਅਤੇ ਉਨ੍ਹਾਂ ਵਿਚੋਂ ਬਾਗ਼ੀਆਂ ਨੂੰ ਵਾਪਸ ਫਿਰੋਜ਼ਪੁਰ ਛਾਉਣੀ ਵਿਚ ਭੇਜ ਦਿੱਤਾ ਸੀ ਤਾਂ ਵੀ, ਵਾਪਸ ਭੇਜੇ ਹੋਏ ਇਨ੍ਹਾਂ ਫੌਜੀਆਂ ਨੇ ਫਰਵਰੀ 1914 ਦੀ ਬਗ਼ਾਵਤ ਵਿੱਚ ਹਿੱਸਾ ਲਿਆ ਸੀ ਅਤੇ ਸ਼ਜਾਵਾਂ ਭੁਗਤੀਆਂ ਸਨ। ਮਹਿਮੂਦ ਕਬਾਇਲੀ ਪਠਾਣਾਂ ਦੀ ਪਲਟਣ ਨੇ ਅੰਗਰੇਜ਼ ਅਫਸਰ ਉਤੇ ਗੋਲੀ ਚਲਾ ਦਿੱਤੀ ਸੀ। ਜਿਸ ਕ੍ਰਕੇ ਉਨ੍ਹਾਂ ਨੂੰ ਸਿੰਘਾਪੁਰ ਤੋਂ ਰੰਗੂਨ ਭੇਜ ਦਿੱਤਾ ਗਿਆ ਸੀ। ਇਨ੍ਹਾਂ ਵਿਚੋਂ 4 ਬਾਗ਼ੀ ਪਠਾਣ ਫੌਜੀਆਂ ਨੂੰ ਕੋਰਟ ਮਾਰਸ਼ਲ ਕਰਕੇ ਫਾਂਸੀ ਦੇ ਦਿੱਤਾ ਗਿਆ ਸੀ। ਬਾਕੀ ਦੀ ਸਾਰੀ ਦੀ ਸਾਰੀ ਪਲਟਣ ਨੂੰ ਡਿਸਬੈਂਡ ਕਰਕੇ ਘਰਾਂ ਨੂੰ ਭੇਜ ਦਿੱਤਾ ਗਿਆ।

ਪੰਜਵੀਂ ਬਲੋਚ ਇਨਫ਼ੈਂਟਰੀ ਨੂੰ ਹਾਂਗਕਾਂਗ ਭੇਜਣ ਦੇ ਹੁਕਮ ਜਾਰੀ ਕਰ ਦਿੱਤੇ ਗਏ। ਜਦੋਂ ਗੋਲੀ-ਸਿੱਕਾ ਟਰੱਕਾਂ ਵਿਚ ਲੱਦਿਆ ਜਾ ਰਿਹਾ ਸੀ ਤਾਂ ਅਚਾਨਕ ਗੋਲੀ ਚੱਲਣ ਦੀ ਅਵਾਜ਼ ਆਈ। ਅਸਲ ਵਿਚ ਇਹ ਬਗ਼ਾਵਤ ਦਾ ਸਿਗਨਲ ਸੀ। ਚਾਰੋਂ ਪਾਸੇ ਤਾੜ-ਤਾੜ ਗੋਲੀਆਂ ਚਲਣੀਆਂ ਸ਼ੁਰੂ ਹੋ ਗਈਆਂ। ਜਿਹੜਾ ਵੀ ਅੰਗਰੇਜ਼ ਅਫ਼ਸਰ ਸਾਹਮਣੇ ਆਇਆ, ਮਾਰ ਦਿੱਤਾ ਗਿਆ। ਉਸ ਵੇਲੇ ਸਿੰਘਾਪੁਰ ਵਿਚ ਅੰਗਰੇਜਾਂ ਦੀ ਵਲੰਟੀਅਰ ਕੋਰ ਤੋਂ ਬਿਨਾਂ ਹੋਰ ਕੋਈ ਫੋਰਸ ਨਹੀਂ ਸੀ।

ਜਰਮਨ ਜੰਗੀ ਕੈਦੀਆਂ ਦੇ ਪਹਿਰੇ 'ਤੇ ਕੁਝ-ਇਕ ਸਿੱਖ ਫੌਜੀ ਲਾਏ ਹੋਏ ਸਨ ਜੋ ਅਸਲ ਵਿਚ ਬੇਹਥਿਆਰ ਸਨ। ਬਲੋਚ ਬਾਗ਼ੀ ਫੌਜੀਆਂ ਦਾ ਇਕ ਦਸਤਾ ਜਰਮਨ ਜੰਗੀ ਕੈਦੀਆਂ ਦੇ ਕੈਂਪ ਵਿਚ ਪਹੁੰਚਾ ਅਤੇ ਉਨ੍ਹਾਂ ਨੂੰ ਬਗ਼ਾਵਤ ਵਿਚ ਸ਼ਾਮਲ ਹੋਣ ਲਈ ਕਿਹਾ। ਪਰ ਜਰਮਨ ਫੌਜੀਆਂ ਨੇ ਸਾਫ ਇਨਕਾਰ ਕਰ ਦਿੱਤਾ, ਜਿਸ ਨਾਲ ਬਾਗ਼ੀ ਫੌਜੀਆਂ ਨੂੰ ਕਾਫੀ ਨਿਰਾਸ਼ਾ ਹੋਈ।

ਬਾਗ਼ੀ ਫੌਜੀਆਂ ਦਾ ਦੂਜਾ ਦਸਤਾ ਸ਼ਹਿਰੀ ਕੋਤਵਾਲੀ ਵੱਲ ਵਧਿਆ। ਜਿਸ ਨੇ ਵੀ ਰਾਹ ਵਿਚ ਮੁਜ਼ਾਹਮਤ ਕਰਨ ਦੀ ਕੋਸ਼ਿਸ਼ ਕੀਤੀ, ਉਸ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਹਿੰਦੋਸਤਾਨ ਦੇ ਬਾਗ਼ੀ ਫੌਜੀਆਂ ਨੇ ਸਾਰੇ ਸ਼ਹਿਰ 'ਤੇ ਕਬਜ਼ਾ ਕਰ ਲਿਆ।

ਤੀਜੇ ਬਾਗ਼ੀ ਦਸਤੇ ਨੇ ਅੰਗਰੇਜ਼ ਕਰਨਲ ਦੇ ਬੰਗਲੇ ਨੂੰ ਘੇਰ ਲਿਆ। ਕਰਨਲ ਦੇ ਬੰਗਲੇ ਦੀ ਰਾਖੀ ਅੰਗਰੇਜ਼ ਫੌਜੀ ਵਲੰਟੀਅਰ ਕਰ ਰਹੇ ਸਨ। ਦੋਹਾਂ ਪਾਸਿਆਂ ਤੋਂ

ਸਾਰੀ ਰਾਤ ਮੁਕਾਬਲਾ ਚਲਦਾ ਰਿਹਾ।

ਸਿੰਘਾਪੁਰ ਦੀ ਸਮੁੰਦਰੀ ਛਾਉਣੀ ਅਤੇ ਗਵਰਨਰ ਦੇ ਨਿਵਾਸ ਸਥਾਨ ਵਲ ਕੋਈ ਨਾ ਗਿਆ। ਗਵਰਨਰ ਨੇ ਸਮੁੰਦਰੀ ਜਹਾਜ਼ਾਂ ਨੂੰ ਐਸ.ਓ.ਐਸ. 'ਤੇ ਅਪੀਲ ਕੀਤੀ ਤੇ ਮਦਦ ਲਈ ਕਿਹਾ। ਇਸ ਅਪੀਲ ਉਤੇ ਜਪਾਨ ਦਾ ਇਕ ਜੰਗੀ ਜਹਾਜ਼ ਅੰਗਰੇਜ਼ਾਂ ਦੀ ਮਦਦ 'ਤੇ ਆ ਗਿਆ। ਜਪਾਨੀਆਂ ਦੀ ਸਮੁੰਦਰੀ ਫੌਜ ਨੇ ਬਾਗੀ ਇਨਕਲਾਬੀਆਂ ਵਿਰੁੱਧ ਮੋਰਚੇ ਸੰਭਾਲ ਲਏ। ਅੰਗਰੇਜ਼ਾਂ ਦੀ ਮਦਦ 'ਤੇ ਆਏ ਇਸ ਜਪਾਨੀ ਬੇੜੇ ਨੇ ਏਸ਼ੀਆਈ ਭਰੱਪਣ ਦਾ ਵਹਿਮ ਦੂਰ ਕਰ ਦਿੱਤਾ। ਬਗ਼ਾਵਤੀਆਂ ਦੀ ਮਦਦ ਕਰਨ ਵਾਲਾ ਹੋਰ ਕੋਈ ਵੀ ਨੇੜੇ-ਨੇੜੇ ਨਹੀਂ ਸੀ। ਨਾ ਜਰਮਨ ਅਤੇ ਨਾ ਹੀ ਤੁਰਕੀ।

ਦੂਜੇ ਪਾਸੇ ਸੁਲਤਾਨ ਜੌਹਾਰਬਾਰੂ 1179 ਫੌਜੀਆਂ ਦਾ ਦਸਤਾ ਲੈ ਕੇ ਅੰਗਰੇਜ਼ਾਂ ਦੀ ਮਦਦ 'ਤੇ ਆ ਗਿਆ। ਇਸ ਨੇ ਇਸਲਾਮੀ ਭਾਈਚਾਰੇ ਦੇ ਵਹਿਮ ਨੂੰ ਵੀ ਦੂਰ ਕੀਤਾ।

ਸਿੰਘਾਪੁਰ ਵਿਚ ਤਿੰਨ ਦਿਨ ਜੰਮ ਕੇ ਲੜਾਈ ਹੋਈ। ਏਨੇ ਨੂੰ ਅੰਗਰੇਜ਼ਾਂ ਦੀਆਂ ਆਪਣੀਆਂ ਫੌਜਾਂ ਪਹੁੰਚ ਗਈਆਂ। ਬਗ਼ਾਵਤੀਆਂ ਨੂੰ ਪਿੱਛੇ ਹਟਣਾ ਪਿਆ। ਇਨ੍ਹਾਂ ਵਿਚੋਂ ਕੁਝ ਇਕ ਗ੍ਰਿਫਤਾਰ ਕਰ ਲਏ ਗਏ ਅਤੇ ਬਾਕੀ ਫੌਜੀ ਜੌਹਰਾਬਾਰੂ ਦੇ ਜੰਗਲਾਂ ਵਿਚ ਪਿਛੇ ਹਟ ਗਏ।

ਸਰਕਾਰੀ ਰੀਪੋਰਟਾਂ ਅਨੁਸਾਰ ਇਸ ਬਗ਼ਾਵਤ ਵਿਚ 48 ਅੰਗਰੇਜ਼ ਫੌਜੀ ਮਰੇ ਜਿਨ੍ਹਾਂ ਵਿਚ 8 ਅਫਸਰ ਸਨ ਲੜਦਿਆਂ-ਲੜਦਿਆਂ ਬਲੋਚ ਇਨਫੈਂਟਰੀ ਦੇ 128 ਸਿਪਾਹੀ ਸ਼ਹੀਦ ਹੋ ਗਏ ਸਨ। ਗ੍ਰਿਫਤਾਰ ਕੀਤੇ ਗਏ 27 ਫੌਜੀਆਂ ਨੂੰ ਕੋਰਟ ਮਾਰਸ਼ਲ ਕਰ ਕੇ ਜਨਤਕ ਤੌਰ 'ਤੇ ਫਾਂਸੀ ਦਿੱਤੀ ਗਈ ਸੀ ਅਤੇ 41 ਫੌਜੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇਹ ਅੰਕੜੇ ਸਰਕਾਰ ਦੀਆਂ ਰੀਪੋਰਟਾਂ 'ਤੇ ਅਧਾਰਤ ਹਨ ਪਰ ਹਕੀਕਤ ਇਹ ਹੈ ਕਿ ਸੈਂਕੜੇ ਫੌਜੀ, ਜਿਹੜੇ ਜੰਗਲਾਂ ਵਿਚ ਚਲੇ ਗਏ ਸਨ, ਅੰਗਰੇਜ਼ਾਂ ਨੇ ਚੁਣ-ਚੁਣ ਕੇ ਮਾਰੇ ਸਨ।

ਜਿਨ੍ਹਾਂ ਨੂੰ ਫਾਂਸੀ ਦਿੱਤੀ ਗਈ ਉਨ੍ਹਾਂ ਵਿਚ ਗ਼ਦਰ ਪਾਰਟੀ ਦੇ ਆਗੂ ਕਾਸਮ ਇਸਮਾਈਲ ਮਨਸੂਰ (ਸੂਰਤ), ਹਰਨਾਮ ਸਿੰਘ ਰਸੂਲਪੁਰ ਅਤੇ ਜਗਤ ਸਿੰਘ ਅਤੇ ਉਨ੍ਹਾਂ ਦੇ ਕਈ ਹੋਰ ਸਾਥੀ ਸਨ। ਜਿਨ੍ਹਾਂ ਫੌਜੀਆਂ ਨੂੰ ਫਾਂਸੀ ਦਿੱਤੀ ਗਈ ਸੀ, ਉਨ੍ਹਾਂ ਵਿਚ ਹਵਾਲਦਾਰ ਅਬਦੁਲ ਰਜ਼ਾਕ, ਸੁਲੇਮਾਨ, ਇਮਤਿਆਜ਼, ਨਾਇਮ ਮੂਸੇ ਖਾਂ, ਰਸੂਲੇ ਖਾਂ ਅਤੇ ਜ਼ਫਰਅਲੀ ਵੀ ਸਨ। ਬਾਕੀ ਜਿਨ੍ਹਾਂ ਨੂੰ ਫਾਂਸੀ ਦਿੱਤੀ ਗਈ ਸੀ ਉਨ੍ਹਾਂ ਦੇ ਨਾਵਾਂ ਦਾ ਪਤਾ ਅਜੇ ਨਹੀਂ ਲੱਗ ਸਕਿਆ। ਫਾਂਸੀ ਆਉਣ ਵਾਲਿਆਂ ਵਿਚ 6 ਸਿੱਖ ਵੀ ਸਨ ਜਿਹੜੇ ਅਜੇ ਤਕ ਗ਼ੁਲਾਮ ਹਨ।

ਬਗ਼ਾਵਤ ਦੇ ਫੇਲ੍ਹ ਹੋ ਜਾਣ 'ਤੇ ਅੰਗਰੇਜ਼ੀ ਹਕੂਮਤ ਨੇ ਜਿਹੜੇ ਜ਼ੁਲਮ ਕੀਤੇ, ਉਸ ਦੀ ਇਕ ਝਲਕ ਇਸ ਤਰ੍ਹਾਂ ਮਿਲਦੀ ਹੈ:

ਇਸ ਬਲੋਚ ਰੈਜਮੈਂਟ ਦਾ ਇਕ ਜਮਾਂਦਾਰ ਜਪਾਨੀਆਂ ਨੇ ਗ੍ਰਿਫਤਾਰ ਕਰਕੇ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ ਸੀ। ਜਮਾਂਦਾਰ ਦੇਖਣੀ ਵਿਚ ਦਿਓਕਦ, ਉੱਚਾ-ਲੰਮਾ, ਭਾਰਾ ਸੀ। ਉਸ ਨੂੰ ਹੱਥਕੜੀਆਂ ਤੋਂ ਬਿਨਾਂ ਲੱਕ ਨੂੰ ਸੰਗਲ ਪਾਏ ਹੋਏ ਸਨ। ਜਦੋਂ ਉਸ ਨੂੰ ਕੋਰਟ ਮਾਰਸ਼ਲ ਲਈ ਪੇਸ਼ ਕਰਦੇ ਸਨ ਤਾਂ ਅੰਗਰੇਜ਼ ਸਿਪਾਹੀ ਉਸ ਦੇ ਸਾਹਮਣੇ ਬਚੂੰਗੜੇ ਜਹੇ ਲੱਗਦੇ ਸਨ।

ਇਸ ਜਮਾਂਦਾਰ ਨੂੰ ਗੋਲੀਆਂ ਨਾਲ ਮਾਰ ਦੇਣ ਦੀ ਸਜ਼ਾ ਹੋਈ। ਫਾਇਰਿੰਗ ਸਕੁਐਡ ਨੇ ਬਾਲੀ ਮਾਰੀ। ਗੋਲੀਆਂ ਲੱਗਣ ਨਾਲ ਉਹ ਅਗੇ ਵਲ ਝੁਕ ਤਾਂ ਗਿਆ ਪਰ ਡਿੱਗਾ ਨਾ। ਅੰਗਰੇਜ਼ ਮੇਜਰ ਨੇ ਆਪ ਅੱਗੇ ਹੋ ਕੇ ਉਸਦੀ ਪੁੜਪੁੜੀ ਵਿਚ ਗੋਲੀ ਮਾਰੀ, ਜਿਸ ਨਾਲ ਉਹ ਜ਼ਮੀਨ 'ਤੇ ਡਿੱਗ ਪਿਆ ਪਰ ਤੜਫਦਾ ਹੀ ਸੀ। ਮੇਜਰ ਉਸ ਦੀ ਛਾਤੀ 'ਤੇ ਚੜ੍ਹ ਕੇ ਪੇਟ ਦੀ ਹਵਾ ਕੱਢਣ ਲੱਗ ਪਿਆ।

ਇਹ ਬਗ਼ਾਵਤ ਅਸਲ ਵਿਚ ਕਿਸੇ ਬਕਾਇਦਾ ਯੋਜਨਾਂ ਤੋਂ ਬਿਨਾਂ ਹੀ ਹੋਈ, ਭਾਵੇਂ ਗ਼ਦਰੀ ਲੀਡਰਾਂ ਨੇ ਇਸ ਵਿਚ ਅੱਗੇ ਹੋ ਕੇ ਹਿੱਸਾ ਲਿਆ ਸੀ। ਪੂਰਬੀ ਫਰੰਟ ਦੀ ਗ਼ਦਰੀ ਟੀਮ ਅਜੇ ਅੰਦੋਲਨ ਕਰਨ ਤਕ ਹੀ ਮਹਿਦੂਦ ਸੀ। ਉਹ ਅਜੇ ਬਰਮਾ ਵਿਚ ਹਾਲਾਤ ਦਾ ਜਾਇਜ਼ਾ ਹੀ ਲੈ ਰਹੇ ਸਨ ਤੇ ਤਿਆਰੀ ਵਿਚ ਰੁੱਝੇ ਹੋਏ ਸਨ। ਬਗ਼ਾਵਤ ਬਿਨਾਂ ਤਾਲਮੇਲ ਤੋਂ ਅਚਨਚੇਤ ਹੋ ਗਈ। ਜਿਸ ਵਿਚ ਫੌਜੀਆਂ ਦੀਆਂ ਲਾਮਿਸਾਲ ਕੁਰਬਾਨੀਆਂ ਤੇ ਸ਼ਹੀਦੀਆਂ ਹੋਈਆਂ।

ਅੰਗਰੇਜ਼ ਫੌਜਾਂ ਵਿਚਲੀ ਬਗ਼ਾਵਤ ਤੋਂ ਹਮੇਸ਼ਾਂ ਚੌਕਸ ਰਹਿੰਦੇ ਸਨ। ਹਿੰਦੋਸਤਾਨੀ ਫੌਜਾਂ ਵਿਚਕਾਰ ਹਿੰਦੂ-ਸਿੱਖ-ਮੁਸਲਮਾਨ ਆਦਿ ਮਸਲੇ ਖੜ੍ਹੇ ਕਰਕੇ ਇਕ ਦੂਜੇ ਵਿਰੁੱਧ ਨਫ਼ਰਤ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕਰਦੇ ਸਨ। ਸਿੱਖ ਫੌਜਾਂ ਵਿਚ ਅਜੇਹੇ ਪ੍ਰਚਾਰ ਲਈ ਉਹ ਹੋਰ ਵੀ ਅੱਗੇ ਚਲੇ ਗਏ ਸਨ। ਉਨ੍ਹਾਂ ਅੰਦਰ ਮਾਝਾ, ਦੁਆਬਾ, ਮਾਲਵਾ ਆਦਿ ਦੇ ਸਵਾਲ ਖੜ੍ਹੇ ਕਰਕੇ ਫੁੱਟ ਦਾ ਬੀਜ ਬੀਜਦੇ ਸਨ। ਇਨ੍ਹਾਂ ਨਾਪਾਕ ਮਨਸੂਬਿਆਂ ਵਿਚ ਉਹ ਕਾਫੀ ਹੱਦ ਤਕ ਕਾਮਯਾਬ ਵੀ ਹੋਏ। ਤਾਂ ਵੀ, ਜਿੰਨੀ ਵਾਰ ਕੌਮੀ ਉਭਾਰ ਆਇਆ ਇਨ੍ਹਾਂ ਫੌਜੀਆਂ ਨੇ ਬਿਲਾ ਇਮਤਿਆਜ਼ ਮਜ਼ਹਬੋ ਮਿਲਤ ਜਾਂ ਇਲਾਕਾਈ ਤੁਅੱਸਬ ਦੇ ਅਜ਼ਾਦੀ ਦੀ ਲੜਾਈ ਵਿਚ ਆਪਣਾ ਸਾਂਝਾ ਖ਼ੂਨ ਵਹਾਇਆ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਮਿਸਰ ਤੇ ਚੀਨ ਦੇ ਇਨਕਲਾਬੀਆਂ ਨੂੰ ਇਹ ਗਿਲਾ ਸੀ ਕਿ ਅੰਗਰੇਜ਼ਾਂ ਨੇ ਹਿੰਦੋਸਤਾਨੀ ਫੌਜਾਂ ਨਾਲ ਚੜ੍ਹਾਈ ਕਰਕੇ ਦੂਜੇ ਦੇਸਾਂ ਨੂੰ ਗ਼ੁਲਾਮ ਕੀਤਾ ਹੋਇਆ ਸੀ। ਉਨ੍ਹਾਂ ਦਾ ਇਹ ਗਿਲਾ ਜਾਇਜ਼ ਸੀ ਪਰ ਤਸਵੀਰ ਦਾ ਦੂਜਾ ਰੁਖ ਇਹ ਵੀ ਹੈ ਕਿ ਹਿੰਦੋਸਤਾਨੀ ਇਨਕਲਾਬੀਆਂ ਨੇ ਦੂਜੇ ਮੁਲਕਾਂ ਦੀ ਅਜ਼ਾਦੀ ਲਈ ਆਪਣੀਆ ਜਾਨਾਂ ਵੀ ਕੁਰਬਾਨ ਕੀਤੀਆਂ ਸਨ।

ਚੀਨ ਦੀ ਅਜ਼ਾਦੀ ਦੀ ਲਹਿਰ ਵਿਚ ਗ਼ਦਰੀਆਂ ਅਤੇ ਪੰਜਾਬੀ ਫੌਜੀਆਂ ਨੇ ਉੱਘਾ ਹਿੱਸਾ ਪਾਇਆ ਸੀ। ਇਹ ਇੰਕਸ਼ਾਫ ਪੁਲਸ ਡਾਇਰੈਕਟਰ ਪੈਟਰੀ ਦੀ ਕਿਤਾਬ ਵਿਚ ਹੁੰਦਾ ਸੀ। ਏਸੇ ਤਰ੍ਹਾਂ ਈਰਾਨ, ਮੈਸੋਪਟਾਮੀਆ, ਮਿਸਰ ਅਤੇ ਅਫ਼ਗਾਨਿਸਤਾਨ

ਦੀਆਂ ਬਗ਼ਾਵਤਾਂ ਵਿਚ ਵੀ ਹਿੰਦੋਸਤਾਨੀ ਗ਼ਦਰੀਆਂ ਨੇ ਹਿੱਸਾ ਲਿਆ ਸੀ ਅਤੇ ਕੁਰਬਾਨੀਆਂ ਦਿੱਤੀਆਂ ਸਨ। ਦੂਰ ਪੂਰਬ ਅਤੇ ਮਧ ਪੂਰਬ 'ਤੇ ਸਾਡੇ ਬਜ਼ੁਰਗਾਂ ਨੇ ਅੰਗਰੇਜ਼ਾਂ ਦੀਆਂ ਜੇਲ੍ਹਾਂ ਵਿਚ ਜਾਨਾਂ ਦਿੱਤੀਆਂ ਸਨ। ਭਾਈ ਮਹਾਰਾਜ ਸਿੰਘ ਪੰਜਾਬ ਦੇ ਪਹਿਲੇ ਗ਼ਦਰੀ ਸਨ ਜਿਨ੍ਹਾਂ ਨੂੰ ਗ੍ਰਿਫਤਾਰ ਕਰਕੇ ਮਲਾਇਆ ਦੀਆਂ ਜੇਲ੍ਹਾਂ ਵਿਚ ਉਮਰ ਭਰ ਰੱਖਿਆ ਗਿਆ ਸੀ। ਮਹਾਂਰਾਸ਼ਟਰ ਦੇ ਬਾਗ਼ੀ ਆਗੂ ਬਲਵੰਤ ਫਾਦਕੇ ਨੇ ਅਦਨ ਜੇਲ੍ਹ ਵਿਚ ਆਪਣੀ ਜਾਨ ਦਿੱਤੀ ਸੀ। ਕੂਕਾ ਗੁਰੂ ਬਾਬਾ ਰਾਮ ਸਿੰਘ ਜੀ ਨੂੰ ਮਾਂਡਲੇ ਜੇਲ੍ਹ 'ਚ ਰੱਖਿਆ ਗਿਆ ਸੀ। ਸੂਫੀ ਅੰਬਾ ਪ੍ਰਸ਼ਾਦ ਨੂੰ ਈਰਾਨ ਵਿਚ ਫਾਂਸੀ ਦਿੱਤੀ ਗਈ ਸੀ। ਕਾਬਲ ਦੀ ਆਰਜ਼ੀ ਹਕੂਮਤ ਦੇ ਰੱਖਿਆ ਮੰਤਰੀ ਤੇ ਉਸਦੇ ਸਟਾਫ਼ ਨੂੰ ਮਦੀਨੇ ਤੋਂ ਗ੍ਰਿਫਤਾਰ ਕਰਕੇ ਜ਼ਿੰਦਗੀ ਭਰ ਮਾਲਟਾ ਜੇਲ੍ਹ ਵਿਚ ਰੱਖਿਆ ਗਿਆ ਸੀ। ਇਸ ਤਰ੍ਹਾਂ ਦੀ ਕਾਫੀ ਲੰਬੀ ਲਿਸਟ ਹੈ।

ਹਿੰਦੋਸਤਾਨੀ ਫੌਜੀ ਮਜਬੂਰੀ ਵਿਚ ਅੰਗਰੇਜ਼ੀ ਫੌਜਾਂ 'ਤੇ ਭਰਤੀ ਹੁੰਦੇ ਸਨ ਅਤੇ ਮੌਕਾ ਲਗਣ 'ਤੇ ਅੰਗਰੇਜ਼ਾਂ ਦੇ ਖਿਲਾਫ਼ ਬਗ਼ਾਵਤ ਕਰ ਦਿੰਦੇ ਸਨ। ਬਨੂੰ, ਕੌਹਾਟ ਤੋਂ ਲੈ ਕੇ ਫੈਜ਼ਾਬਾਦ, ਬਨਾਰਸ, ਮੇਰਠ, ਬੰਗਾਲ ਤੱਕ ਇਨ੍ਹਾਂ ਹਿੰਦੋਸਤਾਨੀਆਂ ਫੌਜੀਆਂ ਨੇ ਗ਼ਦਰੀਆਂ ਦਾ ਸਾਥ ਦਿੱਤਾ ਅਤੇ ਕੁਰਬਾਨੀਆਂ ਦਿੱਤੀਆਂ ਸਨ। 1914-15 ਵਿਚ ਹਾਂਗਕਾਂਗ ਦੀ ਛਾਉਣੀ ਦੇ 26 ਸਿੱਖ ਬਾਗ਼ੀਆਂ ਕਰ ਦਿੱਤੀ ਸੀ। ਇਸ ਦੇ ਚਾਰ ਬਾਗ਼ੀ ਫੌਜੀ ਫਾਂਸੀ ਲਾ ਦਿੱਤੇ ਗਏ ਸਨ ਅਤੇ ਦਰਜਨਾਂ ਨੂੰ ਕੈਦ ਹੋਈ ਸੀ। ਗ਼ਦਰੀ ਤਰਲੋਕ ਸਿੰਘ ਦਊਧਰ ਸਾਰਜੰਟ ਦੇ ਪ੍ਰਚਾਰ ਸਦਕਾ 24 ਜਾਟ ਤੋਪਖਾਨੇ ਨੇ ਅੰਗਰੇਜ਼ ਅਫਸਰਾਂ ਦੇ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਏਸੇ ਤਰ੍ਹਾਂ ਪੀਨਾਂਗ ਦੇ 40 ਪੰਜਾਬੀ ਪੁਲਸੀਏ ਬਰਖਾਸਤ ਕਰਕੇ ਦੇਸ ਭੇਜ ਦਿੱਤੇ ਗਏ ਸਨ।

ਬਰਮਾ ਦਾ ਗ਼ਦਰੀ ਮੋਰਚਾ

1915 ਵਿਚ ਬਰਮਾ ਹਿੰਦੋਸਤਾਨ ਦਾ ਹੀ ਇਕ ਸੂਬਾ ਸੀ, ਅੰਗਰੇਜ਼ਾਂ ਵਲੋਂ ਮੁਤੀਹ ਕੀਤਾ ਹੋਇਆ ਸੀ ਅਤੇ ਗੜਬੜੀ ਦੀ ਹਾਲਤ ਵਿਚ ਹੀ ਰਹਿੰਦਾ ਸੀ। ਬਰਮਾ ਦੇ ਪੂੰਗੀ ਸਮੇਂ-ਸਮੇਂ ਛੋਟੀਆਂ-ਮੋਟੀਆਂ ਬਗ਼ਾਵਤਾਂ ਕਰਦੇ ਹੀ ਰਹਿੰਦੇ ਸਨ। ਇਸ ਲਈ ਉਨ੍ਹਾਂ ਨੂੰ ਦਬਾ ਕੇ ਰੱਖਣ ਲਈ 15 ਹਜ਼ਾਰ ਪੰਜਾਬੀਆਂ ਦੀ ਫੌਜੀ ਪੁਲਸ ਏਥੇ ਰੱਖੀ ਹੋਈ ਸੀ। ਹਾਲਾਤ 'ਤੇ ਕਾਬੂ ਪਾਉਣ ਲਈ ਹਿੰਦੋਸਤਾਨੀ ਫੌਜ ਹਮੇਸ਼ਾਂ ਹੀ ਛਾਉਣੀਆਂ ਵਿਚ ਰੱਖੀ ਜਾਂਦੀ ਸੀ।

ਗ਼ਦਰ ਪਾਰਟੀ ਨੇ ਬਰਮਾ ਵਿਚ ਪੰਜਾਬ ਪੁਲਸ ਨੂੰ ਅਜਿਹਾ ਘ੍ਰਿਣਤ ਕੰਮ ਕਰਨ ਤੋਂ ਵਰਜਣ ਅਤੇ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕਰਨ ਲਈ ਤਿਆਰ ਕਰਨ ਦਾ ਬੀੜਾ ਚੁੱਕਿਆ। ਪਾਰਟੀ ਗ਼ਦਰ ਅਖ਼ਬਾਰ ਦੇ ਬੰਡਲ ਡਾਕ ਰਾਹੀਂ ਬਰਮਾ ਭੇਜਦੀ ਸੀ। ਕੁਝ ਇਕ ਅੰਗਰੇਜ਼ ਪ੍ਰਸਤਾਂ ਨੇ ਇਹ ਅਖ਼ਬਾਰ ਸਰਕਾਰ ਤੱਕ ਪਹੁੰਚਾ ਦਿੱਤੇ ਸਨ, ਜਿਸ ਕਰਕੇ ਸਰਕਾਰ ਨੇ ਡਾਕ 'ਤੇ ਸੈਂਸਰ ਲਾ ਦਿੱਤਾ ਸੀ। 24 ਜਨਵਰੀ 1915 ਦੇ ਗ਼ਦਰ

ਅੰਕ ਦੇ ਗੁਜਰਾਤੀ ਦੇ 220, ਹਿੰਦੀ ਦੇ 10, ਉਰਦੂ ਦੇ ਤਿੰਨ ਪਰਚੇ ਅੰਗਰੇਜ਼ੀ ਹਕੂਮਤ ਦੇ ਹੱਥ ਲੱਗ ਗਏ। ਇਨ੍ਹਾਂ ਪਰਚਿਆਂ ਵਿਚ ਛੇ ਅੰਕ 'ਜਹਾਨੇ ਇਸਲਾਮ' ਦੇ ਵੀ ਸਨ। ਜਿਨ੍ਹਾਂ ਵਿਚ ਇਕ ਲੇਖ ਲਾਲਾ ਹਰਦਿਆਲ ਦਾ, ਦੂਜਾ ਤੇ ਤੀਜਾ ਮਿਸਰ ਦੇ ਕੌਮਪ੍ਰਸਤ ਆਗੂਆਂ ਫਰੀਦ ਬੇ ਤੇ ਮਨਸੂਰ ਅਰਾਫ਼ਾਤ ਦੇ ਸਨ। ਇਸ ਤੇ ਹੀ ਅਨਵਰ ਪਾਸ਼ਾ ਦੀ ਅਪੀਲ ਸੀ ਜਿਸ ਵਿਚ ਉਸਨੇ ਹਿੰਦੂਆਂ ਮੁਸਲਮਾਨਾਂ ਨੂੰ ਭਰਾ ਕਿਹਾ ਸੀ ਅਤੇ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕਰਨ ਦੀ ਅਪੀਲ ਕੀਤੀ ਸੀ। ਅਖ਼ਬਾਰ ਗ਼ਦਰ ਪਾਰਟੀ ਦੇ ਗੁਪਤ ਹੈਡਕੁਆਟਰ 16, ਡਫਰਨ ਰੋਡ ਰੰਗੂਨ ਪਹੁੰਚਦਾ ਸੀ ਜਿਥੋਂ ਸਾਰੇ ਬਰਮਾ ਵਿਚ ਤਕਸੀਮ ਕੀਤਾ ਜਾਂਦਾ ਸੀ। ਖਿਲਾਫਤੀ ਆਗੂ ਫਹਿਮ ਅਲੀ ਅਹਿਮਦ ਸਦੀਕੀ ਉਸ ਸਮੇਂ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਚੁੱਕੇ ਸਨ। ਸਿੰਘਾਪੁਰ ਤੋਂ ਹੀਰਾ ਸਿੰਘ ਚਰੜ, ਗਿਆਨ ਚੰਦ ਮੌਰੀਮਰਲ ਲਾਹੌਰ, ਸ਼ਿਵ ਦਿਆਲ ਕਪੂਰ ਵੀ ਬਰਮਾ ਪਹੁੰਚ ਚੁੱਕੇ ਸਨ। ਸਿੰਘਾਪੁਰ ਦੀ ਫੌਜੀ ਬਗ਼ਾਵਤ ਵਿਚ ਆਪਣੇ ਕਿਰਦਾਰ ਬਾਰੇ ਵੀ ਗੱਲਾਂ ਕਰਦੇ ਸਨ। ਗ਼ਦਰੀਆਂ ਦੇ ਪ੍ਰਚਾਰ ਨਾਲ ਹਿੰਦੋਸਤਾਨੀ ਫੌਜ ਤੇ ਫੌਜੀ ਪੁਲਸ ਦੇ ਸਿਪਾਹੀਆਂ ਨੇ ਅੰਗਰੇਜ਼ ਅਫ਼ਸਰਾਂ ਦੀਆਂ ਹੁਕਮ ਅਦੂਲੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਬਾਗ਼ੀਆਨਾ ਮੁਜ਼ਾਹਰੇ ਕੀਤੇ ਸਨ।

ਸੋਹਣ ਲਾਲ ਪਾਠਕ ਨੇ ਦੱਖਣੀ ਬਰਮਾ ਵਿਚ ਮੇਮੀਓ ਦੁਆਲੇ 23 ਨੰਬਰ ਤੋਪਖਾਨੇ ਵਿਚ ਆਪਣਾ ਰਸੂਖ ਪੈਦਾ ਕਰ ਲਿਆ ਸੀ। ਕਿਰਪਾ ਰਾਮ ਮਾਂਗਟ ਫੌਜੀਆਂ ਦੇ ਸਕੂਲ ਵਿਚ ਅਧਿਆਪਕ ਸੀ ਅਤੇ ਉਹ ਸੋਹਣ ਲਾਲ ਪਾਠਕ ਦਾ ਸਕੂਲ ਦੇ ਦਿਨਾਂ ਤੋਂ ਵਾਕਫ ਸੀ। ਕਿਰਪਾ ਰਾਮ ਰਾਹੀਂ ਸੋਹਣ ਲਾਲ ਪਾਠਕ ਨੇ ਮਯਾਬੋਈ ਦੀ ਛਾਉਣੀ ਵਿਚ ਪਾਰਟੀ ਦਾ ਯੂਨਿਟ ਕਾਇਮ ਕਰ ਲਿਆ ਸੀ, ਜਿਹੜਾ ਫੌਜੀਆਂ ਵਿਚ ਗ਼ਦਰ ਲਿਟਰੇਚਰ ਤਕਸੀਮ ਕਰਦਾ ਸੀ। ਏਸੇ ਤਰ੍ਹਾਂ ਰੰਗੂਨ ਸ਼ਹਿਰ ਵਿਚ ਫਹਿਮ ਅਲੀ ਅਤੇ ਅਲੀ ਅਹਿਮਦ ਸਦੀਕੀ ਨੇ ਪਾਰਟੀ ਦੀਆਂ ਗੁਪਤ ਸੁਸਾਇਟੀਆਂ ਕਾਇਮ ਕਰ ਦਿੱਤੀਆਂ ਸਨ ਜੋ ਪਾਰਟੀ ਲਈ ਫੰਡ ਅਤੇ ਹਥਿਆਰ ਇਕੱਠੇ ਕਰਦੀਆਂ ਸਨ। ਬਾਬੂ ਹਰਨਾਮ ਸਿੰਘ ਮਾਂਡਲੇ ਦੀ ਡਿਊਟੀ ਬਰਮਾ ਦੇ ਪੂੰਗੀ ਬਾਗ਼ੀਆਂ ਨਾਲ ਸੰਪਰਕ ਕਰਨ ਦੀ ਲੱਗੀ। ਹਥਿਆਰ ਇਕੱਠੇ ਹੋ ਰਹੇ ਸਨ ਅਤੇ ਟਰੇਨਿੰਗ ਦੇਣ ਵਾਲੇ ਇਨਸਟਰੱਕਟਰਾਂ ਨੇ ਅਜੇ ਆਉਣਾ ਸੀ। ਪਰ ਬਦਕਿਸਮਤੀ ਨਾਲ ਚਾਹਲੀਆ ਰਾਮ ਸਾਹਨੇਵਾਲ ਅਪਰੈਲ 1915 ਨੂੰ ਸਿਆਮ-ਬਰਮਾ ਦੀ ਚੌਕੀ 'ਤੇ ਕਸਟਮ ਵਾਲਿਆਂ ਨੇ ਫੜ ਲਿਆ ਜਦੋਂ ਉਹ ਗ਼ਦਰ ਅਖ਼ਬਾਰ ਦੇ ਬੰਡਲ ਲਈ ਆਉਂਦਾ ਸੀ। ਬੰਡਲਾਂ 'ਤੇ ਫਹਿਮ ਅਲੀ ਤੇ ਸਦੀਕੀ ਦਾ 16, ਡਫਰਨ ਰੋਡ ਰੰਗੂਨ ਦਾ ਐਡਰਸ ਵੀ ਸੀ। ਉਸ ਐਡਰੈਸ ਤੋਂ ਅੱਗੇ ਪੁਲਸ ਨੇ ਗ਼ਦਰੀਆਂ ਦਾ ਪੋਸਟ ਬਾਕਸ ਨੰਬਰ ਵੀ ਦਰਿਆਫਤ ਕਰ ਲਿਆ

ਅਮਰੀਕਾ ਤੋਂ ਹਰਦਿੱਤ ਸਿੰਘ ਲੰਬਾ ਜੱਟਪੁਰਾ ਦੀ ਅਗਵਾਈ ਵਿਚ ਇਕ ਜੱਥਾ ਸਿਆਮ ਪਹੁੰਚ ਚੁੱਕਾ ਸੀ, ਜਿਸ ਨੂੰ ਕੁਝ ਦਿਨਾਂ ਬਾਅਦ ਬਰਮਾ ਵੱਲ ਭੇਜਿਆ ਗਿਆ। ਇਨ੍ਹਾਂ ਵਿਚ ਇਕ ਅਮਰੀਕਨ ਵਲੰਟੀਅਰ ਵੀ ਸੀ। ਪੁਲਿਸ ਨੇ ਇਨ੍ਹਾਂ ਨੂੰ ਬਰਮਾ ਵਿਚ

ਦਾਖਲ ਹੁੰਦਿਆਂ ਹੀ ਸਰਹੱਦ ’ਤੇ ਗ੍ਰਿਫਤਾਰ ਕਰ ਲਿਆ। ਅਮਰੀਕਨ ਵਲੰਟੀਅਰ ਨੂੰ ਤਾਂ ਵਾਪਸ ਅਮਰੀਕਾ ਡੀਪੋਰਟ ਕਰ ਦਿੱਤਾ ਗਿਆ ਪਰ ਬਾਕੀ ਗ਼ਦਰੀ ਜੇਲ੍ਹ ਭੇਜ ਦਿੱਤੇ।

ਮੁਜਤਬਾ ਹੁਸੈਨ ਵਲੋਂ ਫਹਿਮ ਅਲੀ ਅਤੇ ਸਦੀਕੀ ਨੂੰ ਲਿਖੇ ਦੋ ਖਤ ਵੀ ਪੁਲਸ ਦੇ ਹੱਥ ਲੱਗ ਚੁੱਕੇ ਸਨ। ਇਸਮਾਈਲ ਕਾਸਮ ਮਨਸੂਰ ਵੱਲੋਂ ਆਪਣੇ ਲੜਕੇ ਨੂੰ ਲਿਖਿਆ ਖਤ ਵੀ ਸੀ.ਆਈ.ਡੀ. ਨੇ ਫੜ ਲਿਆ ਸੀ। ਜਿਨ੍ਹਾਂ ਤੋਂ ਗ਼ਦਰ ਪਾਰਟੀ ਦੇ ਬਰਮਾ ਅਤੇ ਸਿਆਮ ਵਿਚਲੇ ਪਲੈਨਾਂ ਦਾ ਪੁਲਸ ਨੂੰ ਕੁਝ ਪਤਾ ਲੱਗ ਗਿਆ। ਹੁਣ ਬ੍ਰਿਟਿਸ਼ ਇੰਡੀਆ ਹਕੂਮਤ ਨੇ ਸੀ.ਆਈ.ਡੀ. ਦੇ ਸੂਹੀਆਂ ਦਾ ਜਾਲ ਇਸ ਫਰੰਟ ’ਤੇ ਵਿਛਾ ਦਿੱਤਾ। ਸਿਆਮ-ਬਰਮਾ ਸਰਹੱਦ ’ਤੇ ਪੁਲਸ ਚੌਕਸ ਕਰ ਦਿੱਤੀ ਗਈ ਸੀ। ਇਕ ਸੀ.ਆਈ.ਡੀ. ਅਫ਼ਸਰ ਆਰੀਆ ਪ੍ਰਚਾਰਕ ਦੇ ਭੇਸ ਵਿਚ ਬੈਂਕਾਕ ਪਹੁੰਚ ਗਿਆ। ਉਹ ਗ਼ਦਰੀਆਂ ਨਾਲ ਦੋਸਤੀਆਂ ਗੰਢਦਾ ਅਤੇ ਭੇਦ ਲੈਂਦਾ ਸੀ।

ਪੁਰਾਣੇ ਗ਼ਦਰੀਆਂ ਵਿਚੋਂ ਦੋ ਨੂੰ ਅਮਰੀਕਾ ਤੇ ਕਨੇਡਾ ਵਿਚ ਰਹਿਣ ਲਈ ਕਿਹਾ ਗਿਆ ਸੀ। ਭਾਈ ਬਲਵੰਤ ਸਿੰਘ ਨੇ ਭਾਈ ਭਾਗ ਸਿੰਘ ਦੇ ਕਤਲ ਕੇਸ ਵਿਚ ਗਵਾਹ ਪੇਸ਼ ਹੋਣਾ ਸੀ ਅਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੇ ਇਕ ਹੱਥ ਹੋਣ ਕਰਕੇ ਸਾਨਫਰਾਂਸਿਸਕੋ ਦੇ ਹੈਡਕੁਆਟਰ ’ਤੇ ਡਿਊਟੀ ਨਿਭਾਉਣੀ ਸੀ। ਹਰਨਾਮ ਸਿੰਘ ਟੁੰਡੀਲਾਟ ਛੇਤੀ ਹੀ ਉਤਾਵਲਾ ਹੋ ਕੇ ਹਿੰਦੋਸਤਾਨ ਪਹੁੰਚ ਗਿਆ ਅਤੇ ਫਰਵਰੀ 1915 ਦੀ ਬਗ਼ਾਵਤ ਵਿਚ ਸ਼ਾਮਲ ਹੋ ਗਿਆ ਤੇ ਕਰਤਾਰ ਸਿੰਘ ਸਰਾਭਾ ਨਾਲ ਸਰਗੋਧਾ ਤੋਂ ਫੜਿਆ ਗਿਆ।

ਭਾਈ ਬਲਵੰਤ ਸਿੰਘ ਖੁਰਦਪੁਰ ਬੀਬੀ ਬੱਚਿਆਂ ਸਮੇਤ ਕਰਤਾਰ ਸਿੰਘ ਨਵਾਂ ਚੰਦ ਨੂੰ ਨਾਲ ਲੈ ਕੇ ਸ਼ੰਘਾਈ ਪਹੁੰਚ ਗਿਆ। ਏਥੇ ਉਹ ਕੁਝ ਮਹੀਨੇ ਰਹੇ ਅਤੇ ਉਨ੍ਹਾਂ ਦੇ ਇਕ ਬੱਚੇ ਦੀ ਮੌਤ ਵੀ ਹੋ ਗਈ। ਬਲਵੰਤ ਸਿੰਘ ਨੇ ਆਪਣੀ ਬੀਵੀ ਬੱਚੇ ਕਰਤਾਰ ਸਿੰਘ ਨਵਾਂ ਚੰਦ ਨਾਲ ਪਿੰਡ ਭੇਜ ਦਿੱਤੇ ਅਤੇ ਆਪ ਠਾਕਰ ਸਿੰਘ ਕਾਲਾਸੰਘਾ ਨੂੰ ਲੈ ਕੇ ਬੈਂਕਾਕ ਪਹੁੰਚ ਗਿਆ।

ਸਾਨਫਰਾਂਸਿਸਕੋ ਦੇ ਪਾਰਟੀ ਹੈੱਡਕੁਆਟਰ ਵਿਚ ਕੇਵਲ ਰਾਮ ਚੰਦਰਾ ਹੀ ਰਹਿ ਗਿਆ ਸੀ। ਦੂਜੇ ਪਾਸੇ ਸਿਆਮ ਪਹੁੰਚ ਗਏ ਗ਼ਦਰੀਆਂ ਨੂੰ ਅਜੇ ਤੱਕ ਨਹੀਂ ਸੀ ਉਨ੍ਹਾਂ ਦੇ ਪਲੈਨ ਅੰਗਰੇਜ਼ੀ ਹਕੂਮਤ ਕੋਲ ਪਹੁੰਚ ਗਏ ਸਨ। ਉਨ੍ਹਾਂ ਨੂੰ ਇਹ ਵੀ ਵਹਿਮ ਸੀ ਕਿ ਸਿਆਮ ਇਕ ਅਜ਼ਾਦ ਦੇਸ਼ ਹੈ ਅਤੇ ਜੰਗ ਵਿਚ ਨਿਰਲੇਪ ਹੈ।

ਤੀਜਾ ਅਹਿਮ ਤੱਥ ਇਕ ਹੋਰ ਵੀ ਸੀ। ਹਿੰਦੋਸਤਾਨੀਆਂ ਦੀ ਬਰਲਨ ਕਮੇਟੀ ਨੇ ਜਰਮਨ ਹਕੂਮਤ ਨਾਲ ਗੱਲਬਾਤ ਕਰਕੇ ਗ਼ਦਰ ਪਾਰਟੀ ਨਾਲ ਸਬੰਧ ਕਾਇਮ ਕਰਨ ਦੀ ਸਕੀਮ ਬਣਾਈ। ਉਸ ਨੇ ਆਪਣੇ ਨੁਮਾਇੰਦੇ ਅਮਰੀਕਾ ਭੇਜੇ ਜਿਨ੍ਹਾਂ ਵਿਚ ਰਣਜੋਧ ਸਿੰਘ, ਚਕਰਵਰਤੀ ਤੇ ਐਚ.ਐਲ. ਗੁਪਤਾ ਸ਼ਾਮਲ ਸਨ। ਜਰਮਨ ਹਕੂਮਤ ਅਤੇ ਬਰਲਨ ਕਮੇਟੀ ਦੇ ਨੁਮਾਇੰਦਿਆਂ ਨੇ ਗ਼ਦਰ ਪਾਰਟੀ ਦੇ ਹੈੱਡਕੁਆਟਰ ਨਾਲ ਤਾਲਮੇਲ

ਕੀਤਾ। ਉਸ ਵੇਲੇ ਹੈਡਕੁਆਟਰ ਦਾ ਕਰਤਾ-ਧਰਤਾ ਕੇਵਲ ਰਾਮ ਚੰਦਰਾ ਹੀ ਸੀ। ਹਿੰਦੋਸਤਾਨੀਆਂ ਦੀ ਬਰਨਲ ਕਮੇਟੀ ਵਿਚ ਲਾਲਾ ਹਰਦਿਆਲ, ਤਾਰਕਨਾਥ ਦਾਸ ਅਤੇ ਪ੍ਰੋਫੈਸਰ ਬਰਕਤਉੱਲਾ ਵੀ ਸ਼ਾਮਲ ਸਨ। ਪੈਰਸ ਦੇ ਇਨਕਲਾਬੀ ਮੈਡਮ ਕਾਮਾ,ਚਟੋਪਾਧਿਆਏ ਦਾ ਤਕਰੀਬਨ ਸਾਰਾ ਗਰੁੱਪ ਇਨ੍ਹਾਂ ਨਾਲ ਸ਼ਾਮਲ ਸੀ। ਇਸ ਤੋਂ ਬਿਨਾਂ ਜੰਗ ਦੌਰਾਨ ਫਸੇ ਵਿਦਿਆਰਥੀ ਅਤੇ ਪ੍ਰੋਫੈਸਰ ਵੀ ਦਿਨ ਗੁਜ਼ਾਰਨ ਲਈ ਇਨ੍ਹਾਂ ਵਿਚ ਸ਼ਾਮਲ ਹੋ ਗਏ। ਇਨ੍ਹਾਂ ਵਿਚ ਸ਼ਾਮਲ ਹਰ ਗਰੁੱਪ ਵੱਲ ਜਰਮਨ ਹਕੂਮਤ ਦਾ ਆਪਣਾ ਹੀ ਰਵੱਈਆ ਸੀ। ਗ਼ਦਰ ਪਾਰਟੀ ਦੇ ਸਹਿਯੋਗੀਆਂ ਅਤੇ ਪੈਰਸ ਦੇ ਇਨਕਲਾਬੀਆਂ ਵਲ ਉਹ ਬੜਾ ਮੋਹਤਾਤ ਨਜ਼ਰੀਆਂ ਰੱਖਦੇ ਸਨ। ਇਸ ਕਰਕੇ ਅਣਸਰਦੇ ਨੂੰ ਹੀ ਉਨ੍ਹਾਂ ਨੂੰ ਅੱਗੇ ਆਉਣ ਦਿੰਦੇ ਸਨ। ਗ਼ਦਰ ਪਾਰਟੀ ਨਾਲ ਸੰਬਧ ਜੋੜਨ ਲਈ ਵੀ ਉਨ੍ਹਾਂ ਇਹ ਹੀ ਰਵੱਈਆ ਰਖਿਆ। ਜਰਮਨ ਹਕੂਮਤ ਦੇ ਖਾਸ ਨੇੜੇ ਦੇ ਬੰਦਿਆਂ ਨੂੰ ਇਸ ਡਿਊਟੀ 'ਤੇ ਲਾਇਆ ਗਿਆ। ਗ਼ਦਰ ਪਾਰਟੀ "ਦੁਸ਼ਮਣ ਦਾ ਦੁਸ਼ਮਣ ਸਾਡਾ ਸਹਿਯੋਗੀ" ਤਾਂ ਮੰਨਦੀ ਸੀ ਪਰ ਉਹ ਇਹ ਤਸੱਵਰ ਨਹੀਂ ਸੀ ਕਰਦੀ ਕਿ ਜਰਮਨ ਹਿੰਦ ਨੂੰ ਅਜ਼ਾਦ ਦੇਖਣਾ ਚਾਹੁੰਦਾ ਹੈ। ਗ਼ਦਰ ਪਾਰਟੀ ਵਖਰੀ ਸੋਚ ਅਤੇ ਪਲੈਨ ਮੁਤਾਬਕ ਚੱਲ ਰਹੀ ਸੀ।

ਰਣਜੋਧ ਸਿੰਘ ਤੇ ਉਸ ਦੇ ਸਾਥੀ ਜਰਮਨ ਪਲੈਨ ਲੈ ਕੇ ਜੂਨ 1915 ਨੂੰ ਸਨਫਰਾਂਸਿਸਕੋ ਤੋਂ ਤੁਰ ਪਏ ਅਤੇ ਜੁਲਾਈ ਦੇ ਆਖਰ ਵਿੱਚ ਬੈਂਕਾਕ ਪਹੁੰਚ ਗਏ। ਉਨ੍ਹਾਂ ਨਾਲ ਗ਼ਦਰ ਪਾਰਟੀ ਵਲੋਂ ਦਰਸੀ ਚੰਚਈਆ ਤੇ ਚੈਟਰਜੀ ਵੀ ਭੇਜੇ ਗਏ ਸਨ। ਰਣਜੋਧ ਸਿੰਘ ਨੂੰ ਪਹੁੰਚਦੇ ਨੂੰ ਹੀ ਸੀ.ਆਈ.ਡੀ. ਦੇ ਆਰੀਆ ਸਮਾਜੀ ਪ੍ਰਚਾਰਕ ਨੇ ਬੋਚ ਲਿਆ। ਉਹ ਉਸ ਨਾਲ ਘਿਓ-ਖਿਚੜੀ ਹੋ ਗਿਆ। ਦੋਵੇਂ ਇਕ ਹੋਟਲ ਵਿਚ ਰਹਿਣ ਲੱਗ ਪਏ। ਉਹ ਇਕੱਠੇ ਖਾਂਦੇ ਪੀਂਦੇ। ਉਸ ਨੇ ਰਣਜੋਧ ਸਿੰਘ ਤੋਂ ਸਾਰਾ ਭੇਦ ਪ੍ਰਾਪਤ ਕਰ ਲਿਆ। ਏਥੋਂ ਤਕ ਕਿ ਉਸ ਦੀ ਪਾਕਟ ਡਾਇਰੀ ਤੋਂ ਸਾਰੇ ਪਤੇ ਨੋਟ ਕਰ ਲਏ। ਪਰ ਭਾਈ ਸੰਤੋਖ ਸਿੰਘ ਰਣਜੋਧ ਸਿੰਘ ਨੂੰ ਹਲਕਾ ਆਦਮੀ ਸਮਝਦਾ ਸੀ। ਉਸਨੇ ਆਪਣਾ ਪੂਰਾ ਟਿਕਾਣਾ ਰਣਜੋਧ ਸਿੰਘ ਨੂੰ ਨਾ ਦੱਸਿਆ।

ਇਸ ਫਰੰਟ 'ਤੇ ਹਥਿਆਰ ਲੈ ਕੇ ਆ ਰਹੇ ਜਹਾਜ਼ਾਂ ਦਾ ਇੰਤਜ਼ਾਰ ਹੋ ਰਿਹਾ ਸੀ। ਇਹ ਜਹਾਜ਼ ਬਤਾਵੀਆ ਹੁੰਦੇ ਹੋਏ ਸਿਆਮ ਤੇ ਫੇਰ ਬੰਗਾਲ ਦੀ ਖਾੜੀ 'ਚ ਪਹੁੰਚਣੇ ਸਨ ਜਿਨ੍ਹਾਂ ਨੂੰ ਬਰਮਾ-ਸਿਆਮ ਦੇ ਜੰਗਲਾਂ ਵਿਚ ਡੰਪ ਕਰਨਾ ਸੀ। ਜਰਮਨ ਇਨਸਰੱਕਟਰਾਂ ਰਾਹੀਂ ਟਰੇਂਡ ਕੀਤੇ ਗ਼ਦਰੀਆਂ ਨੇ ਹਥਿਆਰਾਂ ਸਮੇਤ ਬਰਮਾ ਵਿਚ ਦਾਖਲ ਹੋ ਕੇ ਬਗ਼ਾਵਤ ਵਿਚ ਹਿੱਸਾ ਲੈਣਾ ਸੀ। ਹਥਿਆਰਾਂ ਦੀ ਦੂਜੀ ਖੇਪ ਬੰਗਾਲ ਦੀ ਖਾੜੀ ਦੇ ਸੁੰਦਰ ਬਨ ਵਿਚ ਰਾਤ ਬਰਾਤੇ ਉਤਾਰੀ ਜਾਣੀ ਸੀ ਜਿਸ ਨਾਲ ਬੰਗਾਲ ਦੇ ਨੌਜਵਾਨਾਂ ਨੂੰ ਟਰੇਂਡ ਕਰਨਾ ਸੀ। ਇਸ ਕੰਮ ਲਈ ਬੰਗਾਲ ਦਾ ਪ੍ਰਤੀਨਿਧ ਐਮ.ਐਨ. ਰਾਏ ਬਤਾਵੀਆ ਪਹੁੰਚ ਚੁੱਕਾ ਸੀ। ਜਿਸ ਨੇ ਹਥਿਆਰਾਂ ਦੇ ਜਹਾਜ਼ ਨੂੰ ਸੁੰਦਰ ਬਨ ਤਕ ਲੈ ਜਾਣ ਲਈ ਗਾਈਡ ਕਰਨਾ ਸੀ। ਜਰਮਨ ਹਕੂਮਤ ਦੇ ਪ੍ਰਤੀਨਿਧਾਂ ਨੇ ਰਾਮ ਚੰਦਰਾ

ਨਾਲ ਗੱਲਬਾਤ ਕਰਕੇ ਦੋ ਜਹਾਜ਼ ਹਾਸਲ ਕਰ ਲਏ। ਐਸ.ਐਸ. ਲਾਰਸਨ ਅਤੇ ਮਾਰਵਿਕ। ਗੁਪਤ ਹਥਿਆਰ ਖਰੀਦ ਕੇ ਲਾਰਸਨ 'ਤੇ ਲੱਦ ਦਿੱਤੇ ਸਨ। ਇਹ ਵੀ ਫੈਸਲਾ ਹੋਇਆ ਕਿ ਵੇਚਣ ਵਾਲਿਆਂ ਨੂੰ ਇਹ ਦੱਸਿਆ ਜਾਵੇ ਕਿ ਹਥਿਆਰ ਮੈਕਸੀਕੋ ਦੀ ਬਾਗ਼ੀਆਂ ਨੂੰ ਜਾਣੇ ਸਨ ਅਤੇ ਐਸ.ਐਸ. ਲਾਰਸਨ ਖੁੱਲ੍ਹੇ ਸਮੁੰਦਰ ਵਿਚ ਜਾ ਕੇ ਹਥਿਆਰ ਮਾਰਵਿਕ ਵਿਚ ਟਰਾਂਸਸ਼ਿਪ ਕਰ ਦੇਵੇ। ਮਾਰਵਿਕ ਸਮਾਟਰਾ, ਸਿਆਮ ਤੇ ਬੰਗਾਲ ਦੀ ਖਾੜੀ 'ਤੇ ਇਨ੍ਹਾਂ ਹਥਿਆਰਾਂ ਨੂੰ ਪਹੁੰਚਾਵੇਗਾ। ਗ਼ਦਰ ਪਾਰਟੀ ਨੇ ਪੰਜ ਗ਼ਦਰੀ ਮਾਰਵਿਕ ਜਹਾਜ਼ ਦੇ ਅਮਲੇ ਲਈ ਵੀ ਦਿੱਤੇ। ਉਨ੍ਹਾਂ ਕੋਲ ਈਰਾਨੀ ਪਾਸਪੋਰਟ ਸਨ ਤੇ ਉਨ੍ਹਾਂ ਦੇ ਨਾਂ ਵੀ ਈਰਾਨੀ ਰੱਖੇ ਗਏ ਸਨ। ਇਹ ਗ਼ਦਰੀ ਹਰੀ ਸਿੰਘ ਉਸਮਾਨ, ਚਰਨ ਦਾਸ, ਮੰਗੂ ਰਾਮ, ਹਰਨਾਮ ਸਿੰਘ ਸੈਣੀ ਫਤਹਿਗੜ੍ਹ ਤੇ ਗੰਭੀਰ ਸਿੰਘ ਸਨ। ਹਥਿਆਰਾਂ ਨਾਲ ਲੱਦਿਆ ਲਾਰਸਨ ਕੈਲੇਫੋਰਨੀਆ ਦੇ ਸਮੁੰਦਰ ਵਿੱਚੋਂ ਨਿਕਲਦਾ ਹੀ ਅਮਰੀਕਾ ਦੇ ਬਹਿਰੀ ਬੇੜੇ ਨੇ ਕਾਬੂ ਕਰ ਲਿਆ। ਲਾਰਸਨ ਨੂੰ ਪਨਾਮਾ ਨਹਿਰ ਵਿੱਚੋਂ ਦੀ ਲਿਜਾ ਕੇ ਨਿਊਯਾਰਕ ਵਿਚ ਤਫਤੀਸ਼ ਸ਼ੁਰ ਕਰ ਦਿੱਤੀ ਗਈ। ਇਸ ਜਹਾਜ਼ ਬਾਰੇ ਅਮਰੀਕਾ ਦੀ ਨੇਵੀ ਨੂੰ ਕਿਸ ਤਰ੍ਹਾਂ ਪਤਾ ਲੱਗਾ ਇਸ ਦਾ ਅਜੇ ਤੱਕ ਪੂਰਾ ਪਤਾ ਨਹੀਂ ਲੱਗ ਸਕਿਆ। ਪਰ ਸ਼ੱਕ ਹੈ ਕਿ ਰਾਮ ਚੰਦਰਾ ਦਾ ਬਗਈ ਨਾਂ ਦਾ ਨਿਕਟਵਰਤੀ ਸਾਥੀ ਬਰਤਾਨਵੀ ਕੌਂਸਲ ਦਾ ਇਨਫਾਰਮਰ ਸੀ। ਉਸ ਨੇ ਇਹ ਖ਼ਬਰ ਬਰਤਾਨਵੀ ਕੌਂਸਲ ਨੂੰ ਦਿੱਤੀ ਜਿਸ ਨੇ ਅਮਰੀਕਨ ਨੇਵੀ ਨੂੰ ਸੁਚੇਤ ਕਰ ਦਿੱਤਾ ਸੀ। ਮਾਰਵਿਕ ਜਹਾਜ਼ ਗਹਿਰੇ ਪਾਣੀ ਵਿਚ ਖੜ੍ਹਾ ਲਾਰਸਨ ਦੀ ਉਡੀਕ ਕਰਦਾ ਰਿਹਾ। ਮਾਰਵਿਕ ਪੰਜਾਂ ਗ਼ਦਰੀਆਂ ਨੂੰ ਲੈ ਕੇ ਸਮਾਟਰਾ ਵਲ ਚਲਾ ਗਿਆ। ਇਸ ਖਿਆਲ ਨਾਲ ਕਿ ਸ਼ਾਇਦ ਲਾਰਸਨ ਅੱਗੇ ਨਿਕਲ ਗਿਆ ਹੋਵੇਗਾ।

ਕਾਫੀ ਅੱਗੇ ਸਮੁੰਦਰੀ ਪਾਣੀ ਵਿਚ ਜਾ ਕੇ ਮਾਰਵਿਕ ਜਹਾਜ਼ ਨੂੰ ਪਤਾ ਲੱਗਾ ਕਿ ਬਰਤਾਨਵੀ ਸਮੁੰਦਰੀ ਜਹਾਜ਼ ਉਸਦਾ ਪਿੱਛਾ ਕਰ ਰਹੇ ਸਨ। ਉਹ ਬਤਾਵੀਆ ਦੀ ਬੰਦਰਗਾਹ 'ਤੇ ਜਾ ਲੱਗਾ ਜੋ ਉਸ ਸਮੇਂ ਡੱਚਾਂ ਦੀ ਕਲੋਨੀ ਸੀ। ਡੱਚਾਂ ਨੇ ਮਾਰਵਿਕ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ ਅਤੇ ਪੰਜ ਗ਼ਦਰੀ ਗ੍ਰਿਫਤਾਰ ਕਰ ਲਏ। ਬਾਬਾ ਹਰੀ ਸਿੰਘ ਉਸਮਾਨ ਡੱਚਾਂ ਦੀ ਹਿਰਾਸਤ ਵਿਚੋਂ ਫਰਾਰ ਹੋ ਗਿਆ ਸੀ ਤੇ 1939 ਦੀ ਜੰਗ ਤਕ ਉਸਮਾਨ ਖ਼ਾਨ ਦੇ ਨਾਂ ਹੇਠ ਜਾਵਾ ਸਮਾਟਰਾ ਵਿਚ ਹੀ ਗੁਪਤਵਾਸ ਰਿਹਾ। ਡੱਚਾਂ ਨੇ ਸਾਰੇ ਕੌਮਾਂਤਰੀ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਚਾਰੇ ਗ਼ਦਰੀ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤੇ। ਜਿਨ੍ਹਾਂ ਨੂੰ ਸਿੰਘਾਪੁਰ ਦੇ ਤਸੀਹੇ ਕੈਂਪਾਂ ਵਿਚ ਭੇਜ ਦਿੱਤਾ ਗਿਆ ਸੀ। ਜਹਾਜ਼ ਵਿਚੋਂ ਅਤੇ ਗ਼ਦਰੀਆਂ ਕੋਲੋਂ ਕੋਈ ਵੀ ਇਤਰਾਜਯੋਗ ਚੀਜ਼ ਨਹੀਂ ਮਿਲੀ ਸੀ। ਜਹਾਜ਼ ਬਾਰੇ ਆਪ ਬੀਤੀ ਵਿਚ ਇਸ ਤਰ੍ਹਾਂ ਲਿਖਿਆ ਹੈ: (ਸਫਾ 36) " A messanger went to Berline with purposal that the German should delive the arms to us in a neutral country nearest to India..We choose Dutch East Indies and before the end of 1914 I left for

java.... I returned with some money....as regards arms the conveted cargo. It was a wild goose chase. They fail to arrive, because, as it was discovered later, the whole plan was a hoax, a veritable swindle."

(ਇਕ ਹਰਕਾਰਾ ਇਕ ਸੁਝਾਅ ਲੈ ਕੇ ਬਰਲਨ ਗਿਆ ਕਿ ਜਰਮਨਾਂ ਨੂੰ ਸਾਨੂੰ ਹਥਿਆਰ ਸਪਲਾਈ ਇਕ ਨਿਰਲੇਪ ਦੇਸ ਵਿਚ ਕਰਨੇ ਚਾਹੀਦੇ ਹਨ ਜਿਹੜਾ ਹਿੰਦੋਸਤਾਨ ਦੇ ਨੇੜੇ ਹੋਵੇ। ਅਸੀਂ ਡੱਚ ਈਸਟ ਇੰਡੀਜ਼ ਨੂੰ ਚੁਣਿਆ ਅਤੇ 1914 ਤੇ ਅੰਤ ਤੋਂ ਪਹਿਲਾਂ ਮੈਂ ਜਾਵਾ ਵੱਲ ਚਲਾ ਗਿਆ.... ਮੈਂ ਕੁਝ ਪੈਸੇ ਵਾਪਸ ਲੈ ਕੇ ਪਰਤਿਆ... ਜਿਥੋਂ ਤਕ ਹਥਿਆਰਾਂ ਦਾ ਸੰਬੰਧ ਹੈ ਇਹ ਗੁਪਤ ਜਹਾਜ਼ ਕਦੇ ਉਪੜਿਆ ਹੀ ਨਾ...)

ਸੋਹਣ ਲਾਲ ਪਾਠਕ ਅਤੇ ਨਰੈਣ ਸਿੰਘ 23 ਨੰਬਰ ਤੋਪਖਾਨੇ ਦੇ ਪੰਜਾਬੀ ਫੌਜੀਆਂ ਨੂੰ ਅਗਲੇ ਪ੍ਰੋਗਰਾਮ ਬਾਰੇ ਸਲਾਹ ਮਸ਼ਵਰਾ ਦੇਣ ਲਈ ਗਏ। ਤੋਪਖਾਨੇ ਦਾ ਜਮਾਂਦਾਰ, ਜਿਹੜਾ ਮਿਸਰੀਵਾਲਾ ਪਟਿਆਲਾ ਤੋਂ ਸੀ, ਨੇ ਸੋਹਣ ਲਾਲ ਨਾਲ ਵਾਅਦਾ ਕੀਤਾ ਸੀ ਕਿ ਉਹ ਮੌਕਾ ਆਉਣ 'ਤੇ ਆਪਣੇ ਫੌਜੀ ਸਿਪਾਹੀਆਂ ਸਮੇਤ ਬਗ਼ਾਵਤ ਵਿਚ ਸ਼ਾਮਲ ਹੋਵੇਗਾ। ਜਮਾਂਦਾਰ ਆਪਣੇ ਤੋਪਖਾਨੇ ਨੂੰ ਲੈ ਕੇ ਜੰਗਲ ਵਿਚ ਪ੍ਰੈਕਟਸ ਕਰਨ ਚਲਾ ਗਿਆ ਸੀ। ਨਰੈਣ ਸਿੰਘ ਨੂੰ ਪੰਜਾਬੀ ਢਾਬੇ 'ਤੇ ਛੱਡ ਕੇ, ਜਿਥੇ ਉਹ ਆਮ ਕਰਕੇ ਠਹਿਰਿਆ ਕਰਦੇ ਸਨ, ਪੰਡਤ ਸੋਹਣ ਲਾਲ ਫੌਜੀ ਟੁਕੜੀ ਨੂੰ ਮਿਲਣ ਜੰਗਲ ਵੱਲ ਚਲਾ ਗਿਆ। ਵਾਪਸ ਆਉਂਦੀ ਟੁਕੜੀ ਪਾਠਕ ਨੂੰ ਰਾਹ ਵਿਚ ਮਿਲੀ। ਉਸ ਨੇ ਜਮਾਂਦਾਰ ਨਾਲ ਗੱਲਬਾਤ ਕੀਤੀ ਪਰ ਜਮਾਂਦਾਰ ਦਾ ਮਨ ਬੇਈਮਾਨ ਹੋ ਚੁੱਕਾ ਸੀ। ਵਿਛੜਨ ਲੱਗਿਆ ਜਮਾਂਦਾਰ ਨੇ ਹਥ ਮਿਲਾਇਆ ਅਤੇ ਜੱਫੀ ਪਾਈ। ਇਹ ਜੱਫੀ ਨਹੀਂ ਅਸਲ ਵਿਚ ਜੱਫਾ ਸੀ। ਉਸ ਨੇ ਸੋਹਣ ਲਾਲ ਪਾਠਕ ਨੂੰ ਕਾਬੂ ਕਰ ਲਿਆ। ਉਸ ਸਮੇਂ ਉਸ ਕੋਲ ਦੋ ਭਰੇ ਪਿਸਤੌਲ, ਗੋਲੀ ਸਿੱਕਾ ਅਤੇ ਗ਼ਦਰੀ ਲਿਟਰੇਚਰ ਵੀ ਸੀ। ਜਮਾਂਦਾਰ ਨੂੰ ਪੰਜਾਬੀ ਢਾਬੇ ਬਾਰੇ ਪਤਾ ਸੀ। ਉਸਨੇ ਪੁਲਸ ਫੋਰਸ ਲੈ ਕੇ ਢਾਬੇ 'ਤੇ ਛਾਪਾ ਮਾਰਿਆ। ਨਰੈਣ ਸਿੰਘ ਖਾੜਿਆਂ ਦਾ ਪਹਿਲਵਾਨ ਸੀ। ਉਹ ਬਹੁਤ ਦੇਰ ਪੁਲਸੀਆਂ ਨਾਲ ਹੱਥੋਪਾਈ ਹੁੰਦਾ ਰਿਹਾ ਪਰ ਅੰਤ ਗ੍ਰਿਫਤਾਰ ਕਰ ਲਿਆ ਗਿਆ। ਇਹ ਬਰਮਾ ਅੰਦਰ ਸਭ ਤੋਂ ਪਹਿਲੀਆਂ ਗ੍ਰਿਫਤਾਰੀਆਂ ਸਨ ਜਿਹੜੀਆਂ 14 ਅਗਸਤ 1915 ਨੂੰ ਦੋ ਦਿਨ ਅੱਗੜ-ਪਿੱਛੜ ਹੋਈਆਂ। ਪੰਡਤ ਸੋਹਣ ਲਾਲ 'ਤੇ ਪੁਲਸ ਨੇ ਬੜਾ ਤਸ਼ੱਦਦ ਕੀਤਾ ਅਤੇ ਲਾਲਚ ਵੀ ਦਿੱਤੇ ਪਰ ਸੋਹਣ ਲਾਲ ਨੇ ਆਪਣੀ ਚੁੱਪ ਨਾ ਤੋੜੀ। ਉਸ ਇਕੱਲੇ ਉਤੇ ਡੀਫੈਂਸ ਆਫ ਇੰਡੀਆ ਐਕਟ ਅਧੀਨ ਬਗ਼ਾਵਤ ਦਾ ਮੁਕੱਦਮਾ ਚਲਾਇਆ ਗਿਆ। ਅਦਾਲਤ ਦੇ ਸਰੋਤਿਆਂ ਤੋਂ ਸੁਣਨ ਵਿਚ ਆਇਆ ਹੈ ਕਿ ਪੰਡਤ ਸੋਹਣ ਲਾਲ ਬੇਪ੍ਰਵਾਹ ਹੋ ਕੇ ਕਈ ਵਾਰ ਜੱਜ ਵੱਲ ਪਿੱਠ ਕਰ ਕੇ ਵੀ ਖੜ੍ਹੋ ਜਾਂਦੇ ਸਨ। ਅਦਾਲਤ ਨੇ ਉਸ ਨੂੰ ਤਾੜਨਾਵਾਂ ਵੀ ਦਿੱਤੀਆਂ ਸਨ। ਦਸੰਬਰ 1915 ਨੂੰ ਮਾਂਡਲੇ

ਸੈਸ਼ਨ ਜੱਜ ਦੀ ਕਚਹਿਰੀ ਵਿਚ ਮੁਕੱਦਮਾ ਚਲਿਆ ਅਤੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਸੋਹਣ ਲਾਲ ਪਾਠਕ ਨੂੰ 10 ਫਰਵਰੀ 1916 ਨੂੰ ਮਾਂਡਲੇ ਜੇਲ੍ਹ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਉਹ ਬਰਮਾ ਦੇ ਗ਼ਦਰੀ ਸ਼ਹੀਦ ਸਨ। ਜਿਨ੍ਹਾਂ ਬਾਰੇ ਬਾਬੂ ਅਮਰ ਸਿੰਘ ਸ਼ੇਰਪੁਰ ਨੇ ਇਸ ਤਰ੍ਹਾਂ ਲਿਖਿਆ ਸੀ:

ਚੜ੍ਹਾ ਮਨਸੂਰ ਫਾਂਸੀ ਪਰ ਪੁਕਾਰਾ ਇਸ਼ਕ ਬਾਜ਼ੋਂ ਕੋ,
ਯਹ ਬੀੜਾ ਹੈ ਤਬਾਹੀ ਕਾ ਉਠਾਏ ਜਿਸਕਾ ਜੀ ਚਾਹੇ।

ਸਿਆਮ 'ਚ ਗ੍ਰਿਫਤਾਰੀਆਂ : ਪੰਡਤ ਸੋਹਣ ਲਾਲ ਪਾਠਕ ਦੀ ਗ੍ਰਿਫਤਾਰੀ ਤੋਂ ਬਾਅਦ ਪੁਲਸ ਸਾਰੇ ਦੂਰ ਪੂਰਬੀ ਦੇਸਾਂ ਵਿਚ ਗ਼ਦਰੀਆਂ ਦੀ ਭਾਲ ਵਿਚ ਜੁਟ ਗਈ। ਸਿੰਘਾਪੁਰ ਦੀ ਬਗ਼ਾਵਤ ਨੇ ਅੰਗਰੇਜ਼ਾਂ ਨੂੰ ਕਾਫੀ ਚੌਕੰਨੇ ਕੀਤਾ ਹੋਇਆ ਸੀ। ਸਿਆਮ ਅੰਗਰੇਜ਼ੀ ਹਕੂਮਤ ਦੇ ਦਬਾਅ ਹੇਠ ਆ ਗਿਆ। ਇਸ ਦੀ ਪੁਲਸ ਦੇ ਮੁਖੀ ਅਫ਼ਸਰ ਰਿਟਾਇਰਡ ਅੰਗਰੇਜ਼ ਪੁਲਸੀਏ ਸਨ। ਹੋਰ ਅਦਾਰਿਆਂ ਵਿਚ ਵੀ ਅੰਗਰੇਜ਼ਾਂ ਦਾ ਦਖਲ ਸੀ। ਪੁਲਸ ਨੇ ਛਾਪੇਮਾਰ ਕੇ ਬੈਂਕਾਕ ਵਿਚੋਂ ਦਰਸੀ ਚੰਚਈਆ, ਰਣਜੋਧ ਸਿੰਘ, ਸ਼ਿਵ ਦਿਆਲ ਕਪੂਰ, ਚੈਟਰਜੀ ਅਤੇ ਠਾਕਰ ਸਿੰਘ ਕਾਲਾਸੰਘਾ ਨੂੰ ਗ੍ਰਿਫਤਾਰ ਕੀਤਾ ਸੀ। ਬਲਵੰਤ ਸਿੰਘ ਹਸਪਤਾਲ ਵਿਚ ਬੀਮਾਰ ਪਿਆ ਸੀ, ਜਦੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਸਿਆਮੀ ਸਰਕਾਰ ਨੇ ਇਨ੍ਹਾਂ ਸਾਰਿਅ ਨੂੰ ਸਿੰਘਾਪੁਰ ਦੀ ਪੁਲਸ ਦੇ ਹਵਾਲੇ ਕਰ ਦਿੱਤਾ ਸੀ। ਇਨ੍ਹਾਂ ਗ਼ਦਰੀਆਂ ਨੂੰ ਫੌਜੀ ਬੈਰਕਾਂ ਅਤੇ ਤਸੀਹੇ ਕੇਂਦਰਾਂ ਵਿਚ ਲਿਆਂਦਾ ਗਿਆ। ਇਨ੍ਹਾਂ ਦਾ ਬਣਾਉਟੀ ਕੋਰਟ ਮਾਰਸ਼ਲ ਕੀਤਾ ਗਿਆ। ਸਭ ਸਾਥੀ ਭਾਈ ਬਲਵੰਤ ਸਿੰਘ ਦੇ ਨਕਸ਼ੇ ਕਦਮਾਂ 'ਤੇ ਕਾਇਮ ਰਹੇ ਅਤੇ ਕਿਸੇ ਵੀ ਤਸ਼ਦੱਦ ਅੱਗੇ ਨਾ ਝੁਕੇ। ਪਰ ਰਣਜੋਧ ਸਿੰਘ ਅਤੇ ਚੈਟਰਜੀ ਦਿਲ ਛੱਡ ਗਏ ਅਤੇ ਉਨ੍ਹਾਂ ਨੇ ਸਾਰਾ ਕੁਝ ਦੱਸ ਦਿੱਤਾ। ਗ਼ਦਰੀਆਂ ਨੂੰ ਛੇ ਮਹੀਨੇ ਤਸੀਹੇ ਕੇਂਦਰ ਵਿਚ ਰੱਖਣ ਤੋਂ ਬਾਅਦ ਹਿੰਦੋਸਤਾਨ ਭੇਜ ਦਿੱਤਾ। ਸਮੁੰਦਰੀ ਜਹਾਜ਼ ਵਿਚ ਇਨ੍ਹਾਂ ਨੂੰ ਹਰਨਾਮ ਸਿੰਘ ਸੈਣੀ ਫਤਹਿਗੜ੍ਹ (ਹੁਸ਼ਿਆਰਪੁਰ) ਤੇ ਚਰਨ ਦਾਸ ਵੀ ਮਿਲ ਗਏ। ਇਨ੍ਹਾਂ ਸਾਰਿਆਂ ਨੂੰ ਕਲਕੱਤੇ ਲਿਜਾ ਕੇ ਅਲੀਪੁਰ ਜੇਲ੍ਹ ਵਿਚ ਡੱਕ ਦਿੱਤਾ ਇਥੇ ਤਫਤੀਸ਼ ਦੌਰਾਨ ਚਰਨ ਦਾਸ ਵੀ ਛਿੱਥਾ ਪੈ ਗਿਆ ਸੀ। ਬਰਲਨ ਕਮੇਟੀ ਤੇ ਜਰਮਨ ਹਕੂਮਤ ਦਾ ਨੁਮਾਇੰਦਾ ਰਣਜੋਧ ਸਿੰਘ ਤੇ ਚਰਨ ਦਾਸ ਵਾਅਦਾ ਮੁਆਫ ਗਵਾਹ ਬਣ ਕੇ ਗ਼ਦਰੀਆਂ ਦੇ ਖਿਲਾਫ਼ ਭੁਗਤੇ ਸਨ। 6 ਮਹੀਨੇ ਅਲੀਪੁਰ ਜੇਲ੍ਹ ਵਿਚ ਰੱਖਣ ਤੋਂ ਬਾਅਦ ਭਾਈ ਬਲਵੰਤ ਸਿੰਘ ਖੁਰਦਪੁਰੀ ਅਤੇ ਹਰਨਾਮ ਸਿੰਘ ਸੈਣੀ ਨੂੰ ਲਾਹੌਰ ਲਿਆ ਕੇ ਦੂਜੇ ਸਪਲੀਮੈਂਟਰੀ ਗ਼ਦਰ ਕੇਸ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ। ਠਾਕਰ ਸਿੰਘ ਨੂੰ ਬਰੀ ਕਰ ਦਿੱਤਾ ਸੀ ਅਤੇ ਦਰਸੀ ਚੰਚਈਏ ਨੂੰ ਕਲਾਨੌਰ ਜੇਲ੍ਹ ਵਿਚ ਨਜ਼ਰਬੰਦ ਕਰਨ ਉਪਰੰਤ ਦਸੰਬਰ 1919 ਨੂੰ ਰਿਹਾਅ ਕਰ ਦਿੱਤਾ ਸੀ। ਦਰਸੀ ਵਲੋਂ ਪੀਪਲਜ਼ ਪਾਥ (ਜਨਵਰੀ 1967) ਵਿਚ ਛਪੇ ਬਿਆਨ ਤੋਂ ਪਤਾ ਲੱਗਦਾ ਹੈ ਕਿ ਭਾਈ ਬਲਵੰਤ ਸਿੰਘ ਨੇ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਸੀ ਅਤੇ ਖਿੜੇ ਮੱਥੇ ਸ਼ਹੀਦੀ ਕਬੂਲ ਕਰ ਲਈ ਸੀ। ਏਸੇ ਤਰ੍ਹਾਂ ਹਰਨਾਮ

ਸਿੰਘ ਸੈਣੀ ਡਟੇ ਰਹੇ ਸਨ।

ਬਰਮਾ ਦੀਆਂ ਗ੍ਰਿਫਤਾਰੀਆਂ: ਭਾਈ ਸੰਤੋਖ ਸਿੰਘ ਪਾਖੋ ਬਚ ਨਿਕਲਣ ਵਿਚ ਕਾਮਯਾਬ ਹੋ ਗਿਆ ਸੀ ਪਰ ਸਿਆਮ ਦੇ ਬਾਕੀ ਸਾਥੀ ਜਿਹੜੇ ਸਿਆਮ-ਬਰਮਾ ਸਰਹੱਦ 'ਤੇ ਚੰਗਮਈ ਦੇ ਜੰਗਲਾਂ ਵਿਚ ਇਕਠੇ ਹੋਣ ਲਈ ਜਾ ਰਹੇ ਸਨ ਕੁਝ ਸਿਆਮ ਦੀ ਸਰਹੱਦ ਵੱਲੋਂ ਕੁਝ ਬਰਮਾ ਦੀ ਸਰਹੱਦ ਵਲੋਂ ਗ੍ਰਿਫਤਾਰ ਕਰ ਲਏ ਗਏ ਸਨ। ਬਾਬੂ ਅਮਰ ਸਿੰਘ, ਮੁਜਤਬਾ ਹੁਸੈਨ, ਬਾਬੂ ਹਰਨਾਮ ਸਿੰਘ, ਜੀਵਨ ਸਿੰਘ, ਬੁੱਢਾ ਸਿੰਘ, ਫਹਿਮ ਅਲੀ, ਅਲੀ ਅਹਿਮਦ ਸਦੀਕੀ ਆਦਿ ਇਨ੍ਹਾਂ ਵਿਚ ਸ਼ਾਮਲ ਸਨ। ਸਿਆਮ ਦੀ ਸਰਕਾਰ ਨੇ ਵੀ ਗ੍ਰਿਫਤਾਰ ਕੀਤੇ ਗ਼ਦਰੀ ਅੰਗਰੇਜ਼ੀ ਪੁਲਸ ਦੇ ਹਵਾਲੇ ਕਰ ਦਿੱਤੇ ਸਨ। ਇਨ੍ਹਾਂ ਸਾਰਿਆਂ ਨੂੰ ਬਰਮਾ ਦੀ ਮੌਲਮੀਨ ਜੇਲ੍ਹ ਵਿਚ ਰਖਿਆ ਗਿਆ ਸੀ। ਨਰੈਣ ਸਿੰਘ ਪਹਿਲਵਾਨ ਅਤੇ ਹਰਦਿੱਤ ਸਿੰਘ ਜਟਪੁਰਾ ਦਾ ਪਹਿਲੋਂ ਗ੍ਰਿਫਤਾਰ ਕੀਤਾ ਜਥਾ ਵੀ ਏਸੇ ਜੇਲ੍ਹ ਵਿਚ ਲਿਆਂਦਾ ਗਿਆ ਸੀ। ਪੁਲਸ ਹੁਣ ਬਰਮਾ ਸਾਜ਼ਿਸ ਕੇਸ ਤਿਆਰ ਕਰਨ ਵਿਚ ਰੁੱਝ ਗਈ ਸੀ।

ਜੇਲ੍ਹ ਮਫ਼ਰੂਰੀ : ਦੂਜੇ ਪਾਸੇ ਗ਼ਦਰੀ ਜੇਲ੍ਹ ਤੋੜ ਕੇ ਮਫਰੂਰ ਹੋਣ ਦੀ ਸਕੀਮ ਸੋਚ ਰਹੇ ਸਨ। ਬਾਬੂ ਹਰਨਾਮ ਸਿੰਘ ਡਿਊਟੀ ਬਰਮਾ ਦੇ ਪੂਗੀਆਂ ਨਾਲ ਤਾਲਮੇਲ ਕਰਨ ਦੀ ਸੀ। ਉਸ ਨੇ ਬਾਗ਼ੀ ਬਰਮੀਆਂ ਵਿਚ ਆਪਣਾ ਰਸੂਖ ਪੈਦਾ ਕੀਤਾ ਹੋਇਆ ਸੀ। ਹਰਨਾਮ ਸਿੰਘ, ਹਰਦਿੱਤ ਸਿੰਘ ਅਤੇ ਆਤਮਾ ਸਿੰਘ ਨੇ ਬਰਮਾ ਕੈਦੀਆਂ ਦੀ ਸਹਾਇਤਾ ਨਾਲ ਬਾਹਰ ਤੋਂ ਸਮਾਨ ਹਾਸਲ ਕਰ ਲਿਆ। ਉਨ੍ਹਾਂ ਨੇ ਜੇਲ੍ਹ ਦੀਆਂ ਸੀਖਾਂ ਕਟ ਲਈਆਂ। ਬਾਰਸ਼ ਹੋ ਰਹੀ ਸੀ। ਪਹਿਰੇਦਾਰ ਤੇ ਨੰਬਰਦਾਰ ਕੁੰਗੜੇ ਖੜ੍ਹੇ ਸਨ। ਉਨ੍ਹਾਂ ਨੇ ਕੋਟ ਮੌਕੇ ਦੀ ਦੀਵਾਰ ਚੜ੍ਹ ਕੇ ਛਾਲਾਂ ਮਾਰ ਦਿੱਤੀਆਂ ਤੇ ਬਰਮੀ ਇਨਕਲਾਬੀਆਂ ਦੇ ਪਗੋਦੇ ਵਿਚ ਜਾ ਸ਼ਰਨ ਲਈ। ਗ਼ਦਰੀਆਂ ਵਲੋਂ ਜੇਲ੍ਹ ਤੋੜ ਕੇ ਕਾਮਯਾਬੀ ਨਾਲ ਫਰਾਰ ਹੋਣ ਦੀ ਇਹ ਪਹਿਲੀ ਕਾਰਵਾਈ ਸੀ। ਉਹ ਦੋ ਹਫ਼ਤੇ ਬਰਮੀ ਪੂੰਗੀਆਂ ਦੇ ਪਗੋਦੇ ਵਿਚ ਰਹੇ। ਉਹ ਸਿਆਮ ਰਾਹੀਂ ਚੀਨ ਜਾਣ ਲਈ ਨਿਕਲ ਪਏ। ਰਾਹ ਵਿਚ ਪੈਂਦੇ ਮੌਲਮੀਨ ਦਰਿਆ ਨੂੰ ਪਾਰ ਕਰਨ ਲਈ ਬੇੜ 'ਤੇ ਚੜ੍ਹ ਕੇ ਠਿਲ੍ਹ ਪਏ। ਪਾਰ ਲੱਗਣ ਹੀ ਵਾਲੇ ਸਨ ਕਿ ਪੁਲਸ ਦੀ ਬੋਟ ਨੇ ਬੇੜੀ ਆ ਘੇਰੀ ਤੇ ਤਿੰਨਾਂ ਨੂੰ ਹੀ ਗ੍ਰਿਫਤਾਰ ਕਰ ਲਿਆ।

ਕਿਸਮਤ ਦੀ ਖ਼ੂਬੀ ਦੇਖੀਏ ਕਹਾਂ ਆ ਕੇ ਟੂਟੀ ਕਮੰਦ
ਦੋ ਚਾਰ ਹਾਥ ਜਬ ਕਿ ਲਬੇ ਬਾਮ ਰਹਿ ਗਿਆ।

ਉਨ੍ਹਾਂ ਨੂੰ ਫੇਰ ਮੌਲਮੀਨ ਦੀ ਜੇਲ੍ਹ ਵਿਚ ਲਿਆਂਦਾ ਗਿਆ।

ਬਰਮਾ ਵਿਚ ਸੋਹਣ ਲਾਲ ਪਾਠਕ ਦੀ ਫਾਂਸੀ ਤੋਂ ਬਾਅਦ ਦੋ ਗ਼ਦਰੀ ਸਾਜ਼ਸ਼ ਕੇਸ ਚਲੇ। ਇਨਬਿਨ ਲਾਹੌਰ ਸਾਜ਼ਿਸ਼ ਕੇਸ ਦੇ ਨਮੂਨੇ 'ਤੇ। ਨਾ ਵਕੀਲ, ਨਾ ਦਲੀਲ ਤੇ ਨਾ ਹੀ ਅਪੀਲ। ਗ਼ਦਰੀਆਂ ਨਾਲ ਪੰਜਾਬ ਵਿਚ ਹੋਈਆਂ ਜ਼ਿਆਦਤੀਆਂ ਦਾ ਤਾਂ ਕੁਝ ਰੌਲਾ-ਰੱਪਾ ਪਿਆ ਸੀ ਪਰ ਬਰਮਾ ਵਿਚ ਤਾਂ ਕਿਸੇ ਨੇ ਬਾਤ ਹੀ ਨਾ ਪੁੱਛੀ। ਗ਼ਦਰੀ ਆਪਣੇ ਆਪ ਉਤੇ ਸੰਤੁਸ਼ਟ ਆਖਰੀ ਘੜੀ ਦੀ ਉਡੀਕ ਕਰਦੇ ਰਹੇ।

ਪਹਿਲੇ ਗ਼ਦਰ ਸਾਜ਼ਿਸ਼ ਕੇਸ ਦੀ ਸੁਣਵਾਈ 1916 ਵਿਚ ਮਾਂਡਲੇ ਜੇਲ੍ਹ ਵਿਚ ਹੋਈ। ਇਸ ਵਿਚ 17 ਗ਼ਦਰੀ ਮੁਲਜ਼ਮ ਸ਼ਾਮਲ ਸਨ। ਇਸ ਦੀ ਸੁਣਵਾਈ ਇਕ ਟ੍ਰਿਬਿਊਨਲ ਨੇ ਕੀਤੀ ਜਿਸ ਦੇ ਜੱਜ ਦੋ ਅੰਗਰੇਜ਼ ਅਤੇ ਇਕ ਬਰਮੀ ਸੀ। ਕੇਸ ਧਾਰਾ 121 ਏ ਅਧੀਨ ਚਲਿਆ। ਦੋ ਵਾਅਦਾ ਮੁਆਫ਼ ਗਵਾਹਾਂ ਮੂਲਾ ਸਿੰਘ ਤੇ ਨਵਾਬ ਖ਼ਾਨ ਨੇ ਇੰਨਬਿੰਨ ਲਾਹੌਰ ਸਾਜ਼ਿਸ਼ ਕੇਸ ਵਾਲੇ ਬਿਆਨ ਹੀ ਦੁਹਰਾਏ ਸਨ। ਕੇਸ ਵਿਚ ਗ਼ਦਰ ਪਾਰਟੀ ਦੀ ਉਸ ਅਪੀਲ 'ਤੇ ਜ਼ੋਰ ਦਿੱਤਾ ਗਿਆ ਜਿਸ ਵਿਚ ਜ਼ਿਕਰ ਕੀਤਾ ਗਿਆ ਸੀ: "ਜ਼ਰੂਰਤ ਹੈ ਹਿੰਦੋਸਤਾਨ ਵਿਚ ਗ਼ਦਰ ਕਰਨ ਵਾਲੇ ਬਹਦਾਰ ਸਿਪਾਹੀਆਂ ਦੀ-ਤਨਖਾਹ ਮੌਤ-ਇਨਾਮ ਸ਼ਹੀਦੀ-ਪੈਨਸ਼ਨ ਮੁਲਕ ਦੀ ਅਜ਼ਾਦੀ-ਜੰਗ ਦਾ ਮੈਦਾਨ ਹਿੰਦੋਸਤਾਨ। ਉਠੋ ਅੱਖਾਂ ਖੋਲ੍ਹੋ। ਪਾਰਟੀ ਦੀ ਫੰਡ ਨਾਲ ਸਹਾਇਤਾ ਕਰੋ ਅਤੇ ਖੁਦ ਅਜ਼ਾਦੀ ਲਈ ਮੈਦਾਨੇ ਜੰਗ ਵਿਚ ਕੁੱਦੋ।" ਦਰਜ ਕੀਤੇ ਗਏ ਇਸਤਗਾਸੇ ਵਿਚ ਲਿਖਿਆ ਗਿਆ ਹੈ:

"There can be doubt that a conspiracy was started in 1912 and it had for its object the freedom of india from the British Raj by mutiny, whereby the English were to be driven out of India and the country governd by the pepople."

ਅੱਗੇ ਜਾ ਕੇ ਇਸਤਗਾਸੇ ਵਿਚ ਖ਼ਿਲਾਫ਼ਤ ਦੇ ਇਨਕਲਾਬੀਆਂ ਅਹਿਮਦ ਸਦੀਕੀ ਅਤੇ ਹਕੀਮ ਅਲੀ ਦੇ ਗ਼ਦਰ ਪਾਰਟੀ ਵਿਚ ਸ਼ਾਮਲ ਹੋਣ ਦਾ ਜ਼ਿਕਰ ਕੀਤਾ ਹੈ। ਉਸ ਵਿਚ ਕਿਹਾ ਗਿਆ ਹੈ ਕਿ 130 ਨੰਬਰ ਬਲੋਚ ਰੈਜਮੈਂਟ ਨੇ ਆਪਣੇ ਅਫ਼ਸਰ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਸੀ। ਰੰਗੂਨ ਛਾਉਣੀ ਦੀ ਇਸ ਰੈਜਮੈਂਟ ਵਿਚ ਗ਼ਦਰ ਅਖ਼ਬਾਰ ਤਕਸੀਮ ਕੀਤਾ ਜਾਂਦਾ ਸੀ। ਰੈਜਮੈਂਟ ਬਗ਼ਾਵਤ ਕਰਨ ਲਈ ਤਿਆਰ ਹੋ ਗਈ ਸੀ। ਵਕਤ ਸਿਰ ਪਤਾ ਲਗਣ 'ਤੇ ਬਗ਼ਾਵਤ ਦਬਾਅ ਲਈ ਗਈ। ਇਸ ਰੈਜਮੈਂਟ ਦੇ ਦੋ ਸੌ ਬਾਗ਼ੀ ਫੌਜੀਆਂ ਨੂੰ ਸਜ਼ਾਵਾਂ ਹੋਈਆਂ ਸਨ। ਸਿੰਘਾਪੁਰ ਤੇ ਮਲਾਇਆ ਦੇ ਸਟੇਟ ਗਾਈਡ ਦੀ ਫੌਜ ਨੂੰ ਫੌਰਨ ਸਿੰਘਾਪੁਰ ਤੋਂ ਬਾਹਰ ਭੇਜ ਦਿੱਤਾ ਗਿਆ ਸੀ, ਕਿਉਂਕਿ ਇਸ ਅੰਦਰ ਗ਼ਦਰੀ ਬਗ਼ਾਵਤ ਦਾ ਅਸਰ ਹੋ ਗਿਆ ਸੀ। ਪਰ ਪੰਜਵੀਂ ਇਨਫੈਂਟਰੀ ਨੇ ਬੇਕਾਬੂ ਹੋ ਕੇ ਸਿੰਘਾਪੁਰ ਵਿਚ ਬਗਾਵਤ ਕਰ ਦਿੱਤੀ ਸੀ। ਅੱਗੇ ਜਾ ਕੇ 16, ਡਫਰਨ ਰੋਡ ਦਾ ਜ਼ਿਕਰ ਕਰਦਿਆਂ ਕਿਹਾ ਕਿ ਹਰਨਾਮ ਸਿੰਘ ਆਦਿ ਗ਼ਦਰੀਆਂ ਨੇ ਬਰਮਾ ਦੀ ਪੰਜਾਬੀ ਫੌਜੀ ਪੁਲਸ , ਜਿਸ ਦੀ ਗਿਣਤੀ ਪੰਦਰਾਂ ਹਜ਼ਾਰ ਸੀ, ਵਿਚ ਗ਼ਦਰ ਦਾ ਪ੍ਰਚਾਰ ਕੀਤਾ। ਪੰਡਤ ਸੋਹਣ ਲਾਲ ਪਾਠਕ ਬਾਰੇ ਕਿਹਾ ਕਿ ਇਸ ਨੇ ਮੇਮੀਓ ਵਿਚ ਫੌਜੀਆਂ ਨੂੰ ਬਗ਼ਾਵਤ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ। ਇਸਤਗਾਸੇ ਵਿਚ ਲਿਖਿਆ ਗਿਆ ਸੀ ਗ਼ਦਰੀਆਂ ਨੇ ਉਤਰੀ ਸਿਆਮ ਰੇਲਵੇ ਲਾਇਨ ਦੇ ਆਸਪਾਸ ਗੁਰੀਲਾ ਟਰੇਨਿੰਗ ਦਾ ਪਲੈਨ ਬਣਾਇਆ ਸੀ, ਜਿਸ ਵਿਚ ਜਰਮਨ ਇਨਸਟਰੱਕਟਰਾਂ ਨੇ ਟਰੇਨਿੰਗ ਦੇਣੀ ਸੀ ਅਤੇ ਏਥੋਂ ਉਨ੍ਹਾਂ ਨੇ ਬਰਮਾ 'ਤੇ ਧਾਵਾ ਬੋਲਣਾ ਸੀ।

ਅਮਰ ਸਿੰਘ ਤੇ ਨਵਾਬ ਖ਼ਾਨ ਤੋਂ ਬਗੈਰ ਹੁਸੈਨ ਖ਼ਾਂ ਰਾਜਪੂਤ ਪੰਜਲਾਸਾ (ਅੰਬਾਲਾ) ਵੀ ਵਾਅਦਾ ਮੁਆਫ ਗਵਾਹ ਬਣ ਕੇ ਇਨ੍ਹਾਂ ਕੇਸਾਂ ਵਿਚ ਭੁਗਤਿਆ। ਦੂਜੇ ਕੇਸ ਵਿਚ ਰਣਜੋਧ ਸਿੰਘ ਰਾਵਲਪਿੰਡੀ ਨੇ ਵਾਅਦਾ ਮੁਆਫ ਗਵਾਹ ਬਣ ਕੇ ਬਰਲਨ ਤੋਂ ਬੈਂਕਾਕ ਤਕ ਦੀ ਸਾਰੀ ਵਿਥਿਆ ਸੁਣਾ ਦਿੱਤੀ।

ਮਾਂਡਲੇ ਗ਼ਦਰ ਸਾਜ਼ਿਸ਼ ਕੇਸ (1916) ਵਿਚ ਗ਼ਦਰੀਆਂ ਨੂੰ ਹੇਠ ਲਿਖੇ ਅਨੁਸਾਰ ਸਜ਼ਾਵਾਂ ਹੋਈਆਂ:

1. ਹਰਨਾਮ ਸਿੰਘ ਉਰਫ ਈਸ਼ਰ ਦਾਸ ਪੁੱਤਰ ਲਾਭ ਸਿੰਘ, ਪਿੰਡ ਸਾਹਰੀ, ਜ਼ਿਲ੍ਹਾ ਹੁਸ਼ਿਆਰਪੁਰ, ਫਾਂਸੀ, ਜਾਇਦਾਦ ਜ਼ਬਤੀ।
2. ਵਸਾਵਾ ਸਿੰਘ ਪੁੱਤਰ ਝੰਡਾ ਸਿੰਘ ਜਟ, ਪਿੰਡ ਵਾੜਾ, ਪੁਲਸ ਸਟੇਸ਼ਨ ਹੁਸ਼ਿਆਰਪੁਰ, ਫਾਂਸੀ।
3. ਨਰੈਣ ਸਿੰਘ ਰਾਮ ਸਿੰਘ ਪੁੱਤਰ ਅਬਾਲ ਸਿੰਘ, ਪਿੰਡ ਬਾਲੋ, ਪੁਲਸ ਸਟੇਸ਼ਨ ਬਠਿੰਡਾ, ਰਿਆਸਤ ਪਟਿਆਲਾ, ਫਾਂਸੀ, ਜਾਇਦਾਦ ਜ਼ਬਤੀ।
4. ਨਰੰਜਨ ਸਿੰਘ ਪੁੱਤਰ ਜੁਆਲਾ ਸਿੰਘ ਜਟ, ਪਿੰਡ ਸੰਗਤਪੁਰ, ਪੁਲਸ ਸਟੇਸ਼ਨ ਜਗਰਾਓਂ, ਲੁਧਿਆਣਾ, ਫਾਂਸੀ, ਜਾਇਦਾਦ ਜ਼ਬਤੀ।
5. ਪਾਲ ਸਿੰਘ ਪੁੱਤਰ ਜੈਮਲ ਸਿੰਘ ਸ਼ੇਰਪੁਰਾ, ਪੁਲਸ ਸਟੇਸ਼ਨ ਜਗਰਾਓਂ, ਲੁਧਿਆਣਾ, ਫਾਂਸੀ, ਜਾਇਦਾਦ ਜ਼ਬਤੀ।
6. ਪੰਡਤ ਚਾਹਲੀਆ ਰਾਮ ਪੁੱਤਰ ਸ਼ੰਕਰ ਦਾਸ ਸਾਹਨੇਵਾਲ, ਲੁਧਿਆਣਾ, ਫਾਂਸੀ, ਜਾਇਦਾਦ ਜ਼ਬਤੀ।
7. ਕਿਰਪਾ ਰਾਮ ਪੁੱਤਰ ਬ੍ਰਿਜ ਲਾਲ ਮਾਂਗਟ ਗੁਜਰਾਤ, ਫਾਂਸੀ ਬਦਲ ਕੇ ਉਮਰ ਕੈਦ, ਜਾਇਦਾਦ ਜ਼ਬਤੀ।
8. ਚੇਤ ਰਾਮ ਪੁੱਤਰ ਬਿਸ਼ਨ ਦਾਸ ਅਰੋੜਾ ਵੈਰੋਵਾਲ, ਸਿਆਲਕੋਟ, ਉਮਰ ਕੈਦ, ਜਾਇਦਾਦ ਜ਼ਬਤੀ।
9. ਜੀਵਨ ਸਿੰਘ ਪੁੱਤਰ ਈਸ਼ਰ ਸਿੰਘ ਫਿਰੋਕੀ ਗੁਜਰਾਂਵਾਲਾ, ਉਮਰ ਕੈਦ, ਜਾਇਦਾਦ ਜ਼ਬਤੀ।
10. ਕਪੂਰ ਸਿੰਘ ਪੁੱਤਰ ਮਿਤ ਸਿੰਘ ਮੋਹੀ, ਲੁਧਿਆਣਾ, ਉਮਰ ਕੈਦ, ਜਾਇਦਾਦ ਜ਼ਬਤੀ।
11. ਹਰਦਿੱਤ ਸਿੰਘ ਪੁੱਤਰ ਭਗਵਾਨ ਸਿੰਘ ਲੰਮਾ ਜਟਪੁਰਾ, ਲੁਧਿਆਣਾ, ਉਮਰ ਕੈਦ, ਜਾਇਦਾਦ ਜ਼ਬਤੀ।
12. ਬੁੱਢਾ ਸਿੰਘ ਪੁੱਤਰ ਸ਼ਾਮ ਸਿੰਘ ਫਿਲੌਕੇ ਗੁਜਰਾਂਵਾਲਾ, ਉਮਰ ਕੈਦ, ਜਾਇਦਾਦ ਜ਼ਬਤੀ। (ਅੰਡੇਮਾਨ ਜੇਲ੍ਹ ਵਿਚ ਸ਼ਹੀਦ ਹੋ ਗਏ)
13. ਗਿਆਨ ਚੰਦ ਪੁੱਤਰ ਸੋਹਣ ਲਾਲ ਮੈਰੀਮਰਲ ਲਾਹੌਰ, ਤਿੰਨ ਸਾਲ ਕੈਦ ਅਤੇ ਚਾਰ ਬਰੀ ਕਰ ਦਿੱਤੇ ਗਏ।

ਦੂਸਰਾ ਬਰਮਾ ਸਾਜ਼ਿਸ਼ ਕੇਸ (1916)

1. ਮੁਜਤਬਾ ਹੁਸੈਨ ਪੁੱਤਰ ਸਈਅਦ ਹੁਸੈਨ, ਜੌਨਪੁਰ (ਯੂ.ਪੀ.), ਫਾਂਸੀ ਬਦਲਕੇ ਉਮਰ ਕੈਦ, ਜਾਇਦਾਦ ਜ਼ਬਤੀ।
2. ਅਮਰ ਸਿੰਘ ਪੁੱਤਰ ਵਰਿਆਮ ਸਿੰਘ ਸ਼ੇਰਪੁਰਾ, ਲੁਧਿਆਣਾ, ਫਾਂਸੀ ਬਦਲ ਕੇ ਉਮਰ ਕੈਦ, ਜਾਇਦਾਦ ਜ਼ਬਤੀ।
3. ਰਾਮ ਰੱਖਾ ਪੁੱਤਰ ਜਵਾਹਰੀ ਰਾਮ ਸਸੌਲੀ, ਹੁਸ਼ਿਆਰਪੁਰ, ਉਮਰ ਕੈਦ, ਜਾਇਦਾਦ ਜ਼ਬਤੀ (ਭੁੱਖ ਹੜਤਾਲ ਕਰਦਾ ਅੰਡੇਮਾਨ ਜੇਲ੍ਹ ਵਿਚ ਸ਼ਹੀਦ ਹੋ ਗਿਆ)।
4. ਅਲੀ ਅਹਿਮਦ ਸਦੀਕੀ ਪੁੱਤਰ ਕੁਰਬਾਨ ਅਲੀ ਪਠਾਣ, ਸ਼ਾਹਜ਼ਾਨਪੁਰ, ਜ਼ਿਲ੍ਹਾ ਫੈਜ਼ਾਬਾਦ (ਯੂ.ਪੀ.), ਫਾਂਸੀ ਬਦਲ ਕੇ ਉਮਰ ਕੈਦ, ਜਾਇਦਾਦ ਜ਼ਬਤੀ।

ਨੋਟ:1. ਪੰਡਤ ਸੋਹਣ ਲਾਲ ਪਾਠਕ ਪੱਟੀ ਲਾਹੌਰ ਨੂੰ ਪਹਿਲਾਂ ਫਾਂਸੀ ਦੀ ਸਜ਼ਾ ਦੇ ਦਿੱਤੀ ਗਈ।

2. ਭਾਈ ਬਲਵੰਤ ਸਿੰਘ ਖੁਰਦਪੁਰੀ ਜਲੰਧਰ ਨੂੰ ਇਸ ਹੀ ਪੂਰਬੀ ਫਰੰਟ ਤੋਂ ਲਿਜਾ ਕੇ ਲਾਹੌਰ ਫਾਂਸੀ ਦੇ ਕੇ ਸ਼ਹੀਦ ਕੀਤਾ।
3. ਹਰਨਾਮ ਸਿੰਘ ਸੈਣੀ ਫਤਹਿਗੜ੍ਹ, ਹੁਸ਼ਿਆਰਪੁਰ, ਵੀ ਇਸ ਪੂਰਬੀ ਫਰੰਟ ਤੋਂ ਲਿਜਾ ਕੇ ਫਾਂਸੀ ਦੇ ਕੇ ਸ਼ਹੀਦ ਕੀਤਾ।

ਸਿੰਘਾਪੁਰ ਬਗ਼ਾਵਤ ਦੇ ਸੈਂਕੜੇ ਸ਼ਹੀਦ, ਬਰਮਾ ਫੌਜੀ ਸ਼ਹੀਦ..... ਇਹ ਇਕ ਬਹੁਤ ਲੰਬੀ ਕਤਾਰ ਹੈ।

ਪੂਰਬੀ ਫਰੰਟ ਉਤੇ ਇਹ ਬੜਾ ਸੋਚਿਆ ਸਮਝਿਆ ਗ਼ਦਰ ਦਾ ਪਲੈਨ ਸੀ। ਹਥਿਆਰ, ਫੌਜੀ ਟਰੇਨਿੰਗ, ਫੌਜਾਂ ਤੇ ਫੌਜੀ ਪੁਲਸੀਆਂ ਵਿਚ ਬਗ਼ਾਵਤ, ਪੂੰਗੀਆਂ ਨਾਲ ਮਿਲ ਕੇ ਚਲਣ ਦੀ ਕੋਸ਼ਿਸ਼, ਗ਼ਦਰੀ ਪ੍ਰਚਾਰ, ਲਿਟਰੇਚਰ ਦੀ ਛਪਾਈ ਤੇ ਵੰਡਾਈ ਆਦਿ। ਦੂਜੇ ਪਾਸੇ ਜਰਮਨਾਂ ਨੇ ਕੀਤਾ ਵਾਅਦਾ ਪੂਰਾ ਨਾ ਕੀਤਾ। ਨਾ ਹਥਿਆਰ ਆਏ, ਨਾ ਸਿਖਲਾਈ ਦੇਣ ਵਾਲੇ ਇਨਸਟਰੱਕਟਰ ਅਤੇ ਨਾ ਮਾਲੀ ਮਦਦ ਹੀ ਪਹੁੰਚੀ। ਗ਼ਦਰੀ ਹਿੰਦੋਸਤਾਨ ਨੂੰ ਅਜ਼ਾਦ ਕਰਾਉਣਾ ਚਾਹੁੰਦੇ ਸਨ ਜਦੋਂ ਕਿ ਜਰਮਨ ਕੇਵਲ ਅੰਗਰੇਜ਼ੀ ਫੌਜ ਨੂੰ ਪੂਰਬ ਵਿਚ ਰੋਕੀ ਰਖਣਾ ਚਾਹੁੰਦੇ ਸਨ। ਉਹ ਇਸ ਤੋਂ ਅੱਗੇ ਨਾ ਗਏ। ਇਸ ਤੋਂ ਹੋਰ ਵੱਡਾ ਸਬੂਤ ਕੀ ਹੋ ਸਕਦਾ ਸੀ ਕਿ ਸਿੰਘਾਪੁਰ ਦੀ ਬਗ਼ਾਵਤ ਸਮੇਂ ਗ਼ਦਰੀਆਂ ਵਲੋਂ ਰਿਹਾ ਕਰਾਏ ਗਏ ਜਰਮਨ ਫੌਜੀ ਬਗ਼ਾਵਤ ਵਿਚ ਸ਼ਾਮਲ ਨਾ ਹੋਏ।

ਦੂਰ ਪੂਰਬ ਦੇ ਕਈ ਗ਼ਦਰੀ ਸ਼ਹੀਦ ਅਜੇ ਤਕ ਨਾਮਾਲੂਮ ਸ਼ਹੀਦਾਂ ਦੀ ਲਿਸਟ ਵਿਚ ਹੀ ਹਨ। ਗ਼ਦਰ ਦਾ ਇਤਿਹਾਸ ਲਿਖਣ ਵਾਲਿਆਂ ਨੇ ਵੀ ਇਸ ਵਲ ਘੱਟ ਹੀ ਧਿਆਨ ਦਿੱਤਾ ਹੈ।

ਬਦੇਸ਼ਾਂ 'ਚ ਹਿੰਦੋਸਤਾਨੀ ਇਨਕਲਾਬੀ ਕੈਦੀ

ਗ਼ਦਰ ਪਾਰਟੀ ਦੇ ਪੱਛਮੀ ਫਰੰਟ ਬਾਰੇ ਚਰਚਾ ਕਰਨ ਤੋਂ ਪਹਿਲਾਂ ਯੂਰਪ ਵਿਚਲੇ ਇਨਕਲਾਬੀਆਂ ਬਾਰੇ ਜਾਨਣਾ ਜ਼ਰੂਰੀ ਹੈ। ਇਹ ਇਨਕਲਾਬੀ ਸਿੱਧੇ ਤੌਰ 'ਤੇ ਗ਼ਦਰ ਪਾਰਟੀ ਦਾ ਅੰਗ ਸਨ ਜਾਂ ਨਹੀਂ ਪਰ ਇਨ੍ਹਾਂ ਨੂੰ ਗ਼ਦਰ ਲਹਿਰ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਗ਼ਦਰ ਪਾਰਟੀ 'ਤੇ ਇਨ੍ਹਾਂ ਦੀ ਸਿਆਸੀ ਸੂਝ ਦਾ ਅਸਰ ਸੀ ਅਤੇ ਇਨ੍ਹਾਂ ਨੇ ਗ਼ਦਰ ਪਾਰਟੀ ਦੇ ਬਹਾਦਰਾਨਾ ਕਾਰਨਾਮਿਆਂ ਨੂੰ ਫਖ਼ਰ ਨਾਲ ਅਪਣਾਇਆ। ਜੰਗ ਦੇ ਦੌਰਾਨ ਅਤੇ ਜੰਗ ਤੋਂ ਪਿਛੋਂ ਵੀ ਇਸ ਸਾਂਝ ਨੂੰ ਪ੍ਰੋਫੈਸਰ ਬਰਕਤਉੱਲਾ, ਭਾਈ ਰਤਨ ਸਿੰਘ, ਮਾਸਟਰ ਊਧਮ ਸਿੰਘ ਕਸੇਲ, ਗੁਰਮੁਖ ਸਿੰਘ ਅਤੇ ਤੇਜਾ ਸਿੰਘ ਸੁਤੰਤਰ ਨੇ ਕਾਇਮ ਰਖਿਆ। ਯੂਰਪ ਦੇ ਇਨਕਲਾਬੀ ਗ਼ਦਰ ਲਹਿਰ ਦਾ ਅਟੁੱਟਵਾਂ ਅੰਗ ਹਨ।

ਹਿੰਦੋਸਤਾਨ ਵਿਚ ਅੰਗਰੇਜ਼ੀ ਰਾਜ ਕਾਇਮ ਹੋਣ ਦੇ ਨਾਲ-ਨਾਲ ਰਾਜੇ, ਨਵਾਬ ਜਾਂ ਉਨ੍ਹਾਂ ਦੇ ਪੁੱਤ ਪੋਤੇ ਕਦੇ ਕਦਾਈਂ ਇੰਗਲੈਂਡ ਆਏ ਪਰ ਉਨ੍ਹਾਂ ਵਿਚੋਂ ਕਈਆਂ ਨੇ ਯੂਰਪੀ ਐਸ਼ੋ-ਇਸ਼ਰਤ ਤੋਂ ਸਿਵਾਇ ਹੋਰ ਕੁਝ ਨਾ ਸਿਖਿਆ। ਉਨੀਵੀਂ ਸਦੀ ਦੇ ਮੱਧ ਵਿਚ ਸਾਰੇ ਭਾਰਤ ਉਤੇ ਅੰਗਰੇਜ਼ਾ ਦਾ ਕਬਜ਼ਾ ਹੋ ਗਿਆ। ਅੰਗਰੇਜ਼ੀ-ਦਫ਼ਤਰਾਂ, ਕਚਹਿਰੀਆਂ ਦੀ ਮੁਖ ਜ਼ਬਾਨ ਹੋ ਗਈ। ਉਸ ਸਮੇਂ ਹਿੰਦੋਸਤਾਨੀ ਵਕੀਲਾਂ, ਅਫਸਰਾਂ, ਵਿਦਵਾਨਾਂ ਤੇ ਉੱਚ ਘਰਾਣਿਆਂ ਦੇ ਲੋਕਾਂ ਨੇ ਆਪਣੇ ਬੱਚੇ ਅੰਗਰੇਜ਼ੀ ਵਿਦਿਆ ਪ੍ਰਾਪਤ ਕਰਨ ਲਈ ਵਲੈਤ ਭੇਜਣੇ ਸ਼ੁਰੂ ਕਰ ਦਿੱਤੇ ਸਨ। ਰੰਗ ਦੇ ਸਵਾਲ 'ਤੇ ਇੱਕ ਗ਼ੁਲਾਮ ਮੁਲਕ ਦੇ ਵਸਨੀਕ ਹੋਣ ਕਾਰਨ ਉਨ੍ਹਾਂ ਨੂੰ ਵਲੈਤ ਵਿਚ ਘ੍ਰਿਣਾ ਦੀ ਨਿਗਾਹ ਨਾਲ ਦੇਖਿਆ ਜਾਂਦਾ ਰਿਹਾ। ਜਿਸ ਕਰਕੇ ਨਾਜ਼ਨੀਨ ਵਿਚ ਜੰਮੇ ਪਲੇ ਇਨ੍ਹਾਂ ਬੱਚਿਆਂ ਨੂੰ ਵੀ ਗ਼ੁਲਾਮੀ ਦਾ ਅਹਿਸਾਸ ਹੋਇਆ।

ਉਸ ਵੇਲੇ ਗੁਜਰਾਤ ਕਾਠੀਆਵਾੜ ਤੋਂ ਦੋ ਹਸਤੀਆਂ ਵਲੈਤ ਆਈਆਂ। ਮਹਾਤਮਾ ਗਾਂਧੀ (1869-1948), ਜਿਸਨੇ 1889 ਵਿਚ ਵਲੈਤ ਤੋਂ ਬਾਰ-ਐਟ-ਲਾਅ ਕੀਤੀ। 1893 ਵਿਚ ਦੱਖਣੀ ਅਫਰੀਕਾ ਤੋਂ 1915 ਵਿਚ ਹਿੰਦੋਸਤਾਨ ਪੁੱਜ ਕੇ ਆਪਣੀ ਸਿਆਸੀ ਜ਼ਿੰਦਗੀ ਦਾ ਆਰੰਭ ਕੀਤਾ। ਉਸ ਨੇ ਸ਼ਾਂਤਮਈ ਰਹਿ ਕੇ ਕਾਂਗਰਸ ਦੁਆਰਾ ਬਾਈਕਾਟ ਸਤਿਆਗ੍ਰਹਿ ਦੀ ਲਹਿਰ ਚਲਾ ਕੇ ਅੰਗਰੇਜ਼ੀ ਹਕੂਮਤ ਤੋਂ ਡੁਮੀਨੀਅਨ ਲੈਣ ਦੀ ਜੱਦੋ-ਜਹਿਦ ਸ਼ੁਰੂ ਕੀਤੀ। ਤਕਰੀਬਨ ਉਸੇ ਸਮੇਂ ਗੁਜਰਾਤ ਵਿਚੋਂ ਹੀ ਹਿੰਦੋਸਤਾਨ ਦਾ ਇਕ ਬਾਗ਼ੀ ਸਪੂਤ ਸ਼ਿਆਮ ਜੀ ਕ੍ਰਿਸ਼ਨ ਵਰਮਾ (1857-1930) ਵੀ ਲੰਡਨ ਆ ਟਿਕਿਆ। ਉਸਨੇ ਲੰਡਨ ਵਿਚ ਇੰਡੀਆ ਹਾਊਸ ਕਾਇਮ ਕੀਤਾ ਸੀ। ਇੰਡੀਅਨ ਸੋਸ਼ਿਆਲੋਜਿਸਟ ਨਾਮ ਦਾ ਪਰਚਾ ਕੱਢਿਆ। ਛੇਤੀ ਹੀ ਇੰਡੀਆ ਹਾਊਸ ਹਿੰਦੋਸਤਾਨੀ ਸਟੂਡੈਂਟਾਂ ਦਾ ਇਨਕਲਾਬੀ ਕੇਂਦਰ ਬਣ ਗਿਆ। ਇਸ ਵਿਚ ਹਿੰਦੋਸਤਾਨ ਨੂੰ ਅਜ਼ਾਦ ਕਰਾਉਣ ਬਾਰੇ ਵਿਚਾਰਾਂ ਹੁੰਦੀਆਂ। ਸਭ ਇਨਕਲਾਬੀ ਧਾਰਨਾਵਾਂ ਦੇ ਲੋਕ ਇਸ ਵਿਚ ਇਕੱਤਰ ਹੁੰਦੇ ਸੀ। ਸ਼ਿਆਮ ਜੀ ਇੰਡੀਅਨ ਸਟੂਡੈਂਟਾਂ

ਦੀ ਹਰ ਤਰ੍ਹਾਂ ਦੀ ਮਦਦ ਕਰਦੇ। ਉਨ੍ਹਾਂ ਨੇ ਹਿੰਦੋਸਤਾਨ 'ਚੋਂ ਸਟੂਡੈਂਟ ਮੰਗਵਾ ਕੇ ਵਲੈਤ ਦੀਆਂ ਯੂਨੀਵਰਸਿਟੀਆਂ ਵਿਚ ਦਾਖਲ ਕਰਵਾਏ ਅਤੇ ਕਈਆਂ ਨੂੰ ਵਜ਼ੀਫੇ ਵੀ ਦਿਤੇ ਵੀਰ ਸਾਵਰਕਰ, ਲਾਲਾ ਹਰਦਿਆਲ, ਬਰਕਤਉੱਲਾ, ਸਈਅਦ ਅਲੀ ਅੱਬਾਸ ਬੁਖਾਰੀ, ਸ਼ਹੀਦ ਮਦਨ ਲਾਲ ਢੀਂਗਰਾ ਆਦਿ ਇੰਡੀਆ ਹਾਊਸ ਦੀ ਹੀ ਦੇਣ ਸਨ।

ਪੰਜਾਬ, ਅੰਮ੍ਰਿਤਸਰ ਤੋਂ ਆਏ ਇੰਡੀਆ ਹਾਊਸ ਲੰਡਨ ਦੇ ਸਟੂਡੈਂਟ ਮਦਨ ਲਾਲ ਢੀਂਗਰਾ ਨੇ ਸਰ ਕਰਜ਼ਨ ਵਾਇਲੀ ਨੂੰ ਪਿਸਤੌਲ ਦੀ ਗੋਲੀ ਨਾਲ ਮਾਰ ਦਿੱਤਾ ਸੀ। ਲੰਡਨ ਦੀ ਅਦਾਲਤ ਦੇ ਸਾਹਮਣੇ ਬਿਆਨ ਦਿੰਦਿਆਂ ਉਨ੍ਹਾਂ ਕਿਹਾ, "ਹਿੰਦੋਸਤਾਨੀ ਨੌਜਵਾਨਾਂ ਨੂੰ ਇੰਡੀਆ ਵਿਚ ਫਾਂਸੀ ਦਿੱਤੀ ਜਾ ਰਹੀ ਹੈ। ਉਨ੍ਹਾਂ ਨੂੰ ਕਾਲੇ ਪਾਣੀ ਭੇਜਿਆ ਜਾ ਰਿਹਾ ਹੈ। ਅੰਗਰੇਜ਼ੀ ਹਕੂਮਤ ਦੇ ਇਸ ਅਣਮਨੁੱਖੀ ਰਵੱਈਏ ਦੇ ਖਿਲਾਫ਼ ਬਦਲਾ ਲੈਣ ਲਈ, ਮੈਂ ਗੋਲੀ ਚਲਾ ਕੇ ਇਹ ਖ਼ੂਨ ਕੀਤਾ ਹੈ। ਬਦੇਸ਼ੀ ਸੰਗੀਨਾਂ ਹੇਠ ਦਬਾਈ ਇਹ ਬੇਹਥਿਆਰ ਗ਼ੁਲਾਮ ਕੌਮ ਲਈ ਖੁਲ੍ਹੀ ਲੜਾਈ ਲੜਨੀ ਮੁਸ਼ਕਲ ਹੈ। ਇਸੇ ਲਈ ਮੈਂ ਅਚਾਨਕ ਪਿਸਤੌਲ ਨਾਲ ਹਮਲਾ ਕੀਤਾ ਹੈ। ਜਦ ਤਕ ਹਿੰਦੋਸਤਾਨ 'ਤੇ ਅੰਗਰੇਜ਼ੀ ਰਾਜ ਕਾਇਮ ਰਹੇਗਾ, ਇਹ ਲੜਾਈ ਲਗਾਤਾਰ ਚਲਦੀ ਰਹੇਗੀ। ਹਿੰਦੋਸਤਾਨੀਆਂ ਨੂੰ ਮਰਨਾ ਆਉਣਾ ਚਾਹੀਦਾ ਹੈ ਤੇ ਇਹ ਖੁਦ ਮਰਕੇ ਹੀ ਦੱਸਿਆ ਜਾ ਸਕਦਾ ਹੈ। ਇਸ ਲਈ ਮੈਂ ਆਪਣੇ ਮਾਦਰੇ-ਵਤਨ ਦੀ ਅਜ਼ਾਦੀ ਲਈ ਆਪਣਾ ਖ਼ੂਨ ਦੇ ਕੇ ਮਰਨ ਦੀ ਜਾਂਚ ਦੱਸਦਾ ਹਾਂ।"

ਸ਼ਹੀਦ ਮਦਨ ਲਾਲ ਢੀਂਗਰਾ ਨੂੰ 17 ਅਗਸਤ 1909 ਨੂੰ ਲੰਡਨ ਦੀ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ ਸੀ। ਤਦ ਸ਼ਿਆਮ ਜੀ ਨੂੰ ਮਜਬੂਰਨ ਇੰਗਲੈਂਡ ਛੱਡਣਾ ਪਿਆ ਸੀ। ਪਰ ਇੰਡੀਆ ਹਾਊਸ ਜਿਉਂ ਦਾ ਤਿਉਂ ਲੰਡਨ ਵਿਚ ਕਾਇਮ ਰਿਹਾ ਅਤੇ ਪੇਪਰ ਵੀ ਨਿਕਲਦਾ ਰਿਹਾ। ਸਾਵਰਕਰ ਨੇ 'ਫਸਟ ਵਾਰ ਆਫ਼ ਇੰਡੀਪੈਂਡੈਂਸ' ਨਾਮੀ ਕਿਤਾਬ ਦੀ ਜ਼ਬਤੀ ਦੇ ਆਰਡਰ, ਸਾਵਰਕਰ ਦੀ ਗ੍ਰਿਫਤਾਰੀ ਤੇ ਇੰਡੀਆ ਨੂੰ ਦੇਸ ਨਿਕਾਲਾ, ਇੰਗਲੈਂਡ ਵਿਚ ਵੱਸ ਰਹੇ ਇਨਕਲਾਬੀ ਹਿੰਦੋਸਤਾਨੀਆਂ ਲਈ ਖ਼ਤਰੇ ਦਾ ਅਲਾਰਮ ਸੀ। ਇਸ ਕਰਕੇ ਸਭ ਨੂੰ ਪੈਰਸ ਜਾਣਾ ਪਿਆ। ਮੈਡਮ ਕਾਮਾ, ਐਸ.ਆਰ.ਰਾਣਾ, ਸ. ਅਜੀਤ ਸਿੰਘ, ਚਟੋਪਾਧਿਆਏ, ਹਰਦਿਆਲ, ਬਰਕਤਉੱਲਾ, ਸਭ ਇਸ ਕੇਂਦਰ ਦੇ ਇਨਕਲਾਬੀ ਲੀਡਰ ਸਨ। ਸਾਵਰਕਰ ਦੀ ਜ਼ਬਤ ਕੀਤੀ ਕਿਤਾਬ ਬੈਲਜੀਅਮ ਤੋਂ ਛਪਾ ਕੇ ਇਸ ਕੇਂਦਰ ਤੋਂ ਹੀ ਸਾਰੀ ਦੁਨੀਆਂ ਵਿਚ ਤਕਸੀਮ ਹੋਈ। ਬਾਅਦ ਵਿਚ ਇਸ ਕਿਤਾਬ ਦਾ ਤਰਜਮਾ ਕਰਕੇ ਗ਼ਦਰ ਪਾਰਟੀ ਦੇ ਉਰਦੂ-ਪੰਜਾਬੀ ਵਿਚ ਛਾਪਿਆ ਤੇ ਵੰਡਿਆ।

ਦਰਅਸਲ ਉਸ ਵੇਲੇ ਹਿੰਦੋਸਤਾਨ 'ਚੋਂ ਬਾਹਰ ਵਸ ਰਹੇ ਭਾਰਤੀਆਂ ਵਿਚ ਦੋ ਸਿਆਸੀ ਧਾਰਨਾਵਾਂ ਕਾਇਮ ਹੋ ਚੁੱਕੀਆਂ ਸਨ। ਕਾਂਗਰਸੀ ਧਾਰਨਾ ਤੇ ਇਨਕਲਾਬੀ ਧਾਰਨਾ। ਇਨਕਲਾਬੀ ਧਾਰਨਾ ਦੇ ਲੋਕ ਹੁਣ ਪੈਰਸ ਆ ਗਏ। ਇਨ੍ਹਾਂ ਵਿਚਲੇ ਹੀ ਮਿਸਟਰ ਰਾਣਾ ਨੇ ਕਾਂਗਰਸ ਦੇ ਜਨਮਦਾਤਾ ਮਿ. ਹਿਊਮ ਨੂੰ ਹੇਠ ਲਿਖੇ ਅਨੁਸਾਰ ਖਤ

ਲਿਖਿਆ :

"In January 1906 young Indian resident in England S.R. Rana wrote an angry letter to Sir William Weddisburn for Hume critisizing Congress methods as mendicant politics." Hume wrote in reply "It was a melencholy result of a dispotic role in India which produced Bhawnagree, Gandhi on the one hand and Krishan Verma (Revolutionary) on the other."

(ਵੈਡਿਸਬਰਨ ਦੇ ਹਵਾਲੇ ਵਿਚੋਂ)

ਉਸ ਸਮੇਂ ਦੋਨੋਂ ਪੱਖ ਉੱਭਰ ਕੇ ਅੱਗੇ ਆ ਗਏ ਸਨ। ਮਹਾਤਮਾ ਗਾਂਧੀ ਦਾ ਸ਼ਾਂਤਮਈ ਵਿਧਾਨਕ ਲੜਾਈ ਦਾ ਪੱਖ ਤੇ ਕ੍ਰਿਸ਼ਨ ਵਰਮਾ ਦਾ ਇਨਕਲਾਬੀ ਪੱਖ। ਇੰਗਲੈਂਡ ਤੋਂ ਕੱਢੇ ਪੈਰਸ ਵਿਚ ਆ ਵਸੇ ਇਨਕਲਾਬੀ ਪੱਖ ਦੇ ਦੁਨੀਆਂ ਦੇ ਇਨਕਲਾਬੀਆਂ ਨਾਲ ਡੂੰਘੇ ਸੰਬੰਧ ਸਨ। ਦੂਜੀ ਇੰਟਰਨੈਸ਼ਨਲ ਦੇ ਬਰੱਸਲਜ਼ ਸ਼ੈਸ਼ਨ ਵਿਚ ਇਸ ਪੱਖ ਦੇ ਐਸ.ਆਰ.ਰਾਣਾ ਤੇ ਮੈਡਮ ਕਾਮਾ ਇੰਡੀਅਨ ਡੈਲੀਗੇਟਾਂ ਦੀ ਹੈਸੀਅਤ ਵਿਚ ਸ਼ਾਮਲ ਹੋਏ। ਇਸੇ ਹੀ ਸ਼ੈਸ਼ਨ 'ਤੇ ਮੈਡਮ ਕਾਮਾ ਨੇ ਇੰਡੀਆ ਦਾ ਤਿੰਨ ਰੰਗਾ ਝੰਡਾ ਲਹਿਰਾਇਆ ਤੇ ਹਿੰਦੋਸਤਾਨ ਦੀ ਮੁਕੰਮਲ ਅਜ਼ਾਦੀ ਲਈ ਮਤਾ ਪੇਸ਼ ਕੀਤਾ। ਜਿਸ ਦੀ ਰਾਮਜ਼ੇ ਮੈਕਡੋਨਲਡ ਆਦਿ ਸੱਜੇ-ਪੱਖੀ ਲੇਬਰ ਲੀਡਰਾਂ ਨੇ ਮੁਖ਼ਾਲਫਤ ਕੀਤੀ। ਪਰ ਖੱਬੇ ਪੱਖੀ ਸੋਸ਼ਲ ਡੈਮੋਕਰੇਟਾਂ ਨੇ ਕਾਮਰੇਡ ਲੈਨਿਨ ਨਾਲ ਮਿਲ ਕੇ ਇਸ ਮਤੇ ਦੇ ਹੱਕ ਵਿਚ ਵੋਟ ਪਾਏ। ਪੈਰਸ ਦੇ ਇਸ ਹਿੰਦੋਸਤਾਨੀ ਰੈਵੋਲੂਸ਼ਨਰੀ ਪੱਖ ਦੇ, ਗ਼ੁਲਾਮ ਮੁਲਕਾਂ ਦੇ ਅਜ਼ਾਦੀ ਲਈ ਘੋਲ ਕਰ ਰਹੇ ਲੋਕਾਂ ਤੇ ਉਨ੍ਹਾਂ ਦੀਆਂ ਇਨਕਲਾਬੀ ਜਥੇਬੰਦੀਆਂ ਨਾਲ ਭਰਾਤਰੀ ਸੰਬੰਧ ਸਨ। ਮਿਸਰ, ਈਰਾਨ, ਸਲੋਵਾਕ, ਆਇਰਿਸ਼, ਰੂਸ, ਚੀਨ ਆਦਿ ਦੇਸ਼ਾਂ ਦੀਆਂ ਮੀਟਿੰਗਾਂ ਵਿਚ ਇਹ ਹਿੱਸੇ ਲੈਂਦੇ ਰਹੇ ਅਤੇ ਉਨ੍ਹਾਂ ਨੂੰ ਆਪਣੀਆਂ ਮੀਟਿੰਗਾਂ ਵਿਚ ਸੱਦ ਰਹੇ। ਪੈਰਸ ਵਿਚ ਮੈਡਮ ਕਾਮਾ ਨੇ ਬੰਦੇ ਮਾਤਰਮ ਨਾਂ ਦਾ ਪੇਪਰ ਵੀ ਕੱਢਿਆ। 1911 ਵਿਚ ਇਸ ਪੱਖ ਤੋਂ ਹਰਦਿਆਲ ਅਮਰੀਕਾ ਆ ਗਿਆ। ਉਸ ਵੇਲੇ ਕਾਫੀ ਪੰਜਾਬੀ ਇਮੀਗਰੈਂਟ ਅਮਰੀਕਾ, ਕੈਨੇਡਾ ਵਿਚ ਆ ਚੁੱਕੇ ਸਨ। ਬਾਬਾ ਸੋਹਣ ਸਿੰਘ ਭਕਨਾ, ਭਾਈ ਸੰਤੋਖ ਸਿੰਘ ਤੇ ਕਰਤਾਰ ਸਿੰਘ ਸਰਾਭਾ ਨਾਲ ਮਿਲ ਕੇ ਉਨ੍ਹਾਂ ਗ਼ਦਰ ਪਾਰਟੀ ਦੀ ਬੁਨਿਆਦ ਰੱਖੀ ਤੇ ਪਾਰਟੀ ਦੀ ਬੁਨਿਆਦ ਰੱਖੀ ਗ਼ਦਰ ਨਾਂ ਦਾ ਪੇਪਰ ਕੱਢਿਆ। ਬਰਕਤਉੱਲਾ ਦੂਰ ਪੂਰਬ ਵਿਚ ਆ ਵਸੇ ਹਿੰਦੋਸਤਾਨੀ ਇਮੀਗਰੈਂਟਾਂ ਵਿਚ ਪ੍ਰਚਾਰ ਕਰਨ ਲਈ ਟੋਕੀਓ ਯੂਨੀਵਰਸਿਟੀ ਵਿਚ ਪ੍ਰੋਫੈਸਰ ਜਾ ਲੱਗਾ ਤੇ ਉਥੋਂ ਪੇਪਰ ਕੱਢ ਕੇ ਪ੍ਰਚਾਰ ਸ਼ੁਰੂ ਕਰ ਦਿੱਤਾ। ਅੰਗਰੇਜ਼ੀ ਹਕੂਮਤ ਨੇ ਜ਼ੋਰ ਪਾ ਕੇ ਹਰਦਿਆਲ ਨੂੰ 1914 ਵਿਚ ਅਮਰੀਕਾ ਤੋਂ ਕੱਢਵਾ ਦਿੱਤਾ। ਉਹ ਪੈਰਸ, ਸਵਿਟਜ਼ਰਲੈਂਡ ਆ ਗਿਆ। ਜਪਾਨੀ ਹਕੂਮਤ 'ਤੇ ਜ਼ੋਰ ਪਾ ਕੇ ਬ੍ਰਿਟਿਸ਼ ਹਕੂਮਤ ਨੇ ਬਰਕਤਉੱਲਾ ਦਾ ਅਖ਼ਬਾਰ ਬੰਦ ਕਰਵਾ ਦਿੱਤਾ ਤੇ ਜਪਾਨ 'ਚੋਂ ਨਿਕਲ ਜਾਣ ਦੇ

ਹੁਕਮ ਹੋਣ 'ਤੇ ਉਹ ਭਾਈ ਭਗਵਾਨ ਸਿੰਘ ਸਮੇਤ ਅਮਰੀਕਾ ਗ਼ਦਰ ਪਾਰਟੀ ਵਿਚ ਸ਼ਾਮਲ ਹੋਇਆ। ਗ਼ਦਰ ਪਾਰਟੀ ਦੀ ਸਿਆਸੀ ਸੂਝ, ਹਥਿਆਰਬੰਦ ਇਨਕਲਾਬ ਕਰਕੇ ਮੁਲਕ ਦੀ ਮੁਕੰਮਲ ਅਜ਼ਾਦੀ ਪ੍ਰਾਪਤ ਕਰਨਾ ਅਤੇ ਬਰਾਬਰੀ ਦੇ ਅਸੂਲਾਂ ਵਾਲੀ ਹਕੂਮਤ ਕਾਇਮ ਕਰਨਾ ਆਦਿ ਗ਼ਦਰ ਪਾਰਟੀ ਨੂੰ ਇਸ ਪੈਰਿਸ ਦੇ ਇਨਕਲਾਬੀ ਕੇਂਦਰ ਦੀ ਦੇਣ ਸੀ।

ਇਹ ਗ਼ਦਰ ਪਾਰਟੀ ਦੀ ਉਸ ਸਮੇਂ ਦੀ ਸੂਝ ਦੀਆਂ ਹਕੀਮਤਾਂ ਹਨ। ਗ਼ਦਰ ਅਖ਼ਬਾਰ ਵਿਚ ਮੈਡਮ ਕਾਮਾ ਦੇ 'ਬੰਦੇ ਮਾਤਰਮ' ਅਖ਼ਬਾਰ 'ਚੋਂ ਜ਼ਾਰ ਰੂਸ ਉਤੇ ਜਪਾਨ ਦੀ ਜਿੱਤ ਦੇ ਸਬੱਬ, ਰੂਸ ਵਿਚ 1905 ਦਾ ਇਨਕਲਾਬ, ਸਲੋਵਾਕ, ਆਇਰਿਸ਼ ਤੇ ਰੂਸੀ ਇਨਕਲਾਬੀਆਂ ਦੇ ਕਾਰਨਾਮੇ, ਲੈ ਕੇ ਉਰਦੂ ਵਿਚ ਛਾਪੇ। ਇਹ ਵੀ ਪੈਰਸ ਦੇ ਇਨਕਲਾਬੀ ਕੇਂਦਰ ਦੀ ਹੀ ਦੇਣ ਸੀ।

ਪਹਿਲੀ ਸੰਸਾਰ ਜੰਗ ਸ਼ੁਰੂ ਹੋਈ। ਹਿੰਦੋਸਤਾਨੀ ਸਿਆਸਤ ਦੇ ਦੋਨੋਂ ਪੱਖ ਫਿਰ ਸਾਹਮਣੇ ਆਏ। ਮਹਾਤਮਾ ਗਾਂਧੀ, ਕਾਂਗਰਸ, ਲਿਬਰਲ ਅਤੇ ਹਿੰਦੋਸਤਾਨ ਦੀਆਂ ਸਮਾਜ ਸੁਧਾਰਕ ਜਥੇਬੰਦੀਆਂ ਨੇ ਉਸ ਜੰਗ ਵਿਚ ਅੰਗਰੇਜ਼ੀ ਹਕੂਮਤ ਦੀ ਮਦਦ ਕੀਤੀ। ਜਦ ਕਿ ਪੈਰਸ ਦੇ ਇਨਕਲਾਬੀ ਪੱਖ ਨੇ ਗ਼ਦਰ ਪਾਰਟੀ, ਬੰਗਾਲੀ ਇਨਕਲਾਬੀਆਂ ਅਤੇ ਖਿਲਾਫਤੀ ਮੁਸਲਮ ਇਨਕਲਾਬੀਆਂ ਨਾਲ ਮਿਲ ਕੇ ਹਿੰਦੋਸਤਾਨ ਨੂੰ ਆਜ਼ਾਦ ਕਰਵਾਉਣ ਲਈ ਇਨਕਲਾਬੀ ਘੋਲ ਲੜੇ ਤੇ ਭਾਰੀ ਕੁਰਬਾਨੀਆਂ ਦਿੱਤੀਆਂ। ਬਰਲਨ ਜਾ ਕੇ ਇੰਡੀਅਨ ਇੰਡੀਪੈਂਡੈਂਟ ਕਮੇਟੀ ਬਣਾਈ, ਕਾਬਲ 'ਚ ਹਿੰਦੋਸਤਾਨ ਦੀ ਪਹਿਲੀ ਆਜ਼ਾਦ ਆਰਜ਼ੀ ਹਕੂਮਤ ਕਾਇਮ ਕੀਤੀ। ਜੰਗ ਖਤਮ ਹੋਣ 'ਤੇ ਉਨ੍ਹਾਂ ਦਾ ਮਾਸਕੋ ਸੈਂਟਰ ਵੀ ਬਣ ਗਿਆ। ਬਰਕਤਉੱਲਾ ਦੀ ਅਗਵਾਈ ਹੇਠ ਫੇਰ ਬਰਲਨ ਕਮੇਟੀ ਕਾਇਮ ਹੋਈ, ਜਿਸ ਵਿਚ ਬਾਬਾ ਰਤਨ ਸਿੰਘ ਤੇ ਬਰਕਤਉੱਲਾ ਗ਼ਦਰ ਪਾਰਟੀ ਦੇ ਨੁਮਾਇੰਦੇ ਸਨ। ਆਮ ਤੌਰ 'ਤੇ ਇੰਗਲੈਂਡ 'ਚੋਂ ਕੱਢੇ ਗਏ ਇਨ੍ਹਾਂ ਇਨਕਲਾਬੀ ਹਿੰਦੋਸਤਾਨੀ ਇਮੀਗਰੈਂਟਸ ਨੇ ਦਰ-ਬਦਰ ਧੱਕੇ ਖਾਧੇ ਪਰ ਬਗ਼ਾਵਤ ਦਾ ਝੰਡਾ ਬੁਲੰਦ ਹੀ ਰੱਖਿਆ।

ਗ਼ਦਰ ਪਾਰਟੀ ਦਾ ਪੱਛਮੀ ਫਰੰਟ

ਪਹਿਲੀ ਜੰਗ ਸ਼ੁਰੂ ਹੁੰਦਿਆਂ ਯੂਰਪ ਦੇ ਇਨਕਲਾਬੀਆਂ ਨੂੰ ਫਰਾਂਸ ਵੀ ਛੱਡਣਾ ਪਿਆ। ਸ਼ਿਆਮ ਜੀ ਵਰਮਾ ਸਵਿਟਜ਼ਰਲੈਂਡ ਚਲੇ ਗਏ ਅਤੇ ਬਾਕੀ ਦੇ ਸਭ ਹਰਦਿਆਲ ਸਮੇਤ ਬਰਲਨ ਆ ਗਏ। ਤਾਰਕ ਨਾਥ ਦਾਸ ਅਤੇ ਬਰਕਤਉੱਲਾ ਗ਼ਦਰ ਹੈਡਕੁਆਟਰ ਤੋਂ ਪਹਿਲਾਂ ਸਵਿਟਜ਼ਰਲੈਂਡ ਆਏ ਅਤੇ ਫੇਰ ਬਰਲਨ ਪਹੁੰਚ ਗਏ। ਪੱਛਮੀ ਫਰੰਟ ਉਤੇ ਗ਼ਦਰੀਆਂ ਦਾ ਇਹ ਪਹਿਲਾ ਜੱਥਾ ਸੀ। ਇਸ ਤੋਂ ਬਾਅਦ ਗ਼ਦਰੀ ਯੂਨਾਨ, ਤੁਰਕੀ ਅਤੇ ਬਰਲਨ ਪਹੁੰਚਣ ਲੱਗ ਪਏ ਸਨ। ਉਹ ਬਸਰਾ, ਬਗ਼ਦਾਦ, ਮੈਸੋਪੋਟੈਮੀਆ, ਈਰਾਨ ਅਤੇ ਬਲੋਚਸਤਾਨ ਦੀਆਂ ਸਰਹੱਦਾਂ ਤੱਕ ਪਹੁੰਚ ਗਏ।

ਬਰਲਨ ਵਿਚ ਇੰਡੀਅਨ ਇੰਡੀਪੈਂਡੈਂਟ ਕਮੇਟੀ 1914 ਵਿਚ ਸਥਾਪਤ ਹੋਈ ਸੀ। ਇਸ ਕਮੇਟੀ ਵਿਚ ਯੂਰਪ ਦੇ ਹਿੰਦੋਸਤਾਨੀ ਇਨਕਲਾਬੀ ਤੇ ਗ਼ਦਰ ਪਾਰਟੀ ਦੇ ਨੁਮਾਇੰਦੇ ਸ਼ਾਮਲ ਸਨ। ਉਹ ਅੰਗਰੇਜ਼ੀ ਹਕੂਮਤ ਦੇ ਦੁਸ਼ਮਣ ਤਾਂ ਸਨ ਪਰ ਜਰਮਨ ਨਵਾਜ਼ ਨਹੀਂ ਸਨ। ਜਰਮਨ ਹਕੂਮਤ ਆਪਣੇ ਦਾਅ 'ਤੇ ਬੈਠੀ ਸੀ। ਉਹ ਅੰਗਰੇਜ਼ਾਂ ਦੀਆਂ ਬਸਤੀਆਂ ਖੋਹਣ ਲਈ ਲੜ ਰਹੀ ਸੀ। ਇਸ ਲਈ ਉਹ ਹਿੰਦੋਸਤਾਨੀ ਇਨਕਲਾਬੀਆਂ ਨਾਲ ਵਿਹਾਰ ਵਿਚ ਬੜੀ ਚੌਕਸੀ ਵਰਤ ਰਹੀ ਤੇ ਉਨ੍ਹਾਂ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖ ਰਹੀ ਸੀ। ਜਰਮਨ ਹਕੂਮਤ ਹਿੰਦੋਸਤਾਨ ਦੇ ਰਾਜਿਆਂ, ਨੇਪਾਲ ਦੇ ਅਫਗਾਨ ਬਾਦਸ਼ਾਹਾਂ ਨੂੰ ਲਾਲਚ ਦੇ ਕੇ ਆਪਣੇ ਵਲ ਖਿੱਚਣਾ ਚਾਹੁੰਦੀ ਸੀ। ਰਾਜਾ ਮਹਿੰਦਰ ਪ੍ਰਤਾਪ ਸਵਿਟਜ਼ਰਲੈਂਡ ਪਹੁੰਚਿਆ ਹੋਇਆ ਸੀ। ਚਟੋਪਾਧਿਆਏ ਰਾਹੀਂ ਉਸ ਨੂੰ ਬਰਲਨ ਲਿਆ ਕੇ ਜਰਮਨ ਦੇ ਚਾਂਸਲਰ ਨਾਲ ਮੁਲਾਕਾਤ ਕਰਵਾਈ ਸੀ ਮਹਿੰਦਰ ਪ੍ਰਤਾਪ ਦਾ ਭਰਾ ਯੂ.ਪੀ. ਦੇ ਇਕ ਛੋਟੀ ਰਿਆਸਤ ਦਾ ਹਿੰਦੂ ਰਾਜਾ ਸੀ ਅਤੇ ਫੂਲਕੀਆ ਸਿੱਖ ਰਿਆਸਤ ਜੀਂਦ (ਫਰੀਦਕੋਟ) ਵਿਚ ਵਿਆਹਿਆ ਹੋਇਆ ਸੀ। ਜਰਮਨ ਇਨ੍ਹਾਂ ਰਿਸ਼ਤਿਆਂ ਦਾ ਲਾਭ ਲੈਣਾ ਚਾਹੁੰਦਾ ਸੀ। ਮਹਿੰਦਰ ਪ੍ਰਤਾਪ ਦੀ ਸਿਆਸੀ ਸੋਚ ਰਾਜਿਆਂ ਦੁਆਲੇ ਹੀ ਘੁੰਮਦੀ ਸੀ। ਨਿਰਸੰਦੇਹ ਉਹ ਅੰਗਰੇਜ਼ ਦੁਸ਼ਮਣ ਦੇਸ ਭਗਤ ਰਾਜਾ ਸੀ ਅਤੇ ਉਸਨੇ ਅੰਗਰੇਜ਼ਾਂ ਵਿਰੁੱਧ ਜ਼ਿੰਦਗੀ ਭਰ ਜੱਦੋ-ਜਹਿਦ ਕੀਤੀ।

ਜਰਮਨ ਹਾਈ ਕਮਾਂਡ ਨੇ ਮਹਿੰਦਰ ਪ੍ਰਤਾਪ ਦੀ ਅਗਵਾਈ ਵਿਚ 10 ਅਪ੍ਰੈਲ 1915 ਨੂੰ ਇਕ ਜਰਮਨ ਮਿਸ਼ਨ ਕਾਬਲ ਵੱਲ ਭੇਜਿਆ। ਇਸ ਵਿਚ ਜਰਮਨ ਬਦੇਸ਼ ਦਫ਼ਤਰ ਦਾ ਡਾਕਟਰ ਹੇਰਨਿਕ ਵੀ ਸ਼ਾਮਲ ਸੀ। ਇਨ੍ਹਾਂ ਨੂੰ ਅਰਬੀ, ਫ਼ਾਰਸੀ ਅਤੇ ਤੁਰਕੀ ਦੀਆਂ ਜ਼ਬਾਨਾਂ ਲਈ ਦੋਭਾਸ਼ੀਏ ਦੀ ਲੋੜ ਸੀ। ਇਸ ਲਈ ਤੁਰਕੀ ਤੋਂ ਪ੍ਰੋਫੈਸਰ ਬਰਕਤਉੱਲਾ ਨੂੰ ਵੀ ਇਸ ਵਿਚ ਸ਼ਾਮਲ ਕਰ ਲਿਆ ਗਿਆ ਸੀ। ਉਹ ਗ਼ਦਰ ਪਾਰਟੀ ਦਾ ਮੀਤ ਪ੍ਰਧਾਨ ਵੀ ਸੀ। ਇਕ ਹਫ਼ਤੇ ਬਾਅਦ ਜਰਮਨ ਦੇ ਚਾਂਸਲਰ ਬੇਥਮਾਨ ਨੇ ਇਸ ਮਿਸ਼ਨ ਨੂੰ ਖ਼ਤ ਭੇਜੇ ਸਨ ਜਿਹੜੇ ਅਫ਼ਗਾਨਿਸਤਾਨ ਦੇ ਅਮੀਰ ਹਬੀਬਉੱਲਾ, ਨੇਪਾਲ ਦੇ ਰਾਜੇ ਅਤੇ ਹਿੰਦੋਸਤਾਨੀ ਰਾਜਿਆਂ ਦੇ ਨਾਂ ਸਨ। ਇਨ੍ਹਾਂ ਖ਼ਤਾਂ ਵਿਚ ਰਾਜਿਆਂ ਨੂੰ ਅੰਗਰੇਜ਼ਾਂ ਦੇ ਖਿਲਾਫ਼ ਅਤੇ ਜਰਮਨ ਦੇ ਪੱਖ 'ਚ ਲੜਾਈ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਸੀ ਅਤੇ ਜਿਸ ਤੋਂ ਬਾਅਦ ਬੜੀਆਂ ਸਹੂਲਤਾਂ ਦੇਣ ਦੇ ਵਾਅਦੇ ਕੀਤੇ ਗਏ ਸਨ। ਈਰਾਨ ਵਿਚ ਇਸਫਾਹਾਨ ਪਹੁੰਚਣ ਤਕ ਹੋਰ ਜਰਮਨ ਕੁਮਕ ਪਹੁੰਚ ਗਈ। ਹੁਣ ਇਸ ਮਿਸ਼ਨ ਵਿਚ ਹਿੰਦੋਸਤਾਨੀਆਂ ਤੋਂ ਬਗ਼ੈਰ 40 ਜਰਮਨ, 20 ਆਸਟਰੀਅਨ, 8 ਅਫਗਾਨ, 50 ਈਰਾਨੀ ਤੇ 40 ਤੁਰਕੀ ਸਨ। ਰਸਤਾ ਬੜਾ ਕਠਨ ਸੀ। ਉਤਰੀ ਈਰਾਨ ਵਿਚ ਰੂਸ ਦੇ ਜ਼ਾਰ ਦੀਆਂ ਚੌਕੀਆਂ ਸਨ ਅਤੇ ਦੱਖਣ ਵਿਚ ਅੰਗਰੇਜ਼ਾਂ ਦੀਆਂ ਸਨ। ਰਾਹ ਵਿਚ ਲੜਦਾ ਹੋਇਆ ਅਤੇ ਜਾਨੀ ਤੇ ਮਾਲੀ ਨੁਕਸਾਨ ਉਠਾਉਂਦਾ ਹੋਇਆ ਇਹ ਮਿਸ਼ਨ 24 ਅਗਸਤ 1915 ਨੂੰ ਅਫਗਾਨਿਸਤਾਨ ਦੇ

ਸਰਹੱਦੀ ਸ਼ਹਿਰ ਹੈਰਾਤ ਪਹੁੰਚ ਗਿਆ ਸੀ। ਅਫਗਾਨਿਸਤਾਨ ਦੇ ਗਵਰਨਰ ਨੇ ਇਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਅਤੇ 2 ਅਕਤੂਬਰ 1915 ਨੂੰ ਹਿਫਾਜ਼ਤ ਨਾਲ ਕਾਬਲ ਪਹੁੰਚਾ ਦਿੱਤਾ ਸੀ। ਇਸ ਮਿਸ਼ਨ ਨੂੰ ਕਾਬਲ ਤੋਂ ਬਾਹਰ ਬਾਗੇ-ਬਾਬਰ ਦੇ ਗੈਸਟ ਹਾਊਸ ਦੀ ਚਾਰ-ਦਿਵਾਰੀ ਵਿਚ ਨਜ਼ਰਬੰਦ ਕਰ ਦਿੱਤਾ ਸੀ ਜਿਸ ਤੋਂ ਬਾਹਰ ਜਾਣ ਦੀ ਮਨਾਹੀ ਸੀ। ਅਫ਼ਗਾਨਿਸਤਾਨ ਦਾ ਹਾਕਮ ਅਮੀਰ ਹਬੀਬਉੱਲਾ ਅੰਗਰੇਜ਼ਾਂ ਦੇ ਹੱਕ ਵਿਚ ਸੀ। ਜਦੋਂ ਕਿ ਉਸ ਦਾ ਮੁੱਖ ਮੰਤਰੀ ਤੇ ਸਕਾ ਭਰਾ ਨਸਰਉੱਲਾ ਅੰਗਰੇਜ਼ਾਂ ਦੇ ਵਿਰੁੱਧ ਸੀ। ਏਸ ਤਰ੍ਹਾਂ ਅਮੀਰ ਦਾ ਲੜਕਾ ਅਮਾਨਉੱਲਾ ਵੀ ਅੰਗਰੇਜ਼ਾਂ ਦੇ ਖਿਲਾਫ਼ ਸੀ ਅਤੇ ਅਫ਼ਗਾਨਿਸਤਾਨ ਦੀ ਇਕ ਅਜ਼ਾਦ ਹਕੂਮਤ ਦੇਖਣਾ ਚਾਹੁੰਦਾ ਸੀ। ਪਹਿਲੋਂ ਪਹਿਲ ਜਰਮਨਾਂ ਦੀਆਂ ਲਗਾਤਾਰ ਜਿੱਤਾਂ ਨੇ ਹਬੀਬਉੱਲਾ ਨੂੰ ਵੀ ਦੁਚਿੱਤੀ ਵਿਚ ਪਾ ਦਿੱਤਾ ਸੀ ਅਤੇ ਤੁਰਕੀ ਵਲੋਂ ਜਰਮਨ ਦੇ ਹੱਕ ਵਿਚ ਜੰਗ ਵਿਚ ਸ਼ਾਮਲ ਹੋ ਜਾਣ ਦੇ ਮੁਸਲਮ ਭਾਈਚਾਰੇ ਦੇ ਜਜ਼ਬਾਤਾਂ ਨੂੰ ਵੀ ਉਭਾਰਿਆ ਸੀ ਅਤੇ ਆਮ ਪਠਾਣ ਅੰਗਰੇਜ਼ਾਂ ਦੇ ਖਿਲਾਫ਼ ਹੋ ਗਏ ਸਨ। ਇਸ ਤਰ੍ਹਾਂ ਹਬੀਬਉੱਲਾ ਦੋ ਬੇੜੀਆਂ ਦਾ ਸਵਾਰ ਹੋ ਗਿਆ, ਉਸ ਨੇ ਜਰਮਨਾਂ ਨਾਲ ਵੀ ਸਮਝੌਤਾ ਕਰ ਲਿਆ ਅਤੇ ਅੰਗਰੇਜ਼ਾਂ ਨਾਲ ਕੀਤਾ ਸਮਝੌਤਾ ਵੀ ਨਾ ਤੋੜਿਆ। ਪਰ ਅੰਗਰੇਜ਼ ਬੜੇ ਚੌਕੰਨੇ ਸਨ। ਉਨ੍ਹਾਂ ਨੇ ਅਮੀਰ ਦੀ ਸਬਸਿਡੀ 2 ਲੱਖ ਰੁਪਏ ਵਧਾ ਦਿੱਤੀ ਸੀ।

ਇਸ ਮਿਸ਼ਨ ਦੇ ਹਿੰਦੋਸਤਾਨੀ ਮੈਂਬਰਾਂ ਨੇ ਸ਼ਾਹੀ ਖ਼ਾਨਦਾਨ ਦੇ ਅੰਗਰੇਜ਼ ਵਿਰੋਧੀ ਅਨਸਰਾਂ ਨਾਲ ਸੰਬੰਧ ਪੈਦਾ ਕਰ ਲਏ ਸਨ ਤੇ ਉਨ੍ਹਾਂ ਨਾਲ ਖੁਫੀਆ ਮੀਟਿੰਗਾਂ ਕਰਦੇ ਸਨ। ਹਿੰਦੋਸਤਾਨ ਦੇ ਅੰਦਰ ਗ਼ਦਰੀ ਬਗ਼ਾਵਤ ਅਗਸਤ 1915 ਤਕ ਫੇਲ੍ਹ ਹੋ ਚੁੱਕੀ ਸੀ। ਕੁਝ ਇਕ ਮਫ਼ਰੂਰ ਗ਼ਦਰੀ ਸਰਹੱਦ ਪਾਰ ਕਰਕੇ ਕਾਬਲ ਪਹੁੰਚ ਚੁੱਕੇ ਸਨ। ਇਨ੍ਹਾਂ ਵਿਚ ਡਾ. ਮਥਰਾ ਸਿੰਘ, ਕਾਲਾ ਸਿੰਘ, ਹਰਨਾਮ ਸਿੰਘ ਵੀ ਸ਼ਾਮਲ ਸਨ। ਕਾਬਲ ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਡੱਕ ਦਿੱਤਾ ਸੀ। ਪੰਜਾਬ ਤੋਂ 15 ਮੁਸਲਮਾਨ ਵਿਦਿਆਰਥੀ ਸਰਹੱਦ ਟੱਪ ਕੇ ਕਾਬਲ ਆਏ ਸਨ। ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ। ਇਨ੍ਹਾਂ ਨੂੰ ਆਮ ਕਰਕੇ ਹਿਜ਼ਰਤੀ ਸਟੂਡੈਂਟ ਕਹਿ ਕੇ ਜਾਣਿਆ ਜਾਂਦਾ ਸੀ। ਮੌਲਾਨਾ ਅਬਦੁਲ ਸਿੰਧੀ ਤੇ ਉਨ੍ਹਾਂ ਦੇ ਨਾਲ ਖਿਲਾਫਤੀ ਇਨਕਲਾਬੀ ਹਿੰਦੋਸਤਾਨੀ ਵੀ ਅਜ਼ਾਦ ਕਬੀਲਿਆਂ ਦੀ ਮਦਦ ਨਾਲ ਕਾਬਲ ਪਹੁੰਚ ਗਏ ਸਨ। ਅੰਗਰੇਜ਼ ਹਕੂਮਤ ਅਮੀਰ ਉੱਤੇ ਦਬਾਅ ਪਾ ਰਹੀ ਸੀ ਕਿ ਉਹ ਹਿੰਦੋਸਤਾਨੀਆਂ ਦੇ ਹੱਕ ਵਿਚ ਹੋ ਚੁੱਕੀ ਸੀ। ਬਰਕਤਉੱਲਾ ਨੇ ਆਪਣਾ ਰਸੂਖ ਵਰਤ ਕੇ ਹਿੰਦੋਸਤਾਨੀ ਇਨਕਲਾਬੀਆਂ ਨੂੰ ਰਿਹਾਅ ਕਰਵਾ ਦਿੱਤਾ ਸੀ।

ਕਾਬਲ ਦਾ ਜਰਮਨ ਮਿਸ਼ਨ ਭਾਵੇਂ ਬਹੁਤ ਸਫਲ ਨਹੀਂ ਹੋ ਰਿਹਾ ਸੀ ਪਰ ਗ਼ਦਰ ਪਾਰਟੀ, ਖਿਲਾਫਤੀ ਇਨਕਲਾਬੀ ਤੇ ਬਰਲਨ ਕਮੇਟੀ ਦੇ ਮੈਂਬਰ ਇਕਮੁੱਠ ਹੋ ਕੇ ਆਪਣੇ ਮਿਸ਼ਨ ਵਿਚ ਅੱਗੇ ਵਧ ਰਹੇ ਸਨ। ਇਨ੍ਹਾਂ ਨੇ ਕੌਮਪ੍ਰਸਤ ਪਠਾਣਾਂ ਵਿਚ ਕਾਫੀ ਰਸੂਖ ਪੈਦਾ ਕਰ ਲਿਆ ਸੀ।

1 ਦਸੰਬਰ 1915 ਨੂੰ ਕਾਬਲ ਵਿਚ ਹਿੰਦੋਸਤਾਨ ਦੀ ਆਰਜ਼ੀ ਹਕੂਮਤ ਦਾ ਐਲਾਨ ਕੀਤਾ ਗਿਆ। ਰਾਜਾ ਮਹਿੰਦਰ ਪ੍ਰਤਾਪ ਨੂੰ ਇਸ ਹਕੂਮਤ ਦਾ ਪ੍ਰਧਾਨ ਅਤੇ ਬਰਕਤਉੱਲਾ ਨੂੰ ਪ੍ਰਧਾਨ ਮੰਤਰੀ ਥਾਪਿਆ ਗਿਆ ਸੀ। ਮੌਲਾਨਾ ਅਬਦੁਲ ਸਿੰਧੀ ਗ੍ਰਹਿ ਮੰਤਰੀ, ਚੰਪਾਕਰਨ ਪਿੱਲੇ ਬਦੇਸ਼ ਮੰਤਰੀ, ਮੌਲਵੀ ਬਸ਼ੀਰ ਰੱਖਿਆ ਮੰਤਰੀ, ਡਾ. ਮਥਰਾ ਸਿੰਘ, ਖ਼ੁਦਾਬਖਸ਼ ਤੇ ਮੁਹੰਮਦ ਅਲੀ ਨੂੰ ਵੀ ਵਜ਼ੀਰ ਬਣਾਇਆ ਗਿਆ ਸੀ।

ਰਾਜਾ ਮਹਿੰਦਰ ਪ੍ਰਤਾਪ ਬੇਸਬਰੀ ਕਰਦਾ ਸੀ ਅਤੇ ਜਦੋਂ ਵੀ ਵਾਹ ਲਗਦੀ ਸੀ ਰਾਜਿਆਂ ਵਾਲੇ ਹੀ ਕੰਮ ਕਰਦਾ ਸੀ। ਉਸਨੇ ਆਪਣਾ ਮਿਰਜ਼ਾ ਮੁਹੰਮਦ ਅਲੀ ਤੇ ਡਾ. ਮਥਰਾ ਸਿੰਘ ਨੂੰ ਖ਼ਤ ਦੇ ਕੇ ਰੂਸੀ ਤੁਰਕਸਤਾਨ ਦੇ ਗਵਰਨਰ ਭੇਜ ਦਿੱਤਾ ਅਤੇ ਆਰਜ਼ੀ ਹਕੂਮਤ ਦੀ ਮਦਦ ਲਈ ਅਪੀਲ ਕੀਤੀ। ਜ਼ਾਰ ਦੇ ਫੌਜੀਆਂ ਨੇ ਉਤਰੀ ਈਰਾਨ ਵਿਚ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤਾ ਸੀ। ਬਾਅਦ ਨੂੰ ਉਨ੍ਹਾਂ ਨੂੰ ਲਾਹੌਰ ਵਿਚ ਫਾਂਸੀ ਲਾ ਦਿੱਤਾ ਗਿਆ ਸੀ। ਏਸੇ ਤਰ੍ਹਾਂ ਕਾਲਾ ਸਿੰਘ ਦੇ ਹੱਥ ਹਿੰਦੋਸਤਾਨ ਦੇ ਇਕ ਅੱਧੇ ਰਾਜੇ ਨੂੰ ਛੱਡ ਕੇ ਸਾਰਿਆਂ ਨੇ ਇਹ ਖ਼ਤ ਵਾਇਸਰਾਏ ਨੂੰ ਪਹੁੰਚਾ ਦਿੱਤੇ ਸਨ। ਨੇਪਾਲ ਦੇ ਰਾਜੇ ਨੂੰ ਗਿਆ ਖ਼ਤ ਵੀ ਦਿੱਲੀ ਪਹੁੰਚ ਗਿਆ ਸੀ। ਖ਼ਤ ਦੇ ਕੇ ਵਾਪੇਸ ਪਰਤ ਰਹੇ ਕਾਲਾ ਸਿੰਘ ਦਾ ਸੀ. ਆਈ. ਡੀ. ਪਿੱਛਾ ਕਰ ਰਹੀ ਸੀ। ਨੇਪਾਲ ਦੀ ਸਰਹੱਦ ਪਾਰ ਕਰਦਿਆਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਪੁਲਸ ਨੇ ਉਸ ਉਤੇ ਅਕਹਿ ਤਸ਼ੱਦਦ ਕੀਤਾ ਅਤੇ ਅੱਧਮੋਇਆ ਕਰ ਕੇ ਉਸ ਦੇ ਪਿੰਡ ਸੁਰਸਿੰਘ ਲਿਆ ਕੇ ਛੱਡ ਦਿੱਤਾ ਜਿਥੇ ਉਹ ਹਫ਼ਤੇ ਦੇ ਅੰਦਰ-ਅੰਦਰ ਹੀ ਚਲਾਣਾ ਕਰ ਗਿਆ ਸੀ। ਇਸ ਤਰ੍ਹਾਂ ਰਾਜਾ ਮਹਿੰਦਰ ਪ੍ਰਤਾਪ ਦੀਆਂ ਸਾਰੀਆਂ ਹਵਾਈ ਸਕੀਮਾਂ ਮਿੱਟੀ ਵਿਚ ਮਿਲ ਗਈਆਂ। ਬਰੁਕ ਵਿਲੀਅਮ ਨੇ ਠੀਕ ਹੀ ਲਿਖਿਆ ਹੈ: "ਹਿੰਦੋਸਤਾਨੀ ਦੇ ਰਾਜਿਆਂ ਨਵਾਬਾਂ ਨੇ ਅੰਗਰੇਜ਼ੀ ਸਲਤਨਤ ਬਚਾਉਣ ਲਈ ਆਪਣੀ ਵਫ਼ਾਦਾਰੀ ਦਾ ਅਦੁੱਤੀ ਸਬੂਤ ਦਿੱਤਾ। ਫੌਜ ਤੇ ਪੈਸੇ ਨਾਲ ਮਦਦ ਕੀਤੀ।"

1916 ਵਿਚ ਜੰਗ ਦਾ ਪਾਸਾ ਪਰਤ ਗਿਆ ਸੀ। ਜਰਮਨ ਤੁਰਕੀ ਹਾਰ ਗਿਆ ਸੀ। ਇਸ ਕਰਕੇ ਹਬੀਬਉੱਲਾ ਨੇ ਜਰਮਨਾਂ ਵੱਲੋਂ ਅੱਖਾਂ ਫੇਰ ਲਈਆਂ ਸਨ। ਕਾਬਲ ਮਿਸ਼ਨ ਦੇ ਜਰਮਨ ਤੇ ਤੁਰਕ ਆਦਿ ਮੈਂਬਰ ਵਾਪਸ ਪਰਤ ਗਏ ਸਨ। ਪਰ ਹਿੰਦੋਸਤਾਨੀਆਂ ਨੇ ਕਾਬਲ ਨਾ ਛੱਡਿਆ। ਹਿੰਦੋਸਤਾਨ ਦੀ ਇਹ ਆਰਜ਼ੀ ਸਰਕਾਰ 1920 ਤਕ ਅੰਗਰੇਜ਼ਾਂ ਵਿਰੁੱਧ ਕੰਮ ਕਰਦੀ ਰਹੀ। ਅਲੀ ਅੱਬਾਸ ਬੁਖਾਰੀ ਵੀ ਕਾਬਲ ਆ ਕੇ ਆਰਜ਼ੀ ਹਕੂਮਤ ਵਿਚ ਸ਼ਾਮਲ ਹੋ ਗਿਆ ਸੀ। ਉਸਨੂੰ 1914 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ 1917 ਵਿੱਚ ਰਿਹਾਅ ਕੀਤਾ ਗਿਆ ਸੀ। ਉਨ੍ਹਾਂ ਨੇ ਆਪਣੇ ਕਬਾਇਲੀ ਵਸੀਲਿਆਂ ਵਿਚਲਾ ਰਸੂਖ ਵਰਤ ਕੇ ਗ਼ਦਰ ਲਿਟਰੇਚਰ ਹਿੰਦੋਸਤਾਨ ਵਿਚ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੇ ਪਿਸ਼ਾਵਰ ਦੇ ਡਾਕਖਾਨੇ ਵਿਚਲੇ ਅਸਰ ਰਸੂਖ ਨੂੰ ਵਰਤਿਆ। ਇਸ ਕੰਮ ਵਿਚ ਪਿਸ਼ਾਵਰ ਦੇ ਬੰਬਵਾਲਾ ਆਦਿ ਇਨਕਲਾਬੀਆਂ ਨੇ ਕਾਫੀ ਹਿੱਸਾ ਲਿਆ ਸੀ।

ਦਿਉਬੰਦ ਸਕੂਲ ਦਾ ਮੌਲਵੀ ਅਹਿਮਦ ਹਸਨ 1915 ਵਿਚ ਹੱਜ ਦੇ ਬਹਾਨੇ ਮਦੀਨੇ ਆ ਗਿਆ ਸੀ ਅਤੇ ਉਸਦੇ ਨਾਲ ਚਾਰ ਹੋਰ ਸਾਥੀ ਸਨ। ਮਦੀਨੇ ਉਤੇ ਤੁਰਕੀ ਦੇ ਜਨਰਲ ਫਖਰੀ ਪਾਸ਼ਾ ਦਾ ਕਬਜ਼ਾ ਸੀ। ਹਿੰਦੋਸਤਾਨ ਦੀ ਆਰਜ਼ੀ ਹਕੂਮਤ ਦੇ ਰੱਖਿਆ ਮੰਤਰੀ ਨੇ ਆਪਣਾ ਹੈਡਕੁਆਰਟਰ ਮਦੀਨੇ ਵਿਚ ਕਾਇਮ ਕਰ ਕੇ ਖੁਦਾਈ ਖਿਤਮਤਗਾਰਾਂ ਦੀ ਫੌਜ ਖੜ੍ਹੀ ਕਰ ਲਈ ਸੀ। ਆਰਜ਼ੀ ਹਕੂਮਤ ਦਾ ਮੌਲਵੀ ਹਸਨ ਨਾਲ ਵੀ ਮੇਲ ਹੋ ਚੁੱਕਾ ਸੀ।

1915-16 ਵਿਚ ਕਾਬਲ ਦੇ ਹਿੰਦੀ ਇਨਕਲਾਬੀਆਂ ਨੇ ਸਰਹੱਦ ਉਤੇ ਅੰਗਰੇਜ਼ਾਂ ਨੂੰ ਵਖਤ ਪਾ ਦਿੱਤਾ ਸੀ। ਮਹਿਮਦ ਕਬੀਲੇ ਨੇ ਪਿਸ਼ਾਵਰ 'ਤੇ ਧਾਵਾ ਬੋਲ ਦਿੱਤਾ, ਖੋਸਤਾਂ ਨੇ ਤੋਚੀ ਪਾਸ ਘੇਰ ਲਿਆ, ਸਵਾਤੀਆਂ ਨੇ ਚੱਕ ਦਾਰਾ ਦੀ ਅੰਗਰੇਜ਼ੀ ਫੌਜ 'ਤੇ ਹਮਲਾ ਕਰ ਦਿੱਤਾ, ਮਾਹਸੂਦਾਂ ਨੇ ਵਜ਼ੀਰਸਤਾਨ ਦੀ ਅੰਗਰੇਜ਼ੀ ਫੌਜ 'ਤੇ ਧਾਵਾ ਬੋਲ ਦਿੱਤਾ ਸੀ। ਇਸ ਸਾਰੀ ਬਗ਼ਾਵਤ ਵਿਚ ਕਾਬਲ ਦੀ ਆਰਜ਼ੀ ਹਕੂਮਤ ਪਰਿੰਸ ਇਨਾਇਤਉੱਲਾ ਨਾਲ ਮਿਲ ਕੇ ਅਗਵਾਈ ਦੇ ਰਹੀ ਸੀ।

ਹਿੰਦੋਸਤਾਨ ਦੇ ਇਨਕਲਾਬੀਆਂ ਲਈ ਇਹ ਸੁਨਹਿਰੀ ਮੌਕਾ ਸੀ। ਪਰ ਪੂਰਬੀ ਫਰੰਟ ਅਤੇ ਪੱਛਮੀ ਫਰੰਟ ਦਾ ਤਾਲਮੇਲ ਨਾ ਹੋ ਸਕਿਆ। ਅਮਰੀਕਾ ਤੋਂ ਆਏ ਗ਼ਦਰੀਆਂ ਨੇ ਬੇਸਬਰੀ ਤੋਂ ਕੰਮ ਲਿਆ ਸੀ ਅਤੇ ਪਹਿਲਾਂ ਹੀ ਗ੍ਰਿਫਤਾਰ ਕਰ ਲਏ ਗਏ ਸਨ।

ਈਰਾਨੀ ਤੇ ਬਲੋਚਸਤਾਨੀ ਫਰੰਟ

ਗ਼ਦਰ ਪਾਰਟੀ ਨੇ ਅਮਰੀਕਾ ਤੋਂ ਖਾਨਖੋਜੇ ਦੀ ਅਗਵਾਈ ਵਿਚ ਯੂਨਾਨ ਅਤੇ ਤੁਰਕੀ ਰਾਹੀਂ ਗ਼ਦਰੀਆਂ ਨੂੰ ਇਸ ਫਰੰਟ 'ਤੇ ਭੇਜਿਆ ਸੀ। ਖਾਨਖੋਜੇ ਦਾ ਪੂਰਾ ਨਾਂ ਪਾਂਡੂਰੰਗ ਸਦਾਸ਼ਿਵ ਖਾਨਖੋਜੇ ਸੀ। ਉਸ ਨੇ ਅਮਰੀਕਨ ਯੂਨੀਵਰਸਿਟੀ ਤੋਂ ਐਗਰੀਕਲਚਰ 'ਤੇ ਖੋਜ ਕਰਕੇ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ ਸੀ। ਉਹ ਨਾਗਪੁਰ ਦਾ ਵਸਨੀਕ ਸੀ। ਉਸ ਦੇ ਨਾਲ ਬਸੰਤ ਸਿੰਘ ਚੌਂਦ, ਹਰਨਾਮ ਸਿੰਘ ਰਿਸ਼ੀਕੇਸ਼, ਕਿਦਾਰ ਨਾਥ ਭੁੰਗਾ, ਬਿਸ਼ਨ ਦਾਸ ਕੋਛੜ ਅਤੇ ਅਮੀਂ ਚੰਦ ਚੌਧਰੀ (ਬੰਗਾਲ) ਵੀ ਸ਼ਾਮਲ ਸਨ। ਕਾਬਲ ਤੋਂ ਬਰਕਤਉੱਲਾ ਤੇ ਬਰਲਨ ਤੋਂ ਮੈਡਮ ਕਾਮਾ ਨੇ ਇਨ੍ਹਾਂ ਨਾਲ ਮਿਲ ਕੇ ਕੰਮ ਕਰਨ ਦਾ ਪ੍ਰੋਗਰਾਮ ਬਣਾਇਆ। ਮਧ ਪੂਰਬ, ਮੈਸੋਪੋਟੇਮੀਆ ਆਦਿ ਫਰੰਟਾਂ 'ਤੇ ਅੰਗਰੇਜ਼ਾਂ ਨੇ ਭਾਰੀ ਗਿਣਤੀ ਵਿਚ ਹਿੰਦੋਸਤਾਨੀ ਫੌਜੀ ਭੇਜੇ ਹੋਏ ਸਨ। ਉਤਰੀ ਈਰਾਨ ਵਿਚ ਜ਼ਾਰ ਅਤੇ ਦੱਖਣੀ ਵਿਚ ਅੰਗਰੇਜ਼ਾਂ ਦਾ ਨੀਮ ਕਬਜ਼ਾ ਸੀ। ਈਰਾਨ ਦੇ ਲੋਕ ਦੋਹਾਂ ਤੋਂ ਤੰਗ ਸਨ ਅਤੇ ਅਜ਼ਾਦੀ ਲਈ ਜੂਝਣਾ ਚਾਹੁੰਦੇ ਸਨ। ਅਰਬੀ ਭੱਦੂ ਸ਼ੇਖ ਬਰਤਾਨੀਆ ਦੇ ਇੰਟੈਲੀਜੈਂਸ ਅਫ਼ਸਰ ਕਰਨਲ ਲਾਰੈਂਸ ਦੇ ਹੱਥ ਚੜ੍ਹ ਕੇ ਤੁਰਕੀ ਦੇ ਖਿਲਾਫ਼ ਹੋ ਗਿਆ ਸੀ। ਗ਼ਦਰੀ ਕਮਾਂਡ ਨੇ ਈਰਾਨ ਦੇ ਕੌਮਪ੍ਰਸਤਾਂ ਨਾਲ ਮਿਲ ਕੇ ਹਿੰਦੋਸਤਾਨ ਅਤੇ ਈਰਾਨੀ ਦੀ ਅਜ਼ਾਦੀ ਲਈ ਸਾਂਝੀ ਇਨਕਲਾਬੀ ਕਮੇਟੀ ਬਣਾਈ। ਇਸ ਦਾ ਨਾਂ ਡੈਮੋਕਰੇਟ ਪਾਰਟੀ ਰੱਖਿਆ ਗਿਆ ਸੀ। ਜਿਸ ਨੇ ਅਜ਼ਾਦ ਫੌਜ ਦੇ ਨਾਂ 'ਤੇ ਫੌਜ ਵੀ

ਖੜੀ ਕੀਤੀ ਸੀ। ਤੁਰਕੀ ਤੇ ਜਰਮਨਾਂ ਵਲੋਂ ਕੈਦ ਕੀਤੇ ਫੌਜੀ ਇਸ ਵਿਚ ਰਲ ਗਏ ਸਨ। ਇਸ ਫੌਜ ਨੂੰ ਗੋਲੀ ਸਿੱਕਾ ਅਤੇ ਮਾਲੀ ਮਦਦ ਤੁਰਕੀ ਅਤੇ ਜਰਮਨਾਂ ਨੇ ਦੇਣਾ ਮੰਨ ਲਿਆ ਸੀ। ਮੈਡਮ ਕਾਮਾ ਨੇ ਪ੍ਰਾਪੇਗੰਡੇ ਦਾ ਕੰਮ ਸੰਭਾਲ ਲਿਆ ਸੀ। ਉਸ ਨੇ ਗ਼ਦਰ ਅਖ਼ਬਾਰ, ਗ਼ਦਰ ਦੀਆਂ ਗੂੰਜਾਂ, ਕਾਬਲ ਦੀ ਆਰਜ਼ੀ ਸਰਕਾਰ ਦਾ ਅੰਗਰੇਜ਼ਾਂ ਵਿਰੁੱਧ ਜੰਗ ਦਾ ਐਲਾਨ ਲੱਖਾਂ ਦੀ ਗਿਣਤੀ ਵਿਚ ਛਾਪ ਕੇ (ਰੀਪ੍ਰੋਡਿਊਸ ਕਰਕੇ) ਹਿੰਦੋਸਤਾਨੀ ਫੌਜੀਆਂ 'ਚ ਮੀਂਹ ਵਾਂਗ ਵਰ੍ਹਾਇਆ (ਗਵਰਨਰ ਪੰਜਾਬ ਅਡਵਾਇਰ ਦੀ ਲਿਖਤ) ਇਹ ਪਰਚੇ ਮੁਲਤਾਨ ਤਕ ਪਹੁੰਚੇ ਸਨ।

ਸੂਫੀ ਅੰਬਾ ਪ੍ਰਸਾਦ ਤੇ ਸ਼ੀਰਾਜ਼ ਈਰਾਨ ਵਿਚ ਹੀ ਸਨ। ਸੂਫੀ ਪੀਰ ਬਣ ਕੇ ਉਨ੍ਹਾਂ ਨੇ ਕਾਫੀ ਸਿੱਖੀ ਸੇਵਕੀ ਬਣਾ ਲਈ ਸੀ।

ਈਰਾਨ ਵਿਚਲੀ ਅਜ਼ਾਦ ਫੌਜ ਨੇ ਕਰਮਾਨ 'ਤੇ ਧਾਵਾ ਬੋਲ ਕੇ ਉਸ ਉਤੇ ਕਬਜ਼ਾ ਕਰ ਲਿਆ ਸੀ। ਅੰਗਰੇਜ਼ੀ ਜਰਨੈਲ ਸਾਈਕਸ ਦੀ ਫੌਜ ਸੀਸਤਾਨ ਵਲੋਂ ਆ ਰਹੀ ਸੀ, ਦੋਹਾਂ ਫੌਜਾਂ ਵਿਚਕਾਰ ਮੁਕਾਬਲਾ ਹੋਇਆ ਸੀ। ਅਜ਼ਾਦ ਫੌਜ ਦਾ ਕਮਾਂਡਰ ਦਾਊਦ ਅਲੀ (ਮਨਮਥ ਨਾਥ ਦੱਤ) ਮੁਕਾਬਲੇ ਵਿਚ ਸ਼ਹੀਦ ਹੋ ਗਿਆ ਸੀ ਪਰ ਅਜ਼ਾਦ ਫੌਜ ਜਿੱਤ ਗਈ ਸੀ। ਹੁਣ ਅਜ਼ਾਦ ਫੌਜ ਕਰਮਸ਼ੀਰ ਪਹੁੰਚ ਗਈ ਸੀ। ਡਾ. ਸੈਦਉੱਲਾ ਅਗਲੀਆਂ ਕਤਾਰਾਂ ਤਕ ਗ਼ਦਰੀ ਲਿਟਰੇਚਰ ਪਹੁੰਚਾ ਰਿਹਾ ਸੀ ਅਤੇ ਬਲੋਚ ਕਬੀਲਿਆਂ ਉਤੇ ਉਸਦਾ ਬੜਾ ਅਸਰ ਹੋ ਰਿਹਾ ਸੀ। ਮੁਜ਼ੱਫਰਗੜ੍ਹ ਮੁਲਤਾਨ ਤਕ ਦੇ ਕਿਸਾਨ ਜਾਗਰਤ ਹੋ ਰਹੇ ਸਨ। ਉਨ੍ਹਾਂ ਨੇ ਸਰਕਾਰੀ ਮਾਲੀਆ ਅਤੇ ਸ਼ਾਹੂਕਾਰਾਂ ਦੇ ਕਰਜ਼ੇ ਮੋੜਨੋਂ ਨਾਂਹ ਕਰ ਦਿੱਤੀ ਸੀ। ਅਡਵਾਇਰ ਦੀ ਲਿਖਤ ਅਨੁਸਾਰ 7 ਹਜ਼ਾਰ ਅਜਿਹੇ ਕਿਸਾਨ ਗ੍ਰਿਫਤਾਰ ਕਰ ਕੇ ਮੁਲਤਾਨ ਕੈਂਪ ਜੇਲ੍ਹ ਵਿਚ ਬੰਦ ਕਰ ਦਿੱਤੇ ਸਨ।

ਅਜ਼ਾਦ ਫੌਜ ਨੇ ਸਮੁੰਦਰ ਕਿਨਾਰੇ ਗਵਾਦੋਰ ਦੇ ਦਾਵਰ ਦੇ ਟਿਕਾਣਿਆਂ 'ਤੇ ਕਬਜ਼ਾ ਕਰ ਲਿਆ ਸੀ। ਬਲੋਚਸਤਾਨ ਦੇ ਕਬੀਲਿਆਂ ਨੇ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕਰ ਦਿੱਤੀ ਸੀ। ਅਜ਼ਾਦ ਫੌਜ ਚੜ੍ਹਤ ਵਿਚ ਸੀ। ਪਰ ਉਸ ਦੀ ਪਿੱਠ 'ਤੇ ਖੜ੍ਹੀਆਂ ਤੁਰਕੀ ਤੇ ਜਰਮਨ ਦੀਆਂ ਫੌਜਾਂ ਨੂੰ ਹਾਰ ਹੋ ਰਹੀ ਸੀ। ਬਸਰਾ, ਬਗਦਾਦ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਚੁੱਕਾ ਸੀ। ਇਸ ਫਰੰਟ 'ਤੇ ਡਿਊਟੀ ਦੇ ਰਹੇ ਗ਼ਦਰੀ ਹਰਨਾਮ ਸਿੰਘ ਨੂੰ ਅੰਗਰੇਜ਼ੀ ਫੌਜਾਂ ਨੇ ਗ੍ਰਿਫਤਾਰ ਕਰ ਲਿਆ ਅਤੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਸੀ।

ਅਜ਼ਾਦ ਫੌਜ ਦਾ ਗੋਲੀ ਸਿੱਕਾ ਖਤਮ ਹੋ ਜਾਣ ਕਾਰਨ ਅਤੇ ਪਿਛੋਂ ਸਪਲਾਈ ਕੱਟ ਜਾਣ ਕਾਰਨ ਉਹ ਸ਼ੀਰਾਜ਼ ਵਲ ਪਿੱਛੇ ਹਟਣਾ ਸ਼ੁਰੂ ਹੋ ਗਏ ਸਨ। ਇਸ ਮੋਰਚੇ 'ਤੇ ਜੰਮ ਕੇ ਲੜਾਈਆਂ ਹੋਈਆਂ ਸਨ। ਖਾਨਖੋਜੇ ਤੇ ਸੂਫੀ ਅੰਬਾ ਪ੍ਰਸਾਦ ਜ਼ਖਮੀ ਹੋ ਗਏ ਸਨ। ਸ਼ੀਰਾਜ਼ ਵਿਚੋਂ ਸੂਫੀ ਅੰਬਾ ਪ੍ਰਸਾਦ, ਬਸੰਤ ਸਿੰਘ ਚੌਂਧ ਤੇ ਕਿਦਾਰ ਨਾਥ ਰਿਹਾਣਾ ਅੰਗਰੇਜ਼ ਫੌਜ ਨੇ ਗ੍ਰਿਫਤਾਰ ਕਰ ਲਏ ਸਨ ਅਤੇ ਉਨ੍ਹਾਂ ਤਿੰਨਾਂ ਨੂੰ ਫਾਂਸੀ ਲਾ ਦਿੱਤਾ ਗਿਆ ਸੀ। ਬਾਕੀ ਬਚੀਆਂ ਗ਼ਦਰੀ ਟੁਕੜੀਆਂ ਉਤਰੀ ਈਰਾਨੀ ਤੇ ਬਲੋਚੀ ਕਬੀਲਿਆਂ

ਨਾਲ ਰਚਮਿਚ ਕੇ ਆਉਂਦੀਆਂ-ਜਾਂਦੀਆਂ ਅੰਗਰੇਜ਼ ਤੇ ਜ਼ਾਰ ਦੀਆਂ ਫੌਜਾਂ 'ਤੇ 1918 ਤਕ ਹਮਲੇ ਕਰਦੀਆਂ ਰਹੀਆਂ।

ਤੁਰਕੀ ਨੇ ਭਾਵੇਂ ਅੰਗਰੇਜ਼ਾਂ ਅੱਗੇ ਹਥਿਆਰ ਸੁੱਟ ਦਿੱਤੇ ਸਨ ਪਰ ਮਦੀਨੇ ਦੇ ਤੁਰਕੀ ਜਨਰਲ ਫਖਰੀ ਪਾਸ਼ਾ ਨੇ ਆਪਣਾ ਮੋਰਚਾ ਨਹੀਂ ਸੀ ਛੱਡਿਆ। ਅੰਗਰੇਜ਼ੀ ਫੌਜਾਂ ਨੇ ਮਦੀਨੇ ਦਾ ਮੁਹਾਸਰਾ ਕੀਤਾ ਹੋਇਆ ਸੀ। ਗੋਲੀ ਸਿੱਕਾ ਅਤੇ ਖੁਰਾਕ ਮੁਕਣ 'ਤੇ ਮੁਹਾਸਰਾ ਟੁੱਟ ਗਿਆ।

ਫਖਰੀ ਪਾਸ਼ਾ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਿਆ। ਹਿੰਦੋਸਤਾਨ ਦੀ ਆਰਜ਼ੀ ਹਕੂਮਤ ਦੇ ਡੀਫੈਂਸ ਕਮਾਂਡਰ ਨੂੰ ਚਾਰ ਹੋਰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਸੀ ਅਤੇ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਮਾਲਟਾ ਜੇਲ੍ਹ ਵਿਚ ਬੰਦ ਕਰ ਦਿੱਤਾ ਸੀ। ਉਨ੍ਹਾਂ ਨੇ ਆਪਣੀਆਂ ਜਾਨਾਂ ਉਨ੍ਹਾਂ ਜੇਲ੍ਹਾਂ ਵਿਚ ਹੀ ਦਿੱਤੀਆਂ।

ਇਸ ਲੜਾਈ ਦੇ ਖ਼ਤਮ ਹੋਣ ਨਾਲ ਸਾਰੀ ਦੁਨੀਆਂ ਵਿਚ ਅਹਿਮ ਤਬਦੀਲੀਆਂ ਆਈਆਂ। ਰੂਸ ਵਿਚ ਜ਼ਾਰ ਹਕੂਮਤ ਦਾ ਤਖਤਾ ਉਲਟਾ ਦਿੱਤਾ ਗਿਆ ਸੀ। ਰੂਸ ਦੇ ਮਜ਼ਦੂਰਾਂ ਤੇ ਕਿਸਾਨਾਂ ਦੀ ਸਰਕਾਰ ਬਣ ਗਈ ਸੀ। ਤੁਰਕੀ ਵਿਚ ਸੁਲਤਾਨ ਤੁਰਕੀ ਲਾਹ ਦਿੱਤਾ ਗਿਆ ਸੀ ਅਤੇ ਕਮਾਲ ਪਾਸ਼ਾ ਦੀ ਅਗਵਾਈ ਵਿਚ ਡੈਮੋਕਰੈਟਿਕ ਹਕੂਮਤ ਕਾਇਮ ਕਰ ਦਿੱਤੀ ਗਈ।

ਦੂਜੇ ਪਾਸੇ ਗ਼ਦਰੀ ਕਮਾਂਡਰ ਖਾਨਖੋਜੇ ਗੋਲੀ ਸਿੱਕਾ ਖ਼ਤਮ ਹੋ ਜਾਣ ਕਾਰਨ ਈਰਾਨ ਦੇ ਉਤਰੀ ਬਾਗ਼ੀ ਕਬੀਲਿਆਂ ਨਾਲ ਜਾ ਮਿਲਿਆ। ਹਾਰ ਜਾਣ ਤੋਂ ਬਾਅਦ ਬਲੋਚ ਬਾਗ਼ੀ ਵੀ ਏਥੇ ਹੀ ਆ ਗਏ ਸਨ। ਇਹ ਗਾਹੇ ਬਗਾਹੇ ਜ਼ਾਰ ਅਤੇ ਅੰਗਰੇਜ਼ੀ ਫੌਜਾਂ 'ਤੇ ਛਾਪੇ ਮਾਰਦੇ ਰਹੇ ਸਨ।

ਅਕਤੂਬਰ ਇਨਕਲਾਬ ਦੀ ਜਿੱਤ ਨਾਲ ਇਨ੍ਹਾਂ ਨੇ ਰੂਸ ਦੀ ਸਰਹੱਦ ਵੱਲ ਵਧਣਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਨਾਲ ਬਲੋਚ ਕਬੀਲੇ ਦਾ ਸਰਦਾਰ ਨਸੀਰ ਖ਼ਾਨ, ਅੰਗਰੇਜ਼ੀ ਫੌਜ ਵਿਚੋਂ ਭੱਜੇ ਹੋਏ ਹਿੰਦੋਸਤਾਨੀ ਸਿਪਾਹੀ ਤੇ ਬਲੋਚ ਕਿਸਾਨ ਸਨ। ਇਨ੍ਹਾਂ ਵਿਚ ਬਲੋਚਾਂ ਦੀ ਗਿਣਤੀ ਕਰੀਬ ਦਸ ਹਜ਼ਾਰ ਸੀ। ਜ਼ਿਕਰ ਆਉਂਦਾ ਹੈ ਕਿ ਕਾਮਰੇਡ ਲੈਨਿਨ ਨੇ ਉਨੀਂ ਦਿਨੀਂ ਹਿੰਦੋਸਤਾਨ ਦੇ ਕਿਸਾਨਾਂ ਦੇ ਡੈਪੂਟੇਸ਼ਨ ਨਾਲ ਮੁਲਾਕਾਤ ਕੀਤੀ ਸੀ ਅਤੇ ਲੱਗਦਾ ਹੈ ਕਿ ਉਹ ਕਿਸਾਨ ਇਹ ਬਲੋਚ ਬਾਗ਼ੀ ਕਿਸਾਨ ਹੀ ਸਨ।

ਜਦੋਂ ਇਨ੍ਹਾਂ ਇਨਕਲਾਬੀਆਂ ਨੇ ਰੂਸੀ ਸਰਹੱਦ ਪਾਰ ਕੀਤੀ ਸੀ ਤਾਂ ਲਾਲ ਫੌਜਾਂ ਨੇ ਇਨ੍ਹਾਂ ਦਾ ਦਿਲੀ ਸਵਾਗਤ ਕੀਤਾ ਸੀ। ਲਾਲ ਫੌਜ ਦੇ ਕਮਾਂਡਰ ਕੂਬੀਸ਼ੇਵ ਅਤੇ ਫਰੂੰਜੇ ਨੇ ਫੌਜੀ ਬੈਂਡ ਨਾਲ ਉਨ੍ਹਾਂ ਦਾ ਐਲਾਨੀਆ ਸਵਾਗਤ ਕੀਤਾ ਸੀ।

ਹਿੰਦੋਸਤਾਨ ਦੇ ਲੜਾਕੂ ਇਨਕਲਾਬੀਆਂ ਦਾ ਗੜ੍ਹ ਹੁਣ ਰੂਸ ਬਣ ਗਿਆ ਸੀ। ਅਬਦੁਲ ਬਰਕੀ ਖਿਲਾਫਤੀ, ਜਿਹੜਾ ਇਕ ਸੁਲਝਿਆ ਹੋਇਆ ਹਿੰਦੀ ਦਾਨਸ਼ਵਰ ਅਤੇ ਧੜੱਲੇਦਾਰ ਲੈਕਚਰਾਰ ਸੀ, 28 ਹਿੰਦੋਸਤਾਨੀ ਇਨਕਲਾਬੀਆਂ ਦਾ ਜੱਥਾ ਲੈ ਕੇ ਰੂਸ ਪਹੁੰਚ ਗਿਆ। ਕਾਮਰੇਡ ਲੈਨਿਨ ਨੇ ਅਬਦੁਲ ਬਰਕੀ ਨਾਲ ਹਿੰਦੋਸਤਾਨ ਦੇ

ਮਸਲਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਅਤੇ ਉਸ ਤੋਂ ਹਿੰਦੋਸਤਾਨੀ ਮਸਲਿਆਂ ਬਾਰੇ ਲਿਖੀਆਂ ਕਿਤਾਬਾਂ ਦੀ ਲਿਸਟ ਵੀ ਲਈ। ਕਾਮਰੇਡ ਲੈਨਿਨ ਦਾ ਵਿਚਾਰ ਸੀ ਕਿ ਸਾਮਰਾਜੀ ਜ਼ੰਜੀਰ ਦੀ ਅਗਲੀ ਕੜੀ ਹਿੰਦੋਸਤਾਨ ਵਿਚ ਟੁੱਟਗੀ।

ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਇਨ੍ਹਾਂ ਇਨਕਲਾਬੀਆਂ ਦੀ ਲੜਾਈ ਵਿਚ ਹਾਰ ਹੋ ਗਈ ਪਰ ਸੋਵੀਅਤ ਸਰਕਾਰ ਨੇ ਇਨ੍ਹਾਂ ਨੂੰ ਇਨਕਲਾਬੀ ਭਾਈਚਾਰੇ ਦੀਆਂ ਰਵਾਇਤਾਂ ਅਨੁਸਾਰ ਇਹਤਰਾਮ ਨਾਲ ਗਲੇ ਲਾਇਆ। ਇਹ ਇਨਕਲਾਬੀ ਕਮਿਊਨਿਸਟ ਨਹੀਂ ਸਨ ਸਗੋਂ ਇਨ੍ਹਾਂ ਵਿਚ ਮਜ਼ਹਬੀ ਵਿਚਾਰਧਾਰਾ ਵਾਲੇ ਬਲੋਚ ਤੇ ਇਕ ਕਬੀਲੇ ਦਾ ਸਰਦਾਰ ਅਤੇ ਕੌਮਪ੍ਰਸਤ, ਦਾਨਸ਼ਵਰ, ਗ਼ਦਰੀ ਤੇ ਵਿਦਿਆਰਥੀ ਵੀ ਸ਼ਾਮਲ ਸਨ। ਬਾਅਦ ਵਿਚ ਰਾਜਾ ਮਹਿੰਦਰ ਪ੍ਰਤਾਪ ਤੇ ਬਰਕਤਉੱਲਾ ਵੀ ਏਥੇ ਹੀ ਆ ਗਏ ਸਨ।

ਦੁਨੀਆਂ ਦਾ ਘੋਰ ਨਰਕ-ਅੰਡੇਮਾਨ ਜੇਲ੍ਹ

ਪਹਿਲੇ ਗ਼ਦਰ ਸਾਜ਼ਿਸ਼ ਕੇਸ ਦੇ ਖਤਮ ਹੋਣ 'ਤੇ 17 ਗ਼ਦਰੀ ਕੈਦੀ ਇਕ ਹਫ਼ਤਾ ਅਲੀਪੁਰ (ਕਲਕੱਤਾ) ਜੇਲ੍ਹ ਵਿਚ ਰੱਖਣ ਤੋਂ ਬਾਅਦ ਅੰਡੇਮਾਨ ਜੇਲ੍ਹ ਵਿਚ ਭੇਜ ਦਿੱਤੇ ਸਨ। ਮਹਾਰਾਜ ਨਾਮੀ ਜਹਾਜ਼ ਰਾਹੀਂ ਉਹ 10 ਦਸੰਬਰ 1915 ਨੂੰ ਪੋਰਟ ਬਲੇਅਰ ਪਹੁੰਚ ਗਏ ਸਨ। ਗ਼ਦਰੀ ਕੈਦੀਆਂ ਦਾ ਦੂਜਾ ਜੱਥਾ ਡੇਢ ਮਹੀਨੇ ਬਾਅਦ ਕਾਲੇ ਪਾਣੀ ਜੇਲ੍ਹ ਵਿਚ ਪਹੁੰਚਾ ਸੀ। ਬਰਮਾ ਸਾਜ਼ਿਸ਼ ਕੇਸ ਦੇ ਗ਼ਦਰੀ ਵੀ ਏਥੇ ਹੀ ਲੈ ਆਂਦੇ ਗਏ ਸਨ। 23ਵੇਂ ਰਸਾਲੇ ਦੇ ਬਾਗ਼ੀ ਫੌਜੀ, ਬਰਮਾ ਅਤੇ ਸਿੰਘਾਪੁਰ ਦੀਆਂ ਬਗ਼ਾਵਤਾਂ ਵਿਚ ਹਿੱਸਾ ਲੈਣ ਵਾਲੇ ਹਿੰਦੋਸਤਾਨੀ ਫੌਜੀ ਵੀ ਕਾਲੇ ਪਾਣੀ ਜੇਲ੍ਹ ਵਿਚ ਭੇਜ ਦਿੱਤੇ ਗਏ ਸਨ। ਬੰਗਾਲ ਦੇ ਨੌਜਵਾਨ ਇਨਕਲਾਬੀ ਤੇ ਵੀਰ ਸਾਵਰਕਰ ਪਹਿਲਾਂ ਹੀ ਏਥੇ ਸਨ।

ਕਾਲੇ ਪਾਣੀ ਦੀ ਸੈਲੂਲਰ ਜੇਲ੍ਹ ਤਿੰਨ ਮੰਜਲੀ ਸੀ। ਇਸ ਵਿਚ ਕੋਠੀਆਂ ਦੇ ਸਤ ਬਲਾਕ ਸਨ ਅਤੇ ਇਹ ਸਾਰੇ ਕੇਂਦਰੀ ਬੁਰਜ ਨਾਲ ਜੁੜੇ ਹੋਏ ਸਨ। ਇਕ ਬਲਾਕ ਤੋਂ ਦੂਜੇ ਬਲਾਕ ਨੂੰ ਜਾਣ ਲਈ ਬੁਰਜ ਰਾਹੀਂ ਹੀ ਰਸਤਾ ਸੀ ਜਿਸ 'ਤੇ ਹਮੇਸ਼ਾ ਪਹਿਰਾ ਲੱਗਾ ਰਹਿੰਦਾ ਸੀ। ਜੇਲ੍ਹ ਦੇ ਕੁਲ 690 ਸੈਲ (ਕੋਠੀਆਂ) ਸਨ। ਇਸ ਦੀ ਬਣਤਰ ਇਹੋ ਜਿਹੀ ਸੀ ਕਿ ਇਕ ਬਲਾਕ ਦਾ ਕੈਦੀ ਦੂਜੇ ਨੂੰ ਨਹੀਂ ਮਿਲ ਸਕਦਾ ਸੀ। ਸਗੋਂ ਕੋਸ਼ਿਸ਼ ਇਹ ਹੁੰਦੀ ਸੀ ਕਿ ਇਕ ਸੈਲ ਦਾ ਕੈਦੀ ਦੂਜੇ ਸੈਲ ਵਾਲੇ ਕੈਦੀ ਨੂੰ ਵੀ ਨਾ ਮਿਲ ਸਕੇ।

ਸਾਵਰਕਰ ਨੇ ਲਿਖਿਆ ਹੈ ਕਿ ਅੰਡੇਮਾਨ ਜੇਲ੍ਹ ਦੇ ਡਿਪਟੀ ਜੇਲ੍ਹਰ ਬੇਰੀ ਨਵੇਂ ਕੈਦੀਆਂ ਦੇ ਆਉਣ 'ਤੇ ਇਸ ਤਰ੍ਹਾਂ ਸਵਾਗਤੀ ਐਡਰੈਸ ਕਰਦਾ ਸੀ, "ਸੁਣੋ ਕੈਦੀਓ, ਦੁਨੀਆਂ 'ਤੇ ਇਕ ਰੱਬ ਹੈ ਜੋ ਅਸਮਾਨ 'ਤੇ ਰਹਿੰਦਾ ਹੈ। ਪਰ ਪੋਰਟ ਬਲੇਅਰ ਵਿਚ ਦੋ ਰੱਬ ਹਨ। ਪੋਰਟ ਬਲੇਅਰ ਦਾ ਰੱਬ ਮੈਂ ਹਾਂ। ਉਪਰਲਾ ਰੱਬ ਤਾਂ ਤੁਹਾਨੂੰ ਉਸ ਵੇਲੇ ਸਜ਼ਾ ਦੇਵੇਗਾ ਜਦੋਂ ਤੁਸੀਂ ਉਥੇ ਜਾਓਗੇ ਪਰ ਪੋਰਟ ਬਲੇਅਰ ਦਾ ਰੱਬ ਤੁਹਾਨੂੰ ਏਥੇ ਹੀ ਉਸ ਵੇਲੇ ਸਜ਼ਾ ਦੇਵੇਗਾ। ਇਸ ਲਈ ਠੀਕ ਠਾਕ ਰਿਹੋ।"

ਕੈਦੀਆਂ ਦੀ ਪੁਸ਼ਾਕ ਲੰਡਾ ਕੁਰਤਾ ਤੇ ਇਕ ਚਿੱਟੀ ਟੋਪੀ ਸੀ। ਨਹਾਉਣ

ਲੱਗਿਆ ਲੰਗੋਟੀ ਤੇ ਕਪੜੇ ਬਦਲਣ ਲਈ ਨੰਗੇਜ਼ ਢਕਣ ਵਾਸਤੇ ਕੋਈ ਪਰਨਾ ਨਹੀਂ ਦਿੱਤਾ ਜਾਂਦਾ ਸੀ। ਕੇਸੀਂ ਨਹਾਉਣ ਲਈ ਨਾ ਸਾਬਣ, ਨਾ ਗੀਠੜੇ ਤੇ ਨਾ ਹੀ ਤੇਲ ਦਿੱਤਾ ਜਾਂਦਾ ਸੀ। ਕੋਠੜੀ ਦੇ ਇਕ ਪਾਸੇ ਡੇਢ ਫੁੱਟ ਚੌੜੀ ਖੱਡੀ ਸੀ ਜਿਸ 'ਤੇ ਸੁੱਤਾ ਹੋਇਆ ਅਵੇਸਲਾ ਕੈਦੀ ਪਾਸਾ ਲੈਣ ਲਗਿਆ ਧੜੱਮ ਕਰਕੇ ਹੇਠਾਂ ਡਿੱਗ ਪੈਂਦਾ ਸੀ। ਖੂੰਜੇ ਵਿਚ ਟੱਟੀ ਤੇ ਪਿਸ਼ਾਬ ਲਈ ਟਿੰਡ ਰੱਖੀ ਹੋਈ ਸੀ। ਟੱਟੀ ਜਾਣ ਦਾ ਸਮਾਂ ਮੁਕੱਰਰ ਸੀ। ਬੇਵਕਤ ਟੱਟੀ ਜਾਣਾ ਵੀ ਇਕ ਜੁਰਮ ਸੀ। ਸਿਆਸੀ ਕੈਦੀਆਂ ਦੀ ਹਾਲਤ ਆਮ ਕੈਦੀਆਂ ਨਾਲੋਂ ਕਿਤੇ ਭੈੜੀ ਸੀ। ਇਨ੍ਹਾਂ ਨੂੰ ਮੁੰਜ ਕੁੱਟਣ ਤੇ ਕੋਹਲੂ ਗੇੜਨ ਵਰਗੇ ਕੰਮ ਦਿੱਤੇ ਜਾਂਦੇ ਸਨ। ਕੋਹਲੂ ਗੇੜਦਿਆਂ ਜੇਕਰ ਪਿਆਸ ਲੱਗ ਜਾਂਦੀ ਸੀ ਤਾਂ ਇਨ੍ਹਾਂ ਨੂੰ ਦੋ ਕੱਪ ਪਾਣੀ ਦੇ ਦਿੱਤੇ ਜਾਂਦੇ ਸਨ। ਕੋਹਲੂ ਚਲਾ ਕੇ ਨਾਰੀਅਲ ਵਿਚੋਂ 30 ਪੌਂਡ ਤੇਲ ਕੱਢਣਾ ਅਸੰਭਵ ਸੀ। ਸੌ ਵਿਚੋਂ ਇਕ ਕੈਦੀ ਹੀ ਅਜਿਹੀ ਮੁਸ਼ੱਕਤ ਪੂਰੀ ਕਰ ਸਕਦਾ ਸੀ। ਕੋਹਲੂ ਦੀ ਇਸ ਵਹਿਸ਼ੀਆਨਾ ਮੁਸ਼ੱਕਤ ਤੋਂ ਤੰਗ ਆ ਕੇ ਬੰਗਲ ਦੇ ਕਈ ਵਿਦਿਆਰਥੀ ਕੈਦੀਆਂ ਨੇ ਖੁਦਕੁਸ਼ੀ ਕਰ ਲਈ ਸੀ। ਕਈ ਪਾਗਲ ਹੋ ਗਏ ਸਨ ਅਤੇ ਕਈ ਬਿਮਾਰ ਹੋ ਕੇ ਮਰ ਗਏ। ਸਰਕਾਰੀ ਅੰਕੜਿਆਂ ਅਨੁਸਾਰ ਹਰ ਮਹੀਨੇ ਔਸਤਨ ਤਿੰਨ ਕੈਦੀ ਖੁਦਕੁਸ਼ੀ ਕਰ ਲੈਂਦੇ ਸਨ। ਕੋਹਲੂ ਤੋਂ ਛੁਟਕਾਰਾ ਪਾਉਣ ਲਈ ਕੈਦੀਆਂ ਨੇ ਕਈ ਤਰੀਕੇ ਵਰਤੇ ਜਿਨ੍ਹਾਂ ਨਾਲ ਉਹ ਡਾਕਟਰ ਕੋਲ ਸਾਬਤ ਕਰ ਸਕਣ ਕਿ ਉਹ ਬਿਮਾਰ ਹਨ ਅਤੇ ਉਨ੍ਹਾਂ ਨੂੰ ਹਪਸਤਾਲ ਭੇਜਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਆਪਣੇ ਗਲ ਵਿਚ ਸੂਈ ਨਾਲ ਜ਼ਖਮ ਕਰ ਲੈਣੇ। ਕਈਆਂ ਨੇ ਮੂੰਹ ਸਿਰ ਟੱਟੀ ਪੇਸ਼ਾਬ ਨਾਲ ਲਬੇੜ ਲੈਣੇ ਤੇ ਪਾਗਲ ਹੋ ਜਾਣ ਦੀਆਂ ਅਲਾਮਤਾਂ ਜ਼ਾਹਰ ਕਰਨੀਆਂ। ਮੁਸ਼ੱਕਤ ਪੂਰੀ ਨਾ ਕਰ ਸਕਣ ਦੀ ਸੂਰਤ ਵਿਚ ਖਾਣ ਲਈ ਚਾਰ ਦਿਨ ਚਾਵਲ ਦੀ ਪਿੱਛ ਦਿੱਤੀ ਜਾਂਦੀ ਸੀ। ਪੁਠੀ ਹੱਥਕੜੀ ਅਤੇ ਡੰਡਾ ਬੇੜੀ ਲਾਈ ਜਾਂਦੀ ਸੀ। ਕਿਸੇ ਨਾ ਕਿਸੇ ਨੂੰ ਹੋਰ ਰੋਜ਼ ਬੈਂਤਾਂ ਲਗਦੀਆਂ ਸਨ।

ਕਈ ਗ਼ਦਰੀਆਂ ਨੇ ਇਸ ਕੁੰਭੀ ਨਰਕ ਵਿਚ ਦਸ-ਦਸ, ਬਾਰਾਂ-ਬਾਰਾਂ ਸਾਲ ਵੀ ਕੱਟੇ ਸਨ ਅਤੇ ਕਈਆਂ ਨੇ ਜਾਨਾਂ ਦਿੱਤੀਆਂ ਸਨ। 1857 ਦੇ ਦੋ ਆਲਮ ਬੁਲੰਦ ਇਖ਼ਲਾਕ ਲੀਡਰ ਅੱਲਾਮਾ ਫਜ਼ਲ ਹੱਕ ਖੈਰਅਬਾਦੀ ਤੇ ਮੌਲਾਨਾ ਲਿਆਕਤ ਅਲੀ ਸਾਰੀ ਉਮਰ ਇਸ ਜੇਲ੍ਹ ਵਿਚ ਕੈਦ ਰਹਿੰਦਿਆਂ ਸ਼ਹੀਦ ਹੋਏ ਸਨ। ਵਹਾਬੀ ਮੋਪਲੇ ਅਤੇ ਬਰਮਾ ਦੇ ਧਾਰਾਵਾਦੀ ਇਸ ਜੇਲ੍ਹ ਵਿਚ ਹੀ ਸ਼ਹੀਦ ਹੋਏ ਸਨ।

ਨੰਦ ਗੋਪਾਲ ਅਖ਼ਬਾਰਨਵੀਸ ਵੀ ਏਥੇ ਹੀ ਰਿਹਾ ਸੀ। ਉਸ ਨੂੰ ਜਦੋਂ ਕੋਹਲੂ ਦੀ ਸਜ਼ਾ ਦਿੱਤੀ ਗਈ ਤਾਂ ਉਸ ਨੇ ਕਿਹਾ ਕਿ ਇਹ ਮੇਰੀ ਸਿਹਤ ਨੂੰ ਠੀਕ ਨਹੀਂ ਬੈਠਦਾ। ਉਹ ਕੋਹਲੂ ਹੌਲੀ-ਹੌਲੀ ਚਲਾਉਂਦਾ ਅਤੇ ਅੱਧੀ ਮੁਸ਼ੱਕਤ ਹੀ ਪੂਰੀ ਕਰਦਾ ਸੀ। ਆਰਾਮ ਨਾਲ ਹੌਲੀ-ਹੌਲੀ ਖਾਂਦਾ ਸੀ। ਜਦੋਂ ਵਾਰਡਰ ਇਸ ਬਾਰੇ ਪੁੱਛਦਾ ਤਾਂ ਉਹ ਜਵਾਬ ਦਿੰਦਾ ਕਿ ਹੌਲੀ ਅਤੇ ਚਿੱਥ ਕੇ ਖਾਣਾ ਸਿਹਤ ਲਈ ਚੰਗਾ ਹੁੰਦਾ ਹੈ। ਮੈਂ ਦਸ ਸਾਲ ਇਸ ਜੇਲ੍ਹ ਵਿਚ ਰਹਿਣਾ ਹੈ। ਸਰਕਾਰ ਦਾ ਮਹਿਮਾਨ ਹਾਂ। ਆਪਣੀ ਸਿਹਤ ਖਰਾਬ

ਨਹੀਂ ਕਰਨੀ। ਇਸ ਨਾਲ ਹਕੂਮਤ ਦੀ ਬਦਨਾਮੀ ਹੋਵੇਗੀ। ਸਖਤੀਆਂ ਅਤੇ ਝਿੜਕਾਂ ਦਾ ਉਸ ਉਤੇ ਕੋਈ ਅਸਰ ਨਹੀਂ ਸੀ ਹੁੰਦਾ। ਉਹ ਅੜਿਆ ਰਿਹਾ ਤੇ ਬੰਦ ਕੋਠੀ ਦੀਆਂ ਸਭ ਤਕਲੀਫਾਂ ਝੱਲਦਾ ਰਿਹਾ।

ਅੰਡੇਮਾਨ ਦੀ ਜੇਲ੍ਹ ਵਿਚ ਕੈਦੀਆਂ ਲਈ ਤਿੰਨ ਕਲਾਸਾਂ ਸਨ। ਏ. ਬੀ ਅਤੇ ਸੀ। ਪਰ ਇਸ ਤੋਂ ਬਿਨਾਂ ਇਕ ਕਲਾਸ ਡੀ. ਵੀ. ਸੀ. ਜਿਸ ਦੇ ਅਰਥ ਸਨ Dangerous (ਖ਼ਤਰਨਾਕ)। ਇਸ ਡੀ ਕਲਾਸ ਦੇ ਕੈਦੀਆਂ ਨੂੰ ਸਖ਼ਤ ਮੁਸ਼ੱਕਤ ਅਤੇ ਜੇਲ੍ਹ ਦੇ ਜਾਬਰਨਾ ਤਸੀਹੇ ਦਿੱਤੇ ਜਾਂਦੇ ਸਨ। ਸਾਰੇ ਸਿਆਸੀ ਕੈਦੀ ਏਥੇ ਡੀ ਕਲਾਸ ਵਿਚ ਹੀ ਕੈਦ ਸਨ। ਉਨ੍ਹਾਂ ਨੇ ਬੜੇ ਵਹਿਸ਼ੀਆਨਾ ਜ਼ੁਲਮ ਸਹੇ ਸਨ। ਤਸੀਹਿਆਂ ਅਤੇ ਘਟੀਆ ਖ਼ੁਰਾਕ ਕਾਰਣ ਕਈਆਂ ਦਾ ਵਜ਼ਨ 50 ਪੌਂਡ ਤਕ ਘਟ ਗਿਆ ਸੀ। ਜੇਲ੍ਹ ਦਾ ਸੁਪਰਡੈਂਟ ਮਰੇ ਅਤੇ ਡਿਪਟੀ ਬੈਰੀ ਗ਼ਦਰੀਆਂ ਨੂੰ ਆਪਣੀ ਅਤਾਇਤ ਮਨਾਉਣਾ ਚਾਹੁੰਦੇ ਸਨ ਅਤੇ ਗ਼ਦਰੀਆਂ ਨੇ ਹਰ ਨਜਾਇਜ਼ ਹੁਕਮ ਦੀ ਉਲੰਘਣਾ ਕਰਨ ਦੀ ਠਾਣ ਰੱਖੀ ਸੀ। ਉਨ੍ਹਾਂ ਨੇ ਕੋਹਲੂ, ਮੁੰਜ ਕੁਟਾਈ ਅਤੇ ਗੱਤਾ ਘੁਟਾਈ ਆਦਿ ਵਰਗੀਆਂ ਸਖਤ ਮੁਸ਼ੱਕਤਾਂ ਕਰਨ ਤੋਂ ਇਨਕਾਰ ਕਰ ਦਿੱਤਾ। ਅਜਿਹਾ ਹੀ ਇਨਕਾਰ ਕਰਨ 'ਤੇ ਜੇਲ੍ਹਰ ਬੁਲਡੋਗ ਬੇਰੀ ਨੇ ਪਰਮਾਨੰਦ ਝਾਂਸੀ ਨੂੰ ਗਾਲ ਕੱਢ ਦਿੱਤੀ ਸੀ ਜਿਸ ਕਰਕੇ ਪਰਮਾਨੰਦ ਨੇ ਕੁਰਸੀ 'ਤੇ ਬੈਠੇ ਬੇਰੀ ਦੀ ਹਿੱਕ ਵਿਚ ਲੱਤ ਮਾਰ ਦਿੱਤੀ ਸੀ ਅਤੇ ਬੇਰੀ ਗਿਰਦਨੀ ਖਾ ਕੇ ਜ਼ਮੀਨ 'ਤੇ ਡਿੱਗ ਪਿਆ ਸੀ। ਕੋਲ ਖੜੇ ਵਾਰਡਰਾਂ ਨੂੰ ਬੇਰੀ ਨੇ ਹੁਕਮ ਦੇ ਕੇ ਪਰਮਾਨੰਦ ਨੂੰ ਬੈਂਤ ਮਰਵਾ-ਮਰਵਾ ਕੇ ਅਧਮੋਇਆ ਕਰ ਦਿੱਤਾ ਸੀ। ਵਾਰਡਰ ਜਦੋਂ ਬੈਂਤ ਮਾਰ ਰਹੇ ਸਨ ਤਾਂ ਬੇਰੀ ਹਰ ਵਾਰ ਕਹਿ ਰਿਹਾ ਸੀ ਸੀ 'ਹੋਰ ਜ਼ੋਰ ਦੀ'। ਬੇਹੋਸ਼ੀ ਦੀ ਹਾਲਤ ਵਿਚ ਉਸਨੂੰ ਹਸਪਤਾਲ ਦਾਖ਼ਲ ਕਰਾਇਆ ਗਿਆ ਸੀ। ਗ਼ਦਰੀਆਂ ਨੇ ਫੈਸਲਾ ਕਰ ਲਿਆ ਸੀ ਅਧਿਕਾਰੀ ਸ਼ਾਇਸਤਾ ਜ਼ਬਾਨ ਨਹੀਂ ਸਮਝਦੇ, ਜਿਸ ਕਰਕੇ ਬਦਕਲਾਮੀ ਦਾ ਜਵਾਬ ਵਧੇਰੇ ਬਦਕਲਾਮੀ ਵਿਚ ਦਿੱਤਾ ਜਾਵੇ। ਗ਼ਦਰੀਆਂ ਵਿਰੁੱਧ ਜੇਲ੍ਹ ਦਾ ਹਰ ਸਖ਼ਤ ਹਥਿਆਰ ਵਰਤਿਆ ਗਿਆ।

ਇਕ ਦਿਨ ਜੇਲ੍ਹਰ ਨੇ ਨਿਧਾਨ ਸਿੰਘ ਨੂੰ ਕੋਠੀ ਦੇ ਅੱਗੇ ਆ ਕੇ ਪੁਛਿਆ, "ਕੀ ਹਾਲ ਹੈ" ਤਾਂ ਨਿਧਾਨ ਸਿੰਘ ਨੇ ਕਿਹਾ, "ਕਿਉਂ ਕੁੜੀ ਦੇਣੀ ਐ, ਰਾਤ ਦਿਨ ਕੋਠੀ ਬੰਦ ਹਾਂ, ਬੇੜੀ ਲੱਗੀ ਹੋਈ ਹੈ, ਘੱਟ ਖੁਰਾਕ ਦਿੱਤੀ ਜਾਂਦੀ ਹੈ, ਇਸਤੇ ਵੀ ਤੂੰ ਮੈਨੂੰ ਪੁੱਛਦਾ ਕਿ ਕੀ ਹਾਲ ਹੈ ਤੇਰਾ। ਬੇਸ਼ਰਮ ਕੁੱਤਿਆ ਮੇਰੇ ਸਾਹਮਣਿਓਂ ਵਗਦਾ ਲਗ।" ਅਗਲੀ ਕੋਠੀ ਵਾਲਾ ਗ਼ਦਰੀ ਦਰਵਾਜੇ ਵੱਲ ਪਿਠ ਕਰਕੇ ਬੈਠਾ ਸੀ। ਉਹ ਜੇਲ੍ਹਰ ਦੇ ਕਹਿਣ 'ਤੇ ਵੀ ਉੱਠ ਕੇ ਖੜ੍ਹਾ ਨਾ ਹੋਇਆ। ਉਸ ਤੋਂ ਅੱਗੇ ਪਹਿਲਵਾਨ ਨਾਮੀ ਗ਼ਦਰੀ ਫਰਸ਼ 'ਤੇ ਪਿਆ ਸੀ। ਬੁਲਾਉਣ 'ਤੇ ਜੇਲ੍ਹਰ ਨੂੰ ਕਹਿਣ ਲਗਾ, "ਅੱਗੇ ਜਾ, ਮੇਰੀ ਨੀਂਦ ਨਾ ਖਰਾਬ ਕਰ।" ਸੁਪਰਡੈਂਟ ਮਰੇ ਨੇ ਮਾਸਟਰ ਚਤਰ ਸਿੰਘ ਸਾਂਗਲਾ ਤੇ ਬਾਬੂ ਅਮਰ ਸਿੰਗ ਸ਼ੇਰਪੁਰਾ ਨਾਲ ਬਦਕਲਾਮੀ ਕਰ ਦਿੱਤੀ। ਉਨ੍ਹਾਂ ਨੇ ਉਸਦਾ ਮੂੰਹ ਥੱਪੜਾਂ ਨਾਲ ਸੁਜਾ ਦਿੱਤਾ ਸੀ। ਜਿਸ 'ਤੇ ਸਜ਼ਾ ਵਜੋਂ ਬਰਾਂਡੇ ਵਿਚ ਦੋਹਾਂ ਲਈ ਦੋ ਲੋਹੇ ਦੇ ਪਿੰਜਰੇ

ਬਣਾਏ ਗਏ ਤੇ ਦੋ ਸਾਲ ਲਈ ਇਨ੍ਹਾਂ ਪਿੰਜਰਿਆਂ ਵਿਚ ਉਨ੍ਹਾਂ ਨੂੰ ਬੰਦ ਰੱਖਿਆ। ਇਨ੍ਹਾਂ ਪਿੰਜਰਿਆਂ ਵਿਚ ਪੈਣ ਤੇ ਬੈਠਣ ਜੋਗੀ ਥਾਂ ਸੀ, ਖੜ੍ਹੇ ਹੋਣ ਜੋਗੀ ਨਹੀਂ। ਟੱਟੀ ਪਿਸ਼ਾਬ ਵੀ ਅੰਦਰ ਹੀ ਕਰਨਾ ਪੈਂਦਾ ਸੀ। ਭਾਈ ਭਾਨ ਸਿੰਘ ਸੁਨੇਤ ਗੁਰਮੁਖ ਸਨ ਤੇ ਹਰ ਵਕਤ ਉੱਚੀ ਬਾਣੀ ਦਾ ਉਚਾਰਨ ਕਰਦੇ ਸਨ। ਜੇਲ੍ਹਰ ਬੇਰੀ ਨੂੰ ਭਾਈ ਭਾਨ ਸਿੰਘ ਨਾਲ ਬੜੀ ਚਿੜ੍ਹ ਸੀ। ਇਕ ਦਿਨ ਜੇਲ੍ਹਰ ਬੇਰੀ ਨੇ ਵਾਰਡਰਾਂ ਨੂੰ ਨਾਲ ਲੈ ਕੇ ਭਾਈ ਭਾਨ ਸਿੰਘ 'ਤੇ ਹਮਲਾ ਬੋਲ ਦਿਤਾ। ਉਨ੍ਹਾਂ ਨੂੰ ਏਨਾ ਮਾਰਿਆ ਕਿ ਉਹ ਹਸਪਤਾਲ ਵਿਚ ਦਮ ਤੋੜ ਗਏ। ਬਾਬਾ ਗੁਰਮੁਖ ਸਿੰਘ, ਊਧਮ ਸਿੰਘ ਕਸੇਲ, ਪ੍ਰਿਥਵੀ ਸਿੰਘ ਤੇ ਪਰਮਾਨੰਦ ਝਾਂਸੀ ਉਨ੍ਹਾਂ ਦੀ ਮਦਦ ਲਈ ਬੁਰਜ ਵਲ ਦੌੜੇ। ਉਹ ਇਰਾਦਾ ਬਣਾ ਕੇ ਗਏ ਸਨ ਕਿ ਜੇਲ੍ਹਰ ਬੇਰੀ ਨੂੰ ਜਾਨੋਂ ਹੀ ਮਾਰ ਦੇਣਾ ਹੈ। ਪਰ ਬੁਰਜ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਸਨ।

ਗ਼ਦਰੀਆਂ ਦੇ ਫੈਸਲੇ ਅਨੁਸਾਰ ਬਾਬਾ ਸੋਹਣ ਸਿੰਘ ਭਕਨਾ ਅਤੇ ਪ੍ਰਿਥਵੀ ਸਿੰਘ ਨੇ ਭੁੱਖ ਹੜਤਾਲ ਕਰ ਦਿੱਤੀ ਸੀ। ਜਦੋਂ ਉਨ੍ਹਾਂ ਦੀ ਹਾਲਤ ਨਾਜ਼ੁਕ ਹੋ ਗਈ ਤਾਂ ਉਨ੍ਹਾਂ ਨੂੰ ਜ਼ਬਰੀ ਖੁਰਾਕ ਦਿੱਤੀ ਜਾਣ ਲੱਗੀ। ਜੇਲ੍ਹ ਦੇ ਭੰਗੀਆਂ ਤੋਂ ਜ਼ਬਰੀ ਖੁਰਾਕ ਦੁਆਉਣੀ ਵੀ ਉਸੇ ਵੇਲੇ ਇਕ ਸਜ਼ਾ ਸਮਝੀ ਜਾਂਦੀ ਸੀ। ਭੰਗੀਆਂ ਨੂੰ ਦੇਖ ਕੇ ਸੋਹਣ ਸਿੰਘ ਭਕਨਾ ਤੇ ਪ੍ਰਿਥਵੀ ਸਿੰਘ ਨੇ ਉਨ੍ਹਾਂ ਨੂੰ ਜੱਫੀਆਂ ਪਾ ਲਈਆਂ ਅਤੇ ਕਿਹਾ ਕਿ ਧਨ ਭਾਗ ਹਨ ਸਾਡੇ ਕਿ ਤੁਹਾਡੇ ਪਵਿਤਰ ਹੱਥ ਸਾਨੂੰ ਲੱਗੇ ਹਨ। ਭੁੱਖ ਹੜਤਾਲ ਲੰਬੀ ਹੁੰਦੀ ਗਈ। ਹਾਲਾਤ ਜ਼ਿਆਦਾ ਵਿਗੜਦੇ ਗਏ। ਗ਼ਦਰੀਆਂ ਨੇ ਮੀਟਿੰਗ ਕਰਕੇ ਦੋਹਾਂ ਨੂੰ ਭੁੱਖ ਹੜਤਾਲ ਛੱਡਣ ਲਈ ਕਿਹਾ। ਬਾਬਾ ਸੋਹਣ ਸਿੰਘ ਭਕਨਾ ਨੇ ਤਾਂ ਹੜਤਾਲ ਛੱਡ ਦਿੱਤੀ ਪਰ ਪ੍ਰਿਥਵੀ ਸਿੰਘ ਨੇ ਤਾਂ ਮਰ ਜਾਣ ਦੀ ਠਾਣ ਲਈ ਹੋਈ ਸੀ। ਉਸਨੇ ਲਗਾਤਾਰ 155 ਦਿਨ ਭੁੱਖ ਹੜਤਾਲ ਰੱਖੀ। ਉਸਨੇ ਪਾਣੀ ਛੱਡ ਦੇਣ ਦਾ ਵੀ ਨੋਟਿਸ ਦੇ ਦਿੱਤਾ ਸੀ ਜਿਸ 'ਤੇ ਗ਼ਦਰੀਆਂ ਨੇ ਫੌਰੀ ਮੀਟਿੰਗ ਕਰਕੇ ਪ੍ਰਿਥਵੀ ਸਿੰਘ ਨੂੰ ਭੁੱਖ ਹੜਤਾਲ ਛੱਡਣ ਦਾ ਮੈਂਡਿਟ ਦਿੱਤਾ ਸੀ। ਪ੍ਰਿਥਵੀ ਸਿੰਘ ਦੀ ਹਾਲਤ ਬਿਲਕੁਲ ਹੀ ਵਿਗੜ ਜਾਣ 'ਤੇ ਉਸਨੂੰ ਹਸਪਤਾਲ ਲਿਜਾਇਆ ਗਿਆ ਸੀ। ਜਿਸ ਕਰਕੇ ਗ਼ਦਰੀਆਂ ਦਾ ਫੈਸਲਾ ਉਸਨੂੰ ਪਹੁੰਚਾਉਣ ਦੀ ਸਮੱਸਿਆ ਬਣ ਗਈ ਸੀ। ਭਾਈ ਸ਼ੇਰ ਸਿੰਘ ਨੇ ਇਹ ਡਿਊਟੀ ਆਪਣੇ ਜ਼ਿੰਮੇ ਲਈ। ਉਸਨੇ ਕੱਚ ਬਰੀਕ ਕਰਕੇ ਪਾਣੀ ਨਾਲ ਆਪਣੇ ਅੰਦਰ ਲੰਘਾ ਲਿਆ। ਉਸਨੂੰ ਖ਼ੂਨ ਦੀਆਂ ਟੱਟੀਆਂ ਲੱਗ ਗਈਆਂ ਜਿਸ ਕਰਕੇ ਉਸਨੂੰ ਹਸਪਤਾਲ ਲਿਜਾਣਾ ਪਿਆ ਸੀ। ਉਸਨੇ ਜਾ ਕੇ ਪ੍ਰਿਥਵੀ ਸਿੰਘ ਗ਼ਦਰੀਆਂ ਦਾ ਮੈਂਡਿਟ ਲਿਜਾ ਫੜਾਇਆ। ਭਾਈ ਸ਼ੇਰ ਸਿੰਘ ਜੇਲ੍ਹ ਦੇ ਸਭ ਤੋਂ ਤਕੜੇ ਜਾਣੇ ਜਾਂਦੇ ਗ਼ਦਰੀ ਸਨ। ਇਕ ਵਾਰ ਡਾਕਟਰ ਨੇ ਦਸ ਕਿਲੋ ਦੁੱਧ ਦੀ ਭਰੀ ਬਾਲਟੀ ਵੱਲ ਇਸ਼ਾਰਾ ਕਰਕੇ ਮਜ਼ਾਕ ਕੀਤਾ ਸੀ, "ਤੂੰ ਇਹ ਸਾਰਾ ਦੁੱਧ ਪੀ ਸਕਦਾਂ?" ਤਾਂ ਉਸ ਨੇ ਬਾਲਟੀ ਮੂੰਹ ਨੂੰ ਲਾ ਕੇ ਖਾਲ੍ਹੀ ਕਰਕੇ ਜ਼ਮੀਨ 'ਤੇ ਰੱਖ ਦਿੱਤੀ ਸੀ। ਏਸੇ ਤਰ੍ਹਾਂ ਕਿ ਵਾਰ ਇਕ ਕੈਦੀ ਨੇ ਨਾਰੀਅਲ ਦੇ ਤੇਲ ਦੀ ਇਕ ਬੋਤਲ ਚੋਰੀ ਕਰ ਲਈ ਸੀ। ਵਾਰਡਰ ਉਸ ਦੀ

ਪੇਸ਼ੀ ਕਰਨ ਲਈ ਲਿਜਾ ਰਿਹਾ ਸੀ ਅੱਗੋਂ ਸ਼ੇਰ ਸਿੰਘ ਮਿਲ ਪਿਆ। ਉਸ ਨੇ ਵਾਰਡਰ ਦੇ ਹੱਥੋਂ ਬੋਤਲ ਫੜ ਕੇ ਕੈਦੀ ਨੂੰ ਦਬਕਾ ਮਾਰਿਆ, "ਬੱਚੂ ਚੋਰੀ ਕਰਦਾਂ।" ਅਤੇ ਮੂੰਹ ਨੂੰ ਬੋਤਲ ਲਾ ਕੇ ਸਾਰਾ ਤੇਲ ਪੀ ਗਿਆ। ਮੁੱਦਾ ਗੁੰਮ ਹੋ ਗਿਆ ਜਿਸ ਕਰਕੇ ਕੈਦੀ ਦਾ ਚਲਾਣ ਨਾ ਹੋ ਸਕਿਆ। ਉਹ ਜਿੰਨੇ ਤਕੜੇ ਸਨ। ਓਨੇ ਹੀ ਨਰਮ ਦਿਲ ਵੀ ਸਨ। ਹਸਪਤਾਲ ਵਿਚ ਬਾਬੇ ਨੂੰ ਕਿਸੇ ਨੇ ਕੁਝ ਮਿਠਾਈ ਦਿੱਤੀ ਸੀ। ਉਸ ਨੇ ਇਕੱਲਿਆਂ ਨਾ ਖਾਧੀ ਸਗੋਂ ਜੇਲ੍ਹ ਵਿਚ ਲਿਆ ਕੇ ਸਾਰੇ ਗ਼ਦਰੀਆਂ ਨੂੰ ਦਿੱਤੀ ਤੇ ਉਨ੍ਹਾਂ ਨੇ ਸਾਲਾਂ ਬਾਅਦ ਮਿਠਾਈ ਦਾ ਸਵਾਦ ਚੱਖਿਆ ਸੀ।

ਕਾਲੇ ਪਾਣੀ ਜੇਲ੍ਹ ਵਿਚ ਗ਼ਦਰੀਆਂ ਨੇ ਆਮ ਕੈਂਦੀਆਂ 'ਤੇ ਹੁੰਦੇ ਜ਼ੁਲਮਾਂ ਵਿਰੁੱਧ ਵੀ ਲੜਾਈਆਂ ਲੜੀਆਂ ਸਨ। ਅੰਡੇਮਾਨ ਜੇਲ੍ਹ ਵਿਚ 5 ਸਾਲ ਬੰਦੀ ਦੌਰਾਨ ਗਿਆਰਾਂ ਗ਼ਦਰੀ ਸ਼ਹੀਦ ਹੋਏ ਸਨ। ਜਾਬਰ ਮਰੇ ਤੇ ਬੇਰੀ ਨੇ ਵੀ ਹੱਥ ਖੜੇ ਕਰ ਦਿੱਤੇ ਸਨ। ਬਾਕੀ ਬਚੇ ਸਾਰੇ ਗ਼ਦਰੀ ਕੈਦੀਆਂ ਨੂੰ ਵਾਪਸ ਹਿੰਦੁਸਤਾਨ ਦੀਆਂ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ ਸੀ। ਜਿਨ੍ਹਾਂ ਨੂੰ ਕਾਲੇ ਪਾਣੀ ਹੀ ਅਗਨ ਭੇਟ ਕਰ ਦਿੱਤਾ ਗਿਆ ਸੀ ਉਨ੍ਹਾਂ ਦੇ ਨਾਂ ਇੰਜ ਹਨ : ਭਾਈ ਭਾਨ ਸਿੰਘ ਸੁਨੇਤ, ਪੰਡਤ ਰਾਮ ਰੱਖਾ ਸਸੋਲੀ, ਭਾਈ ਰੁਲੀਆ ਸਿੰਘ ਸਰਾਭਾ, ਸਵਾਰ ਨੰਦ ਸਿੰਘ ਬੁਰਜ, ਭਾਈ ਕੇਹਰ ਸਿੰਘ ਮਰਹਾਣਾ, ਭਾਈ ਰੋਡਾ ਸਿੰਘ ਰੋਡੇ, ਭਾਈ ਬੁੱਢਾ ਸਿੰਘ ਫਿਲੌਕੇ ਗੁਜਰਾਂਵਾਲਾ, ਸਵਾਰ ਨੱਥਾ ਸਿੰਘ ਢੋਟੀਆਂ ਆਦਿ।

ਸਾਨਫਰਾਂਸਿਸਕੋ ਗ਼ਦਰ ਪਾਰਟੀ ਦਾ ਹੈਡਕੁਆਟਰ (1916-17)

1915 ਤਕ ਸਾਰੇ ਗ਼ਦਰੀ ਆਪਣੇ ਲੜਾਈ ਦੇ ਫਰੰਟਾਂ 'ਤੇ ਚਲੇ ਗਏ ਸਨ। ਗ਼ਦਰ ਹੈਡਕੁਆਟਰ 'ਤੇ ਰਾਮ ਚੰਦਰਾ ਹੀ ਰਹਿ ਗਿਆ ਸੀ। ਬਰਲਨ ਕਮੇਟੀ ਅਤੇ ਜਰਮਨ ਹਕੂਮਤ ਦੇ ਪ੍ਰਤੀਨਿਧਾਂ ਨੇ ਉਸ ਨਾਲ ਸੰਪਰਕ ਕੀਤਾ ਸੀ। ਇਨ੍ਹਾਂ ਵਿਚ ਚੰਦਰ ਕਾਂਤਾ ਚਕਰਵਰਤੀ, ਹੜੰਭਾ ਲਾਲ ਗੁਪਤਾ ਤੇ ਰਣਜੋਧ ਸਿੰਘ ਦੇ ਨਾਂ ਵਰਨਣਯੋਗ ਹਨ। ਇਨ੍ਹਾਂ ਵਿਚੋਂ ਰਣਜੋਧ ਸਿੰਘ ਬੈਂਕਾਰ ਚਲਾ ਗਿਆ ਸੀ ਤੇ ਦੂਜੇ ਨਦੋਨੋਂ ਅਮਰੀਕਾ ਜਪਾਨ ਵਿਚ ਹੀ ਰਹੇ ਸਨ. ਲਾਲਾ ਲਾਜਪਤ ਰਾਏ ਨੇ ਇਨ੍ਹਾਂ ਸਾਲਾਂ ਵਿਚ ਅਮਰੀਕਾ ਤੇ ਜਪਾਨ ਵਿਚ ਹੀ ਵਕਤ ਗੁਜ਼ਾਰਿਆ ਸੀ।

ਲਾਲਾ ਲਾਜਪਤ ਰਾਏ ਨੇ 6 ਜੂਨ 1919 ਨੂੰ ਇਕ ਲੇਖ "ਅਮਰੀਕਾ ਤੇ ਜਪਾਨ ਵਿਚਲੇ ਹਿੰਦੋਸਤਾਨੀ ਇਨਕਲਾਬੀ" ਲਿਖਿਆ ਸੀ। ਇਸ ਲੇਖ ਵਿਚ ਲਾਲਾ ਲਾਜਪਤ ਰਾਏ ਨੇ ਰਾਮ ਚੰਦਰਾ ਬਾਰੇ ਲਿਖਿਆ ਹੈ, "He (Ram Chandra) was bent upon driving out to India every hindu of any consequance or influence in the united states"। ਉਹ (ਰਾਮ ਚੰਦਰਾ) ਸਾਰੇ ਅਸਰ-ਰਸੂਖ ਵਾਲੇ ਸੂਝਵਾਨ ਲੀਡਰਾਂ ਨੂੰ ਹਿੰਦੋਸਤਾਨ ਭੇਜਣ 'ਤੇ ਤੁਲਿਆ ਹੋਇਆ ਸੀ।

ਕਨੇਡਾ ਦੇ ਸਿਰਕੱਢ ਧਨੀ ਗ਼ਦਰੀ ਰਾਮ ਸਿੰਘ ਧੁਲੇਤਾ ਨੂੰ ਰਾਮ ਚੰਦਰਾ ਨੇ ਇਕ ਗੁਪਤ ਲਿਖਤੀ ਸੰਦੇਸ਼ ਦੇ ਕੇ ਦੂਰ ਪੂਰਬ ਦੇ ਮੋਰਚੇ 'ਤੇ ਭੇਜ ਦਿੱਤਾ ਸੀ। ਰਾਮ ਸਿੰਘ ਜਦੋਂ ਮਨੀਲਾ ਵਿਚ ਭਾਈ ਭਗਵਾਨ ਸਿੰਘ ਕੋਲ ਪਹੁੰਚਾ ਹੀ ਸੀ ਤਾਂ ਏਸ ਪੂਰਬੀ ਫਰੰਟ ਦੇ ਗ਼ਦਰੀ ਗ੍ਰਿਫਤਾਰ ਕਰ ਲਏ ਗਏ ਸਨ ਅਤੇ ਗ਼ਦਰੀਆਂ ਦੀ ਹਾਰ ਹੋ ਗਈ ਸੀ। ਜਿਸ ਕਰਕੇ ਰਾਮ ਸਿੰਘ ਨੂੰ ਮਨੀਲੇ ਹੀ ਰੋਕ ਲਿਆ ਸੀ। ਭਾਈ ਭਗਵਾਨ ਸਿੰਘ ਨੇ ਜਦੋਂ ਰਾਮ ਸਿੰਘ ਦੇ ਬੂਟ ਤੇ ਤਲੇ ਪੁਟ ਕੇ "ਗੁਪਤਾ" ਸੁਨੇਹਾ ਕੱਢਿਆ ਤਾਂ ਇਹ ਗ਼ਦਰ ਅਖਬਾਰ ਦੇ ਲੇਖ਼ ਤੋਂ ਸਿਵਾ ਕੁਝ ਵੀ ਨਹੀਂ ਸੀ। ਇਹ ਦੋਵੇਂ ਗ਼ਦਰੀ ਵਾਪਸ ਜਪਾਨ ਆ ਗਏ। ਜਪਾਨ ਦੀ ਹਕੂਮਤ ਨੇ ਵੀ ਇਨ੍ਹਾਂ ਨੂੰ ਜਪਾਨ ਛਡਣ ਦੇ ਹੁਕਮ ਦੇ ਦਿੱਤੇ ਸਨ। ਹਿੰਦੋਸਤਾਨ ਤੋਂ ਮਫ਼ਰੂਰ ਹੋਇਆ ਰਾਜ ਬਿਹਾਰੀ, ਠਾਕਰ ਦੇ ਨਾਂ ਹੇਠ ਜਪਾਨ ਵਿਚ ਰਹਿ ਰਿਹਾ ਸੀ।

ਭਾਈ ਸੰਤੋਖ ਸਿੰਘ ਪਾਖੋ (ਸਿਆਮ) ਤੋਂ ਕਾਫੀ ਲੰਬਾ ਸਫ਼ਰ ਚਲਕੇ ਇੰਡੋਚਾਈਨਾ ਹੁੰਦਾ ਹੋਇਆ ਚੀਨ ਵਿਚੋਂ ਹੀ ਜਪਾਨ ਪਹੁੰਚ ਗਿਆ ਸੀ। ਤਿੰਨੋਂ ਹੀ ਗ਼ਦਰੀ ਮੁੜ ਅਮਰੀਕਾ ਆ ਗਏ। ਉਸ ਸਮੇਂ ਭਾਈ ਭਗਵਾਨ ਸਿੰਘ ਗ਼ਦਰ ਪਾਰਟੀ ਦਾ ਪ੍ਰਦਾਨ, ਬਰਕਤਉਲਾ ਮੀਤ ਪ੍ਰਧਾਨ, ਸੰਤੋਖ ਸ਼ਿੰਘ ਜਨਰਲ ਸਕੱਤਰ ਅਤੇ ਰਾਮ ਚੰਦਰਾ ਗ਼ਦਰ ਅਖ਼ਬਾਰ ਦਾ ਸੰਪਾਦਕ ਤੇ ਮੈਨੇਜਰ ਸੀ। ਅੱਗੇ ਕੰਮ ਚਲਾਉਣ ਲਈ ਅਹੁਦੇਦਾਰਾਂ ਦੀ ਮੀਟਿੰਗ ਬੁਲਾਈ ਗਈ ਸੀ। ਅੱਗੇ ਕੰਮ ਚਲਾਉਣ ਲਈ ਅਹੁਦੇਦਾਰਾਂ ਦੀ ਮੀਟਿੰਗ ਬੁਲਾਈ ਗਈ ਸੀ। ਰਾਮ ਚੰਦਰਾ ਨੇ ਮੀਟਿੰਗ ਵਿਚ ਹਾਜ਼ਰ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਹਿਸਾਬ ਦੇਣੋਂ ਵੀ ਇਨਕਾਰ ਕਰ ਦਿੱਤਾ। ਪਾਰਟੀ ਮੈਂਬਰਾਂ ਦੀ ਜਨਰਲ ਬਾਡੀ ਮੀਟਿੰਗ ਬੁਲਾਈ ਗਈ ਅਤੇ ਰਾਮ ਚੰਦਰਾ ਨੂੰ ਹੇਠ ਲਿਖੀਆਂ ਗੱਲਾਂ 'ਤੇ ਸਫਾਈ ਪੇਸ਼ ਕਰਨ ਲਈ ਕਿਹਾ ਗਿਆ :

1. ਰਾਮ ਚੰਦਰਾ ਹਿਸਾਬ ਪੇਸ਼ ਕਰੇ ਅਤੇ ਆਪਣੀ ਪਤਨੀ ਤੇ ਦੋਸਤਾਂ ਦੇ ਨਾਂ ਖਰੀਦੇ ਬੇਨਾਮੀ ਪਲਾਟਾਂ ਬਾਰੇ ਦੱਸੇ।
2. ਬਗ਼ਈ ਬਰਤਾਨਵੀ ਹਕੂਮਤ ਦਾ ਖੁਫ਼ੀਆ ਏਜੰਟ ਹੈ। ਰਾਮ ਚੰਦਰਾ ਨੇ ਪਾਰਟੀ ਦੇ ਖੁਫ਼ੀਆ ਕਾਗਜ਼ਾਤ ਤੇ ਹਿਸਾਬ ਕਿਤਾਬ ਦੇ ਰਜਿਸਟਰ ਉਸ ਕੋਲ ਕਿਉਂ ਰੱਖੇ? ਸ਼ਭ ਕੁਝ ਜਾਣ ਲੈਣ ਦੇ ਬਾਵਜੂਦ ਰਾਮ ਚੰਦਰਾ ਦੇ ਬਗ਼ਈ ਨਾਲ ਨੇੜੇ ਦੇ ਤੁਅੱਲਕਾਤ ਹਨ। ਕਿਉਂ?
3. ਹਥਿਆਰ ਲਿਜਾਣ ਵਾਲੇ ਦੋ ਜਹਾਜ਼ਾਂ ਲਾਰਸਨ ਤੇ ਮਾਰਵਿਕ ਬਾਰੇ ਹਕੂਮਤ ਨੂੰ ਬਗਈ ਰਾਹੀਂ ਪਤਾ ਲਗਾ ਕੇ ਉਹ ਗ੍ਰਿਫਤਾਰ ਕਰ ਲਏ ਗਏ ਸਨ। ਇਸ ਬਾਰੇ ਰਾਮ ਚੰਦਰਾ ਸਫਾਈ ਪੇਸ਼ ਕਰੇ।

ਇਸ ਨਾਜ਼ਕ ਦੌਰ ਵਿਚ ਪਾਰਟੀ ਫੁੱਟ ਨਹੀਂ ਸੀ ਪੈਣ ਦੇਣਾ ਚਾਹੁੰਦੀ। ਰਾਮ ਚੰਦਰਾ ਨੇ ਸਫਾਈ ਪੇਸ਼ ਕਰਨ ਤੋਂ ਨਾਂਹ ਕਰ ਦਿੱਤੀ ਸੀ। ਇਸ ਦੇ ਉਲਟ ਉਸਨੇ ਪਾਰਟੀ ਅੰਦਰ ਆਪਣਾ ਗੁੱਟ ਖੜ੍ਹਾ ਕਰ ਲਿਆ ਸੀ ਅਤੇ ਗ਼ਦਰ ਅਖ਼ਬਾਰ ਵਿਚ ਭਾਈ

ਸੰਤੋਖ ਸਿੰਘ, ਭਗਵਾਨ ਸਿੰਘ ਤੇ ਰਾਮ ਸਿੰਘ ਨੂੰ ਪਾਰਟੀ ਵਿੱਚੋਂ ਖਾਰਜ ਕਰ ਦੇਣ ਦਾ ਐਲਾਨ ਵੀ ਛਾਪ ਦਿੱਤਾ। ਪਰ ਇਹ ਤਿੰਨੋਂ ਗ਼ਦਰੀ ਆਮ ਮੈਂਬਰਾਂ ਦੀਆਂ ਪਰਖੀਆਂ ਹੋਈਆਂ ਸ਼ਖਸੀਅਤ ਸਨ। ਰਾਮ ਸਿੰਘ ਨੇ ਆਪਣੀ ਡੇਢ ਲੱਖ ਡਾਲਰ ਦੀ ਜਾਇਦਾਦ ਪਾਰਟੀ ਦੇ ਹਵਾਲੇ ਕਰ ਦਿੱਤੀ ਸੀ ਅਤੇ ਤੁਰਨ ਲਗਿਆ ਚਾਲੀ ਹਜ਼ਾਰ ਡਾਲਰ ਰਾਮ ਚੰਦਰਾ ਨੂੰ ਸੌਂਪ ਦਿੱਤੇ ਸਨ। ਭਾਈ ਭਗਵਾਨ ਸਿੰਘ ਸੱਚਾ ਸੁੱਚਾ ਦੇਸ ਭਗਤ ਸੀ ਪਰ ਖਾਣ ਪੀਣ ਤੇ ਚੰਗੀ ਜ਼ਿੰਦਗੀ ਬਸਰ ਕਰਨ ਦਾ ਆਦੀ ਸੀ ਜਿਹੜਾ ਕਿ ਉਸਦਾ ਕਮਜ਼ੋਰ ਪੱਖ ਸੀ।

ਗ਼ਦਰ ਪਾਰਟੀ ਦੀ ਜਨਰਲ ਬਾਡੀ ਨੇ ਰਾਮ ਚੰਦਰਾ ਨੂੰ ਪਾਰਟੀ ਵਿਚੋਂ ਖਾਰਜ ਕਰ ਦਿੱਤਾ ਸੀ ਤੇ ਭਗਵਾਨ ਸਿੰਘ ਨੂੰ ਪ੍ਰਧਾਨਗੀ ਪੱਦ ਤੋਂ ਬਰਤਰਫ ਕਰ ਦਿੱਤਾ ਸੀ। ਅਤੇ ਗ਼ਦਰ ਪਾਰਟੀ ਦੇ ਦਫਤਰ ਅਤੇ ਅਖ਼ਬਾਰ 'ਤੇ ਕਬਜ਼ਾ ਕਰ ਲਿਆ ਸੀ। ਰਾਮ ਚੰਦਰਾ ਫੇਰ ਨਾ ਟਲਿਆ, ਉਸਨੇ ਆਪਣਾ ਵੱਖਰਾ ਅਖ਼ਬਾਰ ਕੱਢਣਾ ਸ਼ੁਰੂ ਕਰ ਦਿੱਤਾ ਸੀ। ਗ਼ਦਰ ਪਾਰਟੀ ਦੇ ਜੀਵਨ ਵਿਚ ਇਹ ਬੜੀ ਹੀ ਦੁਖਦਾਈ ਘਟਨਾ ਸੀ। ਬਹੁਤ ਦੇਰ ਤੱਕ ਇਸ ਦਾ ਲੋਕਾਂ ਉਤੇ ਅਸਰ ਰਿਹਾ ਸੀ। ਅਜੇ ਵੀ ਬਹੁਤ ਸਾਰੇ ਲਿਖਾਈ ਅਤੇ ਸਿਆਸਤਦਾਨ ਇਸ ਬਾਰੇ ਸਪੱਸ਼ਟੀਕਰਨ ਲੈਣ ਦੇ ਚਾਹਵਾਨ ਹਨ।

ਕੈਲੇਫੋਰਨੀਆਂ ਦੀ ਸੈਨੇਟ ਦੀ ਫੈਕਟ ਫਾਈਂਡਿੰਗ ਕਮੇਟੀ ਨੇ ਇਸ ਮਸਲੇ ਬਾਰੇ ਇੰਝ ਲਿਖਿਆ ਹੈ :

A Ghadar member named Ram Chandra has succeded Hardial as editor of the Hindustani Ghadar news, but soon was operating the paper for his personal financial gains instead of for the organisation. He sold a news service to Ameriecan papers and was regarded tarter by members of the party.

[ਰਾਮ ਚੰਦਰ ਨਾਂ ਦੇ ਗ਼ਦਰੀ ਮੈਂਬਰ ਨੇ ਹਰਦਿਆਲ ਦੀ ਥਾਂ ਹਿੰਦੋਸਤਾਨੀ ਗ਼ਦਰ ਨਿਊਜ਼ ਦੀ ਸੰਪਾਦਕੀ ਸੰਭਾਲੀ ਸੀ। ਪਰ ਜਲਦੀ ਹੀ ਉਸਨੇ ਅਖ਼ਬਾਰ ਨੂੰ ਆਪਣੇ ਜਾਤੀ ਲਾਭਾਂ ਲਈ ਚਲਾਉਣਾ ਸ਼ੁਰੂ ਕਰ ਦਿੱਤਾ ਸੀ ਨਾ ਕਿ ਜਥੇਬੰਦੀ ਵਾਸਤੇ । ਉਸ ਨੇ ਖਬਰਨਾਵਾਂ ਅਮਰੀਕਾ ਦੇ ਅਖ਼ਬਾਰਾਂ ਨੂੰ ਵੇਚਿਆ ਅਤੇ ਗ਼ਦਰ ਪਾਰਟੀ ਦੇ ਮੈਂਬਰਾਂ ਨੇ ਉਸ ਨੂੰ ਗ਼ਦਾਰ ਕਿਹਾ ਸੀ।]

ਲਾਲਾ ਲਾਜਪਤ ਰਾਏ ਨੇ ਆਪਣੇ ਲੇਖ ਵਿਚ ਗ਼ਦਰ ਪਾਰਟੀ ਦੇ ਮੈਂਬਰਾਂ ਬਾਰੇ, ਰਾਮ ਚੰਦਰਾ ਤੇ ਬਗਈ ਬਾਰੇ ਅਤੇ ਬਰਲਨ ਕਮੇਟੀ ਦੇ ਪ੍ਰਤੀਨਿਧਾਂ ਬਾਰੇ ਜੋ ਦਰਜ ਕੀਤਾ ਹੈ ਉਹ ਸੰਖੇਪ ਵਿਚ ਇਸ ਤਰ੍ਹਾਂ ਹੈ :

"ਪੰਜਾਬੀਆਂ ਵਿਚ ਸਭ ਤੋਂ ਭੈੜੇ ਕੇਸ ਰਾਮ ਚੰਦਰਾ ਅਤੇ ਹਰੀਸ਼ ਚੰਦਰ ਸਨ। ਸਿੱਖਾਂ ਨੇ ਸਮੁੱਚੇ ਤੌਰ 'ਤੇ ਪਵਿੱਤਰ, ਸਭ ਤੋਂ ਵਧ ਨਿਰਸਵਾਰਥੀ ਅਤੇ ਬਾਜ਼ਬਤਾ ਹੋਣ

ਦਾ ਸਬੂਤ ਦਿੱਤਾ ਹੈ। ਇਨ੍ਹਾਂ ਵਿਚ ਬੁਰਾ ਕੇਸ ਭਗਵਾਨ ਸਿੰਘ ਦਾ ਸੀ ਪਰ ਤਾਂ ਵੀ ਰਾਮ ਚੰਦਰਾ ਅਤੇ ਚੱਕਰਵਰਤੀ ਜਾਂ ਗੁਪਤਾ ਨਾਲੋਂ ਬੇਹੱਦ ਵਧੀਆ ਸੀ। ਸਮੁੱਚੇ ਤੌਰ 'ਤੇ ਗ਼ਬਨ, ਦੁਰਵਰਤੋਂ ਜਾਂ ਭਵਿੱਖ ਵਾਸਤੇ ਪੈਸਾ ਨਹੀਂ ਸੀ ਬਚਾਕੇ ਰੱਖਿਆ। ਸਮੁੱਚੇ ਤੌਰ 'ਤੇ ਮੇਰਾ ਭਰੋਸਾ ਹੈ ਕਿ ਉਹ ਇਮਾਨਦਾਰਤ, ਸੁਹਿਰਦ, ਬਹਾਦਰ, ਨਿਰਸਵਾਰਥ ਅਤੇ ਦੇਸਭਗਤ ਸੀ। ਮੈਂ ਅਜੇ ਤਕ ਕਿਸੇ ਵੀ ਸਿੱਖ ਇਨਕਲਾਬੀ ਨੂੰ ਨਹੀਂ ਮਿਲਿਆ ਸੀ ਜਿਸ ਨੂੰ ਮੈਂ ਇਨਕਲਾਬੀ ਫੰਡਾਂ ਦਾ ਗ਼ਬਨ ਕਰਨ, ਦੁਰਵਰਤੋਂ ਕਰਨ ਦਾ ਦੋਸ਼ੀ ਸਮਝਦਾ ਹੋਵਾਂ। ਦੂਜੇ ਪਾਸੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਆਪਣੇ ਆਪ ਨੂੰ ਨਿਰੰਤਰ ਖਤਰੇ ਵਿਚ ਪਾ ਕੇ ਹਮੇਸ਼ਾ ਤਿਆਗ ਦਾ ਜੀਵਨ ਬਤੀਤ ਕੀਤਾ। ਮੈਂ ਜਿਨ੍ਹਾਂ ਪੜ੍ਹੇ ਲਿਖੇ ਪੰਜਾਬੀਆਂ (ਵਿਦਿਆਰਥੀਆਂ ਤੇ ਕਿਰਤੀਆਂ) ਨੂੰ ਮਿਲਿਆ ਸਾਂ ਜਿਹੜੇ ਭਾਵੇਂ ਦੇਸਭਗਤੀ ਵਿਚ ਕੇਰੇ ਜਹੇ ਸਨ ਪਰ ਉਨ੍ਹਾਂ ਵਿਚੋਂ ਕਿਸੇ ਨੇ ਇਕ ਵੀ ਸੈਂਟ ਆਪਣੇ ਆਪ 'ਤੇ ਨਹੀਂ ਖਰਚਿਆਂ....

"ਦੇਸ਼ ਵਿਚ ਕੰਮ ਕਰਦੇ ਹਿੰਦੂ (ਪੰਜਾਬੀ) ਮਜ਼ਦੂਰਾਂ, ਜਿਹੜੇ ਚਲੇ ਗਏ ਸਨ, ਵਿਚੋਂ ਬਹੁਤਿਆਂ ਨੇ ਆਪਣੀ ਜਾਇਦਾਦ ਉਸਨੂੰ (ਰਾਮ ਚੰਦਰਾ) ਸੌਂਪ ਦਿੱਤੀ ਸੀ। ਇਸ ਤੋਂ ਮੈਨੂੰ ਸਮਝ ਪੈਂਦੀ ਹੈ ਕਿ ਉਸ ਕੋਲ ਉਨ੍ਹਾਂ ਦਾ ਹਜ਼ਾਰਾਂ ਦਾ ਧਨ ਸੀ। ਜਿਥੋਂ ਤਕ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਉਸਨੇ ਦੱਸਿਆ ਸੀ ਕਿ ਇਕ ਆਦਮੀ (ਰਾਮ ਸਿੰਘ) ਇਕੱਲਾ ਹੀ ਉਸਨੂੰ ਚਾਲੀ ਹਜ਼ਾਰ ਡਾਲਰ ਸੰਭਾਲ ਗਿਆ ਸੀ। ਉਹ (ਰਾਮ ਚੰਦਰਾ) ਜਰਮਨਾਂ ਤੋਂ ਵੀ ਪੈਸਾ ਲੈ ਰਿਹਾ ਸੀ.......

"ਬਗ਼ਈ ਰਾਮ ਚੰਦਰਾ ਦਾ ਪੂਰੀ ਤਰ੍ਹਾਂ ਹਿੱਸੇਦਾਰ ਸੀ ਅਤੇ ਲਹਿਰ ਦੇ ਵਿਚ ਘੁਸਿਆ ਹੋਇਆ ਸੀ। ਉਸ ਨੇ ਇਹ ਮੰਨਿਆਂ ਫੈ ਕਿ ਉਹ ਛੇ ਮਹੀਨੇ ਬਰਤਾਨਵੀ ਸਰਕਾਰ ਤੋਂ ਤਨਖਾਹ ਲੈਂਦਾ ਰਿਹਾ ਸੀ।"

ਲਾਲ ਲਾਜਪਤ ਰਾਏ ਦੇ ਮੌਸਮੀ ਅਖੌਤੀ ਇਨਕਲਾਬੀਆਂ ਬਾਰੇ ਬੜੇ ਹਲਕੇ ਵਿਚਾਰ ਸਨ। ਉਨ੍ਹਾ ਨੇ ਇਨ੍ਹਾਂ ਬਾਰੇ ਇਸ ਤਰ੍ਹਾਂ ਲਿਖਿਆ ਹੈ :

"ਉਹ ਦੇਸਭਗਤਾਂ ਨਾਲੋਂ ਭਾੜੇ ਦੇ ਟੱਟੂ ਵਧੇਰੇ ਸਨ। ਬਰਲਨ ਕਮੇਟੀ ਦੇ ਪ੍ਰਤੀਨਿਧ ਚਕਰਵਰਤੀ ਅਤੇ ਹੜੰਬਾ ਲਾਲ ਗੁਪਤਾ, ਜਿਹੜੇ ਪਿਛੋਂ ਜਾ ਕੇ ਇਕ ਦੂਜੇ ਦੇ ਵਿਰੋਧੀ ਬਣ ਗਏ ਸਨ ਤੇ ਅਮਰੀਕਾ ਅਤੇ ਜਪਾਨ ਵਿਚ ਜਰਮਨ ਸਰਕਾਰ ਤੇ ਪ੍ਰਤੀਨਿਧ ਸਨ ਉੱਪਰ ਦੱਸੀ ਭਾੜੇ ਦੇ ਟੱਟੂਆਂ ਦੀ ਨਸਲ ਦੇ ਬੰਦੇ ਸਨ ਜਿਹੜੇ ਜਰਮਨ ਸਰਕਾਰ ਦੀਆਂ ਹਮਦਰਦੀਆਂ ਜਿੱਤਣ ਲਈ ਇਕ ਦੂਜੇ ਦੇ ਵਿਰੁੱਧ ਲੜਦੇ ਸਨ। ਹਰੀਸ਼ ਚੰਦਰ ਪੁੱਤਰ ਮੁਨਸ਼ੀ ਰਾਮ (ਪੰਜਾਬ) ਨੇ ਵੀ ਬਰਲਨ ਕਮੇਟੀ ਦਾ ਪ੍ਰਤੀਨਿਧ ਹੋਣਾ ਮੰਨਿਆ ਹੈ। ਉਸਨੂੰ ਬਰਤਾਨੀਆ ਭੇਜਿਆ ਗਿਆ ਸੀ ਜਿਥੇ ਉਸਨੂੰ ਗ੍ਰਿਫ਼ਤਾਰ ਕਰਕੇ ਦਸ ਦਿਨ ਹਿਰਾਸਤ ਵਿਚ ਰੱਖਿਆ ਗਿਆ ਸੀ।" ਅੱਗੇ ਜਾ ਕੇ ਲਾਲਾ ਲਾਜਪਤ ਰਾਏ ਲਿਖਦੇ ਹਨ, "ਮੈਨੂੰ ਸ਼ੱਕ ਹੈ ਕਿ ਹਰੀਸ਼ ਚੰਦਰ ਨੂੰ ਖਰੀਦ ਲਿਆ ਗਿਆ ਸੀ ਤੇ ਹੁਣ ਇਸ ਦੇਸ ਵਿਚ ਬਰਤਾਨੀਆ ਦੇ ਖੁਫੀਆ ਕਰਮਚਾਰੀ ਵਜੋਂ ਕੰਮ ਕਰ ਰਿਹਾ ਸੀ।

ਬਾਅਦ ਵਿਚ ਮੇਰਾ ਸ਼ੱਕ ਠੀਕ ਸਾਬਤ ਹੋ ਗਿਆ ਸੀ। ਇਸ ਤਰ੍ਹਾਂ ਦੇ ਕਈ ਹੋਰ ਸਨ ਜਿਹੜੇ ਕਦੇ ਵੀ ਗ਼ਦਰੀ ਪਾਰਟੀ ਵਿਚ ਸ਼ਾਮਲ ਨਹੀਂ ਹੋਏ ਸਨ ਪਰ ਆਪਣੇ ਆਪ ਨੂੰ ਇਨਕਲਾਬੀ ਦਸਦੇ ਸਨ ਤੇ ਜਰਮਨ ਸਰਕਾਰ ਦੇ ਖਰੀਦੇ ਹੋਏ ਏਜੰਟ ਸਨ।"

ਲਾਲ ਲਾਜਪਤ ਰਾਏ ਨੇ ਅੱਗੇ ਜਾ ਕੇ ਸੱਚਮੁੱਚ ਦੇ ਇਨਕਲਾਬੀਆਂ ਬਾਰੇ ਇਸ ਤਰ੍ਹਾਂ ਲਿਖਿਆ ਹੈ :

"ਪੰਜਾਬੀਆਂ ਵਿਚ ਮੈਂ ਵਧੀਆ ਬੰਦੇ ਦੇਖੇ ਹਨ, ਜਿਹੜੇ ਉਸ ਵੇਗ ਵਿਚ ਗੱਲ ਕਰਦੇ ਸਨ ਜਿਹੜੇ ਇਸ ਤਰ੍ਹਾਂ ਦੇ ਕੰਮ (ਇਨਕਲਾਬੀ ਕੰਮ) ਵਿਚ ਕੁੱਦਣ ਲਈ ਹਿਸਾਬ ਕਿਤਾਬ ਨਹੀਂ ਲਾਉਂਦੇ। ਇਹ ਬਿਨਾਂ ਲਾਲਸਾ ਤੋਂ ਜੀਉਏ। ਉਹ ਕਿਸੇ ਵੀ ਦਰਜੇ ਵਿਚ ਸਫਰ ਕਰ ਸਕਦੇ ਸਨ, ਉਹ ਕਿਸੇ ਵੀ ਤਰ੍ਹਾਂ ਦੇ ਕਪੜੇ ਪਹਿਨ ਸਕਦੇ ਸਨ ਅਤੇ ਕਦੇ ਸੌਦਾ ਨਹੀਂ ਕਰਦੇ ਸਨ।"

ਲਾਲਾ ਲਾਜਪਤ ਰਾਏ ਨੇ ਉਪਰਲੇ ਵਿਚਾਰ ਪੰਜਾਬੀ ਗ਼ਦਰੀ ਕੇਦਾਰ ਨਾਥ ਅਤੇ ਰਿਸ਼ੀਕੇਸ਼ ਬਾਰੇ ਕਹੇ ਹਨ ਜਿਹੜੇ ਉਨ੍ਹਾਂ ਨੂੰ ਮਿਲੇ, ਬਹਿਸ ਕੀਤੀ ਅਤੇ ਮੁਤਾਫਿਕ ਨਾ ਹੋਏ। ਮੀਟਿੰਗ ਤੋਂ ਬਾਅਦ ਉਹ ਪੱਛਮੀ ਫਰੰਟ 'ਤੇ ਚਲੇ ਗਏ ਅਤੇ ਈਰਾਨ ਵਿਚ ਉਨ੍ਹਾਂ ਨੇ ਤਕਲੀਫਾਂ ਝੱਲੀਆਂ ਸਨ।

ਲਾਲ ਲਾਜਪਤ ਰਾਏ ਦੇ ਐਮ.ਐਨ. ਰਾਏ ਬਾਰੇ ਵਿਚਾਰ ਉਚੇ ਸਨ ਜਿਸ ਨੂੰ ਉਹ ਪਹਿਲਾਂ ਜਪਾਨ ਵਿਚ ਤੇ ਫੇਰ ਅਮਰੀਕਾ ਵਿਚ ਮਿਲਦੇ ਰਹੇ ਸਨ। ਰਾਜ ਬਿਹਾਰੀ ਬੋਸ ਦੀ ਉਨ੍ਹਾਂ ਨੇ ਬੜੀ ਸਿਫਤ ਕੀਤੀ ਹੈ।

ਜਿਥੋਂ ਤੱਕ ਲਾਲਾ ਲਾਜਪਤ ਰਾਏ ਦੇ ਸਿਆਸੀ ਵਿਚਾਰਾਂ ਦਾ ਸੰਬੰਧ ਸੀ ਉਸਨੇ ਠਾਕਰ ਰਾਸ ਬਿਹਾਰੀ ਬੋਸ ਨੂੰ ਕਿਹਾ ਸੀ : "ਮੈਂ ਆਪਣੇ ਆਪ ਨੂੰ ਇਕ ਇਨਕਲਾਬੀ ਦੇ ਤੌਰ 'ਤੇ ਜਾਂ ਬਰਤਾਨਵੀ ਰਾਜ ਤੋਂ ਖਲਾਸੀ ਕਰਾਉਣ ਵਾਲਿਆਂ ਤੋਂ ਵਖ ਰਖਾਂਗਾ।" (ਸਫਾ 209, ਨਿਊਯਾਰਕ ਵਿਚਲੀ ਵੇਦਾਂਤਾ ਸੁਸਾਇਟੀ ਵਿਚ ਭਾਸ਼ਣ)।

ਜਿਥੋਂ ਤਕ ਅਮਰੀਕਾ ਅਤੇ ਜਪਾਨ ਉਸ ਦੀਆਂ ਸਰਗਰਮੀਆਂ ਦਾ ਤੁਅੱਲਕ ਸੀ ਲਾਲਾ ਲਾਜਪਤ ਰਾਏ ਇਨ੍ਹਾਂ ਲੋਕਾਂ ਨਾਲ ਘੁਲਮਿਲ ਗਿਆ ਹੋਇਆ ਸੀ। ਉਹ ਇਕ ਦੂਜੇ ਨੂੰ ਖਾਣੇ 'ਤੇ ਬੁਲਾਉਂਦੇ ਸਨ। ਉਹ ਰਾਮ ਚੰਦਰਾ ਸਮੇਤ ਸਾਰਿਆਂ ਨੂੰ ਨੇੜੇ ਤੋਂ ਜਾਣਦਾ ਸੀ।

ਪੈਸੇ ਦੇ ਲੈਣ ਦੇਣ ਵਿਚ ਉਹ ਇਕ ਦੂਜੇ 'ਤੇ ਨਿਰਭਰ ਕਰਦੇ ਸਨ। ਜਪਾਨ ਵਿਚ ਰਾਮ ਬਿਹਾਰੀ ਬੋਸ ਨੇ ਉਸ ਕੋਲ 19500 ਯੈਨ ਜਮਾਂ ਕਰਾਏ ਸਨ ਤਾਂ ਕਿ ਫੜੇ ਜਾਣ ਬਾਅਦ ਇਹ ਪੈਸੇ ਜ਼ਬਤ ਨਾ ਕਰ ਲਏ ਜਾਣ। ਜਦੋਂ ਰਾਸ ਬਿਹਾਰੀ ਨੇ ਇਹ ਪੈਸੇ ਮੰਗੇ ਤਾਂ ਉਸਨੇ ਵਾਪਸ ਕਰ ਦਿੱਤੇ ਸਨ ਭਾਵੇਂ ਉਹ ਉਸ ਸਮੇਂ ਅਮਰੀਕਾ ਵਿਚ ਸੀ। ਰਾਮ ਚੰਦਰਾ ਨੇ ਲਾਲਾ ਲਾਜਪਤ ਰਾਏ ਦੀ ਕਿਤਾਬ 'ਯੰਗ ਇੰਡੀਆ' ਛਪਾਉਣ ਲਈ 600 ਡਾਲਰਾਂ ਦਾ ਇੰਤਜ਼ਾਮ ਕੀਤਾ ਸੀ (ਸਫਾ 205)। ਲਾਜਪਤ ਰਾਏ ਨੇ ਇਹ ਮੰਨਿਆ ਹੈ ਕਿ "ਇਹ ਸਾਡੀ ਜਾਣ ਪਛਾਣ ਤੋਂ ਇਕ ਮਹੀਨਾ ਬਾਅਦ ਦੀ ਹੀ ਗੱਲ ਹੈ

ਕਿ ਉਸ (ਰਾਮ ਚੰਦਰਾ) ਨੇ ਮੈਨੂੰ ਭਾਈ ਪਰਮਾਨੰਦ ਤੇ ਉਸ ਦੇ ਸਾਥੀ ਕੈਦੀਆਂ ਦੀ ਡੀਫੈਂਸ ਵਾਸਤੇ ਪੰਜਾਬ ਭੇਜਣ ਲਈ 3500 ਡਾਲਰ ਦਿੱਤੇ ਸਨ। ਉਸਨੇ ਮੈਨੂੰ ਦੱਸਿਆ ਸੀ ਕਿ ਇਹ ਗ਼ਦਰ ਪਾਰਟੀ ਦਾ ਪੈਸਾ ਹੈ।"

ਪਰ ਇਹ ਪੈਸਾ ਉਨ੍ਹਾਂ ਦੀ ਡੀਫੈਂਸ ਲਈ ਹਿੰਦੋਸਤਾਨ ਨਾ ਪਹੁੰਚਾ। ਲਾਲਾ ਜੀ ਨੇ ਆਪਣੇ ਲੇਖ ਵਿਚ ਇਹ ਮੰਨਿਆ ਹੈ ਕਿ ਇਹ ਪੈਸਾ ਕਿਊਬਾ ਦੇ ਸ਼ੂਗਰ ਕੇਨ ਪਰੈਫਰਡ ਸਟਾਕਸ ਦੇ ਸਟਾਕ ਐਕਸਚੇਂਜ ਵਿਚ ਲਾ ਦਿੱਤਾ ਗਿਆ ਸੀ। ਬਾਅਦ ਵਿਚ ਇਹ ਪਤਾ ਲੱਗਾ ਕਿ ਇਹ ਪੈਸਾ ਉਸਨੇ ਲਾਹੌਰ ਵਿਚ ਲਾਜਪਤ ਰਾਏ ਭਵਨ ਉਸਾਰਨ 'ਤੇ ਲਾ ਦਿੱਤਾ ਸੀ।

ਲਾਲਾ ਜੀ ਗ਼ਦਰ ਆਸ਼ਰਮ ਵਿਚ ਸਿਰਫ ਇਕ ਵਾਰ ਹੀ ਗਏ ਸਨ, ਉਹ ਵੀ ਉਦੋਂ ਜਦੋਂ ਉਨ੍ਹਾਂ ਦੇ ਸਵਾਗਤ ਲਈ ਦੁਪਹਿਰ ਦਾ ਖਾਣਾ ਦਿੱਤਾ ਗਿਆ ਸੀ। ਅਸਲ ਵਿਚ ਉਹ ਗ਼ਦਰ ਪਾਰਟੀਆਂ ਦੀਆਂ ਇਨਕਲਾਬੀ ਸਰਗਮੀਆਂ ਵਿਚ ਉਲਝਣ ਪ੍ਰਤੀ ਬੜੇ ਚੌਕੰਨੇ ਸਨ।

ਲਾਲਾ ਲਾਜਪਤ ਰਾਏ ਦੇ ਉਪਰਲੇ ਲੇਖ ਤੋਂ ਇਹ ਸਮਝ ਬਾਖੂਬੀ ਪੈ ਜਾਂਦੀ ਹੈ ਕਿ ਗ਼ਦਰੀ ਪਾਰਟੀ ਦੇ ਹੈਡਕੁਆਟਰ 'ਤੇ ਸਾਂਝੀ (ਕੁਲੈਕਟਿਵ) ਜ਼ਿੰਮੇਵਾਰੀ ਖਤਮ ਹੋ ਚੁੱਕੀ ਸੀ। ਸਾਰੇ ਗ਼ਦਰੀ ਲੀਡਰ ਆਪਣੇ ਫਰੰਟਾਂ 'ਤੇ ਚਲੇ ਗਏ ਸਨ ਅਤੇ ਰਾਮ ਚੰਦਰਾ ਹੈਡਕੁਆਟਰ 'ਤੇ ਇਕਲਾ ਰਹਿ ਗਿਆ ਸੀ। ਗ਼ਦਰ ਪਾਰਟੀ ਦੀ ਸਾਰੀ ਲੀਡਰਸ਼ਿਪ ਵਿਚੋਂ ਕੇਵਲ ਤਿੰਨ ਹੀ ਮੌਤ ਦੇ ਮੂੰਹੋਂ ਬਚਕੇ ਵਾਪਸ ਅਮਰੀਕਾ ਆਉਣ ਵਿਚ ਸਫਲ ਹੋਏ ਸਨ।

ਰਾਮ ਚੰਦਰਾ ਨੇ ਉਨ੍ਹਾਂ ਨੂੰ ਜੀ ਆਇਆਂ ਕਹਿਣ ਦੀ ਥਾਂ ਹਿਸਾਬ ਕਿਤਾਬ ਪੇਸ਼ ਕਰਨ ਤੋਂ ਹੀ ਨਾਂਹ ਕਰ ਦਿੱਤੀ ਸੀ। ਇਸ ਦੇ ਉਲਟ ਗ਼ਦਰ ਪਾਰਟੀ ਵਿਚ ਫ਼ੁਟ ਪਾਉਣ ਦੀ ਕੋਸ਼ਿਸ਼ ਕੀਤੀ।

ਕੈਲੇਫੋਰਨੀਆ ਦੀ ਸੈਨੇਟ ਦੀ ਰੀਪੋਰਟ ਅਨੁਸਾਰ ਅਤੇ ਲਾਲਾ ਲਾਜਪਤ ਰਾਏ ਦੇ ਲੇਖ ਅਨੁਸਾਰ ਰਾਮ ਚੰਦਰਾ ਨੇ ਪਾਰਟੀ ਫੰਡ ਨੂੰ ਕੇਵਲ ਆਪਣੇ ਲਈ ਹੀ ਵਰਤਿਆ ਸੀ ਅਤੇ ਦੂਜੇ ਪਾਸੇ ਗ਼ਦਰ ਪਾਰਟੀ ਦੇ ਆਗੂ ਫਾਹੇ ਲੱਗ ਰਹੇ ਸਨ।

ਗੌਰਮਿੰਟ ਦੀ ਰੀਪੋਰਟ, ਹੋਮ ਐਂਡ ਪੁਲੀਟੀਕਲ, ਮਾਰਚ 1915, ਤੋਂ ਸਾਫ ਪਤਾ ਲੱਗਦਾ ਹੈ ਕਿ ਬਗ਼ਈ ਬਰਤਾਨਵੀ ਪੁਲਸ ਦਾ ਏਜੰਟ ਸੀ ਅਤੇ ਉਸਨੇ ਅੱਗੇ ਏਜੰਟ ਰੱਖੇ ਹੋਏ ਸਨ। ਰਾਮ ਚੰਦਰਾ ਦੇ ਬਗ਼ਈ ਨਾਲ ਡੂੰਘੇ ਤੁਅੱਲਕਾਤ ਸਨ। ਬਗਈ ਦੀਆਂ ਰੀਪੋਰਟਾਂ 'ਤੇ ਹੀ ਹਰਨਾਮ ਸਿੰਘ ਸੈਣੀ ਅਤੇ ਭਾਈ ਬਲਵੰਤ ਸਿੰਘ ਵਰਗੇ ਆਗੂਆਂ ਨੂੰ ਫਾਂਸੀਆਂ ਲੱਗੀਆਂ ਸਨ ਅਤੇ ਹਥਿਆਰਾਂ ਦੇ ਜਹਾਜ਼ ਫੜੇ ਗਏ ਸਨ।

ਸਾਨਫਰਾਂਸਿਸਕੋ ਸਾਜ਼ਿਸ਼ ਕੇਸ (1917)

ਜੰਗ ਦੌਰਾਨ 7 ਅਪਰੈਲ 1917 ਨੂੰ ਅਮਰੀਕਾ ਨੇ ਬਰਤਾਨੀਆ ਤੇ ਉਸ ਦੇ ਧੜੇ ਦੇ ਹੱਕ ਵਿਚ ਜੰਗ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਸੀ। ਦੂਜੇ ਹੀ

ਦਿਨ ਅਮਰੀਕਾ ਵਿਚ ਰਹਿ ਰਹੇ ਗ਼ਦਰੀ ਲੀਡਰ ਗ੍ਰਿਫਤਾਰ ਕਰ ਲਏ ਗਏ ਸਨ। ਅਮਰੀਕਾ ਵਿਚ ਰਹਿੰਦੇ ਬਰਲਨ ਕਮੇਟੀ ਦੇ ਮੁਸ਼ੀਰ ਵੀ ਫੜ ਲਏ ਗਏ।

ਸਾਨਫਰਾਂਸਿਸਕੋ ਵਿਚ ਜਰਨਮਲ ਕੌਂਸਲ ਦਾ ਸਟਾਫ਼ ਵੀ ਹਿਰਾਸਤ ਵਿਚ ਲੈ ਲਿਆ ਗਿਆ ਸੀ। ਗ੍ਰਿਫਤਾਰ ਕੀਤੇ ਗ਼ਦਰੀਆਂ ਉਤੇ ਸਾਨਫਰਾਂਸਿਸਕੋ ਸਾਜ਼ਿਸ਼ ਕੇਸ ਚਲਿਆ। ਅਡਵਾਇਰ ਨੇ ਗ਼ਦਰੀਆਂ ਵਿਰੁੱਧ ਭੁਗਤਣ ਲਈ ਹਿੰਦੋਸਤਾਨ ਤੋਂ ਗਵਾਹ ਭੇਜੇ, ਜਿਨ੍ਹਾਂ ਵਿਚ ਰਣਜੋਧ ਸਿੰਘ ਅਤੇ ਚਰਨ ਦਾਸ ਸ਼ਾਮਲ ਸਨ। ਰਣਜੋਧ ਸਿੰਘ ਜਦੋਂ ਗਵਾਹੀ ਦੇਣ ਆਇਆ ਤਾਂ ਉਸ ਨੇ ਆਪਣਾ ਲਿਖਤੀ ਨੋਟ ਜੱਜ ਨੂੰ ਦਿੱਤਾ ਜਿਸ ਵਿਚ ਤਿੰਨ ਸਵਾਲ ਪੁੱਛੇ ਗਏ ਸਨ :

1. ਕੀ ਅਮਰੀਕਾ ਇਕ ਅਜ਼ਾਦ ਮੁਲਕ ਹੈ? 2. ਜੇ ਮੈਂ ਸੱਚ ਬੋਲਾਂ ਤਾਂ ਮੈਨੂੰ ਸਜ਼ਾ ਤਾਂ ਨਹੀਂ ਦਿੱਤੀ ਜਾਵੇਗੀ? 3. ਸੱਚ ਬੋਲਣ 'ਤੇ ਮੈਨੂੰ ਅੰਗਰੇਜ਼ੀ ਹਕੂਮਤ ਦੇ ਹਵਾਲੇ ਤਾਂ ਨਹੀਂ ਕੀਤਾ ਜਾਵੇਗਾ? ਜੱਜ ਨੇ ਉੱਤਰ ਦਿੱਤਾ ਕਿ ਅਮਰੀਕਾ ਇਕ ਅਜ਼ਾਦ ਦੇਸ ਹੈ ਪਰ ਮੈਂ ਗਵਾਹ ਨੂੰ ਗਰੰਟੀ ਨਹੀਂ ਦੇ ਸਕਦਾ ਕਿ ਉਸ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਜਾਵੇਗਾ ਅਤੇ ਨਾ ਹੀ ਮੈਂ ਇਹ ਗਰੰਟੀ ਦੇ ਸਕਦਾ ਹਾਂ ਕਿ ਉਸਨੂੰ ਅੰਗਰੇਜ਼ ਹਕੂਮਤ ਦੇ ਹਵਾਲੇ ਨਹੀਂ ਕੀਤਾ ਜਾਵੇਗਾ। ਇਹ ਸੁਣਦਿਆਂ ਹੀ ਰਣਜੋਧ ਸਿੰਘ ਬੇਹੋਸ਼ ਹੋ ਕੇ ਡਿੱਗ ਪਿਆ ਸੀ। ਉਸਨੇ ਗਵਾਹੀ ਦੇਣੋਂ ਨਾਂਹ ਕਰ ਦਿੱਤੀ ਸੀ। ਉਸਨੂੰ ਮੁੜ ਕੇ ਫੇਰ ਜੇਲ੍ਹ ਭੇਜ ਦਿੱਤਾ ਗਿਆ ਜਿਥੇ ਉਸ ਉਤੇ ਸਖਤੀਆਂ ਕੀਤੀਆਂ ਗਈਆਂ ਸਨ ਅਤੇ ਅੰਤ ਨੂੰ ਪਾਗ਼ਲਖਾਨੇ ਭੇਜ ਦਿੱਤਾ ਗਿਆ ਸੀ ਅਤੇ ਏਸੇ ਹਾਲਤ ਵਿਚ ਹੀ ਉਸ ਦੀ ਮੌਤ ਹੋ ਗਈ ਸੀ।

ਇਹ ਕੇਸ 29 ਨਵੰਬਰ 1917 ਨੂੰ ਸ਼ੁਰੂ ਹੋਇਆ ਸੀ ਅਤੇ 24 ਮਾਰਚ 1918 ਨੂੰ ਫੈਸਲਾ ਸੁਣਾ ਦਿੱਤਾ ਗਿਆ ਸੀ। ਮੁਲਜ਼ਮਾਂ ਵਿਚ 19 ਹਿੰਦੋਸਤਾਨੀ ਸ਼ਾਮਲ ਸਨ। ਇਸ ਮੁਕੱਦਮੇ 'ਤੇ ਹਿੰਦੋਸਤਾਨ ਦੀ ਅੰਗਰੇਜ਼ ਹਕੂਮਤ ਨੇ 30 ਲੱਖ ਡਾਲਰ ਖਰਚੇ ਸਨ। ਸਾਰੇ ਹਿੰਦੋਸਤਾਨੀਆਂ ਨੇ ਮਿਲਕੇ ਮਿਸਟਰ ਰੇਲੀ ਨੂੰ ਡੀਫੈਂਸ ਕੌਂਸਲ ਮੁਕੱਰਰ ਕੀਤਾ ਅਤੇ ਬਾਹਰ ਰਹਿ ਗਏ ਗ਼ਦਰੀਆਂ ਨੇ ਫਿਰ ਕੇ ਮੁਕੱਦਮੇ ਲਈ ਫੰਡ ਇਕੱਠਾ ਕੀਤਾ ਸੀ। ਰਾਮ ਚੰਦਰਾ ਨੇ ਆਪਣਾ ਵਖਰਾ ਵਕੀਲ ਖੜ੍ਹਾ ਕਰ ਲਿਆ ਸੀ। ਗ਼ਦਰੀਆਂ ਵਲੋਂ ਵਾਰ-ਵਾਰ ਅਪੀਲ ਕਰਨ 'ਤੇ ਵੀ ਉਸਨੇ ਸਾਂਝੀ ਡੀਫੈਂਸ ਵਿਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ ਸੀ। ਡੀਫੈਂਸ ਕਮੇਟੀ ਦਾ ਵਿਚਾਰ ਸੀ ਕਿ ਰਾਮ ਚੰਦਰਾ ਦੀ ਵੱਖਰੀ ਦਲੀਲਬਾਜ਼ੀ ਮੁਕੱਦਮੇ ਨੂੰ ਕਮਜ਼ੋਰ ਕਰੇਗੀ। ਪਰ ਰਾਮ ਚੰਦਰਾ ਨਾ ਮੰਨਿਆ।

ਸਫਾਈ ਦੇ ਵਕੀਲ ਦੀ ਦਲੀਲ ਇਹ ਸੀ ਕਿ "ਹਿੰਦੋਸਤਾਨੀ ਮੁਲਜ਼ਮਾਂ ਨੇ ਕਿਸੇ ਵੀ ਅਮਰੀਕੀ ਕਾਨੂੰਨ ਦੀ ਉਲੰਘਣਾ ਨਹੀਂ ਕੀਤੀ। ਇਨ੍ਹਾਂ ਨੇ ਸਾਰਾ ਕੁਝ ਆਪਣੇ ਦੇਸ ਨੂੰ ਅਜ਼ਾਦ ਕਰਾਉਣ ਲਈ ਕੀਤਾ ਹੈ ਜਿਸ ਕਰਕੇ ਉਹ ਜਾਰਜ ਵਸ਼ਿੰਗਟਨ ਦੇ ਪੂਰਨਿਆਂ 'ਤੇ ਚਲ ਰਹੇ ਹਨ।"

ਇਕ ਦਿਨ ਕਚਹਿਰੀ ਵਿਚ ਹੀ ਰਾਮ ਸਿੰਘ ਨੇ ਆਪਣੀ ਦਸਤਾਰ ਵਿਚੋਂ

ਰਿਵਾਲਵਰ ਕੱਢ ਕੇ ਰਾਮ ਚੰਦਰਾ 'ਤੇ ਫਾਇਰ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਅਤੇ ਅਗੇ ਖੜ੍ਹੇ ਮਾਰਸ਼ਲ ਨੇ ਰਾਮ ਸਿੰਘ 'ਤੇ ਫਾਇਰ ਕਰਕੇ ਉਸ ਨੂੰ ਮਾਰ ਦਿੱਤਾ ਸੀ। ਦੋਵੇਂ ਲਾਸ਼ਾਂ ਕਚਹਿਰੀ ਵਿਚ ਪਈਆਂ ਸਨ ਅਤੇ ਸੰਨਾਟਾ ਛਾਇਆ ਹੋਇਆ ਸੀ। ਜੱਜ ਨੇ ਸੁਣਵਾਈ ਮੁਲਤਵੀ ਕਰ ਦਿੱਤੀ। ਘਟਨਾ ਦੀ ਤਫਤੀਸ਼ ਹੋਈ, ਪੁਲਸ ਕਿਸੇ ਨਤੀਜੇ 'ਤੇ ਨਾ ਪਹੁੰਚ ਸਕੀ। ਇਸ ਗੋਲੀ ਕਾਂਡ ਬਾਰੇ ਬੜੀਆਂ ਕਹਾਣੀਆਂ ਸੁਣਨ ਵਿਚ ਆਉਂਦੀਆਂ ਹਨ। ਕੁਝ ਨਹੀਂ ਕਿਹਾ ਜਾ ਸਕਦਾ ਕਿ ਰਾਮ ਚੰਦਰਾ ਨੂੰ ਗੋਲੀ ਮਾਰਨ ਦਾ ਫੈਸਲਾ ਸਾਰੇ ਗ਼ਦਰੀ ਮੁਲਜ਼ਮਾਂ ਦਾ ਸਾਂਝਾ ਸੀ ਜਾਂ ਰਾਮ ਸਿੰਘ ਨੇ ਆਪਣੇ ਤੌਰ 'ਤੇ ਮਨ ਬਣਾ ਲਿਆ ਸੀ।

ਰਾਮ ਸਿੰਘ ਧੁਲੇਤਾ ਦੀ ਜ਼ਿੰਦਗੀ ਬਾਰੇ ਲੇਖ ਕਿਰਤੀ ਰਸਾਲੇ ਵਿਚ ਛਪੇ ਹਨ ਜਿਸ ਦੇ ਸੰਪਾਦਕ ਭਾਈ ਸੰਤੋਖ ਸਿੰਘ ਸਨ। ਉਸ ਸਮੇਂ ਵੀ ਰਾਜ ਅੰਗਰੇਜ਼ਾਂ ਦਾ ਹੀ ਸੀ। ਪਰ ਇਹ ਜ਼ਰੂਰ ਲਿਖਿਆ ਗਿਆ ਹੈ ਕਿ ਕਈ ਮਸਲੇ ਹਨ ਜਿਨ੍ਹਾਂ ਬਾਰੇ ਅਜੇ ਵੀ ਨਹੀਂ ਲਿਖਿਆ ਜਾ ਸਕਦਾ। ਸਮਾਂ ਆਉਣ 'ਤੇ ਖੁਲ੍ਹਕੇ ਲਿਖਿਆ ਜਾਵੇਗਾ। ਇਸਤਗਾਸੇ 'ਤੇ ਪੂਰੀ ਬਹਿਸ ਤੋਂ ਬਾਅਦ ਜੱਜ ਨੇ ਹੇਠ ਲਿਖੀਆਂ ਸਜ਼ਾਵਾਂ ਸੁਣਾ ਦਿੱਤੀਆਂ :

ਤਾਰਕ ਨਾਥ ਦਾਸ ਨੂੰ 22 ਮਹੀਨੇ, ਭਾਈ ਸੰਤੋਖ ਸਿੰਘ ਨੂੰ 21 ਮਹੀਨੇ, ਭਾਈ ਭਗਵਾਨ ਸਿੰਘ ਨੂੰ 18 ਮਹੀਨੇ, ਗੋਪਾਲ ਸਿੰਘ ਮੋਹੀ ਨੂੰ 18 ਮਹੀਨੇ ਅਤੇ ਬਾਕੀਆਂ ਨੂੰ ਇਸ ਤੋਂ ਕੁਝ ਘਟ ਮਹੀਨਿਆਂ ਦੀਆਂ ਸਜ਼ਾਵਾਂ ਕੀਤੀਆਂ ਗਈਆਂ ਸਨ।

ਸਮੂਹਕ ਫਰਾਰੀਆਂ (ਫਰਵਰੀ 1918)

ਸਪਲੀਮੈਂਟ ਲਾਹੌਰ ਗ਼ਦਰ ਸਾਜ਼ਿਸ਼ ਦੇ 32 ਕੈਦੀ ਗੱਡੀ ਰਾਹੀਂ ਹਜ਼ਾਰੀ ਬਾਗ ਉਮਰ ਕੈਦ ਕਟਣ ਲਈ ਭੇਜੇ ਜਾ ਰਹੇ ਸਨ। ਕਾਲਾ ਪਾਣੀ ਜੇਲ੍ਹ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਲੈਣ ਤੋਂ ਨਾਂਹ ਕਰ ਦਿੱਤੀ ਸੀ। ਗੱਡੀ ਜਦੋਂ ਲੁਧਿਆਣੇ ਦੇ ਰੇਲਵੇ ਸਟੇਸ਼ਨ 'ਤੇ ਖੜ੍ਹੀ ਸੀ ਤਾਂ ਕਿਸੇ ਵੀ ਆਦਮੀ ਦਾ ਗੱਡੀ ਨੇੜੇ ਜਾਣ ਦਾ ਹੀਆ ਨਹੀਂ ਸੀ ਪੈ ਰਿਹਾ। ਲੁਧਿਆਣੇ ਦੇ ਸਰਦਾਰ ਬਹਾਦਰ ਸਿੰਘ ਗੱਜਣ ਸਿੰਘ ਨੇ ਇਨ੍ਹਾਂ ਗ਼ਦਰੀਆਂ ਨੂੰ ਸਿੱਖੀ ਵਿਚੋਂ ਕੱਢੇ ਹੋਏ ਚੋਰ ਡਾਕੂ ਅਤੇ ਬਰਤਾਨੀਆ ਸਰਕਾਰ ਦੇ ਮੁਖਾਲਫ ਆਦਿ ਕਹਿ ਕੇ ਬੁਰੀ ਤੁਰ੍ਹਾਂ ਸਹਿਮ ਪਾਇਆ ਹੋਇਆਂ ਸੀ। ਗੱਡੀ ਜਦੋਂ ਲੁਧਿਆਣੇ ਦੇ ਸਟੇਸ਼ਨ 'ਤੇ ਖੜ੍ਹੀ ਸੀ ਤਾਂ ਆਲੇ ਦੁਆਲੇ ਸੰਗੀਨਾਂ ਦੇ ਪਹਿਰੇ ਲੱਗੇ ਹੋਏ ਸਨ। ਦੇਖਣ ਨੂੰ ਇਹ ਕੇਸਾਂ ਦਾੜ੍ਹੀਆਂ ਵਾਲੇ ਪੂਰਨ ਸਿੰਘ ਲਗਦੇ ਸਨ। ਭਾਈ ਰਣਧੀਰ ਸਿੰਘ ਅਕਾਲ ਤਖਤ ਵੱਲੋਂ ਸਿੱਖੀ ਵਿਚੋਂ ਛੇਕੇ ਹੋਏ ਸਨ। ਭਾਈ ਰਣਧੀਰ ਸਿੰਘ ਚੌਕੜਾ ਮਾਰ। "ਤੇਰਾ ਭਾਣਾ ਮੀਠਾ ਲਾਗੇ" ਦਾ ਸ਼ਬਦ ਉਚਾਰਨ ਕਰ ਰਿਹਾ ਸੀ।

ਗੱਡੀ ਨੂੰ ਲੁਧਿਆਣੇ ਤੋਂ ਹਜ਼ਾਰੀ ਬਾਗ ਪਹੁੰਚਣ ਲਈ ਦੋ ਦਿਨ ਦੋ ਰਾਤਾਂ ਲੱਗੀਆਂ। ਜੇਲ੍ਹ ਰੇਲਵੇ ਸਟੇਸ਼ਨ ਤੋਂ 40 ਕਿਲੋਮੀਟਰ ਦੂਰ ਬਿਹਾਰ ਦੇ ਜੰਗਲਾਂ ਵਿਚ ਸੀ। ਜਿਥੇ ਕੈਦੀਆਂ ਨੂੰ ਪੁਲਸ ਦੀਆਂ ਗੱਡੀਆਂ ਰਾਹੀਂ ਪਹੁੰਚਾਇਆ ਗਿਆ।

ਥੋੜ੍ਹੇ ਦਿਨਾਂ ਬਾਅਦ ਸਪੈਸ਼ਲ ਦਰੋਗਾ ਵਧਾਵਾ ਰਾਮ ਅਤੇ ਅੰਗਰੇਜ਼ ਸੁਪਰਟੈਂਡੈਂਟ ਹਸਬੈਂਡ ਲਾ ਦਿੱਤੇ ਗਏ ਸਨ। ਗ਼ਦਰੀਆਂ ਨੂੰ ਸਖ਼ਤ ਸਜ਼ਾਵਾਂ ਹੇਠ ਰੱਖਿਆ ਗਿਆ। ਉਨ੍ਹਾਂ ਨੂੰ ਡੰਡਾ ਬੇੜੀਆਂ, ਖੜ੍ਹੀ ਹਥਕੜੀਆਂ ਅਤੇ ਟਾਟ ਦੀ ਵਰਦੀ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਸਨ।

ਗ਼ਦਰੀਆਂ ਨੇ ਸਾਰੇ ਹਾਲਾਤ ਭਾਂਪ ਕੇ ਜੇਲ੍ਹ ਤੋੜਨ ਦਾ ਪ੍ਰੋਗਰਾਮ ਬਣਾ ਲਿਆ। ਉਨ੍ਹਾਂ ਨੇ ਆਪਣੇ ਆਪਨੂੰ ਦੋ ਗਰੁੱਪਾਂ ਵਿਚ ਵੰਡ ਲਿਆ। ਇਹ ਹੁਕਮ ਮੰਨਣ ਵਾਲਾ ਅਤੇ ਇਕ ਹੁਕਮਅਦੂਲੀ ਕਰਨ ਵਾਲੇ। ਇਸ ਨਾਟਕ ਵਿਚ ਗ਼ਦਰੀ ਸਫਲ ਹੋ ਗਏ। ਅਧਿਕਾਰੀਆਂ ਨੇ ਹੁਕਮ ਮੰਨਣ ਵਾਲੇ ਗ਼ਦਰੀਆਂ ਨੂੰ ਚੱਕੀਆਂ ਵਿਚੋਂ ਕੱਢਕੇ ਬੈਰਕ ਨੰਬਰ ਚਾਰ ਵਿਚ ਲੈ ਆਂਦਾ।

ਕੁਝ ਦੇਰ ਬਾਅਦ ਤੀਜੇ ਚੌਥੇ ਸਾਜਿਸ਼ ਕੇਸ ਦੇ 12 ਉਮਰ ਕੈਦ ਗ਼ਦਰੀ ਵੀ ਏਸੇ ਹੀ ਜੇਲ੍ਹ ਵਿਚ ਆ ਗਏ ਸਨ।

ਫਰਵਰੀ 1918 ਆ ਗਈ। ਬੈਰਕ ਨੰਬਰ ਚਾਰ ਦੇ "ਸਾਊ" ਗ਼ਦਰੀਆਂ ਨੇ ਜੇਲ੍ਹ ਤੋੜਨ ਦਾ ਪਲੈਨ ਪੂਰਾ ਕਰ ਲਿਆ। ਰਾਮ 9 ਵਜੇ ਤੋਂ 12 ਵਜੇ ਤੱਕ ਜੇਲ੍ਹ ਤੋੜ ਦੇਣ ਦਾ ਫੈਸਲਾ ਹੋ ਗਿਆ। ਗ਼ਦਰੀਆਂ ਨੇ ਸ਼ਾਮ ਤੋਂ ਹੀ ਹੱਲੇ ਦੇ ਸ਼ਬਦ ਉੱਚੀ ਉੱਚੀ ਉਚਾਰਨੇ ਸ਼ੁਰੂ ਕਰ ਦਿੱਤੇ ਸਨ। ਦੂਜੇ ਪਾਸੇ ਪਾੜ ਲਾਉਣ ਵਾਲੇ, ਰੌਸ਼ਨਦਾਨ ਪੁਟਣ ਵਾਲੇ ਆਪਣੇ ਕੰਮ ਵਿਚ ਰੁਝ ਗਏ। ਸੁੱਚਾ ਸਿੰਘ ਅਤੇ ਤੇਜਾ ਸਿੰਘ ਰੌਸ਼ਨਦਾਨ ਪੁੱਟ ਕੇ ਬਾਹਰ ਆ ਗਏ। ਪਾੜ ਲਾ ਰਹੇ ਨੱਥਾ ਸਿੰਘ ਤੇ ਗੁੱਜਰ ਸਿੰਘ ਦੀਆਂ ਕੱਚੇ ਲੋਹੇ ਦੀਆਂ ਸੀਖਾਂ ਦੇ ਮੂੰਹ ਮੁੜ ਗਏ। ਗੰਡਾ ਸਿੰਘ ਨੇ ਪਹਿਰੇਦਾਰ ਨੂੰ ਅਵਾਜ਼ ਮਾਰਕੇ ਪਰਨਾ ਫੜ੍ਹਾਉਣ ਲਈ ਕਿਹਾ। ਨੇੜੇ ਆਉਣ 'ਤੇ ਉਸਨੇ ਹੱਥ ਫੜਕੇ ਸੀਖਾਂ ਦੇ ਵਿੱਚੋਂ ਦੀ ਖਿਚ ਲਿਆ। ਸੁੱਚਾ ਸਿੰਘ ਅਤੇ ਗੰਡਾ ਸਿੰਘ ਨੇ ਪਿਛੋਂ ਦੀ ਫੜ ਲਿਆ। ਪਹਿਰੇਦਾਰ ਹੱਥਾਂ 'ਤੇ ਦੰਦੀਆਂ ਵੱਢਣ ਲੱਗਾ। ਉਨ੍ਹਾਂ ਨੇ ਉਸਦੇ ਮੂੰਹ ਵਿਚ ਬੱਜਰੀ ਪਾ ਕੇ ਸੱਬਲ ਧੱਕ ਦਿੱਤੀ। ਮੂੰਹ 'ਤੇ ਪਰਨਾ ਬੰਨ੍ਹ ਕੇ ਕੰਬਲ ਵਿਚ ਗਠੜੀ ਬੰਨ੍ਹਕੇ ਘਾਹ ਉਤੇ ਸੁੱਟ ਦਿੱਤਾ। ਏਨੇ ਨੂੰ ਬੁੱਢਾ ਹੈੱਡ ਵਾਰਡਨ ਦੌਰੇ 'ਤੇ ਆ ਗਿਆ। ਉਸ ਦੇ ਗਲ ਵਿਚ ਕੋਠੀਆਂ ਦੀਆਂ ਚਾਬੀਆਂ ਸਨ। ਦੋਹਾਂ ਨੇ ਉਸਨੂੰ ਦਬੋਚ ਲਿਆ। ਪਰ ਵਾਰਡਨ ਨੇ ਚਾਬੀਆਂ ਵਗਾਹ ਮਾਰੀਆਂ। ਜਿੰਨੇ ਗੁੱਛੇ ਉਨ੍ਹਾਂ ਨੂੰ ਮਿਲੇ ਉਨ੍ਹਾਂ ਨਾਲ ਕੋਠੀਆਂ ਦੇ ਜੰਦਰੇ ਖੋਲ੍ਹਕੇ 18 ਕੈਦੀ ਬਾਹਰ ਕੱਢ ਲਏ। ਭਾਈ ਰਣਧੀਰ ਸਿੰਘ ਅਤੇ ਕਈ ਹੋਰ ਸਾਥੀਆਂ ਦੇ ਜੰਦਰਿਆਂ ਨੂੰ ਚਾਬੀਆਂ ਨਹੀਂ ਲੱਗ ਰਹੀਆਂ ਸਨ। ਤੜਕੇ ਦੇ ਤਿੰਨ ਵਜੇ ਗਏ। ਨਵੀਂ ਗਾਰਦ ਅੰਦਰ ਆ ਗਈ ਜਿਸ ਨਾਲ ਭੇਦ ਖੁੱਲ੍ਹ ਗਿਆ ਅਤੇ ਅਲਾਰਮ ਹੋ ਗਿਆ। ਹੁਣ ਆਹਮਣੇ-ਸਾਹਮਣੇ ਮੁਕਾਬਲਾ ਹੋ ਗਿਆ। ਗੁੱਜਰ ਸਿੰਘ ਭਕਨਾ ਅਤੇ ਹਰਨਾਮ ਸਿੰਘ ਕਾਲਾਸੰਘਾ ਨੇ ਮਾਚਸ ਦੀ ਤੀਲੀ ਜਗਾ ਕੇ ਲਲਕਾਰਿਆ ਤੇ ਕਿਹਾ, "ਗਾਰਦ ਦੇ ਵਿਚਕਾਰ ਬੰਬ ਮਾਰੋ।" ਇਸ ਦੇ ਨਾਲ ਹੀ ਚਾਬੀਆਂ ਦਾ ਗੁੱਛਾ ਲੁਕ ਵਾਲੇ ਖਾਲੀ ਢੋਲ ਵਿਚ ਮਾਰਿਆ ਜਿਸ ਨਾਲ ਬੰਬ ਜਿਹਾ ਖੜਕਾ ਹੋਇਆ। ਪੁਲਸ

ਅਤੇ ਵਾਰਡਨ ਭਜ ਗਏ।

ਚਾਰ ਨੰਬਰ ਬੈਰਕ ਵਾਲਿਆਂ ਨੇ ਕੋਟ ਦੀ 18 ਫੁੱਟੀ ਕੰਧ ਟੱਪਣ ਦੀ ਪ੍ਰੈਕਟਸ ਪਹਿਲਾਂ ਹੀ ਕੀਤੀ ਹੋਈ ਸੀ। ਇਕ ਦੂਜੇ ਦੇ ਮੋਢੇ 'ਤੇ ਚੜ੍ਹਦਿਆਂ ਪੰਜਵਾਂ ਗ਼ਦਰੀ ਕੰਧ ਉਤੇ ਜਾ ਚੜ੍ਹਿਆ ਸੀ। ਇੰਦਰ ਸਿੰਘ ਸ਼ੇਖ ਦੌਲਤਵਾਨੇ ਨੇ ਕੰਧ ਤੋਂ ਹੇਠਾਂ ਛਾਲ ਮਾਰ ਦਿੱਤੀ। ਏਨੇ ਨੂੰ ਗਾਰਦ ਬਾਹਰ ਵੀ ਆ ਚੁੱਕੀ ਸੀ। ਗਾਰਦ ਨੇ ਇੰਦਰ ਸਿੰਘ ਨੂੰ ਦਬੋਚ ਲਿਆ। ਫੇਰ ਝਟ ਹੀ ਲਾਲ ਸਿੰਘ ਨੇ ਵੀ ਛਾਲ ਦਿੱਤੀ ਅਤੇ ਗਾਰਦ ਨਾਲ ਫਸ ਪਿਆ। ਇਕ ਇਕ ਕਰਕੇ ਸਾਰੇ ਗ਼ਦਰੀਆਂ ਨੇ ਹੇਠਾਂ ਛਾਲ ਮਾਰ ਦਿੱਤੀਆਂ ਅਤੇ ਫਸ-ਫਸਾ ਵਿਚ ਉਨ੍ਹਾਂ ਨੇ ਗਾਰਦ ਦੀਆਂ ਸੋਟੀਆਂ ਖੋਹਕੇ ਉਨ੍ਹਾਂ ਨੂੰ ਕੁੱਟ ਛੱਡਿਆ। ਡਿਓੜ੍ਹੀ ਤੋਂ ਬੰਦੂਕ ਦਾ ਫਾਇਰ ਹੋਇਆ ਪਰ ਕਿਸੇ ਨੇ ਪ੍ਰਵਾਹ ਨਾ ਕੀਤੀ ਅਤੇ ਮੁਕਾਬਲਾ ਕਰਦੇ ਜੰਗਲ ਵਲ ਤੁਰ ਗਏ। 18 ਫੁੱਟੀ ਕੰਧ ਤੋਂ ਛਾਲਾਂ ਮਾਰਦਿਆਂ ਕਈਆਂ ਦੀਆਂ ਤਲੀਆਂ ਫਟ ਗਈਆਂ ਅਤੇ ਕਈਆਂ ਦੇ ਗਿੱਟੇ ਨਿਕਲ ਗਏ। ਠੰਡੇ ਪੈਣ 'ਤੇ ਲਚਾਰ ਗ਼ਦਰੀ ਤੁਰਨ ਤੋਂ ਆਰੀ ਹੋ ਗਏ। ਇਹ ਸਨ ਭਾਈ ਪਾਖਰ ਸਿੰਘ ਢੁਡੀਕੇ, ਭਾਈ ਲਾਲ ਸਿੰਘ ਨਾਰੰਗਵਾਲ, ਭਾਈ ਸੁੰਦਰ ਸਿੰਘ ਦੂਲੋਨੰਗਲ, ਭਾਈ ਹਰਨਾਮ ਸਿੰਘ ਕਾਲਾਸੰਗਾ ਤੇ ਭਾਈ ਕੇਸਰ ਸਿੰਘ ਸੁਰਸਿੰਘ। ਇਨ੍ਹਾਂ ਪੰਜਾਂ ਦੇ ਕਹਿਣ 'ਤੇ ਬਾਕੀ ਦੇ ਗ਼ਦਰੀ ਦੂਰ ਜੰਗਲ ਵਿਚ ਨਿਕਲ ਗਏ। ਜ਼ਖਮੀ 5 ਗ਼ਦਰੀਆਂ ਨੂੰ ਪੁਲਸ ਨੇ ਫੇਰ ਗ੍ਰਿਫਤਾਰ ਕਰ ਲਿਆ ਅਤੇ ਕੁੱਟ ਕੁੱਟ ਕੇ ਅਧਮੋਇਆ ਕਰ ਦਿੱਤਾ। ਜਿਹੜੇ ਗ਼ਦਰੀ ਦੂਰ ਨਿਕਲ ਗਏ ਸਨ ਉਨ੍ਹਾਂ ਵਿਚੋਂ ਹੀਰਾ ਸਿੰਘ ਤੇ ਇੰਦਰ ਸਿੰਘ ਦੇ ਗਿੱਟੇ ਵੀ ਸੁਜ ਗਏ। ਉਨ੍ਹਾਂ ਨੇ ਵੀ ਕਿਹਾ ਕਿ "ਸਾਨੂੰ ਪਾਣੀ ਦੇ ਕਿਨਾਰੇ ਛਡਕੇ ਤੁਸੀਂ ਬਚ ਕੇ ਨਿਕਲ ਜਾਵੋ।"

ਉਸ ਜੰਗਲ ਵਿਚ ਹਰੜ ਅਤੇ ਔਲੇ ਦੇ ਰੁਖ ਸਨ। ਬਾਕੀ ਦੇ ਰਹਿ ਗਏ 11 ਗ਼ਦਰੀਆਂ ਨੇ ਔਲੇ ਖਾ ਕੇ ਪੰਜਾਬ ਵਲ ਮੂੰਹ ਕਰ ਲਿਆ। ਉਹ ਜੰਗਲੀ ਜਾਨਵਰਾਂ ਤੋਂ ਨਹੀਂ ਡਰਦੇ ਸਨ ਪਰ ਆਦਮੀ ਦੀ ਜਾਤ ਤੋਂ ਪਰਾਂ ਰਹਿੰਦੇ ਸਨ। ਹਕੂਮਤ ਨੇ ਪਿੰਡਾਂ ਵਿਚ ਡੌਂਡੀ ਪਿਟਵਾ ਦਿੱਤੀ ਕਿ ਪੰਜਾਬੀ ਡਾਕੂ ਹਜ਼ਾਰੀ ਬਾਗ ਜੇਲ੍ਹ ਵਿਚੋਂ ਫਰਾਰ ਹੋ ਗਏ ਹਨ ਅਤੇ ਜਿਹੜੇ ਉਨ੍ਹਾਂ ਨੂੰ ਫੜਾਉਣਗੇ। ਉਨ੍ਹਾਂ ਨੂੰ ਇਨਾਮ ਦਿੱਤਾ ਜਾਵੇਗਾ। ਇਕ ਦਿਨ ਇਕ ਚਰਵਾਹੇ ਦਾ ਬੱਕਰਾ ਉਨ੍ਹਾਂ ਦੇ ਅੜਿੱਕੇ ਆ ਗਿਆ। ਜੁੱਤੀਆਂ ਦੀਆਂ ਖੁਰੀਆਂ ਨਾਲ ਉਸਨੂੰ ਚੀਰਫਾੜ ਕਰਕੇ ਗੁਰਦੇ ਕਲੇਜੀ ਕੱਢੀ ਅਤੇ ਖਾ ਕੇ ਢਿੱਡ ਦੀ ਭੁੱਖ ਮੱਠੀ ਕੀਤੀ। ਅੱਗੇ ਸੋਨ ਚਾਂਦੀ 'ਤੇ ਪਹਿਰੇ ਲਗੇ ਹੋਏ ਸਨ। ਉਨ੍ਹਾਂ ਨੇ ਨਦੀ ਵਿਚ ਰੁੜ੍ਹਿਆ ਜਾਂਦਾ ਘੜਾ ਫੜਿਆ। ਉਸ ਵਿਚ ਮੁਰਦੇ ਦੀਆਂ ਅਸਤੀਆਂ ਸਨ। ਉਨ੍ਹਾਂ ਨੇ ਘੜਾ ਮਾਂਜਿਆ ਕੂਚਿਆ। ਜੰਗਲ ਦੀਆਂ ਲੱਕੜੀਆਂ ਇਕੱਠੀਆਂ ਕੀਤੀਆਂ ਅਤੇ ਉਸ ਵਿਚ ਬੱਕਰੇ ਦਾ ਮਾਸ ਪਾ ਕੇ ਰਿੰਨ੍ਹ ਲਿਆ। ਫਰਾਗੀ ਤੋਂ ਬਾਅਦ ਇਹ ਉਨ੍ਹਾਂ ਦੀ ਜੰਗਲ ਦੀ ਪਹਿਲੀ ਫੀਸਟ ਸੀ।

ਸ਼ਾਮ ਪੈਂਦਿਆਂ ਉਹ ਸੋਨ ਨਦੀ ਵਿਚ ਨਿਲ੍ਹ ਪਏ ਅਤੇ ਪਾਰ ਕਰਕੇ ਆਰਾ ਜਿਲੇ ਦੇ ਸਰਾਮ ਸ਼ਹਿਰ ਨੇੜੇ ਪਹੁੰਚ ਗਏ। ਏਥੇ ਆ ਕੇ ਇਨ੍ਹਾਂ ਨੇ ਵਖ-ਵਖ ਗਰੁੱਪ ਬਣਾ ਲਏ।

ਸੱਜਣ ਸਿੰਘ ਨਾਰੰਗਵਾਲ, ਗੁੱਜਰ ਸਿੰਘ ਭਕਨਾ ਅਤੇ ਇੰਦਰ ਸਿੰਘ ਸ਼ੇਖ ਦੌਲਤ ਇਕ ਟੋਲੀ ਵਿਚ ਹੋ ਗਏ ਅਤੇ ਬਾਕੀ ਦੂਜੀ ਟੋਲੀ ਵਿਚ। ਉਹ ਸ਼ਹਿਰ ਤੋਂ ਬਚਕੇ ਨਿਕਲਣ ਦੀ ਤਜਵੀਜ਼ ਹੀ ਤਿਆਰ ਕਰ ਰਹੇ ਸਨ ਕਿ ਕਿਸੇ ਦੀ ਸੂਹ 'ਤੇ ਲੋਕ ਡਾਂਗਾ ਲੈ ਕੇ ਆ ਗਏ। ਉਨ੍ਹਾਂ ਨੇ ਗ਼ਦਰੀਆਂ ਦੇ ਦੁਆਲੇ ਘੇਰਾ ਪਾ ਲਿਆ। ਗ਼ਦਰੀਆਂ ਕੋਲ ਜੰਗਲੀ ਸੋਟੇ ਸਨ ਅਤੇ ਪਿੰਡ ਵਾਲਿਆਂ ਕੋਲ ਡਾਂਗਾ ਅਤੇ ਗੰਡਾਸੀਆਂ। ਗ਼ਦਰੀ ਤਿੰਨ ਸਨ ਅਤੇ ਪੇਂਡੂ ਬਹੁਤ ਸਾਰੇ। ਜੰਮ ਕੇ ਲੜਾਈ ਹੋਈ। ਪਿੰਡ ਵਾਲਿਆਂ ਨੇ ਇਨ੍ਹਾਂ ਨੂੰ ਵੱਢ-ਕੁੱਟ ਕੇ ਮੰਜਿਆ 'ਤੇ ਪਾ ਕੇ ਸਰਾਮ ਦੇ ਹਸਪਤਾਲ ਲੈ ਆਂਦਾ। ਜ਼ਖਮੀ ਹਾਲਤ ਵਿਚ ਵੀ ਗੁੱਜਰ ਸਿੰਘ ਭਕਨਾ ਤੋਂ ਰਹਿ ਨਾ ਹੋਇਆ। ਉਸਨੇ ਲੈਕਚਰ ਕਰਨਾ ਸ਼ੁਰੂ ਕਰ ਦਿੱਤਾ : "ਹਿੰਦੀਆਂ ਨੂੰ ਕੌਣ ਗ਼ੁਲਾਮ ਰੱਖ ਸਕਦਾ ਹੈ, ਇਹ ਕੇਵਲ ਇਨ੍ਹਾਂ ਦੀ ਆਪਸੀ ਬੇਇਤਫਾਕੀ ਹੀ ਹੈ ਜੋ ਗੁਲਾਮ ਰਖ ਰਹੀ ਹੈ। ਪ੍ਰਿਥਵੀ ਰਾਜ ਨੇ ਗ਼ਦਾਰੀ ਕੀਤੀ ਅਸੀਂ ਗੁਲਾਮ ਹੋ ਗਏ। ਹੁਣ ਅਸੀਂ ਆਪਸ ਵਿਚ ਲੜ ਰਹੇ ਹਾਂ। ਸੱਜਣ ਸਿੰਘ ਨੇ ਇਨਕਸ਼ਾਫ ਕੀਤਾ ਕਿ 'ਅਸੀਂ ਲਾਹੌਰ ਸਾਜ਼ਿਸ਼ ਕੇਸ ਦੇ ਗ਼ਦਰੀ ਕੈਦੀ ਹਾਂ ਜਿਨ੍ਹਾਂ ਨੇ ਹਿੰਦੋਸਤਾਨ ਨੂੰ ਅੰਗਰੇਜ਼ ਤੋਂ ਅਜ਼ਾਦ ਕਰਾਉਣ ਦਾ ਬੀੜਾ ਚੁੱਕਿਆ ਹੋਇਆ ਹੈ" ਆਦਿ।

ਮਰਹਮ ਪੱਟੀ ਕਰਨ ਵਾਲੇ ਡਾਕਟਰ ਸੋਚਾਂ ਵਿਚ ਪੈ ਗਏ ਅਤੇ ਮਿੱਠਾ ਬੋਲਣ ਲਗੇ ਅਤੇ ਸੇਵਾ ਕਰਨ ਲੱਗ ਪਏ। ਇਨ੍ਹਾਂ ਤਿੰਨਾਂ ਤੋਂ ਬਿਨਾਂ ਬਾਕੀ ਸਾਰੇ ਫਰਾਰ ਗ਼ਦਰੀ ਫੜੇ ਗਏ ਸਨ। ਉਨ੍ਹਾਂ ਨੂੰ ਮੁੜ ਹਜ਼ਾਰੀ ਬਾਗ ਲਿਆਂਦਾ ਗਿਆ ਸੀ ਅਤੇ ਕੋਠੀਆਂ ਵਿਚ ਬੰਦ ਕਰ ਦਿੱਤੇ ਸਨ। ਸਾਰਿਆਂ ਦੀ ਦੋ-ਦੋ ਸਾਲ ਸਜ਼ਾ ਵਧਾ ਦਿੱਤੀ ਗਈ ਸੀ। ਬੁਧ ਸਿੰਘ ਸੁਰਸਿੰਘ, ਤੇਜਾ ਸਿੰਘ ਭਿਖੀਵਿੰਡ ਤੇ ਰਸਾਲਾ 23 ਦੇ ਸੁੱਚਾ ਸਿੰਘ ਸਵਾਰ ਦਾ ਕੀ ਬਣਿਆ। ਅਜੇ ਤੱਕ ਕੋਈ ਉਘਸੁਘ ਨਹੀਂ ਨਿਕਲੀ। ਖਿਆਲ ਕੀਤਾ ਜਾਂਦਾ ਹੈ ਕਿ ਘਣੇ ਜੰਗਲਾਂ ਵਿਚ ਜਾਨਵਰਾਂ ਨੇ ਮਾਰ ਕੇ ਖਾ ਛੱਡੇ ਹੋਣਗੇ। ਗ਼ਦਰੀਆਂ ਦੀ ਇਸ ਫਰਾਰੀ ਦਾ ਕਿੱਸਾ ਬਾਬਾ ਸੱਜਣ ਸਿੰਘ ਨਾਰੰਗਵਾਲ ਦੀ ਜੀਵਨ ਕਥਾ ਤੇ ਫਰਵਰੀ 1918 ਦੇ ਸਟੇਟਸ-ਮੈਨ ਸਿੰਘ ਗ਼ਦਰੀਆਂ ਦੀ ਇਸ ਫਰਾਰੀ ਦੀ ਰੀਪੋਰਟ 'ਤੇ ਅਧਾਰਤ ਹੈ। ਇਸ ਫਰਾਰੀ ਕਾਰਨ ਵਧਾਵਾ ਰਾਮ ਜੇਲ੍ਹਰ, ਜਿਸ ਨੂੰ ਗ਼ਦਰੀ ਮਾਰਖੰਡਾ ਬੈਲ ਕਹਿੰਦੇ ਸਨ, ਦੇ ਵੀ ਸਿੰਘ ਭੱਜ ਗਏ। ਉਸ ਦਾ ਦਰਜਾ ਘਟਾ ਕੇ ਅਸਿਸਟੈਂਟ ਬਣਾ ਦਿੱਤਾ ਗਿਆ ਤੇ ਤਨਖਾਹ ਘਟਾ ਕੇ ਇਕ ਛੋਟੀ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ ਸੀ।

ਕਾਲੇ ਪਾਣੀ ਦੇ ਗ਼ਦਰੀਆਂ ਨੇ ਵੀ ਜੇਲ੍ਹ ਤੋੜ ਕੇ ਲਕੜੀ ਦੇ ਤੁਲੇ ਬਣਾ ਕੇ ਫਰਾਰ ਹੋਣ ਦੀ ਸਕੀਮ ਤਿਆਰ ਕੀਤੀ ਸੀ ਪਰ ਉਨ੍ਹਾਂ ਨੂੰ ਢੁਕਵਾਂ ਮੌਕਾ ਹੱਥ ਨਹੀਂ ਸੀ ਲੱਗਾ।

ਰਾਵਲਪਿੰਡੀ ਜੇਲ੍ਹ ਵਿਚੋਂ ਸਾਰੇ ਸਾਥੀਆਂ ਨੂੰ ਬਾਹਰ ਕੱਢਣ ਦਾ ਸਾਰਾ ਸਮਾਨ ਤਿਆਰ ਹੋ ਗਿਆ ਸੀ। ਪਰ ਬਾਬਾ ਜੁਆਲਾ ਸਿੰਘ ਦੀ ਇਹ ਸਕੀਮ ਕੁਝ ਕੁ ਸਮਾਨ

ਫੜੇ ਜਾਣ ਕਾਰਨ ਸਿਰੇ ਨਾ ਲਗੀ। ਬਾਬਾ ਧਿਆਨ ਸਿੰਘ ਜੰਡਿਆਲਾ ਤੇ ਦੋ ਹੋਰ ਸਾਥੀ ਕੋਟ ਮੌਕਾ ਟੱਪਣ ਤੋਂ ਬਾਅਦ ਤਿੰਨ ਸਾਲ ਹੋਰ ਨਹੀਂ ਸੀ ਆਏ। ਪਰ ਬਾਅਦ ਵਿਚ ਫੜੇ ਜਾਣ 'ਤੇ ਉਨ੍ਹਾਂ ਦੀ ਸਜ਼ਾ ਵਧ ਗਈ ਸੀ। ਇਸ ਸੰਬੰਧ ਵਿਚ ਸ਼ੰਕਰ ਵਾਲੇ ਬੀਰ ਸਿੰਘ ਤੇ ਮੁਨਸ਼ਾ ਸਿੰਘ ਨੂੰ ਪਨਾਹ ਦੇਣ ਦੇ ਦੋਸ਼ ਵਿਚ ਤਿੰਨ ਸਾਲ ਦੀ ਸਜ਼ਾ ਕਰਣੀ ਪਈ ਸੀ।

ਗ਼ਦਰੀ ਸਿਆਸਤ ਵਿਚ ਤਿੱਖਾ ਮੋੜ

ਗ਼ਦਰੀ ਪਾਰਟੀ ਬਸਤੀਆਂ ਦੇ ਲੋਕਾਂ ਦੀ ਸਾਮਰਾਜ ਵਿਰੁੱਧ ਅਤੇ ਆਪਣੇ ਦੇਸਾਂ ਦੀ ਅਜ਼ਾਦੀ ਦੀ ਕੌਮਾਂਤਰੀ ਲੜਾਈ ਦਾ ਇੱਕ ਅਟੁੱਟ ਅੰਗ ਸੀ। ਰੂਸ, ਆਇਰਲੈਂਡ, ਸਲੋਵਾਕੀਆ, ਮਿਸਰ, ਚੀਨ, ਅਫ਼ਗਾਨਿਸਤਾਨ ਵਿਚ ਚੱਲ ਰਹੀਆਂ ਤਰੱਕੀਪਸੰਦ ਲਹਿਰਾਂ ਨਾਲ ਇਸ ਦੇ ਨੇੜੇ ਦੇ ਸੰਬੰਧ ਸਨ। ਇਨ੍ਹਾਂ ਸ਼ਕਤੀਆਂ ਦੀਆਂ ਪ੍ਰਤੀਨਿਧ ਜਥੇਬੰਦੀਆਂ ਦੇ ਵੀ ਦਫਤਰ ਸਨਫਰਾਂਸਿਸਕੋ ਵਿਚ ਸਨ ਜਿਥੇ ਗ਼ਦਰੀ ਪਾਰਟੀ ਦਾ ਹੈਡਕੁਆਟਰ ਸੀ। ਇਨ੍ਹਾਂ ਕੇਂਦਰਾਂ ਵਿਚਕਾਰ ਸੰਚਾਰ, ਵਿਚਾਰਾਂ ਅਤੇ ਲਿਟਰੇਚਰ ਦਾ ਅਦਾਨ-ਪ੍ਰਦਾਨ ਨਿਰਵਿਘਨ ਸੀ। ਗ਼ਦਰ ਅਖ਼ਬਾਰ ਨੇ ਨਾ ਕੇਵਲ ਹਿੰਦੋਸਤਾਨ ਦੇ ਹਾਲਾਤ ਦਾ ਹੀ ਵਿਸ਼ਲੇਸ਼ਣ ਕੀਤਾ ਜਾਂ ਸਿਆਮਜੀ ਕ੍ਰਿਸ਼ਨ ਵਰਮਾ, ਸਾਵਰਕਰ, ਮੈਡਮ ਕਾਮਾ, ਸਰਦਾਰ ਅਜੀਤ ਸਿੰਘ ਅਤੇ ਬੰਗਾਲ ਦੇ ਨੌਜਵਾਨ ਇਨਕਲਾਬੀਆਂ ਆਦਿ ਬਾਰੇ ਹੀ ਵੇਰਵੇ ਲਿਖੇ ਸਗੋਂ ਵਖ-ਵਖ ਯੋਧਿਆਂ ਦਾ ਵੀ ਵਰਨਣ ਕੀਤਾ। 1905 ਦੇ ਰੂਸੀ ਇਨਕਲਾਬ ਬਾਰੇ ਕਾਫੀ ਵਿਸਥਾਰ ਵਿਚ ਲਿਖਿਆ ਗਿਆ ਸੀ। ਮੈਜ਼ਨੀ, ਗੈਰੀਬਾਲਦੀ ਅਤੇ ਆਇਰਸ਼, ਸਲੋਵਾਕ, ਰੂਸੀ ਤੇ ਦੂਜੇ ਇਨਕਲਾਬੀਆਂ ਦੀ ਜੀਵਨ ਵਿਥਿਆ ਬਾਰੇ ਵੀ ਲਿਖਿਆ ਸੀ।

1917 ਦੇ ਸ਼ੁਰੂ ਵਿਚ 'ਰੂਸੀ ਇਨਕਲਾਬੀਆਂ ਬਾਰੇ ਖ਼ਬਰਨਾਮਾ' ਨਾਂ ਦਾ ਇਕ 64 ਸਫਿਆਂ ਦਾ ਕਿਤਾਬਚਾ ਉਰਦੂ, ਪੰਜਾਬੀ ਅਤੇ ਹਿੰਦੀ ਵਿਚ ਛਾਪਿਆ ਗਿਆ ਸੀ। ਦਸ-ਦਸ ਹਜ਼ਾਰ ਕਾਪੀ ਛਾਪ ਕੇ ਸਾਰੇ ਸੰਸਾਰ ਵਿਚ ਮੁਫਤ ਵੰਡੀ ਗਈ ਸੀ। ਇਸ ਪ੍ਰਕਾਸ਼ਨ ਵਿਚ ਇਨ੍ਹਾਂ ਲੋਕਾਂ ਦੀ ਇਤਿਹਾਸਕ ਰੂਪ ਵਿਚ ਉਸ ਸਮੇਂ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕੀਤੀ ਗਈ ਸੀ। ਜ਼ਾਰ ਵਲੋਂ ਉਨ੍ਹਾਂ ਲੋਕਾਂ ਨੂੰ ਦਿਤੇ ਜਾ ਰਹੇ ਕਸ਼ਟ ਅਤੇ ਤਸੀਹੇ ਸਾਹਮਣੇ ਲਿਆਂਦੇ ਗਏ ਸਨ। ਇਹ ਲਿਖਿਆ ਗਿਆ ਸੀ ਕਿ ਚਾਪਲੂਸੀ ਅਤੇ ਹੈਂਕੜਬਾਜ਼ ਜਗੀਰਦਾਰਾਂ ਨੇ ਸੈਂਕੜੇ ਏਕੜ ਜ਼ਮੀਨ ਹੜੱਪੀ ਹੋਈ ਸੀ। ਬੇਜ਼ਮੀਨੇ ਮਜ਼ਦੂਰ ਅਤੇ ਛੋਟੇ ਕਿਸਾਨ, ਜਿਹੜੇ ਅਸਲ ਵਾਹੀ ਕਰਦੇ ਹਨ, ਇਨ੍ਹਾਂ ਦੀ ਲੁੱਟ ਦਾ ਸ਼ਿਕਾਰ ਸਨ। ਇਹ ਅਮੀਰਜ਼ਾਦੇ ਉਨ੍ਹਾਂ ਨੂੰ ਆਪਣੀ ਨਿਜੀ ਜਾਇਦਾਦ ਦਾ ਹਿਸਾ ਸਮਝਦੇ ਸਨ। ਅਤੇ ਉਨ੍ਹਾਂ ਦੀ ਹੋਂਦ ਦੇ ਹਰ ਪਹਿਲੂ 'ਤੇ ਆਪਣਾ ਅਧਿਕਾਰ ਸਮਝਦੇ ਸਨ। ਆਪਣੇ-ਆਪਣੇ ਮਾਲਕ ਦੇ ਮਾਤਹਿਤ ਕੰਮ ਕਰ ਰਿਹਾ ਕੋਈ ਵੀ ਵਿਅਕਤੀ ਆਪਣੀ ਮਰਜ਼ੀ ਨਾਲ ਕੰਮ ਨਹੀਂ ਸੀ ਛੱਡ ਸਕਦਾ। ਕਿਸਾਨ ਜੇਕਰ ਕੋਈ

ਅਜਿਹਾ ਕੰਮ ਕਰਦੇ, ਜਿਸ ਨਾਲ ਉਨ੍ਹਾਂ ਦੀ ਤਾਕ ਦੀ ਹੱਤਕ ਹੁੰਦੀ, ਤਾਂ ਉਨ੍ਹਾਂ ਨੂੰ ਚਾਬਕਾਂ ਮਾਰੀਆਂ ਜਾਂਦੀਆਂ ਸਨ, ਉਨ੍ਹਾਂ ਨੂੰ ਖੰਭਿਆਂ ਨਾਲ ਬੰਨ੍ਹ ਕੇ ਕੁਟਿਆ ਜਾਂਦਾ ਸੀ, ਉਨ੍ਹਾਂ ਨੂੰ ਕੈਦ ਕੀਤਾ ਜਾਂਦਾ ਸੀ ਅਤੇ ਹਰ ਕਿਸਮ ਦੇ ਤਸ਼ੱਦਦ ਕੀਤੇ ਜਾਂਦੇ ਸਨ। ਇਸ ਤੋਂ ਬਿਨਾਂ, ਸਾਰੇ ਟੈਕਸ ਅਦਾ ਕਰਨ ਅਤੇ ਵਗਾਰਾਂ ਭਰਨ ਤੋਂ ਬਾਅਦ ਉਨ੍ਹਾਂ ਕੋਲ ਆਪਣੇ ਪਰਵਾਰ ਲਈ ਘਟ ਤੋਂ ਘਟ ਬਚਦਾ ਸੀ। ਰੂਸ ਦੇ ਕੱਟੜਪੰਥੀ ਚਰਚਾ ਦਾ ਇਨ੍ਹਾਂ ਲੁਟੇਰਿਆਂ ਨਾਲ ਨੇੜੇ ਦਾ ਸੰਬੰਧ ਸੀ। ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ ਕਿ ਇਸ ਪ੍ਰਬੰਧ ਵਿਚ ਲੋਕਾਂ ਦੇ ਕੋਈ ਹੱਕ ਹਕੂਕ ਨਹੀਂ ਹਨ ਤੇ ਇਸ ਘੜੀ ਉਹ ਜਾਬਰ ਹਕੂਮਤ ਦੇ ਤਖਤਾ ਪਲਟਣ ਅਤੇ ਅਜਿਹਾ ਰਾਜ ਕਾਇਮ ਕਰਨ ਲਈ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ ਜਿਸ ਵਿਚ ਮਜ਼ਦੂਰ ਕਿਸਾਨ ਆਪਣੀ ਕਿਸਮਤ ਦੇ ਮਾਲਕ ਆਪ ਹੋਣ ਅਤੇ ਆਦਮੀ ਹੱਥੋਂ ਆਦਮੀ ਦੀ ਲੁਟ ਦਾ ਅੰਤ ਹੋ ਜਾਵੇ। ਇਹ ਕਦੀ ਬਾਹਾਂ 'ਤੇ ਦੁਹਰਾਕੇ ਲਿਖਿਆ ਗਿਆ ਸੀ ਕਿ ਤਾਂ ਵੀ ਇਨਕਲਾਬ ਅਗੇ ਵਧ ਰਿਹਾ ਹੈ ਅਤੇ ਦੁਸ਼ਮਣਾਂ ਦੀਆਂ ਸਫਾਂ ਟੁੱਟ-ਭੱਜ ਰਹੀਆਂ ਹਨ ਅਤੇ ਦਬੇ ਕੁਚਲਿਆਂ ਦੀ ਜਿੱਤ ਬੜੀ ਨੇੜੇ ਹੈ। ਵਾਰ-ਵਾਰ ਇਸ ਗਲ 'ਤੇ ਜ਼ੋਰ ਦਿੱਤਾ ਗਿਆ ਸੀ ਕਿ ਰੂਸ ਵਿਚ ਚੱਲ ਰਹੀ ਇਸ ਕਿਸਮ ਦੀ ਲਹਿਰ ਦੁਨੀਆਂ ਦੀ ਬਿਹਤਰੀ ਲਈ ਨਵੇਂ ਵਿਚਾਰਾਂ, ਨਵੀਆਂ ਆਸਾਂ ਅਤੇ ਨਵੀਆਂ ਯੋਜਨਾਵਾਂ ਨੂੰ ਕਿਰਤੀਆਂ ਦੇ ਦਿਮਾਗਾਂ ਵਿਚ ਬਿਠਾਇਆ ਹੈ। ਇਸ ਅਨੁਸਾਰ ਇਹ ਬਹੁਤ ਹੀ ਮਹੱਤਵਪੂਰਨ ਹੈ ਕਿ ਹਿੰਦੋਸਤਾਨ ਦੇ ਲੋਕ, ਖਾਸ ਕਰਕੇ ਨੌਜਵਾਨ, ਰੂਸੀ, ਇਨਕਲਾਬ ਤੋਂ ਜਾਣੂ ਹੋਣ। ਇਸ ਨੇ ਉਨ੍ਹਾਂ ਇਨਕਲਾਬਾਂ ਦੇ ਵੀ ਵੇਰਵੇ ਦਿਤੇ ਜਿਹੜੇ ਇਸ ਤੋਂ ਪਹਿਲਾਂ ਵਾਪਰੇ ਸਨ, ਜਿਵੇਂ ਫਰਾਂਸ ਦਾ ਇਨਕਲਾਬ। ਉਸ ਸਮੇਂ ਦੇ ਚੀਨ ਅਤੇ ਤੁਰਕੀ ਵਿਚ ਚਲ ਰਹੇ ਘੋਲਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਸੀ। ਕਿਤਾਬਚੇ ਦੇ ਲੇਖਕਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਕ ਦੇਸ ਅੰਦਰ ਜਬਰ ਅਤੇ ਲੁੱਟ-ਖਸੁੱਟ ਵਿਰੁੱਧ ਚਲਦੀ ਲੜਾਈ ਦਾ ਅਸਰ ਸਾਰੇ ਸੰਸਾਰ ਉਤੇ ਪੈਂਦਾ ਹੈ। ਦੀਵੇ ਨਾਲ ਦੀਵਾ ਜਗਦਾ ਹੈ। ਉਨ੍ਹਾਂ ਦਾ ਇਹ ਵੀ ਵਿਸ਼ਵਾਸ ਸੀ ਕਿ ਕਿਤੇ ਵੀ ਚੱਲ ਰਹੀ ਅਗਾਂਹਵਧੂ ਬਗਾਵਤ ਨੂੰ ਦਬਾਉਣ ਲਈ ਸਾਰੇ ਜਾਬਰ ਇੱਕਠੇ ਹੋ ਜਾਂਦੇ ਹਨ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਜਦੋਂ ਫਰਾਂਸ ਦੇ ਲੋਕਾਂ ਨੇ ਸਦੀਆਂ ਪੁਰਾਣੇ ਗੰਦ ਨੂੰ ਹੂੰਝ ਸੁਟਣ ਲਈ ਡਾਂਗਾਂ ਸੋਟੇ ਚੁੱਕ ਲਏ ਸਨ ਤਾਂ ਸਾਰੀ ਦੁਨੀਆਂ ਦੇ ਬਾਦਸ਼ਾਹਾਂ ਰਾਜਿਆਂ ਅਤੇ ਜਾਬਰਾਂ ਨੂੰ ਕਿਆਮਤ ਦਾ ਦਿਨ ਨੇੜੇ ਆਉਂਦਾ ਨਜ਼ਰ ਆਉਣ ਲਗ ਪਿਆ ਸੀ ਅਤੇ ਉਹ ਹੋਂਦ ਵਿਚ ਆਈ ਨਵੀਂ ਹਕੂਮਤ ਨੂੰ ਬਰਬਾਦ ਕਰਨ ਲਈ ਇਕਮੁੱਠ ਹੋ ਗਏ ਸਨ। ਤਾਂ ਵੀ, ਉਨ੍ਹਾਂ ਦੀਆਂ ਘਿਨਾਉਣੀਆਂ ਸਕੀਮਾਂ ਫੇਲ੍ਹ ਹੋ ਗਈਆਂ ਸਨ ਅਤੇ ਉਨ੍ਹਾਂ ਨੂੰ ਨਵੇਂ ਹਾਲਾਤ ਨਾਲ ਸਮਝੌਤਾ ਕਰਨਾ ਪਿਆ ਸੀ। ਏਸੇ ਤਰ੍ਹਾਂ ਹੀ ਇਹ ਮਹਿਸੂਸ ਕੀਤਾ ਗਿਆ ਕਿ ਰੂਸੀ ਲੋਕਾਂ ਨੂੰ ਇਕਮੁਠ ਹੋ ਜਾਣ ਤੋਂ ਰੋਕਣ ਲਈ ਸਾਡੇ ਲੁਟੇਰੇ ਹਾਕਮ ਇਕ ਹੋ ਜਾਣਗੇ, ਪਰ ਇਹ ਅੱਕ ਉਨ੍ਹਾਂ ਨੂੰ ਚੱਬਣਾ ਹੀ ਪੈਣਾ ਸੀ।

ਰੂਸੀ ਇਨਕਲਾਬ ਤਕ ਗ਼ਦਰ ਪਾਰਟੀ ਫਰਾਂਸ ਦੇ ਇਨਕਲਾਬ ਦੇ ਅਸੂਲਾਂ ਤੋਂ ਸੇਧ ਲੈਂਦੀ ਰਹੀ ਸੀ, ਮਸਲਨ : ਅਜ਼ਾਦੀ, ਬਰਾਬਰੀ ਅਤੇ ਭਰੱਪਣ। ਤਾਂ ਵੀ ਬਾਲਸ਼ਵਿਕਾਂ ਦੇ ਕਾਰਜ ਦਾ ਪਾਰਟੀ ਅਤੇ ਇਸ ਦੀਆਂ ਸਰਗਰਮੀਆਂ 'ਤੇ ਡੂੰਘਾ ਅਸ਼ਰ ਸੀ। ਉਹ ਇਸ ਵਿਚੋਂ ਆਸ ਦੀ ਕਿਰਨ ਦੇਖਦੇ ਸਨ ਜਦੋਂ ਕਿ ਲਾਮਿਸਾਲ ਕੁਰਬਾਨੀਆਂ ਦੇ ਬਾਵਜੂਦ ਸਾਲਾਂ ਦੇ ਸਾਲ ਉਨ੍ਹਾਂ ਨਾਕਾਮਯਾਬੀਆਂ ਹੋਈਆਂ ਸਨ। ਮਜ਼ਦੂਰਾਂ ਅਤੇ ਕਿਸਾਨਾਂ ਦੀ ਜਥੇਬੰਦਕ ਬਗਾਵਤ ਦੇ ਭੇਦ ਵਿਚ ਭਰੋਸੇ ਨੇ ਗ਼ਦਰ ਲਹਿਰ ਨੂੰ ਨਵਾਂ ਮੋੜ ਦਿੱਤਾ। ਇਹ ਸੁਭਾਵਕ ਹੋ ਗਿਆ ਕਿ ਨਵੀਂ ਵਿਚਾਰਧਾਰਾ ਇਸ ਨੂੰ ਸੇਧ ਦੇਵੇਗੀ। ਗ਼ਦਰੀ (ਜਿਵੇਂ ਕਿ ਉਨ੍ਹਾਂ ਦੀਆਂ ਲਿਖਤਾਂ ਤੋਂ ਸਾਫ ਹੈ) ਸ਼ੁਰੂ ਤੋਂ ਹੀ ਬਾਦਸ਼ਾਹਤਾਂ ਦੇ ਖਿਲਾਫ ਸਨ। ਉਨ੍ਹਾਂ ਨੇ ਹਮੇਸ਼ਾ ਇਹ ਹੀ ਸਮਝਿਆ ਸੀ ਕਿ ਜਗੀਰਦਾਰੀ ਵਾਲੇ ਵਿਹਾਅ ਚੁੱਕੀ ਹੈ ਅਤੇ ਉਹ ਭਾਰਤ ਵਿਚ ਇਸ ਤੋਂ ਪਿੱਛਾ ਛੁਡਾਉਣ ਲਈ ਲੜ ਰਹੇ ਸਨ। ਗ਼ਦਰ ਪਾਰਟੀ ਦੇ ਬਾਨੀਆਂ ਨੇ ਪੁਰਾਣੇ ਰਾਜੇ ਰਾਣਿਆਂ ਦੇ ਗੁਣਗਾਣ ਕਰਨ ਦੀ ਹਮੇਸ਼ਾ ਹੀ ਨਿੰਦਾ ਕੀਤੀ ਸੀ ਅਤੇ ਇਨ੍ਹਾਂ ਨੂੰ ਬਰਤਾਨਵੀ ਰਾਜ ਦੇ ਖਾਤਮੇ ਤੋਂ ਮਗਰੋਂ ਸਮਾਜ ਨੂੰ ਬਦਲਣ ਵਾਸਤੇ ਨਮੂਨੇ ਵਜੋਂ ਵਰਤਣ ਵਿਰੁੱਧ ਤਾੜਨਾ ਕੀਤੀ ਸੀ। ਉਹ ਕਿਸੇ ਵੀ ਕਿਸਮ ਦੀ ਫਿਰਕਾਪ੍ਰਸਤੀ, ਇਕਾਲਾਪ੍ਰਸਤੀ ਅਤੇ ਸ਼ਾਵਨਵਾਦ ਦੇ ਖਿਲਾਫ਼ ਸੀ। ਪੰਜਾਬ ਦੇ ਇਹ ਲੋਕ ਸੱਚੇ ਦਿਲੋਂ ਧਰਮ-ਨਿਰਲੇਪ ਸਨ। ਉਹ ਇਕ ਦੂਜੇ ਦੇ ਧਰਮ ਦਾ ਆਦਰ ਕਰਦੇ ਸਨ ਪਰ ਧਰਮ ਦੇ ਅਧਾਰ ਉਤੇ ਪਾੜ ਪਾਉਣ ਦੇ ਵਿਰੋਧੀ ਸੀ ਜਿਸ ਨੂੰ ਗ਼ੁਲਾਮੀ ਦਾ ਚਿੰਨ੍ਹ ਸਮਝਦੇ ਸਨ। ਉਹ ਇਸ ਖਿੱਤੇ ਦੇ ਲੋਕਾਂ ਦੀ ਜ਼ਬਾਨ ਦੀ ਮਹੱਤਤਾ ਬਾਰੇ ਬੜੇ ਹੀ ਸੁਚੇਤ ਸਨ। ਉਨ੍ਹਾਂ ਨੇ ਲਗਾਤਾਰ ਉਰਦੂ, ਪੰਜਾਬੀ, ਹਿੰਦੀ, ਗੁਜਰਾਤੀ, ਪਖਤੂਨ, ਨੇਪਾਲੀ ਆਦਿ ਵਿਚ ਲਿਟਰੇਚਰ ਛਾਪਿਆ। ਅਸਲ ਵਿਚ ਇਹ ਉਨ੍ਹਾਂ ਦਾ ਹੀ ਕੰਮ ਸੀ ਕਿ ਪੰਜਾਬੀਆਂ ਨੂੰ ਸਮਾਜੀ ਅਤੇ ਰਾਜਸੀ ਲਿਖਤਾਂ ਵਿਚ ਵਰਤਿਆ, ਜਿਸ ਨੂੰ ਕਿ ਪਹਿਲਾਂ ਪੇਂਡੂ ਗੰਵਾਰਾਂ ਦੀ ਅੱਖੜ ਜ਼ੁਬਾਨ ਕਿਹਾ ਜਾਂਦਾ ਸੀ। ਭਾਵੇਂ ਕਿ ਪਾਰਟੀ ਦੇ ਆਗੂ ਅਤੇ ਕਾਰਕੁਨ ਦੇਸ ਦੇ ਵੱਖ-ਵੱਖ ਭਾਗਾਂ ਨਾਲ ਸੰਬੰਧਤ ਸਨ ਤੇ ਉਨ੍ਹਾਂ ਦੀਆਂ ਜੜ੍ਹਾਂ ਵੱਖ-ਵੱਖ ਕੌਮੀਅਤਾਂ ਵਿਚ ਸਨ, ਪਰ ਉਹ ਇਕ ਦੇਸ ਵਜੋਂ ਹਿੰਦੋਸਤਾਨ ਦੀ ਏਕਤਾ ਅਤੇ ਪਛਾਣ ਬਾਰੇ ਬੜੇ ਸਾਫ ਸਨ ਅਤੇ ਉਹ ਆਪਣੇ ਆਪ ਨੂੰ ਹਿੰਦੋਸਤਾਨੀ ਕਹਾਉਣ ਵਿਚ ਮਾਣ ਮਹਿਸੂਸ ਕਰਦੇ ਸਨ। ਪਾਰਟੀ ਦੀ ਬਾਰਾਂ ਸਾਲਾਂ ਦੀ ਹੋਂਦ ਦੌਰਾਨ ਉਹ ਕਿਸੇ ਵੀ ਸਮੇਂ ਅਗਾਂਹਵਧੂ ਲਹਿਰ ਨਾਲ ਜੁੜਨ ਵਾਸਤੇ ਤਿਆਰ ਰਹਿੰਦੇ ਸਨ ਅਤੇ ਉਨ੍ਹਾਂ ਨੇ ਹਮੇਸ਼ਾ ਹੀ ਅਜਿਹੀਆਂ ਲਹਿਰਾਂ ਦੀ ਦਿਲੋਂ ਹਮਾਇਤ ਕੀਤੀ ਸੀ। ਇਨ੍ਹਾਂ ਤੱਥਾਂ ਸਦਕਾ ਇਹ ਕੁਦਰਤੀ ਸੀ ਕਿ ਅਕਤੂਬਰ ਇਨਕਲਾਬ ਦੀ ਵਿਚਾਰਧਾਰਾ ਉਨ੍ਹਾਂ ਨੂੰ ਆਪਣੇ ਵੱਲ ਖਿੱਚਦੀ। ਇਸ ਵਿਚੋਂ ਉਨ੍ਹਾਂ ਨੂੰ ਆਪਣੇ ਵਿਚਾਰਾਂ ਅਤੇ ਖਾਹਸ਼ਾਂ ਦਾ ਸੁਚੇਤ ਝਲਕਾਰਾ ਪਿਆ।

ਇਨ੍ਹਾਂ ਸਾਲਾਂ ਦੌਰਾਨ ਹਿੰਦੋਸਤਾਨ, ਬਰਮਾ, ਸਿੰਘਾਪੁਰ ਆਦਿ ਦੇਸਾਂ ਵਿਚ ਸੈਂਕੜੇ ਹੀ ਗ਼ਦਰੀ ਸ਼ਹੀਦ ਹੋਏ ਅਤੇ ਫਾਂਸੀਆਂ 'ਤੇ ਲਟਕਾਏ ਗਏ। ਸੈਂਕੜਿਆਂ ਨੂੰ

ਅੰਡੇਮਾਨ ਅਤੇ ਹਜ਼ਾਰੀ ਬਾਗ ਦੀਆਂ ਜੇਲ੍ਹਾਂ ਵਿਚ ਸੀਖਾਂ ਪਿਛੇ ਕੈਦ ਕੀਤਾ ਗਿਆ ਸੀ। ਜਿਹੜੇ ਬਚ ਗਏ ਸਨ ਉਹ ਵਾਪਸ ਅਮਰੀਕਾ ਆ ਗਏ ਸਨ। ਇਥੇ ਵੀ ਉਨ੍ਹਾਂ ਦੇ ਆਉਣ ਤੋਂ ਜਲਦੀ ਹੀ ਬਾਅਦ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਉਨ੍ਹਾਂ 'ਤੇ ਸਨਫਰਾਂਸਿਸਕੋ ਸਾਜ਼ਸ਼ ਕੇਸ ਚਲਾ ਕੇ ਜੇਲ੍ਹੀਂ ਭੇਜ ਦਿੱਤਾ ਗਿਆ ਸੀ। ਗ਼ਦਰ ਪਾਰਟੀ ਲਈ ਇਹ ਸਭ ਤੋਂ ਔਖਾ ਸਮਾਂ ਸੀ। ਬਰਤਾਨਵੀ ਸਰਕਾਰ ਨੇ ਇਸ ਮੌਕੇ ਦਾ ਪੂਰਾ ਫਾਇਦਾ ਉਠਾਇਆ ਅਤੇ ਅਮਰੀਕੀ ਅਧਿਕਾਰੀਆਂ ਉਤੇ ਪੂਰਾ ਦਬਾਅ ਪਾਇਆ ਕਿ ਉਹ ਗ਼ਦਰੀਆਂ ਨੂੰ ਸਜ਼ਾ ਖਤਮ ਹੋਣ 'ਤੇ ਹਿੰਦੋਸਤਾਨ ਨੂੰ ਡੀਪੋਰਟ ਕਰ ਦੇਣ। ਉਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਜੇਕਰ ਉਨ੍ਹਾਂ ਨੂੰ ਵਾਪਸ ਭੇਜਿਆ ਗਿਆ ਤਾਂ ਉਨ੍ਹਾਂ ਨੂੰ ਫਾਂਸੀ ਦਾ ਸਾਹਮਣਾ ਕਰਨਾ ਪਵੇਗਾ। ਇਸ ਨਾਜ਼ੁਕ ਸਮੇਂ ਅਮਰੀਕਾ ਦੀ ਟਰੇਡ ਯੂਨੀਅਨ ਲਹਿਰ ਅਥਵਾ ਆਈ.ਡਬਲਯੂ.ਡਬਲਯੂ. ਇਨ੍ਹਾਂ ਬਹਾਦਰ ਅਜ਼ਾਦੀ ਸੰਗਰਾਮੀਆਂ ਦੀ ਪਿੱਠ 'ਤੇ ਆਈ। ਕਮਿਊਨਿਸਟਾਂ ਅਤੇ ਸੋਸ਼ਲਿਸਟਾਂ ਨੇ ਵੀ ਇਨ੍ਹਾਂ ਦੀ ਹਮਾਇਤ ਕੀਤੀ। ਉਨ੍ਹਾਂ ਨੇ ਗ਼ਦਰੀਆਂ ਦੇ ਹੱਕ ਵਿਚ ਜਨਤਕ ਰਾਏ ਲਾਮਬੰਦ ਕੀਤੀ। ਬਹਾਦਰ ਅਮਰੀਕੀ ਲੜਕੀ ਮਿਸ ਐਗਨਸ ਸਮੈਡਲੇ ਨੇ 'ਫਰੈਂਡਸ ਆਫ ਇੰਡੀਆ' ਬਣਾਈ। ਉਨ੍ਹਾਂ ਨੇ ਗ਼ਦਰੀਆਂ ਦੇ ਇਰਾਦੇ ਅਤੇ ਸਰਗਰਮੀਆਂ ਬਾਰੇ ਪੈਂਫਲਿਟ ਛਾਪੇ ਤੇ ਵੰਡੇ। ਉਨ੍ਹਾਂ ਨੇ ਬਰਤਾਨੀਆਂ ਸਰਕਾਰ ਵਲੋਂ ਗ਼ਦਰੀਆਂ 'ਤੇ ਢਾਹੇ ਜ਼ੁਲਮਾਂ ਬਾਰੇ ਵੀ ਲੋਕਾਂ ਨੂੰ ਜਾਣੂ ਕਰਾਇਆ। ਉਨ੍ਹਾਂ ਨੇ ਲਗਾਤਾਰ ਅਖ਼ਬਾਰਾਂ ਨੂੰ ਬਿਆਨ ਦਿੱਤੇ। ਇਸ ਨਾਲ ਅਮਰੀਕੀ ਬੁੱਧਜੀਵੀਆਂ ਤੇ ਮਨੁੱਖਵਾਦੀਆਂ ਦੇ ਇਕ ਹਿੱਸੇ ਦੇ ਜਜ਼ਬਾਤਾਂ ਨੂੰ ਹਲੂਣਿਆ। ਰੂਸੀ, ਆਇਰਸ ਤੇ ਚੀਨੀ ਸੁਸਾਇਟੀਆਂ ਵੀ ਇਨ੍ਹਾਂ ਦੀ ਪਿੱਠ 'ਤੇ ਆ ਗਈਆਂ। ਨਤੀਜਾ ਇਹ ਨਿਕਲਿਆ ਕਿ ਸਿਆਟਲ ਦੀ ਅਦਾਲਤ ਨੇ ਗ਼ਦਰੀਆਂ ਨੂੰ ਅਮਰੀਕਾ ਵਿਚੋਂ ਕੱਢਣ ਵਿਰੁੱਧ ਫੈਸਲਾ ਸੁਣਾ ਦਿਤਾ। ਹੁਣ ਦੋਸਤਾਂ ਅਤੇ ਦੁਸ਼ਮਣਾਂ ਵਿਚਕਾਰ ਲਕੀਰ ਖਿੱਚੀ ਜਾ ਚੁਕੀ ਸੀ। ਇਕ ਪਾਸੇ ਬਰਤਾਨੀਆਂ ਨਿਵਾਜ਼ ਅਮਰੀਕੀ ਅਧਿਕਾਰੀ, ਇਸ ਦੀ ਪੁਲਸ ਅਤੇ ਇਮੀਗਰੇਸ਼ਨ ਅਧਿਕਾਰੀ ਸਨ ਜਿਹੜੇ ਬਰਤਾਨਵੀ ਸਰਕਾਰ ਦੇ ਖੰਘੂਰੇ 'ਤੇ ਲਗੇ ਹੋਏ ਸਨ ਅਤੇ ਇਨ੍ਹਾਂ ਬਹਾਦਰ ਗ਼ਦਰੀਆਂ ਨੂੰ ਹਿੰਦੋਸ਼ਤਾਨ ਵਾਪਸ ਭੇਜਣਾ ਚਾਹੁੰਦੇ ਸਨ ਤੇ ਉਨ੍ਹਾਂ ਦਾ ਕਤਲ ਯਕੀਨੀ ਬਨਾਉਣਾ ਚਾਹੁੰਦੇ ਸਨ, ਦੂਜੇ ਪਾਸੇ ਅਮਰੀਕਾ ਦੇ ਲੋਕਾਂ ਦਾ ਇਕ ਹਿੱਸਾ ਸੀ ਜਿਵੇਂ, ਟਰੇਡ ਯੂਨੀਅਨਾਂ, ਸੋਸ਼ਲਿਸਟ, ਕਮਿਊਨਿਸਟ, ਅਗਾਂਹਵਧੂ ਬੁੱਧੀਜੀਵੀ ਅਤੇ ਮਨੁੱਖਪ੍ਰਸਤ, ਜਿਨ੍ਹਾਂ ਨੇ ਹਿੰਦੋਸਤਾਨੀ ਇਨਕਲਾਬੀਆਂ ਦੀ ਜਾਨ ਬਚਾਉਣ ਤੇ ਅਜ਼ਾਦ ਕਰਾਉਣ ਲਈ ਅਵਾਜ਼ ਬੁਲੰਦ ਕੀਤੀ। ਗ਼ਦਰੀਆਂ ਦੀ ਅਮਰੀਕਾ ਅੰਦਰ ਇਹ ਪਹਿਲੀ ਜਿੱਤ ਸੀ। ਗ਼ਦਰੀਆਂ ਅਤੇ ਲੋੜ ਵੇਲੇ ਮਦਦ 'ਤੇ ਆਏ ਅਮਰੀਕੀਆਂ ਵਿਚਕਾਰ ਸਥਾਈ ਰਿਸ਼ਤੇ ਕਾਇਮ ਹੋਣ ਵਿਚ ਬੜਾ ਲੰਮਾ ਸਮਾਂ ਲੱਗਾ।

ਜੇਲ੍ਹ ਵਿਚ ਰਹਿੰਦਿਆਂ ਗ਼ਦਰੀਆਂ ਦੇ ਆਈ.ਡਬਲਯੂ.ਡਬਲਯੂ. ਦੇ ਆਗੂਆਂ, ਸੋਸ਼ਲਿਸਟਾਂ ਅਤੇ ਕਮਿਊਨਿਸਟਾਂ ਨਾਲ ਨੇੜੇ ਦੇ ਸੰਬੰਧ ਬਣ ਗਏ। ਇਸ ਨੇ ਉਨ੍ਹਾਂ ਨੂੰ

ਮਾਰਕਸਵਾਦੀ ਲਿਟਰੇਚਰ ਪੜ੍ਹਨ ਦਾ ਮੌਕਾ ਦਿਤਾ। ਰਿਹਾਈ ਤੋਂ ਬਾਅਦ ਉਨ੍ਹਾਂ ਨੇ ਅਗਲਾ ਪ੍ਰੋਗਰਾਮ ਉਲੀਕਣ ਵਾਸਤੇ ਮੀਟਿੰਗ ਬੁਲਾਈ। ਲੋੜ ਮਹਿਸੂਸ ਕੀਤੀ ਗਈ ਕਿ ਨਵੇਂ ਤਰੀਕੇ ਘੜੇ ਜਾਣ। ਸਵਾਲ ਇਹ ਪੈਦਾ ਹੁੰਦਾ ਸੀ ਕਿ ਏਨੀਆਂ ਕੁਰਬਾਨੀਆਂ ਕਰਨ ਤੋਂ ਬਾਅਦ ਜਿੰਨੀਆਂ ਕਿ ਪਹਿਲਾਂ ਕਦੇ ਦੇਖਣ ਵਿਚ ਨਹੀਂ ਆਈਆਂ ਲਹਿਰ ਅਸਫਲ ਕਿਉਂ ਹੋ ਗਈ? ਉਨ੍ਹਾਂ ਨੇ ਇਸ ਸਵਾਲ ਦਾ ਜਵਾਬ ਉਸ ਸਮੇਂ ਦੂਜੇ ਦੇਸਾਂ ਵਿਚ ਚਲ ਰਹੀਆਂ ਲਹਿਰਾਂ ਦੀ ਛਾਣਬੀਣ ਕਰਕੇ ਲਭਣ ਦੀ ਕੋਸ਼ਿਸ਼ ਕੀਤੀ। ਆਇਰਲੈਂਡ ਨੂੰ ਡੁਮੀਨੀਅਨ ਰੀਪਬਲਿਕ ਦਾ ਦਰਜਾ ਮਿਲ ਚੁੱਕਾ ਸੀ ਪਰ ਅਲਸਟਰ ਉਨ੍ਹਾਂ ਦੇ ਹਥੋਂ ਖੁਸ ਗਿਆ ਸੀ, ਚੀਨੀ ਇਨਕਲਾਬ ਅਗੇ ਵਧ ਰਿਹਾ ਸੀ ਪਰ ਕਾਮਯਾਬੀ ਕਿਤੇ ਨਜ਼ਰ ਨਹੀਂ ਸੀ ਆਉਂਦੀ। ਇਹੋ ਹੀ ਹਾਲ ਮਿਸਰ ਅਤੇ ਤੁਰਕੀ ਦਾ ਸੀ। ਦੂਜੇ ਪਾਸੇ ਰੂਸ ਵਿਚ ਨਾ ਕੇਵਲ ਜ਼ਾਰ ਦਾ ਤਖਤਾ ਹੀ ਉਲਟਾ ਦਿੱਤਾ ਗਿਆ ਸੀ ਸਗੋਂ ਅਸਲ ਰਾਜ ਦਾ ਸੱਤਾ ਮਜ਼ਦੂਰਾਂ ਦੇ ਹੱਥ ਆ ਗਈ ਸੀ ਅਤੇ ਉਹ ਸਮਾਜਵਾਦੀ ਸਮਾਜ ਉਸਾਰਨ ਵਲ ਵਧ ਰਹੇ ਸਨ। ਬਹਿਸ ਰੂਸੀ ਤਜਰਬੇ ਉਤੇ ਕੇਂਦਰਤ ਹੋ ਗਈ। ਇਸ ਤੋਂ ਬਾਅਦ ਫ਼ੈਸਲਾ ਹੋਇਆ ਕਿ ਪਾਰੀ ਦੇ ਜਨਰਲ ਸਕੱਤਰ ਭਾਈ ਸੰਤੋਖ ਸਿੰਘ, ਭਾਈ ਰਤਨ ਸਿੰਘ ਨੂੰ ਨਾਲ ਲੈ ਕੇ ਮਾਸਕੋ ਜਾਣ ਅਤੇ ਹੋਂਦ ਵਿਚ ਆਏ ਨਵੇਂ ਪ੍ਰਬੰਧ ਦਾ ਮੌਕੇ 'ਤੇ ਜਾਇਜ਼ਾ ਲੈਣ ਅਤੇ ਵਾਪਸ ਆ ਕੇ ਪਾਰਟੀ ਨੂੰ ਦਸਣ। ਅਤੇ ਇਸ ਰੀਪੋਰਟ ਨੂੰ ਅਧਾਰ ਬਣਾ ਕੇ ਪਾਰਟੀ ਦੀ ਨੀਤੀ ਅਤੇ ਰਣਨੀਤੀ ਤੈਅ ਕੀਤੀ ਜਾਵੇਗੀ।

ਦੋਹਾਂ ਗ਼ਦਰੀਆਂ ਨੇ ਭਰਾਤਰੀ ਡੈਲੀਗੇਟਾਂ ਵਜੋਂ ਚੌਥੀ ਇੰਟਰਨੈਸ਼ਨਲ ਦੀ ਮੀਟਿੰਗ ਵਿਚ ਹਿੱਸਾ ਲਿਆ। ਏਥੇ ਉਨ੍ਹਾਂ ਨੂੰ ਕਾਮਰੇਡ ਲੈਨਿਨ ਅਤੇ ਦੂਜੇ ਬਾਲਸ਼ਵਿਕਾਂ ਨਾਲ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲਿਆ। ਗ਼ਦਰ ਪਾਰਟੀ ਦੇ ਆਗੂ ਰੂਸ ਦੇ ਮਜ਼ਦੂਰਾਂ ਅਤੇ ਕਿਸਾਨਾਂ ਵੱਲੋਂ ਹਰ ਤੰਗੀ ਦਾ ਸਾਹਮਣਾ ਕਰਦਿਆਂ ਘਰੇਲੂ ਜੰਗ 'ਚ ਬਰਬਾਦ ਹੋਏ ਦੇਸ ਦੀ ਉਸਾਰੀ ਦੇ ਕੰਮ ਤੋਂ ਬਹੁਤ ਹੀ ਪ੍ਰਭਾਵਤ ਹੋਏ। ਉਨ੍ਹਾਂ ਵਲੋਂ ਅਮਰੀਕਾ, ਫਰਾਂਸ ਅਤੇ ਬਰਤਾਨੀਆ ਦੀਆਂ ਸਾਮਰਾਜੀ ਸ਼ਕਤੀਆਂ ਦੀ ਕੀਤੀ ਜਾ ਰਹੀ ਮੁਜ਼ਾਹਮਤ ਬੜੀ ਸ਼ਲਾਘਾਯੋਗ ਸੀ। ਇਸ ਹਕੀਕਤ ਕਿ ਜਿਹੜੇ ਲੋਕ ਹੁਣ-ਹੁਣੇ ਦਬੇ-ਕੁਚਲੇ ਹੋਏ ਸਨ ਏਡੀਆਂ ਵਡੀਆਂ ਤਾਕਤਾਂ ਵਿਰੁੱਧ ਡਟੇ ਹੋਏ ਹਨ, ਨੇ ਉਨ੍ਹਾਂ ਨੂੰ ਬੜਾ ਪ੍ਰਭਾਵਤ ਕੀਤਾ। ਸੋਵੀਅਤਾਂ ਨੇ ਨਾ ਕੇਵਲ ਆਪਣਾ ਰਾਜ ਰਾਜ ਹੀ ਬਣਾ ਲਿਆ ਸੀ ਅਤੇ ਮਨੁੱਖ ਹਥੋਂ ਮਨੁੱਖ ਦੀ ਲੁਟ-ਰਹਿਤ ਢਾਂਚਾ ਹੀ ਬਣਾ ਲਿਆ ਸੀ ਸਗੋਂ ਆਪਣੀਆਂ ਪ੍ਰਾਪਤੀਆਂ ਦੀ ਰਾਖੀ ਲਈ ਤੇ ਇਨ੍ਹਾਂ ਨੂੰ ਮਜ਼ਬੂਤ ਕਰਨ ਲਈ ਵੱਡੀਆਂ ਤੋਂ ਵੱਡੀਆਂ ਸਮੱਸਿਆਵਾਂ ਅਤੇ ਤਾਕਤਾਂ ਦਾ ਮੁਕਾਬਲਾ ਕਰਨ ਲਈ ਤਿਆਰ ਸਨ। ਇਸ ਸਾਰੇ ਕੁਝ ਨੇ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਨੂੰ ਕਾਇਲ ਕੀਤਾ ਕਿ ਹਿੰਦੋਸਤਾਨ ਦੇ ਵਿਕਾਸ ਲਈ ਅਜਿਹੇ ਪ੍ਰਬੰਧ ਨੂੰ ਨਮੂਨੇ ਵਜੋਂ ਵਰਤਿਆ ਜਾ ਸਕਦਾ ਹੈ।

ਰੂਸ ਵਿਚ ਉਨ੍ਹਾਂ ਦੀ ਰਿਹਾਇਸ਼ ਨੇ ਉਨ੍ਹਾਂ ਨੂੰ ਸੋਵੀਅਤ ਪ੍ਰਬੰਧ ਦੀ ਹਰ ਪਾਸਿਓਂ

ਘੋਖ ਕਰਨ ਦਾ ਮੌਕਾ ਦਿੱਤਾ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਆਪਣੇ ਵਤਨ ਪਰਤ ਕੇ ਲੋਕਾਂ ਦੀ ਚੇਤਨਾ ਨੂੰ ਜਗਾਇਆ ਜਾਵੇ ਕਿ ਬਰਤਾਨਵੀ ਰਾਜ ਦਾ ਜੂਲਾ ਲਾਹੁਣ ਲਈ ਅਤੇ ਇਸ ਦੀ ਥਾਂ ਦੱਬੇ ਕੁਚਲੇ ਮਜ਼ਦੂਰਾਂ ਦਾ ਰਾਜ ਕਾਇਮ ਕਰਨ ਲਈ ਮਜ਼ਦੂਰਾਂ ਕਿਸਾਨਾਂ ਅਤੇ ਕੌਮਪ੍ਰਸਤ ਤਾਕਤਾਂ ਦਾ ਜਥੇਬੰਦ ਮੋਰਚਾ ਬਨਾਉਣਾ ਹੀ ਇਕੋ ਇਕ ਰਾਹ ਹੈ। ਇਹ ਦੋਹਵੇਂ ਆਗੂ ਮਾਸਟਰ ਊਧਮ ਸਿੰਘ ਕਸੇਲ ਅਤੇ ਬਾਬਾ ਗੁਰਮੁਖ ਸਿੰਘ ਨੂੰ ਮਿਲਣ ਲਈ ਮਾਸਕੋ ਤੋਂ ਕਾਬਲ ਨੂੰ ਰਵਾਨਾ ਹੋ ਗਏ। ਮਾਸਟਰ ਊਧਮ ਸਿੰਘ ਅਤੇ ਬਾਬਾ ਗੁਰਮੁਖ ਸਿੰਘ ਹਿੰਦੋਸਤਾਨ ਦੀ ਜੇਲ੍ਹ ਵਿਚੋਂ ਫਰਾਰ ਹੋ ਕੇ ਏਥੇ ਆਏ ਸਨ ਅਤੇ ਉਨ੍ਹਾਂ ਨੇ ਤਕੜਾ ਗ਼ਦਰੀ ਕੇਂਦਰ ਸਥਾਪਤ ਕਰ ਲਿਆ ਸੀ । ਚੌਹਾਂ ਦੀ ਗੱਲਬਾਤ ਤੋਂ ਬਾਅਦ ਫੈਸਲਾ ਹੋਇਆ ਕਿ ਭਾਈ ਸੰਤੋਖ ਸਿੰਘ ਅਫ਼ਗਾਨਿਸਤਾਨ ਦੇ ਕਬੀਲਿਆਂ ਦੇ ਰਸਤੇ ਹਿੰਦੋਸਤਾਨ ਜਾਵੇ ਅਤੇ ਰਹਿ ਗਏ ਕਾਰਕੁਨਾਂ ਨੂੰ ਇਕੱਠਾ ਕਰਕੇ ਨਵੇਂ ਅਧਾਰ ਅਤੇ ਨਵੀਂ ਸੇਧ ਨਾਲ ਲਹਿਰ ਨੂੰ ਜਥੇਬੰਦ ਕਰੇ। ਉਸਦੇ ਇਹ ਵੀ ਜ਼ਿਮੇ ਲਾਇਆ ਗਿਆ ਕਿ ਉਹ ਦੇਸ ਅੰਦਰ ਸਮਾਜਵਾਦ ਦੀ ਭਾਵਨਾ, ਕਦਰਾਂ ਅਤੇ ਇਸ ਦੀ ਲੋੜ ਬਾਰੇ ਪ੍ਰਚਾਰ ਕਰਕਨ ਲਈ 'ਕਿਰਤੀ' ਅਖ਼ਬਾਰ ਕੱਢੇ। ਭਾਈ ਰਤਨ ਸਿੰਘ ਨੂੰ ਇਹ ਕਹਿ ਕੇ ਮੈਕਸੀਕੋ ਦੇ ਰਸਤੇ ਅਮਰੀਕਾ ਜਾਣ ਲਈ ਕਿਹਾ ਗਿਆ ਕਿ ਉਹ ਆਪਣੇ ਮਾਸਕੋ ਦੌਰੇ ਬਾਰੇ ਨਵੇਂ ਸਮਾਜੀ ਪ੍ਰਬੰਧ ਵਿਚ ਉਨ੍ਹਾਂ ਦੇ ਯਕੀਨ ਬਾਰੇ ਪਾਰਟੀ ਨੂੰ ਰੀਪੋਰਟ ਕਰੇ। ਇਹ ਦੋਹਵੇਂ ਆਗੂ ਆਪਣੀ-ਆਪਣੀ ਡਿਊਟੀ 'ਤੇ 1923 ਵਿਚ ਤੁਰ ਪਏ ਸਨ। ਭਾਈ ਸੰਤੋਖ ਸਿੰਘ ਟਰਾਈਬਲ ਇਲਾਕਿਆਂ ਵਿਚੋਂ ਹੀ ਹਿੰਦੋਸਤਾਨ ਵਿਚ ਵੜਦਿਆਂ ਫੜੇ ਗਏ ਸਨ, ਜਦੋਂ ਕਿ ਭਾਈ ਰਤਨ ਸਿੰਘ ਕਾਮਯਾਬੀ ਨਾਲ ਅਮਰੀਕਾ ਪਹੁੰਚ ਗਏ ਸਨ।

ਪੰਜਾਬ ਵਿਚ ਬਗਾਵਤ (1919)

ਮਹਾਤਮਾ ਗਾਂਧੀ ਸਮੇਤ ਹਿੰਦੋਸਤਾਨ ਦੇ ਕਾਂਗਰਸੀ ਲੀਡਰਾਂ ਨੂੰ ਉਮੀਦ ਸੀ ਕਿ ਜੰਗ ਵਿਚ ਅੰਗਰੇਜ਼ਾਂ ਦਾ ਸਾਥ ਦੇਣ ਨਾਲ ਡੁਮੀਨੀਅਨ ਸਟੇਟਸ ਮਿਲ ਜਾਵੇਗਾ। ਉਨ੍ਹਾਂ ਨੇ ਫੌਜ ਵਿਚ ਭਰਤੀ ਕਰਾਉਣ ਅਤੇ ਜੰਗੀ-ਫੰਡਜ਼ ਇਕੱਠਾ ਕਰਨ ਵਿਚ ਵਧ ਚੜ੍ਹਕੇ ਹਿੱਸਾ ਪਾਇਆ। ਉਸ ਸਮੇਂ ਦੇ ਵਾਇਸਰਾਏ ਲਾਰਡ ਹਾਰਡਿੰਗ ਨੂੰ ਹਿੰਦੋਸਤਾਨੀਆਂ ਦੀ ਵਫ਼ਾਦਾਰੀ ਤੇ ਏਨਾ ਯਕੀਨ ਸੀ ਕਿ ਉਸ ਨੇ ਹਿੰਦੋਸਤਾਨ ਵਿਚਲੀ ਸਾਰੀ ਬਰਤਾਨਵੀ ਫੌਜ ਅਤੇ ਬੇਸ਼ਤਰ ਹਿੰਦੋਸਤਾਨ ਫੌਜ ਨੂੰ ਮੈਦਾਨੇ ਜੰਗ ਵਿਚ ਭੇਜ ਦਿੱਤਾ ਸੀ। ਇਸ ਗੱਲ ਦਾ ਜ਼ਿਕਰ ਉਸ ਨੇ ਆਪਣੀ ਕਿਤਾਬ "ਮੇਰੇ ਹਿੰਦੋਸਤਾਨ ਵਿਚਲੇ ਦਿਨ" ਦੇ ਪੰਨਾ 102-103 ਵਿਚ ਕੀਤਾ ਹੈ।

ਜੰਗ ਖਤਮ ਹੋਣ ਉਪਰੰਤ ਜਦੋਂ ਮਹਾਤਮਾ ਗਾਂਧੀ ਅਤੇ ਉਸਦੇ ਸਾਥੀ ਡੁਮੀਨੀਅਨ ਸਟੇਟਸ ਦੇ ਐਲਾਨ ਦੀ ਉਡੀਕ ਕਰ ਰਹੇ ਸਨ ਤਾਂ ਬਰਤਾਨੀਆ ਨੇ ਹਿੰਦੋਸਤਾਨ ਨੂੰ ਰੌਲਟ ਐਕਟ ਦਿਤਾ। ਹਿੰਦੋਸਤਾਨ ਦੇ ਗਵਰਨਰ ਜਨਰਲ ਨੇ ਸੈਕਰੇਟਰੀ ਆਫ ਸਟੇਟ

ਫਾਰ ਇੰਡੀਆ ਦੀ ਮਨਜ਼ੂਰੀ ਨਾਲ ਇਕ ਕਮੇਟੀ ਬਣਾਈ। ਕਿੰਗਜ਼ ਬੈਂਚ ਦੇ ਜਸਟਿਸ ਰੌਲਟ ਨੂੰ ਇਸਦਾ ਪ੍ਰਧਾਨ ਥਾਪਿਆ। ਇਸ ਕਮੇਟੀ ਦੇ ਦੋ ਹਿੰਦੋਸਤਾਨੀ ਮੈਂਬਰ ਸਨ : ਵੀ. ਸੀ. ਕੁਮਾਰਾ-ਸਵਾਮੀ (ਮਦਰਾਸ ਹਾਈ ਕੋਰਟ ਦਾ ਜੱਜ) ਅਤੇ ਮਿਸਟਰ ਪ੍ਰਵਾਸ ਚੰਤਰ ਮਿਤਰਾ (ਕਲਕੱਤੇ ਦਾ ਵਕੀਲ)। ਇਸ ਕਮੇਟੀ ਵਿਚ ਦੋ ਹੋਰ ਅੰਗਰੇਜ਼ ਸ਼ਾਮਲ ਸਨ। ਇਸ ਕਮੇਟੀ ਨੇ ਹਿੰਦੋਸਤਾਨ ਦੀ ਇਨਕਲਾਬੀ ਲਹਿਰ ਬਾਰੇ ਰੀਪੋਰਟ ਪੇਸ਼ ਕਰਨੀ ਸੀ। ਇਹ ਰੀਪੋਰਟ 1918 ਦੀ ਸਡੀਸ਼ਨ ਕਮੇਟੀ ਰੀਪੋਰਟ ਦੇ ਨਾਂ ਨਾਲ ਜਾਣੀ ਜਾਂਦੀ ਹੈ।

ਇਸ ਕਮੇਟੀ ਨੇ ਹਿੰਦੋਸਤਾਨ ਵਿਚ ਹੋਈਆਂ ਸਾਰੀਆਂ ਬਗਾਵਤਾਂ ਦੀਆਂ ਪੁਰਾਣੀਆਂ ਕਬਰਾਂ ਪੁੱਟ ਦਿੱਤੀਆਂ : 1857 ਦੇ ਗ਼ਦਰ ਤੋਂ ਬਾਅਦ ਚੱਪੇਕਾਰ ਭਰਾਵਾਂ ਦੇ ਕਾਰਨਾਮੇ, 1897 ਵਿਚ ਮਿਸਟਰ ਰੈਂਡ ਦਾ ਕਤਲ, ਵਿਲੀਅਮ ਕਰਜ਼ਨ ਦਾ ਕਤਲ, ਜੈਕਸਨ ਦਾ ਕਤਲ, ਨਾਸਿਕ ਸਾਜ਼ਸ਼ ਕੇਸ, ਗਵਾਲੀਅਰ ਸਾਜ਼ਸ਼ ਕੇਸ, ਬੰਗਾਲ ਦੇ ਅੱਤਵਾਦੀ ਕੇਸ, ਪੰਜਾਬ ਦੇ 1907 ਦੇ ਕੇ, ਦਿੱਲੀ ਸਾਜ਼ਸ਼, ਬਜਬਜਘਾਟ, ਲਾਹੌਰ ਗ਼ਦਰੀ ਸਾਜ਼ਿਸ਼ ਕੇਸ, ਬਰਮਾ ਗ਼ਦਰੀ ਸਾਜ਼ਸ਼ ਕੇਸ, ਕਾਬਲ ਦੀ ਆਰਜ਼ੀ ਹਕੂਮਤ, ਸਿਲਕ ਲੈਟਰ ਆਦਿ ਅਤੇ ਬਾਲਸ਼ਵਿਕ ਖ਼ਤਰੇ ਦਾ ਵਾਵੇਲਾ।

ਇਸ ਰੀਪੋਰਟ ਦੀ ਬਿਨਾ 'ਤੇ ਹਿੰਦੋਸਤਾਨ ਦੇ ਲੋਕਾਂ ਨੂੰ ਦਬਾਕੇ ਰੱਖਣ ਲਈ ਜਾਬਰ ਕਾਨੂੰਨ ਬਣਾਇਆ ਗਿਆ ਜਿਸ ਦਾ ਨਾਂ ਰੌਲਟ ਐਕਟ ਸੀ। ਸੰਸਾਰ ਜੰਗ ਦੇ ਦੌਰਾਨ ਇਹ ਕੰਮ ਐਂਗਰਸ ਐਕਟ ਅਤੇ ਡੀਫੈਂਸ ਆਫ ਇੰਡੀਆ ਐਕਟ ਤੋਂ ਲਿਆ ਗਿਆ ਸੀ।

ਰੌਲਟ ਐਕਟ ਅਧੀਨ ਸਰਕਾਰ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਬਿਨਾਂ ਮੁਕੱਦਮਾ ਚਲਾਏ ਲਾਮਿਆਦ ਅਰਸੇ ਲਈ ਜੇਲ੍ਹ ਵਿਚ ਜਾਂ ਕਿਸੇ ਵੀ ਥਾਂ 'ਤੇ ਬੰਦ ਰਖ ਸਕਦੀ ਸੀ। ਸਮਰੀ ਟਰਾਇਲਾਂ ਨਾ ਵਕੀਲ, ਨਾ ਦਲੀਲ ਅਤੇ ਨਾ ਅਪੀਲ ਦੇ ਅਧਾਰ 'ਤੇ ਕੀਤੀਆਂ ਜਾ ਸਕਦੀਆਂ ਸਨ। ਸਭ ਸ਼ਹਿਰੀ ਅਜ਼ਾਦੀਆਂ ਖੋਹੀਆਂ ਜਾ ਸਕਦੀਆਂ ਸਨ। ਇਹ ਕਾਨੂੰਨ ਵਾਇਸਰਾਏ ਦੀ ਕੌਂਸਲ ਵਿਚ ਬਿਨਾਂ ਕਿਸੇ ਦੇਰੀ ਤੋਂ ਝੱਟਪਟ ਪਾਸ ਕਰਵਾ ਲਿਆ ਗਿਆ। ਇਸ ਨੇ ਮਹਾਤਮਾ ਗਾਂਧੀ ਅਤੇ ਕਾਂਗਰਸੀ ਲੀਡਰਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਪੰਡਤ ਮਾਲਵੀਆਂ ਨੇ ਵਾਇਸਰਾਏ ਕੌਂਸਲ ਵਿਚ ਰੋਸ ਵਜੋਂ ਹੀ ਕਹਿ ਦਿਤਾ ਸੀ "ਜੇਕਰ ਅਸੀਂ ਉਸ ਵੇਲੇ ਮਦਦ ਨਾ ਕਰਦੇ ਤਾਂ ਬਾਹਰੋਂ ਆਏ ਗ਼ਦਰੀਆਂ ਨੇ ਤਖਤਾ ਉਲਟਾ ਦੇਣਾ ਸੀ।"

ਮਹਾਤਮਾ ਗਾਂਧੀ ਨੇ ਇਸ ਜਾਬਰ ਕਾਨੂੰਨ ਵਿਰੁੱਧ ਸਾਰੇ ਹਿੰਦੋਸਤਾਨ ਵਿਚ ਹੜਤਾਲ ਕਰਨ ਦਾ ਸੱਦਾ ਦਿਤਾ ਸੀ ਜਿਸ ਨੂੰ ਸਾਰੇ ਦੇਸ ਵਿਚ ਭਰਵਾਂ ਹੁੰਗਾਰਾ ਮਿਲਿਆ। ਹਿੰਦੋਸਤਾਨੀ ਲੋਕਾਂ ਦੀ ਯਕਜਹਿਤੀ ਦਾ ਇਹ ਪਹਿਲਾ ਮੁਜ਼ਾਹਰਾ ਸੀ। ਇਸ ਹੜਤਾਲ ਵਿਚ ਕਾਰਖਾਨੇ, ਦੁਕਾਨ, ਅਵਾਜਾਈ ਏਥੋਂ ਤੱਕ ਕਿ ਖੇਤੀ ਦਾ ਕੰਮ ਵੀ ਬੰਦ ਹੋ ਗਿਆ ਸੀ। ਥੋੜ੍ਹੀ ਬਹੁਤ ਗੜਬੜ ਤੋਂ ਬਿਨਾਂ ਅਮਨ ਅਮਾਨ ਨਾਲ ਲੰਘ

ਗਿਆ। ਹਿੰਦੋਸਤਾਨ ਇਕ ਕੌਮ ਵਜੋਂ ਉੱਭਰ ਕੇ ਸਾਹਮਣੇ ਆਇਆ.

ਪੰਜਾਬ ਦੇ ਖ਼ੂੰਖਾਰ ਗਵਰਨਰ ਅਡਵਾਇਰ ਤੋਂ ਇਹ ਸ਼ਾਂਤਮਈ ਹੜਤਾਲ ਵੀ ਨਾ ਸਹਾਰੀ ਗਈ। ਉਸਨੇ ਹੜਤਾਲ ਵਿਰੁੱਧ ਤਾਕਤ ਦੀ ਵਰਤੋਂ ਕੀਤੀ। ਲਾਹੌਰ ਅਤੇ ਅੰਮ੍ਰਿਤਸਰ ਵਿਚ ਗੋਲੀ ਚੱਲੀ ਅਤੇ ਮੌਤਾਂ ਹੋਈਆਂ। ਲੋਕਾਂ ਦੇ ਮਹਿਬੂਬ ਲੀਡਰ ਡਾ. ਸੈਫ਼ੂਦੀਨ ਕਿਚਲੂ ਤੇ ਡਾ. ਸਤਿਆਪਾਲ ਨੂੰ ਗ੍ਰਿਫਤਾਰ ਕਰਕੇ ਧਰਮਸ਼ਾਲਾ (ਕਾਂਗੜਾ) ਵਿਚ ਬੰਦ ਕਰ ਦਿੱਤਾ ਗਿਆ।

ਅੰਮ੍ਰਿਤਸਰ ਵਿਚ ਰੋਸ ਮੁਜ਼ਾਹਰਾ ਕਰ ਰਹੇ ਲੋਕਾਂ ਉਤੇ ਜਦੋਂ ਉੱਚੇ ਪੁਲ 'ਤੇ ਗੋਲੀ ਚਲਾਕੇ ਕਈ ਬੰਦੇ ਜ਼ਖਮੀ ਕਰ ਦਿਤੇ ਗਏ ਤਾਂ ਗੁੱਸੇ ਵਿਚ ਆਏ ਲੋਕ ਚੌੜੇ ਬਜ਼ਾਰ ਵਲ ਹੋ ਤੁਰੇ। ਉਨ੍ਹਾਂ ਨੇ ਸ਼ਹੀਦ ਹੋਏ ਤੇ ਜ਼ਖਮੀ ਹੋਏ ਸਾਥੀਆਂ ਨੂੰ ਮੋਢਿਆਂ 'ਤੇ ਚੁੱਕਿਆ ਹੋਇਆ ਸੀ। ਪੁਲ 'ਤੇ ਸੰਗੀਨਾਂ ਤਾਣਕੇ ਖੜੀ ਫੌਜ ਨੂੰ ਦੇਖ ਕੇ ਲੋਕਾਂ ਦੀ ਭੀੜ ਭੜਕ ਉੱਠੀ। ਉਨ੍ਹਾਂ ਨੇ ਤਾਰਘਰ ਦੀ ਇਮਾਰਤ 'ਤੇ ਧਾਵਾਂ ਬੋਲ ਦਿਤਾ । ਫੌਜ ਨੇ ਭੀੜ ਉਤੇ ਗੋਲੀਆਂ ਚਲਾਈਆਂ। ਇਸ ਨਾਲ ਭੜਕਾਹਟ ਹੋਰ ਵਧ ਗਈ। ਲੋਕਾਂ ਨੇ ਰੇਲਵੇ ਸਟੇਸ਼ਨ 'ਤੇ ਹਮਲਾ ਕਰਕੇ ਰੇਲਵੇ ਦੇ ਅੰਗਰੇਜ਼ ਅਫਸਰ ਰੌਬਿਨਸਨ ਨੂੰ ਜਾਨੋ ਮਾਰ ਦਿੱਤਾ। ਨੈਸ਼ਨਲ ਬੈਂਕ ਦੇ ਪ੍ਰਬੰਧਕ ਤੇ ਮੈਨੇਜਰ ਨੂੰ ਵੀ ਮਾਰ ਦਿੱਤਾ। ਬੈਂਕ ਲੁਟ ਲਈ ਅਤੇ ਅੱਗ ਲਾ ਕੇ ਸਾੜ ਦਿੱਤੀ। ਇਕ ਹੋਰ ਬੈਂਕ ਅਲਾਇਸ ਬੈਂਕ ਮੈਨੇਜਰ ਨੂੰ ਵੀ ਮਾਰ ਦਿੱਤਾ ਪਰ ਇਮਾਰਤ ਨੂੰ ਅੱਗੇ ਨਾ ਲਾਈ ਕਿਉਂਕਿ ਇਸ ਦਾ ਮਾਲਕ ਹਿੰਦੋਸਤਾਨੀ ਸੀ। ਕਈ ਹੋਰ ਅੰਗਰੇਜ਼ ਅਫਸਰ ਮਾਰ ਦਿੱਤੇ। ਅੰਮ੍ਰਿਤਸਰ-ਲਾਹੌਰ ਦੀਆਂ ਟੈਲੀਗਰਾਫ ਤਾਰਾਂ ਕੱਟ ਦਿੱਤੀਆਂ। ਭਗਤਾਂ ਵਾਲਾ ਫ਼ਲੈਗ ਸਟੇਸ਼ਨ ਸਾੜ ਦਿੱਤਾ। ਸਾੜ ਫੂਕ ਅਤੇ ਲੁਟਮਾਰ ਦਾ ਸਿਲਸਿਲਾ 5 ਵਜੇ ਤੱਕ ਜਾਰੀ ਰਿਹਾ। ਬਾਕੀ ਦੇ ਅੰਗਰੇਜ਼ਾਂ ਨੇ ਆਪਣੇ ਬਾਲ ਬੱਚੇ ਗੋਬਿੰਦਗੜ੍ਹ ਕਿਲੇ ਵਿਚ ਲੈ ਆਂਦੇ।

ਅਡਵਾਇਰ ਨੇ ਜਨਰਲ ਡਾਇਰ ਨੂੰ ਫੌਜ ਦੇ ਕੇ ਅੰਮ੍ਰਿਤਸਰ ਭੇਜ ਦਿੱਤਾ। 13 ਅਪਰੈਲ ਨੂੰ ਵਿਸਾਖੀ ਵਾਲੇ ਦਿਨ ਸਾਰੇ ਪੰਜਾਬ ਵਿਚੋਂ ਲੋਕ ਹਰ ਸਾਲ ਵਾਂਗ ਇਸ਼ਨਾਨ ਕਰਨ ਦਰਬਾਰ ਸਾਹਿਬ ਆਏ ਹੋਏ ਸਨ। ਚਾਰ ਦਿਨ ਤੋਂ ਸ਼ਹਿਰ ਬੰਦ ਸੀ। ਵਿਸਾਖੀ ਵਾਲੇ ਦਿਨ ਜਲ੍ਹਿਆਂਵਾਲੇ ਬਾਗ ਵਿਚ ਰੋਸ ਜਲਸਾ ਹੋ ਰਿਹਾ ਸੀ, ਜਿਸ ਵਿਚ ਤਕਰੀਬਨ 20 ਹਜ਼ਾਰ ਲੋਕ ਇਕੱਤਰ ਹੋਏ ਬੈਠੇ ਸਨ। ਲੋਕ ਅਮਨ ਅਮਾਨ ਨਾਲ ਤਕਰੀਰਾਂ ਸੁਣ ਰਹੇ ਸਨ। ਜਨਰਲ ਡਾਇਰ ਹਥਿਆਰਬੰਦ ਦਸਤਿਆਂ ਸਮੇਤ ਤੰਗ ਗਲੀ ਵਿਚੋਂ ਦੀ ਬਾਗ਼ ਵਿਚ ਦਾਖਲ ਹੋਇਆ ਉਸਨੇ ਦਸਤੇ ਤਾਇਨਾਤ ਕਰਕੇ ਬਿਨਾਂ ਵਾਰਨਿੰਗ ਦਿੱਤੇ 30 ਸਕਿੰਟ ਦੇ ਅੰਦਰ ਅੰਦਰ ਫਾਇਰ ਦੇ ਹੁਕਮ ਦੇ ਦਿੱਤੇ। ਬਾਗ ਵਿਚੋਂ ਨਿਕਲਣ ਦਾ ਹੋਰ ਕੋਈ ਰਾਹ ਨਹੀਂ ਸੀ। ਭਗਦੜ ਦੌਰਾਨ ਬਹੁਤ ਸਾਰੇ ਖੂਹ ਵਿਚ ਡਿਗਕੇ ਮਰ ਗਏ। ਦਸਤਿਆਂ ਨੇ 1650 ਗੋਲੀਆਂ ਚਲਾਈਆਂ ਅਤੇ ਵਾਪਸ ਉਦੋਂ ਦੀ ਪਰਤੇ ਜਦੋਂਸਾਰਾ ਗੋਲੀ ਸਿੱਕਾ ਖਤਮ ਹੋ ਗਿਆ। ਬਾਗ ਵਿਚ 2000 ਵਿਅਕਤੀ ਮਾਰੇ ਗਏ ਜਾਂ ਜ਼ਖਮੀ ਹੋ ਗਏ ਸਨ। ਕਿਸੇ ਨੂੰ ਕੋਈ ਵੀ ਮੈਡੀਕਲ ਸਹਾਇਤਾ ਨਹੀਂ ਦਿੱਤੀ

ਗਈ ਸੀ।

ਰਾਜਾ ਰਾਮ ਨੇ ਆਪਣੀ 'ਜਲ੍ਹਿਆਂਵਾਲੇ ਬਾਗ ਦਾ ਘੱਲੂਘਾਰਾ' ਨਾਂ ਦੀ ਲਿਖਤ ਵਿਚ ਸਫਾ 102 'ਤੇ ਲਿਖਿਆ ਹੈ ਕਿ "ਜਲ੍ਹਿਆਂਵਾਲੇ ਬਾਗ ਵਿਚ ਕਤਲ ਹੋਣ ਵਾਲੇ ਲੋਕਾਂ ਦੀ ਸਹੀ ਗਿਣਤੀ ਦਾ ਕਦੇ ਪਤਾ ਨਹੀਂ ਲਗ ਸਕਦਾ। ਤਾਂ ਵੀ ਕਾਫੀ ਦੇਰ ਨਾਲ ਲਾਇਆ ਗਿਆ ਸਰਕਾਰੀ ਅੰਦਾਜ਼ਾ ਦਸਦਾ ਹੈ ਕਿ 380 ਵਿਅਕਤੀ ਮਰੇ ਸਨ ਅਤੇ ਘਟੋ-ਘਟ 1200 ਵਿਅਕਤੀ ਜ਼ਖਮੀ ਹੋ ਗਏ ਸਨ। ਪਰ ਇਹ ਬੜਾ ਹੀ ਘਟਾਕੇ ਲਾਇਆ ਗਿਆ ਅੰਦਾਜ਼ਾ ਹੈ।"

ਜਲ੍ਹਿਆਂਵਾਲੇ ਬਾਗੇ ਦੇ ਘੱਲੂਘਾਰੇ ਵਿਰੁੱਧ ਸਾਰੇ ਦੇਸ ਵਿਚ ਰੋਸ ਮੁਜ਼ਾਹਰੇ ਹੋਏ ਅਤੇ ਹਲਚਲ ਮਚ ਗਈ।

ਇਹ ਗਲ ਏਥੇ ਘੋਖਣਯੋਗ ਹੈ ਕਿ ਰੌਲਟ ਐਕਟ ਵਿਰੁੱਧ ਹੜਤਾਲ ਬਾਕੀ ਦੇਸ ਵਿਚ ਮਾਮੂਲੀ ਗੜਬੜ ਤਕ ਹੀ ਸੀਮਤ ਰਹਿ ਕੇ ਸ਼ਾਂਤੀਪੂਰਨ ਹੋ ਗਈ ਸੀ ਜਦ ਕਿ ਪੰਜਾਬ ਵਿਚ ਇਹ ਬਗਾਵਤ ਨੇ ਰੂਪ ਧਾਰਨ ਕਰ ਗਈ। ਇਹ ਕੇਵਲ ਜਲ੍ਹਿਆਂਵਾਲੇ ਬਾਗ ਦੇ ਸਾਕੇ ਤਕ ਹੀ ਸੀਮਤ ਨਹੀਂ ਸੀ। ਡੂੰਘੀ ਘੋਖ ਕੀਤਿਆਂ ਇਸ ਦੇ ਹੇਠ ਲਿਖੇ ਕਾਰਨ ਸਾਹਮਣੇ ਆਉਂਦੇ ਹਨ :

1. ਬਰਤਾਨਵੀ ਸਾਮਰਾਜ ਤੋਂ ਹਿੰਦੁਸਤਾਨ ਨੂੰ ਅਜ਼ਾਦ ਕਰਾਉਣ ਲਈ ਗ਼ਦਰ ਪਾਰਟੀ ਦਾ ਪ੍ਰਚਾਰ ਅਤੇ ਉਸ ਉਪਰੰਤ ਗ਼ਦਰੀ ਇਨਕਲਾਬੀਆਂ ਦੇ ਲੋਕਾਂ ਦੇ ਮਨਾਂ ਵਿਚ ਅੰਦੋਲਨ ਪੈਦਾ ਕਰ ਰਿਹਾ ਸੀ।
2. ਗ਼ਦਰ ਪਾਰਟੀ ਵਲੋਂ ਬਰਤਾਨਵੀ ਰਾਜ ਦਾ ਤਖਤਾ ਪਲਟਣ ਅਤੇ ਦੇਸ ਨੂੰ ਗ਼ੁਲਾਮੀ ਤੋਂ ਅਜ਼ਾਦ ਕਰਾਉਣ ਦਾ ਦਿੱਤਾ ਸੱਦਾ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਅੰਦੋਲਨ ਪੈਦਾ ਕਰ ਰਿਹਾ ਸੀ।
3. ਫੌਜੀਆਂ ਨੂੰ ਦਿੱਤੇ ਗਏ ਬਗਾਵਤ ਦੇ ਸੱਦੇ ਨੇ ਹੁਣ ਕੰਮ ਕੀਤਾ ਸੀ। ਉਹ ਨੌਕਰੀਆਂ ਵਿਚੋਂ ਕਢੇ ਜਾਣ ਕਾਰਨ ਨਿਰਾਸ਼ ਹੋ ਗਏ ਸਨ। ਲਾਹੌਰ ਵਿਚ ਉਨ੍ਹਾਂ ਨੇ ਡੰਡਾ ਫੌਜ ਤਿਆਰ ਕਰ ਲਈ ਸੀ। ਉਨ੍ਹਾਂ ਨੂੰ ਡੰਡਾ ਅਖ਼ਬਾਰ ਛਾਪਿਆ ਜਿਸ ਦੇ ਰਾਹੀਂ ਉਨ੍ਹਾਂ ਨੇ ਲੋਕਾਂ ਨੂੰ ਸੱਦਾ ਦਿੱਤਾ : "ਹਿੰਦੂ ਸਿਖ ਮੁਸਲਮਾਨ ਭਰਾਵੋਂ ਡੰਡਾ ਫੌਜ ਵਿਚ ਭਰਤੀ ਹੋਵੋ ਅਤੇ ਬਰਤਾਨਵੀ ਗ਼ੁਲਾਮੀ ਵਿਰੁੱਧ ਲੜੋ। ਬਰਤਾਨਵੀਆਂ ਨੂੰ ਮਾਰੋ ਅਤੇ ਹਿੰਦੋਸਤਾਨ ਦੀ ਮਿੱਟੀ ਤੋਂ ਫਰੰਗੀਆਂ ਨੂੰ ਸਾਫ ਕਰੋ।"
4. ਜੰਗੀ ਟੈਕਸ, ਚੜ੍ਹ ਰਹੀਆਂ ਕੀਮਤਾਂ, ਭਾਰੀ ਮੁਨਾਫੇਖੋਰੀ ਕਾਰਨ ਦੱਬੇ ਹੋਏ ਲੋਕ ਬਗਾਵਤ ਵਿਚ ਸ਼ਾਮਲ ਹੋਣ ਲਈ ਮਜਬੂਰ ਸਨ।
5. ਲੜਾਈ ਦਾ ਇਕ ਤੋਹਫਾ ਇਹ ਸੀ ਕਿ ਇਨਫਲੂਐਂਜ਼ਾ ਨੇ ਵਡੀ ਗਿਣਤੀ ਵਿਚ ਲੋਕ ਮਾਰ ਦਿੱਤੇ ਸਨ।

6. ਪੰਜਾਬ ਦੀ ਸਰਹੱਦ ਨੇੜੇ ਲਗਦੇ ਰੂਸ ਅੰਦਰ ਵਾਪਰ ਰਹੀਆਂ ਘਟਨਾਵਾਂ ਦੀਆਂ ਖਬਰਾਂ ਕੰਨੋ ਕੰਨੀਂ ਪੰਜਾਬ ਪਹੁੰਚ ਰਹੀਆਂ ਸਨ। ਰੂਸ ਵਿਚ ਬਾਲਸ਼ਵਿਕਾ ਦੀ ਜਿੱਤ ਅਤੇ ਗਰੀਬਾਂ ਦਾ ਰਾਜ ਕਾਇਮ ਹੋ ਜਾਣ ਦੀਆਂ ਖਬਰਾਂ ਨੇ ਉਨ੍ਹਾਂ ਉਤੇ ਪ੍ਰਭਾਭ ਪਾਇਆ ਸੀ।
7. ਅਫ਼ਗਾਨਿਸਤਾਨ ਦੇ ਅਮੀਰ ਅਮਾਨਉਲਾ ਨੇ ਅੰਗਰੇਜ਼ਾਂ ਨੂੰ ਚੈਲੰਜ ਕਰਕੇ ਦੇਸ ਨੂੰ ਇਕ ਅਜ਼ਾਦ ਦੇਸ਼ ਐਲਾਨ ਦਿਤਾ ਸੀ। ਜਿਸ ਦਾ ਅਸਰ ਪੰਜਾਬੀਆਂ 'ਤੇ ਪਿਆ ਸੀ। ਦੂਜੇ ਪਾਸੇ ਹਿੰਦੁਸਤਾਨੀ ਇਨਕਲਾਬੀਆਂ ਵਲੋਂ ਕਾਬਲ ਤੋਂ ਕੀਤਾ ਅਜ਼ਾਦੀ ਦਾ ਐਲਾਨ ਉਨ੍ਹਾਂ ਨੂੰ ਬਗਾਵਤ ਲਈ ਵੰਗਾਰ ਰਿਹਾ ਸੀ।
8. ਤੁਰਕੀ ਅਤੇ ਮੈਸੋਪੋਟੋਮੀਆ ਦੀ ਚੀਰਫਾੜ ਦਾ ਵੀ ਪੰਜਾਬੀ ਮੁਸਲਮਾਨਾਂ 'ਤੇ ਭੈੜਾ ਅਸਰ ਪਿਆ ਸੀ।

ਇਸ ਸਾਰੇ ਵਾਤਾਵਰਨ ਵਿਚ ਅੰਗਰੇਜ਼ਾਂ ਨੇ ਰੌਲਟ ਐਕਟ ਲਾਗੂ ਕਰ ਦਿੱਤਾ ਜਿਸ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ ਅਤੇ ਅੰਮ੍ਰਿਤਸਰ ਦੇ ਖ਼ੂਨੀ ਕਾਂਡ ਨੇ ਹੋਰ ਭਾਂਬੜ ਬਾਲ ਦਿੱਤੇ।

ਲਹਿਰ ਸਾਰੇ ਪੰਜਾਬ ਵਿਚ ਫੈਲ ਗਈ। ਲਾਹੌਰ ਵਿਚ ਨਿਕਲੇ ਜਲੂਸ ਉਤੇ ਨੌਗਜੇ ਦੀ ਕਬਰ ਨਾਲ ਲਾਗੇ ਗੋਲੀ ਚਲਾ ਕੇ ਪੁਲਸ ਨੇ 9 ਬੰਦੇ ਸ਼ਹੀਦ ਕਰ ਦਿਤੇ। ਏਸੇ ਉਤੇ ਹੀ ਮੌਲਾਨਾ ਜ਼ਫਰ ਅਲੀ ਨੇ 'ਜ਼ਮੀਦਾਰਾ' ਅਖਬਾਰ ਵਿਚ ਲਿਖਿਆ ਸੀ :

ਸ਼ਹੀਦ ਕੀ ਜੋ ਮੌਤ ਹੈ ਵੁਹ ਕੌਮ ਕੀ ਹਯਾਤ ਹੈ
ਸ਼ਹੀਦ ਕਾ ਜੋ ਹੈ ਲਹੂ ਵੁਹ ਕੌਮ ਕੀ ਜ਼ਕਾਤ ਹੈ
ਕਟੇਂ ਜੋ ਚੰਦ ਡਾਲੀਆਂ ਤੋ ਚਮਨ ਹੋ ਹਰਾ ਭਰਾ
ਕਟੇਂ ਜੋ ਚੰਦ ਗਰਦਨੇਂ ਤੋਂ ਕੌਮ ਕੀ ਹਯਾਤ ਹੈ

ਪੰਜਾਬ ਦੇ 30 ਜ਼ਿਲ੍ਹਿਆਂ ਵਿਚ ਹਿਲਜੁਲ ਹੋ ਗਈ ਸੀ ਅਤੇ 50 ਕਸਬਿਆਂ ਵਿਚ ਜਲੂਸ ਕਢੇ ਗਏ ਸਨ। ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਗੁਜਰਾਤ ਅਤੇ ਲਾਇਲਪੁਰ ਵਿਚ ਮਾਰਸ਼ਲ ਲਾਅ ਲਾਉਣਾ ਪਿਆ ਸੀ।

ਗੁਜਰਾਂਵਾਲਾ ਦੇ ਬਗਾਵਤੀਆਂ ਨੇ 14-15 ਅਪਰੈਲ 1919 ਨੂੰ ਪੁਲਾਂ ਨੂੰ ਅੱਗਾਂ ਲਾ ਦਿੱਤੀਆਂ। ਗੁਜਰਾਂਵਾਲਾ ਦੇ ਸਾਰੇ ਅੰਗਰੇਜ਼ ਪ੍ਰਿਵਾਰ ਖਜ਼ਾਨੇ ਦੀ ਨਵੀਂ ਇਮਾਰਤ ਵਿਚ ਜਾ ਲੁਕੇ ਸਨ। ਲੋਕ ਬਾਕੀ ਸਰਕਾਰੀ ਇਮਾਰਤਾਂ 'ਤੇ ਵੀ ਧਾਵੇ ਬੋਲ ਰਹੇ ਸਨ। ਉਹ ਕੈਦੀਆਂ ਨੂੰ ਰਿਹਾ ਕਰਾਉਣ ਲਈ ਜੇਲ੍ਹ ਵਲ ਵਧ ਰਹੇ ਸਨ। ਉਨ੍ਹਾਂ ਨੇ ਤਾਰ ਅਤੇ ਟੈਲੀਫੋਨ ਦੀਆਂ ਤਾਰਾਂ ਕੱਟ ਦਿੱਤੀਆਂ ਸਨ। ਰੇਲਵੇ ਸੰਚਾਰ ਵੀ ਤੋੜਭੰਨ ਸੁਟਿਆ। ਲਾਹੌਰ ਤੋਂ ਭੇਜੇ ਗਏ ਹਵਾਈ ਜਹਾਜ਼ਾਂ ਨੇ ਗੁਜਰਾਂਵਾਲਾ 'ਤੇ ਬੰਬ ਸੁਟੇ ਅਤੇ ਗਲੀਆਂ ਵਿੱਚ ਮਸ਼ੀਨਗੰਨਾਂ ਨਾਲ ਗੋਲੀਆਂ ਚਲਾਈਆਂ ਸਨ। ਪੁਲਸ ਨੇ ਧੜਾਧੜ ਗ੍ਰਿਫਤਾਰੀਆਂ ਕੀਤੀਆਂ ਜਿਨ੍ਹਾਂ ਵਿਚ ਬੁੱਧੀਜੀਵੀ, ਵਕੀਲ, ਰਿੰਗ ਲੀਡਰ ਸ਼ਾਮਲ ਸਨ। ਬਗਾਵਤ ਗੁਜਰਾਂਵਾਲਾ ਦੇ 16 ਹੋਰ ਕਸਬਿਆਂ ਵਿਚ ਫੈਲ ਗਈ, ਜਿਨ੍ਹਾਂ ਵਿਚ

ਵਜ਼ੀਰਾਬਾਦ, ਅਕਾਲਗੜ੍ਹ ਤੇ ਹਾਫਜ਼ਾਬਾਦ ਆਦਿ ਸ਼ਾਮਲ ਸਨ।

ਇਸ ਤੋਂ ਅਗੇ ਬਗਾਵਤ ਸ਼ੇਖੂਪੁਰਾ ਜ਼ਿਲ੍ਹੇ ਵਿਚ ਵੀ ਫੈਲ ਗਈ, ਸਾਂਗਲਾ ਹਿੱਲ ਤੇ ਚੂਹੜਕਾਣਾ ਇਸ ਦੀ ਜ਼ਦ ਵਿਚ ਆ ਗਿਆ, ਜਿਥੇ ਰੇਲ ਦੇ ਪੁਲ ਉਡਾ ਦਿੱਤੇ ਗਏ, ਤਾਰਾਂ ਕਟ ਦਿੱਤੀਆਂ ਗਈਆਂ, ਪਟੜੀਆਂ ਪੁਟ ਦਿਤੀਆਂ ਤੇ ਮਾਲ ਗੱਡੀਆਂ ਲੁੱਟ ਲਈਆਂ ਗਈਆਂ। ਬਗਾਵਤ ਦਬਾਉਣ ਲਈ ਲਾਹੌਰ ਤੋਂ ਆਰਮੀ ਵੀ ਭੇਜੀ ਗਈ। ਇਹ ਬਗਾਵਤ ਗੁਜਰਾਤ ਅਤੇ ਲਾਇਲਪੁਰ ਵੱਲ ਵੀ ਫੈਲਣ ਲਗ ਪਈ ਸੀ। 17 ਅਪਰੈਲ ਨੂੰ ਮਲਕਵਾਲ ਵਿਚ ਰੇਲ ਗੱਡੀ ਉਲਟਾ ਦਿੱਤੀ ਗਈ ਸੀ ਅਤੇ ਲਾਇਲਪੁਰ ਵਿਚ ਬਗਾਵਤ ਕਰਨ ਲਈ ਕੰਧਾਂ ਉਤੇ ਪੋਸਟਰ ਵੀ ਲਾਏ ਗਏ ਸਨ।

ਏਸੇ ਤਰ੍ਹਾਂ ਬਗਾਵਤ ਗੁਰਦਾਸਪੁਰ ਅਤੇ ਜਲੰਧਰ ਵਿਚ ਵੀ ਫੈਲੀ। ਜ਼ਿਲ੍ਹਾ ਜਲੰਧਰ ਵਿਜ ਸਿਧਵਾਂ ਫਲੈਗ ਸਟੇਸ਼ਨ ਨੂੰ ਅੱਗ ਲਾ ਦਿੱਤੀ ਗਈ ਅਤੇ ਬਿਲਗਾ ਸਟੇਸ਼ਨ 'ਤੇ ਤਾਰਾਂ ਕਟ ਦਿੱਤੀਆਂ ਗਈਆਂ ਸਨ। ਇਸ ਮਾਮਲੇ ਦੇ ਸੰਬੰਧ ਵਿਚ ਕਨੇਡਾ ਤੋਂ ਪਰਤੇ ਬੀਰ ਪਿੰਡ ਦੇ ਇਕ ਗ਼ਦਰੀ ਬਹਾਲ ਸਿੰਘ ਤੇ ਉਸੇ ਪਿੰਡ ਦੇ ਹੋਰ ਨੌਜਵਾਨਾਂ 'ਤੇ ਮੁਕੱਦਮਾ ਚਲਾ ਕੇ ਸਜ਼ਾਵਾਂ ਦਿੱਤੀਆਂ ਗਈਆਂ ਸਨ।

ਹਕੂਮਤ ਨੇ ਲਾਹੌਰ, ਅੰਮ੍ਰਿਤਸਰ, ਗੁਜਰਾਤ, ਗੁਜਰਾਂਵਾਲਾ, ਗੁਰਦਾਸਪੁਰ, ਜਲੰਧਰ ਅਤੇ ਹੁਸ਼ਿਆਰਪੁਰ ਵਿਚ ਬਗਾਵਤ ਦਬਾਉਣ ਲਈ ਅੰਗਰੇਜ਼ ਅਫਸਰਾਂ ਦੀ ਅਗਵਾਈ ਵਿਚ ਫੌਜ ਭੇਜੀ ਗਈ। ਬਗਾਵਤ ਦਬਾਉਣ ਲਈ ਇਸ ਔਖੀ ਘੜੀ ਅੰਗਰੇਜ਼ਾਂ ਦੀ ਪਿਠ 'ਤੇ ਰਾਜੇ ਤੇ ਨਵਾਬ ਆਏ ਸੀ। ਇਸ ਸੰਬੰਧੀ ਅਡਵਾਇਰ ਨੇ ਲਿਖਿਆ ਹੈ : "ਇਕ ਨੂੰ ਛੱਡ ਕੇ ਸਾਰੇ ਹੀ ਰਾਜਿਆਂ ਭਾਵੇਂ ਉਹ ਸਿੱਖ ਸਨ, ਹਿੰਦੂ ਜਾਂ ਮੁਹੰਮਡਨ, ਨੇ ਇਸ ਮਹਾਨ ਜੰਗ ਦੌਰਾਨ ਅਤੇ 1914-15 ਦੀ ਗ਼ਦਰੀ ਬਗਾਵਤ ਵਿਰੁੱਧ ਆਪਣੀ ਸ਼ਾਨਦਾਰ ਵਫਾਦਾਰੀ ਦਾ ਸਬੂਤ ਦਿੱਤਾ....ਇਕੱਲੇ ਮਹਾਰਾਜਾ ਪਟਿਆਲਾ ਨੇ ਆਪਣੇ ਇਲਾਕੇ ਵਿਚੋਂ ਦੀ ਲੰਘਦੀ ਸਾਰੀ ਰੇਲਵੇ ਲਾਈਨ ਦੀ ਰਾਖੀ ਦੀ ਜ਼ਿੰਮੇਵਾਰੀ ਲਈ ਅਤੇ ਉਸ ਨੇ ਆਪਣੀ ਫੌਜੀ ਦਸਤੇ ਲਾਏ, ਉਹ ਜੀ.ਓ.ਸੀ. ਅੰਬਾਲਾ ਕੋਲ ਗਿਆ ਅਤੇ ਉਸ ਨੇ ਆਪਣੀਆਂ ਤੇ ਆਪਣੇ ਬੰਦਿਆਂ ਦੀਆਂ ਸਮੁੱਚੀਆਂ ਸੇਵਾਵਾਂ ਜਨਰਲ ਨੂੰ ਸੌਂਪ ਦਿੱਤੀਆਂ ਸਨ।"

ਏਥੇ ਇਹ ਵੀ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਰੇਲਵੇ ਦੇ ਬੰਦਿਆਂ ਨੇ ਇਸ ਬਗਾਵਤ ਵਿਚ ਅਹਿਮ ਰੋਲ ਅਦਾ ਕੀਤਾ ਸੀ। 14 ਅਪਰੈਲ 1919 ਨੂੰ ਰੇਲਵੇ ਮੁਲਾਜ਼ਮਾਂ ਨੇ ਹੜਤਾਲ ਕਰ ਦਿੱਤੀ ਸੀ। ਪੰਜਾਬ ਵਿਚ ਇਹ ਇਕ ਆਮ ਹੜਤਾਲ ਹੀ ਸੀ। ਰੇਲਵੇ ਦੇ ਅੰਗਰੇਜ਼ ਅਫਸਰ ਹਿੰਦੋਸਤਾਨੀ ਸਟਾਫ ਵਿਚੋਂ ਨਿਖੜ ਚੁਕੇ ਸਨ। ਲਾਹੌਰ ਦੀ ਮੁਗਲਪੁਰਾ ਲੋਕੋ ਵਰਕਸ਼ਾਪ ਰੇਲਵੇ ਦੇ ਇਨਕਲਾਬੀਆਂ ਦਾ ਹੈਡਕੁਆਟਰ ਸੀ। ਉਤਰ-ਪੱਛਮੀ ਰੇਲਵੇ ਦੇ ਇਸ ਕੇਂਦਰ ਨੇ ਰੇਲਵੇ ਸਿਗਨਲਾਂ ਰਾਹੀਂ ਸਾਰੇ ਹਿੰਦੋਸਤਾਨ ਵਿਚ ਰੇਲਵੇ ਦੀ ਆਮ ਹੜਤਾਲ ਦਾ ਸੱਦਾ ਦਿੱਤਾ। ਇਹ ਸੁਨੇਹਾ ਬੀਨਾ, ਆਗਰਾ, ਪਟਨਾ ਅਤੇ ਖੜਗਪੁਰ ਵਿਚ ਫੜੇ ਗਏ ਸਨ। ਰੇਲਵੇ ਮੁਲਾਜ਼ਮਾਂ ਦੀ ਇਹ ਰਾਜਸੀ

ਹੜਤਾਲ ਸੀ ਜਿਹੜੀ ਇਨਕਲਾਬੀਆਂ ਦੀ ਹਮਾਇਤ ਵਿਚ ਕੀਤੀ ਗਈ ਸੀ।

ਇਸ ਬਗਾਵਤ ਦੀ ਕੋਈ ਬਾਕਾਇਦਾ ਕੇਂਦਰੀ ਕਮਾਂਡ ਨਹੀਂ ਸੀ ਅਤੇ ਖਿੰਡੀਪੁੰਡੀ ਸੀ। ਬਰਤਾਨਵੀ ਸਰਕਾਰ ਨੇ ਮਾਰਸ਼ਲ ਲਾਅ ਲਾ ਕੇ ਕਹਿਰ ਦੇ ਜ਼ੁਲਮ ਢਾਏ ਸਨ ਅਤੇ ਬਗਾਵਤ ਨੂੰ ਥਾਂ ਪਰ ਥਾਂ ਦਬਾਅ ਦਿੱਤਾ ਸੀ। ਅਗਵਾਈ ਲੋਕਲ ਬੁਧੀਜੀਵੀਆਂ ਦੇ ਹੱਥ ਸੀਂ ਜਿਹੜੇ ਦੂਜਿਆਂ ਨਾਲ ਰਾਬਤਾ ਨਾ ਬਣਾ ਸਕੇ। ਰੌਂਗਟੇ ਖੜ੍ਹੇ ਕਰ ਦੇਣ ਵਾਲੀਆਂ ਸਜ਼ਾਵਾਂ ਦੇ ਨਮੂਨੇ ਹੇਠਾਂ ਦਿੱਤੇ ਗਏ ਹਨ :

1. ਕਰਾਲਿੰਗ ਆਰਡਰ : ਜਿਸ ਅਨੁਸਾਰ ਲੋਕਾਂ ਨੂੰ ਢਿੱਡ ਭਾਰ ਜ਼ਮੀਨ 'ਤੇ ਘਿਸੜਕੇ ਕਈਆਂ ਗਲੀਆਂ ਵਿਚੋਂ ਦੀ ਲੰਘਣ ਲਈ ਮਜਬੂਰ ਕੀਤਾ ਗਿਆ।
2. ਸਲਾਮਿੰਗ ਆਰਡਰ : ਜਿਸ ਅਨੁਸਾਰ ਲੋਕਾਂ ਨੂੰ ਮਜਬੂਰ ਕੀਤਾ ਗਿਆ ਕਿ ਉਹ ਜਦੋਂ ਵੀ ਕਿਸੇ ਗੋਰੇ ਨੂੰ ਦੇਖਣ ਮੱਥੇ 'ਤੇ ਹੱਥ ਲਿਆ ਕੇ ਸਲਾਮ ਕਰਨ।
3. ਲਾਹੌਰ ਦੇ ਚਾਰ ਕਾਲਜਾਂ ਦੇ ਵਿਦਿਆਰਥੀਆਂ ਨੂੰ ਦਿਨ ਵਿਚ ਚਾਰ ਵਾਰ ਪੁਲਸ ਕੋਲ ਹਾਜ਼ਰੀ ਲਵਾਉਣ ਲਈ ਮਜਬੂਰ ਕੀਤਾ ਗਿਆ।
4. ਪੁਲਸ ਨੇ ਉਹ 200 ਵਿਦਿਆਰਥੀ ਫੜ ਕੇ 24 ਘੰਟੇ ਲਾਹੌਰ ਕਿਲ੍ਹੇ ਵਿਚ ਰੱਖੇ, ਜਿਨ੍ਹਾਂ ਨੇ ਮਾਰਸ਼ਲ ਲਾਅ ਦੇ ਹੁਕਮ ਕੰਧਾਂ ਤੋਂ ਉਤਾਰ ਕੇ ਪਾੜ ਦਿੱਤੇ ਸਨ।
5. ਆਮ ਹੀ ਲੋਕਾਂ ਨੂੰ ਟਿਕਟਿਕੀ ਨਾਲ ਬੰਨ੍ਹ ਕੇ ਬਜ਼ਾਰ ਬੈਂਤਾਂ ਲਾਈਆਂ ਗਈਆਂ ਸਨ।
6. ਕਸੂਰ ਵਿਚ ਲੋਕਾਂ ਨੂੰ ਅਫਸਰਾਂ ਸਾਹਮਣੇ ਝੁਕ ਕੇ ਸਲਾਮ ਕਰਨ ਲਈ ਮਜਬੂਰ ਕੀਤਾ ਗਿਆ।

ਇਨ੍ਹਾਂ ਸਾਰੇ ਸ਼ਰਮਨਾਕ ਜ਼ੁਲਮਾਂ 'ਤੇ ਪਰਦਾ ਪਾਉਣ ਲਈ ਅਡਵਾਇਰ ਨੇ ਹੇਠ ਲਿਖਿਆਂ ਬਿਆਨ ਦਿਤਾ : ਜੇਕਰ ਅਸੀਂ 1919 ਦੀ ਪੰਜਾਬ ਦੀ ਬਗਾਵਤ ਨੂੰ ਨਾ ਕੁਚਲਦੇ ਤਾਂ ਮਹੀਨੇ ਦੇ ਅੰਦਰ-ਅੰਦਰ, ਅਫਗਾਨ ਫੌਜਾਂ ਤੇ ਸਰਹੱਦੀ ਕਬੀਲਿਆਂ ਨੇ ਸਾਡੇ 'ਤੇ ਆ ਪੈਣਾ ਸੀ। ਜਿਨ੍ਹਾਂ ਦੀ ਅਗਵਾਈ ਕਾਬਲ ਦੇ ਹਿੰਦੋਸਤਾਨੀ ਇਨਕਲਾਬੀ ਕਰ ਰਹੇ ਸਨ।

18 ਅਪ੍ਰੈਲ 1919 ਨੂੰ 'ਟਾਈਮਜ਼ ਆਫ ਇੰਡੀਆ' ਨੇ ਲਿਖਿਆ ਕਿ "ਤਾਰਾਂ ਕੱਟਣੀਆਂ, ਰੇਲ ਗੱਡੀਆਂ ਉਲਟਾਉਣੀਆਂ ਅਤੇ ਜੇਲ੍ਹ 'ਚ ਕੈਦੀਆਂ ਨੂੰ ਛੁਡਾਉਣ ਦੀ ਕੋਸ਼ਿਸ਼ ਕਰਨਾ ਸਤਿਆਗ੍ਰਹੀਆਂ ਦਾ ਕੰਮ ਨਹੀਂ ਸੀ। ਇਹ ਇਨਕਲਾਬੀਆਂ ਦੇ ਐਕਸ਼ਨ ਸਨ।" ਅਡਵਾਇਰ ਅਨੁਸਾਰ ਇਸ ਬਗਾਵਤ ਵਿਚ 500 ਪੰਜਾਬੀ ਮਰੇ ਅਤੇ 2500 'ਤੇ ਮੁਕੱਦਮੇ ਚਲਾਏ ਗਏ ਸਨ, ਜਿਨ੍ਹਾਂ ਵਿਚੋਂ 1800 ਨੂੰ ਸਜ਼ਾਵਾਂ ਹੋਈਆਂ ਸਨ। ਸਜ਼ਾਵਾਂ ਇਸ ਤਰ੍ਹਾਂ ਸਨ : 108 ਨੂੰ ਫਾਂਸੀ ਦੀ ਸਜ਼ਾ, 265 ਨੂੰ ਉਮਰ ਕੈਦ, ਦੋ ਨੂੰ ਦਸ ਸਾਲ ਤੇ ਵਧ ਦੀ ਸਜ਼ਾ ਅਤੇ 85 ਨੂੰ ਸੱਤ-ਸੱਤ ਸਾਲ ਦੀ ਸਜ਼ਾ ਅਤੇ ਬਾਕੀਆਂ ਨੂੰ ਇਸ ਤੋਂ ਘਟ ਸਜ਼ਾਵਾਂ। ਬਹੁਤਿਆਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ ਸਨ। ਉਪਰਲਾ ਫੈਸਲਾ ਜਸਟਿਸ ਬਰੰਡਵੇ ਨੇ 5 ਜੁਲਾਈ 1919 ਨੂੰ ਲਾਹੌਰ

ਵਿਚ ਸੁਣਾਇਆ ਸੀ। ਜ਼ਿਲ੍ਹਾ ਹੈਡਕੁਆਟਰਾਂ 'ਤੇ ਦਿੱਤੀਆਂ ਗਈਆਂ ਸਜ਼ਾਵਾਂ ਇਸ ਤੋਂ ਵੱਖਰੀਆਂ ਸਨ।

ਇਨ੍ਹਾਂ ਜ਼ੁਲਮਾਂ ਨੇ ਛੂਤਛਾਤ, ਜਾਤਪਾਤ ਦੀ ਲਾਹਨਤ ਨੂੰ ਤੋੜ ਦਿੱਤਾ। ਹਿੰਦੋਸਤਾਨ ਇਕ ਕੌਮ ਦੇ ਰੂਪ ਵਿਚ ਅਗੇ ਵਧਿਆ। ਹਿੰਦੂਆਂ, ਮੁਸਲਮਾਨਾਂ ਤੇ ਸਿਖਾਂ ਨੇ ਇਕ ਗਲਾਸ ਵਿਚ ਪਾਣੀ ਪੀਤਾ ਅਤੇ ਇਕ ਥਾਲੀ ਵਿਚ ਖਾਧਾ। ਪੰਜਾਬ ਵਿਚ ਉਭਰੀ ਗੁੱਸੇ ਦੀ ਲਹਿਰ ਨੇ ਲੰਡਨ ਦੀ ਤਖਤ ਵੀ ਹਿਲਾ ਦਿਤਾ ਸੀ। ਜਿਸ ਕਰਕੇ ਲੰਡਨ ਦੀ ਸਰਕਾਰ ਨੂੰ ਅਡਵਾਇਰ ਅਤੇ ਜਨਰਲ ਡਾਇਰ ਵਿਰੁਧ ਪੜਤਾਲੀਆ ਕਮਿਸ਼ਨ ਬਿਠਾਉਣਾ ਪਿਆ ਸੀ। ਸਰਕਾਰ ਨੂੰ ਕਈ ਕੈਦੀ ਰਿਹਾ ਕਰਨੇ ਪਏ ਸਨ ਅਤੇ ਕਈਆਂ ਦੀਆਂ ਕੁਰਕੀਆਂ ਜਾਇਦਾਦਾਂ ਵਾਪਸ ਕਰਨੀਆਂ ਪਈਆਂ ਸਨ।

ਉਸ ਵੇਲੇ ਦੇ ਵਾਕਿਅਤ ਨੂੰ ਹੋਰ ਵਿਸਥਾਰ ਨਾਲ ਜਾਨਣ ਦੀ ਭਾਈ ਕਰਤਾਰ ਸਿੰਘ ਝੱਬਰ ਦੀ ਡਾਇਰੀ ਦੇ ਕੁਝ ਪੰਨੇ ਹੇਠਾਂ ਦਿੱਤੇ ਗਏ ਹਨ :

"ਅਜ਼ਾਦ ਭਾਰਤੀ ਇਹ ਅੰਦਾਜ਼ਾ ਨਹੀਂ ਲਾ ਸਕਦੇ ਕਿ ਉਸ ਵੇਲੇ ਗ਼ਦਰੀਆਂ ਦੀਆਂ ਅਖ਼ਬਾਰਾਂ ਵਿਚ ਖ਼ਬਰਾਂ ਤਾਂ ਕੀ ਘਰਾਂ ਅੰਦਰ ਬੈਠ ਕੇ ਗਲ ਕਰਨੀ ਵੀ ਗੁਨਾਹ ਸੀ। ਚਾਰ ਚੁਫੇਰੇ ਖੌਫ ਤਾਰੀ ਸੀ। ਹਰ ਸੰਸਥਾ ਵਿਚ ਤਨਖਾਹਦਾਰ ਗੌਰਮਿੰਟੀ ਏਜੰਟ ਘੁਸ ਆਏ ਸਨ। ਫਿਰ ਵੀ ਦੇਸ ਹਿਤ ਕੀਤੀਆਂ ਕੁਰਬਾਨੀਆਂ ਕਦੀ ਵਿਅਰਥ ਨਹੀਂ ਜਾਂਦੀਆਂ। ਅਜ਼ਾਦੀ ਦੀ ਵੇਚੀ ਤੇ ਦਿੱਤੀ ਗਈ ਬਲੀ। ਓੜਕ ਨੂੰ ਗ਼ਦਰੀ ਬਹਾਦਰਾਂ ਦਾ ਖ਼ੂਨ ਇਤਨਾ ਗਰਮ ਤੇ ਭੜਕਾਊ ਨਿਕਲਿਆ ਕਿ ਭਾਵੇਂ ਗੌਰਮਿੰਟ ਵਲੋਂ ਇਸ ਨੂੰ ਯਖ ਕਰਨ ਦੇ ਬੇਓੜਕ ਜਤਨ ਕੀਤੇ ਗਏ ਪਰ ਇਹ ਪਿਘਲ ਕੇ ਦੇਸ ਵਾਸੀਆਂ ਦੀ ਰਗ-ਰਗ ਵਿਚ ਧਸ ਗਿਆ। 1919 ਅਪ੍ਰੈਲ ਦੀ ਬਗਾਵਤ ਨੇ ਦੱਸ ਦਿੱਤਾ ਕਿ ਪੰਜਾਬੀ ਅਜ਼ਾਦੀ ਦੀ ਕਿਤਕਨੀ ਕੁ ਕੀਮਤ ਤਾਰ ਸਕਦੇ ਹਨ।" ਉਨ੍ਹਾਂ ਅੱਗੇ ਲਿਖਿਆ ਹੈ :

ਦੇਖੋ ਆ ਕੇ ਮੁਕਿਆ ਜਦ ਹੀ ਯੂਰਪ ਜੰਗ,
ਗੌਰਮਿਟ ਨੇ ਬਦਲਿਆ ਗਿਰਗਟ ਵਾਂਗੂ ਰੰਗ
ਅੰਗਰੇਜ਼ਾਂ ਨੇ ਵਾਅਦਾ ਕੀਤਾ ਸੀ :
ਪੈਲੇ ਵੇਲੇ ਜੰਗ ਦੇ ਸਾਨੂੰ ਫਰਮਾਇਆ
ਮਿਲੂ ਅਜ਼ਾਦੀ ਹਿੰਦ ਨੂੰ ਹਥਾਂ ਤੇ ਚਾਇਆ
ਏਸੇ ਧੋਖੇ ਹਿੰਦੀਆਂ ਸੀ ਜ਼ੋਰ ਲਗਾਇਆ

ਮਿਲਿਆ ਰੌਲਟ ਐਕਟ। ਇਸ ਦੇ ਖਿਲਾਫ ਹਿੰਦੂ ਸਿਖ ਮੁਸਲਮਾਨਾਂ ਦਾ ਮਿਲਾਪ ਸਿਖਰਾਂ ਨੂੰ ਛੋਹ ਗਿਆ। ਇਨ੍ਹਾਂ ਇਕ ਗਲਾਸ ਵਿਚ ਪਾਣੀ ਪੀਤਾ ਤੇ ਰਲਕੇ ਖਾਧਾ। ਅੰਗਰੇਜ਼ ਅਗਵਗੇਲਾ ਹੋ ਗਿਆ ਤੇ ਜਲ੍ਹਿਆਂਵਾਲਾ ਬਾਗ ਵਿਚ ਨਹੱਥੇ ਲੋਕਾਂ 'ਤੇ ਗੋਲੀ ਚਲਾਈ। ਬਜਬਜ ਘਾਟ ਦੇ ਬਾਅਦ ਇਹ ਦੂਜਾ ਸਾਕਾ ਸੀ ਜਿਸ ਵਿਚ ਪੰਜਾਬੀਆਂ ਨੇ ਹਿੰਦ ਦੀ ਅਜ਼ਾਦੀ ਲਈ ਆਹੂਤੀ ਪਾਈ। ਸੱਚੇ ਸੌਦੇ ਦੇ ਦੀਵਾਨ ਵਿਚ ਇਸ ਦੀ ਖਬਰ ਉਪੜੀ ਤੇ ਲੋਕਾਂ ਨੂੰ ਰੌਲਟ ਐਕਟ ਬਾਰੇ ਵਿਸਥਾਰ ਨਾਲ ਦੱਸਿਆ ਗਿਆ। 15

ਅਪ੍ਰੈਲ ਨੂੰ ਜਦ ਵਜ਼ੀਰਾਬਾਦੋਂ ਲਾਹੌਰ ਜਾਣ ਵਾਲੀਆਂ ਗੱਡੀਆਂ ਸਾਂਗਲਾ ਵਿਚ ਦੀ ਲੰਘੀਆਂ ਤਾਂ ਇਕ ਗੱਡੀ ਚੂਹੜਕਾਣੇ ਸਟੇਸ਼ਨ 'ਤੇ ਠਹਿਰ ਗਈ। ਲੋਕਾਂ ਦੇ ਪੁਛਣ 'ਤੇ ਡਰਾਈਵਰ ਨੇ ਦਸਿਆ ਕਿ ਗੁਜਰਾਂ ਵਾਲੇ ਦੇ ਲੋਕਾਂ ਨੇ ਸਟੇਸ਼ਨ ਸਾੜ ਦਿਤਾ...ਪੁਲ ਤੋੜ ਦਿਤੇ....ਕਚਹਿਰੀ ਸਾੜ ਦਿਤੀ ਹੈ। ਲਾਈਨ ਪੁਟ ਦਿਤੀ ਹੈ, ਏਸੇ ਕਰਕੇ ਗੱਡੀਆਂ ਹੁਣ ਇਸ ਰਸਤੇ ਜਾ ਰਹੀਆਂ ਹਨ।

ਇਹ ਖ਼ਬਰ ਸੁਣ ਚੂਹੜਕਾਣੇ ਦੇ ਲੋਕਾਂ ਨੇ ਨਹਿਰ 'ਤੇ ਬੱਝਾ ਰੇਲ ਦਾ ਪੁਲ ਤੋੜ ਦਿੱਤਾ, ਤਾਰਾਂ ਕੱਟ ਦਿੱਤੀਆਂ, ਰੇਲਵੇ ਲਾਈਨ ਪੁੱਟ ਦਿੱਤੀ, ਸਟੇਸ਼ਨ ਸਾੜ ਦਿੱਤਾ।

ਲਾਹੌਰ ਤੋਂ ਸ੍ਰੀ ਰਾਮ ਸੂਦ ਮਜਿਸਟਰੇਟ ਗੋਰੀ ਫੌਜ ਲੈ ਕੇ ਰਾਤ ਦੇ 12 ਵਜੇ ਸਰਚ ਲਾਈਟ ਅਗੇ ਲਾ ਚੂਹੜਕਾਣੇ ਉਪੜ ਗਿਆ। ਆਉਂਦਿਆਂ ਅੰਧਾਧੁੰਦ ਮਾਰਕੁਟਾਈ ਸ਼ੁਰੂ ਕਰ ਦਿੱਤੀ। 400 ਆਦਮੀ ਗ੍ਰਿਫਤਾਰ ਕਰ ਲਏ। ਚੂਹੜਕਾਣੇ ਪਿੰਡ ਦੇ ਸਾਹਮਣੇ ਗੱਡੀ ਖੜ੍ਹੀ ਕਰਕੇ ਬੇਤਹਾਸ਼ਾ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਨਾਲ ਕਈ ਲੋਕ ਫੱਟੜ ਹੋਏ ਤੇ ਕਈ ਮਾਰੇ ਗਏ। ਬਾਅਦ ਵਿਚ ਆਮ ਖ਼ਬਰ ਫੈਲ ਗਈ ਸੀ ਕਿ ਤੇਜਾ ਸਿੰਘ ਚੂਹੜਕਾਣੇ ਤੇ ਕਰਤਾਰ ਸਿੰਘ ਝੱਬਰ ਦੇ ਵਾਰੰਟ ਜਾਰੀ ਹੋ ਗਏ ਹਨ। ਤੇਜਾ ਸਿੰਘ ਦੇ ਭਰਾ ਤੇ ਪਿਓ ਨੂੰ ਪੁਲਸ ਫੜਕੇ ਲੈ ਗਈ ਹੈ। ਉਨ੍ਹਾਂ ਦੀ ਜਾਇਦਾਦ ਜ਼ਬਤ ਹੋ ਗਈ ਹੈ। ਕਰਤਾਰ ਸਿੰਘ ਤੇ ਤੇਜਾ ਸਿੰਘ ਨੂੰ ਗ੍ਰਿਫਤਾਰ ਕਰਕੇ ਚੂਹੜਕਾਣੇ ਸਟੇਸ਼ਨ 'ਤੇ ਲਿਆਂਦਾ ਗਿਆ। ਇਨ੍ਹਾਂ ਦੋਹਾਂ ਨੂੰ ਬਗਾਵਤ ਦੇ ਰਿੰਗ ਲੀਡਰ ਕਰਾਰ ਦਿੱਤਾ ਗਿਆ। ਗ੍ਰਿਫਤਾਰ ਕੀਤੇ ਲੋਕਾਂ ਨੂੰ ਮਾਲ ਗੱਡੀ ਦੇ ਡੱਬਿਆਂ ਵਿਚ ਹੀ ਬੰਦ ਕੀਤਾ ਹੋਇਆ ਸੀ। ਗੋਰਾ ਅਫਸਰ ਲੈਕਚਰ ਕਰ ਰਿਹਾ ਸੀ ਹਮ ਨੇ ਟੁਮਾਰੇ ਲੀਏ ਰੇਲ ਬਨਾਈ, ਨਹਿਰ ਬਨਾਈ, ਟੁਮ ਲੋਕ ਕਿਆ ਕਰ ਸਕਦਾ ਹੈ। ਹਮਾਰੇ ਪਾਸ ਪਲਟਨੇ ਹੈਂ ਟੋਪੇਂ ਹੈ ਹਮ ਟੁਮ ਕੋ ਏਕ ਮਿੰਟ ਮੇਂ ਟਬਾਹ ਕਰ ਸਕਟਾ ਹੈ। ਇਸ ਤੋਂ ਅੱਗੇ ਬਦਕਲਾਮੀ ਸ਼ੁਰੂ ਕਰ ਦਿੱਤੀ ਟੁਮ ਸੂਰ ਲੋਕ ਹੋ ਕੁੱਟਾ ਲੋਕ ਹੋ ਕੀੜੀ ਲੋਕ ਹੋ ਮੱਖੀ ਲੋਕ ਹੈ।"

ਇਸ ਤੋਂ ਬਾਅਦ ਝੱਬਰ ਤੇ ਤੇਜਾ ਸਿੰਘ ਸਮੇਤ 30 ਰਿੰਗ ਲੀਡਰਾਂ ਨੂੰ ਲਾਹੌਰ ਬੋਰਸਟਨ ਜੇਲ੍ਹ ਵਿਚ ਸਰਕਾਰ ਵਿਰੁੱਧ ਜੰਗ ਛੇੜਨ ਦੇ ਅਪਰਾਧ ਵਿਚ ਮੁਕੱਦਮੇ ਲਈ ਭੇਜ ਦਿੱਤਾ। ਏਥੇ ਹੀ ਗੁੱਜਰਾਂਵਾਲੇ, ਕਸੂਰ ਆਦਿ ਸਭ ਜ਼ਿਲ੍ਹਿਆਂ ਤੋਂ ਇਸ ਹੀ ਦਫਾ ਹੇਠ ਗ੍ਰਿਫਤਾਰ ਕੀਤੇ ਵਕੀਲ, ਬੁੱਧੀਜੀਵੀ ਵੀ ਲੈ ਆਂਦੇ। ਇਨ੍ਹਾਂ ਦੀ ਨਿਰਾਸ਼ਤਾ ਦੂਰ ਕਰਨ ਲਈ ਝੱਬਰ ਨੇ ਗੱਜ ਕੇ ਕਿਹਾ ਕਿ ਹੌਸਲਾ ਕਰੋ ਅੰਗਰੇਜ਼ ਕੀ ਸਮਝੂ ਏਹ ਡਰ ਗਏ ਹਨ। ਅੰਗਰੇਜ਼ ਦੇ ਖਿਲਾਫ਼ ਗਜ ਬਜ ਕੇ ਸਜ਼ਾਵਾਂ ਭੁਗਤਣੀਆਂ ਹਨ। ਉਸ ਦਿਨ ਤੋਂ ਤੇਜਾ ਸਿੰਘ ਤੇ ਝੱਬਰ ਹੱਥਕੜੀਆਂ ਲਵਾਈ ਟੋਲੀਆਂ ਵਿਚ ਸ਼ਬਦ ਪੜ੍ਹਦੇ ਅਗੇ-ਅਗੇ ਤੁਰਦੇ। ਮੁਕੱਦਮਾ ਯੂਨੀਵਰਸਿਟੀ ਹਾਲ ਲਾਹੌਰ ਦੇ ਵਿਚ ਚੱਲਿਆ, ਜੋ ਤਿੰਨ ਜੱਜਾਂ ਦੇ ਸਾਹਮਣੇ ਪੇਸ਼ ਹੋਇਆ। 22 ਮਈ 1919 ਨੂੰ ਚੂਹੜਕਾਣੇ ਵਾਲੇ 30 ਰਿੰਗ ਲੀਡਰਾਂ ਨੂੰ ਇਹ ਫੈਸਲਾ ਸੁਣਾਇਆ ਗਿਆ : 17 ਆਦਮੀਆਂ ਨੂੰ ਕਾਲੇ ਪਾਣੀ ਉਮਰ ਕੈਦ ਦੀ

ਸਜ਼ਾ। ਕਰਤਾਰ ਸਿੰਘ ਝੱਬਰ, ਤੇਜਾ ਸਿੰਘ ਚੂਹੜਕਾਣੇ, ਕਾਹਨ ਸਿੰਘ ਚੂਹੜਕਾਣੇ, ਜਗੀਰ ਸਿੰਘ ਮੁਰੀਦਕੇ, ਮੈਣਾ ਸਿੰਘ ਨੌਖਰਕੇ, ਮੋਹਰ ਦੀਨ ਲੌਹਾਰ ਕਾਲੇਕਾ ਨੂੰ ਫਾਂਸੀ ਦੀ ਸਜ਼ਾ ਹੋਈ। ਫਾਂਸੀ ਦੀ ਸਜ਼ਾ ਸੁਣਦਿਆਂ ਸਾਰ ਹੀ ਕਰਤਾਰ ਸਿੰਘ ਨੇ ਸਤਿਸ੍ਰੀ ਅਕਾਲ ਦੇ ਪੰਜ ਜੈਕਾਰੇ ਛੱਡੇ। ਬਾਹਰ ਆ ਸਭ ਨੇ ਰਿਸ਼ਤੇਦਾਰਾਂ ਨੂੰ ਕਿਹਾ ਕਿ ਸੱਜਣੋਂ ਹੁਣ ਘਰਾਂ ਨੂੰ ਚਲੇ ਜਾਓ ਤੁਹਾਡੀ ਸਾਡੀ ਆਖਰੀ ਫਤਹਿ।

25 ਮਈ ਨੂੰ ਕਸੂਰ ਦੇ 9 ਵਿਦਰੋਹੀ ਫਾਂਸੀ ਦੇ ਦਿੱਤੇ ਗਏ, ਹੁਣ 30 ਮਈ ਨੂੰ ਚੂਹੜਕਾਣੇ ਵਾਲਿਆਂ ਦੀ ਵਾਰੀ ਸੀ। ਸਭ ਤਿਆਰੀਆਂ 'ਚ ਬੈਠੇ ਉਡੀਕ ਕਰ ਰਹੇ ਸਨ। ਸ਼ਾਮ ਦੇ 4 ਵਜੇ ਗਏ। ਦਰੋਗਾ ਆਇਆ ਤੇ ਕਹਿਣ ਲੱਗਾ ਕਿ ਚੂਹੜਕਾਣੇ ਵਾਲੇ ਛੇਆਂ ਦੀ ਫਾਂਸੀ ਤੋੜ ਕੇ ਉਮਰ ਕੈਦ ਵਿਚ ਬਦਲ ਦਿੱਤੀ ਗਈ ਹੈ। ਇਹ ਸਭ ਰੇਲ ਬਿਠਾ ਕਾਲੇ ਪਾਣੀ ਨੂੰ ਤੋਰ ਲਏ।

ਰੇਲ ਵਿਚ ਝੱਬਰ ਦੀ ਸੀਟ ਦੇ ਸਾਹਮਣੇ ਬੈਠੇ ਦੀਨ ਮੁਹੰਮਦ ਨਜ਼ਾਮਾਬਾਦ ਦੀ ਸਜਵਿਆਹੀ 18 ਸਾਲ ਦੀ ਔਰਤ ਜੋ ਵਰਲਾਪ ਬਾਹਰ ਖੜੀ ਕਰ ਰਹੀ ਸੀ ਕਿ ਇਹ ਦਸ ਹੁਣ ਮੈਂ ਕੀ ਕਰਾਂਗੀ ਪੱਥਰ ਦਿਲਾਂ ਨੂੰ ਵੀ ਹਲੂਣਾ ਦੇ ਰਹੀ ਸੀ।

ਇਨ੍ਹਾਂ ਨੂੰ ਕਾਲੇ ਪਾਣੀ ਜੇਲ੍ਹ ਦੀਆਂ ਕੋਠੀਆਂ ਵਿਚ ਬੰਦ ਕਰ ਦਿੱਤਾ ਗਿਆ। 1914-15 ਦੇ ਗ਼ਦਰੀ ਕੈਦੀਆਂ ਇਨ੍ਹਾਂ ਨੂੰ ਸੁਨੇਹਾ ਭੇਜ ਦਿੱਤਾ ਸੀ ਕਿ ਕੋਹਲੂ ਨਹੀਂ ਗੇੜਨਾ।

27-28 ਜੂਨ 1919 ਨੂੰ ਝੱਬਰ ਨੂੰ ਰਾਤ ਦੇ 12 ਵਜੇ ਜਾਗ ਆ ਗਈ। ਉਸਦੇ ਕੰਨਾਂ ਵਿਚ ਸੁਖਮਣੀ ਸਾਹਿਬ ਦੇ ਪਾਠ ਦੀ ਅਵਾਜ਼ ਪਈ। ਇਕ ਹੋਰ ਕੋਠੀ ਵਿਚੋਂ ਜਪੁਜੀ ਸਾਹਿਬ ਦਾ ਪਾਠ ਹੋ ਰਿਹਾ ਸੀ। ਪਿਛਲੇ ਪਾਸੇ ਦੇ ਰੌਸ਼ਨਦਾਨ ਥਾਣੀਂ ਆਸਾ ਜੀ ਦੀ ਵਾਰ ਦਾ ਤੇ ਜਾਪੁ ਸਾਹਿਬ ਦਾ ਪਾਠ ਹੋ ਰਿਹਾ ਸੀ। ਮਨ ਹੀ ਮਨ ਵਿਚ ਉਹ ਖਿਆਲ ਕਰਨ ਲਗਾ ਕਿ ਕਾਲੇ ਪਾਣੀ ਆਉਣਾ ਤਾਂ ਮੈਨੂੰ ਸੁਪਨਾ ਆਇਆ ਸੀ ਮੈਂ ਤੇ ਸਾਧ ਸੰਗਤ ਦੇ ਸਚਖੰਡ ਵਿਚ ਆ ਗਿਆ ਹਾਂ। ਸਾਹਮਣੀ ਕੋਠੀਂ ਵਾਲੇ ਕੈਦੀ ਜੇਹਲਮੀਏ ਜੱਲੇ ਨੂੰ ਅਵਾਜ਼ ਮਾਰ ਕੇ ਪੁੱਛਿਆ ਤਾਂ ਉਸ ਕਿਹਾ ਕਿ ਇਹ ਭਾਈ ਜੀ ਲੋਕ ਹਨ ਬਜਬਜ ਘਾਟ ਵਾਲੇ ਗ਼ਦਰੀ ਭਾਈ ਜੀ। ਝੱਬਰ ਸਾਹਿਬ ਨੂੰ ਅਕਾਲ ਤਖਤ ਤੋਂ ਇਨ੍ਹਾਂ ਗ਼ਦਰੀਆਂ ਦੇ ਖਿਲਾਫ਼ ਹੁਕਮਨਾਮਾ ਜਾਰੀ ਕਰਨ ਵਾਲੇ ਰੂੜ ਸਿੰਘ ਦਾ ਖਿਆਲ ਆ ਗਿਆ। ਜਿਸ ਨੇ ਕਿਹਾ ਸੀ ਕਿ ਇਹ ਅੰਗਰੇਜ਼ਾਂ ਨਾਲ ਮੁਕਾਬਲਾ ਕਰਨ ਵਾਲੇ ਸਿੱਖ ਨਹੀਂ। ਮਾਰਚ 1920 ਵਿਚ ਆਮ ਮੁਆਫੀ ਦੇ ਐਲਾਨ ਨਾਲ (ਦਰਅਸਲ ਲੋਕਾਂ ਦੀ ਐਜੀਟੇਸ਼ਨ ਕਾਰਨ) ਇਨ੍ਹਾਂ ਮਾਰਸ਼ਲ ਲਾਅ ਦੇ ਕੈਦੀਆਂ ਦੀਆਂ ਦੀ ਰਿਹਾਈ ਦੇ ਹੁਕਮ ਆ ਗਏ) 12 ਅਕਤੂਬਰ 1920 ਨੂੰ ਤੇਜਾ ਸਿੰਘ ਚੂਹੜਕਾਣਾ ਤੇ ਕਰਤਾਰ ਸਿੰਘ ਝੱਬਰ ਅੰਮ੍ਰਿਤਸਰ ਅਕਾਲ ਤਖ਼ਤ ਪੁੱਜ ਗਏ। ਦੀਵਾਨ ਵਿਚ ਬੋਲੇ । ਸੰਗਤਾਂ ਨੂੰ ਪ੍ਰਗਟ ਕੀਤਾ ਕਿ ਗ਼ਦਰੀ ਬਾਬੇ ਸੱਚੇ ਸਿੱਖ ਹਨ। ਇਹ ਰੂੜ ਸਿੰਘ ਤੇ ਇਸ ਦੇ ਮਹੰਤ ਉਨ੍ਹਾਂ ਦੇ ਖਿਲਾਫ ਫਤਵੇ ਦੇਣ ਵਾਲੇ ਦਰਅਸਲ ਅਸਿੱਖ ਹਨ। ਜੈਕਾਰਿਆਂ ਨਾਲ ਮਤੇ

ਪਾਸੇ ਕਰਾਏ। ਇਸ ਤੋਂ ਬਾਅਦ ਕੁੰਜੀਆਂ ਦਾ ਮਸਲਾ ਆਇਆ ਤੇ ਗੁਰਦਵਾਰਾ ਸੁਧਾਰ ਲਹਿਰ (ਅਕਾਲੀ ਲਹਿਰ) ਦੀ ਸ਼ੁਰੂਆਤ ਹੋਈ।"

ਅਫ਼ਗਾਨਿਸਤਾਨ ਦੀ ਜੰਗੇ ਅਜ਼ਾਦੀ ਅਤੇ ਗ਼ਦਰ ਪਾਰਟੀ

ਹਬੀਬਉਲਾ ਦੇ ਰਾਜ ਸਮੇਂ ਅਫ਼ਗਾਨਿਸਤਾਨ ਵਿਚ ਕੌਮੀ ਅਜ਼ਾਦੀ ਦਾ ਰਾਹਬਰ ਮੁਹੰਮਦ-ਏ-ਤਰਜ਼ੀ ਸੀ ਜਿਹੜਾ ਕਿ ਇਕ ਕੌਮਪ੍ਰਸਤ ਆਗੂ ਸੀ। ਉਸਨੇ ਫ਼ਾਰਸੀ ਜ਼ੁਬਾਨ ਵਿਚ 'ਸਰਾਜਉਲਾ' ਨਾਂ ਦਾ ਅਖ਼ਬਾਰ ਕੱਢਿਆ ਸੀ। ਇਸ ਅਖ਼ਬਾਰ ਵਿਚ ਅਫ਼ਗਾਨਿਸਤਾਨ ਦੀ ਪੂਰਨ ਅਜ਼ਾਦੀ ਅਤੇ ਹਿੰਦੋਸਤਾਨ ਦੀ ਅਜ਼ਾਦੀ ਬਾਰੇ ਮਜ਼ਮੂਨ ਛਪਦੇ ਰਹਿੰਦੇ ਸਨ। ਇਹ ਅਖ਼ਬਾਰ ਮੁਖ ਤੌਰ 'ਤੇ ਅੰਗਰੇਜ਼-ਵਿਰੋਧੀ ਸੀ। ਜਿਸ ਕਰਕੇ ਅਖ਼ਬਾਰ ਨੂੰ ਬੰਦ ਕਰਾਉਣ ਲਈ ਤਰਜ਼ੀ ਦੇ ਖਿਲਾਫ਼ ਐਕਸ਼ਨ ਲੈਣ ਲਈ ਅੰਗਰੇਜ਼ਾਂ ਨੇ ਕਾਬਲ ਦੇ ਅਮੀਰ ਹਬੀਬਉਲਾਂ ਨੂੰ ਖਤ ਲਿਖਿਆ। ਤਰਜ਼ੀ ਦਾ ਸ਼ਾਹੀ ਖਾਨਦਾਨ ਦੇ ਲੋਕਾਂ ਉਤੇ ਕਾਫੀ ਅਸਰ ਸੀ। ਅਫ਼ਗਾਨਿਸਤਾਨ ਦੇ ਸਾਰੇ ਦਾਨਸ਼ਵਾਰ ਉਸਦੇ ਪੱਖ ਵਿਚ ਖੜ੍ਹੇ ਹੋ ਗਏ ਸਨ ਜਿਸ ਕਰਕੇ ਹਬੀਬਉੱਲਾ ਉਸ ਵਿਰੁੱਧ ਐਕਸ਼ਨ ਲੈਣ ਤੋਂ ਘਬਰਾਉਂਦਾ ਸੀ। ਹਬੀਬਉਲਾ ਨੇ ਤਰਜ਼ੀ ਤੋਂ ਪਿੱਛਾ ਛੁਡਾਉਣ ਲਈ ਪਹਿਲਾਂ ਵੀ ਉਸਨੂੰ ਆਪਣਾ ਖਾਸ ਮੁਸ਼ੀਰ ਬਣਾਕੇ ਸੀਰੀਆ ਦੀ ਰਾਜਧਾਨੀ ਡਮਾਸਕਸ ਭੇਜ ਦਿੱਤਾ ਸੀ। ਡਮਾਸਕਸ ਵਿਚ ਹੀ ਉਸਨੇ ਇਕ ਸੀਨੀਅਨ ਔਰਤ ਨਾਲ ਵਿਆਹ ਕਰਵਾ ਲਿਆ ਸੀ। ਜਿਸਦੇ ਪੇਟੋਂ ਇਕ ਲੜਕੀ ਦਾ ਜਨਮ ਹੋਇਆ ਸੀ ਜਿਸ ਦਾ ਨਾਂ ਸੁਰੱਈਆ ਰੱਖਿਆ ਗਿਆ ਸੀ। ਬਾਅਦ ਵਿਚ ਜਾ ਕੇ ਸੁਰੱਈਆ ਨੇ ਅਮਾਨਉਲਾ ਨਾਲ ਸ਼ਾਦੀ ਕਰ ਲਈ ਸੀ ਅਤੇ ਮਲਕਾ-ਏ-ਅਫ਼ਗਾਨਿਸਤਾਨ ਬਣ ਗਈ ਸੀ। 1919 ਵਿਚ ਕਾਬਲ ਵਿਚ ਮੁਹੰਮਦ-ਏ-ਤਰਜ਼ੀ, ਅਮਾਨਉਲਾ, ਸੁਰੱਈਆ ਅਤੇ ਪ੍ਰੋਫੈਸਰ ਬਰਕਤਉਲਾ ਦਾ ਇਕ ਮਜ਼ਬੂਤ ਗਰੁੱਪ ਬਣ ਚੁੱਕਾ ਸੀ। ਤਰਜ਼ੀ ਅਤੇ ਬਰਕਤਉਲਾ ਹੁਣ ਰਲਕੇ ਸਰਾਜਉਲ ਅਖ਼ਬਾਰ ਕੱਢਦੇ ਸਨ। ਅਖ਼ਬਾਰ ਨੂੰ ਹਬੀਬਉਲਾ ਤਾਂ ਬੰਦ ਨਾ ਕਰ ਸਕਿਆ ਪਰ ਅੰਗਰੇਜ਼ਾਂ ਨੇ ਅਖ਼ਬਾਰ ਦਾ ਹਿੰਦੋਸਤਾਨ ਵਿਚ ਦਾਖਲਾ ਬੰਦ ਕਰ ਦਿੱਤਾ। 24 ਫਰਵਰੀ 1919 ਵਿਚ ਜਲਾਲਾਬਾਦ ਵਿਚ ਹਬੀਬਉਲਾ ਦਾ ਕਤਲ ਹੋ ਗਿਆ ਸੀ। ਤਰਜ਼ੀ ਦੀ ਹੁਸ਼ਿਆਰੀ ਸਦਕਾ ਅਮਾਨਉਲਾ ਨੂੰ ਅਫ਼ਗਾਨਿਸਤਾਨ ਦੇ ਤਖਤ 'ਤੇ ਬਿਠਾ ਦਿੱਤਾ ਗਿਆ ਸੀ। ਹਾਲਾਂਕਿ ਅਮਾਨਉਲਾ ਤਖਤ ਦੇ ਹੱਕਦਾਰਾਂ ਵਿਚ ਤੀਜੇ ਨੰਬਰ 'ਤੇ ਆਉਂਦਾ ਸੀ। ਮਤਲਬ ਕਿ ਉਸਦੇ ਦੋ ਵੱਡੇ ਭਰਾ ਸੀ।

ਅਸਲ ਵਿਚ ਅਫ਼ਗਾਨਿਸਤਾਨ ਆਪਣੀ ਦੂਜੀ ਜੰਗ ਦੇ ਖਾਤਮੇ 'ਤੇ ਅੰਗਰੇਜ਼ਾਂ ਦਾ ਪ੍ਰੋਟੈਕਟਰੇਟ ਬਣਕੇ ਰਹਿ ਗਿਆ ਸੀ। ਜਿਸਨੂੰ ਕਿਸੇ ਦੂਜੇ ਕੇਸ ਨਾਲ ਸਿੱਧੇ ਸੰਬੰਧ ਰੱਖਣ ਦੀ ਆਗਿਆ ਨਹੀਂ ਸੀ। ਦੂਜੇ ਮੁਲਕਾਂ ਨਾਲ ਉਸਦੇ ਸੰਬੰਧ ਅੰਗਰੇਜ਼ ਹਕੂਮਤ ਰਾਹੀਂ ਹੀ ਹੋ ਸਕਦੇ ਸਨ। ਅੰਦਰੂਨੀ ਮਾਮਲਿਆਂ ਵਿਚ ਅਫ਼ਗਾਸਿਤਾਨ ਦੀ ਸਰਕਾਰ ਅੰਗਰੇਜ਼ਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕਰ ਸਕਦੀ ਸੀ। ਇਸ ਦੇ ਇਵਜ਼ ਵਿਚ

ਅੰਗਰੇਜ਼ ਹਕੂਮਤ ਅਮੀਰ ਕਾਬਲ ਨੂੰ ਹਿੰਦੋਸਤਾਨ ਦੇ ਖਜ਼ਾਨੇ ਵਿਚੋਂ ਲੱਖਾਂ ਰੁਪਏ ਦੀ ਸਬਸਿਡੀ ਦਿੰਦੀ ਸੀ। ਅਤੇ ਕਰਾਚੀ ਦੀ ਬੰਦਰਗਾਹ ਤੋਂ ਉਸਦਾ ਮਾਲ ਕਾਬਲ ਜਾਣ ਦਿੱਤਾ ਜਾਂਦਾ ਸੀ। ਹਬੀਬਉਲਾ ਪੂਰਨ ਅਜ਼ਾਦੀ ਨਾਲੋਂ ਪੈਸੇ ਨੂੰ ਵਧ ਪਿਆਰ ਕਰਦਾ ਸੀ। ਜੇਕਰ ਜਰਮਨ ਅਤੇ ਤੁਰਕੀ ਜਿੱਤਦੇ ਦਿਸਦੇ ਸਨ ਤਾਂ ਉਹ ਪੈਸੇ ਲੈ ਕੇ ਉਨ੍ਹਾਂ ਵੱਲ ਹੋ ਜਾਣ ਨੂੰ ਤਿਆਰ ਰਹਿੰਦਾ ਸੀ। ਅੰਗਰੇਜ਼ਾਂ ਦੀ ਜਿੱਤ ਦੀ ਉਮੀਦ ਨੇ ਅਤੇ ਅੰਗਰੇਜ਼ਾਂ ਵਲੋਂ ਸਬਸਿਡੀ ਵਿਚ ਦੋ ਲੱਖ ਰੁਪਏ ਦਾ ਵਾਧਾ ਕਰ ਦੇਣ ਨੇ ਹਬੀਬਉਲਾ ਨੂੰ ਫੇਰ ਅੰਗਰੇਜ਼ਾਂ ਦੇ ਹੱਕ ਵਿਚ ਖੜ੍ਹਾ ਕਰ ਦਿੱਤਾ।

ਮੁਲਕ ਦੀ ਵਾਗਡੋਰ ਸੰਭਾਲਦਿਆਂ ਹੀ ਅਮਾਨਉਲਾ ਨੇ ਅਜ਼ਾਦੀ ਲਈ ਅੰਗਰੇਜ਼ਾਂ ਵਿਰੁੱਧ ਜੰਗ ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ। ਇਸ ਦੌਰਾਨ ਉਸਦੇ ਸਲਾਹਕਾਰ ਮੁਹੰਮਦ-ਏ-ਤਰਜ਼ੀ ਅਤੇ ਗ਼ਦਰ ਪਾਰਟੀ ਦਾ ਮੀਤ ਪ੍ਰਧਾਨ ਬਰਕਤਉਲਾ ਸਨ।

1919 ਦੀ ਬਹਾਰ ਰੁੱਤੇ ਅਮਾਨਉਲਾ ਨੇ ਅਫ਼ਗਾਨਿਸਤਾਨ ਨੂੰ ਇਕ ਅਜ਼ਾਦ ਮੁਲਕ ਹੋਣ ਦਾ ਐਲਾਨ ਕਰ ਦਿਤਾ ਸੀ। ਇਸ ਨਾਲ ਅਫ਼ਗਾਨਿਸਤਾਨ ਤੀਜੀ ਜੰਗ ਵਿਚ ਦਾਖਲ ਹੋ ਗਿਆ। ਇਸ ਜੰਗ ਵਿਚ ਕਾਬਲ ਵਿਚਲੇ ਹਿੰਦੋਸਤਾਨੀ ਇਨਕਲਾਬੀਆਂ ਨੇ ਵਧ ਚੜ੍ਹ ਕੇ ਹਿਸਾ ਲਿਆ ਅਤੇ ਸਰਹੱਦੀ ਕਬੀਲਿਆਂ ਰਾਹੀਂ ਅੰਗਰੇਜ਼ ਫੌਜਾਂ 'ਤੇ ਕਈ ਵਾਰ ਹਮਲੇ ਕੀਤੇ।

ਅੰਗਰੇਜ਼ਾਂ ਨਾਲ ਜੰਗ ਛੇੜਦਿਆਂ ਹੀ ਅਮਾਨਉਲਾ ਨੇ ਪ੍ਰੋਫੈਸਰ ਬਰਕਤਉਲਾ ਦੀ ਅਗਵਾਈ ਵਿਚ ਇਕ ਵਫਦ ਮਾਸਕੋ ਭੇਜ ਦਿੱਤਾ। ਸੋਵੀਅਤ ਯੂਨੀਅਨ ਦੀ ਸਰਕਾਰ ਨੇ ਬਰਕਤਉਲਾ ਮਿਸ਼ਨ ਦਾ ਪੁਰਜੋਸ਼ ਸਵਾਗਤ ਕੀਤਾ। ਦੋਹਾਂ ਸਰਕਾਰਾਂ ਦੇ ਨੁਮਾਇੰਦਿਆਂ ਨੇ ਇਕ ਦੂਜੇ ਦੀ ਹਕੂਮਤ ਨੂੰ ਡੀ-ਫੈਕਟੋ ਦੇ ਤੌਰ 'ਤੇ ਮਾਨਤਾ ਦਿੱਤੀ। ਮਾਸਕੋ ਵਿਚ 27 ਮਈ 1919 ਨੂੰ ਕਾਲੀਨਿਨ ਨੇ ਚੇਅਰਮੈਨ ਦੀ ਹੈਸੀਅਤ ਵਿਚ ਤੇ ਕਾਮਰੇਡ ਲੈਨਿਨ ਨੇ ਸੋਵੀਅਤ ਹਕੂਮਤ ਦੇ ਮੁਖੀ ਦੇ ਤੌਰ 'ਤੇ ਇਸ ਸਹਿਮਤੀ 'ਤੇ ਦਸਖ਼ਤ ਕੀਤੇ. ਦੋਹਾਂ ਧਿਰਾਂ ਨੇ ਇਕ ਦੂਜੇ ਦੇ ਦੇਸ ਵਿਚ ਸਫਾਰਤੀ ਨੁਮਾਇੰਦੇ ਭੇਜਣ ਲਈ ਸਹਿਮਤੀ ਕੀਤੀ। ਇਹ ਸੰਧੀ ਵੀ ਕੀਤੀ ਗਈ ਕਿ ਜੇਕਰ ਕੋਈ ਗੈਰ ਮੁਲਕ ਇਨ੍ਹਾਂ ਵਿਚੋਂ ਕਿਸੇ 'ਤੇ ਹਮਲਾ ਕਰੇਗਾ ਤਾਂ ਇਹ ਇਕ ਦੂਜੇ ਦੀ ਮਦਦ 'ਤੇ ਆਉਣਗੇ। ਉਸ ਸਮੇਂ ਸੋਵੀਅਤ ਯੂਨੀਅਨ ਨੂੰ 14 ਸਾਮਰਾਜੀ ਦੇਸਾਂ ਨੂੰ ਘੇਰਿਆ ਹੋਇਆ ਸੀ। ਸੋਵੀਅਤ ਯੂਨੀਅਨ ਨੂੰ ਦਾ ਦੁਸ਼ਮਣ ਅਮੀਰ ਬੁਖਾਰਾ ਰੂਸ ਦੇ ਮੁਸਲਮ ਵਜੋਂ ਵਾਲੇ ਸੂਬਿਆਂ ਵਿਚ ਅੰਗਰੇਜ਼ਾਂ ਅਤੇ ਫਰਾਂਸੀਸੀਆਂ ਦੀ ਮਦਦ ਨਾਲ ਗੜਬੜ ਕਰਵਾ ਰਿਹਾ ਸੀ।

ਅੰਗਰੇਜ਼ ਪਹਿਲੀ ਸੰਸਾਰ ਜੰਗ ਵਿਚੋਂ ਥਕ ਕੇ ਨਿਕਲਿਆ ਸੀ। ਦੂਜੇ ਪਾਸੇ ਰੌਲਟ ਐਕਟ ਵਿਰੁੱਧ ਪੰਜਾਬ ਵਿਚ ਬਗਾਵਤ ਹੋ ਗਈ ਸੀ, ਸਰਹੱਦੀ ਕਬੀਲੇ ਅਹਿਮਦ ਪਿਸ਼ਾਵਰ ਵਲ ਵਧ ਰਹੇ ਸਨ, ਖੋਸਤ ਕਬੀਲੇ ਸਬਾਤੀ ਚੁਕ ਦੱਰਾ ਵੱਲ ਵਧ ਰਹੇ ਸਨ, ਸਰਹੱਦੀ ਕਬੀਲਿਆਂ ਵਿਚ ਕੰਮ ਕਰ ਰਹੀ ਹਿੰਦੋਸਤਾਨੀ ਖੁਦਾਈ ਖਿਦਮਤਗਾਰ ਫੌਜ ਕਬੀਲਿਆਂ ਨਾਲ ਸ਼ਾਨਾਬਸ਼ਾਨਾ ਹੋ ਕੇ ਅੰਗਰੇਜ਼ੀ ਫੌਜ 'ਤੇ ਹਮਲੇ ਕਰ ਰਹੀ ਸੀ।

ਹਿੰਦੋਸਤਾਨ ਦੀ ਕਾਬਲ ਵਿਚਲੀ ਆਰਜ਼ੀ ਸਰਕਾਰ ਦਾ ਅਜ਼ਾਦੀ ਦਾ ਐਲਾਨਨਾਮਾ ਵੀ ਦਿੱਲੀ ਤੱਕ ਅਸਰ ਕਰ ਰਿਹਾ ਸੀ। ਵਸ 'ਚੋਂ ਬਾਹਰ ਹੋ ਰਹੀ ਹਾਲਤ ਵਿਚ ਅੰਗਰੇਜ਼ ਜੰਗਬੰਦੀ ਕਰਨ ਲਈ ਰਜ਼ਾਮੰਦ ਹੋ ਗਿਆ। ਉਸਨੇ ਗੱਲਬਾਤ ਰਾਹੀਂ ਫੈਸਲਾ ਕਰਨਾ ਮੰਨ ਲਿਆ। ਅਫ਼ਗਾਨ ਹਕੂਮਤ ਵਲੋਂ ਮੁਹੰਮਦ-ਏ-ਤਰਜ਼ੀ ਸੁਲਾਹ ਦੀ ਗੱਲਬਾਤ ਕਰਨ ਵਾਸਤੇ ਮੁਕੱਰਰ ਹੋਇਆ। ਪਹਿਲਾਂ ਵਿਚਾਰ-ਵਟਾਂਦਰਾ ਰਾਵਲਪਿੰਡੀ ਵਿਚ ਹੋਇਆ ਜਿਹੜਾ ਕਿਸੇ ਸਿਰੇ ਨਾ ਲਗਾ। ਦੂਸਰੀ ਬੈਠਕ ਲਾਹੌਰ ਵਿਚ ਹੋਈ। ਉਹ ਵੀ ਬਿਨਾਂ ਕਿਸੇ ਨਤੀਜੇ 'ਤੇ ਪਹੁੰਚਣ ਤੋਂ ਉਠ ਗਈ। ਤੀਸਰੀ ਗਲਬਾਤ ਸ਼ਿਮਲਾ ਵਿਚ ਹੋਈ ਸੀ ਤੇ ਉਸ ਦਾ ਵੀ ਕੋਈ ਨਤੀਜਾ ਨਾ ਨਿਕਲਿਆ। ਦਰਅਸਲ ਹਕੀਕਤ ਇਹ ਸੀ ਕਿ ਤਰਜ਼ੀ ਗੱਲਬਾਤ ਨੂੰ ਲਟਕਾ ਰਿਹਾ ਸੀ। ਉਹ ਇਸ ਉਡੀਕ ਵਿਚ ਸੀ ਕਿ ਬਰਕਤਉਲਾ ਮਿਸ਼ਨ ਦੀ ਕਾਮਯਾਬੀ ਦਾ ਐਲਾਨ ਹੋ ਜਾਵੇ। ਇਸ ਦੌਰਾਨ ਅਫ਼ਗਾਨਿਸਤਾਨ ਅਤੇ ਸੋਵੀਅਤ ਯੂਨੀਅਨ ਦੀਆਂ ਸਰਕਾਰਾਂ ਵਲੋਂ ਇਕ ਦੂਜੇ ਦੀ ਮਦਦ ਕਰਨ ਦਾ ਐਲਾਨ ਹੋ ਗਿਆ। ਅੰਗਰੇਜ਼ੀ ਹਕੂਮਤ ਨੂੰ ਤਰਜ਼ੀ ਦੀਆਂ ਸ਼ਰਤਾਂ 'ਤੇ ਸੁਲਾਹ ਕਰਨੀ ਪਈ। ਅੰਗਰੇਜ਼ਾਂ ਨੇ ਅਫ਼ਗਾਨਿਸਤਾਨ ਨੂੰ ਇਕ ਪੂਰਨ ਅਜ਼ਾਦ ਦੇਸ ਮੰਨ ਲਿਆ ਅਤੇ ਅਫ਼ਗਾਨਿਸਤਾਨ ਦੀਆਂ ਅੰਦਰੂਨੀ ਤੇ ਬੈਰੂਨੀ ਨੀਤੀਆਂ ਵਿਚ ਅੰਗਰੇਜ਼ਾਂ ਦਾ ਦਖਲ ਖਤਮ ਹੋ ਗਿਆ। ਅਫ਼ਗਾਨਿਸਤਾਨ ਨੇ ਅੰਗਰੇਜ਼ਾਂ ਤੋਂ ਮਿਲਦੀ ਸਬਸਿਡੀ ਨੂੰ ਗੁਲਾਮੀ ਦਾ ਚਿੰਨ੍ਹ ਕਹਿ ਕੇ ਲੈਣਾ ਬੰਦ ਕਰ ਦਿਤਾ ਸੀ। ਅੰਗਰੇਜ਼ਾਂ ਨੇ ਇਸ ਦਾ ਜਵਾਬ ਦੇਣ ਲਈ ਕਰਾਚੀ ਦੀ ਬੰਦਰਗਾਹ ਤੋਂ ਅਫ਼ਗਾਨਿਸਤਾਨ ਜਾਣ ਵਾਲੇ ਮਾਲ 'ਤੇ ਮਹਿਸੂਲ ਠੋਕ ਦਿੱਤਾ ਸੀ। ਇਹ ਜੰਗ ਅਫ਼ਗਾਨਿਸਤਾਨ ਦੀ ਵਾਰ ਆਫ਼ ਇੰਡੀਪੈਂਡੈਂਸ ਕਰਕੇ ਜਾਣੀ ਜਾਂਦੀ ਹੈ। ਸੋਵੀਅਤ ਸਰਕਾਰ ਨੇ ਅਜ਼ਾਦ ਅਫ਼ਗਾਨਿਸਤਾਨ ਨੂੰ ਟੈਲੀਗਰਾਫ ਵਾਇਰ, ਆਵਾਜਾਈ ਦਾ ਹੋਰ ਸਮਾਨ ਅਤੇ ਹਥਿਆਰ ਆਦਿ ਸਹਾਇਤਾ ਵਜੋਂ ਦਿੱਤੇ ਭਾਵੇਂ ਕਿ ਉਹ ਆਪ ਉਸ ਸਮੇਂ ਘਰੇਲੂ ਜੰਗ ਵਿਚ ਫਸਿਆ ਹੋਇਆ ਸੀ।

ਬਰਕਤਉਲਾ ਦੀ ਅਗਵਾਈ ਵਿਚ ਬਣਏ ਗ਼ਦਰ ਪਾਰਟੀ ਦੇ ਮਜ਼ਬੂਤ ਕੇਂਦਰ ਨੇ 1919 ਤੋਂ ਲੈ ਕੇ 1929 ਤਕ ਅਮਾਨਉਲਾ ਦੇ ਸਮੇਂ ਅਹਿਮ ਕਾਰਨਾਮੇ ਕੀਤੇ।

ਪ੍ਰੋਫੈਸਰ ਬਰਕਤਉਲਾ ਸੋਵੀਅਤ ਯੂਨੀਅਨ ਵਿਚ (1920)

1919-20 ਵਿਚ ਸੋਵੀਅਤ ਯੂਨੀਅਨ ਵਿਚ ਘਰੇਲੂ ਜੰਗ ਜ਼ੋਰਾਂ 'ਤੇ ਸੀ। ਮੁਸਲਮ ਕਬੀਲਿਆਂ ਵਿਚ ਅਮੀਰ ਬੁਖਾਰਾ ਦੇ ਮੁਲਾਣਿਆਂ ਨੇ ਊਧਮ ਮਚਾ ਛਡਿਆ ਸੀ। ਉਸ ਦੀ ਪਿੱਠ ਉਤੇ ਅੰਗਰੇਜ਼ ਅਤੇ ਫਰਾਂਸੀਸੀ ਫੌਜਾਂ ਸਨ। ਬਰਕਤਉਲਾ ਕਾਬਲ ਤੋਂ ਸੋਵੀਅਤ ਯੂਨੀਅਨ ਆ ਗਿਆ ਅਤੇ ਉਸਨੇ ਆਪਣੀਆਂ ਸੇਵਾਵਾਂ ਸਰਕਾਰ ਨੂੰ ਪੇਸ਼ ਕੀਤੀਆਂ। ਉਹ ਕਾਮਰੇਡ ਲੈਨਿਨ ਨੂੰ ਵੀ ਮਿਲਿਆ। ਮੁਸਲਮ ਰਾਜਾਂ ਵਿਚ ਉਸਨੇ ਮੁਸਲਮ ਅਵਾਮ ਨੂੰ ਅੰਗਰੇਜ਼ ਅਤੇ ਫਰਾਂਸੀਸੀ ਸਾਮਰਾਜੀਆਂ ਦੇ ਘਿਨੌਣੇ ਮਨਸੂਬਿਆਂ

ਤੋਂ ਜਾਣੂ ਕਰਾਇਆ। ਉਸਨੇ ਪਿੰਡਾਂ ਅਤੇ ਸ਼ਹਿਰ ਵਿਚ ਅਤੇ ਮਸੀਤਾਂ ਵਿਚ ਆਮ ਜਲਸੇ ਕੀਤੇ। ਅਖ਼ਬਾਰਾਂ ਨੂੰ ਇੰਟਰਵਿਊ ਦਿੱਤੇ ਅਤੇ ਮੁਸਲਮ ਅਵਾਮ ਵਿਚ ਪੈਂਫਲਿਟ ਲਿਖਕੇ ਵੰਡੇ। 1919 ਵਿਚ ਬਰਕਤਉਲਾ ਵੋਲਗਾ ਰਿਜਨ ਵਿਚ ਪਹੁੰਚ ਗਿਆ ਸੀ। ਉਸਨੇ ਕਾਜ਼ਾਨ, ਊਫਾ, ਸਮਾਰਾ, ਸਰਟਰਲੀਟਮਾਕ ਇਲਾਕੇ ਵਿਚ ਕਾਨਫਰੰਸਾਂ ਤੇ ਮੀਟਿੰਗਾਂ ਕੀਤੀਆਂ। ਉਸਦੇ ਲੈਕਚਰਾਂ ਦੀਆਂ ਰੀਪੋਰਟਾਂ, ਵੋਲਗਾ, ਟਰਾਂਸਕੈਸਪੀਅਨ, ਅਲਮਾਅੱਤਾ, ਸਮਾਰਾ ਆਇਦ ਦੀਆਂ ਅਖ਼ਬਾਰਾਂ ਵਿਚ ਛਪੀਆਂ। ਉਸ ਤੋਂ ਬਾਅਦ ਮਾਸਕੋ, ਪੈਟਰੋਗਬਾਦ ਦੇ ਪ੍ਰਾਵਦਾ ਅਤੇ ਇਜ਼ਵਸਤੀਆ ਵਿਚ ਵੀ ਉਸ ਦੇ ਲੇਖ ਛਪੇ। ਬਰਕਤਉਲਾ ਨੇ ਵਿਲਸਨ ਬਨਾਮ ਲੈਨਿਨ ਦੇ ਸਿਰਲੇਖ ਹੇਠ ਲੇਖ ਲਿਖੇ। ਉਸਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੋ ਹਜ਼ਾਰ ਸਾਲ ਪਹਿਲਾਂ ਸੁਕਰਾਤ ਵਲੋਂ ਲਏ ਸਮਾਜਵਾਦ ਦੇ ਸੁਪਨੇ ਨੂੰ ਲੈਨਿਨ ਨੇ ਪੂਰਾ ਕੀਤਾ ਹੈ। ਏਸ਼ੀਆ ਦੇ ਮੁਸਲਮਾਨਾਂ ਨੂੰ ਕੀਤੀ ਅਪੀਲ ਵਿਚ ਬਰਕਤਉਲਾ ਨੇ ਕਿਹਾ ਕਿ ਬਾਲਸ਼ਵਿਕ ਅਸੂਲ ਮਾਨਸ ਕੀ ਜਾਤ ਸਭ ਇਕ ਬਰਾਬਰ ਹੈ। ਉਸਨੇ ਕਿਹਾ ਕਿ ਰੂਸ ਦੇ ਘਰੇਲੂ ਜੰਗ ਅੰਗਰੇਜ਼ੀ ਸਾਮਰਾਜੀਆਂ ਦੀ ਅਗਵਾਈ ਵਿਚ ਗੈਰਮੁਲਕੀਆਂ ਵਲੋਂ ਰੂਸ ਵਿਰੁੱਧ ਛੇੜੀ ਇਕ ਜੰਗ ਹੈ। ਉਸ ਨੇ ਲੋਕਾਂ ਨੂੰ ਲਾਲ ਫੌਜ ਦਾ ਸਾਥ ਦੇਣ ਲਈ ਕਿਹਾ ਸੀ। ਇਜ਼ਵਤੀਆਂ ਨਾਲ ਇਕ ਇੰਟਰਵਿਊ ਵਿਚ ਬਰਕਤਉਲਾ ਨੇ ਕਿਹਾ "ਮੈਂ ਨਾ ਹੀ ਕਮਿਊਨਿਸਟ ਹਾਂ ਅਤੇ ਨਾ ਹੀ ਸੋਸ਼ਲਿਸਟ, ਮੈਂ ਯੂਰਪ ਦੀ ਸਰਮਾਏਦਾਰੀ, ਜਿਸ ਦੀ ਸਰਦਾਰੀ ਅੰਗਰੇਜ਼ਾਂ ਦੇ ਹੱਥ ਹੈ, ਦਾ ਗ਼ੈਰ ਸਮਝੌਤਾ ਕਰੂ ਦੁਸ਼ਮਣ ਹਾਂ, ਇਸ ਨੇ ਏਸ਼ੀਆ ਨੂੰ ਗ਼ੁਲਾਮ ਬਣਾਇਆ ਹੋਇਆ ਹੈ। ਇਸ ਹਾਲਤ ਵਿਚ ਮੈਂ ਕਮਿਊਨਿਸਟਾਂ ਦਾ ਨਿਟਕਵਰਤੀ ਦੋਸਤ ਹਾਂ ਅਤੇ ਅਸੀਂ ਦੋਹਵੇਂ ਕੁਦਰਤੀ ਤੌਰ 'ਤੇ ਇਕੱਠੇ ਹਾਂ।"

ਬਰਕਤਉਲਾ ਦੀ ਕਾਰਗੁਜ਼ਾਰੀ ਨੂੰ ਲੈਨਿਨ ਨੇ ਆਪ ਸਲਾਹਿਆ ਸੀ। ਪ੍ਰੋਫੈਸਰ ਐਮ.ਏ. ਪਰਸਿਸਟ ਦੀ 'ਸੋਵੀਅਤ ਰੂਸ ਵਿਚ ਭਾਰਤੀ ਇਨਕਲਾਬੀ' ਨਾਂ ਦੀ ਕਿਤਾਬ ਵਿਚ ਸਫਾ 45 ਤੋਂ 50 ਤੱਕ ਵਿਸਥਾਰ ਨਾਲ ਇਸਦਾ ਜ਼ਿਕਰ ਆਉਂਦਾ ਹੈ।

ਬਰਕਤਉਲਾ ਦੀ ਇਸ ਕਾਰਵਾਈ ਨੇ ਰੂਸ, ਤੁਰਕੀ, ਅਫ਼ਗਾਨਿਸਤਾਨ ਅਤੇ ਹੋਰ ਮਧ ਪੂਰਬੀ ਦੇਸਾਂ ਵਿਚ ਹਿੰਦੋਸਤਾਨ ਦਾ ਨਾਂ ਉਚਾ ਕੀਤੀ ਅਤੇ ਗ਼ਦਰ ਪਾਰਟੀ ਦਾ ਆਦਰ ਵਧਾਇਆ। ਬਰਕਤਉਲਾ ਦੀ ਏਸੇ ਘਾਲਣਾ ਸਦਕਾ ਰੂਸ ਵਿਚ ਭਾਈ ਸੰਤੋਖ ਸਿੰਘ ਤੇ ਰਤਨ ਸਿੰਘ ਦਾ ਸਵਾਗਤ, ਮਫ਼ਰੂਰ ਹੋਏ ਮਾਸਟਰ ਊਧਮ ਸਿੰਘ ਅਤੇ ਗੁਰਮੁਖ ਸਿੰਘ ਦੀ ਕਾਬਲ ਵਿਚ ਸੰਭਾਲ ਤੇ ਤੇਜਾ ਸਿੰਘ ਦਾ ਤੁਰਕੀ ਦੀ ਫੌਜੀ ਅਕਾਦਮੀ ਵਿਚ ਦਾਖ਼ਲਾ ਹੋਇਆ ਸੀ।

ਮਾਸਟਰ ਊਧਮ ਸਿੰਘ, ਗੁਰਮੁਖ ਸਿੰਘ ਤੇ ਪ੍ਰਿਥਵੀ ਸਿੰਘ ਦੀਆਂ ਫਰਾਰੀਆਂ

ਅਸੀਂ ਹੁਣ ਹੋਰ ਤਿੰਨ ਜੇਲ੍ਹ ਫਰਾਰੀਆਂ ਦਾ ਜ਼ਿਕਰ ਕਰਦੇ ਹਾਂ ਜਿਨ੍ਹਾਂ ਦੇ ਫਲਸਰੂਪ ਗ਼ਦਰ ਪਾਰਟੀ ਤਕੜੀ ਹੋ ਕੇ ਅੱਗੇ ਵਧੀ ਸੀ। 1920 ਵਿਚ ਜੰਗ ਦੇ ਖਾਤਮੇ

'ਤੇ ਆਮ ਮੁਆਫੀ ਨਾਲ ਰਿਹਾਈਆਂ ਹੋਈਆਂ ਜਿਸ ਵਿਚ ਕੁਝ ਗ਼ਦਰੀ ਕੈਦੀ ਵੀ ਰਿਹਾ ਹੋਏ ਸਨ, ਉਨ੍ਹਾਂ ਵਿਚ ਬਾਬਾ ਵਿਸਾਖਾ ਸਿੰਘ ਦਦੇਹਰ, ਭਾਈ ਪਰਮਾ ਨੰਦ ਤੇ ਭਾਈ ਪਿਆਰਾ ਸਿੰਘ ਲੰਗੇਰੀ ਵੀ ਸ਼ਾਮਲ ਸਨ। ਲੰਗੇਰੀ ਮਾਹਲਪੁਰ ਤੋਂ ਦੋ ਮੀਲ ਦੀ ਵਿਥ 'ਤੇ ਜੰਗਲ ਤੇ ਝਾੜੀਆਂ ਵਿਚ ਛੁਪਿਆ ਉਹ ਪਿੰਡ ਸੀ ਜਿਥੇ ਗ਼ਦਰੀਆਂ ਦਾ ਖਾਸ ਕੇਂਦਰ ਬਣ ਗਿਆ ਸੀ। ਭਾਈ ਦਿਆ ਸਿੰਘ ਤੇ ਗਿਆਨੀ ਮੇਹਰ ਸਿੰਘ ਦੇ ਸਹਿਯੋਗ ਨਾਲ ਪਹੁੰਚਾਉਂਦੇ ਸਨ। ਅੱਜ ਵੀ ਇਸ ਪਿੰਡ ਦੇ ਦਰਸ਼ਨ ਕਨੈਡੀਅਨ ਦੀ ਸ਼ਹਾਦਤ ਨੇ ਇਸ ਛੋਟੇ ਜਿਹੇ ਗਿਰਾਂ ਨੂੰ ਦੁਨੀਆਂ ਦੇ ਨਕਸ਼ੇ ਉਤੇ ਲੈ ਆਂਦਾ ਹੈ।

1920 ਵਿਚ ਅੰਡੇਮਾਨ ਦੇ ਚੌਵੀਂ ਗ਼ਦਰੀ ਕੈਦੀਆਂ ਨੂੰ ਹਿੰਦੋਸਤਾਨ ਵਿਚ ਲੈ ਆਂਦਾ ਗਿਆ ਸੀ। ਪੰਜਾਬ ਸਰਕਾਰ ਨੇ ਫੇਰ ਇਨ੍ਹਾਂ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਨੂੰ 23 ਅਗਸਤ 1921 ਨੂੰ ਮਦਰਾਸ ਵਿਚ ਸਮੁੰਦਰੀ ਜਹਾਜ਼ੋਂ ਉਤਾਰ ਕੇ ਮਦਰਾਸ, ਕੋਇੰਬਟੂਰ, ਰਾਜ ਮੁੰਦਰੀ, ਬੰਗਲੌਰ, ਤ੍ਰਿਚਨਾਪਲੀ ਅਤੇ ਵੇਲੋਰ ਦੀਆਂ ਜੇਲ੍ਹਾਂ ਵਿਚ ਬੰਦ ਕਰ ਦਿੱਤਾ। 1921 ਵਿਚ ਮਾਸਟਰ ਊਧਮ ਸਿੰਘ ਕਸੇਲ ਨੂੰ ਵੇਲੋਰ (Vellor) ਜੇਲ੍ਹ ਬੰਦ ਕਰ ਦਿਤਾ ਗਿਆ ਸੀ। ਗ਼ਦਰੀਆਂ ਦਾ ਇਹ ਫੌਜੀ ਇਨਸਟਰੱਕਟਰ ਲਗਾਤਾਰ ਦਸ ਮਹੀਨੇ ਜੇਲ੍ਹ ਤੋੜ ਕੇ ਨਿਕਲ ਜਾਣ ਦੀਆਂ ਸਕੀਮਾਂ ਬਣਾਉਂਦਾ ਰਿਹਾ। ਆਖਰ ਜੂਨ 1922 ਦੀ ਰਾਤ ਨੂੰ ਕੋਠੀ ਦਾ ਜੰਦਰਾ ਖੋਲ੍ਹ ਕੇ ਅਠਾਰਾਂ ਫੁਟ ਉਚੀ ਚਾਰ ਦਿਵਾਰੀ ਟੱਪ ਕੇ ਉਹ ਪੰਜਾਬ ਨੂੰ ਤੁਰ ਪਿਆ ਅਤੇ ਛੇ ਸੌ ਮੀਲ ਦਾ ਸਫਰ ਤਹਿ ਕਰਕੇ ਲੰਗੇਰੀ ਆ ਪਹੁੰਚਾ। ਪੈਰ ਸੁੱਜ ਗਏ ਤੇ ਸਰੀਰ ਰਾਤ ਦਿਨ ਦੇ ਸਫਰ ਕਰਕੇ ਚਕਨਾਚੂਰ ਹੋ ਗਿਆ ਸੀ। ਲੰਗੇਰੀ ਪਹੁੰਚਣ 'ਤੇ ਭਾਈ ਪਿਆਰਾ ਸਿੰਘ ਨੇ ਚੰਗੀ ਸੰਭਾਲ ਕੀਤੀ ਤੇ ਤੰਦਰੁਸਤ ਹੋਣ 'ਤੇ ਕਾਬਲ (ਅਫ਼ਗਾਨਿਸਤਾਨ) ਭੇਜ ਦਿੱਤਾ। ਮਾਸਟਰ ਊਧਮ ਸਿੰਘ, ਜਿਨ੍ਹਾਂ ਨੂੰ ਊਧਮ ਸਿੰਘ ਅਫ਼ਗਾਨ ਕਰਕੇ ਵੀ ਜਾਣਿਆ ਜਾਂਦਾ ਸੀ, ਦੇ ਪਹੁੰਚਣ 'ਤੇ ਕਾਬਲ ਇਕ ਮਜ਼ਬੂਤ ਗ਼ਦਰੀ ਕੇਂਦਰ ਬਣ ਗਿਆ ਜਿਸ ਦੀ ਅਮਾਨਉਲਾ ਤੀਕਰ ਗਹਿਰੀ ਰਸਾਈ ਸੀ ਤੇ ਅਫ਼ਗਾਨ ਹਕੂਮਤ ਉਨ੍ਹਾਂ ਦਾ ਬਹੁਤ ਇਜ਼ਤ ਮਾਣ ਕਰਦੀ ਸੀ। ਮਾਸਟਰ ਜੀ ਨੇ ਅਫ਼ਗਾਨਿਸਤਾਨ ਵਿਚ ਖਿੰਡੇ-ਪੁੰਡੇ ਬਾਕੀ ਵਸਦੇ ਇਨਕਲਾਬੀਆਂ, ਜਿਵੇਂ ਕਿ ਓਬੈਦੁਲਾ ਸਿੰਧੀ ਤੇ ਹਿਜ਼ਰਤੀ ਵਿਦਿਆਰਥੀਆਂ ਨੂੰ ਇਸ ਕੇਂਦਰ ਵਿਚ ਲਿਆਂਦਾ ਸੀ। ਉਸਨੇ ਸਨਫਰਾਂਸਿਸਕੋ ਹੈਡਕੁਆਟਰ ਨਾਲ ਸੰਬੰਧ ਪੈਦਾ ਕਰ ਲਏ ਤੇ ਤੁਰਕੀ ਦੇ ਸਫੀਰ ਫਖਰੀ ਪਾਸ਼ਾ, ਜੋ ਕਿ ਕਾਬਲ ਵਿਚ ਨਿਯੁਕਤ ਸਨ, ਨਾਲ ਵੀ ਕਾਫੀ ਮੇਲਜੋਲ ਪੈਦਾ ਕਰ ਲਿਆ ਸੀ।

ਮਾਸਟਰ ਊਧਮ ਸਿੰਘ ਦੀ ਫਰਾਰੀ ਤੋਂ ਕੁਝ ਚਿਰ ਬਾਅਦ 1922 ਵਿਚ ਗੁਰਮੁਖ ਸਿੰਘ ਤੇ ਸੱਜਣ ਸਿੰਘ ਦੀ ਚਾਲੀ ਅਕੋਲਾ ਜੇਲ੍ਹ (ਸੀ.ਪੀ.) ਦੀ ਹੋ ਗਈ ਸੀ। ਤ੍ਰਿਚਨਾਪਲੀ ਤੋਂ ਗੱਡੀ ਮਨਮੜ, ਚਾਲੀਸਗਾਓਂ ਹੁੰਦੀ ਅਕੋਲਾ ਜਾਣੀ ਸੀ ਜਿਸ ਵਿਚ ਗੁਰਮੁਖ ਸਿੰਘ ਤੇ ਸੱਜਣ ਸਿੰਘ ਨੂੰ ਲਿਜਾਇਆ ਜਾ ਰਿਹਾ ਸੀ। ਪਹਿਰੇ 'ਤੇ ਇਕ ਹਵਾਲਦਾਰ ਤੇ ਦੋ ਸਿਪਾਹੀ ਸਨ। ਦੋਹਾਂ ਗ਼ਦਰੀਆਂ ਦੇ ਹੱਥਕੜੀਆਂ ਬੇੜੀਆਂ ਲੱਗੀਆਂ ਹੋਈਆਂ ਸਨ।

ਰਾਤ ਨੂੰ ਜਦੋਂ ਮਨਮਾਨੜ ਤੋਂ ਅਕੋਲਾ ਵਲ ਨੂੰ ਗੱਡੀ ਤੁਰੀ ਤਾਂ ਗੁਰਮੁਖ ਸਿੰਘ ਨੇ ਸੱਜਣ ਸਿੰਘ ਦਸਿਆ ਕਿ ਉਸ ਨੇ ਫਰਾਰ ਹੋ ਜਾਣਾ ਹੈ। ਸੱਜਣ ਸਿੰਘ ਨੇ ਛੁਪਾ ਕੇ ਰੱਖੇ ਹੋਏ ਪੈਸੇ ਗੁਰਮੁਖ ਸਿੰਘ ਦੇ ਹਵਾਲੇ ਕਰ ਦਿੱਤੇ। ਪੁਲਸ ਵਾਲੇ ਹੱਥਕੜੀਆਂ ਦੀ ਸੰਗਲੀ ਪੇਟੀ ਨਾਲ ਜਕੜ ਕੇ ਸੌਂ ਗਏ ਤੇ ਸੱਜਣ ਸਿੰਘ ਜਾਗਦਾ ਹੀ ਘੁਰਾੜੇ ਮਾਰਨ ਲਗ ਪਿਆ ਤੇ ਉਤੇ ਲਏ ਕੰਬਲ ਦੀਆਂ ਝੀਤਾਂ ਵਿਚੀਂ ਸਭ ਮਾਜਰਾ ਦੇਖਦਾ ਰਿਹਾ। ਗੁਰਮੁਖ ਸਿੰਘ ਨੇ ਆਪਣੇ ਕੂਲੇ ਹੱਥ ਖਿਚ ਧੂਕ ਕੇ ਹੱਥਕੜੀ ਵਿਚੋਂ ਬਾਹਰ ਕੱਢ ਲਏ। ਗੱਡੀ ਦਾ ਸਿਗਨਲ ਟੱਪਦਿਆਂ ਹੀ ਉਸ ਨੇ ਉਸ ਨੇ ਬੇੜੀਆਂ ਸਮੇਤ ਗੱਡੀ ਵਿਚੋਂ ਬਾਹਰ ਛਾਲ ਮਾਰ ਦਿੱਤੀ। ਜਦੋਂ ਪੁਲਸੀਆਂ ਨੂੰ ਜਾਗ ਆਈ ਤਾਂ ਗੁਰਮੁਖ ਸਿੰਘ ਗਾਇਬ ਹੋ ਚੁੱਕਾ ਸੀ। ਇਸ ਛੋਟੇ ਡੱਬੇ ਵਿਚ ਉਹੋ ਪੰਜੇ ਹੀ ਸਵਾਰੀਆਂ ਸਨ, ਉਨ੍ਹਾਂ ਕਿਸੇ ਹੋਰ ਨੂੰ ਚੜ੍ਹਨ ਹੀ ਨਹੀਂ ਦਿੱਤਾ ਸੀ। ਗੱਡੀ ਚਾਲੀਸਗਾਓਂ ਦੇ ਸਟੇਸ਼ਨ 'ਤੇ ਪੁੱਜ ਗਈ। ਖਾਲੀ ਇੰਜਣ ਗੁਰਮੁਖ ਸਿੰਘ ਦੀ ਲਾਸ਼ ਦੀ ਤਲਾਸ਼ ਵਿਚ ਪਿਛੇ ਮੁੜਿਆ ਪਰ ਉਸ ਦਾ ਕੋਈ ਸੁਰ ਪਤਾ ਹੀ ਲਗਿਆ। ਨੇੜੇ ਇਕ ਪਿੰਡ ਦੇ ਲੁਹਾਰ ਤੋਂ ਦੇਸਭਗਤ ਦਸ ਕੇ ਬੇੜੀ ਕਟਵਾ ਲਈ। ਫਿਰਦਾ-ਫਿਰਾਉਂਦਾ ਗੁਰਮੁਖ ਸਿੰਘ ਵੀ ਲੰਗੇਰੀ ਪਿਆਰਾ ਸਿੰਘ ਤੇ ਕੋਲ ਪੁੱਜ ਗਿਆ। ਪਿਆਰਾ ਸਿੰਘ ਨੇ ਉਸ ਨੂੰ ਵੀ ਕਬਾਇਲੀ ਇਲਾਕਾ ਟਪਾ ਕੇ ਉਸ ਕਾਬਲ ਭਿਜਵਾ ਦਿੱਤਾ ਸੀ। ਹੁਣ ਦੋ ਮਫ਼ਰੂਰ ਗ਼ਦਰੀ ਕਾਬਲ ਕੇਂਦਰ ਨੂੰ ਚਲਾਉਣ ਵਿਚ ਮਸਰੂਫ ਹੋ ਗਏ ਸਨ।

ਹੁਣ ਵਾਰੀ ਲਾਲੜੂ ਦੇ ਰਾਜਪੂਤ ਪ੍ਰਿਥਵੀ ਸਿੰਘ ਦੀ ਸੀ, ਜਿਸ ਨੂੰ ਬਾਬਾ ਪ੍ਰਿਥਵੀ ਸਿੰਘ ਅਜ਼ਾਦ ਕਰਕੇ ਜਾਣਿਆਂ ਜਾਂਦਾ ਸੀ ਤੇ ਦੁਨੀਆਂ ਦੇ ਬਜ਼ੁਰਗਾਂ ਦੀਆਂ ਖੇਡਾਂ ਦੇ ਮੁਕਾਬਲਿਆਂ ਵਿਚ 95 ਸਾਲ ਦੀ ਉਮਰ ਵਿਚ ਵੀ ਸੋਨੇ ਦੇ ਤਮਗੇ ਜਿੱਤ ਕੇ ਲਿਆਉਂਦਾ ਰਿਹਾ ਸੀ। ਪ੍ਰਿਥਵੀ ਸਿੰਘ ਰਾਜ ਮੁੰਦਰੀ ਜੇਲ੍ਹ ਵਿਚੋਂ ਨਾਗਪੁਰ ਜੇਲ੍ਹ ਲਿਜਾਇਆ ਜਾ ਰਿਹਾ ਸੀ। ਉਸ ਨੇ ਪੁਲਸ ਦੀ ਗਾਰਦ ਕੋਲ ਟੱਟੀ ਜਾਣ ਦਾ ਬਹਾਨਾ ਬਣਾਇਆ ਤੇ ਹੱਥਕੜੀ ਬੇੜੀ ਸਮੇਟ ਟੱਟੀ ਵਿਚ ਵੜ ਗਿਆ ਅਤੇ ਅੰਦਰਲੀ ਚਿਟਕਣੀ ਲਾ ਲਈ ਤੇ ਬਾਰੀ ਦਾ ਸ਼ੀਸ਼ਾ ਤੋੜ ਕੇ ਲੱਤਾਂ ਬਾਹਰ ਕੱਢ ਲਈਆਂ ਤੇ ਚਲਦੀ ਗੱਡੀ ਵਿਚੋਂ ਛਾਲ ਮਾਰ ਦਿੱਤੀ। ਚੰਗੀ ਕਿਸਮਤ ਸੀ ਕਿ ਬਚ ਗਿਆ। ਕੋਈ ਚੋਟ ਵੀ ਨਹੀਂ ਆਈ। ਇਸ ਤੋਂ ਬਾਅਦ ਨੌਂ ਸਾਲ ਗੁਜਰਾਤ (ਕਾਠੀਆਵਾੜ) ਵਿਚ ਸਵਾਮੀ ਰਾਓ ਦਾ ਨਾਓਂ ਰੱਖ ਕੇ ਉਸ ਨੇ ਨੌਜਵਾਨਾਂ ਲਈ ਵਰਜਸ ਤੇ ਖੇਡਾਂ ਦੇ ਅਖਾੜੇ ਚਲਾਏ ਤੇ ਫੇਰ ਕਾਬਲ ਤੇ ਉਸ ਤੋਂ ਬਾਅਦ ਮਾਸਕੋ ਚਲਾ ਗਿਆ ਸੀ।

ਭਾਰਤੀ ਇਨਕਲਾਬੀ ਬਦੇਸਾਂ ਵਿਚ

ਪਹਿਲੀ ਸੰਸਾਰ ਜੰਗ ਦੇ ਖਤਮ ਹੋਣ ਤੋਂ ਬਾਅਦ ਸੈਂਕੜੇ ਹਿੰਦੋਸਤਾਨੀ ਇਨਕਲਾਬੀ ਥਾਂ-ਥਾਂ ਧੱਕੇ ਖਾਣ ਲਗੇ। ਅੰਗਰੇਜ਼ੀ ਹਕੂਮਤ ਦੇ ਜਾਨੀ ਦੁਸ਼ਮਣ ਹੋਣ ਕਰਕੇ ਅਫਗਾਨਿਸਤਾਨ ਦੀ ਸਰਕਾਰ ਲਈ ਵੀ ਸਿਰਦਰਦੀ ਬਣੇ ਹੋਏ ਸਨ ਕਿਉਂਕਿ

ਅਫਗਾਨਿਸਤਾਨ ਅੰਗਰੇਜ਼ੀ ਹਕੂਮਤ ਨਾਲ ਏਨਾ ਵਿਗਾੜ ਨਹੀਂ ਸਹੇੜਨਾ ਚਾਹੁੰਦਾ ਸੀ। ਕੁਝ ਗ਼ਦਰੀ ਹਾਰੇ ਹੋਏ ਜਰਮਨ ਵਿਚੋਂ ਖਿਸਕ ਕੇ ਸਵੀਡਨ ਅਤੇ ਸਵਿਟਜ਼ਰਲੈਂਡ ਆਦਿ ਵਲ ਚਲੇ ਗਏ ਸਨ। ਇਨ੍ਹਾਂ ਵਿਚੋਂ ਕੇਵਲ ਹਰਦਿਆਲ ਨੇ ਹੀ ਅੰਗਰੇਜ਼ਾਂ ਅਗੇ ਹਥਿਆਰ ਸੁੱਟੇ ਸਨ, ਬਾਕੀ ਹਰ ਮੁਸੀਬਤ ਦਾ ਸਾਹਮਣਾ ਕਰਦੇ ਹੋਏ ਅਡੋਲ ਰਹੇ। ਇਸ ਔਖੀ ਘੜੀ ਵਿਚ ਸੋਵੀਅਤ ਹਕੂਮਤ ਨੇ ਇਨ੍ਹਾਂ ਨੂੰ ਪਨਾਹ ਦਿੱਤੀ। ਇਹ ਭਾਵੇਂ ਵਖਰੇ ਸਿਆਸੀ ਖਿਆਲਾਂ ਤੇ ਮਜ਼ਹਬੀ ਵਿਚਾਰਾਂ ਦੇ ਸਨ ਤਾਂ ਵੀ ਸੋਵੀਅਤ ਯੂਨੀਅਨ ਨੇ ਇਨ੍ਹਾਂ ਨੂੰ ਹਿੰਦੋਸਤਾਨੀ ਇਨਕਲਾਬੀ ਸਮਝਕੇ ਨਿਵਾਜਿਆ। ਇਸ ਮਦਦ ਲਈ ਉਨ੍ਹਾਂ 'ਤੇ ਕੋਈ ਸ਼ਰਤ ਨਹੀਂ ਸੀ ਲਾਈ।

ਕਾਮਰੇਡ ਲੈਨਿਨ ਨੂੰ ਹਿੰਦੋਸਤਾਨੀ ਇਨਕਲਾਬ ਬਾਰੇ ਸਪੱਸ਼ਟ ਸੀ ਕਿ ਇਹ ਕੌਮੀ ਇਨਕਲਾਬ ਹੋਵੇਗਾ ਜਿਸ ਵਿਚ ਅਜ਼ਾਦੀ ਚਾਹੁਣ ਵਾਲੀਆਂ ਸਾਰੀਆਂ ਤਾਕਤਾਂ ਸ਼ਾਮਲ ਹੋ ਕੇ ਦੇਸ ਨੂੰ ਅਜ਼ਾਦ ਕਰਾਉਣਗੀਆਂ ਅਤੇ ਫੇਰ ਅਗੇ ਚਲਕੇ ਮਿਹਨਤਕਸ਼ ਸਮਾਜਵਾਦ ਦੀ ਪ੍ਰਾਪਤੀ ਲਈ ਲੜਨਗੀਆਂ। ਪਰ ਐਮ.ਐਨ. ਰਾਏ ਉਸ ਸਮੇਂ ਹਿੰਦੋਸਤਾਨ ਵਿਚ ਪ੍ਰੋਲੇਤਾਰੀ ਇਨਕਲਾਬ ਕਰਨ ਦੀਆਂ ਗੱਲਾਂ ਕਰ ਰਿਹਾ ਸੀ। ਉਹ ਉਸ ਵੇਲੇ ਦੀਆਂ ਹਕੀਕੀ ਹਾਲਤਾਂ ਨੂੰ ਨਹੀਂ ਸਮਝਦਾ ਸੀ। ਉਹ ਨਾ ਅਮਲ ਵਿਚ ਆਉਣ ਵਾਲੀਆਂ ਗੱਲਾਂ ਕਰਦਾ ਸੀ। ਹਿੰਦੋਸਤਾਨ ਦਾ ਪ੍ਰੋਲੇਤਾਰੀ ਨਾ ਤਾਂ ਏਨਾ ਤਕੜਾ ਹੀ ਸੀ ਅਤੇ ਨਾ ਹੀ ਜਥੇਬੰਦ ਕਿ ਉਹ ਏਨੇ ਤਕੜੇ ਅੰਗਰੇਜ਼ੀ ਸਾਮਰਾਜ ਨੂੰ ਵੀ ਕੱਢ ਦੇਵੇ ਅਤੇ ਸਮਾਜਵਾਦ ਵੀ ਬਣਾ ਲਏ। ਬਰਤਾਨਵੀ ਹਕੂਮਤ ਦੀ ਪਿੱਠ ਉਤੇ ਹਿੰਦੋਸਤਾਨ ਦੇ ਰਾਜੇ, ਨਵਾਜ ਤੇ ਜਗੀਰਦਾਰ ਵੀ ਸਨ। ਏਸੇ ਹੀ ਖਾਮਖਿਆਲੀ ਕਰਕੇ ਪਹਿਲਾਂ ਉਹ ਕਾਮਿਨਟਰਨ ਵਿਚੋਂ ਖਾਰਜ ਹੋਇਆ ਸੀ ਅਤੇ ਫੇਰ ਕਮਿਊਨਿਸਟ ਵਿਰੋਧੀ ਗੜ੍ਹ ਵਿਚ ਚਲਾ ਗਿਆ ਸੀ।

ਐਮ.ਐਨ. ਰਾਏ ਦੀਆਂ ਇਨ੍ਹਾਂ ਹਰਕਤਾਂ ਨੇ ਹਿੰਦੋਸਤਾਨ ਦੀ ਇਨਕਲਾਬੀ ਵਿਚਾਰਧਾਰਾ ਉਤੇ ਅਤੇ ਬਦੇਸਾਂ ਵਿਚਲੇ ਭਾਰਤੀ ਇਨਕਲਾਬੀਆਂ 'ਤੇ ਕਾਫ਼ੀ ਸੱਟ ਮਾਰੀ ਸੀ। ਐਮ.ਐਨ. ਰਾਏ ਕਾਮਿਨਟਰਨ ਵਿਚ ਹਰ ਉਸ ਤਾਕਤ ਦੀ ਮੁਖ਼ਾਲਫਤ ਕਰਦਾ ਜਿਹੜਾ ਹਿੰਦੋਸਤਾਨ ਦੇ ਇਨਕਲਾਬ ਵਿਚ ਉਸਦੀ ਸਰਦਾਰੀ ਕਬੂਲ ਨਹੀਂ ਕਰਦੀ ਸੀ। ਉਸਨੇ ਨਾ ਕੇਵਲ ਹਿੰਦੋਸਤਾਨ ਦੇ ਇਨਕਲਾਬ ਨੂੰ ਹੀ ਪਿੱਛੇ ਪਾਇਆ ਸਗੋਂ ਕਮਿਊਨਿਸਟ ਪਾਰਟੀ ਉਸਾਰਨ ਵਿਚ ਵੀ ਰੁਕਾਵਟਾਂ ਪਾਈਆਂ ਸਨ। ਉਸਨੇ ਹਿੰਦੋਸਤਾਨ ਤੋਂ ਬੋਗਸ ਰੀਪੋਰਟਾਂ ਦੇ ਅਧਾਰ 'ਤੇ ਗੱਲੀਂ-ਗੱਲੀਂ ਹੀ ਕਮਿਊਨਿਸਟ ਪਾਰਟੀ ਖੜ੍ਹੀ ਕਰ ਦਿਤੀ। ਗ਼ਦਰ ਪਾਰਟੀ ਉਸ ਸਮੇਂ ਲੈਨਿਨ ਦੇ 'ਕਲੋਨੀਅਲ ਥੀਸਸ' ਨਾਲ ਖੜ੍ਹਾ ਸੀ। ਏਸੇ ਕਰਕੇ ਰਾਏਵਾਦੀ ਗ਼ਦਰ ਪਾਰਟੀ ਦੀ ਮੁਖ਼ਾਲਫਤ ਕਰਨ ਲਗ ਪਏ ਸਨ।

ਗ਼ਦਰੀ ਕਮਿਊਨਿਸਟਾਂ ਨੇ ਕਮਿਊਨਿਸਟ ਪਾਰਟੀ ਦੀ ਉਸਾਰੀ ਵਿਚ ਅਤੇ ਕਮਿਊਨਿਸਟ ਸਰਗਰਮੀਆਂ ਵਿਚ ਕਾਮਯਾਬੀਆਂ ਹਾਸਲ ਕੀਤੀਆਂ ਸਨ। 'ਕਿਰਤੀ'

ਅਖ਼ਬਾਰ ਰਾਹੀਂ ਸੋਵੀਅਤ ਹਕੂਮਤ ਅਤੇ ਕਮਿਊਨਿਜ਼ਮ ਬਾਰੇ ਪ੍ਰਚਾਰ ਕੀਤਾ ਸੀ। ਪੰਜਾਬ ਵਿਚ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਜਥੇਬੰਦੀਆਂ ਕਾਇਮ ਕੀਤੀਆਂ ਸਨ। ਇਸ ਦੇ ਬਾਵਜੂਦ ਰਾਏਵਾਦੀਆਂ ਨੇ ਗ਼ਦਰੀ ਕਮਿਊਨਿਸਟਾਂ ਨੂੰ ਕੌਮਪ੍ਰਸਤ ਇਨਕਲਾਬੀ ਕਹਿ ਕੇ ਹੀ ਯਾਦ ਕੀਤਾ ਸੀ।

ਰਾਜਾ ਮੁਹਿੰਦਰ ਪ੍ਰਤਾਪ ਦਾ ਤਿਬਤੀ ਮਿਸ਼ਨ

ਰਾਜਾ ਮੁਹਿੰਦਰ ਪ੍ਰਤਾਪ ਨਿਰਸੰਦੇਹ ਇਕ ਦੇਸ਼ਭਗਤ ਰਾਜਾ ਸੀ ਅਤੇ ਅੰਗੇਰਜ਼ ਸਾਮਰਾਜ ਦਾ ਕੱਟੜ ਦੁਸ਼ਮਣ ਸੀ। ਏਸੇ ਕਰਕੇ ਉਸਨੂੰ ਕਾਬਲ ਵਿਚਲੀ ਹਿੰਦੋਸਤਾਨ ਦੀ ਆਰਜ਼ੀ ਹਕੂਮਤ ਦਾ ਪ੍ਰਧਾਨ ਬਣਾਇਆ ਗਿਆ ਸੀ ਅਤੇ ਉਹ ਅਫ਼ਗਾਨਿਸਤਾਨ ਦੇ ਬਾਦਸ਼ਾਹ ਅਮਾਨਉਲਾ ਦਾ ਦੋਸਤ ਬਣ ਗਿਆ ਸੀ। ਕਾਮਰੇਡ ਲੈਨਿਨ ਨੇ ਵੀ ਉਸ ਦੀ ਕਦਰ ਕੀਤੀ ਸੀ ਅਤੇ ਪੂਰੀ ਸਹਾਇਤਾ ਦਿੱਤੀ ਸੀ। 1924 ਦੇ ਅਖ਼ੀਰ ਵਿਚ ਜਦੋਂ ਉਹ ਅਮਰੀਕਾ ਵਿਚਲੇ ਗ਼ਦਰ ਪਾਰਟੀ ਦੇ ਹੈਡਕੁਆਟਰ ਗਿਆ ਸੀ ਤਾਂ ਉਸਦਾ ਚੰਗਾ ਸਵਾਗਤ ਕੀਤਾ ਗਿਆ ਸੀ। ਪਰ ਉਸ ਦੀ ਸੂਝ ਰਾਜਿਆਂ ਵਾਲੀ ਹੀ ਰਹੀ ਅਤੇ ਉਹ ਰਾਜਿਆਂ ਨੂੰ ਹੀ ਅਪੀਲਾਂ ਕਰਦਾ ਰਿਹਾ। ਅਤੇ ਹਿੰਦੋਸਤਾਨ ਦੇ ਆਸਪਾਸ ਵਸਦੇ ਰਾਜਿਆਂ ਨੂੰ ਅੰਗਰੇਜ਼ਾਂ ਵਿਰੁੱਧ ਖੜ੍ਹੇ ਕਰਨ ਦੀ ਕੋਸ਼ਿਸ਼ ਕਰਦਾ ਰਿਹਾ। ਏਸੇ ਕਰਕੇ ਹਿੰਦੋਸਤਾਨ ਦੇ ਆਲੇ ਦੁਆਲੇ ਬਰਤਾਨੀਆਂ ਵਿਰੋਧੀ ਪਾਰਟੀਆਂ ਖੜ੍ਹੀਆਂ ਕਰਨ ਦੇ ਉਸਦੇ ਹਵਾਈ ਪਲੈਨ ਕਦੇ ਸਿਰੇ ਨਾ ਲੱਗੇ। ਇਨ੍ਹਾਂ ਰਾਜਿਆਂ ਨਵਾਬਾਂ ਦੀ ਹੋਂਦ ਬਰਤਾਨਵੀ ਸਾਮਰਾਜ ਦੀ ਹੋਂਦ ਨਾਲ ਬੱਝੀ ਹੋਈ ਸੀ। ਜਪਾਨ ਵਿਚ ਉਸਦੇ ਰਿਸ਼ਤੇਦਾਰ ਮਹਾਰਾਜਾ ਨਾਭਾ ਨੇ ਅੰਗਰੇਜ਼ੀ ਰਾਜਦੂਤ ਦੀ ਆਗਿਆ ਲਏ ਬਿਨਾਂ ਮੁਹਿੰਦਰ ਪ੍ਰਤਾਪ ਨਾਲ ਗੱਲਬਾਤ ਜਾਂ ਮੁਲਾਕਾਤ ਕਰਨ ਤੋਂ ਹੀ ਇਨਕਾਰ ਕਰ ਦਿੱਤਾ ਸ਼ੀ।

1925 ਵਿਚ ਰਾਜਾ ਮੁਹਿੰਦਰ ਪ੍ਰਤਾਪ ਨੇ ਅਮਰੀਕਾ ਵਿਚ ਗ਼ਦਰ ਪਾਰਟੀ ਨੂੰ ਅਪੀਲ ਕੀਤੀ ਸੀ ਅਤੇ ਤਿਬਤ ਤੇ ਨੇਪਾਲ ਵਿਚ ਗ਼ਦਰ ਪਾਰਟੀ ਦੀ ਆਊਟ ਪੋਸਟ ਕਾਇਮ ਕਰਨ ਦੀ ਸਕੀਮ ਪੇਸ਼ ਕੀਤੀ ਸੀ। ਗ਼ਦਰ ਪਾਰਟੀ ਨੇ ਉਸਨੂੰ ਗਿਆਰਾਂ ਹਜ਼ਾਰ ਡਾਲਰ ਦਿੱਤੇ ਅਤੇ ਛੇ ਗ਼ਦਰੀ ਨਾਲ ਜਾਣ ਲਈ ਤਿਆਰ ਕਰ ਦਿੱਤੇ। ਇਹ ਛੇ ਗ਼ਦਰ ਸਨ ਦਸੌਂਧਾ ਸਿੰਘ ਢਾਡਾ, ਗੇਂਦਾ ਸਿੰਘ ਸਰਹਾਲਾ, ਸ਼ਮਸ਼ੇਰ ਸਿੰਘ ਉਰਫ ਬੁੱਧ ਸਿੰਘ ਸੁਰਸਿੰਘ, ਚਰਨ ਸਿੰਘ ਧੁਲੇਤਾ, ਇੰਦਰ ਸਿੰਘ ਟੂਟੋ ਮਜਾਰਾ ਅਤੇ ਦਲੀਪ ਸਿੰਘ।

ਚੀਨ ਪਹੁੰਚਕੇ ਇਹ ਮਿਸ਼ਨ ਤਿੱਬਤ ਵਲ ਚੱਲ ਪਿਆ। ਇਸ ਮਿਸ਼ਨ ਨੇ ਹਿਮਾਲਿਆਂ ਪਰਬਤ 'ਤੇ ਖਚਰਾਂ ਰਾਹੀਂ ਅਤੇ ਪੈਦਲ ਲਹਾਸਾ ਵੱਲ ਮਾਰਚ ਕੀਤਾ। ਰਾਹ ਵਿਚ ਇਸ ਨੂੰ ਕਾਫੀ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਕਈ ਵਾਰ ਚੀਨ ਦੇ ਲੁਟੇਰਿਆਂ ਨੇ ਇਨ੍ਹਾਂ ਦੇ ਕੈਂਪ 'ਤੇ ਹਮਲੇ ਵੀ ਕੀਤੇ। ਜਦੋਂ ਇਹ ਤਿਬਤ ਦੀ ਸਰਹੱਦ ਉਤੇ ਪਹੁੰਚੇ ਤਾਂ ਤਿੱਬਤੀ ਪੋਸਟ ਦੇ ਗਾਰਡਾਂ ਨੇ ਉਨ੍ਹਾਂ ਨੂੰ ਅਗੇ ਜਾਣ ਤੋਂ ਰੋਕ ਦਿੱਤਾ। ਪਰ ਰਾਜਾ ਮੁਹਿੰਦਰ ਪ੍ਰਤਾਪ ਦਾ ਖ਼ਤ ਦੇ ਕੇ ਆਪਣਾ ਇਕ ਗਾਰਡ ਦਲਾਈਲਾਮਾ

ਕੋਲ ਲਹਾਸਾ ਵਿਚ ਭੇਜ ਦਿੱਤਾ ਅਤੇ ਮਿਸ਼ਨ ਨੇ ਆਊਟ ਪੋਸਟ 'ਤੇ ਆਪਣਾ ਕੈਂਪ ਲਾ ਲਿਆ। ਕਈ ਦਿਨਾਂ ਬਾਆਦ ਉਹ ਹੀ ਗਾਰਡ ਦਲਾਈਲਾਮਾ ਦਾ ਵਾਪਸੀ ਉੱਤਰ ਲੈ ਕੇ ਆਇਆ ਜਿਸ ਵਿਚ ਲਿਖਿਆ ਹੋਇਆ ਸੀ, "ਤੁਹਾਡੇ ਖ਼ਤ ਲਈ ਸ਼ੁਕਰੀਆ। ਸਾਡੇ ਅੰਗਰੇਜ਼ੀ ਹਕੂਮਤ ਨਾਲ ਦੋਸਤਾਨਾ ਤੁਅੱਲਕਾਤ ਹਨ, ਇਸ ਲਈ ਅਸੀਂ ਤੁਹਾਨੂੰ ਤਿਬਤ ਵਿਚ ਦਾਖਲ ਹੋਣ ਅਤੇ ਲਹਾਸਾ ਵਿਚ ਪਹੁੰਚਣ ਦੀ ਇਜਾਜ਼ਤ ਨਹੀਂ ਦਿੰਦੇ।"

ਇਹ ਮਿਸਨ ਠੀਕ ਠਾਕ ਵਾਪਸ ਪੀਕਿੰਗ ਪਹੁੰਚ ਗਿਆ। ਮੁਹਿੰਦਰ ਪ੍ਰਤਾਪ ਏਥੋਂ ਜਪਾਨ ਚਲਾ ਗਿਆ ਪਰ ਦਸੌਂਧਾ ਸਿੰਘ ਸਮੇਤ ਇਸ ਮਿਸ਼ਨ ਦੇ ਗ਼ਦਰੀ ਮੈਂਬਰਾਂ ਨੇ ਚੀਨ ਵਿਚ ਰਹਿ ਕੇ ਚੀਨ ਦੀ ਅਜ਼ਾਦੀ ਦੀ ਲਹਿਰ ਵਿਚ ਪੂਰਾ ਹਿੱਸਾ ਪਾਇਆ ਸੀ। ਬਾਬਾ ਰਤਨ ਸਿੰਘ ਅਤੇ ਤੇਜਾ ਸਿੰਘ ਨੇ ਇਸ ਨੂੰ "ਵੇਸਟ ਆਫ਼ ਮਨੀ ਐਂਡ ਮੈੱਨ" (ਧਨ ਅਤੇ ਬੰਦਿਆਂ ਦੀ ਬਰਬਾਦੀ) ਕਿਹਾ ਹੈ।

ਗ਼ਦਰ ਪਾਰਟੀ 1922 ਤੋਂ 1926 ਤੱਕ

ਗ਼ਦਰ ਪਾਰਟੀ ਨੇ ਸਮਾਜਵਾਦੀ ਨਜ਼ਰੀਏ ਵੱਲ ਮੋੜਾਂ ਪਾ ਕੇ ਅੱਗੇ ਵਧਣਾ ਸ਼ੁਰੂ ਕਰ ਦਿੱਤਾ ਸੀ। ਜਦੋਂ ਕਿਰਤੀ ਅਖ਼ਬਾਰ ਛਪਣਾ ਸ਼ੁਰੂ ਹੋਇਆ ਤਾਂ ਬਰਤਾਨਵੀ ਸਰਕਾਰ ਭੈਅ-ਭੀਤ ਹੋ ਗਈ ਸੀ। ਇਸ ਤੋਂ ਪਹਿਲਾਂ ਅੰਗਰੇਜ਼ਾਂ ਦਾ ਵਿਚਾਰ ਸੀ ਕਿ ਗ਼ਦਰ ਪਾਰਟੀ ਖਤਮ ਹੋ ਚੁੱਕੀ ਹੈ। 1926 ਦੇ ਅਖ਼ੀਰ ਵਿਚ ਬਰਤਾਨਵੀ ਹਕੂਮਤ ਨੇ 'ਕਿਰਤੀ' ਦੇ ਪ੍ਰਬੰਧਕਾਂ ਦੇ ਖਿਲਾਫ਼ ਇਕ ਸਾਜ਼ਿਸ਼ ਕੇਸ ਤਿਆਰ ਕੀਤਾ ਪਰ ਕਾਨੂੰਨੀ ਮਾਹਰਾਂ ਨੇ ਰਾਏ ਦਿੱਤੀ ਸੀ ਕਿ ਅਜੇਹਾ ਕੇਸ ਕਾਮਯਾਬ ਨਹੀਂ ਹੋ ਸਕਦਾ ਜਿਸ ਕਰਕੇ ਇਸ ਕੇਸ ਨੂੰ ਦਫਤਰ ਦਾਖਲ ਕਰ ਕਰ ਦਿੱਤਾ ਗਿਆ ਸੀ। ਹੋਮ ਡਿਪਾਰਟਮੈਂਟ ਪੋਲੀਟੀਕਲ ਫਾਈਲ ਨੰਬਰ 235/28 ਵਿਚ ਦਰਜ ਇਸ ਕੇਸ ਦੇ ਸ਼ੁਰੂ ਵਿਚ ਹੀ ਕਿਹਾ ਗਿਆ ਹੈ :

ਏਸੇ ਤਰ੍ਹਾਂ ਬਰਤਾਨਵੀ ਹਕੂਮਤ ਦੇ ਨੁਮਾਇੰਦੇ ਬਰਤਾਨਵੀ ਕੌਂਸਲ ਜਨਰਲ (ਸਾਨਫਰਾਂਸਿਸਕੋ) ਅਤੇ ਅੰਗਰੇਜ਼ੀ ਰਾਜਦੂਤ (ਵਾਸ਼ਿੰਗਟਨ) ਨੇ ਜਨਵਰੀ 1926 ਨੂੰ ਲਿਖੇ ਖਤ ਨੰਬਰ (43) 19 ਵਿਚ ਲਿਖਿਆ ਹੈ, "ਤਕਰੀਬਨ ਇਕ ਸਾਲ ਪਹਿਲਾਂ ਗ਼ਦਰ ਪਾਰਟੀ ਕੈਲੇਫੋਰਨੀਆਂ ਵਿਚ ਏਨੀ ਕਮਜ਼ੋਰ ਹੋ ਚੁੱਕੀ ਸੀ ਕਿ ਜਲਦੀ ਹੀ ਉਸਦੇ ਦਰਵਾਜ਼ੇ ਬੰਦ ਹੋਣ ਵਾਲੇ ਸਨ। ਅੱਜ ਇਹ ਜੀਉਂਦੀ ਹੈ ਅਤੇ ਵਧ ਫੂਲ ਰਹੀ ਹੈ ਅਤੇ ਨਿੱਤ ਦਿਨ ਇਸ ਦੇ ਨਵੇਂ ਮੈਂਬਰ ਬਣ ਰਹੇ ਹਨ....ਪੰਜਾਬੀ ਕਿਸਾਨ ਅਤੇ ਖੇਤ ਮਜ਼ਦੂਰ ਹਰ ਸਾਲ ਇਕ ਹਜ਼ਾਰ ਡਾਲਰ ਤਕ ਦੀ ਕਮਾਈ ਰਦੇ ਹਨ ਅਤੇ ਉਨ੍ਹਾਂ ਦੇ ਖਰਚੇ ਕਾਫੀ ਘੱਟ ਹਨ। ਉਹ ਪੈਸੇ ਹਿੰਦੋਸਤਾਨ ਲੈ ਜਾਣ ਲਈ ਬਚਾ ਸਕਦੇ ਹਨ ਪਰ ਉਨ੍ਹਾਂ ਵਿਚ ਮੁਕਾਮੀ ਇਨਕਲਾਬੀਆਂ ਵਲੋਂ ਹਿੰਦੋਸਤਾਨ ਦੀ ਅਜ਼ਾਦੀ ਲਈ ਜਨੂੰਨੀਆਂ ਵਾਲਾ ਪ੍ਰਚਾਰ ਹੋ ਰਿਹਾ ਹੈ ਜਿਸ ਕਰਕੇ ਉਹ ਮੁਲਕ ਦੀ ਅਜ਼ਾਦੀ ਲਈ ਭਾਰੀਆਂ ਰਕਮਾਂ ਦੇ ਰਹੇ ਸਨ ਜਿਹੜੀਆਂ ਕਿ ਹਿੰਦੋਸਤਾਨ ਵਿਚਲੇ ਇਨਕਲਾਬੀਆਂ ਨੂੰ ਭੇਜੀਆਂ ਜਾ ਰਹੀਆਂ ਹਨ।"

ਇਸ ਉਪਰਲੇ ਬਿਆਨ ਨੇ ਅੰਗਰੇਜ਼ਾਂ ਵਲੋਂ ਗ਼ਦਰ ਪਾਰਟੀ ਉਤੇ ਰੂਸ ਦੀ ਮਦਦ ਦਾ ਦੋਸ਼ ਲਾਏ ਜਾਣ ਦੀ ਤੁਹਮਤ ਦਾ ਆਪ ਹੀ ਪਰਦਾਫਾਸ਼ ਕਰ ਦਿੱਤਾ ਸੀ।

ਹਿੰਦੋਸਤਾਨ ਦੇ ਸਿਆਸਤਦਾਨਾਂ ਨੇ ਗ਼ਦਰ ਪਾਰਟੀ ਨੂੰ ਹੁਣ ਤਕ ਹਰਦਿਆਲ ਨਾਲ ਹੀ ਬੰਨ੍ਹੀ ਰੱਖਿਆ ਜਿਹੜਾ ਆਪ ਪਹਿਲੀ ਸੰਸਾਰ ਜੰਗ ਦੇ ਖਾਤਮੇ ਨਾਲ ਹੀ ਸਿਆਸਤ ਤੋਂ ਕਿਨਾਰਾਕਸ਼ੀ ਕਰ ਗਿਆ ਸੀ। ਲਾਲ ਲਾਜਪਤ ਰਾਏ ਨੇ ਕਿਨਾਰਾਕਸ਼ੀ ਵੀ ਓਦੋਂ ਕੀਤੀ ਜਦੋਂ ਗ਼ਦਰੀ ਜੇਲ੍ਹਾਂ ਵਿਚ ਤਸੀਹੇ ਝੱਲ ਰਹੇ ਸਨ ਅਤੇ ਮੁਲਕ ਅਜੇ ਜਿਉਂ ਦਾ ਤਿਉਂ ਗ਼ੁਲਾਮ ਸੀ। ਪ੍ਰੰਤੂ ਗ਼ਦਰ ਪਾਰਟੀ ਨੇ ਆਪਣੀ ਪੇਸ਼ਕਦਮੀ ਲਗਾਤਾਰ ਜਾਰੀ ਰੱਖੀ ਸੀ।

ਗ਼ਦਰ ਪਾਰਟੀ ਦੇ ਹੁਣ ਤਿੰਨ ਕੇਂਦਰ ਸਥਾਪਤ ਹੋ ਚੁੱਕੇ ਸਨ ਅੰਮ੍ਰਿਤਸਰ ਵਿਚ ਕਿਰਤੀ ਅਖਬਾਰ ਦਾ ਗ਼ਦਰ ਕੇਂਦਰ, ਕਾਬਲ ਦਾ ਗ਼ਦਰੀ ਕੇਂਦਰ ਜਿਸ ਨੂੰ ਬਰਕਤਉਲਾ ਤੋਂ ਬਾਅਦ ਮਾਸਟਰ ਊਧਮ ਸਿੰਘ ਕਸੇਲ, ਬਾਬਾ ਗੁਰਮੁਖ ਸਿੰਘ ਅਤੇ ਰਤਨ ਸਿੰਘ ਚਲਾ ਰਹੇ ਸਨ, ਤੀਸਰਾ ਗ਼ਦਰੀ ਕੇਂਦਰ ਸਾਨਫਰਾਂਸਿਸਕੋ ਦਾ ਗ਼ਦਰੀ ਹੈਡਕੁਆਟਰ ਸੀ। ਇਸ ਤੋਂ ਬਿਨਾਂ ਗ਼ਦਰ ਪਾਰਟੀ ਦੇ ਰਿਸ਼ਤੇ ਕੌਮਾਂਤਰੀ ਹੋ ਚੁੱਕੇ ਸਨ। ਬਾਦਸ਼ਾਹ ਅਮਾਨਉਲ੍ਹਾ, ਤੁਰਕੀ ਦਾ ਜਨਰਲ ਫਖਰੀ ਪਾਸ਼ਾ ਅਤੇ ਸੋਵੀਅਤ ਯੂਨੀਅਨ ਦੇ ਆਗੂਆਂ ਨਾਲ ਗ਼ਦਰ ਪਾਰਟੀ ਦੇ ਨਜ਼ਦੀਕੀ ਸੰਬੰਧ ਬਣ ਚੁਕੇ ਸਨ। ਉਨ੍ਹਾਂ ਨੂੰ ਕਾਮਰੇਡ ਲੈਨਿਨ ਨਾਲ ਮਸ਼ਵਰਾ ਕਰਨ ਦਾ ਮੌਕਾ ਮਿਲਦਾ ਸੀ। ਇਸ ਤੋਂ ਬਿਨਾਂ ਪੈਰਸ ਅਤੇ ਬਰਲਨ ਵਿਚ ਵੀ ਸੰਪਰਕ ਸਨ। ਇਨ੍ਹਾਂ ਕੇਂਦਰਾਂ ਨਾਲ ਖਤੋ-ਖਤਾਬਤ ਪੈਰਸ ਦੇ ਹਿਜਰਤੀ ਵਿਦਿਆਰਥੀ ਇਕਬਾਲ ਸ਼ੈਦਾਈ ਰਾਹੀਂ ਹੁੰਦੀ ਸੀ। ਖ਼ਤ ਪੰਜਾਬੀ ਕੋਡ ਵਿਚ ਲਿਖੇ ਜਾਂਦੇ ਸਨ। ਪਰ ਬਦਕਿਸਮਤੀ ਨੂੰ ਇਹ ਖ਼ਤ ਅੰਗਰੇਜ਼ ਹਕੂਮਤ ਦੇ ਹੱਥ ਲਗਦੇ ਰਹੇ ਅਤੇ ਹਕੂਮਤ ਇਸ ਨੂੰ ਡੀਕੋਡ ਕਰਨ ਵਿਚ ਕਾਮਯਾਬ ਹੋ ਗਈ। ਤਾਂ ਵੀ ਕੁਝ ਅਹਿਮ ਸੰਦੇਸ਼ ਨਾ ਦਿਸਣ ਵਾਲੇ ਕੈਮੀਕਲ ਨਾਲ ਲਿਖੇ ਜਾਂਦੇ ਸਨ ਜਿਸ ਦਾ ਹਕੂਮਤ ਨੂੰ ਪਤਾ ਨਾ ਲੱਗ ਸਕਿਆ। 1936 ਤਕ ਗ਼ਦਰ ਪਾਰਟੀ ਨੂੰ ਪਤਾ ਹੀ ਨਾ ਲੱਗਾ ਕਿ ਉਨ੍ਹਾਂ ਦੇ ਖ਼ਤ ਫੜੇ ਜਾ ਰਹੇ ਹਨ।

ਇਨ੍ਹਾਂ ਖ਼ਤਾਂ ਦੇ ਅਧਾਰ 'ਤੇ ਹੀ ਹਕੂਮਤ ਨੇ ਸਾਜ਼ਿਸ਼ ਕੇਸ ਤਿਆਰ ਕੀਤਾ ਸੀ। ਜਿਸ ਵਿਚ ਦੁਨੀਆਂ ਭਰ ਦੇ ਹਿੰਦੋਸਤਾਨੀ ਇਨਕਲਾਬੀਆਂ ਨੂੰ ਲਪੇਟਿਆ ਹੋਇਆ ਸੀ। ਉਨ੍ਹਾਂ ਤੋਂ ਬਿਨਾਂ ਉਪਰ ਦੱਸੀਆਂ ਕੌਮਾਂਤਰੀ ਹਸਤੀਆਂ ਨੂੰ ਵੀ ਲਪੇਟਿਆ ਹੋਇਆ ਸੀ। ਹਿੰਦੋਸਤਾਨ ਦੇ ਉਘੇ ਕੌਮੀ ਆਗੂਆਂ ਅਕਾਲੀ ਲੀਡਰਾਂ ਨੂੰ ਵੀ ਗ਼ਦਰ ਪਾਰਟੀ ਵਿਰੁੱਧ ਘੜੀ ਸਾਜ਼ਿਸ਼ ਵਿਚ ਸ਼ਾਮਲ ਕੀਤਾ ਗਿਆ ਸੀ। ਦਰਅਸਲ ਸਾਜ਼ਸ਼ ਭਾਈ ਸੰਤੋਖ ਸਿੰਘ ਦੁਆਲੇ ਘੁੰਮਦੀ ਸੀ।

ਕਾਬਲ ਦੇ ਗ਼ਦਰੀ ਕੇਂਦਰ ਦੇ ਦੋ ਆਗੂ ਮਾਸਟਰ ਊਧਮ ਸਿੰਘ ਅਤੇ ਗੁਰਮੁਖ ਸਿੰਘ ਗੁਪਤਵਾਸ ਹੋ ਕੇ 1922 ਦੇ ਅਖ਼ੀਰ ਵਿਚ ਮੁੜ ਹਿੰਦੋਸਤਾਨ ਆ ਗਏ ਸਨ। ਕਾਂਗਰਸ ਅਤੇ ਅਕਾਲੀ ਲਹਿਰ ਉਸ ਸਮੇਂ ਆਪਣੀ ਸਿਖਰ 'ਤੇ ਸੀ। ਗ਼ਦਰੀ ਆਗੂਆਂ

ਦੀ ਕੋਸ਼ਿਸ਼ ਸੀ ਕਿ ਇਨ੍ਹਾਂ ਲਹਿਰਾਂ ਨੂੰ ਇਨਕਲਾਬੀ ਰੂਪ ਦਿੱਤਾ ਜਾਵੇ। ਇਹ ਵਫਦ ਸਾਰੇ ਹਿੰਦੋਸਤਾਨ ਵਿਚ ਘੁੰਮਿਆ ਅਤੇ ਡਾਕਟਰ ਅਨਸਾਰੀ ਤੇ ਹਕੀਮ ਅਜਮਲ ਖ਼ਾਨ ਨੂੰ ਵੀ ਮਿਲਿਆ। ਇਹ ਵਫਦ ਅਕਾਲੀਆਂ ਦੇ ਆਗੂਆਂ ਮਾਸਟਰ ਤਾਰਾ ਸਿੰਘ ਅਤੇ ਤੇਜਾ ਸਿੰਘ ਸਮੁੰਦਰੀ ਨੂੰ ਮਿਲਿਆ। ਉਨ੍ਹਾਂ ਨੇ ਇਨ੍ਹਾਂ ਗ਼ਦਰੀ ਆਗੂਆਂ ਦੀ ਰਿਹਾਇਸ਼ ਦਾ ਗੁਪਤ ਇੰਤਜ਼ਾਮ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਕਰ ਦਿੱਤਾ ਅਤੇ ਪੂਰੀ ਦੇਖਭਾਲ ਕੀਤੀ ਪਰ ਅਕਾਲੀ ਲਹਿਰ ਨੂੰ ਇਨਕਲਾਬੀ ਲੀਹਾਂ 'ਤੇ ਤੋਰਨ ਵਿਚ ਅਸਮਰਥਾ ਦਿਖਾਈ। ਅੰਤ ਫੈਸਲਾ ਹੋਇਆ ਕਿ ਤੇਜਾ ਸਿੰਘ ਸੁਤੰਤਰ, ਸੋਹਣ ਸਿੰਘ ਅਤੇ ਮਾਨ ਸਿੰਘ ਨੂੰ ਕਾਬਲ ਵਿਚ ਫੌਜੀ ਸਿੱਖਿਆ ਦੇਣ ਲਈ ਭੇਜਿਆ ਜਾਵੇ। ਪਰ ਇਨ੍ਹਾਂ ਵਿਚੋਂ ਗਿਆ ਸਿਰਫ ਤੇਜਾ ਸਿੰਘ ਹੀ ਸੀ।

ਊਧਮ ਸਿੰਘ ਅਤੇ ਗੁਰਮੁਖ ਸਿੰਘ 1923 ਦੇ ਅਖ਼ੀਰ ਵਿਚ ਵਾਪਸ ਕਾਬਲ ਚਲੇ ਗਏ ਸਨ। ਭਾਈ ਸੰਤੋਖ ਸਿੰਘ ਅਤੇ ਰਤਨ ਸਿੰਘ ਮਾਸਕੋ ਰਾਹੀਂ ਕਾਬਲ ਪਹੁੰਚ ਗਏ। ਉਨ੍ਹਾਂ ਤੋਂ ਪਹਿਲਾਂ ਤੇਜਾ ਸਿੰਘ ਸੁਤੰਤਰ ਕਾਬਲ ਪਹੁੰਚ ਚੁੱਕਾ ਸੀ। ਮਾਸਟਰ ਊਧਮ ਸਿੰਘ ਨੇ ਉਸ ਨੂੰ ਤੁਰਕੀ ਦੇ ਸਫੀਰ ਜਨਰਲ ਫਖ਼ਰੀ ਪਾਸ਼ਾ ਨਾਲ ਮਿਲਾਇਆ ਅਤੇ ਜਨਰਲ ਪਾਸ਼ਾ ਨੇ ਉਸ ਨੂੰ ਅਸਤੰਬੁਲ ਦੀ ਫੌਜੀ ਅਕਾਦਮੀ ਵਿਚ ਦਾਖਲ ਕਰਵਾ ਦਿੱਤਾ। ਏਥੋਂ ਭਾਈ ਸੰਤੋਖ ਸਿੰਘ ਹਿੰਦੋਸਤਾਨ ਨੂੰ ਅਤੇ ਭਾਈ ਰਤਨ ਸਿੰਘ ਅਮਰੀਕਾ ਨੂੰ ਚਲੇ ਗਏ। ਰਤਨ ਸਿੰਘ ਦੇ ਅਮਰੀਕਾ ਪਹੁੰਚਣ ਤੋਂ ਪਹਿਲਾਂ ਰਾਜਾ ਮਹਿੰਦਰ ਪ੍ਰਤਾਪ ਤਿਬਤੀ ਮਿਸ਼ਨ 'ਤੇ ਰਵਾਨਾ ਹੋ ਗਿਆ ਸੀ।

ਭਾਈ ਰਤਨ ਸਿੰਘ ਨੇ 50 ਹਜ਼ਾਰ ਡਾਲਰ ਇਕੱਠੇ ਕੀਤੇ ਅਤੇ ਪੰਜ ਗ਼ਦਰੀ ਟਰੇਨਿੰਗ ਵਾਸਤੇ ਮਾਸਕੋ ਭੇਜ ਦਿੱਤੇ ਸਨ।

ਇਕ ਸਰਕਾਰੀ ਰੀਪੋਰਟ ਵਿਚ ਕਿਹਾ ਗਿਆ ਹੈ ਕਿ ਰਤਨ ਸਿੰਘ ਅਫ਼ਗਾਨ ਪਾਸਪੋਰਟ ਉਤੇ ਅਸਤੰਬੁਲ ਰਾਹੀਂ ਗਿਆ ਜਿਥੇ ਉਹ ਸੰਤਾ ਸਿੰਘ ਦੇ ਨਾਂ 'ਤੇ ਤੇਜਾ ਸਿੰਘ ਕੋਲ ਰਿਹਾ ਸੀ। ਉਹ ਇਮੀਗਰੇਸ਼ਨ ਕਾਨੂੰਨਾਂ ਦੀ ਉਲੰਘਣਾ ਕਰ ਕੇ ਅਮਰੀਕਾ ਵਿਚ ਦਾਖਲ ਹੋਇਆ ਸੀ ਅਤੇ ਫੜੇ ਜਾਣ 'ਤੇ 1000 ਡਾਲਰ ਦੀ ਜ਼ਮਾਨਤ ਉਤੇ ਰਿਹਾ ਹੋ ਕੇ ਮੈਕਸੀਕੋ ਰਾਹੀਂ ਯੂਰਪ ਪਹੁੰਚ ਗਿਆ।

ਜਿਨ੍ਹਾਂ ਪੰਜ ਗ਼ਦਰੀਆਂ ਨੂੰ ਮਾਸਕੋ ਭੇਜਿਆ ਗਿਆ ਸੀ ਉਹ ਹੇਠ ਲਿਖੇ ਸਨ :

ਸੰਤਾ ਸਿੰਘ ਗੰਡੀਵਿੰਡ, ਹਰਜਾਪ ਸਿੰਘ ਮਾਹਲਪੁਰ, ਪ੍ਰੀਤਮ ਸਿੰਘ ਕਸੇਲ, ਕਰਮ ਸਿੰਘ ਧੂਤ ਅਤੇ ਪੰਜਵੇਂ ਨੂੰ ਯੂਨੀਵਰਸਿਟੀ ਵਿਚ ਦਾਖਲਾ ਨਾ ਮਿਲ ਸਕਿਆ। ਇਸ ਨਾਲ ਗ਼ਦਰੀ ਸਰਗਰਮੀਆਂ ਦਾ ਇਕ ਹੋਰ ਕੇਂਦਰ ਮਾਸਕੋ ਵਿਚ ਬਣ ਗਿਆ।

1925 ਵਿਚ ਅੰਗਰੇਜ਼ਾਂ ਦੇ ਤੁਰਕੀ ਨਾਲ ਤੁਅਲਕਾਤ ਸੁਧਰ ਗਏ। ਬਰਤਾਨਵੀ ਸਰਕਾਰ ਨੇ ਤੁਰਕੀ ਦੀ ਸਰਕਾਰ ਤੋਂ ਮੰਗ ਕੀਤੀ ਕਿ ਤੇਜਾ ਸਿੰਘ ਮਿਲਟਰੀ ਕਾਲਜ ਵਿਚੋਂ ਕੱਢਿਆ ਜਾਵੇ ਜਿਸ ਕਰ ਕੇ ਤੇਜਾ ਸਿੰਘ ਨੂੰ ਕਾਲਜ ਵਿਚੋਂ ਕੱਢ ਦਿਤਾ ਗਿਆ ਸੀ। ਫਖਰੀ ਪਾਸ਼ਾ ਨਿਰਸੰਦੇਹ ਹਿੰਦੋਸਤਾਨ ਦੀ ਅਜ਼ਾਦੀ ਦਾ ਸੱਚਾ ਦੋਸਤ ਸੀ। ਉਸ ਨੇ

ਫੇਰ ਤੇਜਾ ਸਿੰਘ ਦੀ ਮਦਦ ਕੀਤੀ। ਉਸਨੂੰ ਤੁਰਕੀ ਦਾ ਸ਼ਹਿਰੀ ਬਣਾ ਕੇ ਅਜ਼ਾਦਬੇ ਨਾਂ ਰੱਖ ਦਿੱਤਾ ਅਤੇ ਦਾੜ੍ਹੀ ਕੇਸ ਕਟਾ ਕੇ ਫੇਰ ਮਿਲਟਰੀ ਕਾਲਜ ਵਿਚ ਦਾਖਲ ਕਰਵਾ ਦਿੱਤਾ।

1922 ਦੀ ਕਮਿਊਨਿਸਟ ਇੰਟਰਨੈਸ਼ਨਲ ਸਮੇਂ ਲੈਨਿਨ ਦੇ ਬਸਤੀਵਾਦ ਦੇ ਥੀਸਸ ਨੇ ਗ਼ਦਰੀ ਪਾਰਟੀ ਨੂੰ ਆਪਣੇ ਵੱਲ ਖਿਚ ਲਿਆ ਸੀ। ਸੋਵੀਅਤ ਹਕੂਮਤ ਬਿਨਾਂ ਕਿਸੇ ਪਸਾਰਵਾਦੀ ਲਾਲਚ ਤੋਂ ਗ਼ੁਲਾਮ ਦੇਸਾਂ ਨੂੰ ਅਜ਼ਾਦ ਕਰਾਉਣ ਦੇ ਹੱਕ ਵਿਚ ਖੜ੍ਹੀ ਸੀ ਜਿਸ ਕਰ ਕੇ ਗ਼ਦਰ ਪਾਰਟੀ ਦੀ ਸੋਵੀਅਤ ਯੂਨੀਅਨ ਵੱਲ ਖਿੱਚ ਵਧਦੀ ਗਈ ਸੀ।

ਕੈਲੇਫੋਰਨੀਆ ਦੀ ਇਕ ਅੰਕੜਾ ਖੋਜ ਰੀਪੋਰਟ ਵਿਚ ਕਿਹਾ ਗਿਆ ਹੈ : "ਗ਼ਦਰ ਪਾਰਟੀ ਨੇ ਸਾਰੇ ਸੰਸਾਰ ਵਿਚ ਵਸਦੇ ਹਿੰਦੋਸਤਾਨੀਆਂ ਨੂੰ ਆਪਣੇ ਵੱਲ ਖਿਚਿਆ। ਜਥੇਬੰਦੀ, ਜਿਹੜੀ ਇਕ ਬਾਗੀ ਰਾਜਸੀ ਲਹਿਰ ਵਜੋਂ ਸ਼ੁਰੂ ਹੋਈ ਸੀ, ਆਖਰਕਾਰ ਇਕ ਅਰਧ ਧਾਰਮਕ ਲੱਛਣ ਅਖ਼ਤਿਆਰ ਕਰ ਗਈ। ਇਸ ਦੇ ਮੈਂਬਰ ਵਿਚਾਰਧਾਰਕ ਤੌਰ 'ਤੇ ਏਨੇ ਪਰਪੱਕ ਹੋ ਗਏ ਸਨ ਕਿ ਉਹ ਇਕ ਦੂਜੇ ਲਈ ਅਤੇ ਗ਼ਦਰ ਪਾਰਟੀ ਲਈ ਜਨੂੰਨ ਦੀ ਹੱਦ ਤੱਕ ਭਰੋਸੇਯੋਗ ਸਨ...ਗ਼ਦਰ ਪਾਰਟੀ ਦੇ ਮੈਂਬਰਾਂ ਨੇ ਕਈ ਮੌਕਿਆਂ 'ਤੇ ਖੁੱਲ੍ਹਕੇ ਕਿਹਾ ਹੈ ਕਿ ਉਹ ਕਿਸੇ ਵੀ ਕੌਮ ਜਾਂ ਜਥੇਬੰਦੀ ਨਾਲ ਸਹਿਯੋਗ ਕਰਨਗੇ ਜਿਹੜੀ ਬਰਤਾਨਵੀ ਰਾਜ ਤੋਂ ਦੇਸ ਨੂੰ ਅਜ਼ਾਦ ਕਰਾਉਣ ਲਈ ਕੰਮ ਕਰ ਰਹੀ ਹੋਵੇਗੀ।"

ਇਸ ਤਰ੍ਹਾਂ ਗ਼ਦਰ ਪਾਰਟੀ ਨੇ ਅਕਾਲੀਆਂ, ਕਾਂਗਰਸੀਆਂ, ਕੌਮਪ੍ਰਸਤਾਂ, ਕਮਿਊਨਿਸਟਾਂ ਆਦਿ ਨਾਲ ਸਹਿਯੋਗ ਦਾ ਰਾਹ ਅਖ਼ਤਿਆਰ ਕੀਤਾ ਸੀ।

ਰਤਨ ਸਿੰਘ ਅਮਰੀਕਾ ਤੋਂ ਫਰਾਰ ਹੋ ਕੇ ਮਾਸਕੋ ਰਾਹੀਂ ਫੇਰ ਕਾਬਲ ਆ ਗਿਆ। ਤੇਜਾ ਸਿੰਘ ਦੀ ਪਤਨੀ ਦਾ ਭਰਾ ਵਾਸਦੇਵ ਸਿੰਘ ਈਸ਼ਰ ਸਿੰਘ ਦੇ ਨਾਂ ਹੇਠ ਕਾਬਲ ਆ ਗਿਆ ਸੀ। ਰਤਨ ਸਿੰਘ ਨੇ ਵਾਸਦੇਵ ਸਿੰਘ ਨੂੰ ਵੀ ਮਾਸਕੋ ਯੂਨੀਵਰਸਿਟੀ ਪੜ੍ਹਨ ਲਈ ਭੇਜ ਦਿੱਤਾ ਸੀ ਅਤੇ ਆਪ ਗੁਪਤਵਾਸ ਹੋ ਕੇ ਇੰਡੀਆ ਆ ਗਿਆ ਸੀ। ਰਤਨ ਸਿੰਘ ਨੇ ਹਿੰਦੋਸਤਾਨ ਵਿਚ ਸਾਰੇ ਸਾਥੀਆਂ ਨਾਲ ਸੰਪਰਕ ਕੀਤਾ। ਜਲੰਧਰ ਜ਼ਿਲ੍ਹੇ ਵਿਚ ਉਸ ਦੇ ਦੌਰੇ ਦੇ ਇੰਤਜ਼ਾਮ ਬਾਬਾ ਚੀਮਾ ਦੇ ਜ਼ਿੰਮੇ ਸੀ। ਬਾਬੇ ਚੀਮਾ ਦੀ ਨਿਗਰਾਨੀ 'ਤੇ ਪੁਲਸ ਦਾ ਸਿਪਾਹੀ ਲੱਗਾ ਹੋਇਆ ਸੀ। ਬਾਬਾ ਚੀਮਾ ਨੇ ਰਤਨ ਸਿੰਘ ਨੂੰ ਜਟਕੇ ਕੱਪੜੇ ਪੁਆਕੇ ਇਹ ਜ਼ਾਹਰ ਕੀਤਾ ਕਿ ਉਹ ਉਸ ਦਾ ਦੂਰ ਦਾ ਰਿਸ਼ਤੇਦਾਰ ਹੈ ਅਤੇ ਬੈਲ ਖਰੀਦਣ ਆਇਆ ਹੈ। ਪਿੰਡ ਪਿੰਡ ਫਿਰਦੇ ਰਹੇ ਅਤੇ ਸਾਥੀਆਂ ਨੂੰ ਮਿਲਦੇ ਰਹੇ। ਜਿਥੇ ਜਾਂਦੇ ਬਲਦ ਪਸੰਦ ਕਰਨ ਲਗ ਪੈਂਦੇ।

ਬਾਬਾ ਰਤਨ ਸਿੰਘ ਹਿੰਦੋਸਤਾਨ ਵਿਚੋਂ ਵੀ ਵਿਦਿਆਰਥੀ ਮਾਸਕੋ ਭੇਜਣਾ ਚਾਹੁੰਦਾ ਸੀ ਪਰ ਇਸ ਵਿਚ ਉਸ ਨੂੰ ਸਫਲਤਾ ਨਾ ਹੋਈ।

ਰਤਨ ਸਿੰਘ ਦੀ ਇਸ ਹਿੰਦੋਸਤਾਨ ਫੇਰੀ ਬਾਰੇ ਬਰਤਾਨਵੀ ਖੁਫੀਆ ਏਜੰਸੀ ਨੇ

ਲਿਖਿਆ ਹੈ : "ਜਿੱਥੋਂ ਤੱਕ ਹਿੰਦੋਸਤਾਨ ਦਾ ਤੁਅੱਲਕ ਹੈ, ਸਭ ਤੋਂ ਦਿਲਸਚਪ ਰਤਨ ਸਿੰਘ ਹੈ ਜਿਹੜਾ ਛੇ ਮਹੀਨੇ ਪੁਲਸ ਦੇ ਹੱਥ ਨਾ ਆਇਆ ਅਤੇ ਹੁਣੇ ਹੁਣੇ ਹੀ ਕਾਬਲ ਵਾਪਸ ਜਾਣ ਵਿਚ ਸਫਲ ਹੋ ਗਿਆ ਹੈ। ਹਿੰਦੋਸਤਾਨ ਵਿਚਲੀ ਉਸ ਦੀ ਕਾਰਗੁਜ਼ਾਰੀ ਬਾਰੇ ਬੜੀ ਘੱਟ ਜਾਣਕਾਰੀ ਹੈ। ਉਹ ਬੜੇ ਸ਼ਰਾਰਤੀ ਪਾਤਰ ਸਨ ਜਿਨ੍ਹਾਂ 'ਤੇ ਸ਼ੱਕ ਨਹੀਂ ਸੀ ਪੈਂਦਾ। ਖਾਸ ਕਰਕੇ ਉਸ ਦੀ ਕਲਕੱਤਾ ਫੇਰੀ ਅਤੇ ਡਾਕਟਰ ਭੁਪਿੰਦਰ ਨਾਥ ਦੱਤ ਨਾਲ ਉਸ ਦੇ ਸੰਬੰਧ ਸ਼ੱਕ ਨਾਲ ਦੇਖੇ ਜਾਣੇ ਚਾਹੀਦੇ ਹਨ। (1923-1926) ਦੀ ਸਾਜ਼ਿਸ਼ ਰੀਪੋਰਟ ਦੇ ਸਪਲੀਮੈਂਟਰੀ ਨੋਟ, 1926, ਦਾ ਪੰਨਾ 83)।

"ਮਾਸਕੋ ਦੀਆਂ ਖ਼ਬਰਾਂ ਤੋਂ ਪਤਾ ਲੱਗਦਾ ਹੈ ਕਿ ਗ਼ਦਰ ਪਾਰਟੀ ਮਾਸਕੋ ਨਾਲ ਅਜ਼ਾਦਾਨਾ ਤੌਰ 'ਤੇ ਸੰਬੰਧ ਰੱਖਦੀ ਹੈ ਜਿਸ ਵਿਚ ਐਮ.ਐਨ. ਰਾਏ ਦਾ ਕੋਈ ਦਖਲ ਨਹੀਂ ਹੈ। ਗ਼ਦਰ ਪਾਰਟੀ ਨੇ ਕਾਮਿਨਟਰਨ ਨੂੰ ਕਹਿ ਵੀ ਦਿੱਤਾ ਸੀ ਕਿ ਉਹ ਐਮ.ਐਨ. ਰਾਏ ਵਰਗੇ ਬਾਤੂਨੀ ਬੰਦਿਆਂ ਤੋਂ ਬੜੀ ਮੋਹਤਾਤ ਹੈ।"

ਬਰਤਾਨਵੀ ਸਰਕਾਰ ਗ਼ਦਰੀਆਂ ਦੀਆਂ ਸਰਗਰਮੀਆਂ ਤੋਂ ਕਾਫੀ ਸੁਚੇਤ ਹੋ ਗਈ ਸੀ। ਸੈਕਰੇਟਰੀ ਆਫ਼ ਸਟੇਟ ਦੀ ਹੋਮ ਡਿਪਾਰਟਮੈਂਟ ਨਾਲ ਹੋਈ ਖ਼ਤੋਖ਼ਤਾਬਤ ਤੋਂ ਵੀ ਘਬਰਾਹਟ ਜ਼ਾਹਰ ਹੁੰਦੀ ਹੈ। ਅਮਰੀਕਾ ਵਿਚਲੇ ਬਰਤਾਨਵੀ ਸਫ਼ਾਰਤਖਾਨੇ ਨੇ ਆਪਣੀ ਸਰਕਾਰ 'ਤੇ ਜ਼ੋਰ ਪਾ ਕੇ ਇੰਟਰਨੈਸ਼ਨਲ ਪੁਲਸ ਇੰਟੈਲੀਜੈਂਸ ਕਾਇਮ ਕਰਨ ਦੀ ਪ੍ਰਵਾਨਗੀ ਵੀ ਲੈ ਲਈ ਸੀ। ਉਸ ਨੇ ਸਿਫ਼ਾਰਿਸ਼ ਕੀਤੀ ਕਿ ਇਸ ਦਾ ਖਰਚ ਹਿੰਦੋਸਤਾਨ ਦੀ ਬਰਤਾਨਵੀ ਸਰਕਾਰ ਦੇਵੇ ਕਿਉਂਕਿ ਇਹ ਗ਼ਦਰ ਪਾਰਟੀ ਵਿਰੁੱਧ ਬਣਾਈ ਜਾ ਰਹੀ ਸੀ। ਇਸ ਦੇ ਨਾਲ ਹੀ ਮਹਾਰਾਜਾ ਪਟਿਆਲਾ ਦੀ ਪੇਸ਼ਕਸ਼ 'ਤੇ ਗੌਰ ਕਰਨ ਲਈ ਕਿਹਾ ਜਿਸ ਵਿਚ ਉਸ ਨੇ ਤਜਵੀਜ਼ ਕੀਤਾ ਸੀ ਕਿ ਗਰੰਥੀਆਂ ਅਤੇ ਵਿਦਿਆਰਥੀਆਂ ਦੇ ਰੂਪ ਵਿਚ ਗ਼ਦਰ ਪਾਰਟੀ ਵਿਰੁੱਧ ਆਪਣੇ ਏਜੰਟ ਅਮਰੀਕਾ ਭੇਜੇ ਜਾਣ।

ਮਹਾਰਾਜਾ ਪਟਿਆਲਾ ਅਤੇ ਬਰਤਾਨਵੀ ਹਕੂਮਤ ਵਾਲੇ ਭੇਜੇ ਇਨ੍ਹਾਂ ਏਜੰਟਾਂ ਨੇ ਕੈਲੇਫੋਰਨੀਆ ਵਿਚ ਊਧਮ ਮਚਾ ਰੱਖਿਆ ਸੀ। ਇਹ ਬਰਤਾਨਵੀ ਕੌਂਸਲ ਤੋਂ ਵੀ ਪੈਸੇ ਲੈਂਦੇ ਸਨ ਅਤੇ ਅਮਰੀਕੀ ਇਮੀਗਰੇਸ਼ਨ ਮਹਕਿਮੇ ਤੋਂ ਵੀ। ਇਹ ਬਰਤਾਨਵੀ ਕੌਂਸਲ ਨੂੰ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਬਾਰੇ ਰੀਪੋਰਟਾਂ ਦਿੰਦੇ ਅਤੇ ਅਮਰੀਕੀ ਇੰਮੀਗਰੇਸ਼ਨ ਮਹਿਕਮੇ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਦਾਖਲ ਹੋਏ ਪੰਜਾਬੀ ਇਮੀਗਰਾਂਟਾਂ ਬਾਰੇ ਦੱਸਦੇ ਸਨ। ਗਰੰਥੀਆਂ ਨੇ ਅਮਰੀਕਾ ਆ ਕੇ ਮਾਝਾ, ਦੁਆਬਾ, ਮਾਲਵਾ ਦੇ ਧੜੇ ਖੜ੍ਹੇ ਕਰ ਦਿੱਤੇ। ਉਨ੍ਹਾਂ ਨੇ ਰਾਮ ਸਿੰਘ ਅਤੇ ਰਾਮ ਚੰਦਰਾ ਦੀਆਂ ਮੌਤਾਂ ਨੂੰ ਲੈ ਕੇ ਹਿੰਦੂ, ਸਿੱਖ ਅਤੇ ਮੁਸਲਮਾਨਾਂ ਵਿਚ ਪਾੜਾ ਪਾਉਣ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਇਨ੍ਹਾਂ ਵਿਚ ਉਨ੍ਹਾਂ ਨੂੰ ਇਕ ਹਦ ਤਕ ਕਾਮਯਾਬੀ ਵੀ ਹੋਈ।

ਸਭ ਤੋਂ ਵਧ ਦੁੱਖ ਵਾਲੀ ਗੱਲ ਕਾਂਗਰਸ ਨੇ ਕੀਤੀ ਸੀ। ਨਹਿਰੂ ਪਰਿਵਾਰ ਦਾ ਇਕ ਨਿਕਟਵਰਤੀ ਸਈਅਦ ਹੁਸੈਨ ਨਿਊਯਾਰਕ ਤੋਂ ਕੈਲੇਫੋਰਨੀਆ ਆ ਗਿਆ ਸੀ। ਉਸ ਨੇ ਗ਼ਦਰ ਪਾਰਟੀ ਦੇ ਖਿਲਾਫ ਅਤੇ ਕਾਂਗਰਸ ਦੇ ਹੱਕ ਵਿਚ ਪ੍ਰਚਾਰ ਕਰਨਾ ਸ਼ੁਰੂ

ਕਰ ਦਿੱਤਾ ਸੀ। ਉਸ ਨੇ ਗ਼ਦਰ ਪਾਰਟੀ ਉਤੇ ਰਾਜਸੀ ਹਮਲਾ ਕੀਤਾ ਸੀ। ਇਸ ਹਮਲੇ ਦਾ ਜਵਾਬ ਦੇਣ ਲਈ ਗੁਰਦੁਆਰਾ ਸਟਾਕਟਨ ਦੀ ਮਦਦ ਲਈ ਗਈ। ਗ਼ਦਰ ਪਾਰਟੀ ਨੇ ਭਾਈ ਤਰਜਨ ਸਿੰਘ ਲਾਹੌਰ ਨੂੰ ਇਸ ਗੁਰਦੁਆਰੇ ਦਾ ਗਰੰਥੀ ਥਾਪ ਦਿੱਤਾ ਅਤੇ ਗੁਰਦੁਆਰੇ ਦੇ ਪਲੇਟ ਫਾਰਮ ਤੋਂ ਵੀ ਇਨ੍ਹਾਂ ਦੇਸ ਧਰੋਹੀਆਂ 'ਤੇ ਹਮਲੇ ਕੀਤੇ ਗਏ।

ਹੁਣ ਬਰਤਾਨਵੀ ਕੌਂਸਲ ਪੰਜਾਬੀਆਂ ਵਿਰੁੱਧ ਕਮੀਨੇ ਹਮਲਿਆਂ 'ਤੇ ਉੱਤਰ ਆਈ ਸੀ। ਸਾਨਫਰਾਂਸਿਸਕੋ ਵਿਚਲੇ ਬਰਤਾਨਵੀ ਕੌਂਸਲ ਜਨਰਲ ਨੇ 19 ਫਰਵਰੀ 1926 ਨੂੰ ਅਮਰੀਕੀ ਇਮੀਗਰੇਸ਼ਨ ਮਹਿਕਮੇ ਨੂੰ ਲਿਖਿਆ ਸੀ : "ਮੈਨੂੰ ਪਤਾ ਲਗਾ ਹੈ ਬਹੁਤ ਸਾਰੇ ਪੰਜਾਬੀ ਦਾੜ੍ਹੀ ਮੁਨਾ ਕੇ ਕੇਸ ਕਟਵਾ ਕੇ ਪੱਗਾਂ ਉਤਾਰ ਦਿੰਦੇ ਹਨ। ਇਸ ਤਰ੍ਹਾਂ ਉਹ ਮੈਕਸੀਕਨ ਨਜ਼ਰ ਆਉਣ ਲੱਗ ਪੈਂਦੇ ਹਨ ਅਤੇ ਮੈਕਸੀਕਨ ਅਫਸਰਾਂ ਦੀ ਮਦਦ ਨਾਲ ਚੋਰੀ ਅਮਰੀਕਾ ਵਿਚ ਦਾਖਲ ਹੋ ਜਾਂਦੇ ਹਨ। ਕੋਈ ਵੀ ਹੋਰ ਸਰਕਾਰ ਦੂਜੀ ਸਰਕਾਰ ਨਾਲ ਏਸ ਹਲਕੇ ਪੱਧਰ ਤਕ ਵਿਹਾਰ ਨਹੀਂ ਕਰ ਸਕਦੀ।"

ਦੂਜੇ ਪਾਸੇ ਹਿੰਦ ਤੋਂ ਆਏ ਏਜੰਟਾਂ ਨੇ ਕੈਲੋਫੋਰਨੀਆਂ ਵਿਚ ਵਸਦੇ ਪੰਜਾਬੀਆਂ ਦਾ ਨੱਕ ਵਿਚ ਦਮ ਕਰ ਰੱਖਿਆ ਸੀ। ਪਾਰਟੀ ਹੈਡਕੁਆਟਰ ਨੇ ਕਾਬਲ ਅਤੇ ਬਰਲਨ ਵਿਚਲੇ ਕੇਂਦਰਾਂ ਨੂੰ ਅਪੀਲ ਕੀਤੀ ਜਿਸ ਦੇ ਜਵਾਬ ਵਿਚ ਬਾਬਾ ਗੁਰਮੁਖ ਸਿੰਘ ਕਾਬਲ ਤੋਂ ਆਏ ਬਰਕਤਉਲਾ ਬਰਲਨ ਤੋਂ ਸਾਨਫਰਾਂਸਿਸਕੋ ਆ ਗਏ ਅਤੇ ਉਨ੍ਹਾਂ ਨੇ ਇਨ੍ਹਾਂ ਫੁੱਟਪਾਊ ਅੰਸਰਾਂ ਵਿਰੁੱਧ ਪ੍ਰਚਾਰ ਮੁਹਿੰਮ ਸ਼ੁਰੂ ਕਰ ਕੀਤੀ। ਸਈਅਦ ਹੁਸੈਨ ਬਰਕਤਉਲਾ ਦਾ ਸਾਹਮਣਾ ਨਾ ਕਰ ਸਕਿਆ ਅਤੇ ਨਿਊਯਾਰਕ ਵਾਪਸ ਚਲਾ ਗਿਆ। ਗੁਰਮੁਖ ਤੇ ਨਧਾਨ ਸਿੰਘ ਮਹੇਸਰੀ ਨੇ ਮਾਝਾ, ਮਾਲਵਾ ਅਤੇ ਦੁਆਬਾ ਦੇ ਫੁੱਟਪਾਊਆਂ ਵਿਰੁਧ ਮੁਹਿੰਮ ਚਲਾਈ ਅਤੇ ਉਨ੍ਹਾਂ ਨੂੰ ਨਖੇੜਿਆ। ਗ਼ਦਰ ਪਾਰਟੀ ਨੇ ਅਮਰੀਕਾ ਅੰਦਰ ਗੈਰ-ਕਾਨੂੰਨੀ ਤੌਰ 'ਤੇ ਆਏ ਪੰਜਾਬੀ ਇਮੀਗਰਾਂਟਾਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ। ਗ਼ਦਰੀ ਫਾਰਮਰਾਂ ਦੇ ਰੈਂਚਾਂ ਵਿਚ ਇਨ੍ਹਾਂ ਨੂੰ ਕੰਮ ਦੇਣਾ ਸ਼ੁਰੂ ਕਰ ਦਿੱਤਾ। ਅਡਵਾਂਸ ਪੇਮੈਂਟਾਂ ਕਰਕੇ ਚੁਕੇ ਹੋਏ ਕਰਜ਼ੇ ਵੀ ਲਾਹ ਦਿੱਤੇ। ਫੜੇ ਜਾਣ ਵਾਲਿਆਂ ਦੀਆਂ ਪਾਰਟੀਆਂ ਵਲੋਂ ਜ਼ਮਾਨਤਾਂ ਦੇ ਕੇ ਪੈਰਵੀ ਕਰਨੀ ਵੀ ਸ਼ੁਰੂ ਕਰ ਦਿੱਤੀ। ਆਮ ਵਿਦਿਆਰਥੀਆਂ ਨੂੰ ਛੁੱਟੀਆਂ ਵਿਚ ਫਲ ਤੋੜਨ ਦਾ ਕੰਮ ਦੇਣ ਲਗ ਪਏ। ਵਧ ਪੈਸੇ ਦੇ ਕੇ ਉਨ੍ਹਾਂ ਦਾ ਸਾਲ ਦਾ ਖਰਚਾ ਪੂਰਾ ਕਰ ਦਿੰਦੇ ਸਨ। ਹਾਲਾਤ ਇਕਦਮ ਸੁਖਾਵੇਂ ਹੋ ਗਏ ਅਤੇ ਆਮ ਪੰਜਾਬੀ ਗ਼ਦਰ ਪਾਰਟੀ ਦੇ ਮੈਂਬਰ ਬਣਨੇ ਸ਼ੁਰੂ ਹੋ ਗਏ ਸਨ। ਬਾਬਾ ਦਲੀਪ ਸਿੰਘ ਫਾਹਲਾ ਨੇ 20 ਦੇ ਕਰੀਬ ਦੇਸਧਰੋਹੀ ਮਾਰ ਮੁਕਾਏ ਅਤੇ ਬਾਕੀ ਅਮਰੀਕਾ ਛੱਡਕੇ ਹਿੰਦੋਸਤਾਨ ਆ ਗਏ।

'ਕਿਰਤੀ' ਅਤੇ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ

ਭਾਈ ਸੰਤੋਖ ਸਿੰਘ ਦੀ ਗ੍ਰਿਫ਼ਤਾਰੀ ਨਾਲ ਕਿਰਤੀ ਅਖ਼ਬਾਰ ਚਾਲੂ ਕਰਨ ਵਿਚ ਭਾਵੇਂ ਦੇਰੀ ਹੋ ਗਈ ਸੀ ਤਾਂ ਵੀ ਇਸ ਨੂੰ ਸ਼ੁਰੂ ਕਰਨ ਲਈ 1924 ਵਿਚ ਭਾਈ ਸੰਤੋਖ

ਸਿੰਘ, ਕਰਮ ਸਿੰਘ ਚੀਮਾ, ਮਾਸਟਰ ਊਧਮ ਸਿੰਘ ਕਸੇਲ ਅਤੇ ਇੰਦਰ ਸਿੰਘ ਸੁਰਸਿੰਘ ਦੀ ਧਰਦਿਉਂ ਪਿੰਡ ਵਿਚ ਇਕ ਗੁਪਤ ਮੀਟਿੰਗ ਹੋਈ ਸੀ। ਇਸ ਮੀਟਿੰਗ ਵਿਚ ਹਿੱਸਾ ਲੈਣ ਲਈ ਊਧਮ ਸਿੰਘ ਕਾਬਲ ਤੋਂ ਆਇਆ ਸੀ। ਕਿਰਤੀ ਬੋਰਡ ਦੀ ਇਹ ਸਭ ਤੋਂ ਪਹਿਲੀ ਮੀਟਿੰਗ ਸੀ ਜਿਸ ਵਿਚ ਫੈਸਲਾ ਹੋਇਆ ਕਿ ਕਿਰਤੀ ਅਖ਼ਬਾਰ ਦੇ ਮੁਖ ਸੰਪਾਦਕ ਭਾਈ ਸੰਤੋਖ ਸਿੰਘ ਹੋਣਗੇ। ਭਾਈ ਭਾਗ ਸਿੰਘ ਇਸ ਦੇ ਮੈਨੇਜਰ ਅਤੇ ਕਰਮ ਸਿੰਘ ਕਿਰਤੀ ਇਸ ਦੇ ਸਹਾਇਕ ਮੈਨੇਜਰ ਹੋਣਗੇ। ਏਸੇ ਮੀਟਿੰਗ ਵਿਚ ਫੈਸਲਾ ਹੋਇਆ ਕਿ ਸੰਤ ਬਾਬਾ ਵਸਾਖਾ ਸਿੰਘ, ਤੇਜਾ ਸਿੰਘ ਚੂਹੜਕਾਣਾ ਨੂੰ ਨਾਲ ਲੈ ਕੇ ਜੇਲ੍ਹਾਂ ਵਿਚ ਬੰਦ ਗ਼ਦਰੀਆਂ ਦੀ ਸਾਰ ਲੈਣ। ਅਤੇ ਨਜ਼ਰਬੰਦਾਂ ਦੇ ਪਰਿਵਾਰਾਂ ਦੀ ਵੀ ਮਦਦ ਕਰਨ ਲਈ 21 ਨਵੰਬਰ 1924 ਨੂੰ ਦੇਸਭਗਤ ਪਰਿਵਾਰ ਸਹਾਇਕ ਕਮੇਟੀ ਦੀ ਸਥਾਪਨਾ ਕੀਤੀ ਗਈ। ਇਸ ਦੇ ਕਰਤਾ-ਧਰਤਾ ਬਾਬਾ ਵਸਾਖਾ ਸਿੰਘ ਥਾਪੇ ਗਏ। ਤੇਜਾ ਸਿੰਘ ਚੂਹੜਕਾਨਾ ਨੇ ਮਦਰਾਸ ਤੋਂ ਲੈ ਕੇ ਹਜ਼ਾਰੀ ਬਾਗ ਤਕ ਗ਼ਦਰੀ ਕੈਦੀਆਂ ਨਾਲ ਮੁਲਾਕਾਤਾਂ ਕੀਤੀਆਂ ਤੇ ਅਖ਼ਬਾਰਾਂ ਨੂੰ ਬਿਆਨ ਦਿਤੇ। ਜਿਸ ਨਾਲ ਇਹ ਭੁੱਲੇ ਵਿਸਰੇ ਗ਼ਦਰੀ ਕੈਦੀ ਫੇਰ ਲੋਕਾਂ ਸਾਹਮਣੇ ਉੱਭਰੇ ਅਤੇ ਉਨ੍ਹਾਂ ਦੀ ਰਿਹਾਈ ਲਈ ਅੰਦੋਲਨ ਹੋਣ ਲਗਾ।

ਬਾਬਾ ਵਸਾਖਾ ਸਿੰਘ ਬਹੁਤ ਹੀ ਨਰਮ ਦਿਲ ਸੀ। ਉਹ ਜਦੋਂ ਗ਼ਦਰ ਕੈਦੀਆਂ ਦੇ ਘਰ ਜਾਂਦਾ ਤਾਂ ਉਨ੍ਹਾਂ ਦੇ ਰੁਲ ਰਹੇ ਬੱਚਿਆਂ ਨੂੰ ਦੇਖ ਕੇ ਜ਼ਾਰ ਜ਼ਾਰ ਰੋ ਪੈਂਦਾ ਸੀ। ਦਲਾਸਾ ਦਿੰਦਾ ਅਤੇ ਕੁਝ ਪੈਸੇ ਦੀ ਵੀ ਸਹਾਇਤਾ ਕਰਦਾ ਸੀ। ਪਰਿਵਾਰਾਂ ਵਿਚੋਂ ਕਈਆਂ ਦੀ ਹਾਲਤ ਬਹੁਤ ਹੀ ਭਿਆਨਕ ਸੀ। ਕਈ ਪਰਿਵਾਰਾਂ ਦੇ ਬੱਚਿਆਂ ਦੇ ਪੇਟ ਭਰਨ ਲਈ ਮਾਵਾਂ ਨੂੰ ਆਪ ਹਲ਼ ਚਲਾਉਣਾ ਪੈ ਰਿਹਾ ਸੀ। ਬਾਬਾ ਵਸਾਖਾ ਸਿੰਘ ਵਲੋਂ ਪਰਿਵਾਰਾਂ ਨੂੰ ਮਿਲਣ ਨਾਲ ਉਹ ਮਹਿਸੂਸ ਕਰਨ ਲੱਗੇ ਕਿ ਉਨ੍ਹਾਂ ਦਾ ਵੀ ਕੋਈ ਹੈ। ਵਸਾਖਾ ਸਿੰਘ ਇਨ੍ਹਾਂ ਪਰਿਵਾਰਾਂ ਦੀ ਸਹਾਇਤਾ ਲਈ ਝੋਲੀ ਫੜਕੇ ਜੁੱਟ ਪਏ ਜਿਸ ਗ਼ਦਰੀ ਬਾਬਿਆਂ ਤੋਂ ਬਿਨਾਂ ਹਰਚੰਦ ਸਿੰਘ ਰਈਸ ਲਾਇਲਪੁਰੀ ਅਤੇ ਗਿਆਨੀ ਹੀਰਾ ਸਿੰਘ ਦਰਦ ਨੇ ਉਨ੍ਹਾਂ ਨਾਲ ਬੜਾ ਸਹਿਯੋਗ ਕੀਤਾ। ਕੰਮ ਚਲਾਉਣ ਲਈ ਬਾਬਾ ਰਤਨ ਸਿੰਘ ਵਲੋਂ ਅਮਰੀਕਾ ਵਿਚ ਇਕੱਠੇ ਕੀਤੇ ਫੰਡ ਵਿਚੋਂ ਵੀ ਕੁਝ ਹਿੱਸਾ ਮਿਲ ਗਿਆ ਸੀ।

ਕਿਰਤੀ

ਫਰਵਰੀ 1926 ਵਿਚ ਕਿਰਤੀ ਅਖ਼ਬਾਰ ਦਾ ਮਾਸਕ ਅੰਕ ਲੋਕਾਂ ਦੇ ਹੱਥਾਂ ਵਿਚ ਆ ਗਿਆ। ਇਹ ਅਖ਼ਬਾਰ ਨਵੀਂ ਸੇਧ ਲੈ ਕੇ ਆਇਆ ਸੀ। ਪਹਿਲੇ ਸਫ਼ੇ 'ਤੇ ਫੁੱਲਾਂ ਵਿਚ ਲਪੇਟੀ ਸ਼ਹੀਦ ਦੀ ਲਾਸ਼ ਸੀ ਅਤੇ ਅੰਦਰਲੇ ਸਫੇ ਉਤੇ ਮੋਟਾ ਕਰ ਕੇ ਲਿਖਿਆ ਹੋਇਆ ਸੀ : "ਸਮਰਪਨ ਉਨ੍ਹਾਂ ਸ਼ਹੀਦਾਂ ਨੂੰ ਜਿਨ੍ਹਾਂ ਉਸ ਵੇਲੇ ਅੱਗੇ ਆ ਕੇ ਕੁਰਬਾਨੀਆਂ ਕੀਤੀਆਂ ਜਦੋਂ ਉਹ ਬੜੇ ਮਹਿੰਗੇ ਮੁੱਲ ਪਈਆਂ।" ਸਭ ਤੋਂ ਉੱਪਰ ਲਿਖਿਆ ਹੋਇਆ

ਸੀ : ਦੁਨੀਆਂ ਭਰ ਦੇ ਮਿਹਨਤਕਸ਼ੋ ਇਕ ਹੋ ਜਾਓ। ਇਸ ਵਿਚ ਹੀ ਤੁਹਾਡਾ ਭਲਾ ਹੈ। ਅੰਦਰਲੇ ਲੇਖਾਂ ਵਿਚ ਕਿਰਤੀਆਂ ਦੇ ਦੁਖੜੇ ਤੇ ਉਨ੍ਹਾਂ ਦਾ ਇਲਾਜ, ਮੁਲਕ ਦੀ ਅਜ਼ਾਦੀ ਦਾ ਘੋਲ ਅਤੇ ਇਸ ਵਿਚ ਮਿਹਨਤੀ ਲੋਕਾਂ ਦਾ ਰੋਲ, ਸ਼ਹੀਦਾਂ ਦੀਆਂ ਜ਼ਿੰਦਗੀਆਂ, ਦੁਨੀਆਂ ਵਿਚ ਚਲ ਰਹੇ ਘੋਲਾਂ ਦਾ ਬਿਰਤਾਂਤ, ਸੋਵੀਅਤ ਰੂਸ ਤੇ ਮਜ਼ਦੂਰਾਂ ਕਿਸਾਨਾਂ ਦੇ ਰਾਜ ਬਾਰੇ ਵਾਕਫ਼ੀਅਤ ਭਰੇ ਲੇਖ, ਕਵੀਆਂ ਵਲੋਂ ਲਿਖੀਆਂ ਵਾਰਾਂ ਅਤੇ ਕਿਰਤੀਆਂ ਦੇ ਦੁੱਖੜੇ ਸਨ। ਸਮਾਜਵਾਦ ਕੀ ਹੈ ਅਤੇ ਇਹ ਕਿਉਂ ਚਾਹੀਦਾ ਹੈ ਕਿ ਬਾਰੇ ਜਾਣਕਾਰੀ। ਪੰਜਾਬ ਵਿਚ ਇਸ ਅਖ਼ਬਾਰ ਦਾ ਬੜਾ ਸਵਾਗਤ ਹੋਇਆ।

ਕਿਰਤੀ ਅਖ਼ਬਾਰ ਨਿਕਲਣ 'ਤੇ ਅੰਗਰੇਜ਼ੀ ਸਰਕਾਰ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਉਸ ਨੇ ਆਪਣੀ ਟਾਈਪ ਕੀਤੀ ਰੀਪੋਰਟ ਦੇ 25ਵੇਂ ਸਫੇ 'ਤੇ ਲਿਖਿਆ ਹੈ : "ਕਿਰਤੀ ਅਖ਼ਬਾਰ ਜਥੇਬੰਦ ਮਜ਼ਦੂਰ ਦੀ ਮਹੱਤਤਾ 'ਤੇ ਜ਼ੋਰ ਦੇਣ ਦੇ ਨਾਲ-ਨਾਲ ਆਪਣੇ ਇਨਕਲਾਬੀ ਨਿਸ਼ਾਨਿਆਂ ਨੂੰ ਪ੍ਰਗਟ ਕਰਨ ਵਿਚ ਬੜਾ ਸਪੱਸ਼ਟ ਹੈ। ਹੁਣ ਤਕ ਇਸ ਨੇ 1914-1915 ਦੇ ਭਾਰਤੀ ਗ਼ਦਰੀਆਂ ਦੇ ਆਦਰਸ਼ਾਂ ਅੰਤ ਮੰਤਵਾਂ ਦੀ ਲਗਾਤਾਰ ਵਕਾਲਤ ਕੀਤੀ ਹੈ, ਬੱਬਰ ਅਕਾਲੀਆਂ ਨੂੰ ਸ਼ਹੀਦ ਅਤੇ ਸੂਰਮੇ ਕਹਿ ਕੇ ਬੁਲੰਦ ਕੀਤਾ ਹੈ ਅਤੇ ਰਾਜਸੀ ਵਾਰ ਲਈ ਲਹਿਰ ਦੀ ਲਗਾਤਾਰ ਮਦਦ ਕੀਤੀ ਹੈ। ਇਸ ਨੇ ਬਜਬਜ ਦਾ ਫਸਾਦ, ਗੁਰੂ ਕਾ ਬਾਗ, ਜਲ੍ਹਿਆਂਵਾਲਾ ਬਾਗ, ਭਾਈ ਫੇਰੂ ਅਤੇ ਜੈਤੋ ਦੀਆਂ ਘਟਨਾਵਾਂ ਨੂੰ ਯਾਦ ਕੀਤਾ ਹੈ.....ਇਹ ਪ੍ਰਕਾਸ਼ਨਾ ਤਕੜੀ ਤਰ੍ਹਾਂ ਹਕੂਮਤ ਵਿਰੋਧੀ ਹੈ ਅਤੇ ਕਮਿਊਨਿਸਟ ਹਮਾਇਤ ਅਖ਼ਬਾਰ (ਕਿਰਤੀ) ਇਕ ਸੰਪੂਰਨ ਤੱਥ ਹੈ।

"ਇਸ ਅਖ਼ਬਾਰ ਦੀ ਮਾਲੀ ਸਹਾਇਤਾ ਵਾਸਤੇ (ਅਮਰੀਕਾ ਵਿਚ) 100 ਡਾਲਰ ਚੰਦਾ ਲੈ ਕੇ ਮੈਂਬਰ ਬਣਾਏ ਜਾ ਰਹੇ ਹਨ ਅਤੇ ਕਿਹਾ ਜਾਂਦਾ ਹੈ ਕਿ ਕੈਲੇਫੋਰਨੀਆ ਵਿਚ ਇਸ ਦੇ 120 ਮੈਂਬਰ ਹਨ। ਰਤਨ ਸਿੰਘ ਨੇ ਇਮੀਗਰੇਸ਼ਨ ਅਧਿਕਾਰੀਆਂ (ਅਮਰੀਕਾ) ਕੋਲ ਮੰਨਿਆ ਹੈ ਕਿ ਉਸ ਨੇ 40 ਤੋਂ 50 ਹਜ਼ਾਰ ਡਾਲਰ ਇਕੱਠੇ ਕੀਤੇ ਹਨ...ਗ਼ਦਰ ਪਾਰਟੀ ਰਾਹੀਂ (ਅਖ਼ਬਾਰ ਵਾਸਤੇ)

"ਇਸ ਪ੍ਰਕਾਸ਼ਨਾ ਦੇ ਸ਼ੁਰੂ ਹੋਣ ਤੋਂ ਪਹਿਲਾਂ ਐਲਾਨਿਆਂ ਗਿਆ ਸੀ ਕਿ 'ਕਿਰਤੀ' ਸਾਰੇ ਸੰਸਾਰ ਦੇ ਮਜ਼ਦੂਰਾਂ ਨਾਲ ਹਮਦਰਦੀ ਕਰੇਗਾ। ਗ਼ੁਲਾਮ ਬਣਾਏ ਹੋਏ ਕਮਜ਼ੋਰ ਅਤੇ ਦਬੇ ਕੁਚਲੇ ਦੇਸਾਂ ਅਤੇ ਗ਼ੁਲਾਮ ਹਿੰਦੋਸਤਾਨ ਦੀ ਮੁਕਤੀ ਲਹਿਰ ਦੀ ਹਮਾਇਤ ਕਰੇਗਾ। ਸੰਪਾਦਕ ਨੇ ਆਪਣੀ ਨੀਤੀ ਪ੍ਰਗਟ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕੀਤੀ ਹੈ ਤੇ ਰਸਾਲਾ ਅਟੱਲ ਤੌਰ 'ਤੇ ਕਮਿਊਨਿਸਟ ਹੈ ਅਤੇ ਸਰਕਾਰ ਦਾ ਵਿਰੋਧੀ ਹੈ।"

ਹਕੂਮਤ ਨੂੰ ਸਪੱਸ਼ਟ ਹੈ ਕਿ ਕਿਰਤੀ ਰਸਾਲਾ ਕਮਿਊਨਿਸਟ ਵਿਚਾਰਧਾਰਾ ਵਾਲੇ ਲੋਕਾਂ ਨੇ ਸ਼ੁਰੂ ਕੀਤਾ ਹੈ ਤੇ ਗ਼ਦਰ ਪਾਰਟੀ ਖਰਚ ਕਰ ਰਹੀ ਹੈ, ਤਾਂ ਵੀ ਅੰਗਰੇਜ਼ ਹਕੂਮਤ ਨੇ ਵਾਵੇਲਾ ਖੜ੍ਹਾ ਕੀਤਾ ਕਿ ਇਸ ਨੂੰ ਬਾਲਸ਼ਵਿਕ ਪੈਸਾ ਦੇ ਰਹੇ ਹਨ। ਉਹ ਬਾਲਸ਼ਵਿਕ ਹਊਏ ਨੂੰ ਇਸ ਕਰਕੇ ਹਵਾ ਦੇ ਰਹੇ ਸਨ ਕਿ ਮੌਕਾ ਮਿਲਣ 'ਤੇ ਸਾਜ਼ਿਸ਼

ਕੇਸ ਬਣਾਇਆ ਜਾ ਸਕੇ। ਪਰ ਇਸ ਪ੍ਰਚਾਰ ਦਾ ਲੋਕਾਂ 'ਤੇ ਕਦੇ ਅਸਰ ਨਾ ਹੋਇਆ। 'ਕਿਰਤੀ' ਬਾਕਾਨੂੰਨੀ ਪਰਚਾ ਸੀ ਅਤੇ ਇਸ ਦੇ ਸਹਾਇਕਾਂ ਦੀ ਲਿਸਟ ਛਾਪੀ ਜਾਂਦੀ ਸੀ। ਤਾਂ ਵੀ ਲਗਪਗ ਇਸ ਦਾ ਹਰ ਪਰਚਾ ਜ਼ਬਤ ਕਰ ਲਿਆ ਜਾਂਦਾ ਸੀ। ਸੰਪਾਦਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। ਪੇਪਰ ਅਤੇ ਪ੍ਰੈਸ ਤੋਂ ਭਾਰੀਆਂ ਜ਼ਮਾਨਤਾਂ ਮੰਗੀਆਂ ਜਾਂਦੀਆਂ ਸਨ। ਪਰ ਇਹ ਗ਼ਦਰੀ ਸਹਾਇਕਾਂ ਦੀ ਮਦਦ ਨਾਲ ਚਲਦਾ ਹੀ ਰਿਹਾ। 'ਕਿਰਤੀ' 1926 ਤੋਂ 1939 ਤਕ ਛਪਦਾ ਰਿਹਾ। ਏਸੇ ਤਰ੍ਹਾਂ ਗ਼ਦਰੀ ਕਮਿਊਨਿਸਟਾਂ ਵਲੋਂ ਬਣਾਈਆਂ ਕਿਸਾਨ ਕਮੇਟੀਆਂ ਵੀ ਕਾਇਮ ਰਹੀਆਂ। ਪਰ ਰਾਏਵਾਦੀਆਂ ਨੇ ਆਪਣੀਆਂ ਰੀਪੋਰਟਾਂ ਵਿਚ 'ਕਿਰਤੀ' ਦਾ ਕਦੇ ਜ਼ਿਕਰ ਨਹੀਂ ਕੀਤਾ। ਡਾਇਰੈਕਟਰ ਇੰਟੈਲੀਜੈਂਸ ਬਿਊਰੋ ਸਰ ਪੈਟਰੀ, ਇੰਡੀਆ, ਨੇ ਆਪਣੀ ਕਿਤਾਬ ਦੇ ਸਫ਼ਾ 149 'ਤੇ ਲਿਖਿਆ ਹੈ : "ਦੇਖਣ ਵਾਲੀ ਗੱਲ ਇਹ ਹੈ ਕਿ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦੀ ਸਾਲਾਨਾ ਰਿਪੋਰਟ ਆਪਣੇ ਰਸਾਲਿਆਂ ਦੀ ਲਿਸਟ ਵਿਚ 'ਕਿਰਤੀ' ਨੂੰ ਸ਼ਾਮਲ ਨਹੀਂ ਕਰਦੀ, ਹਾਲਾਂਕਿ ਰਸਾਲੇ ਦੇ ਕਮਿਊਨਿਸਟਾਂ ਵਲ ਐਲਾਨੀਆਂ ਝੁਕਾਅ ਹਨ। ਇਹ ਪਹਿਲਾਂ ਹੀ ਪ੍ਰਗਟ ਕੀਤੇ ਜਾ ਚੁੱਕੇ ਵਿਚਾਰਾਂ ਦੀ ਹੀ ਤਾਈਦ ਕਰਦਾ ਹੈ ਕਿ ਇਹ ਲਹਿਰ ਐਮ.ਐਨ. ਰਾਏ ਤੋਂ ਬਹੁਤ ਹੀ ਅਜ਼ਾਦ ਰੂਪ ਵਿਚ ਕੰਮ ਕਰ ਰਹੀ ਹੈ।"

ਅਸਲ ਵਿਚ ਰਾਏ ਵਰਗੇ ਲੋਕ ਰੀਪੋਰਟਾਂ ਲਿਖਣ ਵਿਚ ਮਾਹਰ ਸਨ ਅਤੇ ਅਮਲੀ ਜ਼ਿੰਦਗੀ ਵਿਚ ਹਮੇਸ਼ਾ ਫੇਲ੍ਹ ਹੁੰਦੇ ਸਨ। ਦੂਜੇ ਪਾਸੇ ਗ਼ਦਰ ਪਾਰਟੀ ਵਾਲੇ ਅਮਲੀ ਜੀਵਨ ਵੱਲ ਵਧੇਰੇ ਧਿਆਨ ਦਿੰਦੇ ਸਨ ਅਤੇ ਲਿਖਣ ਵਲ ਘੱਟ। ਜਿਸ ਕਮਜ਼ੋਰੀ ਨੇ ਇਨ੍ਹਾਂ ਨੂੰ ਕਾਫੀ ਨੁਕਸਾਨ ਵੀ ਪਹੁੰਚਾਇਆ। ਰਾਏ ਜਦੋਂ ਕਮਿਊਨਿਜ਼ਮ ਤੋਂ ਕਿਨਾਰਾਕਸ਼ੀ ਵੀ ਕਰ ਗਿਆ, ਰਾਏ ਦੀਆਂ ਰੁਚੀਆਂ ਹਿੰਦੋਸਤਾਨ ਵਿਚ ਜ਼ਿੰਦਾ ਹੀ ਰਹੀਆਂ ਨਹੀਂ ਤਾਂ ਗ਼ਦਰ ਕਮਿਊਨਿਸਟਾਂ ਨੂੰ ਅਣਡਿੱਠ ਨਹੀਂ ਸੀ ਕੀਤਾ ਜਾ ਸਕਦਾ।

ਕਾਂਗਰਸੀ ਸਤਿਆਗ੍ਰਹਿ ਤੇ ਅਕਾਲੀ ਲਹਿਰ ਦੌਰਾਨ ਗ਼ਦਰ ਪਾਰਟੀ (1922-23)

ਪੰਜਾਬ ਵਿਚ ਅੰਗਰੇਜ਼ਾਂ ਵਿਰੁੱਧ ਜਿਹੜੀ ਵੀ ਲਹਿਰ ਚਲੀ ਗ਼ਦਰੀ ਉਸ ਦੇ ਨੁਕਤਾਚੀਨੀ ਬਣ ਕੇ ਕਿਨਾਰੇ 'ਤੇ ਨਹੀਂ ਖੜ੍ਹੇ ਰਹੇ, ਸਗੋਂ ਇਸ ਦੇ ਵਿਚ ਸ਼ਾਮਲ ਹੋਏ ਅਤੇ ਲਹਿਰ ਨੂੰ ਇਨਕਲਾਬੀ ਸ਼ਕਲ ਦੇਣ ਦੀ ਕੋਸ਼ਿਸ਼ ਕੀਤੀ। ਲਹਿਰ ਦੀ ਮਜ਼ਬੂਤੀ ਲਈ ਵਾਜਬ ਨੁਕਤਾਚੀਨੀ ਵੀ ਕੀਤੀ। ਮਿਸਾਲ ਵਜੋਂ 1922-23 ਵਿਚ ਕਾਂਗਰਸ ਵਲੋਂ ਚਲਾਏ ਗਏ ਸਤਿਆਗ੍ਰਹਿ ਵਿਚ ਬ਼ਾਬਾ ਕਰਮ ਸਿੰਘ ਚੀਮਾ, ਭਾਗ ਸਿੰਘ, ਬਾਬਾ ਲਾਲ ਸਿੰਘ ਅਤੇ ਹੋਰ ਬਹੁਤ ਸਾਰੇ ਗ਼ਦਰੀ ਸ਼ਾਮਲ ਹੋਏ ਸਨ। ਬਾਬਾ ਬਚਿੰਤ ਸਿੰਘ ਰੁੜਕਾ ਕਲਾਂ ਬਾਈਕਾਟ ਦੀ ਇਸ ਲਹਿਰ ਨੂੰ ਸਿਖਰਾਂ ਤਕ ਲੈ ਗਿਆ ਸੀ। ਉਹ

ਕਨੇਡਾ ਤੋਂ ਪਰਤਿਆ ਹੋਇਆ ਗ਼ਦਰੀ ਸੀ। ਰੁੜਕੇ ਦੇ ਸਾਰੇ ਮੁਕੱਦਮੇ ਪੰਚਾਇਤ ਹੀ ਸੁਣਦੀ ਸੀ। ਕੋਈ ਵੀ ਥਾਣੇ ਕਚਹਿਰੀ ਨਹੀਂ ਸੀ ਜਾਂਦਾ। ਏਸੇ ਕਰ ਕੇ ਉਸ ਦਾ ਨਾਂਅ "ਕਿੰਗ ਆਫ਼ ਰੁੜਕਾ" ਪੈ ਗਿਆ ਸੀ। ਇਸ ਤਰ੍ਹਾਂ ਦੀਆਂ ਕੌਮੀ ਪੰਚਾਇਤਾਂ ਬਹੁਤ ਸਾਰੇ ਹੋਰ ਵੀ ਪਿੰਡਾਂ ਵਿਚ ਬਣਾਈਆਂ ਗਈਆਂ ਸਨ। ਇਹ ਪੰਚਾਇਤਾਂ ਕੌਮੀ ਜਮਹੂਰੀ ਹਕੂਮਤ ਦੇ ਮੁਢਲੇ ਚਿੰਨ੍ਹ ਸਨ। ਕਾਂਗਰਸ ਨੇ ਇਸ ਤੋਂ ਅੱਗੇ ਵਧਣ ਦੀ ਥਾਂ ਕਈ ਬਹਾਨੇ ਘੜ ਕੇ ਲਹਿਰ ਵਾਪਸ ਲੈ ਲਈ ਜਿਸ ਦੀ ਗ਼ਦਰੀਆਂ ਨੇ ਨੁਕਤਾਚੀਨੀ ਕੀਤੀ।

ਇਹ ਹੀ ਹਾਲ ਅਕਾਲੀ ਲਹਿਰ ਨਾਲ ਹੋਇਆ। ਰੁੜਕਾ ਕਲਾਂ ਵਿਚ ਭਾਰੀ ਕਾਨਫਰੰਸ ਹੋਈ। ਦੂਰ ਦੂਰ ਤੋਂ ਲੋਕ ਅੰਗਰੇਜ਼ਾਂ ਤੋਂ ਬਾਗੀ ਹੋਏ ਇਸ ਪਿੰਡ ਨੂੰ ਵਹੀਰਾਂ ਘੱਤ ਕੇ ਆ ਗਏ। ਹਾਜ਼ਰੀ ਲੱਖਾਂ ਵਿਚ ਸੀ। ਮਾਸਟਰ ਮੋਤਾ ਸਿੰਘ ਅਤੇ ਕਿਸ਼ਨ ਸਿੰਘ ਗੜਗੱਜ ਬੱਬਰ ਅਕਾਲੀ ਨੂੰ ਤਕਰੀਰਾਂ ਕਰਨ ਲਈ ਸੱਦਿਆ ਗਿਆ ਸੀ। ਇਹ ਦੋਹਵੇਂ ਹੀ ਲੀਡਰ ਮਫ਼ਰੂਰ ਸਨ। ਪਿੰਡ ਨੂੰ ਘੋੜਸਵਾਰ ਫੌਜ ਨੇ ਘੇਰਿਆ ਹੋਇਆ ਸੀ। ਦੋਨੋਂ ਬਬਰ ਲੀਡਰ ਪਹੁੰਚੇ ਅਤੇ ਲੋਕਾਂ ਨੇ ਉਨ੍ਹਾਂ ਦੇ ਪੁਰਜ਼ੋਰ ਸਵਾਗਤ ਕੀਤਾ। ਲੋਕਾਂ ਨੇ ਪੁਲਸ ਨੂੰ ਸਟੇਜ ਦੇ ਨੇੜੇ ਨਾ ਢੁੱਕਣ ਦਿੱਤਾ। ਤਕਰੀਰਾਂ ਕਰਨ ਤੋਂ ਬਾਅਦ ਦੋਹਵੇਂ ਆਗੂ ਲੋਕਾਂ ਦੇ ਸਮੁੰਦਰ ਵਿਚ ਗੁੰਮ ਹੋ ਗਏ। ਏਸੇ ਤਰ੍ਹਾਂ ਗੁਰੂ ਕਾ ਬਾਗ ਅਤੇ ਜੈਤੋ ਦੇ ਅਕਾਲੀ ਮੋਰਚਿਆਂ ਵਿਚ ਵੀ ਗ਼ਦਰੀ ਸ਼ਾਮਲ ਹੋਏ ਸਨ ਅਤੇ ਜਥੇਦਾਰ ਵੀ ਚੁਣੇ ਗਏ ਸਨ। ਬਾਬਾ ਮਦਨ ਸਿੰਘ ਗਾਗਾ ਲਾਹੌਰ ਦੇ ਡੇਰਾ ਸਾਹਿਬ ਗੁਰਦੁਆਰਾ ਦਾ ਪ੍ਰਧਾਨ ਰਿਹਾ। ਬਾਬਾ ਈਸ਼ਰ ਸਿੰਘ ਮਰਹਾਣਾ ਹਰਿਮੰਦਰ ਸਾਹਿਬ ਦੇ ਪ੍ਰਧਾਨ ਸਨ ਜਿਨ੍ਹਾਂ ਨੇ ਗੁਰਦੁਆਰਿਆਂ ਅਤੇ ਪ੍ਰਕਰਮਾ ਨੂੰ ਨਵੇਂ ਸੁਹੱਪਣ ਵਾਲੀ ਸ਼ਕਲ ਦਿੱਤੀ।

ਜੈਤੋ ਗੋਲੀ ਚਲ ਗਈ ਅਤੇ ਸੈਂਕੜੇ ਲੋਕ ਸ਼ਹੀਦ ਹੋ ਗਏ। ਬਾਬਾ ਭਗਵਾਨ ਸਿੰਘ ਵੈਨਕੂਵਰ ਤੋਂ ਸ਼ਹੀਦੀ ਜਥਾ ਲੈ ਕੇ ਜੈਤੋ ਵੱਲ ਚੱਲ ਪਿਆ ਸੀ। ਪਹੁੰਚਣ ਤੋਂ ਪਹਿਲਾਂ ਜੈਤੋ ਦਾ ਮੋਰਚਾ ਤਾਂ ਖਤਮ ਹੋ ਗਿਆ ਸੀ ਪਰ ਉਸ ਸਮੇਂ ਪਿਸ਼ਾਵਰ ਦੇ ਕਿੱਸਾਖਾਨੀ ਬਜ਼ਾਰ ਵਿਚ ਸੁਰਖਪੋਸ਼ਾਂ ਦੇ ਪੁਰਅਮਨ ਜਲੂਸ ਉਤੇ ਪੁਲਸ ਨੇ ਗੋਲੀ ਚਲਾ ਕੇ ਕਈ ਸੂਰਖਪੋਸ਼ ਸ਼ਹੀਦ ਕਰ ਦਿੱਤੇ ਸਨ। ਬਾਬਾ ਭਗਵਾਨ ਸਿੰਘ ਕਨੇਡੀਅਨ ਨੇ ਆਪਣਾ ਸ਼ਹੀਦੀ ਜਥਾ ਪਿਸ਼ਾਵਰ ਵਲ ਤੋਰ ਲਿਆ ਅਤੇ ਜਾ ਕੇ ਗ੍ਰਿਫਤਾਰੀਆਂ ਦੇ ਦਿੱਤੀਆਂ ਸਨ। ਬੱਬਰ ਅਕਾਲੀ ਯੋਧਿਆਂ ਵਿਚ ਕਰਮ ਸਿੰਘ ਦੌਲਤਪੁਰੀ, ਕਰਮ ਸਿੰਘ ਝਿੰਗੜ ਅਤੇ ਬਾਬਾ ਹਰੀ ਸਿੰਘ ਸੂੰਢ ਕਨੇਡਾ ਤੋਂ ਆਏ ਹੋਏ ਗ਼ਦਰੀ ਸਨ।

ਗ਼ਦਰੀ ਅੰਗਰੇਜ਼ ਸਰਕਾਰ ਵਿਰੁੱਧ ਹਰ ਜਨਤਕ ਲਹਿਰ ਵਿਚ ਸਰਗਰਮੀ ਨਾਲ ਸ਼ਾਮਲ ਹੋਏ। ਇਨ੍ਹਾਂ ਲਹਿਰਾਂ ਦੇ ਮੌਕੇ ਕੁਮੌਕੇ ਖਤਮ ਹੋਣ 'ਤੇ ਉਹ ਚੁਪ ਕਰਕੇ ਨਹੀਂ ਬੈਠੇ ਸਗੋਂ ਉਹ ਅੱਗੇ ਵਧਦੇ ਹੋਏ ਅਤੇ ਕਮਿਊਨਿਸਟ ਲਹਿਰ ਦੀ ਉਸਾਰੀ ਵਿਚ ਉਨ੍ਹਾਂ ਨੇ ਅਹਿਮ ਰੋਲ ਅਦਾ ਕੀਤਾ।

ਕਮਿਊਨਿਸਟ ਲਹਿਰ ਵਿਚ ਗ਼ਦਰ ਪਾਰਟੀ, ਹਿਜਰਤੀ ਤੇ ਬਰਤਾਨੀਆ ਤੋਂ ਪਰਤੇ ਵਿਦਿਆਰਥੀ

ਕਮਿਊਨਿਸਟ ਅਤੇ ਸਮਾਜਵਾਦੀ ਨਜ਼ਰੀਏ ਦੇ ਹਿੰਦੋਸਤਾਨ ਵਿਚ ਪ੍ਰਵੇਸ਼ ਕਰਨ ਵਿਚ ਬਦੇਸਾਂ ਵਿਚ ਵਸਦੇ ਭਾਰਤੀ ਇਨਕਲਾਬੀਆਂ ਦਾ ਬਹੁਤ ਰੋਲ ਹੈ ਅਤੇ ਗ਼ਦਰੀ ਕਮਿਊਨਿਸਟਾਂ ਨੇ ਇਸ ਵਿਚ ਬਹੁਤ ਹਿੱਸਾ ਪਾਇਆ ਸੀ। ਇਨ੍ਹਾਂ ਨੂੰ ਅਸੀਂ ਇਕ-ਇਕ ਕਰਕੇ ਲੈਂਦੇ ਹਾਂ।

ਹਿਜਰਤੀ : ਇਹ ਅੰਗਰੇਜ਼ ਹਾਕਮਾਂ ਦੀ ਗ਼ੁਲਾਮੀ ਭੋਗ ਰਹੇ ਹਿੰਦੋਸਤਾਨ ਨੂੰ ਛੱਡਕੇ ਅਜ਼ਾਦ ਅਫਗਾਨਿਸਤਾਨ ਵਿਚ ਪਨਾਹ ਲੈਣਾ ਚਾਹੁੰਦੇ ਹਨ। ਇਹ ਸੰਸਾਰ ਜੰਗ ਦਾ ਸਮਾਂ ਸੀ ਜਦ ਗ਼ਦਰ ਪਾਰਟੀ, ਬੰਗਾਲ ਦੇ ਇਨਕਲਾਬੀਆਂ ਅਤੇ ਖਲਾਫਤ ਦੇ ਅਸਰ ਹੇਠਲੇ ਹਿੰਦੋਸਤਾਨ ਦੇ ਇਨਕਲਾਬੀਆਂ ਨੇ ਬਗਾਵਤ ਦਾ ਝੰਡਾ ਚੁੱਕਿਆ ਸੀ। ਉਸ ਸਮੇਂ ਕਾਫੀ ਖਲਾਫਤੀ ਇਨਕਲਾਬੀ ਅਫ਼ਗਾਨਿਸਤਾਨ ਨੂੰ ਹਿਜਰਤ ਕਰ ਗਏ ਸਨ। ਇਨ੍ਹਾਂ ਵਿਚ ਲਾਹੌਰ, ਰਾਵਲਪਿੰਡੀ, ਪਿਸ਼ਾਵਰ ਆਦਿ ਦੇ 30 ਦੇ ਕਰੀਬ ਵਿਦਿਆਰਥੀ ਸਨ। ਹਿਜਰਤੀਆਂ ਨੇ ਪੱਛਮੀ ਫਰੰਟ ਉਤੇ ਅਫ਼ਗਾਨਿਸਤਾਨ, ਮੈਸੋਪੋਟੇਮੀਆ, ਈਰਾਨ ਅਤੇ ਬਲੋਚਿਸਤਾਨ ਦੇ ਫਰੰਟਾਂ 'ਤੇ ਗ਼ਦਰੀਆਂ ਨਾਲ ਮਿਲਕੇ ਬਰਤਾਨਵੀ ਫੌਜਾਂ ਵਿਰੁੱਧ ਲੜਾਈ ਕੀਤੀ ਸੀ। ਇਨ੍ਹਾਂ ਵਿਚੋਂ ਕਈ ਸ਼ਹੀਦ ਹੋ ਗਏ ਸਨ ਅਤੇ ਕਈਆਂ ਨੂੰ ਗ੍ਰਿਫਤਾਰ ਕਰਕੇ ਮਾਲਟਾ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ। ਬਾਕੀ ਦੇ ਸਾਰੀ ਉਮਰ ਅੰਗਰੇਜ਼ ਹਕੂਮਤ ਦੇ ਵਿਰੁੱਧ ਲੜਦੇ ਰਹੇ। ਜੰਗ ਦੌਰਾਨ ਅਮੀਰ ਬੁਖਾਰਾ ਨੇ ਵੀ ਇਨ੍ਹਾਂ ਨੂੰ ਗ੍ਰਿਫਤਾਰ ਕਰਕੇ ਅੰਗਰੇਜ਼ਾਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ ਸੀ। ਅਮੀਰ ਬੁਖਾਰਾ ਦੀ ਇਸ ਹਰਕਤ ਨੇ ਹਿਜਰਤੀਆਂ ਵਿਚ ਮੁਸਲਮ ਬਰਦਰਹੁਡ ਦਾ ਜਜ਼ਬਾ ਮੱਠਾ ਪਾ ਦਿੱਤਾ ਸੀ। ਦੂਜੇ ਪਾਸੇ ਸੋਵੀਅਤ ਰੂਸ ਨੇ ਇਨ੍ਹਾਂ ਦੇ ਸਿਆਸੀ ਅਤੇ ਮਜ਼ਹਬੀ ਖ਼ਿਆਲਾਂ ਨੂੰ ਪਾਸੇ ਰੱਖਦਿਆਂ ਇਨ੍ਹਾਂ ਦਾ ਸਵਾਗਤ ਕੀਤਾ ਅਤੇ ਪਨਾਹ ਦਿੱਤੀ ਅਤੇ ਹਰ ਤਰ੍ਹਾਂ ਦੀ ਮਦਦ ਕੀਤੀ ਸੀ। ਇਨ੍ਹਾਂ ਹਿਜਰਤੀਆਂ ਉਤੇ ਸਮਾਜਵਾਦ ਅਤੇ ਅਕਤੂਬਰ ਇਨਕਲਾਬ ਦਾ ਪ੍ਰਭਾਵ ਪਿਆ। ਇਨ੍ਹਾਂ ਵਿਦਿਆਰਥੀਆਂ ਨੇ ਮਾਰਕਸਵਾਦ ਦੀ ਸਿੱਖਿਆ ਪ੍ਰਾਪਤ ਕਰਨ ਦੀ ਇੱਛਾ ਜ਼ਾਹਰ ਕੀਤੀ। ਇਨ੍ਹਾਂ ਨੇ ਤਾਸ਼ਕੰਦ ਤੋਂ ਇਹ ਸਿੱਖਿਆ ਪ੍ਰਾਪਤ ਕਰਕੇ ਭਾਰਤ ਦੀ ਆਰਜ਼ੀ ਕਮਿਊਨਿਸਟ ਪਾਰਟੀ ਵੀ ਬਣਾਈ ਸੀ। ਹਿਜਰਤੀਆਂ ਨੇ ਹਿੰਦੋਸਤਾਨ ਦੇ ਕਈ ਸ਼ਹਿਰਾਂ ਵਿਚ ਕਮਿਊਨਿਸਟ ਪਾਰਟੀ ਗਰੁੱਪ ਜਥੇਬੰਦ ਕਰਨ ਵਿਚ ਹਿੱਸਾ ਪਾਇਆ ਸੀ। ਪਿਸ਼ਾਵਰ ਸਾਜ਼ਸ਼ ਕੇਸ ਵਿਚ ਇਨ੍ਹਾਂ ਨੂੰ ਸਖਤ ਸਜ਼ਾਵਾਂ ਵੀ ਹੋਈਆਂ ਸਨ। ਪੰਜਾਬ ਦੇ ਕਮਿਊਨਿਸਟ ਲੀਡਰ ਫਿਰੋਜ਼ਦੀਨ ਮਨਸੂਰ, ਫਜ਼ਲ ਅਲਾਹੀ ਕੁਰਬਾਨ, ਸ਼ੌਕਤ ਅਸਮਾਨੀ, ਅਬਦਲ ਮਜੀਦ ਇਨ੍ਹਾਂ ਹਿਜਰਤੀ ਵਿਦਿਆਰਥੀਂਅ ਵਿਚੋਂ ਹੀ ਸਨ। ਹਿਜਰਤੀਆਂ ਦਾ ਹਿੰਦੋਸਤਾਨ ਦੀ ਕਮਿਊਨਿਸਟ ਲਹਿਰ ਖੜ੍ਹੀ ਕਰਨ ਵਿਚ ਕਾਫੀ ਰੋਲ ਹੈ।

ਇੰਗਲੈਂਡ ਦੇ ਭਾਰਤੀ ਵਿਦਿਆਰਥੀ : ਪਹਿਲੋ ਪਹਿਲ ਹਿੰਦੋਸਤਾਨ ਦੇ ਉੱਚੇ ਘਰਾਣੇ ਤੇ ਜਗੀਰਦਾਰ ਆਪਣੇ ਬੱਚਿਆਂ ਨੂੰ ਇੰਗਲੈਂਡ ਦੀਆਂ ਯੂਨੀਵਰਸਿਟੀਆਂ ਵਿਚ ਤਾਲੀਮ ਹਾਸਲ ਕਰਨ ਲਈ ਭੇਜਿਆ ਕਰਦੇ ਸਨ। ਬਰਤਾਨੀਆ ਵਿਚਲੇ ਨਸਲੀ ਵਿਤਕਰੇ ਨੇ ਉਨ੍ਹਾਂ ਨੂੰ ਗ਼ੁਲਾਮ ਹੋਣ ਦਾ ਅਹਿਸਾਸ ਕਰਾਇਆ ਸੀ। ਬਰਤਾਨੀਆ ਦੇ ਕਮਿਊਨਿਸਟਾਂ ਨੇ ਇਨ੍ਹਾਂ ਦੇ ਜਜ਼ਬਾਤਾਂ ਨਾਲ ਹਮਦਰਦੀ ਪ੍ਰਗਟਾਈ। ਉਸ ਸਮੇਂ ਬਰਤਾਨੀਆ ਦੀ ਕਮਿਊਨਿਸਟ ਪਾਰਟੀ ਦੇ ਆਗੂ ਹੈਰੀਪੋਲਿਟ, ਸਕਲਾਤਵਾਲਾ ਤੇ ਰਜਨੀ ਪਾਮ ਦੱਤ ਸਨ। ਹਿੰਦੋਸਤਾਨੀ ਵਿਦਿਆਰਥੀ ਉਨ੍ਹਾਂ ਵੱਲ ਖਿੱਚੇ ਗਏ। ਜੋਤੀ ਬਾਸੂ, ਭੁਪੇਸ਼ ਗੁਪਤਾ, ਮਹਿਦੂ ਅਲ ਜ਼ਫ਼ਰ, ਸੱਯਾਦ ਜ਼ਹੀਰ, ਅਸ਼ਰਫ਼, ਜ਼ੈਡ.ਏ. ਅਹਿਮਦ, ਕੇ.ਐਸ. ਮਾਨ, ਮੀਆਂ ਇਫਰਖਾਰ ਆਦਿ ਇਨ੍ਹਾਂ ਦੀ ਹੀ ਦੇਣ ਹਨ। ਦੂਜੇ ਪਾਸੇ ਡਾ. ਅਧਿਕਾਰੀ ਅਤੇ ਚਟੋਪਾਧਿਆਏ ਬਰਲਨ ਵਿਚ ਸਨ। ਬਰਲਨ ਵਿਚ ਵੀ ਹਿੰਦੋਸਤਾਨ ਦੀ ਆਰਜ਼ੀ ਕਮਿਊਨਿਸਟ ਪਾਰਟੀ ਬਣਾਈ ਗਈ ਸੀ ਪਰ ਐਮ.ਐਨ. ਰਾਏ ਨੇ ਉਸਨੂੰ ਕਾਮਿਨਟਰਨ ਦੀ ਮਾਨਤਾ ਨਾ ਲੈਣ ਦਿੱਤੀ। ਇਨ੍ਹਾਂ ਵਿਦਿਆਰਥੀਆਂ ਨੇ ਹਿੰਦੋਸਤਾਨ ਵਾਪਸ ਆ ਕੇ ਕਮਿਊਨਿਸਟ ਲਹਿਰ ਵਿਚ ਕਾਫੀ ਹਿੱਸਾ ਪਾਇਆ ਸੀ।

ਐਮ.ਐਨ. ਰਾਏ ਤੋਂ ਬਾਅਦ ਹਿੰਦੋਸਤਾਨ ਦੀ ਕਮਿਊਨਿਸਟ ਲਹਿਰ ਬਰਤਾਨੀਆ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਚਲੀ ਗਈ ਸੀ। ਇਕ ਪਾਸੇ ਯੂ.ਕੇ. ਦੀ ਕਮਿਊਨਿਸਟ ਪਾਰਟੀ ਖੁਦ ਬੜੀ ਛੋਟੀ ਸੀ, ਦੂਜਾ ਗ਼ਦਰ ਪਾਰਟੀ ਬਾਰੇ ਅਤੇ ਹਿੰਦੋਸਤਾਨ ਦੀ ਕੌਮੀ ਇਨਕਲਾਬੀ ਲਹਿਰ ਬਾਰੇ ਇਨ੍ਹਾਂ ਦਾ ਗਿਆਨ ਤਕਰੀਬਨ ਸਿਫਰ ਹੀ ਸੀ। ਕਾਮਰੇਡ ਹੈਰੋਪੋਲਿਟ ਜਦ 1950 ਦੇ ਕਰੀਬ ਅੰਮ੍ਰਿਤਸਰ ਆਇਆ ਸੀ ਤਾਂ ਉਹ ਸੋਹਣ ਸਿੰਘ ਭਕਨਾ ਤੋਂ ਗ਼ਦਰ ਪਾਰਟੀ ਦੀਆਂ ਕੁਰਬਾਨੀਆਂ ਬਾਰੇ ਸੁਣਕੇ ਬੜਾ ਹੈਰਾਨ ਹੋਇਆ ਸੀ। ਤੇ ਉਸਨੇ ਕਿਹਾ ਸੀ "ਸਾਨੂੰ ਗ਼ਦਰ ਪਾਰਟੀ ਦੀ ਇਸ ਦੇਣ ਬਾਰੇ ਬਿਲਕੁਲ ਪਤਾ ਹੀ ਨਹੀਂ ਸੀ।" (ਹੈਰੀਪੋਲਿਟ ਸਵੈਜੀਵਨੀ)

ਗ਼ਦਰ ਕਮਿਊਨਿਸਟ (ਕਿਰਤੀ) : ਰੂਸ ਵਿਚ ਅਕਤੂਬਰ ਇਨਕਲਾਬ ਦੀ ਸਫਲਤਾ ਤੋਂ ਪਿਛੋਂ ਗ਼ਦਰ ਪਾਰਟੀ ਦੀ ਸੋਚ ਵਿਚ ਕਾਫੀ ਤਬਦੀਲੀ ਆਈ ਸੀ। ਇਸਨੇ ਸੋਵੀਅਤ ਰਾਜ ਪ੍ਰਬੰਧ ਅਤੇ ਸਮਾਜਵਾਦ ਦਾ ਅਧਿਐਨ ਕਰਨ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ। ਇਸ ਕਰਕੇ ਗ਼ਦਰੀ ਇਸ ਨਤੀਜੇ ਤੋਂ ਪਹੁੰਚੇ ਕਿ ਬਾਹਰੋਂ ਆ ਕੇ ਬਗਾਵਤ ਕਰਕੇ ਕਾਮਯਾਬੀ ਨਹੀਂ ਹੋ ਸਕਦੀ। ਆਮ ਲੋਕਾਂ ਨੂੰ, ਮਜ਼ਦੂਰਾਂ ਤੇ ਕਿਸਾਨਾਂ ਨੂੰ ਲਾਮਬੰਦ ਕਰਨਾ ਜ਼ਰੂਰੀ ਹੈ। ਗ਼ਦਰੀ ਜ਼ਿਆਦਾਤਰ ਕਿਸਾਨ ਵਿਚੋਂ ਆਏ ਹੋਏ ਸਨ ਅਤੇ ਬਾਹਰ ਜਾ ਕੇ ਇਨ੍ਹਾਂ ਨੇ ਮਜ਼ਦੂਰ ਕੀਤੀ ਹੋਈ ਸੀ। ਉਹ ਇਸ ਨਤੀਜੇ 'ਤੇ ਵੀ ਪਹੁੰਚੇ ਕਿ ਹਿੰਦੋਸਤਾਨ ਵਿਚੋਂ ਕੇਵਲ ਅੰਗਰੇਜ਼ਾਂ ਦੇ ਨਿਕਲ ਜਾਣ ਨਾਲ ਹੀ ਸਾਰਾ ਮਸਲਾ ਹੱਲ ਨਹੀਂ ਹੋ ਸਕਦਾ। ਇਸ ਇਨਕਲਾਬ ਨੂੰ ਅਗੇ ਲਿਜਾਣਾ ਪਵੇਗਾ। ਸਮਾਜਵਾਦ ਤੋਂ ਬਿਨਾਂ ਹਿੰਦੋਸਤਾਨ ਦੇ ਕਰੋੜਾਂ ਹੀ ਦੱਬੇ ਕੁਚਲੇ ਲੋਕ ਗ਼ਰੀਬੀ ਅਤੇ ਭੁੱਖ ਤੋਂ ਨਜਾਤ ਨਹੀਂ ਪਾ ਸਕਦੇ।

ਕਿਰਤੀ ਅਖ਼ਬਾਰ ਨੇ ਪੰਜਾਬੀ ਲੋਕਾਂ ਦੀ ਜ਼ਬਾਨ ਵਿਚ ਕਮਿਊਨਿਸਟ ਸਿਧਾਂਤਾਂ ਦਾ ਪ੍ਰਚਾਰ ਕੀਤਾ। ਸੋਵੀਅਤ ਦੇਸ ਦੀਆਂ ਸਫਲਤਾਵਾਂ ਬਾਰੇ ਦੱਸਿਆ। ਇਸ ਅਖ਼ਬਾਰ ਦੇ ਦੁਆਲੇ ਮਜ਼ਦੂਰ ਤੇ ਕਿਸਾਨ ਜਥੇਬੰਦੀਆਂ ਬਣੀਆਂ ਅਤੇ ਵੱਡੀਆਂ ਵੱਡੀਆਂ ਕਾਨਫਰੰਸਾਂ ਵੀ ਹੋਈਆਂ। ਕਿਰਤੀ ਅਖ਼ਬਾਰ ਉਰਦੂ ਵਿਚ ਨਿਕਲਣ ਨਾਲ ਇਸ ਦਾ ਪਸਾਰਾ ਯੂ. ਪੀ., ਦਿੱਲੀ, ਬੰਗਾਲ, ਸਰਹੱਦੀ ਸੂਬੇ ਆਦਿ ਤੱਕ ਹੋ ਗਿਆ ਸੀ। ਖਾਸ ਕਰ ਪੰਜਾਬ ਵਿਚ ਅਤੇ ਉਸ ਤੋਂ ਬਾਅਦ ਦਿੱਲੀ, ਯੂ.ਪੀ. ਅਤੇ ਬੰਗਾਲ ਵਿਚ ਕਮਿਊਨਿਸਟ ਗਰੁੱਪ ਖੜ੍ਹੇ ਕਰਨ ਵਿਚ ਗ਼ਦਰੀਆਂ ਦਾ ਬੜਾ ਰੋਲ ਸੀ। ਉਸ ਸਮੇਂ ਕਮਿਊਨਿਸਟ ਪਾਰਟੀ ਉਤੇ ਪਾਬੰਦੀ ਲੱਗੀ ਹੋਈ ਸੀ ਅਤੇ ਇਹ ਜ਼ਿਆਦਾ ਕਰਕੇ ਕਿਰਤੀ ਦੇ ਨਾਂ ਨਾਲ ਹੀ ਜਾਣੇ ਜਾਂਦੇ ਸਨ।

ਗ਼ਦਰ ਪਾਰਟੀ ਦੇ ਦੂਜੇ ਸੱਦੇ 'ਭਾਰਤ ਨੂੰ ਵਾਪਸੀ' ਉਤੇ ਸਭ ਗ਼ਦਰੀ ਮਾਸਕੋ ਰਾਹੀਂ ਮਾਰਕਸਵਾਦੀ ਦੀ ਤਲੀਮ ਲੈ ਕੇ ਹਿੰਦੋਸਤਾਨ ਪਰਤ ਆਏ ਸਨ। ਬਰਤਾਨੀਆ ਦੀ ਕਮਿਊਨਿਸਟ ਪਾਰਟੀ ਨਾਲ ਗ਼ਦਰੀਆਂ ਦੀ ਕੋਈ ਜਾਣ ਪਛਾਣ ਨਹੀਂ ਸੀ। ਇਹ ਕਿਸ ਤਰ੍ਹਾਂ ਹੋਇਆ ਇਸ ਬਾਰੇ ਉਸ ਮੌਕੇ ਦੀ ਕਮਿਨਟਰਨ ਦੀ ਲੀਡਰਸ਼ਿਪ ਨੂੰ ਹੀ ਪਤਾ ਹੋ ਸਕਦਾ ਹੈ। ਹਿੰਦੋਸਤਾਨ ਵਿਚ ਸੰਤੋਖ ਸਿੰਘ ਦੀ ਮੌਤ ਨਾਲ ਕਿਰਤੀਆਂ ਨੂੰ ਬੜਾ ਘਾਟਾ ਪਿਆ ਸੀ। ਯਕੀਨ ਨਾਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਬਰਤਾਨਵੀ ਸਰਕਾਰ ਦੀਆਂ ਰਿਪੋਰਟਾਂ ਅਨੁਸਾਰ ਸੰਤੋਖ ਸਿੰਘ ਕਾਨਪੁਰ ਦੇ ਸਰਬਹਿੰਦ ਕਮਿਊਨਿਸਟ ਇਕੱਠ ਵਿਚ ਸ਼ਾਮਲ ਹੋਇਆ ਸੀ। ਉਸ ਸਮੇਂ ਵਖ-ਵਖ ਸੂਬਿਆਂ ਵਿਚ ਕਮਿਊਨਿਸਟ ਗਰੁਪ ਬਣ ਚੁੱਕੇ ਸਨ ਜਿਨ੍ਹਾਂ ਨੂੰ ਇਕੱਠੇ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਸਨ। ਉਸ ਸਮੇਂ ਕਿਰਤੀ ਕਮਿਊਨਿਸਟਾਂ ਨੇ ਆਪਣਾ ਮਜ਼ਬੂਤ ਵਿਰਸਾ ਹਰਕਤ ਵਿਚ ਲਿਆਂਦਾ ਅਤੇ ਕਮਿਊਨਿਸਟਾਂ ਪਾਰਟੀ ਕਾਇਮ ਕਰਨ ਲਈ ਪੂਰਾ ਸਹਿਯੋਗ ਦਿੱਤਾ। ਕਿਰਤੀ ਦਾ ਸੰਪਾਦਕ ਸੋਹਣ ਸਿੰਘ ਜੋਸ਼ ਅਤੇ ਬਾਬਾ ਭਾਗ ਸਿੰਘ ਕਨੇਡੀਅਨ ਮਜ਼ੂਦਰ ਕਿਸਾਨ ਪਾਰਟੀ ਕਾਇਮ ਕਰਨ ਲਈ ਕਲਕੱਤਾ ਗਏ ਸਨ। ਇਹ ਗੁਪਤ ਕੇਂਦਰੀ ਕਮਿਊਨਿਸਟ ਪਾਟਰੀ ਖੜ੍ਹੀ ਕਰਨ ਦੇ ਪਹਿਲੇ ਉਪਰਾਲੇ ਸਨ। ਸੋਹਣ ਸਿੰਘ ਜੋਸ਼ ਨੂੰ ਅਕਾਲੀ ਪਾਰਟੀ ਵਿਚੋਂ ਲਿਆਂਦਾ ਗਿਆ ਸੀ ਅਤੇ ਸੰਤੋਖ ਸਿੰਘ ਨੇ ਸਖਤ ਬੀਮਾਰ ਹੋਣ ਦੇ ਬਾਵਜੂਦ ਵੀ ਉਸ ਨੂੰ ਮਾਰਕਸਵਾਦ ਦੀ ਵਿੱਦਿਆ ਦਿੱਤੀ। ਬਾਅਦ ਨੂੰ ਸੋਹਣ ਸਿੰਘ ਜੋਸ਼ ਨੂੰ ਕਿਰਤੀ ਦਾ ਸੰਪਾਦਕ ਬਣਾਇਆ ਗਿਆ। ਉਰਦੂ ਵਿਚ ਕਿਰਤੀ ਸ਼ੁਰੂ ਕਰੇ ਫਿਰੋਜ਼ਦੀਨ ਮਨਸੂਰ ਨੂੰ ਉਸਦਾ ਸੰਪਾਦਕ ਬਣਾਇਆ। ਇਹ ਜ਼ਾਹਰ ਕਰਦਾ ਹੈ ਕਿ ਕਿਰਤੀ ਦੇ ਪ੍ਰਬੰਧਕਾਂ ਦਾ ਹਿਜਰਤੀ ਕਮਿਊਨਿਸਟਾਂ ਨਾਲ ਕਿੰਨਾ ਤਾਲਮੇਲ ਸੀ। ਉਰਦੂ ਦਾ ਕਿਰਤੀ ਉਤਰੀ ਹਿੰਦੋਸਤਾਨ ਦਾ ਬੜਾ ਮਕਬੂਲ ਕਮਿਊਨਿਸਟ ਰਸਾਲਾ ਸੀ। ਕਿਰਤੀ ਅਖ਼ਬਾਰ ਪਹਿਲਾਂ ਮਾਸਕ ਛਪਦਾ ਸੀ ਫੇਰ ਪੰਜਾਬੀ ਵਿਚ 1926-1939 ਤਕ ਹਫਤਾਵਾਰੀ ਛਪਦਾ ਰਿਹਾ ਸੀ। ਇਹ ਸਮਾਜਵਾਦੀ ਪ੍ਰਚਾਰ ਅਤੇ ਗੁਪਤ ਕਮਿਊਨਿਸਟ ਲਹਿਰ ਦਾ ਸਿਰਕੱਢ ਆਗੂ ਰਿਹਾ। ਇਸ ਤੋਂ ਪਹਿਲਾਂ 'ਲਾਲ ਢੰਡੋਰਾ' ਅਤੇ ਦੂਜੀ ਸੰਸਾਰ ਜੰਗ ਸਮੇਂ 'ਲਾਲ

ਝੰਡਾ' ਨਾਂ ਦੇ ਗੁਪਤ ਅਖ਼ਬਾਰ ਵੀ ਕਿਰਤੀਆਂ ਵਲੋਂ ਕੱਢੇ ਜਾਂਦੇ ਰਹੇ ਸਨ। ਪਹਿਲਾਂ ਮਜ਼ਦੂਰ ਕਿਸਾਨ ਪਾਰਟੀ ਅਤੇ ਫੇਰ ਕਿਰਤੀ ਪਾਰਟੀ ਕਾਇਮ ਕੀਤੀ ਗਈ ਸੀ।

ਪਰ ਹਿੰਦੋਸਤਾਨ ਤੋਂ ਕਮਿਊਨਿਸਟ ਪਾਰਟੀ ਦੇ ਨਾਂ 'ਤੇ ਕਾਮਿਨਟਰਨ ਨੂੰ ਕਮਿਊਨਿਸਟ ਲਹਿਰ ਬਾਰੇ ਭੇਜੀਆਂ ਰੀਪੋਰਟਾਂ ਵਿਚ ਇਸ ਦਾ ਕਿਤੇ ਜ਼ਿਕਰ ਨਹੀਂ ਆਉਂਦਾ। ਇਹ ਰੀਪੋਰਟਾਂ ਬਰਤਾਨਵੀ ਕਮਿਊਨਿਸਟ ਪਾਰਟੀ ਰਾਹੀਂ ਜਾਂਦੀਆਂ ਸਨ। ਕਿਰਤੀ ਬਾਰੇ ਤਾਂ ਕੀ ਬਰਤਾਨਵੀ ਕਮਿਊਨਿਸਟ ਪਾਰਟੀ ਦੀਆਂ ਲਿਖਤਾਂ ਵਿਚ ਗ਼ਦਰ ਪਾਰਟੀ ਦੇ ਇਨਕਲਾਬੀ ਰੋਲ ਦਾ ਵੀ ਜ਼ਿਕਰ ਨਹੀਂ ਆਉਂਦਾ। ਦੂਜੇ ਪਾਸੇ ਗ਼ਦਰ ਪਾਰਟੀ ਦੇ ਇਨਕਲਾਬੀ ਕਿਰਦਾਰ ਤੇ ਕਮਿਊਨਿਸਟ ਰੋਲ ਬਾਰੇ ਅੰਗਰੇਜ਼ੀ ਹਕੂਮਤ ਬੜੀ ਪ੍ਰੇਸ਼ਾਨ ਸੀ। ਸਰ ਡੇਵਿਡ ਪੈਟਰੀ ਨੇ ਆਪਣੀ ਕਿਤਾਬ 'ਕਮਿਊਨਿਜ਼ਮ ਇਨ ਇੰਡੀਆ' ਦਾ ਗ਼ਦਰੀਆਂ ਦੇ ਕਮਿਊਨਿਸਟ ਕਿਰਦਾਰ ਬਾਰੇ ਲਿਖ ਕੇ ਚੌਥਾ ਹਿੱਸਾ ਭਰਿਆ ਹੋਇਆ ਹੈ। ਉਸ ਨੇ ਲਿਖਿਆ ਹੈ ਕਿ ਗ਼ਦਰੀ ਕਮਿਊਨਿਸਟ ਬਰਤਾਨਵੀ ਹਕੂਮਤ ਲਈ ਸਭ ਤੋਂ ਵਧ ਖਤਰਨਾਕ ਹਨ ਅਤੇ ਸਰਕਾਰ ਇਨ੍ਹਾਂ ਦਾ ਖਾਸ ਖਿਆਲ ਰੱਖੇ।

ਬਰਤਾਨੀਆ ਦੀ ਕਮਿਊਨਿਸਟ ਪਾਰਟੀ ਨੇ ਹਿੰਦੋਸਤਾਨ ਵਿਚ ਕਮਿਊਨਿਸਟ ਪਾਰਟੀ ਉਸਾਰਨ ਦੀ ਜ਼ਿੰਮੇਵਾਰੀ ਲਈ ਸੀ ਪਰ ਹਿੰਦੋਸਤਾਨ ਬਾਰੇ ਉਨ੍ਹਾਂ ਦਾ ਗਿਆਨ ਬੜਾ ਮਹਿਦੂਦ ਸੀ। ਪਰ ਕਮਿਊਨਿਸਟ ਲਹਿਰ ਉਸਾਰਨ ਵਿਚ ਜੋ ਗ਼ਦਰੀਆਂ ਨੇ ਕੁਰਬਾਨੀਆਂ ਕੀਤੀਆਂ ਉਹ ਲਿਖਤ ਵਿਚ ਨਹੀਂ ਆਈਆਂ।

ਅਜੇ ਵੀ ਡਰ ਹੈ ਕਿ ਗ਼ਦਰੀਆਂ ਦੀਆਂ ਘਾਲਣਾਵਾਂ ਅਤੇ ਕੁਰਬਾਨੀਆਂ ਧੂੜ ਹੇਠ ਦਬ ਕੇ ਨਾ ਰਹਿ ਜਾਣ ਅਤੇ ਉਨ੍ਹਾਂ ਦੇ ਨਾਂ ਹਿੰਦੋਸਤਾਨ ਦੀ ਅਜ਼ਾਦੀ ਅਤੇ ਸਮਾਜਵਾਦ ਦੇ ਅਗਿਆਤ ਸਿਪਾਹੀਆਂ ਦੀ ਲਿਸਟ ਵਿਚ ਹੋ ਕੇ ਹੀ ਨਾ ਰਹਿ ਜਾਣ।

ਚੀਨ ਦਾ ਅਜ਼ਾਦੀ ਸੰਗਰਾਮ ਅਤੇ ਗ਼ਦਰ ਪਾਰਟੀ

ਹਿੰਦੋਸਤਾਨੀ ਆਪ ਵੀ ਗ਼ੁਲਾਮ ਸਨ ਅਤੇ ਹੋਰ ਕਈ ਦੇਸਾਂ ਨੂੰ ਗ਼ੁਲਾਮ ਬਨਾਉਣ ਵਿਚ ਵੀ ਅੰਗਰੇਜ਼ੀ ਫੌਜ ਵਿਚ ਭਰਤੀ ਹੋਏ ਸਨ। ਬਾਅਦ ਵਿਚ ਉਨ੍ਹਾਂ ਦੇਸਾਂ ਦੀ ਗ਼ੁਲਾਮੀ ਕਾਇਮ ਰੱਖਣ ਲਈ ਪੁਲਸ ਵਿਚ ਭਰਤੀ ਹੋਏ।

ਉਸ ਸਮੇਂ ਚੀਨ ਫੀਊਡਲ ਵਾਰਲਾਰਡਜ਼ ਵਿਚ ਵੰਡਿਆ ਸੀ। ਹਾਂਗਕਾਂਗ ਅਤੇ ਕਨਟੋਨ 'ਤੇ ਅੰਗਰੇਜ਼ਾਂ ਦਾ ਕਬਜ਼ਾ ਸੀ। ਸ਼ੰਘਾਈ ਸਾਰੀਆਂ ਸਾਮਰਾਜੀ ਤਾਕਤਾਂ ਨੇ ਮਿਲ ਕੇ ਸਾਂਭਿਆ ਹੋਇਆ ਸੀ। ਕੰਟਰੋਲ ਕਰਨ ਲਈ ਬਰਤਾਨਵੀ ਅਫਸਰ ਅਤੇ ਪੰਜਾਬੀ ਸਿਪਾਹੀ ਸਨ। ਚੀਨੀ ਲੋਕਾਂ ਦਾ ਮੰਦਾ ਹਾਲ ਸੀ ਅਤੇ ਸਾਮਰਾਜ ਦੀ ਲੁੱਟ ਜ਼ੋਰਾਂ 'ਤੇ ਸੀ। ਅੰਗਰੇਜ਼ਾਂ ਨੇ ਅਫੀਮ ਲਿਜਾ ਕੇ ਚੀਨੀਆਂ ਨੂੰ ਅਫੀਮਚੀ ਬਣਾ ਦਿੱਤਾ ਸੀ ਅਤੇ ਇਹ 'ਚੀਨ ਵਿਚ ਅਫੀਮ ਦੀ ਜੰਗ' ਕਰਕੇ ਮਸ਼ਹੂਰ ਸੀ।

ਚੀਨ ਵਿਚ ਅਜ਼ਾਦੀ ਅਤੇ ਜਮਹੂਰੀਅਤ ਲਈ ਲੜਾਈ ਸ਼ੁਰੂ ਹੋ ਚੁੱਕੀ ਸੀ।

ਇਸ ਦੀ ਅਗਵਾਈ ਸਨਯਤ ਸੇਨ ਕਰ ਰਿਹਾ ਸੀ ਅਤੇ ਕਮਿਊਨਿਸਟ 'ਕਾਮਿਨਟਾਂਗ' ਨਾਂ ਦੀ ਕੌਮੀ ਪਾਰਟੀ ਬਣਾਈ ਸੀ ਵਿਚ ਕੌਮਪ੍ਰਸਤ ਅਤੇ ਕਮਿਊਨਿਸਟ ਸ਼ਾਮਲ ਸਨ। ਚੀਨੀਆਂ ਨੂੰ ਗ਼ੁਲਾਮ ਰੱਖਣ ਲਈ ਗਏ ਪੰਜਾਬੀ ਪੁਲਸੀਆਂ 'ਤੇ ਅਜ਼ਾਦੀ ਦੀ ਇਸ ਲਹਿਰ ਦਾ ਅਸਰ ਹੁੰਦਾ ਰਿਹਾ ਸੀ। 1907 ਵਿਚ ਪੰਜਾਬੀ ਸਿਪਾਹੀਆਂ ਨੇ ਇਕ ਜ਼ਾਲਮ ਪੰਜਾਬੀ ਅਫਸਰ ਨੂੰ ਦੋ ਮੰਜ਼ਲੀ ਇਮਾਰਤ ਦੇ ਸਿਰ ਭਾਰ ਸੁੱਟ ਕੇ ਮਾਰ ਦਿੱਤਾ ਸੀ। ਜਿਸ ਕਾਰਨ ਇਨ੍ਹਾਂ ਨੂੰ ਸਜ਼ਾਵਾਂ ਹੋਈਆਂ ਅਤੇ ਚਾਰ ਨੂੰ ਨੌਕਰੀ ਤੋਂ ਕੱਢ ਕੇ ਡੀਪੋਰਟ ਕਰ ਦਿੱਤਾ ਗਿਆ ਸੀ। 1914-15 ਵਿਚ ਚੀਨ ਦੇ ਪੰਜਾਬੀਆਂ ਨੇ ਗ਼ਦਰ ਪਾਰਟੀ ਦੇ ਸੱਦੇ 'ਤੇ ਅੰਗਰੇਜ਼ ਦੀਆਂ ਨੌਕਰੀਆਂ ਛਡ ਕੇ ਅਤੇ ਹਿੰਦੋਸਤਾਨ ਪਹੁੰਚ ਕੇ ਅੰਗਰੇਜ਼ਾਂ ਨਾਲ ਲੋਹਾ ਲਿਆ ਸੀ।

ਪੰਜਾਬੀ ਗ਼ਦਰੀ ਕਾਫੀ ਗਿਣਤੀ ਵਿਚ ਚੀਨ ਦੀ ਅਜ਼ਾਦੀ ਦੇ ਹੱਕ ਵਿਚ ਖੜ੍ਹੇ ਸਨ। ਗ਼ਦਰ ਪਾਰਟੀ ਨੇ ਬੰਦਿਆਂ ਅਤੇ ਪੈਸੇ ਨਾਲ ਅੰਗਰੇਜ਼ਾਂ ਦੇ ਖਿਲਾਫ ਚੀਨ ਦੇ ਇਸ ਅਜ਼ਾਦੀ ਸੰਗਰਾਮ ਵਿਚ ਹਿੱਸਾ ਲਿਆ ਸੀ। ਕਾਬਲ, ਬਰਲਨ, ਮਾਸਕੋ ਅਤੇ ਖਾਸ ਕਰ ਕੇ ਸਾਨਫਰਾਂਸਿਸਕੋ ਤੋਂ ਆਏ ਮਿਸਨ ਨੇ ਇਸ ਘੋਲ ਵਿਚ ਸਰਗਰਮੀ ਨਾ ਹਿੱਸਾ ਲਿਆ ਸੀ। ਗ਼ਦਰ ਪਾਰਟੀ ਦੇ ਜਨਰਲ ਸਕੱਤਰ ਮੁਣਸ਼ਾ ਸਿੰਘ ਨੇ ਜਿਹੜਾ ਫੈਸਲਾ ਅਖ਼ਬਾਰਾਂ ਨੂੰ ਦਿੱਤਾ ਉਹ ਇਸ ਤਰ੍ਹਾਂ ਸੀ : "ਚੀਨ ਦੀ ਕਾਮਿਨਟਾਂਗ ਪਾਰਟੀ ਵਲੋਂ ਬਦੇਸ਼ੀ ਸਕਤੀ ਦੇ ਗ਼ਲਬੇ ਤੋਂ ਦੇਸ ਨੂੰ ਅਜ਼ਾਦ ਕਰਾਉਣ ਲਈ ਲੜੇ ਜਾ ਰਹੇ ਕੌਮੀ ਘੋਲ ਲਈ ਉਲੀਕੇ ਕੌਮੀ ਪ੍ਰੋਗਰਾਮ ਨਾਲ ਅਸੀਂ ਹਮਦਰਦੀ ਪ੍ਰਗਟ ਕਰਦੇ ਹਾਂ ਅਤੇ ਸਮੁੱਚੇ ਤੌਰ 'ਤੇ ਇਸ ਦੀ ਹਮਾਇਤ ਕਰਦੇ ਹਾਂ। ਬਰਤਾਨੀਆਂ ਵਲੋਂ ਚੀਨ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜ਼ੀ ਦੇ ਹਰ ਐਕਸ਼ਨ ਦੀ ਜ਼ੋਰਦਾਰ ਨਿੰਦਾ ਅਤੇ ਇਸ ਦਾ ਖੰਡਨ ਕਰਦੇ ਹਾਂ। ਜਾਬਰ ਸ਼ਖਤਦੀ ਵਲੋਂ ਚੀਨ ਵਿਚ ਲਿਆਂਦੇ ਬਰਤਾਨਵੀ ਸਰਵਿਸ ਵਿਚ ਭਰਤੀ ਹਿੰਦੋਸਤਾਨੀਆਂ ਵਲੋਂ ਚੀਨ ਦੀ ਕੌਮੀ ਅਜ਼ਾਦੀ ਦੀ ਲਹਿਰ ਨੂੰ ਰੋਕਣ ਦੇ ਸਾਰੇ ਤਰੀਕਿਆਂ, ਸ਼ਕਲਾਂ ਅਤੇ ਵਿਧੀਆਂ ਦੇ ਰੂਪ ਵਿਚ ਢਾਹੇ ਜਾ ਰਹੇ ਜ਼ੁਲਮਾਂ ਦੀ ਅਸੀਂ ਮੁਜ਼ੱਮਤ ਕਰਦੇ ਹਾਂ ਅਤੇ ਇਸ ਨਾਲ ਬੇਤੁਅੱਲਕੀ ਪ੍ਰਗਟ ਕਰਦੇ ਹਾਂ-ਅਤੇ ਮਤਾ ਕਰਦੇ ਹਾਂ ਕਿ ਜੇਕਰ ਬਰਤਾਨੀਆ ਚੀਨ ਵਿਰੁੱਧ ਜੰਗ ਛੇੜਦਾ ਹੈ, ਜਿਸ ਦਾ ਕੋਈ ਵੀ ਕਾਰਨ ਜਾਂ ਬਹਾਨਾ ਕਿਉਂ ਨਾ ਹੋਵੇ ਤਾਂ ਅਸੀਂ ਉਪਲਬਧ ਸਾਰੇ ਤਰੀਕਿਆਂ ਨਾਲ ਇਸ ਦਾ ਵਿਰੋਧ ਕਰਾਂਗੇ ਜਿਵੇਂ ਫੌਜੀ ਮੁਹਿੰਮ ਚਲਾ ਕੇ ਅਸੀਂ ਆਪਣੇ ਦੇਸ਼ਵਾਸੀਆਂ ਨੂੰ ਹਰ ਥਾਂ ਸਲਾਹ ਦੇਵਾਂਗੇ ਕਿ ਉਹ ਬਰਤਾਨਵੀ ਸਰਕਾਰ ਦੇ ਉਸ ਪਾਪ ਅਤੇ ਬੇਇਨਸਾਫੀ ਭਰੇ ਐਲਾਨ ਦੀ ਹੌਸਲਾ-ਅਫਜ਼ਾਈ ਨਾ ਕਰਨ, ਇਸ ਦਾ ਸਾਥ ਨਾ ਦੇਣ ਅਤੇ ਸਹਾਇਤਾ ਨਾ ਕਰਨ।" (ਪੈਟਰੀ, ਸਫਾ 180)

ਇਸ ਤੋਂ ਇਲਾਵਾ ਮੁਨਸ਼ਾ ਸਿੰਘ ਨੇ ਕਾਬਲ ਅਤੇ ਗ਼ਦਰੀ ਕੇਂਦਰ ਨੂੰ ਲਿਖੇ ਖ਼ਤ ਵਿਚ ਕਿਹਾ ਹੈ : "ਚੀਨ ਵਿਚ ਕੰਮ ਕਰਨ ਦੀ ਬੜੀ ਸਖਤ ਲੋੜ ਹੈ। ਮਦਦ ਦੀ ਜ਼ਰੂਰਤ ਹੈ। ਸਾਡੀ ਸਾਰੀ ਸ਼ਕਤੀ ਓਧਰ ਲਾਈ ਜਾ ਰਹੀ ਹੈ। ਚੀਨ ਦੇ ਅੰਦਰ ਇਕ

ਵੱਡੇ (ਕੇਂਦਰ) ਦੀ ਬਹੁਤ ਲੋੜ ਹੈ। ਇਸ ਕਰਕੇ ਇਸ ਸਾਲ ਗ਼ਦਰ ਪਾਰਟੀ ਵਲੋਂ ਚੀਨ 'ਚ ਭਾਰੀ ਖਰਚ ਕੀਤਾ ਜਾ ਰਿਹਾ ਹੈ।"

ਪਾਨ ਪੈਸੇਫਿਕ ਲੇਬਰ ਕਾਨਫਰੰਸ ਹੰਕਓ (ਚੀਨ) ਵਿਚ ਹੋਈ ਸੀ। ਹੰਕਓ ਉਸ ਵੇਲੇ ਚੀਨ ਦੀ ਇਨਕਲਾਬੀ ਲਹਿਰ ਦਾ ਭਖਦਾ ਸਥਾਨ ਸੀ। ਇਸ ਕਾਨਫਰੰਸ ਵਿਚ ਚੀਨ, ਜਾਵਾ, ਕੋਰੀਆ, ਜਪਾਨ, ਇੰਗਲੈਂਡ, ਫਰਾਂਸ, ਅਮਰੀਕਾ ਆਦਿ ਦੇਸਾਂ ਤੋਂ ਡੈਲੀਗੇਟ ਸ਼ਾਮਲ ਹੋਏ ਸਨ। ਪਰ ਹਿੰਦੋਸਤਾਨ ਤੋਂ ਕੋਈ ਡੈਲੀਗੇਟ ਨਹੀਂ ਸੀ ਗਿਆ ਕਿਉਂਕਿ ਬਰਤਾਨਵੀ ਸਰਕਾਰ ਨੇ ਡੈਲੀਗੇਟਾਂ ਨੂੰ ਪਾਸਪੋਰਟ ਹੀ ਨਹੀਂ ਦਿਤੇ ਸਨ।

ਇਸ ਸੰਬੰਧੀ ਕਾਨਵਰੰਸ ਨੇ ਆਪਣੇ ਇਕ ਬਿਆਨ ਵਿਚ ਕਿਹਾ ਸੀ : "ਬਰਤਾਨੀਆਂ ਸਰਕਾਰ, ਜਿਸ ਦੇ ਰਾਜ ਵਿਚ ਹਿੰਦੋਸਤਾਨੀ ਲੋਕਾਂ ਨੇ ਏਨਾ ਲੰਮਾ ਸਮਾਂ ਕਸ਼ਟ ਝਲੇ ਹਨ, ਨੇ ਇਸ ਨੂੰ ਇਕ ਵਿਸ਼ਾਲ ਜੇਲ੍ਹ ਬਣਾ ਕੇ ਰੱਖ ਦਿੱਤਾ ਹੈ ਜਿਥੇ ਬਰਤਾਨਵੀ ਹਕੂਮਤ ਦੀ ਆਗਿਆ ਬਿਨਾਂ ਕੋਈ ਨਹੀਂ ਆ ਜਾ ਸਕਦਾ।"

ਅੰਗਰੇਜ਼ਾਂ ਨੇ ਹਿੰਦੋਸਤਾਨ ਦੇ ਦੁਆਲੇ ਵਾਫਰ ਸਟੇਟਾਂ ਬਣਾਈਆਂ ਹੋਈਆਂ ਸਨ ਜਿਨ੍ਹਾਂ ਵਿਚੋਂ ਦੀ ਲੰਘਣ ਵਾਲਾ ਜੇਕਰ ਗ਼ਦਰੀ ਜੀਉਂਦਾ ਜਾਂ ਮਰਿਆ ਫੜਿਆ ਜਾਵੇ ਤਾਂ ਇਸ ਇਲਾਕੇ ਵਿਚਲੇ ਬਰਤਾਨਵੀ ਏਜੰਟ ਨੂੰ ਇਨਾਮ ਦਿੱਤੇ ਜਾਂਦੇ ਸਨ।

1927 ਵਿਚ ਹੰਕਓ ਲੋਕਾਂ ਦੀ ਜਿੱਤ ਨਾਲ ਅਜ਼ਾਦ ਹੰਕਓ ਵਿਚ ਹਿੰਦੋਸਤਾਨੀ ਇਨਕਲਾਬੀਆਂ ਦਾ ਅੱਡਾ ਬਣ ਗਿਆ ਸੀ। ਦਸੌਂਧਾ ਸਿੰਘ ਇਨ੍ਹਾਂ ਦਾ ਲੀਡਰ ਸੀ। ਪੀਕਿੰਗ ਗ਼ਦਰ ਪਾਰਟੀ ਦੇ ਸੈਕਟ ਨੇ ਪੀਕਿੰਗ ਦੇ ਗੁਰਦੁਆਰੇ ਵਿਚ ਹੋਏ ਇਕੱਠੇ ਦੀ ਰਿਪੋਰਟ ਵਿਚ ਲਿਖਿਆ ਹੈ ਕਿ ਦਸੌਂਧਾ ਸਿੰਘ, ਚਰਨ ਸਿੰਘ ਅਤੇ ਪਾਲਾ ਸਿੰਘ ਨੇ ਬਰਤਾਨੀਆ ਵਿਰੋਧੀ ਤਕਰੀਰਾਂ ਕੀਤੀਆਂ ਅਤੇ ਚੀਨ ਤੇ ਹਿੰਦੋਸਤਾਨ ਦੇ ਲੋਕਾਂ ਨੂੰ ਬਰਤਾਨਵੀ ਵਿਰੁੱਧ ਇਕੱਠੇ ਹੋ ਕੇ ਲੜਨ ਲਈ ਅਪੀਲ ਕੀਤੀ ਸੀ। ਦਸੌਂਧਾ ਸਿੰਘ ਦਾ ਲਿਖਿਆ ਇਕ ਲੇਖ 'ਚੀਨ ਅਤੇ ਹਿੰਦੋਸਤਾਨ ਪਵਿੱਤਰ ਕੰਮ ਲਈ ਇਕੱਠੇ ਹੋਣ, (Let India and China unite for the holy cause) ਚੀਨ ਦੀਆਂ ਅਖ਼ਬਾਰਾਂ ਵਿਚ ਵੀ ਛਪਿਆ ਸੀ ਅਤੇ ਸਨਫਰਾਂਸਿਸਕੋ ਤੋਂ ਇਨਕਲਦੇ ਗ਼ਦਰ ਅਖ਼ਬਾਰ ਵਿਚ ਵੀ ਛਪਿਆ ਸੀ।

ਮਾਰਚ 1927 ਵਿਚ ਦਸੌਂਧਾ ਸਿੰਘ, ਚਰਨ ਸਿੰਘ ਅਤੇ ਇੰਦਰ ਸਿੰਘ ਪੀਕਿੰਗ ਵਿਚ ਇਕੱਠੇ ਹੋਏ ਅਤੇ ਉਨ੍ਹਾਂ ਨੇ ਗ਼ਦਰ ਦੰਡੋਰਾ ਨਾਂ ਦਾ 15 ਰੋਜ਼ਾ ਅਖ਼ਬਾਰ ਪੰਜਾਬੀ ਵਿਚ ਕੱਢਣ ਦਾ ਫੈਸਲਾ ਕੀਤਾ। ਇਸ ਤੋਂ ਬਿਨਾਂ ਹੰਕਓ ਦੇ ਇਸ ਗ਼ਦਰ ਪ੍ਰੈਸ ਵਿਚੋਂ ਹੀ ਇਸ਼ਤਿਹਾਰ ਛਾਪਕੇ ਸ਼ੰਘਾਈ ਦੀਆਂ ਫੌਜਾਂ ਵਿਚ ਵੰਡੇ ਗਏ। ਸ਼ੰਗਾਈ ਵਿਚ ਇਸ਼ਤਿਹਾਰ ਤੇ ਗ਼ਦਰ ਦੰਡੋਰਾ ਵੰਡਣ ਦਾ ਕੰਮ ਮਾਸਟਰ ਗੱਜਣ ਸਿੰਘ ਨੇ ਕੀਤਾ ਸੀ।

ਇਸ ਗ਼ਦਰ ਗਰੁੱਪ ਨੇ ਕਾਮਿਨਟਾਂਗ ਨੂੰ ਬੇਨਤੀ ਕੀਤੀ ਸੀ ਕਿ ਉਹ ਕੁਝ ਹਿੰਦੋਸਤਾਨੀਆਂ ਨੂੰ ਲੈ ਕੇ ਫੌਜੀ ਟਰੇਨਿੰਗ ਦੇਵੇ। ਉਸ ਸਮੇਂ ਹੰਕਓ ਵਿਚ 40 ਦੇ ਕਰੀਬ ਗ਼ਦਰੀ ਸਨ ਜਿਨ੍ਹਾਂ ਦੇ ਕਾਮਿਨਟਾਂਗ ਦੇ ਕਮਿਊਨਿਸਟ ਵਿੰਗ ਨਾਲ ਗਹਿਰੇ ਸੰਬੰਧ ਸਨ।

ਗ਼ਦਰ ਢੰਡੋਰਾ ਦੇ ਤੀਜੇ ਅੰਕ ਵਿਚ ਬੜੇ ਬਾਗ਼ੀਆਨਾ ਲੇਖ ਛਪੇ ਸਨ। ਇਹ ਲੇਖ ਇੰਦਰ ਸਿੰਘ ਅਮਰੀਕਨ, ਦਸੌਂਧਾ ਸਿੰਘ, ਸਮੁੰਦ ਸਿੰਘ ਮਾੜੀਕੰਬੋਕੇ ਨੇ ਲਿਖੇ ਸਨ। ਇੰਦਰ ਸਿੰਘ ਦੇ ਨਾਂ ਹੇਠ ਛਪੀ ਅਪੀਲ ਵਿਚ ਚੀਨ ਵਿਚਲੇ ਹਿੰਦੋਸਤਾਨੀ ਫੌਜੀਆਂ ਨੂੰ ਵੰਗਾਰਿਆ ਗਿਆ ਸੀ : "ਚੀਨ ਦੇ ਲੋਕ ਆਪਣੀ ਅਜ਼ਾਦੀ ਲਈ ਲੜ ਰਹੇ ਹਨ। ਹਿੰਦੋਸਤਾਨ ਅਤੇ ਚੀਨ ਦੀ ਅਜ਼ਾਦੀ ਦਾ ਗਹਿਰਾ ਸੰਬੰਧ ਹੈ। ਬਰਤਾਨਵੀ ਸਾਮਰਾਜ ਸਾਡਾ ਸਾਂਝਾ ਦੁਸ਼ਮਣ ਹੈ। ਹਿੰਦੋਸਤਾਨੀ ਫੌਜਾਂ ਦੇ ਬਹਾਦਰ ਸਪੁਤਰੋ ਉਠੋ ਅੰਗਰੇਜ਼ਾਂ ਦੇ ਖਿਲਾਫ ਬਗ਼ਾਵਤ ਕਰ ਦਿਓ। ਚੀਨ ਦੇ ਲੋਕਾਂ ਦਾ ਸਾਥ ਦਿਓ। ਇਸ ਨਾਲ ਹਿੰਦੋਸਤਾਨ ਦੀ ਅਜ਼ਾਦੀ ਦੇ ਦਿਨ ਨੇੜੇ ਆਉਣਗੇ।"

ਗ਼ਦਰ ਢੰਡੋਰਾ ਤੋਂ ਬਿਨਾਂ ਸਾਨਫਰਾਂਸਿਸਕੋ ਤੋਂ ਛਪਦੇ ਇਸ਼ਤਿਹਾਰ ਵੀ ਦੁਬਾਰਾ ਛਪਵਾ ਕੇ ਫੌਜਾਂ ਵਿਚ ਵੰਡੇ ਜਾਂਦੇ ਸਨ। ਫੌਜ ਵਿਚ ਗ਼ਦਰੀਆਂ ਦੇ ਸੈੱਲ ਬਣ ਚੁੱਕੇ ਸਨ। ਅੰਗਰੇਜ਼ਾਂ ਨੇ ਗੁਲਜ਼ਾਰ ਸਿੰਘ, ਸੰਗਤ ਸਿੰਘ ਅਤੇ ਆਸਾ ਸਿੰਘ ਨੂੰ ਗ੍ਰਿਫਤਾਰ ਕਰਕੇ 18-18 ਮਹੀਨੇ ਦੀ ਸਖਤ ਕੈਦ ਕੀਤੀ ਸੀ। ਬਾਅਦ ਵਿਚ ਹਿੰਦੋਸਤਾਨ ਨੂੰ ਡੀਪੋਰਟ ਕਰ ਦਿੱਤਾ ਸੀ।

ਪੁਲਸ ਅਫਸਰ ਬੁੱਢਾ ਸਿੰਘ ਦਾ ਕਤਲ

ਬੁੱਢਾ ਸਿੰਘ ਸ਼ੰਘਾਈ ਪੁਲਸ ਦਾ ਸੀਨੀਅਰ ਅਫਸਰ ਸੀ। ਉਸ ਦੀ ਸਖਤੀ ਤੇ ਜ਼ੁਲਮਾਂ ਨੇ ਸ਼ੰਘਾਈ ਵਿਚ ਭੈਅ ਫੈਲਾਇਆ ਹੋਇਆ ਸੀ। ਚੀਨ ਵਿਚ ਰਹਿੰਦੇ ਹਿੰਦੋਸਤਾਨੀ ਗ਼ਦਰੀਆਂ ਦਾ ਉਹ ਜਾਨੀ ਦੁਸ਼ਮਣ ਸੀ। ਤੰਗ ਆ ਕੇ ਸ਼ੰਘਾਈ ਦੇ ਗ਼ਦਰੀ ਯੂਨਿਟ ਨੇ ਉਸ ਨੂੰ ਖਤਮ ਕਰਨ ਦਾ ਪਲੈਨ ਬਣਾ ਲਿਆ। ਇਹ ਪਲੈਨ ਕਮਿਊਨਿਸਟਾਂ ਦੇ ਗੜ੍ਹ ਚਪੇਈ ਦੀ ਬਸਤੀ ਵਿਚ ਬਣਾਇਆ ਗਿਆ ਸੀ। ਮਾਸਟਰ ਗੱਜਣ ਸਿੰਘ ਨੇ ਇਸ ਪਲੈਨ ਨੂੰ ਘੜਿਆ ਸੀ। ਇਸ ਕੰਮ ਲਈ ਆਤਮਾ ਰਾਮ ਉਰਫ ਹਰਬੰਸ ਸਿੰਘ ਪੁਤਰ ਨੱਥੂ ਮਲ ਜੋ ਪਿੰਡ ਚੱਕ ਚਬਰਾਲ, ਜ਼ਿਲ੍ਹਾ ਸਿਆਲਕੋਟ ਦਾ ਰਹਿਣ ਵਾਲਾ ਸੀ, ਬੈਂਕਾਕ ਤੇ ਸੈਗ ਓਂ ਹੁੰਦਾ ਹੋਇਆ ਸ਼ੰਘਾਈ ਆਇਆ ਸੀ ਅਤੇ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ ਸੀ। ਹਰਬੰਸ ਸਿੰਘ ਹਫ਼ਤਾ ਭਰ ਮੌਕੇ ਦੀ ਉਡੀਕ ਕਰਦਾ ਰਿਹਾ। ਆਖਰ 6 ਅਪਰੈਲ 1921 ਨੂੰ ਜਦੋਂ ਬੁੱਢਾ ਸਿੰਘ ਸ਼ੰਘਾਈ ਦੇ ਕੇਂਦਰੀ ਪੁਲਸ ਸਟੇਸ਼ਨ ਨੂੰ ਜਾ ਰਿਹਾ ਸੀ ਤਾਂ ਹਰਬੰਸ ਸਿੰਘ ਨੇ ਪਿਸਤੌਲ ਦੇ ਤਿੰਨ ਫਾਇਰ ਕਰਕੇ ਬੁੱਢਾ ਸਿੰਘ ਨੂੰ ਹਲਾਕ ਕਰ ਦਿੱਤਾ ਅਤੇ ਉਸ ਦੀ ਛਾਤੀ 'ਤੇ ਬਹਿ ਗਿਆ ਸੀ। ਉਸਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ। ਪੁਲਸ ਨੇ ਉਸਦੇ ਸਾਥੀਆਂ ਦੇ ਨਾਂ ਪੁਛਣ ਲਈ ਉਸ ਉਤੇ ਬੜਾ ਤਸ਼ੱਦਦ ਕੀਤਾ। ਪਰ ਉਸਨੇ ਮੂੰਹ ਨਾ ਖੋਲ੍ਹਿਆ। ਅਦਾਲਤ ਨੇ ਉਸਨੂੰ ਮੌਤ ਦੀ ਸਜ਼ਾ ਸੁਣਾਈ ਸੀ ਅਤੇ ਉਸਨੂੰ ਸ਼ੰਘਾਈ ਦੀ ਜੇਲ੍ਹ ਵਿਚ ਫਾਂਸੀ ਲਾ ਦਿੱਤਾ ਗਿਆ ਸੀ।

ਸ਼ੰਘਾਈ ਵਿਚ ਹੁਣ ਹਿੰਦੋਸਤਾਨੀਆਂ ਦੇ ਲਗਾਤਾਰ ਇਕੱਠ ਹੁੰਦੇ ਸਨ ਅਤੇ

ਉਨ੍ਹਾਂ ਨੂੰ ਚੀਨੀਆਂ ਦੀ ਮਦਦ ਕਰਨ ਲਈ ਕਿਹਾ ਜਾਂਦਾ ਸੀ। ਇਕੱਠਾਂ ਵਿਚ ਤਕਰੀਰਾਂ ਕੀਤੀਆਂ ਜਾਂਦੀਆਂ ਸਨ ਅਤੇ ਕਵਿਤਾਵਾਂ ਪੜ੍ਹੀਆਂ ਜਾਂਦੀਆਂ ਸਨ।

ਲਾਲ ਚੰਦ ਨਾਂ ਦੇ ਇਕ ਇਨਕਲਾਬੀ ਸਿੰਧੀ ਨੇ ਨੰਬਰ 19 ਨਾਰਥ ਜ਼ੇਚੁਆਨ ਰੋਡ ਸ਼ੰਘਾਈ ਵਿਚ ਕਲੱਬ ਖੋਲ੍ਹੀ ਹੋਈ ਸੀ। ਲਾਲ ਚੰਦ ਗੱਜਣ ਸਿੰਘ ਦਾ ਨਿਕਟਵਰਤੀ ਸੀ। ਇਹ ਕਲੱਬ ਵੀ ਦਰਅਸਲ ਚੀਨ ਵਿਚਲੇ ਗ਼ਦਰੀਆਂ ਦਾ ਅੱਡਾ ਸੀ। ਏਥੇ ਸਭ ਇਕੱਠੇ ਹੁੰਦੇ ਅਤੇ ਗ਼ਦਰੀ ਇਨਕਲਾਬੀ ਕੰਮਾਂ ਲਈ ਚੰਦਾ ਇਕੱਠਾ ਕਰਦੇ ਸਨ। ਗ਼ਦਰੀ ਇਸ ਗੱਲ ਤੋਂ ਬੜੇ ਦੁਖੀ ਸਨ ਕਿ ਹਿੰਦੋਸਤਾਨੀ ਫੌਜ ਚੀਨ ਦੇ ਲੋਕਾਂ ਦੇ ਕਤਲ ਕਰਨ ਲਈ ਚੀਨ ਲਿਆਂਦੀਆਂ ਜਾਂਦੀਆਂ ਹਨ। ਏਥੇ ਕਲੱਬ ਵਿਚ ਅਬਦੁਲ ਰਸ਼ੀਦ ਨੁਸ਼ਹਿਰਾ ਵੀ ਬਹਿਸ ਵਿਚ ਹਿੱਸਾ ਲਿਆ ਕਰਦਾ ਸੀ। ਅਪਰੈਲ 1927 ਵਿਚ ਉਸ ਨੇ ਗ਼ਦਰ ਹੈਡਕੁਆਟਰ ਸਾਨਫਰਾਂਸਿਸਕੋ ਜਾ ਕੇ ਪੈਸੇ ਦੀ ਮਦਦ ਦਿੱਤੀ ਸੀ।

ਚੀਨੀ ਕਮਿਊਨਿਸਟ ਚੀਨ ਵਿਚ ਬਦੇਸੀ ਸ਼ਕਤੀ ਦੇ ਸਾਰੇ ਵਿਸ਼ੇਸ਼ ਅਧਿਕਾਰ ਖਤਮ ਕਰ ਦੇਣਾ ਚਾਹੁੰਦੇ ਸਨ। ਉਹ ਇਨ੍ਹਾਂ ਤਾਕਤਾਂ ਵਿਰੁੱਧ ਹਥਿਆਰਬੰਦ ਲੜਾਈ ਲਈ ਵੀ ਤਿਆਰ ਸਨ। ਗ਼ਦਰੀਆਂ ਨੇ ਆਪਣੇ ਦਫਤਰ ਅਗੇ "ਸ਼ੰਘਾਈ ਦੀ ਇਨਕਲਾਬੀ ਫੌਜ ਦਾ ਭਾਰਤ ਵਲੋਂ ਸਵਾਗਤ" ਦਾ ਫੱਟਾ ਪੰਜਾਬੀ ਅਤੇ ਅੰਗਰੇਜ਼ੀ ਵਿਚ ਲਿਖ ਕੇ ਲਾਇਆ ਹੋਇਆ ਸੀ। ਉਨ੍ਹਾਂ ਨੇ ਹਿੰਦੋਸਤਾਨੀ ਫ਼ੌਜੀਆਂ ਨੂੰ ਅਪੀਲ ਕੀਤੀ ਕਿ ਉਹ ਅੰਗਰੇਜ਼ੀ ਫੌਜ ਵਿਚੋਂ ਬਗਾਵਤ ਕਰਕੇ ਚੀਨ ਦੀਆਂ ਇਨਕਲਾਬੀਆਂ ਫੌਜਾਂ ਵਿਚ ਸ਼ਾਮਲ ਹੋ ਜਾਣ। ਇਕ ਸਾਲ ਦੀ ਟਰੇਨਿੰਗ ਤੋਂ ਬਾਅਦ ਹਿੰਦੁਸਤਾਨ ਵਿਚ ਦਾਖਲ ਹੋ ਕੇ ਬਗਾਵਤ ਵਿਚ ਹਿੱਸਾ ਲਓ।

ਹੁਣ ਦੂਜੀ ਵਾਰ ਗ਼ਦਰ ਪਾਰਟੀ ਹਿੰਦ ਦੀ ਅਜ਼ਾਦੀ ਲਈ ਤਿਆਰੀਆਂ ਕਰ ਰਹੀ ਸੀ। ਬਰਤਾਨੀਆਂ ਦੀ ਪੁਲਸ ਗ਼ਦਰੀਆਂ ਤੋਂ ਬਹੁਤ ਦੁਖੀ ਸੀ। ਉਸਨੇ ਸ਼ੰਘਾਈ ਦੇ ਮਿਊਂਸਪਲ ਅਧਿਕਾਰੀਆਂ 'ਤੇ ਦਬਾਅ ਪਾ ਕੇ 12 ਸਿਰਕੱਢ ਗ਼ਦਰੀ ਗ੍ਰਿਫਤਾਰ ਕਰ ਲਏ ਸਨ। ਜਿਨ੍ਹਾਂ ਵਿਚ ਦਸੌਂਧਾ ਸਿੰਘ, ਗੱਜਣ ਸਿੰਘ ਗੇਂਦਾ ਸਿੰਘ ਤੇ ਬਾਬਾ ਈਸ਼ਰ ਸਿੰਘ ਸੰਧਵਾਂ (ਗੁਰਦਾਸਪੁਰ) ਵੀ ਸ਼ਾਮਲ ਸਨ। ਦਸੌਂਧਾ ਸਿੰਘ ਦੇ ਮਕਾਨ ਵਿਚੋਂ ਤਲਾਸ਼ੀ ਸਮੇਂ ਕੁਝ ਕਾਗਜ਼ ਫੜੇ ਗਏ ਸਨ। ਉਨ੍ਹਾਂ ਵਿਚ ਦਸੌਂਧਾ ਸਿੰਘ ਦੀ ਰੋਜ਼ਾਨਾ ਡਾਇਰੀ ਵੀ ਸੀ। ਜਿਸ ਵਿਚ ਉਸਨੇ ਤਿਬਤ ਮਿਸ਼ਨ ਤੋਂ ਲੈ ਕੇ ਉਸ ਦਿਨ ਤਕ ਦੇ ਕੀਤੇ ਕੰਮ ਦਰਜ ਕੀਤੇ ਹੋਏ ਸਨ। ਇਨ੍ਹਾਂ ਗ਼ਦਰੀਆਂ 'ਤੇ ਮੁਕੱਦਮੇ ਚਲੇ। ਉਨ੍ਹਾਂ ਨੇ ਅਦਾਲਤ ਵਿਚ ਸਾਫ਼ ਬਿਆਨ ਦਿਤੇ ਕਿ ਉਨ੍ਹਾਂ ਨੇ ਹਿੰਦੋਸਤਾਨ ਅਤੇ ਚੀਨ ਦੀ ਅਜ਼ਾਦੀ ਲਈ ਲੜਦਿਆਂ ਜੋ ਵੀ ਕੀਤਾ ਹੈ ਠੀਕ ਕੀਤਾ ਹੈ। ਸ਼ੰਘਾਈ ਦੀ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਇਕ-ਇਕ ਸਾਲ ਦੀ ਸਜ਼ਾ ਤੋਂ ਬਾਅਦ ਹਿੰਦੋਸਤਾਨ ਨੂੰ ਡੀਪੋਰਟ ਕਰਨ ਦੇ ਹੁਕਮ ਦੇ ਦਿੱਤੇ।

ਡੀਪੋਰਟ ਹੋਣ ਤੋਂ ਬਾਅਦ ਕਲਕੱਤਾ ਪਹੁੰਚਦਿਆਂ ਹੀ ਦਸੌਂਧਾ ਸਿੰਘ ਅਤੇ ਗੱਜਣ ਸਿੰਘ ਨੂੰ 1818 ਦੇ ਰੈਗੂਲੇਸ਼ਨ ਹੇਠ ਮਿਦਨਾਪੁਰ ਜੇਲ੍ਹ ਵਿਚ ਬੰਦ ਕਰ ਦਿੱਤਾ

ਅਤੇ ਬਾਕੀਆਂ ਨੂੰ ਉਨ੍ਹਾਂ ਦੇ ਪਿੰਡਾਂ ਵਿਚ ਨਜ਼ਰਬੰਦ ਕਰ ਦਿਤਾ। ਦੋ ਸਾਲ ਦੀ ਨਜ਼ਰਬੰਦੀ ਤੋਂ ਬਾਅਦ ਉਹ ਪੰਜਾਬ ਵਿਚ ਆ ਕੇ ਕਿਰਤੀ ਪਾਰਟੀ ਵਿਚ ਕੰਮ ਕਰਨ ਲਗ ਪਏ ਸਨ। ਬਾਬਾ ਈਸ਼ਰ ਸਿੰਘ ਸੰਧਵਾਂ ਗੁਰਦਾਸਪੁਰ ਵਿਚ ਕਿਰਤੀ ਲਹਿਰ ਦੇ ਬਾਨੀ ਸਨ।

ਇਨ੍ਹਾਂ 12 ਗ਼ਦਰੀਆਂ ਦੀ ਗ੍ਰਿਫਤਾਰ ਤੋਂ ਬਾਅਦ ਚੀਨ ਵਿਚ ਗ਼ਦਰੀਆਂ ਦਾ ਕੰਮ ਮੱਠਾ ਨਹੀਂ ਸੀ ਪਿਆ। 'ਗ਼ਦਰ ਢੰਡੋਰਾ' ਨਿਕਲਦਾ ਰਿਹਾ ਅਤੇ ਅੰਦੋਲਨ ਚੱਲਦਾ ਰਿਹਾ। ਬਾਬਾ ਰਤਨ ਸਿੰਘ, ਪ੍ਰੀਤਮ ਸਿੰਘ, ਬਿਸ਼ਨ ਸਿੰਘ ਤੇ ਚਰਨ ਸਿੰਘ ਆਦਿ ਗ਼ਦਰੀ ਵੀ ਕਨਟੋਨ ਤੋਂ ਸ਼ੰਘਾਈ ਦੇ ਇਰਦ-ਗਿਰਦ ਪਹੁੰਚ ਗਏ ਸਨ।

ਤੇਜਾ ਸਿੰਘ ਸੁਤੰਤਰ ਅਮਰੀਕਾ ਵਿਚ

ਤੇਜਾ ਸਿੰਘ ਸੁੰਤਤਰ ਨੇ 1924 ਤੋਂ 1929 ਤਕ ਤੁਰਕੀ ਦੀ ਫੌਜੀ ਅਕੈਡਮੀ ਤੋਂ ਕਮਿਸ਼ਨ ਹਾਸਲ ਕਰ ਲਿਆ ਸੀ ਅਤੇ ਮਿਲਟਰੀ ਗਰੇਜੂਏਟ ਬਣਕੇ ਤੁਰਕੀ ਦੀ ਫੌਜ ਵਿਚ ਲੈਫਟੀਨੈਂਟ ਭਰਤੀ ਹੋ ਗਿਆ ਸੀ। ਜੇਕਰ ਉਹ ਚਾਹੁੰਦਾ ਤਾਂ ਤੁਰਕੀ ਦੀ ਫੌਜ ਵਿਚ ਰਹਿ ਕੇ ਐਸ਼ ਦੀ ਜ਼ਿੰਦਗੀ ਬਤੀਤ ਕਰ ਸਕਦਾ ਸੀ। ਪਰ ਉਹ ਫੌਜੀ ਸਿਖਿਆ ਪ੍ਰਾਪਤ ਕਰਕੇ ਦੇਸ ਦੀ ਅਜ਼ਾਦੀ ਲਈ ਲੜਨਾ ਚਾਹੁੰਦਾ ਸੀ। ਏਸੇ ਕਰਕੇ ਉਸਨੇ ਆਪਣੀ ਪੜ੍ਹਾਈ ਦੌਰਾਨ ਗੁਰੀਲਾ ਜੰਗ ਵਲ ਵਧੇਰੇ ਧਿਆਨ ਦਿੱਤਾ ਸੀ। ਕੋਰਸ ਖਤਮ ਹੁੰਦੇ ਸਾਰ ਹੀ ਪਾਰਟੀ ਦਾ ਹੁਕਮ ਹੋ ਗਿਆ ਕਿ ਪਾਰਟੀ ਹੈਡਕੁਆਟਰ ਪਹੁੰਚੋ। ਉਸਨੇ ਤੁਰਕੀ ਦੀ ਫੌਜ ਵਿਚੋਂ ਛੁੱਟੀ ਲੈ ਲਈ ਅਤੇ ਬਰਲਨ ਆ ਕੇ ਭਾਈ ਰਤਨ ਸਿੰਘ ਨੂੰ ਮਿਲਿਆ। ਕੁਝ ਸਮਾਂ ਪੈਰਸ ਵਿਚ ਇਕਬਾਲ ਸ਼ੈਦਾਈ ਕੋਲ ਵੀ ਰਿਹਾ ਸੀ ਜਿਸ ਤੋਂ ਬਾਅਦ ਉਹ 14 ਦਸੰਬਰ 1929 ਨੂੰ ਸਾਨਫਰਾਂਸਿਸਕੋ ਪਾਰਟੀ ਹੈਡਕੁਆਟਰ ਵਿਚ ਪਹੁੰਚ ਗਿਆ ਸੀ। ਰਾਹ ਵਿਚ ਨਿਊਯਾਰਕ ਤੋਂ ਡੈਟਰਾਈਟ ਠਹਿਰਿਆ ਸੀ ਅਤੇ ਅੱਛਰ ਸਿੰਘ ਛੀਨਾ, ਹਰਮਿੰਦਰ ਸਿੰਘ ਸੋਢੀ ਅਤੇ ਜਸਵੰਤ ਸਿੰਘ ਕੈਰੋਂ ਨੂੰ ਤਿਆਰ ਰਹਿਣ ਲਈ ਕਹਿ ਆਇਆ ਸੀ। ਰਤਨ ਸਿੰਘ ਵੀ ਮੈਕਸੀਕੋ ਪਹੁੰਚ ਗਿਆ ਸੀ। ਸਰਹੱਦ ਉਤੇ ਗ਼ਦਰ ਪਾਰਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਹੋਈ ਸੀ। ਜਿਸ ਵਿਚ ਫੈਸਲਾ ਹੋਇਆ ਕਿ ਭਾਈ ਰਤਨ ਸਿੰਘ ਕਿਊਬਾ, ਕੇਂਦਰੀ ਅਮਰੀਕਾ, ਪਾਨਾਮਾ, ਬਰਾਜ਼ੀਲ ਅਤੇ ਅਰਜਨਟੀਨਾ ਦੀਆਂ ਗ਼ਦਰੀ ਬਰਾਚਾਂ ਦਾ ਦੌਰਾ ਕਰੇ। ਉਸ ਤੋਂ ਬਾਅਦ ਤੇਜਾ ਸਿੰਘ ਪਹਿਲਾ ਅਮਰੀਕਾ ਵਿਚ ਅਤੇ ਫੇਰ ਇਨ੍ਹਾਂ ਮੁਲਕਾਂ ਵਿਚ ਆਪ ਜਾਵੇ। ਗ਼ਦਰ ਪਾਰਟੀ ਵਲੋਂ ਦੁਬਾਰਾ ਫੇਰ ਆਪਣੇ ਮੁਲਕ ਪਰਤਣ ਅਤੇ ਇਨਕਲਾਬੀ ਘੋਲ ਕਰਨ ਦੀ ਅਪੀਲ ਕੀਤੀ ਜਾਵੇ। ਅਤੇ ਇਸ ਤੋਂ ਪਹਿਲਾਂ ਤੇਜਾ ਸਿੰਘ ਹਰ ਬਰਾਂਚ ਨੂੰ ਅਗਲੀ ਤਿਆਰੀ ਲਈ ਟਰੇਨਿੰਗ ਦੇਵੇ। ਤੇਜਾ ਸਿੰਘ ਅਤੇ ਰਤਨ ਸਿੰਘ ਦੇ ਵਿਚਾਰਾਂ ਵਿਚ ਉਸ ਸਮੇਂ ਫਰਕ ਸੀ। ਤੇਜਾ ਸਿੰਘ ਚਾਹੁੰਦਾ ਸੀ ਕਿ ਗ਼ਦਰੀ ਜਥਿਆਂ ਨੂੰ ਗੁਰੀਲਾ ਲੜਾਈ ਦੀ ਟਰੇਨਿੰਗ ਦੇ ਕੇ ਸਿੱਧਾ ਮੁਲਕ ਭੇਜਿਆ ਜਾਵੇ। ਰਤਨ ਸਿੰਘ ਦਾ ਵਿਚਾਰ

ਸੀ ਕਿ ਫੌਜੀ ਟਰੇਨਿੰਗ ਦੇ ਨਾਲ ਨਾਲ ਰਾਜਸੀ ਸੂਝ ਦੀ ਵੀ ਲੋੜ ਹੈ। ਇਸ ਬਾਰੇ ਫੈਸਲਾ ਅੱਗੇ ਪਾ ਦਿੱਤਾ ਗਿਆ ਅਤੇ ਸਾਰੇ ਆਪਣੀਆਂ-ਆਪਣੀਆਂ ਡਿਊਟੀਆਂ 'ਤੇ ਚਲੇ ਗਏ।

ਤੇਜਾ ਸਿੰਘ ਦੇ ਆਉਣ 'ਤੇ ਅਮਰੀਕਾ ਅਤੇ ਕਨੇਡਾ ਦੇ ਪੰਜਾਬੀਆਂ ਵਿਚ ਬੜਾ ਰਾਜਸੀ ਉਭਾਰ ਆਇਆ। ਤੇਜਾ ਸਿੰਘ ਨੇ ਅਮਰੀਕਾ ਦੇ ਸਾਰੇ ਗ਼ਦਰੀ ਕੇਂਦਰਾਂ ਵਿਚ ਜਾ ਕੇ ਸਟੱਡੀ ਸਰਕਲ ਦਿਤੇ ਜਿਨ੍ਹਾਂ ਵਿਚ ਉਸਨੇ ਗੁਰੀਲਾ ਲੜਾਈ ਦੀ ਪ੍ਰੈਕਟੀਕਲ ਟਰੇਨਿੰਗ ਦਿੱਤੀ। ਰੈਗੂਲਰ ਆਰਮੀ ਦੇ ਖਿਲਾਫ ਗੁਰੀਲਾ ਦਸਤਿਆਂ ਦੇ ਦਾਅਪੇਚਾਂ ਬਾਰੇ ਦੱਸਿਆ ਅਤੇ ਫਰਾਮ ਵਿਚ ਜਾ ਕੇ ਅਸਲੀ ਟਰੇਨਿੰਗ ਵੀ ਦਿੱਤੀ। ਹਥਿਆਰ ਪ੍ਰਾਪਤ ਕਰਨ ਲਈ ਅਤੇ ਬਨਾਉਣ ਦੀ ਵਿਧੀ ਦਸੀ। ਮੈਪ ਰੀਡਿੰਗ ਸਿਖਾਈ, ਮਿਥੀ ਥਾਂ 'ਤੇ ਪਹੁੰਚਣਾ ਸਿਖਾਇਆ, ਕੰਪਾਸ ਅਤੇ ਮੈਪ ਦੀ ਵਰਤੋਂ ਕਰਨੀ ਦਸੀ, ਗੁਰੀਲਿਆਂ ਵਲੋਂ ਟੈਂਕਾਂ ਦਾ ਮੁਕਾਬਲਾ ਕਰਨਾ ਦੱਸਿਆ, ਤੋਪ ਦੀ ਲੋਕੇਸ਼ਨ ਦਰਿਆਫਤ ਕਰਨੀ ਸਿਖਾਈ ਆਦਿ। ਜੋਸ਼ ਏਨਾ ਵਧ ਗਿਆ ਕਿ ਗ਼ਦਰ ਪਾਰਟੀ ਨੇ ਆਪਣਾ ਹਵਾਈ ਜਹਾਜ਼ ਖਰੀਦ ਕੇ ਟਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ ਸੀ।

ਗ਼ਦਰ ਅਖ਼ਬਾਰ ਨੇ ਇਕੋ-ਇਕ ਜਰਨੈਲ ਦੇ ਨਾਂ 'ਤੇ ਅਪੀਲਾਂ ਸ਼ੁਰੂ ਕਰ ਦਿੱਤੀਆਂ ਸਨ। ਸਿਆਸੀ ਪੱਖ ਤੋਂ ਲੋਕਾਂ ਦੀ ਚੁਣੀ ਹੋਈ ਰੀਪਬਲਿਕ ਦੀ ਸਥਾਪਨਾ ਦੀ ਮੰਗ ਕੀਤੀ ਜਾਂਦੀ ਸੀ। ਅਤੇ ਮਜ਼ਦੂਰ ਕਿਸਾਨ ਦੇ ਰਾਜ ਦੀ ਵੀ ਗੱਲ ਹੁੰਦੀ ਸੀ। ਗ਼ਦਰ ਅਖ਼ਬਾਰ ਹੁਣ ਕੰਪੋਜ਼ ਹੋ ਕੇ ਛਪਣ ਲੱਗ ਪਿਆ ਸੀ ਜਿਸ ਵਾਸਤੇ ਪੰਜਾਬੀ ਲੈਟਰ ਜਰਮਨੀ ਤੋਂ ਮੰਗਵਾਏ ਗਏ ਸਨ।

ਮੈਂਬਰਾਂ ਦੀ ਨਵੀਂ ਭਰਤੀ ਹੁੰਦੀ ਸੀ, ਜਮਹੂਰੀ ਅਸੂਲਾਂ ਦੇ ਅਧਾਰ 'ਤੇ ਸਥਾਨਕ ਕਮੇਟੀਆਂ ਦੀ ਚੋਣ ਕੀਤੀ ਜਾਂਦੀ ਸੀ। ਉਸ ਤੋਂ ਬਾਅਦ ਇਲਾਕਾਈ ਕਮੇਟੀਆਂ ਅਤੇ ਅੰਤ ਵਿਚ ਕੇਂਦਰੀ ਪਾਰਟੀ ਦੀਆਂ ਚੋਣਾਂ ਹੁੰਦੀਆਂ ਸਨ ਅਤੇ ਪ੍ਰਧਾਨ, ਸਕੱਤਰ ਅਤੇ ਖਜ਼ਾਨਚੀ ਦੀ ਚੋਣ ਕੀਤੀ ਜਾਂਦੀ ਸੀ ਅਤੇ ਕੰਟੋਰਲ ਕਮਿਸ਼ਨ ਬਣਾਇਆ ਜਾਂਦਾ ਸੀ। ਮੈਂਬਰਾਂ ਦੀਆਂ ਤਿੰਨ ਕਿਸਮਾਂ ਹਨ : ਪਹਿਲੇ ਸਥਾਨਕ ਮੈਂਬਰ, ਦੂਜੇ ਮਾਲੀ ਮਦਦ ਦੇਣ ਵਾਲੇ ਲਾਈਫ ਮੈਂਬਰ, ਤੀਜੇ ਖਾੜਕੂ ਮੈਂਬਰ, ਜਿਹੜੇ ਕੰਮ ਕਰਦੇ ਅਤੇ ਮਾਲੀ ਮਦਦ ਮਿਲਣ ਉਤੇ ਪਾਰਟੀ ਦੇ ਹੁਕਮ ਅਨੁਸਾਰ ਕੰਮ ਕਰਨ ਲਈ ਤਤਪਰ ਰਹਿੰਦੇ ਸਨ।

ਸਾਲ ਦੇ ਅੰਦਰ-ਅੰਦਰ ਪੰਜਾਬੀ ਪ੍ਰਵਾਸੀਆਂ ਅੰਦਰ ਜੋਸ਼ ਫੇਰ ਸਿਖਰਾਂ ਫੜ ਗਿਆ। ਡਾਕਟਰ ਭਾਗ ਸਿੰਘ ਵੱਲੋਂ ਗ਼ਦਰ ਦੀ ਗੂੰਜ ਨੰਬਰ 7 ਵਿਚ ਲਿਖੀ ਕਵਿਤਾ ਤੋਂ ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ :

ਲੈ ਨੀ ਗੂੰਜ ਗ਼ਦਰੀ ਬਣਕੇ ਕੂੰਜ ਉਡ ਜਾ
ਹੋਕਾ ਗ਼ਦਰ ਦਾ ਫੇਰ ਜਹਾਨ ਅੰਦਰ

ਹੁਣ ਨਾ ਆਦਮੀਆਂ ਦੀ ਥੁੜ੍ਹੋਂ ਸੀ ਨਾ ਪੈਸੇ ਦੀ। ਮੁਲਕ ਤੋਂ ਕਿਰਤੀ ਅਖ਼ਬਾਰ ਹਫਤੇ ਦੀ ਹਫਤੇ ਪਹੁੰਚਦਾ ਰਹਿੰਦਾ ਸੀ ਜਿਸ ਤੋਂ ਦੇਸ ਦੀ ਹਾਲਤ ਦਾ ਪਤਾ ਲੱਗਦਾ

ਰਹਿੰਦਾ ਸੀ। ਗ਼ਦਰ ਅਖ਼ਬਾਰ ਬਾਹਰਲੀ ਦੁਨੀਆਂ ਬਾਰੇ ਦਸਦਾ ਰਹਿੰਦਾ ਸੀ। ਕਿਰਤੀ ਅਖ਼ਬਾਰ ਲਈ ਬਦੇਸਾਂ ਤੋਂ ਮਾਲੀ ਮਦਦ ਪਹੁੰਚਦੀ ਰਹਿੰਦੀ ਸੀ। ਅੰਗਰੇਜ਼ੀ ਹਕੂਮਤ ਨਾਲ ਫੇਰ ਟੱਕਰ ਲੈਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਨੇ ਪੰਜਾਬੀ ਪ੍ਰਵਾਸੀਆਂ ਦੇ ਦਿਲਾਂ ਵਿਚ ਭਾਂਬੜ ਬਾਲ ਦਿੱਤਾ ਸੀ।

ਅੰਗਰੇਜ਼ੀ ਹਕੂਮਤ ਅਮਰੀਕੀ ਸਰਕਾਰ 'ਤੇ ਗ਼ਦਰੀਆਂ ਵਿਰੁੱਧ ਲਗਾਤਾਰ ਦਬਾ ਪਾ ਰਹੀ ਸੀ। ਅਮਰੀਕੀ ਇਮੀਗਰੇਸ਼ਨ ਮਹਿਕਮਾ ਸਖਤ ਤੋਂ ਸਖਤ ਕਾਨੂੰਨਾਂ ਦੀ ਵਰਤੋਂ ਕਰ ਰਿਹਾ ਸੀ। ਇਸ ਨੇ ਅਮਰੀਕਾ ਵਿਚ ਆਏ ਪੰਜਾਬੀ ਵਿਦਿਆਰਥੀਆਂ 'ਤੇ ਹਮਲਾ ਕੀਤਾ। 1924 ਤਕ ਇਹ ਕਾਨੂੰਨ ਸੀ ਕਿ ਹਰ ਵਿੱਦਿਆਰਥੀ ਜਾਂ ਵਿਜ਼ਟਰ ਜਿਹੜਾ 5 ਸਾਲ ਅਮਰੀਕਾ ਦੀ ਧਰਤੀ 'ਤੇ ਗੁਜ਼ਾਰ ਲਵੇ ਉਸ ਨੂੰ ਕੱਢਿਆ ਨਹੀਂ ਸੀ ਜਾ ਸਕਦਾ। 1924 ਵਿਚ ਇਹ ਸਹੂਲਤ ਵਾਪਸ ਲੈ ਲਈ ਗਈ ਸੀ ਅਤੇ ਮਿਆਦ ਤੋਂ ਬਾਅਦ ਡੀਪੋਰਟ ਕਰਨ ਦੇ ਹੁਕਮ ਕਰ ਦਿੱਤੇ ਗਏ ਸਨ। ਬਰਤਾਨੀਆ ਦੇ ਏਜੰਟ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਫੜਾਉਣ ਵਿਚ ਫੇਰ ਸਰਗਰਮ ਹੋ ਗਏ। ਗ਼ਦਰੀਆਂ ਵਲੋਂ ਤਿੱਖੀ ਲੜਾਈ ਵਿਚ 20 ਏਜੰਟ ਖਤਮ ਕੀਤੇ ਗਏ ਸਨ। ਪੰਜਾਬੀ ਵਿਦਿਆਰਥੀਆਂ ਦਾ ਇਹ ਤਕੜਾ ਗਰੁੱਪ ਜੁਗਾਂਤਰ ਆਸ਼ਰਮ ਵਿਚ ਆ ਗਿਆ ਸੀ ਅਤੇ ਅਖ਼ਬਾਰ ਅਤੇ ਪਾਰਟੀ ਦਾ ਕੰਮ ਚਲਾਉਣ ਲੱਗ ਪਿਆ ਸੀ।

ਬਰਤਾਨਵੀ ਸਰਕਾਰ ਹੁਣ ਤੇਜਾ ਸਿੰਘ ਦੀਆਂ ਸਰਗਰਮੀਆਂ ਤੋਂ ਬਹੁਤ ਦੁਖੀ ਸੀ। ਅਮਰੀਕੀ ਇਮੀਗਰੇਸ਼ਨ ਅਧਿਕਾਰੀਆਂ 'ਤੇ ਦਬਾਅ ਪਾ ਰਹੀ ਸੀ ਕਿ ਉਹ ਤੇਜਾ ਸਿੰਘ ਨੂੰ ਡੀਪੋਰਟ ਕਰ ਦੇਵੇ। ਇਸ ਗਲ ਤੋਂ ਪਾਰਟੀ ਅਤੇ ਤੇਜਾ ਸਿੰਘ ਵੀ ਕਾਫੀ ਚੌਕੰਨੇ ਸਨ। ਤੇਜਾ ਸਿੰਘ ਹਾਕੀਓ ਮਾਰੂ ਜਹਾਜ਼ ਫੜਕੇ ਪਨਾਮਾ ਚਲਾ ਗਿਆ ਸੀ।

ਗ਼ਦਰ ਪਾਰਟੀ ਦੀ ਪਨਾਮਾ ਬਰਾਂਚ

1904 ਤੋਂ ਲੈ ਕੇ 1914 ਤੱਕ ਪਨਾਮਾ ਨਹਿਰ ਦੀ ਉਸਾਰੀ ਹੁੰਦੀ ਰਹੀ ਸੀ। ਪਹਿਲਾਂ ਇਹ ਕੰਮ ਫਰਾਂਸੀਸੀ ਕੰਪਨੀ ਫਰਨਾਂਦੋ ਦੇ ਏਸੇਫੇ ਨੇ ਸ਼ੁਰੂ ਕੀਤਾ ਸੀ ਪਰ ਇਹ ਕੰਪਨੀ ਗਰਮੀ, ਮਲੇਰੀਆ ਅਤੇ ਮਾੜੀ ਮੈਨੇਜਮੈਂਟ ਕਰਕੇ ਫੇਲ੍ਹ ਹੋ ਗਈ ਸੀ ਜਿਸ ਕਰਕੇ ਬਾਅਦ ਵਿਚ ਇਸ ਦੀ ਉਸਾਰੀ ਅਮਰੀਕਾ ਨੇ ਕੀਤੀ ਸੀ। ਇਸ ਦਾ ਸਭ ਤੋਂ ਵਧ ਫਾਇਦਾ ਵੀ ਅਮਰੀਕਾ ਨੂੰ ਹੀ ਸੀ ਕਿਉਂਕਿ ਸਾਨਫਰਾਂਸਿਸਕੋ ਤੋਂ ਨਿਊਯਾਰਕ ਦਾ ਸਮੁੰਦਰੀ ਸਫਰ ਹੁਣ ਮਹੀਨਿਆਂ ਤੋਂ ਘਟਕੇ ਦਿਨਾਂ ਦਾ ਰਹਿ ਗਿਆ ਸੀ। ਨਹਿਰ ਦੀ ਉਸਾਰੀ ਤੋਂ ਬਾਅਦ ਅਮਰੀਕਾ ਨੇ ਇਸ ਉਤੇ ਕਬਜ਼ਾ ਹੀ ਕਰ ਲਿਆ ਸੀ। ਨਹਿਰ ਦੀ ਉਸਾਰੀ ਦੌਰਾਨ ਪੰਜਾਬੀ ਇਮੀਗਰਾਂਟ ਪਨਾਮਾ ਆ ਜਾਂਦੇ ਸਨ ਅਤੇ ਨਹਿਰ ਉਤੇ ਮਜ਼ਦੂਰੀ ਦਾ ਕੰਮ ਕਰਨ ਲਗ ਪੈਂਦੇ ਸਨ। ਉਸਾਰੀ ਤੋਂ ਬਾਅਦ ਜਹਾਜ਼ਰਾਨੀ ਸ਼ੁਰੂ ਹੋਣ ਨਾਲ ਇਹ ਜਹਾਜ਼ਾਂ ਉਤੇ ਸਮਾਨ ਦੀ ਉਤਰਾਈ ਚੜ੍ਹਾਈ ਦਾ ਕੰਮ ਕਰਨ ਲਗ ਪਏ

ਸਨ। ਅਮਰੀਕਾ ਨੇ ਨਹਿਰ ਨੂੰ ਫਰੀ ਪੋਰਟ ਕਰਾਰ ਦੇ ਦਿੱਤਾ ਸੀ ਅਤੇ ਸਿੰਧੀ ਸੌਦਾਗਰਾਂ ਨੇ ਏਥੇ ਦੁਕਾਨਾਂ ਖੋਲ੍ਹ ਲਈਆਂ ਸਨ। ਉਸ ਤੋਂ ਬਾਅਦ ਪੰਜਾਬੀਆਂ ਨੇ ਵੀ ਆਪਣੇ ਸਟੋਰ ਬਣਾ ਲਏ ਸਨ। ਸਾਨਫਰਾਂਸਿਸਕੋ ਤੋਂ ਨਿਊਯਾਰਕ ਵਿਚਕਾਰ ਆਉਣ ਜਾਣ ਵਾਲੇ ਅਮਰੀਕੀ ਇਸ ਫਰੀ ਪੋਰਟ ਤੋਂ ਸਸਤੀਆਂ ਚੀਜ਼ਾਂ ਲੈ ਕੇ ਜਾਂਦੇ ਸਨ। ਪੰਜਾਬੀ ਮਜ਼ਦੂਰਾਂ ਦੀ ਕਮਾਈ ਦਾ ਇਹ ਸਾਧਨ ਬਣ ਗਿਆ ਸੀ। ਸ਼ਹਿਰ ਕੇਵਲ ਦੋ ਹੀ ਸਨ, ਜਿਸ ਕਰਕੇ ਬਹੁਤ ਪ੍ਰਵਾਸੀਆਂ ਲਈ ਗੁੰਜਾਇਸ਼ ਵੀ ਬਹੁਤੀ ਨਹੀਂ ਸੀ।

ਪਨਾਮਾ ਵਿਚ ਗ਼ਦਰ ਪਾਰਟੀ ਦੀ ਬਰਾਂਚ 1914-15 ਵਿਚ ਬਣ ਗਈ ਸੀ ਅਤੇ ਇਨ੍ਹਾਂ ਦਾ ਨੁਮਾਇੰਦਾ ਭਾਈ ਨਿਧਾਨ ਸਿੰਘ ਮਹੇਸਰੀ ਸੀ ਜਿਹੜਾ ਸਾਨਫਰਾਂਸਿਸਕੋ ਸਾਜ਼ਿਸ਼ ਕੇਸ ਵਿਚ ਕੈਦ ਵੀ ਕਰ ਲਿਆ ਗਿਆ ਸੀ। ਪਰ ਏਥੋਂ ਦਾ ਹੋਰ ਕੋਈ ਵੀ ਗ਼ਦਰੀ 1914-15 ਵਿਚ ਹਿੰਦੋਸਤਾਨ ਵਾਪਸ ਨਹੀਂ ਪਰਤਿਆ ਸੀ।

12 ਫਰਵਰੀ 1932 ਨੂੰ ਤੇਜਾ ਸਿੰਘ ਸੁਤੰਤਰ ਪਨਾਮਾ ਆਇਆ ਸੀ ਜਿਥੇ ਉਹ ਰਲਾ ਸਿੰਘ ਉਧੋਵਾਲ, ਪੂਰਨ ਸਿੰਘ, ਅਮਰ ਸਿੰਘ ਸੰਧਵਾਂ, ਭਾਈ ਦੂਲਾ ਸਿੰਘ ਆਦਿ ਗ਼ਦਰੀ ਲੀਡਰਾਂ ਨੂੰ ਮਿਲਿਆ ਸੀ। ਇਹ ਬਰਾਂਚ ਪਾਰਟੀ ਦੀ ਮਾਲੀ ਮਾਲੀ ਮਦਦ ਕਰਨ ਵਿਚ ਸਭ ਤੋਂ ਅੱਗੇ ਸੀ। ਇਹ ਪੰਜਾਬੀ ਪ੍ਰਵਾਸੀਆਂ ਨੂੰ ਉਤਾਰਨ ਤੇ ਕੰਮ ਦੁਆਉਣ ਦਾ ਵੀ ਕੰਮ ਕਰਦੀ ਸੀ। ਉਪਰੋਕਤ ਗ਼ਦਰੀ ਆਗੂਆਂ ਦੇ ਹਿੰਦੋਤਸਾਨ ਵਿਚਲੇ ਘਰ ਗ਼ਦਰੀਆਂ, ਬੱਬਰਾਂ ਅਤੇ ਇਨਕਲਾਬੀਆਂ ਦੀ ਪਨਾਹਗਾਹ ਵੀ ਸਨ। (ਦੇਸ ਭਗਤ ਯਾਦਗਾਰ ਹਾਲ ਦੀ ਉਸਾਰੀ ਵਿਚ ਇਨ੍ਹਾਂ ਦਾ ਖਾਸ ਰੋਲ ਹੈ)

ਤੇਜਾ ਸਿੰਘ ਨੇ ਪਨਾਮਾ ਦੀ ਇਸ ਬਰਾਂਚ ਨੂੰ ਜਥੇਬੰਦਕ ਰੂਪ ਵਿਚ ਤਕੜਾ ਕਰਨ ਲਈ ਤੇ ਫੌਜੀ ਸਿਖਲਾਈ ਦੇਣ ਲਈ ਕੈਂਪ ਲਾਏ ਸਨ। ਕਈ ਹਜ਼ਾਰ ਡਾਲਰ ਇਕਠੇ ਕਰ ਕੇ ਪਾਰਟੀ ਹੈਡਕੁਆਟਰ ਅਤੇ ਇੰਡੀਆ ਨੂੰ ਭੇਜੇ ਸਨ। "ਹਿੰਦੋਸਤਾਨ ਵਾਪਸ ਚਲੋ" ਦੇ ਸੱਦੇ ਉਤੇ ਪੂਰਨ ਸਿੰਘ ਅਤੇ ਅਮਰ ਸਿੰਘ ਸਿੱਧੇ ਹਿੰਦੋਸਤਾਨ ਆ ਗਏ ਸਨ ਅਤੇ ਦੂਲਾ ਸਿੰਘ ਜਲਾਲੀਵਾਲ ਅਤੇ ਮਾਨ ਟਰੇਨਿੰਗ ਵਾਸਤੇ ਮਾਸਕੋ ਚਲੇ ਗਏ ਸਨ। ਅਮਰੀਕਾ ਦੇ ਇਸ ਛੋਟੇ ਜਿਹੇ ਦੇਸ ਦੀ ਗ਼ਦਰੀ ਬਰਾਂਚ ਦਾ ਗ਼ਦਰੀ ਸਰਗਰਮੀਆਂ ਵਿਚ ਅਹਿਮ ਸਥਾਨ ਹੈ।

ਮੈਕਸੀਕੋ, ਕਿਊਬਾ, ਹਾਂਡੂਰਾਸ, ਨਿਕਾਰਾਗੁਆ ਆਦਿ ਦੇਸਾਂ ਵਿਚ ਅੱਗੇ ਅੱਗੇ ਭਾਈ ਰਤਨ ਸਿੰਘ ਨੇ ਬੁਨਿਆਦੀ ਕੰਮ ਕੀਤਾ ਜਿਸ ਦੇ ਪਿਛੇ ਪਿਛੇ ਤੇਜਾ ਸਿੰਘ ਨੇ ਜਥੇਬੰਦਕ ਉਸਾਰੀ ਕੀਤੀ ਸੀ। ਉਹ ਅੱਗੜ-ਪਿੱਛੜ ਬਰਾਜ਼ੀਲ ਪਹੁੰਚ ਗਏ ਸਨ।

ਬਰਾਜ਼ੀਲ ਵਿਚ ਭਾਵੇਂ ਬੜੇ ਹੀ ਘਟ ਪੰਜਾਬੀ ਸਨ ਪਰ ਗ਼ਦਰੀਆਂ ਲਈ ਇਹ ਇਕ ਅਹਿਮ ਸਥਾਨ ਸੀ। 1907 ਵਿਚ ਜਲਾਵਤਨ ਹੋਇਆ ਸਰਦਾਰ ਅਜੀਤ ਸਿੰਘ ਏਥੇ ਹੀ ਰੀਓਦੀਜਨੇਰੋ ਵਿਚ ਰਹਿ ਰਿਹਾ ਸੀ। ਉਸ ਨੇ ਏਥੇ ਪੱਕੀ ਰਿਹਾਇਸ਼ ਕੀਤੀ ਹੋਈ ਸੀ। ਭਾਈ ਰਤਨ ਸਿੰਘ ਅਤੇ ਤੇਜਾ ਸਿੰਘ ਸੁਤੰਤਰ ਵਾਰੀ ਵਾਰੀ ਅਜੀਤ ਸਿੰਘ ਕੋਲ ਠਹਿਰੇ ਸਨ। ਉਸ ਸਮੇਂ ਉਹ ਫਰਾਂਸ ਸੀ, ਅੰਗਰੇਜ਼ੀ, ਸਪੇਨੀ, ਰੂਸੀ ਅਤੇ ਉਰਦੂ

ਸਿਖਾਉਣ ਦਾ ਸਕੂਲ ਚਲਾ ਰਿਹਾ ਸੀ ਅਤੇ ਛੋਟੇ ਮੋਟੇ ਹੋਰ ਸਨਅਤੀ ਕਾਰੋਬਾਰ ਵਿਚ ਵੀ ਭਾਈਵਾਲ ਸੀ। ਸਾਲਾਂਬੱਧੀ ਇਕਲੇ ਰਹਿਣ 'ਤੇ ਵੀ ਜਦੋਂ ਉਹ ਕਿਸੇ ਪੰਜਾਬੀ ਨੂੰ ਮਿਲਦਾ ਸੀ ਤਾਂ ਠੇਠ ਪੰਜਾਬੀ ਵਿਚ ਗੱਲ ਕਰਦਾ ਸੀ। ਬਰਾਜ਼ੀਲ ਦੇ ਹਾਕਮ ਤਬਕੇ ਵਿਚ ਵੀ ਉਸ ਦਾ ਕਾਫੀ ਰਸੂਖ ਸੀ ਅਤੇ ਉਹ ਖਾਨ ਦੇ ਨਾਂ ਹੇਠ ਈਰਾਨੀ ਕਰਕੇ ਜਾਣਿਆ ਜਾਂਦਾ ਸੀ।

ਉਦੋਂ ਤੱਕ ਸਰਦਾਰ ਅਜੀਤ ਸਿੰਘ ਕਾਫੀ ਕਮਜ਼ੋਰ ਹੋ ਚੁੱਕਾ ਸੀ। ਕਾਰੋਬਾਰੀ ਭਾਈਵਾਲ ਵਲੋਂ ਉਸਨੂੰ ਜ਼ਹਿਰ ਵੀ ਦੇ ਦਿੱਤੀ ਗਈ ਸੀ ਜਿਸ ਤੋਂ ਉਹ ਬਚ ਗਿਆ ਸੀ ਪਰ ਸਰੀਰ ਨਸ਼ਟ ਹੋ ਗਿਆ ਸੀ। ਪਰ ਮਿਲਣ ਉਤੇ ਉਸਦੀ ਉਹ ਹੀ ਜੱਟਾਂ ਵਾਲੀ ਫਰਾਖਦਿਲੀ ਸੀ।

ਰਤਨ ਸਿੰਘ ਅਤੇ ਅਜੀਤ ਸਿੰਘ ਦੇ ਸਿਆਸੀ ਵਿਚਾਰਾਂ ਵਿਚ ਭਾਵੇਂ ਫਰਕ ਸੀ ਪਰ ਉਹ ਘੰਟਿਆਂਬੱਧੀ ਗੱਲਬਾਤ ਕਰਦੇ ਰਹਿੰਦੇ ਸਨ। ਕਦੇ-ਕਦੇ ਗਰਮੀ ਵਿਚ ਵੀ ਆ ਜਾਂਦੇ ਸਨ । ਪਰ ਖਾਣਾ ਇਕੱਠੇ ਖਾਂਦੇ ਅਤੇ ਦੇਸ ਦੀਆਂ ਯਾਦਾਂ ਵਿਚ ਰੁਝ ਜਾਂਦੇ ਸਨ।

ਰਤਨ ਸਿੰਘ ਨੇ ਅਜੀਤ ਸਿੰਘ ਦੀ ਮਾੜੀ ਸਿਹਤ ਬਾਰੇ ਪਾਰਟੀ ਨੂੰ ਵੀ ਲਿਖਿਆ ਸੀ। ਡਾਕਟਰਾਂ ਦੀ ਰਾਏ ਸੀ ਕਿ ਅਜੀਤ ਸਿੰਘ ਕਿਸੇ ਠੰਡੀ ਥਾਂ 'ਤੇ ਚਲਾ ਜਾਵੇ।

ਰਤਨ ਸਿੰਘ ਬਰਾਜ਼ੀਲ ਤੋਂ ਅਰਜਨਟੀਨਾ ਆ ਗਿਆ ਸੀ।

ਗ਼ਦਰ ਪਾਰਟੀ ਦੀ ਅਰਜਨਟੀਨਾ ਬਰਾਂਚ

ਪਹਿਲੇ-ਪਹਿਲ ਪੰਜਾਬੀ ਪ੍ਰਵਾਸੀ 1910-11 ਵਿਚ ਅਰਜਨਟੀਨਾ ਆਏ ਸਨ ਅਤੇ ਉਨ੍ਹਾਂ ਨੇ ਉੱਤਰ ਦੀਆਂ ਖੰਡ ਮਿੱਲਾਂ ਅਤੇ ਬੁਇਨਾਸਏਰਿਸ ਤੇ ਰੋਸਾਰੀਓ ਦੀਆਂ ਰੇਲਵੇ ਵਰਕਸ਼ਾਪਾਂ ਵਿਚ ਕੰਮ ਕੀਤਾ ਸੀ। ਮਾਇਕ ਪਖੋਂ ਅਰਜਨਟੀਨਾ ਦੀ ਹਾਲਤ ਭਾਵੇਂ ਬਹੁਤ ਵਧੀਆ ਨਹੀਂ ਸੀ ਪਰ ਮੁਕਾਬਲਤਨ ਬਾਕੀ ਲਾਤੀਨੀ ਅਮਰੀਕਾ ਦੇ ਦੇਸਾਂ ਨਾਲੋਂ ਚੰਗੀ ਸੀ ਅਤੇ ਕੰਮ ਮਿਲ ਜਾਂਦਾ ਸੀ। ਅਰਜਨਟੀਨਾ ਦੀ ਦੀ ਭੂਗੋਲਿਕ ਹਾਲਤ ਵੀ ਪੰਜਾਬ ਨਾਲ ਮਿਲਦੀ ਜੁਲਦੀ ਸੀ। ਸਪੇਨੀ ਜ਼ਬਾਨ ਵੀ ਪੰਜਾਬੀ ਵਰਗੀ ਅਸਾਨ ਸੀ। ਅਸਲ ਵਿਚ ਅਰਜਨਟੀਨਾ ਦੇ ਆਪਣੇ ਅਤੇ ਇਸ ਦੇ ਸ਼ਹਿਰ ਦੇ ਨਾਵਾਂ ਤੋਂ ਹੀ ਇਸ ਦੀ ਸੁੰਦਰਤਾ ਝਲਕਦੀ ਹੈ ਜਿਵੇਂ ਅਰਜਨਟੀਨਾ ਦਾ ਅਰਥ ਹੈ ਚਾਂਦੀ ਦੀ [illegible]. ਰੀਓ ਦੀਲਾਪਲਾਤਾ ਦਾ ਮਤਲਬ ਹੈ ਧਨ ਦਾ ਦਰਿਆ ਤੇ ਮੋਂਤੇਵੀਦੀਓ "[illegible] ਪਹਾੜ ਨਜ਼ਰ ਆਏ" [ਇਹ ਕਹਿ ਕੇ ਕੋਲੰਬਸ ਨੇ ਨਰਾਜ਼ ਸੇਲਰਾਂ ਤੋਂ ਜਾਨ ਬਚਾਈ ਸੀ।]

ਅਰਜਨਟੀਨਾ ਦੇ ਪੰਜਾਬੀ ਪ੍ਰਵਾਸੀਆਂ ਨੂੰ ਭਾਵੇਂ ਗ਼ਦਰ ਲਿਟਰੇਚਰ ਪਹੁੰਚਦਾ ਰਿਹਾ ਸੀ ਪਰ 1914-15 ਦੀ ਗ਼ਦਰ ਲਹਿਰ ਵਿਚ ਇਨ੍ਹਾਂ ਨੇ ਕੋਈ ਖਾਸ ਸਰਗਰਮੀ ਨਹੀਂ ਸੀ ਕੀਤੀ।

1925 ਵਿਚ ਅਰਜਨਟੀਨਾ ਪੰਜਾਬੀ ਪ੍ਰਵਾਸੀਆਂ ਦਾ ਆਖਰੀ ਪੜਾਅ ਸੀ। ਇਸ ਦੌਰ ਵਿਚ ਗ਼ਦਰ ਪਾਰਟੀ ਦੀ ਇਸ ਬਰਾਂਚ ਨੇ ਅਹਿਮ ਰੋਲ ਅਦਾ ਕੀਤੀ ਸੀ। ਅਰਜਨਟੀਨਾ ਵਿਚ ਆਏ ਹੋਏ ਪੰਜਾਬੀ ਕਿਸਾਨਾਂ ਦੇਂ ਪੁੱਤਰ ਸਨ ਜਿਨ੍ਹਾਂ ਦੇ ਸਿਰ ਭਾਰੀ ਕਰਜ਼ੇ ਸਨ ਅਤੇ ਉਨ੍ਹਾਂ ਨੂੰ ਅਦਾ ਕਰਨਾ ਅਸੰਭਵ ਹੋ ਗਿਆ ਸੀ। 1927-32 ਦੇ ਸੰਸਾਰ ਮਾਲੀ ਸੰਕਟ ਨੇ ਉਨ੍ਹਾਂ ਦਾ ਨੱਕ ਵਿਚ ਦਮ ਕੀਤਾ ਹੋਇਆ ਸੀ। ਇਹ ਖੇਤੀ ਵਿਚੋਂ ਉਜੜੇ ਹੋਏ ਕਿਸਾਨ ਸਨ ਜਿਨ੍ਹਾਂ ਨੇ ਅਗੇ ਟਰੈਵਲ ਏਜੰਟਾਂ ਨੇ ਲੁੱਟਿਆ ਹੋਇਆ ਸੀ।

ਇਹ ਅਮਰੀਕਾ ਪਹੁੰਚਣ ਦੇ ਲਾਰੇ 'ਤੇ ਤੁਰ ਪੈਂਦੇ ਸਨ ਅਤੇ ਕਲਕੱਤਾ, ਬਰਮਾ, ਮਲਾਇਆ, ਹਿੰਦ-ਚੀਨੀ, ਜਪਾਨ, ਅਮਰੀਕਾ, ਪਨਾਮਾ ਆਦਿ ਦੇ ਸਾਹਲਾਂ 'ਤੇ ਲਗਦੇ ਪਰ ਇਨ੍ਹਾਂ ਨੂੰ ਕੋਈ ਵੀ ਉਤਰਨ ਨਾ ਦਿੰਦਾ। ਅੰਤ ਚਿੱਲੀ ਤੇ ਬੋਲੀਵੀਆ ਦੇ ਰਾਹ ਅਰਜਨਟੀਨਾ ਪਹੁੰਚ ਗਏ। ਪੰਜਾਬੀ ਪ੍ਰਵਾਸੀਆਂ ਦਾ ਦੂਜਾ ਜਥਾ ਬੰਬਈ ਤੋਂ ਫਰਾਂਸ, ਕਿਊਬਾ, ਮੈਕਸੀਕੋ, ਪਨਾਮਾ ਤੇ ਬਰਾਜ਼ੀਲ ਦੇ ਰਾਹੀਂ ਆਪਣਾ ਕਿਸਮਤ ਅਜ਼ਮਾਉਂਦਾ ਹੋਇਆ ਮਹੀਨਿਆਂ ਬੱਧੀ ਸਮੁੰਦਰੀ ਸਫਰ ਕਰਕੇ ਅਰਜਨਟੀਨਾ ਪਹੁੰਚਾ ਸੀ। ਦਰਅਸਲ ਏਨੇ ਔਖੋ ਹੋ ਕੇ ਕੋਲੰਬਸ ਨੇ ਅਮਰੀਕਾ ਲਭਿਆ ਸੀ ਤੇ ਜਾਂ ਫੇਰ ਪੰਜਾਬੀ ਕਿਸਾਨਾਂ ਨੇ ਅਰਜਨਟੀਨਾ ਨੂੰ ਲੱਭਿਆ ਸੀ। ਰਾਜਸੀ ਤੌਰ 'ਤੇ ਇਹ ਜਾਗਰੂਕ ਲੋਕ ਸਨ ਅਤੇ ਹਿੰਦੋਸਤਾਨ ਵਿਚ ਚੱਲ ਰਹੀ ਲਹਿਰ ਤੋਂ ਜਾਣੂ ਸਨ ਅਤੇ ਕਈਆਂ ਨੇ ਇਸ ਲਹਿਰ ਵਿਚ ਸਰਗਰਮ ਹਿਸਾ ਵੀ ਲਿਆ ਸੀ। ਇਨ੍ਹਾਂ ਵਿਚੋਂ ਕਈ ਕਿਰਤੀ ਅਖ਼ਬਾਰ ਦੇ ਪਾਠਕ ਵੀ ਸਨ। ਥਾਂ-ਥਾਂ ਮਿੱਲਾਂ ਤੇ ਫੈਕਟਰੀਆਂ ਵਿੱਚ ਧੱਕੇ ਖਾਣ ਤੋਂ ਬਾਅਦ ਇਨ੍ਹਾਂ ਨੂੰ ਮਜ਼ਦੂਰ ਜਮਾਤ ਦੀ ਲਹਿਰ ਦਾ ਵੀ ਗਿਆਨ ਹੋ ਗਿਆ ਸੀ। ਇਸ ਕਰਕੇ ਇਹ ਮਜ਼ਦੂਰਾਂ ਦੀਆਂ ਹੜਤਾਲਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਇਨ੍ਹਾਂ ਨੂੰ ਦੁਨੀਆਂ ਵਿਚ ਰਹੇ ਅਜ਼ਾਦੀ ਦੇ ਘੋਲਾਂ ਦਾ ਵੀ ਗਿਆਨ ਸੀ।

ਗ਼ਦਰ ਪਾਰਟੀ ਦੇ ਲਿਟਰੇਚਰ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ ਅਤੇ ਅਰਜਨਟੀਨਾ ਦੀ ਗ਼ਦਰੀ ਬਰਾਂਚ ਹਿੰਦੋਸਤਾਨ ਪਰਤਣ ਦੇ ਦੂਜੇ ਸੱਦੇ ਉਤੇ ਪਹਿਲੀਆਂ ਸਫਾਂ ਵਿਚ ਸੀ।

ਅਰਜਨਟੀਨਾ ਦੇ ਵਸਨੀਕਾਂ ਦਾ ਹਿੰਦੋਸਤਾਨ ਦੀ ਅਜ਼ਾਦੀ ਵਲ ਰਵਈਆ ਬੜਾ ਹੀ ਹਮਦਰਦਾਨਾ ਸੀ। ਉਹ ਬਰਤਾਨੀਆ ਅਤੇ ਅਮਰੀਕੀ ਸਾਮਰਾਜ ਨੂੰ ਨਫਰਤ ਕਰਦੇ ਸਨ ਅਤੇ ਉਨ੍ਹਾਂ ਨੂੰ ਗਰੀਂਗੋ ਤੇ ਯਾਂਕੀ ਕਹਿਦੇ ਸਨ। ਉਸ ਸਮੇਂ ਅਰਜਨਟੀਨਾ ਦੀ ਗ਼ਦਰ ਪਾਰਟੀ ਬਰਾਂਚ ਦਾ ਜਨਰਲ ਸਕੱਤਰ ਭਗਤ ਸਿੰਘ ਬਿਲਗਾ ਅਤੇ ਪ੍ਰਧਾਨ ਦਲੀਪ ਸਿੰਘ ਸੀ।

ਅਰਜਨਟੀਨਾ ਵਿਚ ਵੀ ਸ਼ਹੀਦ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਦੀ ਸ਼ਹੀਦੀ ਉਤੇ ਹਿੰਦੋਸਤਾਨੀਆਂ ਨੇ ਮਿੱਲਾਂ, ਫੈਕਟਰੀਆਂ ਵਿਚ ਹੜਤਾਲ ਕੀਤੀ, ਜਲਸੇ ਕੀਤੇ ਅਤੇ ਮਾਤਮੀ ਮਤੇ ਪਾਸ ਕੀਤੇ ਸਨ।

1930 ਦੇ ਅੱਧ ਵਿਚ ਭਾਈ ਰਤਨ ਸਿੰਘ ਅਰਜਨਟੀਨਾ ਪਹੁੰਚ ਗਿਆ ਸੀ। ਗ਼ਦਰ ਪਾਰਟੀ ਦੇ ਇਸ ਆਗੂ ਦੇ ਅਰਜਨਟੀਨਾ ਦਾ ਇਹ ਪਹਿਲਾ ਦੌਰਾ ਸੀ। ਉਸ ਨੇ ਦੂਜੇ ਦੇਸਾਂ ਵਿਚ ਪਾਰਟੀ ਦੀਆਂ ਸਰਗਰਮੀਆਂ ਅਤੇ ਅਗਲੇ ਕੰਮ ਦੀ ਰੀਪੋਰਟ ਪੇਸ਼ ਕੀਤੀ ਸੀ ਅਤੇ ਸਰਦਾਰ ਅਜੀਤ ਸਿੰਘ ਦੀ ਸਿਹਤ ਬਾਰੇ ਵੀ ਦੱਸਿਆ ਸੀ।

ਅਰਜਨਟੀਨਾ ਦੀ ਪਾਰਟੀ ਬਰਾਂਚ ਨੇ ਫੈਸਲਾ ਕੀਤਾ ਕਿ ਸਰਦਾਰ ਅਜੀਤ ਸਿੰਘ ਨੂੰ ਅਰਜਨਟੀਨਾ ਸੱਦਕੇ ਸ਼ਿਮਲੇ ਵਰਗੀ ਇਕ ਠੰਡੀ ਥਾਂ ਕੁਰਦਬਾ ਵਿਚ ਰਹਿਣ ਦਾ ਇੰਤਜ਼ਾਮ ਕਰ ਦਿੱਤਾ ਜਾਵੇ।

ਰਾਜਸੀ ਸਰਗਰਮੀਆਂ ਲਈ ਬਰਾਂਚ ਨੇ ਫੈਸਲਾ ਕੀਤਾ ਕਿ ਭਾਈ ਰਤਨ ਸਿੰਘ ਅਤੇ ਭਗਤ ਸਿੰਘ ਬਿਲਗਾ ਉੱਤਰੀ ਅਰਜਨਟੀਨਾ ਦਾ ਦੌਰਾ ਕਰਨ। ਸਮੱਸਿਆ ਇਹ ਪੈਦਾ ਹੋਈ ਸੀ ਕਿ ਭਾਈ ਰਤਨ ਸਿੰਘ ਕੋਲ ਅਫ਼ਗਾਨ ਪਾਸਪੋਰਟ ਸੀ, ਜਿਸ ਦੀ ਮਿਆਦ ਲੰਘ ਗਈ ਸੀ ਅਤੇ ਅਰਜਨਟੀਨਾ ਵਿਚ ਅਫਗਾਨਿਸਤਾਨ ਦਾ ਕੌਂਸਲ ਨਹੀਂ ਸੀ।

ਭਾਈ ਰਤਨ ਸਿੰਘ ਦੇ ਨਾਲ ਇਕ ਹੁਸ਼ਿਆਰ ਆਦਮੀ ਬਰਤਾਨਵੀ ਕੌਂਸਲ ਦੇ ਦਫਤਰ ਵਿਚ ਭੇਜਿਆ ਗਿਆ, ਜਿਸ ਨੇ ਇਹ ਜ਼ਾਹਰ ਕੀਤਾ ਕਿ ਭਾਈ ਰਤਨ ਸਿੰਘ ਨੂੰ ਜ਼ੁਬਾਨ ਨਹੀਂ ਆਉਂਦੀ। ਬੇਕਾਰ ਹੋਣ ਕਰ ਕੇ ਉਸ ਦੀ ਦੇਖਰੇਖ ਵੀ ਉਹ ਹੀ ਕਰ ਰਿਹਾ ਸੀ। ਹੁਣ ਇਸ ਨੂੰ ਕੰਮ ਮਿਲਿਆ ਹੈ ਤਾਂ ਇਸ ਨੇ ਪਾਸਪੋਰਟ ਗੁਆ ਲਿਆ ਹੈ। ਪਰ ਕੌਂਸਲ ਨੇ ਪਾਸਪੋਰਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਨਾਲ ਭੇਜੇ ਵਿਅਕਤੀ ਨੇ ਕਿਹਾ ਕਿ ਇਹ ਹੁਣ ਤੁਹਾਡੇ ਹੀ ਦਫਤਰ ਵਿਚ ਬੈਠੇਗਾ, ਮੈਂ ਇਸ ਨੂੰ ਹੋਰ ਖਰਚ ਨਹੀਂ ਦੇ ਸਕਦਾ। ਅੰਤ ਬਰਤਾਨਵੀ ਕੌਂਸਲ ਨੇ ਭਾਈ ਰਤਨ ਸਿੰਘ ਨੂੰ ਦਲੀਪ ਸਿੰਘ ਦੇ ਨਾਂ 'ਤੇ ਪਾਸਪੋਰਟ ਦੇ ਦਿੱਤਾ ਜਿਸ ਉਤੇ ਉਹ ਕਈ ਸਾਲ ਸਫਰ ਕਰਦਾ ਰਿਹਾ ਸੀ।

ਭਾਈ ਰਤਨ ਸਿੰਘ ਅਤੇ ਭਗਤ ਸਿੰਘ ਬਿਲਗਾ ਨੇ ਅਰਜਨਟੀਨਾ ਦੇ ਉੱਤਰੀ ਪ੍ਰਾਂਤ ਦਾ ਦੌਰਾ ਕੀਤਾ। ਪੰਜਾਬੀ ਪ੍ਰਵਾਸੀਆਂ ਨੇ ਉਨ੍ਹਾਂ ਦਾ ਹਰ ਥਾਂ ਨਿੱਘਾ ਸਵਾਗਤ ਕੀਤਾ ਸੀ। ਥਾਂ-ਥਾਂ ਮੀਟਿੰਗਾਂ ਕੀਤੀਆਂ ਗਈਆਂ ਅਤੇ ਫੰਡ ਇਕੱਤਰ ਹੋਏ ਸਨ। ਉਨ੍ਹਾਂ ਨੂੰ ਇਹ ਦੱਸਿਆ ਗਿਆ ਸੀ ਕਿ ਭਾਰਤ ਨੂੰ ਪਰਤਣ ਦੇ ਇਨਕਲਾਬੀ ਸੱਦੇ ਦੀ ਤਿਆਰੀ ਲਈ ਤੇਜਾ ਸਿੰਘ ਆ ਕੇ ਦਸੇਗਾ। ਭਾਈ ਰਤਨ ਸਿੰਘ ਅਤੇ ਭਗਤ ਸਿੰਘ ਬਿਲਗਾ ਨੇ ਇਹ ਟੂਰ ਡੇਢ ਮਹੀਨੇ ਵਿਚ ਕੀਤਾ ਅਤੇ ਵਾਪਸ ਰੋਸਾਰੀਓ ਆ ਗਏ। ਭਾਈ ਰਤਨ ਸਿੰਘ ਵੇਹਲੇ ਵੇਲੇ ਮੂੰਹ ਵਿਚ ਇਹ ਕਵਿਤਾ ਗੁਣਗੁਣਾਇਆ ਕਰਦਾ ਸੀ:

ਉਠ ਵਰਿਆਮਿਆਂ ਉਏ ਸੁਤਿਆ ਸੰਭਾਲ ਪੱਗ,
ਆਂਢੀਆਂ ਗੁਆਂਢੀਆਂ ਨੂੰ ਨਾਲ ਹੀ ਉਠਾਲ ਲੈ।

ਗ਼ਦਰੀ ਅੱਗੇ ਹੀ ਭਾਈ ਰਤਨ ਸਿੰਘ ਨੂੰ ਹੋਰ ਨਾਂ ਨਾਲ ਬੁਲਾਉਣਾ ਚਾਹੁੰਦੇ ਸਨ ਇਸ ਕਰ ਕੇ ਉਸ ਦਾ ਨਾਂ ਹੀ ਭਾਈ ਵਰਿਆਮ ਪੈ ਗਿਆ ਸੀ।

ਅਰਜਨਟੀਨਾ ਦੇ ਦੱਖਣੀ ਅਤੇ ਕੇਂਦਰੀ ਪ੍ਰਾਂਤਾਂ ਦੇ ਦੌਰੇ ਉੱਤੇ ਬੂਝਾ ਸਿੰਘ ਉਸ

ਦੇ ਨਾਲ ਗਿਆ। ਇਹ ਦੋਹਵੇਂ ਹੀ ਦੌਰੇ ਬੜੇ ਕਾਮਯਾਬ ਰਹੇ ਸਨ। ਇਨ੍ਹਾਂ ਦੌਰਿਆਂ ਦੌਰਾਨ ਇਕੱਠਾ ਹੋਇਆ ਫੰਡ ਕਿਰਤੀ ਅਖ਼ਬਾਰ ਨੂੰ ਭੇਜਿਆ ਗਿਆ ਸੀ।

ਭਾਈ ਰਤਨ ਸਿੰਘ ਬਰਤਾਨਵੀ ਪਾਸਪੋਰਟ 'ਤੇ ਹੀ ਬਰਾਜ਼ੀਲ ਆ ਗਿਆ ਸੀ। ਜਿਥੋਂ ਉਸ ਨੇ ਸਰਦਾਰ ਅਜੀਤ ਸਿੰਘ ਨੂੰ ਅਰਜਨਟੀਨਾ ਭੇਜ ਦਿੱਤਾ ਸੀ ਅਤੇ ਆਪ ਬਰਲਨ ਚਲਾ ਗਿਆ ਸੀ। ਅਜੀਤ ਸਿੰਘ ਆਉਂਦਾ ਹੋਇਆ ਆਪਣੀ ਵੱਡਮੁਲੀ ਲਾਇਬਰੇਰੀ ਵੀ ਨਾਲ ਲੈ ਆਇਆ ਸੀ ਜਿਹੜੀ ਗ਼ਦਰ ਪਾਰਟੀ ਦੇ ਦਫਤਰ ਵਿਚ ਰੱਖੀ ਗਈ ਸੀ। ਸਰਦਾਰ ਅਜੀਤ ਸਿੰਘ ਨੂੰ ਬਿਨਾਂ ਦੇਰੀ ਕੀਤਿਆਂ ਕੁਰਦਬਾ ਸਿਹਤ ਅਫਜ਼ਾ ਕੇਂਦਰ ਵਿਚ ਭੇਜਿਆ ਗਿਆ ਸੀ। ਸਰਦਾਰ ਅਜੀਤ ਸਿੰਘ ਕੋਲ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਲਿਖੇ ਹੋਏ ਦੋ ਖ਼ਤ ਸਨ। ਜਿਹੜੇ ਸ਼ਹੀਦ ਭਗਤ ਸਿੰਘ ਨੇ ਉਨ੍ਹਾਂ ਨੂੰ ਬਰਾਜ਼ੀਲ ਵਿਚ ਲਿਖੇ ਸਨ। ਇਕ ਖ਼ਤ ਅੰਗਰੇਜ਼ੀ ਵਿਚ ਤਕਰੀਬਨ 10 ਸਫਿਆਂ ਦਾ ਸੀ ਜਿਸ ਵਿਚ ਭਗਤ ਸਿੰਘ ਨੇ ਹਿੰਦੋਸਤਾਨ ਦੀ ਰਾਜਸੀ ਹਾਲਤ ਬਾਰੇ ਲਿਖਿਆ ਹੋਇਆ ਸੀ ਅਤੇ ਕਾਂਗਰਸ ਦੀ ਨੀਤੀ ਦੀ ਸਖਤ ਨੁਕਤਾਚੀਨੀ ਕੀਤੀ ਸੀ ਅਤੇ ਇਸ ਵਿਚ ਕਾਂਗਰਸੀ ਆਗੂਆਂ ਦੀ ਪੜਚੋਲ ਸੀ, ਜਿਸ ਵਿਚ ਹਰ ਲੀਡਰ ਦੇ ਰੋਲ ਬਾਰੇ ਜਾਣਕਾਰੀ ਦਿੱਤੀ ਹੋਈ ਸੀ। ਭਗਤ ਸਿੰਘ ਨੇ ਆਪਣੇ ਬਾਰੇ ਲਿਖਿਆ ਸੀ ਕਿ ਮੈਂ ਸੋਸ਼ਲਿਸਟ ਹਾਂ ਬਲਕਿ ਕਮਿਊਨਿਸਟ। ਇਹ ਖ਼ਤ ਬੜੇ ਸੰਭਾਲ ਕੇ ਰਖੇ ਸਨ ਪਰ ਸਾਲਾਂਬੱਧੀ ਪਤਾ ਨਾ ਲੈਣ ਕਾਰਨ ਕਿਧਰੇ ਗੁੰਮ ਹੋ ਗਏ। ਅਸਲ ਵਿਚ ਸਾਲਾਂ ਦੀ ਦੀ ਵਿਥ ਅਤੇ ਸਾਰੇ ਗ਼ਦਰੀਆਂ ਦੇ ਹਿੰਦੋਸਤਾਨ ਪਰਤ ਆਉਣ ਕਾਰਨ ਇਹ ਖ਼ਤ ਗੁੰਮ ਹੋਏ ਸਨ।

ਰੋਸਾਰੀਓ ਕੇਂਦਰ ਵਿਚ ਗ਼ਦਰ ਲਿਟਰੇਚਰ ਅਤੇ ਕਿਰਤੀ ਅਖ਼ਬਾਰ ਵੀ ਪਹੁੰਚਦੇ ਸਨ। ਤੇਜਾ ਸਿੰਘ ਸੁਤੰਤਰ, ਜਿਹੜਾ ਖੁਲ੍ਹੀਆਂ ਤਕਰੀਰਾਂ ਕਰਦਾ ਸੀ ਅਤੇ ਆਪਣਾ ਨਾਂ 'ਤੇ ਗ਼ਦਰ ਅਖ਼ਬਾਰ ਵਿਚ ਲਿਖਦਾ ਸੀ, ਅਰਜਨਟੀਨਾ ਪਹੁੰਚ ਗਿਆ। ਬਰਤਾਨਵੀ ਸੂਹੀਆ ਏਜੰਸੀ ਉਸ ਦੇ ਪਿੱਛੇ ਲਗੀ ਹੋਈ ਸੀ। ਤੇਜਾ ਸਿੰਘ ਕਾਂਗਰਸ ਦੀ ਅਹਿੰਸਾ ਦੀ ਨੁਕਤਾਚੀਨ ਕਰਦਾ ਸੀ ਅਤੇ ਹਥਿਆਰਬੰਦ ਘੋਲ ਦਾ ਪ੍ਰਚਾਰ ਕਰਦਾ ਸੀ।

ਇਕ ਦਿਨ ਸਵੇਰੇ ਹੀ ਰੋਸਾਰੀਓ ਕੇਂਦਰ ਦੇ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਭਗਤ ਸਿੰਘ ਬਿਲਗਾ ਦੇ ਘਰ ਇਕ ਬਰਤਾਨਵੀ ਸੂਹੀਆ ਏਜੰਸੀ ਦਾ ਏਜੰਟ ਆ ਗਿਆ। ਉਸ ਨੇ ਆਪਣੇ ਆਪ ਨੂੰ 'ਐਲ ਮੂੰਦੋ' ਹਫਤਾਵਾਰ ਦਾ ਪ੍ਰਤੀਨਿਧ ਦੱਸਿਆ ਤੇ ਜਨਰਲ ਸਕੱਤਰ ਦਾ ਇੰਟਰਵਿਊ ਲੈਣ ਦੀ ਖਾਹਸ਼ ਪ੍ਰਗਟ ਕੀਤੀ। ਸਪੇਨੀ ਅਖ਼ਬਾਰ ਦਾ ਅੰਗਰੇਜ਼ ਪੱਤਰ ਪ੍ਰੇਰਕ ਹੋਣਾ ਇਕ ਅਜੀਬ ਗਲ ਸੀ। ਜਦੋਂ ਉਸ ਨੂੰ 'ਐਲ ਮੂੰਦੋ' ਵਿਚ ਛਾਪਣ ਲਈ ਗ਼ਦਰ ਪਾਰਟੀ ਦੇ ਸਰਗਰਮ ਮੈਂਬਰਾਂ ਦੀਆਂ ਫੋਟੋਆਂ ਮੰਗੀਆਂ ਤਾਂ ਸ਼ੱਕ ਯਕੀਨ ਵਿਚ ਬਦਲ ਗਿਆ। ਉਸ ਨੂੰ ਸਪੇਨੀ ਵੀ ਚੰਗੀ ਤਰ੍ਹਾਂ ਬੋਲਣੀ ਨਹੀਂ ਸੀ ਆਉਂਦੀ। ਉਸ ਨੂੰ ਫੇਰਨ ਘਰ ਵਿਚੋਂ ਨਿਕਲ ਜਾਣ ਲਈ ਕਿਹਾ ਗਿਆ।

ਉਸ ਸਮੇਂ ਅਰਜਨਟੀਨਾ ਵਿਚ ਫੌਜੀ ਰਾਜ ਪਲਟਾ ਹੋ ਗਿਆ ਸੀ ਅਤੇ ਇਰੀਗੋਯਨ

ਦਾ ਤਖਤਾ ਪਲਟ ਕੇ ਜਨਰਲ ਉਰੀਬੁਰੂ ਨੇ ਫੌਜੀ ਡਿਕਟਰੇਟਰਸ਼ਿਪ ਬਣਾ ਲਈ ਸੀ। ਮਾਰਸ਼ਲ ਲਾਅ ਲੱਗਾ ਹੋਇਆ ਸੀ ਅਤੇ ਰੋਸਾਰੀਓ ਸ਼ਹਿਰ ਦਾ ਪ੍ਰਸ਼ਾਸਕ ਮੇਜਰ ਰੇਚੇਰੀ ਸੀ। ਅਰਜਨਟੀਨਾ ਵਿਚਲੇ ਬਰਤਾਨਵੀ ਰਾਜਦੂਤ ਨੇ ਮੌਕੇ ਦਾ ਫਾਇਦਾ ਉਠਾ ਕੇ ਰੋਸਾਰੀਓ ਵਿਚਲੇ ਗ਼ਦਰ ਹੈਡਕੁਆਟਰ 'ਤੇ ਹਮਲਾ ਕਰ ਦਿੱਤਾ। ਮੇਜਰ ਰੇਚੇਰੀ ਦੀ ਅਗਵਾਈ ਵਿਚ ਫੌਜੀ ਦਸਤੇ ਨੇ ਗ਼ਦਰ ਪਾਰਟੀ ਦਾ ਦਫਤਰ ਘੇਰ ਲਿਆ। ਰੋਸਾਰੀਓ ਦਾ ਬਰਤਾਨਵੀ ਕੌਂਸਲ ਅਤੇ 'ਐਲ ਮੂੰਦੋ' ਦਾ ਉਪਰੋਕਤ ਨਕਲੀ ਪੱਤਰ ਪ੍ਰੇਰਕ ਵੀ ਉਨ੍ਹਾਂ ਦੇ ਨਾਲ ਸੀ। ਦਫਤਰ ਦੀ ਤਲਾਸ਼ੀ ਸਮੇਂ ਇਹ ਦੋਹਵੇਂ ਅੰਗਰੇਜ਼ ਵੀ ਅੰਦਰ ਵੜਕੇ ਤਲਾਸ਼ੀ ਲੈਣ ਲੱਗ ਪਏ ਸਨ। ਜਨਰਲ ਸਕੱਤਰ ਨੇ ਦੋਹਾਂ ਨੂੰ ਬਾਹੋਂ ਫੜਕੇ ਬਾਹਰ ਕੱਢ ਦਿਤਾ ਸੀ ਅਤੇ ਇਕਠੇ ਹੋਏ ਅਰਜਨਟੀਨਾ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ : "ਇਹ ਇੰਡੀਆ ਨਹੀਂ, ਅਰਜਨਟੀਨਾ ਹੈ। ਤੁਹਾਡਾ ਅੰਦਰ ਆਉਣ ਦਾ ਕੀ ਕੰਮ ਹੈ!" ਜਿਸ ਦੇ ਅਸਰ ਵਜੋਂ ਬਾਹਰ ਖੜ੍ਹੇ ਅਰਜਨਟੀਨਾ ਦੇ ਲੋਕਾਂ ਨੇ ਵੀ ਰੋਸ ਕੀਤਾ। ਇਸ ਨਾਲ ਮੇਜਰ ਰੇਚੇਰੀ ਵੀ ਠੰਡਾ ਪੈ ਗਿਆ ਅਤੇ ਦੋਹਵੇਂ ਅੰਗਰੇਜ਼ ਵੀ ਸ਼ਰਮਿੰਦਾ ਹੋ ਗਏ। ਜਾਂਦੇ ਹੋਏ ਉਹ ਕੁਝ ਇਕ ਕਾਗਜ਼ ਪੱਤਰ ਅਤੇ ਫਾਈਲਾਂ ਚੁਕ ਕੇ ਲੈ ਗਏ ਸਨ ਜਿਹੜੀਆਂ ਉਨ੍ਹਾਂ ਨੇ ਦੋ ਹਫਤੇ ਬਾਅਦ ਵਾਪਸ ਕਰ ਦਿਤੀਆਂ ਸਨ।

ਇਹ ਕਾਰਵਾਈ ਅਸਲ ਵਿਚ ਰਤਨ ਸਿੰਘ ਤੇਜਾ ਸਿੰਘ ਦੀ ਭਾਲ ਵਿਚ ਹੋ ਰਹੀ ਸੀ। ਪਾਰਟੀ ਨੇ ਪਹਿਲਾਂ ਹੀ ਤੇਜਾ ਸਿੰਘ ਨੂੰ ਇਕ ਸਪੇਨੀ ਪਰਿਵਾਰ ਵਿਚ ਪੇਇੰਗ ਗੈਸਟ ਦੇ ਰੂਪ ਵਿਚ ਠਹਿਰਾ ਦਿੱਤਾ ਸੀ ਅਤੇ ਰਤਨ ਸਿੰਘ ਉਸ ਸਮੇਂ ਤੱਕ ਬਰਲਨ ਪਹੁੰਚ ਚੁਕਾ ਸੀ। ਬਾਕੀ ਗ਼ਦਰੀ ਚੁਪਚੁਪੀਤੇ ਫੌਜੀ ਸਿਖਲਾਈ ਦਾ ਕੈਂਪ ਲਾਉਣ ਲਈ ਉਤਰ ਵਲ ਨਿਕਲ ਗਏ ਸੀ। ਕੈਂਪਾਂ ਵਿਚ 10 ਦਿਨ ਦੀ ਫੌਜੀ ਟਰੇਨਿੰਗ ਦਿਤੀ ਗਈ ਸੀ। ਅਰਜਨਟੀਨਾ ਦੇ ਗ਼ਦਰੀ ਵਾਲੰਟੀਅਰਾਂ ਨੇ ਉਤਰ ਦੇ ਜੰਗਲਾਂ ਵਿਚ ਜਾ ਕੇ ਅਮਲੀ ਟਰੇਨਿੰਗ ਲਈ ਸੀ। ਇਸ ਤੋਂ ਬਿਨਾਂ ਇਕ-ਇਕ ਹਫ਼ਤੇ ਦੇ ਰਾਜਸੀ ਸਟੱਡੀ ਸਰਕਲ ਵੀ ਦਿੱਤੇ ਜਾਂਦੇ ਅਤੇ ਸਾਰੇ ਫੈਸਲੇ ਜਮਹੂਰੀ ਅਸੂਲਾਂ ਅਨੁਸਾਰ ਲਏ ਜਾਂਦੇ ਸਨ। ਅਰਜਨਟੀਨਾ ਵਿਚ ਉਸ ਸਮੇਂ ਹੀ ਮੰਦਭਾਗਾ ਹਿੰਦੋਸਤਾਨੀ ਹੋਵੇਗਾ ਜਿਸਨੇ ਗ਼ਦਰ ਪਾਰਟੀ ਦੀ ਮੈਂਬਰਸ਼ਿਪ ਦੀ ਕਿਸੇ ਨਾ ਕਿਸੇ ਕੈਟੇਗਰੀ ਦਾ ਫਾਰਮ ਨਾ ਭਰਿਆ ਹੋਵੇ।

ਅਰਜਨਟੀਨਾ ਦੇ ਗ਼ਦਰੀਆਂ ਨੇ ਸਾਰਾ ਧਮਾਕਾਖੇਜ਼ ਸਮਾਨ ਇਕੱਠਾ ਕਰ ਲਿਆ ਸੀ ਅਤੇ ਗੁਪਤ ਰਹਿ ਕੇ ਕੰਮ ਕਰਨ ਲੱਗ ਪਏ ਸਨ। ਉੱਤਰੀ ਪ੍ਰਾਂਤਾਂ ਸਾਲਟਾਂ ਤੇ ਖੂਹਖੁਈ ਅਤੇ ਤੁਕੂਮਾਨ ਵਿਚ ਪ੍ਰਾਂਤਕ ਕਮੇਟੀਆਂ ਬਣਾਕੇ ਚੋਣਾਂ ਕਰਵਾਕੇ ਮੁੜ ਰੋਸਾਰੀਓ ਵਲ ਰੇਲ ਗੱਡੀ ਰਾਹੀਂ ਚਲ ਪਏ। ਸ਼ਹਿਰ ਵਿਚ ਮਾਰਸ਼ਲ ਲਾਅ ਲੱਗਾ ਹੋਣ ਕਾਰਨ ਸਟੇਸ਼ਨ ਉਤੇ ਪੁਲਸ ਨੇ ਪੁੱਛਗਿਛ ਸ਼ੁਰੂ ਕਰ ਦਿੱਤੀ। ਗ਼ਦਰੀਆਂ ਕੋਲ ਬਕਸੇ ਸਨ ਜਿਨ੍ਹਾਂ ਵਿਚ ਧਮਾਕਾਖੇਜ਼ ਸਮਾਨ ਸੀ। ਪਰ ਉਨ੍ਹਾਂ ਨੇ ਬਕਸੇ ਨਾ ਖੋਲ੍ਹੇ। ਲਾਤੀਨੀ ਅਮਰੀਕਾ ਦੇ ਦੇਸਾਂ ਵਿਚ ਫੌਜੀ ਡਿਕਟੇਟਰਸ਼ਿਪ ਸਮੇਂ ਆਰਪਾਰ ਕਰ ਦੇਣ ਦਾ ਅਸੂਲ

ਵਰਤਿਆ ਜਾਂਦਾ ਸੀ। ਜੇਕਰ ਤਲਾਸ਼ੀ ਲੈ ਲੈਂਦੇ ਤਾਂ ਰੀਓ ਪੁਰਾਣਾ ਦੇ ਮੜ ਵਿਚ ਹੀ ਗੋਲੀਆਂ ਨਾਲ ਅਰਜਨਟੀਨਾ ਦੀ ਧਰਤੀ 'ਤੇ ਕਬਰ ਬਣ ਜਾਣਾ ਸੀ।

ਰੋਸਾਰੀਓ ਤੋਂ ਗ਼ਦਰ ਅਖ਼ਬਾਰ ਦੀਆਂ ਦੋ ਖਾਸ ਅਰਜਨਟੀਨਾ ਐਡੀਸ਼ਨ ਛਾਪਕੇ ਅਰਜਨਟੀਨਾ ਵਿਚ ਸਭ ਨੂੰ ਭੇਜੀਆਂ ਗਈਆਂ ਸਨ। ਪਰ ਕੇਂਦਰੀ ਹੈਡਕੁਆਟਰ ਤੋਂ ਹੋਰ ਐਡੀਸ਼ਨ ਨਾ ਛਾਪਣ ਦੀ ਹਦਾਇਤ ਆ ਗਈ ਸੀ।

ਤੇਜਾ ਸਿੰਘ ਅਤੇ ਬੁੱਢਾ ਸਿੰਘ ਦੱਖਣ ਦੇ ਦੌਰੇ 'ਤੇ ਚਲੇ ਗਏ। ਉਨ੍ਹਾਂ ਨੇ ਬੁਇਨਸਏਰਿਸ, ਕੁਰਦਬਾ 'ਚ ਦੋ ਹੋਰ ਪ੍ਰਾਂਤਕ ਕਮੇਟੀਆਂ ਕਾਇਮ ਕੀਤੀਆਂ ਸਨ। ਮੈਂਬਰ ਭਰਤੀ ਕਰਕੇ ਟਰੇਨਿੰਗ ਦੇ ਦਿੱਤੀ ਗਈ ਸੀ। ਕੁਰਦਬਾ ਪਾਰਟੀ ਯੂਨਟ ਵਿਚ ਬਚਨ ਸਿੰਘ ਘੋਲੀਆ ਤੇ ਨੈਣਾ ਸਿੰਘ ਧੂਤ ਨੇ ਸਰਗਰਮ ਹਿੱਸਾ ਲਿਆ ਸੀ। ਤੇਜਾ ਸਿੰਘ ਥੋੜ੍ਹੀ ਦੇਰ ਅਜੀਤ ਸਿੰਘ ਕੋਲ ਠਹਿਰਿਆ ਸੀ ਅਤੇ ਉਨ੍ਹਾਂ ਨੇ ਪ੍ਰੋਗਰਾਮ ਬਣਾਇਆ ਸੀ ਕਿ ਅਰਜਨਟੀਨਾ ਦਾ ਕੰਮ ਖਤਮ ਕਰਕੇ ਦੋਹਵੇਂ ਰੀਓਦੀਜਨੇਰੋ ਚਲੇ ਜਾਣ ਅਤੇ ਉਥੋਂ ਯੂਰਪ ਜਾ ਕੇ ਅਗਲਾ ਪ੍ਰੋਗਰਾਮ ਉਲੀਕਣ।

ਅਰਜਨਟੀਨਾ ਦੇ ਸਾਰੇ ਗ਼ਦਰੀ ਡੈਲੀਗੇਟਾਂ ਦਾ ਰੋਸਾਰੀਓ ਵਿਚ ਤਿੰਨ ਰੋਜ਼ਾ ਅਜਲਾਸ ਹੋਇਆ ਸੀ ਜਿਸ ਵਿਚ ਹਿੰਦੋਸਤਾਨ ਦੀ ਰਾਜਸੀ ਹਾਲਤ ਉਤੇ ਵਿਚਾਰ ਵਟਾਂਦਰਾ ਕਰਕੇ ਅੱਗੇ ਨੂੰ ਤਿਆਰ ਰਹਿਣ ਦੇ ਆਦੇਸ਼ ਜਾਰੀ ਕੀਤੇ ਗਏ ਸਨ। ਬਾਅਦ ਵਿਚ ਅਰਜਨਟੀਨਾ ਦੀ ਗ਼ਦਰ ਪਾਰਟੀ ਦੀ ਚੋਣ ਕੀਤੀ ਗਈ ਸੀ ਜਿਸ ਦਾ ਪ੍ਰਧਾਨ ਦਲੀਪ ਸਿੰਘ, ਜਰਨਲ ਸਕੱਤਰ ਭਗਤ ਸਿੰਘ ਬਿਲਗਾ ਅਤੇ ਖਜ਼ਾਨਚੀ ਬਚਨ ਸਿੰਘ ਘੋਲੀਆਂ ਨੂੰ ਚੁਣਿਆ ਗਿਆ ਸੀ।

ਅਜੀਤ ਸਿੰਘ ਅਤੇ ਤੇਜਾ ਸਿੰਘ ਰੀਓਦੀਜਨੇਰੋ ਆ ਗਏ ਅਤੇ ਉਨ੍ਹਾਂ ਨੇ ਫੈਸਲਾ ਲਿਆ ਕਿ ਸਿੱਧੇ ਹਿੰਦੋਸਤਾਨ ਪਹੁੰਚਾਉਣ ਦਾ ਪਲੈਨ ਬਣਾ ਲਿਆ ਗਿਆ ਸੀ। ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਅਜੀਤ ਸਿੰਘ ਦਾ ਬਰਾਜ਼ੀਲ ਦੇ ਹਾਕਮ ਤਬਕੇ ਵਿਚ ਕਾਫੀ ਰਸੂਖ ਸੀ। ਗ਼ਦਰ ਪਾਰਟੀ ਨੇ ਮਧ-ਪੂਰਬ ਅਤੇ ਪਰਸ਼ੀਆ ਵਿਚ ਕੌਫੀ ਵੇਚਣ ਦੀਆਂ ਏਜੰਸੀਆਂ ਲੈ ਲਈਆਂ ਸਨ। ਇਹ ਯੋਜਨਾ ਵਿਚਾਰਨ ਲਈ ਤੇਜਾ ਸਿੰਘ ਮੁੜ ਮੋਂਤੇਵੀਦੀਓ ਆਇਆ ਜਿਥੇ ਭਗਤ ਸਿੰਘ ਬਿਲਗਾ ਨਾਲ ਵਿਚਾਰ ਵਟਾਂਦਰਾ ਕਰਨ ਮਗਰੋਂ ਦੋਹਵਾਂ ਨੇ ਬਰਲਨ ਜਾਣ ਦਾ ਫੈਸਲਾ ਕਰ ਲਿਆ।

ਦੂਜੇ ਪਾਸੇ ਰਤਨ ਸਿੰਘ ਦੀ ਯੋਜਨਾ ਸੀ ਕਿ ਸਾਰੇ ਮਾਸਕੋ ਪਹੁੰਚਕੇ ਈਸਟਰਨ ਯੂਨੀਵਰਸਿਟੀ ਤੋਂ ਟਰੇਨਿੰਗ ਲੈ ਕੇ ਹਿੰਦੋਸਤਾਨ ਜਾਣ। ਉਸ ਦਾ ਖਿਆਲ ਸੀ ਕਿ ਤੇਜਾ ਸਿੰਘ ਆਪ ਵੀ ਮਾਸਕੋ ਯੂਨੀਵਰਸਿਟੀ ਵਿਚ ਰਾਜਸੀ ਟਰੇਨਿੰਗ ਲਵੇ। ਇਸ ਉਤੇ ਪਾਰਟੀ ਕੇਂਦਰ ਵਿਚ ਕਾਫੀ ਵਿਚਾਰ ਵਟਾਂਦਰਾ ਹੋਇਆ ਅਤੇ ਭਾਈ ਰਤਨ ਸਿੰਘ ਦੀ ਯੋਜਨਾ ਪ੍ਰਵਾਨ ਕਰ ਲਈ ਗਈ। ਸਾਰੀ ਦੁਨੀਆਂ ਵਿਚ ਗ਼ਦਰੀ ਬਰਾਂਚਾਂ ਨੂੰ ਗੁਪਤ ਹਦਾਇਤ ਕੀਤੀ ਗਈ ਕਿ ਲਾਈਫ ਮੈਂਬਰ ਬਰਲਨ ਰਾਹੀਂ ਮਾਸਕੋ ਪਹੁੰਚਣ।

ਅਰਜਨਟੀਨਾ ਦਾ ਪਹਿਲਾ ਜਥਾ ਬੂਝਾ ਸਿੰਘ ਚੱਕ ਮਾਈਦਾਸ ਦੀ ਕਮਾਂਡ

ਹੇਠ ਰਵਾਨਾ ਹੋਇਆ ਸੀ, ਜਿਸ ਵਿਚ ਪੂਰਨ ਸਿੰਘ ਰੁੜਕਾ ਕਲਾਂ ਅਤੇ ਚਿੰਤਾ ਸਿੰਘ ਸ਼ਾਮਲ ਸਨ। ਇਹ ਮਾਸਕੋ ਪਹੁੰਚ ਗਏ। ਕਨੇਡਾ, ਅਰਮੀਕਾ, ਪਨਾਮਾ, ਅਰਜਨਟੀਨਾ, ਚੀਨ, ਕੀਨੀਆ, ਫੀਜੀ, ਨਿਊਜ਼ੀਲੈਂਡ, ਇੰਡੀਆ ਅਤੇ ਕਾਬਲ ਆਦਿ ਤੋਂ ਸਾਰੇ ਗ਼ਦਰੀਆਂ ਨੇ ਮਾਸਕੋ ਵਲ ਵਹੀਰਾਂ ਘੱਤ ਦਿੱਤੀਆਂ ਸਨ। ਤੇਜਾ ਸਿੰਘ ਅਤੇ ਭਗਤ ਸਿੰਘ ਬਿਲਗਾ ਵੀ ਮਾਸਕੋ ਪਹੁੰਚ ਗਏ ਸਨ। ਇਨ੍ਹਾਂ ਗ਼ਦਰੀਆਂ ਦੀ ਗਿਣਤੀ 77 ਦੇ ਕਰੀਬ ਸੀ। ਅਤੇ ਇਨ੍ਹਾਂ ਵਿਚੋਂ 20 ਫੀਸਦੀ ਇਕੱਲੇ ਅਰਜਨਟੀਨਾ ਵਿਚੋਂ ਹੀ ਆਏ ਸਨ। ਬਹੁਤ ਸਾਰੇ ਗ਼ਦਰੀ ਮਾਸਕੋ ਨਾ ਪਹੁੰਚ ਸਕੇ ਤੇ ਉਹ ਸਿੱਧੇ ਹਿੰਦੋਸਤਾਨ ਚਲੇ ਗਏ ਸਨ। ਉਨ੍ਹਾਂ ਵਿਚ ਕਰਤਾਰ ਸਿੰਘ ਗਿੱਲ ਬਾਸਰਕੇ, ਡਾ. ਭਾਗ ਸਿੰਘ, ਬਾਬਾ ਦਲੀਪ ਸਿੰਘ ਫਾਹਲਾ ਸਨ। ਹਰਬੰਸ ਸਿੰਘ ਕਰਨਾਣਾ ਨੂੰ ਨਿਊਜ਼ੀਲੈਂਡ ਤੋਂ ਆਉਂਦਿਆਂ ਨੂੰ ਰੋਕ ਲਿਆ ਗਿਆ ਸੀ। ਬਰਤਾਨੀਆ ਤੋਂ ਕੋਈ ਵੀ ਕਮਿਊਨਿਸਟ ਮਾਸਕੋ ਨਹੀਂ ਸੀ ਗਿਆ।

ਮਾਸਕੋ ਯੂਨੀਵਰਸਿਟੀ

ਮਾਸਕੋ ਯੂਨੀਵਰਸਿਟੀ ਦੀ ਪੜ੍ਹਾਈ ਸੌਖੀ ਸੀ ਅਤੇ ਗ਼ਦਰੀ ਵਿਦਿਆਰਥੀਆਂ ਦੇ ਜਲਦੀ ਸਮਝ ਆਉਣ ਵਾਲੀ ਸੀ। ਇਹ ਇਨ੍ਹਾਂ ਦੀ ਜ਼ਿੰਦਗੀ ਦੀ ਆਪਣੀ ਵਿਥਿਆ ਸੀ। ਇਹ ਗ਼ਦਰੀ ਪਹਿਲਾਂ ਕਿਸਾਨੀ ਅਤੇ ਫੇਰ ਮਜ਼ਦੂਰ ਦੀ ਜ਼ਿੰਦਗੀ ਹੰਢਾ ਚੁੱਕੇ ਸਨ ਅਤੇ ਇਨ੍ਹਾਂ ਦੀਆਂ ਔਕੜਾਂ ਤੋਂ ਵਾਕਫ ਸਨ। ਲੁੱਟ-ਖਸੁੱਟ ਦੇ ਨਜ਼ਾਮ ਤੋਂ ਛੁਟਕਾਰਾ ਪਾਉਣਾ ਉਨ੍ਹਾਂ ਦੀ ਲਗਨ ਦਾ ਹਿਸਾ ਸੀ। ਉਨ੍ਹਾਂ ਨੂੰ ਜਮਾਤੀ ਜੱਦੋ ਜਹਿਦ ਦੀ ਅਤੇ ਬਰਤਾਨੀਆ ਵਲੋਂ ਹਿੰਦੋਸਤਾਨ ਦੀ ਕੀਤੀ ਜਾਂਦੀ ਲੁਟ ਦੀ ਜਲਦੀ ਸਮਝ ਆ ਗਈ ਸੀ। ਗੁਲਾਮ ਦੇਸਾਂ ਦੀ ਜਦੋਜਹਿਦ ਬਾਰੇ ਵੀ ਉਨ੍ਹਾਂ ਨੂੰ ਆਪਣਾ ਤਜਰਬਾ ਸੀ। ਉਨ੍ਹਾਂ ਨੇ ਸਮਾਜਵਾਦ ਦੀ ਵਿਚਾਰਧਾਰਾ ਨੂੰ ਅਪਣਾ ਲਿਆ ਸੀ।

ਉਨ੍ਹਾਂ ਨੇ ਰਾਜਸੀ-ਆਰਥਕਤਾ, ਦਵੰਦਵਾਦ, ਇਤਿਹਾਸਕ ਪਦਾਰਥਵਾਦ ਤੇ ਕਮਿਊਨਿਸਟ ਫਲਸਫੇ ਦਾ ਮੁਢਲਾ ਗਿਆਨ ਪ੍ਰਾਪਤ ਕਰ ਲਿਆ ਸੀ। ਉਨ੍ਹਾਂ ਨੇ ਕੌਮੀ ਘਟ-ਗਿਣਤੀਆਂ ਦਾ ਸਵੈਨਿਰਣੇ ਦਾ ਹੱਕ ਤੇ ਕੌਮੀ ਸਵਾਲ ਦੇ ਬੁਨਿਆਦੀ ਸਿਧਾਂਤਾਂ ਨੂੰ ਸਮਝ ਲਿਆ ਸੀ ਅਤੇ ਗ਼ਦਰੀਆਂ ਨੇ ਇਸ ਦਾ ਸਬੂਤ ਹਿੰਦੋਸਤਾਨ ਦੀ ਵੰਡ ਵੇਲੇ ਦਿੱਤਾ ਸੀ। ਦਰਅਸਲ ਇਹ ਮਾਸਕੋ ਵਿਚ ਗ਼ਦਰੀਆਂ ਵਲੋਂ ਲਗਨ ਨਾਲ ਕੀਤੀ ਪੜ੍ਹਾਈ ਦਾ ਸਿੱਟਾ ਸੀ।

ਮਾਸਕੋ ਯੂਨੀਵਰਸਿਟੀ ਵਿਚ ਫੌਜੀ ਟਰੇਨਿੰਗ ਇਕ ਲਾਜ਼ਮੀ ਹਿੱਸਾ ਵੀ ਸੀ ਜਿਹੜਾ ਕਿ ਗ਼ਦਰੀਆਂ ਦਾ ਮਨਭਾਉਂਦਾ ਹੁਨਰ ਸੀ। ਚਰਨੀਸ਼, ਜਿਹੜਾ ਲੜਾਈ ਸਮੇਂ ਮਾਸਕੋ ਦੀ ਸਿਵਲ ਡੀਫੈਂਸ ਦਾ ਇਨਚਾਰਜ ਹੁੰਦਾ ਸੀ, ਹੁਣ ਯੂਨੀਵਰਸਿਟੀ ਵਿਚ ਫੌਜੀ ਸਿੱਖਿਆ ਦਾ ਪ੍ਰੋਫੈਸਰ ਸੀ। ਕਲਾਸ ਵਿਚ ਅਤੇ ਅਮਲੀ ਟਰੇਨਿੰਗ ਸਮੇਂ ਗ਼ਦਰੀਆਂ 'ਤੇ ਬਹੁਤ ਖੁਸ਼ ਰਹਿੰਦਾ ਸੀ ਅਤੇ ਕਿਹਾ ਕਰਦਾ ਸੀ ਕਿ ਇਸ ਡੀਟੈਚਮੈਂਟ ਨਾਲ ਮੈਂ

ਦੁਸ਼ਮਣ ਨੂੰ ਵਖਤ ਪਾ ਸਕਦਾ ਹਾਂ।

ਹਿੰਦੋਸਤਾਨੀ ਸੈਕਸਨ ਵਿਚ ਵੱਡੀ ਗਿਣਤੀ ਉਨ੍ਹਾਂ ਦਾ ਸੀ ਜਿਹੜੇ ਸਿਰਫ ਪੰਜਾਬੀ ਹੀ ਜਾਣਦੇ ਸਨ ਅਤੇ ਪੰਜਾਬੀ ਜਾਨਣ ਵਾਲਾ ਪ੍ਰੋਫੈਸਰ ਇਕੋ ਸੀ—ਕਾਮਰੇਡ ਦਿਆਕੋਵ। ਅੰਗਰੇਜ਼ੀ ਜਾਨਣ ਵਾਲੇ ਵਿਦਿਆਰਥੀ ਪਹਿਲਾਂ ਆਪਣੀ ਜਮਾਤ ਲਾਉਂਦੇ ਅਤੇ ਫੇਰ ਪੰਜਾਬੀਆਂ ਦੀਆਂ ਕਲਾਸਾਂ ਵਿਚ ਦੋਭਾਸ਼ੀਏ ਦਾ ਕੰਮ ਕਰਦੇ ਸਨ। ਚੰਨਣ ਸਿੰਘ ਸ਼ਾਹੀ ਕੈਦੀ ਦੀ ਅੰਗਰੇਜ਼ੀ ਅਤੇ ਰੂਸੀ ਉੱਤੇ ਬੜੀ ਕਮਾਂਡ ਸੀ ਅਤੇ ਸਕੂਲ ਵਿਚ ਉਸ ਨੇ ਦੋਭਾਸੀਏ ਦਾ ਬੜਾ ਕੰਮ ਕੀਤਾ।

ਯੂਨੀਵਰਸਿਟੀ ਵਿਚ ਅਧਿਆਪਕ-ਵਿਦਿਆਰਥੀ ਸੰਬੰਧ ਬੜੇ ਨਿੱਘੇ ਸਨ। ਦਿਆਕੋਵ ਕਿਹਾ ਕਰਦਾ ਸੀ ਕਿ ਜਮਾਤ ਵਿਚ ਮੈਂ ਤੁਹਾਡਾ ਅਧਿਆਪਕ ਹਾਂ ਅਤੇ ਜਮਾਤ ਤੋਂ ਬਾਹਰ ਤੁਸੀਂ ਮੇਰੇ ਅਧਿਆਪਕ ਹੋ। ਉਸ ਨੇ ਆਮ ਪੰਜਾਬੀਆਂ ਵਾਂਗ ਪੰਜਾਬੀ ਬੋਲਣੀ ਸ਼ੁਰੂ ਕਰ ਦਿੱਤੀ ਸੀ ਅਤੇ ਉਹ ਦੇਖਣ ਨੂੰ ਕਸ਼ਮੀਰੀ ਲਗਦਾ ਸੀ।

ਵਿਦਿਆਰਥੀਆਂ ਨੂੰ ਸੋਵੀਅਤ ਆਗੂਆਂ ਨੂੰ ਦੇਖਣ ਤੇ ਸੁਣਨ ਦਾ ਖਾਸ ਮੌਕਾ ਮਿਲਦਾ ਸੀ ਅਤੇ ਖਾਸ ਤਕਰੀਰਾਂ ਵੇਲੇ ਪਾਸ ਦੇ ਦਿੱਤੇ ਜਾਂਦੇ ਸਨ। ਇਸ ਤੋਂ ਬਿਨਾਂ ਉਨ੍ਹਾਂ ਨੂੰ ਰੂਸ ਦੀ ਉਸਾਰੀ ਅੱਖੀਂ ਦੇਖਣ ਦਾ ਮੌਕਾ ਮਿਲਿਆ ਸੀ। ਉਹ ਸੋਵੀਅਤ ਲੋਕਾਂ ਵਲੋਂ ਦਿਆਨਤਦਾਰੀ ਤੇ ਉਤਸ਼ਾਹ ਨਾਲ ਕੀਤੀ ਜਾ ਰਹੀ ਸਮਾਜਵਾਦ ਦੀ ਉਸਾਰੀ ਤੋਂ ਵੀ ਪ੍ਰਭਾਵਤ ਹੋਏ ਸਨ। ਪੁਰਾਣੇ ਬਾਲਸ਼ਵਿਕਾ ਦੇ ਮਿਲਣਸਾਰ ਅਤੇ ਸਾਦਾ ਸੁਭਾਅ ਨੇ ਵੀ ਗ਼ਦਰੀਆਂ 'ਤੇ ਡੂੰਘਾ ਅਸਰ ਪਾਇਆ ਸੀ। ਉਹ ਬਾਲਸ਼ਵਿਕ ਗ਼ਦਰੀਆਂ ਨੂੰ ਸਧਾਰਨ ਸ਼ਬਦਾਂ ਵਿਚ ਉਸ ਸਮੇਂ ਦੇ ਹਾਲਾਤ ਅਤੇ ਹਿੰਦੋਸਤਾਨ ਦੀ ਅਜ਼ਾਦੀ ਦੀ ਲੜਾਈ ਦੇ ਦਾਅਪੇਚ ਅਤੇ ਬਰਤਾਨਵੀ ਸਾਮਰਾਜ ਦੇ ਲੱਛਣ ਬਾਰੇ ਦਸਦੇ ਸਨ।

ਮਾਸਕੋ ਤੋਂ ਹਿੰਦੋਸਤਾਨ ਵੱਲ

ਅੰਗਰੇਜ਼ ਹਕੂਮਤ ਨੇ ਹਿੰਦੋਸਤਾਨ ਨੂੰ ਅਜੇਹੀ ਜੇਲ੍ਹ ਬਣਾ ਰੱਖਿਆ ਸੀ ਕਿ ਕਿਸੇ ਵੀ ਜਾਣੇ ਜਾਂਦੇ ਇਨਕਲਾਬੀ ਲਈ ਏਥੇ ਦਾਖਲ ਹੋਣਾ ਜਾਂ ਬਾਹਰ ਨਿਕਲਣਾ ਬਹੁਤ ਹੀ ਮੁਸ਼ਕਲ ਸੀ। ਪਰ ਗ਼ਦਰੀਆਂ ਨੇ ਇਸ ਜੇਲ੍ਹ ਨੂੰ ਕਈ ਵਾਰ ਸੰਨ੍ਹ ਲਾਈ ਜਿਸ ਦੀਆਂ ਉਨ੍ਹਾਂ ਨੂੰ ਭਾਰੀ ਕੀਮਤਾਂ ਵੀ ਚੁਕਾਉਣੀਆਂ ਪਈਆਂ ਸਨ। ਮਾਸਟਰ ਊਧਮ ਸਿੰਘ, ਰਤਨ ਸਿੰਘ ਅਤੇ ਗੁਰਮੁਖ ਸਿੰਘ ਨਿਰਵਿਘਨ ਆਉਂਦੇ ਜਾਂਦੇ ਰਹੇ ਸਨ।

ਸੰਤਾ ਸਿੰਘ ਗੰਡੀਵਿੰਡ ਫਰਾਂਸ ਤੋਂ ਪਾਂਡੀਚਰੀ ਆ ਗਿਆ ਸੀ ਅਤੇ ਲੁਕ ਕੇ ਸਰਹੱਦ ਪਾਰ ਕਰਦੇ ਸਮੇਂ ਫੜਿਆ ਗਿਆ ਸੀ। ਪਾਂਡੀਚਰੀ ਭਾਵੇਂ ਫਰਾਂਸ ਦੇ ਮੁਤਹਿਤ ਸੀ ਪਰ ਏਥੇ ਅੰਗਰੇਜ਼ੀ ਜਸੂਸਾਂ ਦਾ ਜਾਲ ਵਿਛਿਆ ਹੋਇਆ ਸੀ। ਉਸਨੂੰ 4 ਨਵੰਬਰ 1927 ਨੂੰ ਗ੍ਰਿਫਤਾਰ ਕਰਕੇ ਬਿਨਾਂ ਮੁਕੱਦਮਾ ਚਲਾਏ ਤਿੰਨ ਸਾਲ ਜੇਲ੍ਹ ਵਿਚ ਰੱਖਿਆ ਗਿਆ ਸੀ ਅਤੇ ਬਾਅਦ ਵਿਚ ਪਿੰਡ ਵਿੱਚ ਨਜ਼ਰਬੰਦ ਕਰ ਦਿੱਤਾ ਸੀ।

ਕਰਮ ਸਿੰਘ ਧੂਤ, ਜਿਸ ਨੂੰ ਅੰਗਰੇਜ਼ ਖੁਫੀਆ ਏਜੰਸੀ ਨੇ ਮਾਸਕੋ ਜਾਣ ਵਾਲੇ

ਪਹਿਲੇ ਜੱਥੇ ਦਾ ਲੀਡਰ ਦੱਸਿਆ ਹੈ, ਨੂੰ 1930 ਵਿਚ ਕਾਬਲ ਦੇ ਰਸਤੇ ਹਿੰਦੋਸਤਾਨ ਦਾਖਲ ਹੁੰਦਿਆਂ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸਨੂੰ ਲਾਹੌਰ ਕਿਲ੍ਹੇ ਦੇ ਤਸੀਹਾ ਕੇਂਦਰ ਵਿਚ ਤਸੀਹੇ ਦਿੱਤੇ ਗਏ ਸਨ ਪਰ ਅਧਿਕਾਰੀ ਉਸਤੋਂ ਕੁਝ ਵੀ ਹਾਸਲ ਨਾ ਕਰ ਸਕੇ। ਆਖਰ ਉਸਨੂੰ 1818 ਦੇ ਰੇਲੂਗੇਸ਼ਨ ਅਧੀਨ 1930 ਤੋਂ 1937 ਤੱਕ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿਚ ਰੱਖਿਆ ਗਿਆ ਸੀ ਅਤੇ ਰਿਹਾਅ ਹੋਣ 'ਤੇ ਉਸਨੂੰ ਦੇਸ ਨਿਕਾਲਾ ਦੇ ਦਿੱਤਾ ਸੀ। ਕਰਮ ਸਿੰਘ ਧੂਤ ਕਪੂਰਥਲਾ ਰਿਆਸਤ ਵਿਚ ਪੈਂਦੇ ਧੂਤ ਕਲਾਂ ਦਾ ਵਸਨੀਕ ਸੀ ਅਤੇ ਪੰਜਾਬ ਰਿਆਸਤੀ ਪਰਚਾ ਮੰਡਲ ਦਾ ਪ੍ਰਧਾਨ ਵੀ ਬਣਿਆ ਸੀ। 1940 ਵਿਚ ਦੂਜੀ ਸੰਸਾਰ ਜੰਗ ਸਮੇਂ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਤੇ ਉਸਨੂੰ ਦਿਓਲੀ ਅਤੇ ਗੁਜਰਾਤ ਦੀਆਂ ਜੇਲ੍ਹਾਂ ਵਿਚ 5 ਸਾਲ ਕੈਦ ਰੱਖਿਆ ਗਿਆ। ਅੰਗਰੇਜ਼ ਹਕੂਮਤ ਨੇ ਉਸ ਨੂੰ ਬਿਨਾਂ ਮੁਕੱਦਮਾ ਚਲਾਏ 12 ਸਾਲ ਕੈਦ ਰੱਖਿਆ ਸੀ।

ਹਰਜਾਪ ਸਿੰਘ ਜਦੋਂ ਚੀਨ ਦੇ ਰਸਤੇ ਹਿੰਦੋਸਤਾਨ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਉਸ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ ਅਤੇ ਬਾਅਦ ਵਿਚ ਪਿੰਡ ਮਾਹਲਪੁਰ ਵਿਚ ਬੰਦ ਕਰ ਦਿੱਤਾ ਗਿਆ ਸੀ।

ਹਰਨਾਮ ਸਿੰਘ ਉਰਫ ਪ੍ਰੀਤਮ ਸਿੰਘ ਨੇ ਚੀਨ ਦੇ ਇਨਕਲਾਬੀਆਂ ਨਾਲ ਰਲਕੇ ਅਹਿਮ ਰੋਲ ਅਦਾ ਕੀਤਾ ਸੀ ਪਰ ਜਦੋਂ ਹਿੰਦੋਸਤਾਨ ਦਾਖਲ ਹੋਣ ਲੱਗਾ ਤਾਂ ਉਸਨੂੰ ਗ੍ਰਿਫਤਾਰ ਕਰਕੇ ਪਿੰਡ ਨਜ਼ਰਬੰਦ ਕਰ ਦਿੱਤਾ ਗਿਆ ਸੀ।

ਇਸ ਤਰ੍ਹਾਂ ਪਾਰਟੀ ਨੇ ਭਾਰੀ ਕੁਰਬਾਨੀਆਂ ਕੀਤੀਆਂ ਅਤੇ ਆਪਣੇ ਨਿਸ਼ਾਨੇ ਵੱਲ ਵਧਦੀ ਗਈ।

ਮਾਸਕੋ ਯੂਨੀਵਰਸਿਟੀ ਤੋਂ ਸਿਖਲਾਈ ਪ੍ਰਾਪਤ ਗ਼ਦਰੀ ਵੀ ਹਿੰਦੋਸਤਾਨ ਵੱਲ ਆਉਣੇ ਸ਼ੁਰੂ ਹੋ ਗਏ ਸਨ। ਵਾਸਦੇਵ ਪਸ਼ਤੋ ਜਾਣਦਾ ਸੀ। ਉਹ ਕਾਬਲ ਰਾਹੀਂ ਸਰਹੱਦ ਪਾਰ ਕਰਕੇ ਹਿੰਦੋਸਤਾਨ ਆ ਗਿਆ ਸੀ ਅਤੇ ਕਮਿਊਨਿਸਟ ਲਹਿਰ ਦੀ ਉਸਾਰੀ ਲਈ ਕੰਮ ਕਰਦਾ ਰਿਹਾ ਸੀ। ਉਹ ਵੀ ਅੰਮ੍ਰਿਤਸਰ ਤੋਂ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਸ਼ਾਹੀ ਕੈਦੀ ਬਣਾ ਕੇ 9 ਸਾਲ ਤੱਕ ਜੇਲ੍ਹ ਵਿਚ ਰਖਿਆ ਗਿਆ ਸੀ।

1932-33 ਦੇ ਵਰ੍ਹੇ ਕੌਮਾਂਤਰੀ ਰਾਜਨੀਤੀ ਦੇ ਬਹੁਤ ਹੀ ਸੰਜੀਦਾ ਵਰ੍ਹੇ ਸਨ। ਜਰਮਨ ਵਿਚ ਹਿਟਲਰ ਦੀ ਫਾਸੀ ਹਕੂਮਤ ਬਣ ਗਈ ਸੀ। ਉਸਨੇ ਅਗੇਵਧੂਆਂ, ਖਾਸ ਕਰਕੇ ਕਮਿਊਨਿਸਟਾਂ ਦੀਆਂ ਗ੍ਰਿਫਤਾਰੀਆਂ ਕਰ ਲਈਆਂ ਸਨ, ਜਰਮਨ ਪਾਰਲੀਮੈਂਟ ਨੂੰ ਅੱਗ ਲਾ ਕੇ ਕਮਿਊਨਿਸਟ ਆਗੂਆਂ, ਜਿਨ੍ਹਾਂ ਵਿਚ ਦਮਿਤਰੋਵ ਵੀ ਸ਼ਾਮਲ ਸੀ, ਉਤੇ ਮੁਕੱਦਮਾ ਚਲਾਇਆ। ਇਟਲੀ ਵਿਚ ਮੁਸੋਲਿਨੀ ਦਾ ਫਾਸ਼ੀ ਰਾਜ ਬਣ ਗਿਆ ਸੀ। ਸਪੇਨ ਦੀ ਜਮਹੂਰੀ ਹਕੂਮਤ ਨੂੰ ਤੋੜ ਕੇ ਜਨਰਲ ਫਰਾਂਕੋ ਨੇ ਰਾਜ ਸੰਭਾਲ ਲਿਆ ਸੀ। ਹੰਗਰੀ ਤੇ ਆਸਟਰੀਆ ਵਿਚ ਬਗ਼ਾਵਤਾਂ ਹੋਈਆਂ ਅਤੇ ਇਨਕਲਾਬੀਆਂ ਉਤੇ ਕੇਸ ਚਲ ਰਹੇ ਸਨ।

ਪਿਛਾਖੜ ਦੀ ਇਸ ਹਨ੍ਹੇਰੀ ਵਿਚ ਬਰਲਟ ਗ਼ਦਰੀ ਕੇਂਦਰ ਵੀ ਖਤਮ ਹੋ ਗਿਆ। ਉਸ ਵੇਲੇ ਸੋਵੀਅਤ ਯੂਨੀਅਨ ਚਾਰੇ ਪਾਸੇ ਤੋਂ ਘੇਰਿਆ ਹੋਇਆ ਸੀ ਅਤੇ ਨਿਕਲਣਾ ਮੁਸ਼ਕਲ ਸੀ। ਪਰ ਗ਼ਦਰੀਆਂ ਦਾ ਹਿੰਦੋਸਤਾਨ ਪਹੁੰਚਣ ਦਾ ਇਰਾਦਾ ਅਟਲ ਸੀ। ਇਹ ਪਾਰਟੀ ਦਾ ਵੀ ਫੈਸਲਾ ਸੀ। ਭਾਈ ਰਤਨ ਸਿੰਘ ਨੇ ਬੈਲਜੀਅਮ ਅਤੇ ਫਰਾਂਸ ਰਾਹੀਂ ਇਹ ਇੰਤਜ਼ਾਮ ਕਰਨੇ ਸਨ।

ਬਰਤਾਨਵੀ ਹਕੂਮਤ ਦੇ ਕਨਰਲ ਲਾਰੈਂਸ ਵਰਗੇ ਸ਼ਾਤਰ ਸਾਜ਼ਸ਼ੀ 1929 ਵਿਚ ਕਾਬਲ ਦੀ ਅਮਾਨਉਲਾ ਸਰਕਾਰ ਦਾ ਤਖਤਾ ਪਲਟਣ ਵਿਚ ਕਾਮਯਾਬ ਹੋ ਗਏ ਸਨ। ਕੁਝ ਸਮੇਂ ਲਈ ਬੱਚਾ ਸੱਕਾ ਨੂੰ ਤੇ ਉਸਤੋਂ ਬਾਅਦ ਉਨ੍ਹਾਂ ਨੇ ਬਰਤਾਨੀਆਂ ਦੇ ਹਮਾਇਤੀ ਜਰਨੈਲ ਨਾਦਰ ਸ਼ਾਹ ਨੂੰ ਤਖਤ 'ਤੇ ਬਿਠਾ ਦਿੱਤਾ। ਨਾਦਰ ਨੇ ਵਾਗਡੋਰ ਸੰਭਾਲਦਿਆਂ ਹੀ ਗ਼ਦਰ ਪਾਰਟੀ ਦੇ ਕੇਂਦਰ ਨੂੰ ਤੋੜ ਦਿਤਾ। ਗ਼ਦਰ ਪਾਰਟੀ 'ਤੇ ਇਹ ਇਕ ਗਹਿਰੀ ਸੱਟ ਸੀ। ਇਸ ਲਈ ਹਿੰਦੋਸਤਾਨ ਆਉਣ ਦਾ ਇਹ ਰਾਹ ਵੀ ਬੰਦ ਹੋ ਗਿਆ। ਗੁਰਮੁਖ ਸਿੰਘ ਮਾਸਕੋ ਚਲਾ ਗਿਆ ਸੀ।

ਬਾਬਾ ਪ੍ਰਿਥਵੀ ਸਿੰਘ ਅਜ਼ਾਦ ਜੇਲ੍ਹ ਵਿਚੋਂ ਮਫ਼ਰੂਰ ਹੋ ਕੇ ਗੁਜਰਾਤ ਵਿਚ ਸਵਾਮੀ ਰਾਓ ਦੇ ਨਾਂ ਹੇਠ ਅਖਾੜਾ ਚਲਾ ਰਿਹਾ ਸੀ। ਪਾਰਟੀ ਦੇ ਫੈਸਲੇ ਅਨੁਸਾਰ ਪ੍ਰਿਥਵੀ ਸਿੰਘ ਵੀ ਗੁਜਰਾਤ ਛਡ ਕੇ ਕਾਬਲ ਰਾਹੀਂ ਮਾਸਕੋ ਪਹੁੰਚ ਗਿਆ ਸੀ ਤੇ ਉਸਨੇ ਵੀ ਲੈਨਿਨ ਯੂਨੀਵਰਸਿਟੀ ਵਿਚ ਵਿੱਦਿਆ ਲਈ ਸੀ। ਗੁਰਮੁਖ ਸਿੰਘ, ਜਿਹੜਾ ਕਿ ਬੇਹੱਦ ਜਿਗਰੇ ਵਾਲੇ ਗ਼ਦਰੀ ਸੀ, ਪ੍ਰਿਥਵੀ ਸਿੰਘ ਨੂੰ ਨਾਲ ਲੈ ਕੇ ਅਫ਼ਗਾਨਿਸਤਾਨ ਦੇ ਰਸਤੇ ਹਿੰਦੋਸਤਾਨ ਵੱਲ ਚੱਲ ਪਿਆ। ਦੋਹਵੇਂ ਹੀ ਅੰਗਰੇਜ਼ੀ ਘੋਲਾਂ ਵਿਚੋਂ ਮਫ਼ਰੂਰ ਹੋਏ ਗ਼ਦਰੀ ਸਨ। ਉਹ ਪਹਾੜਾਂ ਦੀਆਂ ਡੰਡੀਆਂ 'ਤੇ ਸਫਰ ਕਰਕੇ ਜਲਾਲਾਬਾਦ (ਅਫ਼ਗਾਨਿਸਤਾਨ) ਨੇੜੇ ਪਹੁੰਚ ਗਏ। ਨਾਦਰ ਸ਼ਾਹ ਦੀ ਪੁਲਸ ਅਤੇ ਅੰਗਰੇਜ਼ੀ ਜਸੂਸਾਂ ਨੇ ਸਰਹੱਦ ਨੇੜੇ ਜਾਲ ਵਿਛਾਇਆ ਹੋਇਆ ਸੀ। ਜਦੋਂ ਦੋਹਵੇਂ ਗ਼ਦਰੀ ਕਬੀਲਿਆਂ ਦੇ ਇਲਾਕੇ ਵਿਚ ਦਾਖਲ ਹੋਣ ਲਗੇ ਤਾਂ ਗ੍ਰਿਫਤਾਰ ਕਰ ਲਏ ਗਏ ਸਨ ਅਤੇ ਕਾਬਲ ਦੀ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ ਸਨ। ਬਹੁਤ ਦੇਰ ਉਨ੍ਹਾਂ ਦੀ ਕੋਈ ਉਘ-ਸੁਘ ਨਾ ਨਿਕਲੀ। ਉਨ੍ਹਾਂ ਨੂੰ ਖਤਮ ਕਰਨ ਦੀ ਵੀ ਸਕੀਮ ਤਿਆਰ ਹੋ ਚੁਕੀ ਸੀ। ਆਖ਼ਰਕਾਰ ਕਾਬਲ ਦੇ ਇਕ ਪੁਰਾਣੇ ਸੰਪਾਦਕ ਰਾਹੀਂ ਖ਼ਬਰ ਅੰਮ੍ਰਿਤਸਰ ਪਹੁੰਚ ਗਈ। ਇਸ ਸੰਬੰਧੀ ਪੈਰਿਸ, ਅਮਰੀਕਾ ਆਦਿ ਥਾਵਾਂ 'ਤੇ ਤਾਰਾਂ ਦੇ ਦਿੱਤੀਆਂ ਗਈਆਂ। ਸਿਵਲ ਲਿਬਰਟੀਜ਼, ਫਰੈਂਡਜ਼ ਆਫ ਇੰਡੀਅਨ ਇੰਡੀਪੈਂਡੈਂਸ ਜਥੇਬੰਦੀਆਂ ਵਲੋਂ ਅਫਗਾਨ ਕੌਂਸਲ ਸਾਹਮਣੇ ਰੋਸ ਮੁਜ਼ਾਹਰੇ ਕੀਤੇ ਗਏ। ਅਫ਼ਗਾਨ ਸਰਕਾਰ ਨੇ ਮਜਬੂਰ ਹੋ ਕੇ ਫੇਰ ਇਨ੍ਹਾਂ ਨੂੰ ਮਾਸਕੋ ਡੀਪੋਰਟ ਕਰ ਦਿਤਾ। ਬਾਅਦ ਵਿਚ ਪ੍ਰਿਥਵੀ ਸਿੰਘ ਪਹਿਲਾਂ ਇਟਲੀ ਅਤੇ ਫੇਰ ਉਤੋਂ ਪਾਂਡੀਚਰੀ ਰਾਹੀਂ ਹਿੰਦੋਸਤਾਨ ਪਹੁੰਚ ਗਿਆ ਸੀ। ਬਾਕੀ ਦੇ ਗ਼ਦਰੀਆਂ ਵਿਚੋਂ ਕੌਣ ਕਿਧਰ ਦੀ ਗਿਆ। ਇਸ ਬਾਰੇ ਵਿਆਖਿਆ 'ਚ ਦਸਣਾ ਤਾਂ ਔਖਾ ਹੈ ਪਰ ਕੁਝ ਇਕ ਉਘੇ ਉਪਰਾਲੇ ਜ਼ਰੂਰ ਦਸਣ ਯੋਗ ਹਨ। ਭਗਤ

ਸਿੰਘ ਬਿਲਗਾ (ਲੇਖਕ), ਅੱਛਰ ਸਿੰਘ ਛੀਨਾ ਤੇ ਹੋਰ ਕਈ ਗ਼ਦਰੀ ਸੋਵੀਅਤ ਯੂਨੀਅਨ ਤੋਂ ਜਰਮਨ ਰਾਹੀਂ ਪੈਰਿਸ ਚਲੇ ਗਏ ਸਨ। ਜੇਕਰ ਜਰਮਨੀ ਵਿਚੋਂ ਦੀ ਆਉਂਦੇ ਫੜੇ ਜਾਂਦੇ ਤਾਂ ਗੈਸ ਚੈਂਬਰ ਦੀਆਂ ਮੌਤਾਂ ਯਕੀਨੀ ਸਨ। ਕੁਝ ਇਕ ਗ਼ਦਰੀ ਹਿੰਦੂਕੁਸ਼ ਟੱਪ ਕੇ ਚਤਰਾਲ ਦੇ ਰਸਤੇ ਹਿੰਦੋਸਤਾਨ ਪਹੁੰਚਣ ਵਿਚ ਸਫਲ ਹੋ ਗਏ। ਇਹ ਉਨ੍ਹਾਂ ਦੀ ਖੁਸ਼ਕਿਸਮਤੀ ਸੀ। (ਮਾਸਕੋ ਤੋਂ ਜਰਮਨੀ ਪਹੁੰਚਣਾ ਅਜੇ ਵੀ ਦਸਣ ਯੋਗ ਨਹੀਂ)। ਪਰ ਜਰਮਨੀ ਦੇ ਹੋਟਲਾਂ ਦੀਆਂ ਕੰਧਾਂ ਨੂੰ ਵੀ ਉਸ ਵੇਲੇ ਕੰਨ ਲਗੇ ਹੋਏ ਸਨ। ਬੈਲਜੀਅਮ ਵਿਚ ਬਾਬਾ ਰਤਨ ਸਿੰਘ ਨੂੰ ਮਿਲਣਾ ਔਖਾ ਤਾਂ ਨਹੀਂ ਸੀ ਪਰ ਜਰਮਨੀ ਅਤੇ ਫਰਾਂਸੀਸੀ ਜ਼ੁਬਾਨਾਂ ਦੇ ਕੁਝ ਜ਼ਰੂਰੀ ਵਾਕ ਸਿਖਣਾ ਬੜਾ ਜ਼ਰੂਰੀ ਸੀ ਤਾਂ ਕਿ ਕਿਸੇ ਨੂੰ ਕੁਝ ਵੀ ਪੁਛਣਾ ਨਾ ਪਵੇ। ਸੜਕ 'ਤੇ ਤੁਰਦਿਆਂ ਟਿਪਟਾਪ ਚੁਫੇਰੇ ਝਾਕਣ ਤੋਂ ਗੁਰੇਜ਼ ਕਰਨ, ਅੰਗਰੇਜ਼ੀ ਬੋਲਣ ਤੋਂ ਗੁਰੇਜ਼ ਕਰਨ 'ਤੇ ਉਸ ਦੇਸ ਦੀ ਜਿੰਨੀ ਕੁ ਜ਼ੁਬਾਨ ਆਉਂਦੀ ਹੈ ਉਸੇ ਵਿਚ ਹੀ ਬੋਲਣ ਵਿਚ ਭਲਾ ਸੀ। ਭਗਤ ਸਿੰਘ ਬਿਲਗਾ ਨਕਲੀ ਪਾਸਪੋਰਟ ਉਤੇ ਕੋਲੰਬੋ ਪਹੁੰਚ ਗਿਆ ਅਤੇ ਦੂਜੇ ਦਿਨ ਰੇਲ ਗੱਡੀ ਵਿਚ ਚੜ੍ਹ ਕੇ ਹਿੰਦੋਸਤਾਨ ਵੱਲ ਨੂੰ ਤੁਰ ਪਿਆ ਤਾਂ ਟਿਕਟ ਕੁਲੈਕਟਰ ਨੇ ਟਿਕਟ ਪੁਛਿਆ। ਉਸ ਦੇ ਨਾਲ ਪੜ੍ਹੇ ਸੀ.ਆਈ.ਡੀ. ਵਾਲੇ ਨੇ ਪਾਸਪੋਰਟ ਦਿਖਾਉਣ ਲਈ ਕਿਹਾ। ਉਸ ਤੋਂ ਬਾਅਦ ਲੰਕਾ ਤੋਂ ਹਿੰਦੋਸਤਾਨ ਆਉਣ ਵਾਲੀ ਬੋਟ ਵਿਚ ਸਵਾਰ ਹੋਇਆ ਤਾਂ ਖੁਫੀਆ ਅਫਸਰ ਉਸ ਦੇ ਦੁਆਲੇ ਹੋ ਗਏ। ਪਰ ਉਨ੍ਹਾਂ ਦੇ ਪੱਲੇ ਕੁਝ ਨਾ ਪਿਆ। ਸਵਾਲ ਜਵਾਬ ਹੁੰਦੇ ਰਹੇ। ਪਰ ਬਾਅਦ ਵਿਚ ਇਕ ਸਿਪਾਹੀ ਉਸ ਦੇ ਨਾਲ ਲਾ ਦਿੱਤਾ ਸੀ। ਸਰਕਾਰ ਦਾ ਇਹ ਸਟੈਂਡਿੰਗ ਆਰਡਰ ਸੀ ਕਿ ਬਾਹਰੋਂ ਆਉਣ ਵਾਲੇ ਹਰ ਪੰਜਾਬੀ ਦਾ ਸੀ.ਆਈ.ਡੀ. ਤਕ ਪਿੱਛਾ ਕਰੇਗੀ ਅਤੇ ਸਥਾਨਕ ਪੁਲਸ ਸਟੇਸ਼ਨ 'ਤੇ ਰੀਪੋਰਟ ਕਰੇਗੀ।

ਨਾਗਪੁਰ ਸਟੇਸ਼ਨ 'ਤੇ ਇਕ ਪੰਜਾਬੀ ਪੁਲਸ ਇੰਸਪੈਕਟਰ ਗੱਡੀ ਵਿਚ ਚੜ੍ਹ ਗਿਆ। ਉਦੋਂ ਤੱਕ ਭਗਤ ਸਿੰਘ ਨੇ ਇਕ ਮੁਸਾਫਰ ਨਾਲ ਗੱਲੀਂ ਬਾਤੀ ਟਿਕਟ ਵਟਾ ਲਈ ਸੀ। ਇੰਸਪੈਕਟਰ ਨੇ ਚੈਕਰ ਵਲੋਂ ਦੱਸੇ ਆਦਮੀ ਨੂੰ ਆਕੇ ਪੁੱਛਿਆ, "ਉਏ ਕਿਥੋਂ ਆਇਆ? ਫਰਾਂਸ ਤੋਂ ? " ਭਗਤ ਸਿੰਘ ਨੂੰ ਇਹ ਪਤਾ ਸੀ ਕਿ ਅਗਲੇ ਜੰਕਸ਼ਨ ਬੀਨਾ 'ਤੇ ਸੀ.ਆਈ.ਡੀ. ਦਾ ਹੈਡਕੁਆਟਰ ਹੈ। ਉਸ ਨੇ ਆਪਣਾ ਪਾਸਪੋਰਟ ਪਾੜਕੇ ਲੀਰੋਲੀਰ ਕਰ ਦਿੱਤਾ ਤੇ ਬਾਹਰ ਸੁੱਟ ਦਿੱਤਾ। ਲਾਈਨ ਕਲੀਅਰ ਨਾ ਹੋਣ ਕਰ ਕੇ ਗੱਡੀ ਛੋਟੇ ਸਟੇਸ਼ਨ 'ਤੇ ਖੜ੍ਹੀ ਸੀ। ਭਗਤ ਸਿੰਘ ਫੌਰਨ ਉੱਤਰ ਕੇ ਪੱਤਰਾ ਵਾਚ ਗਿਆ।

ਇਸ ਔਖੇ ਸਮੇਂ ਸਭ ਤੋਂ ਅਹਿਮ ਕੰਮ ਕੀਨੀਆ ਦੀ ਗ਼ਦਰ ਪਾਰਟੀ ਨੇ ਕੀਤਾ ਸੀ। ਉਨ੍ਹਾਂ ਦੇ ਉਦਮ ਨਾਲ ਕਈ ਅਹਿਮ ਹਸਤੀਆਂ ਹਿੰਦੋਸਤਾਨ ਪਹੁੰਚ ਗਈਆਂ ਸਨ।

ਤੇਜਾ ਸਿੰਘ ਸੁਤੰਤਰ ਵੀ ਫਰਾਂਸ ਤੋਂ ਕੀਨੀਆ ਅਤੇ ਉਥੋਂ ਪਾਸਪੋਰਟ ਬਦਲਕੇ ਸਮੁੰਦਰੀ ਜਹਾਜ਼ ਰਾਹੀਂ ਹਿੰਦੋਸਤਾਨ ਆਇਆ ਸੀ। ਭਗਤ ਸਿੰਘ ਅਤੇ ਬੂਝਾ ਸਿੰਘ ਉਸ ਦੀ ਇੰਤਜ਼ਾਰ ਲਈ ਬੰਬਈ ਪਹੁੰਚੇ ਹੋਏ ਸਨ। ਕੀਨੀਆ ਤੋਂ ਆਉਣ ਵਾਲਿਆਂ ਦੀ

ਕੋਈ ਨਿਗਰਾਨੀ ਨਹੀਂ ਸੀ ਹੁੰਦੀ। ਜਹਾਜ਼ ਪਹੁੰਚ ਗਿਆ ਤਾਂ ਤੇਜਾ ਸਿੰਘ ਵੀ ਮੁਸਾਫਰਾਂ ਦੀ ਡਾਰ ਵਿਚ ਲੱਗਾ ਹੋਇਆ ਸੀ। ਅਧਮੈਲਾ ਚਿੱਟਾ ਪਜਾਮਾ ਕੁਰਤਾ, ਜਿਸ ਦੇ ਗੋਡੇ ਅਗੇ ਨੂੰ ਵਧੇ ਹੋਏ ਸਨ, ਹੱਥ ਵਿਚ ਝੋਲਾ, ਜਿਸ ਵਿਚ ਆਰੀ ਤੇਸਾ ਤੇ ਮਿਸਤਰੀਆਂ ਵਾਲੇ ਹੋਰ ਸੰਦ ਸਨ। ਅਫਰੀਕਾ ਤੋਂ ਆ ਰਿਹਾ ਇਨਬਿਨ ਪੰਜਾਬੀ ਮਿਸਤਰੀ ਲਗਦਾ ਸੀ। ਤੇਜਾ ਸਿੰਘ ਤੋਂ ਪਹਿਲਾਂ ਇਕਬਾਲ ਹੁੰਦਲ ਅਤੇ ਬਾਅਦ ਵਿਚ ਗੁਰਮੁਖ ਸਿੰਘ ਵੀ ਏਸੇ ਰਸਤੇ ਹਿੰਦੋਸਤਾਨ ਆਏ ਸਨ। ਇਕਬਾਲ ਬੰਬਈ ਵਿਚ ਕਮਿਊਨਿਸਟ ਸੈਂਟਰਲ ਕਮੇਟੀ ਵਿਚ ਕੰਮ ਕਰ ਰਿਹਾ ਸੀ। ਉਸ ਨੇ ਤੇਜਾ ਸਿੰਘ ਨੂੰ ਸਲਾਹ ਦਿੱਤੀ ਕਿ ਉਹ ਪੰਜਾਬ ਚਲਿਆ ਜਾਵੇ ਕਿਉਂਕਿ ਅਜੇ ਬੰਬਈ ਵਿਚ ਰਹਿਣਾ ਉਸ ਵਾਸਤੇ ਖਤਰੇ ਤੋਂ ਖਾਲੀ ਨਹੀਂ।

ਇਸ ਤਰ੍ਹਾਂ ਕੁਝ ਗ਼ਦਰੀ ਆ ਗਏ ਸਨ ਅਤੇ ਕੁਝ ਆ ਰਹੇ ਸਨ। ਉਨ੍ਹਾਂ ਨੇ ਹਿੰਦੋਸਤਾਨ ਆ ਕੇ ਬੰਬਈ, ਕਲਕੱਤਾ, ਕਾਨਪੁਰ ਤੇ ਪੰਜਾਬ ਵਿਚ ਆਪਣੀਆਂ ਆਪਣੀਆਂ ਡਿਊਟੀਆਂ ਸਾਂਭ ਲਈਆਂ ਸਨ।

ਅਛਰ ਸਿੰਘ ਛੀਨਾ ਮੁੜ ਸਾਨਫਰਾਂਸਿਸਕੋ ਦੇ ਹੈਡਕੁਆਟਰ ਚਲਾ ਗਿਆ ਸੀ।

ਗ਼ਦਰ ਪਾਰਟੀ ਦਾ ਇਤਿਹਾਸ ਕੁਰਬਾਨੀਆਂ ਦਾ ਇਤਿਹਾਸ ਹੈ। ਗ਼ਦਰੀਆਂ ਨੇ ਅਕਹਿ ਤਸੀਹੇ ਝੱਲੇ ਪਰ ਉਹ ਆਪਣੇ ਉਦੇਸ਼ ਤੋਂ ਦੂਰ ਨਾ ਗਏ। ਇਕ ਜਾਂ ਦੂਜੀ ਸ਼ਕਲ ਵਿਚ ਉਨ੍ਹਾਂ ਨੇ ਆਪਣੀ ਸਰਗਰਮੀਆਂ ਨੂੰ ਜਾਰੀ ਰੱਖਿਆ ਸੀ।

ਮਾਸਟਰ ਹਰੀ ਸਿੰਘ ਨੇ ਅਜ਼ਾਦੀ ਵਿਚ ਕਿਸਾਨਾਂ ਦੇ ਰੋਲ ਬਾਰੇ ਲਿਖੀ ਕਿਤਾਬ ਵਿਚ ਕਿਹਾ ਹੈ :

"ਇਨ੍ਹਾਂ ਗ਼ਦਰੀ ਸੂਰਬੀਰਾਂ ਦੀਆਂ ਸ਼ਹਾਦਤਾਂ ਐਵੇਂ ਅਜਾਈਂ ਨਹੀਂ ਗਈਆਂ। ਕੁਝ ਦੇਰ ਇਹ ਲਹਿਰ ਮੱਧਮ ਪੈ ਕੇ ਫੇਰ ਉਠੀ ਸੀ। ਇਨ੍ਹਾਂ ਗ਼ਦਰੀ ਯੋਧਿਆਂ ਦੇ ਨਕਸ਼ੇ ਕਦਮ 'ਤੇ ਚਲ ਕੇ ਹਜ਼ਾਰਾਂ ਨੇ ਮਹਾਨ ਕੁਰਬਾਨੀਆਂ ਦਿੱਤੀਆਂ। ਇਤਿਹਾਸ ਗਵਾਹ ਹੈ ਕਿ ਪੰਜਾਬ ਵਿਚ ਚਲੀ ਹਰ ਇਨਕਲਾਬੀ ਲਹਿਰ 'ਤੇ ਗ਼ਦਰ ਪਾਰਟੀ ਦੀ ਛਾਪ ਹੈ। ਇਸ ਦੇ ਮੈਂਬਰਾਂ ਨੇ ਹਮੇਸ਼ਾ ਅਗੇ ਹੋ ਕੇ ਲੋਕਾਂ ਲਈ ਕੁਰਬਾਨੀਆਂ ਕੀਤੀਆਂ। 1952 ਤਕ, ਜਦੋਂ ਗ਼ਦਰ ਪਾਰਟੀ ਤੋੜ ਦਿੱਤੀ ਗਈ ਸੀ, ਇਸ ਦੇ ਮੈਂਬਰ ਕੁਰਬਾਨੀਆਂ ਦੀ ਅਗਲੀ ਸਫ਼ ਵਿਚ ਰਹੇ ਸਨ।"

ਮੌਤ ਬੇਹਤਰ ਹੈ ਅਗਰ ਆਜ਼ਾਦੀ ਕਾਮਿਲ ਨਹੀਂ

(ਫਿਰੋਜ਼ਦੀਨ ਮਨਸੂਰ)

ਮਾਂਗਾ ਪਹਿਲੇ ਕਿ ਅਬ ਨਾ ਮਾਂਗੇਂਗੇ, ਮਗਰ ਲੇਂਗੇ ਜ਼ਰੂਰ
ਹੱਕ-ਇ-ਆਜ਼ਾਦੀ ਕੇ ਹਮ ਹੱਕਦਾਰ ਹੈਂ ਸਾਇਲ ਨਹੀਂ

ਜ਼ਿੰਦਗੀ ਆਜ਼ਾਦਗੀ, ਆਜ਼ਾਦਗੀ ਹੈ ਜ਼ਿੰਦਗੀ!
ਮੌਤ ਬੇਹਤਰ ਹੈ ਅਗਰ ਆਜ਼ਾਦੀ ਕਾਮਿਲ ਨਹੀਂ

ਕਰ ਗਯਾ ਚੱਟ ਤੇਰੀ ਮਿਹਨਤ ਕਾ ਸਮਰ ਸਰਮਾਇਆਦਾਰ
ਤੁਝਕੋ .ਫ਼ਾਕਾ ਕੇ ਸਿਵਾ ਮਜ਼ਦੂਰ! ਕੁਝ ਹਾਸਿਲ ਨਹੀਂ।

ਹੈ ਸੋਵੀਅਤ ਸੇ ਅਯਾਂ ਆਜ਼ਾਦੀ ਕਾਮਿਲ ਕਿ ਯਾਂ
ਮਾਲ, ਮਾਲੇ ਕੌਮ ਹੈ ਮਲਕੀਅਤ ਕਾਹਿਲ ਨਹੀਂ

ਕਾਨ ਖੋਦੋਂ ਔਰ ਜ਼ਮੀਂ ਜੋਤੇਂ ਕਿਸਾਂ ਔਰ ਪੇਸ਼ਾਵਰ
ਆਹ! ਹੰਗਾਮੇ ਤਮੱਤਅ ਕੁਝ ਇਨ੍ਹਾਂ ਹਾਸਿਲ ਨਹੀਂ

ਜਾਗ ਐ ਮਨਸੂਰ ਦੇਖੋ ਵੋਹ ਨਿਦਾ ਆਨੇ ਲਗੀ
ਕੌਮ ਦੀ ਦੌਲਤ ਹੈ, ਦੌਲਤ, ਦੌਲਤ ਕਾਹਿਲ ਨਹੀਂ

(ਉਰਦੂ 'ਕਿਰਤੀ' ਜੁਲਾਈ 1929, ਸਫਾ 33)

ਹਿੰਦੋਸਤਾਨ ਦੀ ਰਾਜਨੀਤੀ ਵਿਚ ਖੱਬੇ-ਪੱਖੀ ਤੇ ਸਮਾਜਵਾਦੀ ਰੁਝਾਨ

ਪੰਜਾਬ ਵਿੱਚ ਜੰਗੇ-ਅਜ਼ਾਦੀ ਦਾ ਆਰੰਭ ਹੀ ਇਨਕਲਾਬੀ ਰੁਝਾਨ ਨਾਲ ਹੋਇਆ ਸੀ। ਜਿੱਥੇ ਦੂਜੇ ਸੂਬਿਆਂ ਵਿਚ ਆਮ ਤੌਰ 'ਤੇ ਖੱਬੇ-ਪੱਖੀ ਜਾਂ ਸਮਾਜਵਾਦੀ ਸੂਝ ਰੱਖਣ ਵਾਲੇ ਲੋਕ ਕਾਂਗਰਸ ਵਿਚੋਂ ਆਏ ਸਨ ਉਥੇ ਪੰਜਾਬ ਵਿਚ ਇਨ੍ਹਾਂ ਦੀ ਪੈਦਾਇਸ਼ ਦੇ ਮੁਖ ਸੋਮੇ ਇਨਕਲਾਬੀ ਲਹਿਰਾਂ ਸਨ, ਜਿਵੇਂ, ਗ਼ਦਰ ਪਾਰਟੀ ਲਹਿਰ, ਹਿਜਰਤੀ, ਬੱਬਰ ਅਕਾਲੀ, ਮਜਲਿਸ ਅਹਿਰਾਰ ਆਦਿ। ਕੀ ਪੰਜਾਬ ਦੇ ਕਮਿਊਨਿਸਟ ਤੇ ਕੀ ਸੋਸ਼ਲਿਸਟ, ਰਿਤੀ ਕਿਸਾਨ ਪਾਰਟੀ ਜਾਂ ਨੌਜਵਾਨ ਭਾਰਤ ਸਭਾ, ਇਨ੍ਹਾਂ ਲਹਿਰਾਂ ਦਾ ਹੀ ਦੇਣ ਸਨ। ਇਕ ਸਮਾਂ ਸੀ ਜਦੋਂ 'ਗਰੀਬਾਂ ਦਾ ਰਾਜ', ਬਾਲਸ਼ਵਿਕਾ ਜਾਂ ਸੋਸ਼ਲਿਜ਼ਮ ਬਾਰੇ ਪੰਜਾਬੀਆਂ ਦਾ ਗਿਆਨ ਸਰਹੱਦੋਂ ਪਾਰ ਤੋਂ ਆਈਆਂ ਖਬਰਾਂ ਤਕ ਹੀ ਸੀਮਤ ਸੀ। 1926 ਵਿਚ ਕਿਰਤੀ ਅਖ਼ਬਾਰ ਨੇ ਪੰਜਾਬੀਆਂ ਨੂੰ ਸੋਸ਼ਲਿਜ਼ਮ ਪ੍ਰਤੀ ਮੁਢਲੀ ਸੂਝ ਪ੍ਰਦਾਨ ਕੀਤੀ ਸੀ। ਪੰਜਾਬੀ ਨੌਜਵਾਨਾਂ ਲਈ ਮਾਰਕਸਵਾਦੀ ਲਿਖਤਾਂ ਦੁਰਲੱਭ ਸੁਨ। ਅੰਗਰੇਜ਼ੀ ਹਕੂਮਤ ਨੇ ਇਨ੍ਹਾਂ ਲਿਖਤਾਂ 'ਤੇ ਪਾਬੰਦੀ ਲਾਈ ਹੋਈ ਸੀ। ਕਸਟਮ ਵਾਲੇ ਅਜਿਹੀਆਂ ਲਿਖਤਾਂ ਆਉਂਦੀਆਂ ਹੀ ਜ਼ਬਤ ਕਰ ਲੈਂਦੇ ਸਨ। ਲਾਹੌਰ ਵਿਚ ਰਾਮਾ ਕ੍ਰਿਸ਼ਨਾ ਬੁੱਕ ਸੈਲਰ ਦੀ ਦੁਕਾਨ 'ਤੇ ਜੇ ਕਿਧਰੇ ਇਕ ਅੱਧ ਕਿਤਾਬਾਂ ਦਾ ਬੰਡਲ ਕਸਟਮ ਵਾਲਿਆਂ ਦੀ ਨਜ਼ਰ ਤੋਂ ਬਚ ਕੇ ਪਹੁੰਚ ਜਾਂਦਾ ਤਾਂ ਨੌਜਵਾਨਾਂ ਵਿਚ ਉਸ ਨੂੰ ਖਰੀਦਣ ਲਈ ਦੌੜ ਲੱਗ ਜਾਂਦੀ। ਦੁਕਾਨਦਾਰ ਮੂੰਹ ਮੰਗੀ ਕੀਮਤ ਵਸੂਲਦੇ ਸਨ। ਪੰਜਾਬੀ ਨੌਜਵਾਨਾਂ ਵਿਚ ਮਾਰਕਸਵਾਦ ਬਾਰੇ ਜਾਨਣ ਦੀ ਬੜੀ ਉਤਸੁਕਤਾ ਸੀ। ਮਾਰਕਸੀ ਲਿਟਰੇਚਰ ਦੀ ਘਾਟ ਕਾਰਨ ਇਨ੍ਹਾਂ ਨੂੰ ਜੋ ਵੀ ਹੱਥ ਲਗਦਾ, ਇਹ ਉਸ ਨੂੰ ਬੜੇ ਉਤਸ਼ਾਹ ਨਾਲ ਪੜ੍ਹਦੇ। ਅਰਾਜਕਤਾਵਾਦ ਤੋਂ ਲੈ ਕੇ

ਮਾਰਕਸਵਾਦ ਤਕ ਕੁਝ ਵੀ ਹੱਥ ਆ ਜਾਵੇ, ਪੰਜਾਬੀ ਨੌਜਵਾਨਾਂ ਦੀ ਰੂਹ ਦੀ ਖੁਰਾਕ ਸੀ ਤੇ ਇਹ ਹੀ ਉਨ੍ਹਾਂ ਦੀ ਸੂਝ ਦਾ ਸੋਮਾ ਸੀ। ਵਿਗਿਆਨ ਸਮਾਜਵਾਦ ਨੂੰ ਜਾਨਣ ਦੀ ਉਨ੍ਹਾਂ ਦੀ ਪੂਰੀ ਕੋਸ਼ਿਸ ਸੀ। ਦਿਆਲ ਸਿੰਘ ਲਾਇਬਰੇਰੀ (ਲਾਹੌਰ) ਦੇ ਬਦੇਸੀ ਬੰਡਲਾਂ ਵਿਚ ਸਮਗਲ ਹੋ ਕੇ ਵੀ ਮਾਰਕਸੀ ਕਿਤਾਬਾਂ ਪਹੁੰਚ ਜਾਂਦੀਆਂ ਸਨ, ਜਿਨ੍ਹਾਂ ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲਦਾ ਸੀ। ਪਤਾ ਲੱਗਣ 'ਤੇ ਪੁਲਸ ਛਾਪਾ ਮਾਰ ਕੇ ਉਨ੍ਹਾਂ ਨੂੰ ਜ਼ਬਤ ਕਰ ਲੈਂਦੀ ਸੀ। ਉਸ ਸਮੇਂ ਦੇ ਸਮਾਜਵਾਦੀ ਲਿਟਰੇਚਰ ਦੀ ਇਹ ਹਾਲਤ ਸੀ। ਕਿਰਤੀ ਮੈਗਜ਼ੀਨ ਨੇ ਆਪਣੀਆਂ ਲਿਖਤਾਂ ਰਾਹੀਂ ਇਸ ਘਾਟੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਇਹ ਕਾਫੀ ਨਹੀਂ ਸੀ। ਕਾਨੂੰਨ ਦੀ ਹੱਦ ਅੰਦਰ ਰਹਿ ਕੇ ਬਚ ਕੇ ਮਜ਼ਮੂਨ ਲਿਖਣੇ ਪੈਂਦੇ ਸਨ। ਫੇਰ ਵੀ ਨੌਜਵਾਨ ਲਿਖਾਰੀਆਂ ਲਈ ਸਮਾਜਵਾਦ ਅਤੇ ਹਿੰਦੋਸਤਾਨੀ ਸਿਆਸਤ 'ਤੇ ਬਹਿਸ ਦਾ ਇਹ ਇਕ ਚੰਗਾ ਜ਼ਰੀਆ ਬਣ ਗਿਆ ਸੀ। ਸ਼ਹੀਦ ਭਗਤ ਸਿੰਘ ਨੇ ਕਿਰਤੀ ਰਸਾਲੇ ਦੇ ਸਬ ਐਡੀਟਰ ਦੇ ਤੌਰ 'ਤੇ ਆਪਣੀਆਂ ਲਿਖਤਾਂ ਛਾਪਣੀਆਂ ਆਰੰਭ ਕੀਤੀਆਂ ਸਨ। ਉਨ੍ਹਾਂ ਨੇ 'ਵਿਦਰੋਹੀ' ਦੇ ਪੈਨ ਨੇਮ ਹੇਠ ਕਾਫੀ ਮਜ਼ਮੂਨ ਲਿਖੇ। ਅੱਗੇ ਜਾ ਕੇ ਅਦਾਲਤ ਵਿਚ ਆਪਣੇ ਬਿਆਨਾਂ, ਜੇਲ੍ਹ ਵਿਚ ਲਿਖੇ ਨੋਟਾਂ ਤੇ ਖਾਸ ਕਰਕੇ 'ਮੈਂ ਨਾਸਤਿਕ ਕਿਉਂ ਹਾਂ' ਲਿਖ ਕੇ ਉਸ ਨੇ ਇਕ ਚੰਗੇ ਸੂਝਵਾਨ ਕਮਿਊਨਿਸਟ ਹੋਣ ਦਾ ਸਬੂਤ ਦਿੱਤਾ ਸੀ। ਇਹ ਪੰਜਾਬ ਦੇ ਨੌਜਵਾਨ ਦੀ ਸਿਆਸੀ ਸੂਝ ਤੇ ਇਸ ਸੂਝ ਵਲ ਅਗੇ ਵਧਣ ਦੀ ਪ੍ਰਕਿਰਿਆ ਸੀ। ਅੱਜ ਦਾ ਅਕਾਦੀਮਿਸ਼ਨ, ਜਿਸਦੇ ਦੁਆਲੇ ਮਾਰਕਸੀ ਲਿਟਰੇਚਰ ਦੇ ਅੰਬਾਰ ਲੱਗੇ ਹੋਏ ਸਨ, ਇਨ੍ਹਾਂ 'ਤੇ ਕਿੰਤੂ ਕਰਦਾ ਹੈ। 1988 ਦੇ ਪੈਮਾਨੇ ਨਾਲ 1928 ਨੂੰ ਮਿਲਦਾ ਹੈ, ਤੇ ਲਿਖੀ ਹੀ ਜਾਂਦਾ ਹੈ ਕਿਉਂਕਿ ਇਸਦੀ ਵਪਾਰਕ ਕੀਮਤ ਬਹੁਤ ਵਧ ਗਈ ਹੈ।

1926 ਵਿਚ ਹਮਖਿਆਲ ਕਮਿਊਨਿਸਟ ਵਰਕਰਾਂ ਦਾ ਕਲਕੱਤੇ ਇਕੱਠ ਹੋਇਆ ਸੀ। ਇਹ ਗੁਪਤ ਕਮਿਊਨਿਸਟ ਪਾਰਟੀ ਖੜਵੀ ਕਰਨ ਲਈ ਪਹਿਲਾ ਉਪਰਾਲਾ ਸੀ। ਜਿਸ ਵਿਚ ਫੈਸਲਾ ਹੋਇਆ ਕਿ ਖੁਲ੍ਹੇ ਪਲੇਟਫਾਰਮ ਜ਼ਰੀਏ ਮਜ਼ਬੂਤ ਪਾਰਟੀ ਬਨਾਉਣ ਲਈ ਹਾਲਾਤ ਪੈਦਾ ਕੀਤੇ ਜਾਣ। ਇਸ ਖੁਲ੍ਹੇ ਪਲੇਟਫਾਰਮ ਦਾ ਨਾਂ ਮਜ਼ਦੂਰ ਕਿਸਾਨ ਪਾਰਟੀ ਹੋਵੇ। ਪੰਜਾਬ ਤੋਂ ਇਸ ਵਿਚ ਸ਼ਾਮਲ ਹੋਣ ਲਈ ਕਾਮਰੇਡ ਸੋਹਨ ਸਿੰਘ ਜੋਸ਼ ਦੇ ਗ਼ਦਰੀ ਬਾਬਾ ਭਾਗ ਸਿੰਘ ਕਲਕੱਤੇ ਗਏ। ਇੰਡੀਆ ਦੇ ਕਾਫੀ ਰਾਜਾਂ ਵਿਚ ਇਸ ਦੀਆਂ ਸ਼ਾਖਾਵਾਂ ਹੋਈਆਂ ਤੇ ਇਸ ਨਾਂ ਹੇਠ ਸਿਆਸੀ ਲਹਿਰ ਸ਼ੁਰੂ ਹੋਈ। ਹਿੰਦੋਸਤਾਨ ਦੀ ਸਿਆਸੀ ਤਹਿਰੀਕ ਵਿਚ ਇਹ ਨਵਾਂ ਮੋੜ ਸੀ। ਜਿਸਦੇ ਫਲਸਰੂਪ ਹਿੰਦੋਸਤਾਨ ਦੀ ਕਮਿਊਨਿਸਟ ਪਾਰਟੀ ਹੋਂਦ ਵਿਚ ਆਈ। ਪੰਜਾਬ ਵਿਚ ਇਸ ਨੂੰ ਕਿਰਤੀ ਕਿਸਾਨ ਪਾਰਟੀ ਕਰਕੇ ਜਾਣਿਆ ਗਿਆ ਤੇ ਸੰਖੇਪ ਕਰਕੇ ਲੋਕ ਇਸ ਨੂੰ ਕਿਰਤੀ ਪਾਰਟੀ ਕਹਿਣ ਲਗੇ। ਹਾਲਾਤ ਦਿਨੋਂ ਦਿਨ ਸਾਜ਼ਗਾਰ ਹੋ ਰਹੇ ਸਨ।

ਅਜ਼ਾਦੀ ਦੀ ਜੰਗ ਵਿਚ ਆਪਣੇ ਜਮਾਤੀ ਹੱਕਾਂ ਦੀ ਰਾਖੀ ਲਈ ਮਜ਼ਦੂਰ ਜਮਾਤ ਹੁਣ ਜਥੇਬੰਦ ਹੋ ਕੇ ਅੱਗੇ ਵਧਣ ਲੱਗ ਪਈ ਸੀ। ਪੰਜਾਬ ਦੀ ਨੌਰਥ ਵੈਸਟ੍ਰਨ

ਰੇਲਵੇ ਯੂਨੀਅਨ ਨੇ 1919 ਦੀ ਪੰਜਾਬ ਬਗਾਵਤ ਵਿਚ ਮੁਕੰਮਲ ਹੜਤਾਲ ਕਰਕੇ ਅਹਿਮ ਹਿਸਾ ਪਾਇਆ ਸੀ। ਰੇਲਵੇ ਮਜ਼ਦੂਰਾਂ ਦੀ ਮੁਗਲਪੁਰਾ ਐਕਸ਼ਨ ਕਮੇਟੀ ਨੇ ਸਾਰੇ ਹਿੰਦੋਸਤਾਨ ਵਿਚ ਹੜਤਾਲ ਕਰਾਉਣ ਦੀ ਕੋਸ਼ਿਸ਼ ਕੀਤੀ ਸੀ। ਇਸੇ ਤਰ੍ਹਾਂ ਕਾਨਪੁਰ ਤੇ ਜਮਾਲਪੁਰ ਦੇ ਰੇਲਵੇ ਮਜ਼ਦੂਰਾਂ, ਕਲਕੱਤੇ ਦੇ ਮਿਲ ਮਜ਼ਦੂਰਾਂ ਅਤੇ ਬੰਬਈ, ਸ਼ੋਹਲਾਪੁਰ, ਮਦਰਾਸ, ਅਹਿਮਦਾਬਾਦ ਦੇ ਟੈਕਸਟਾਈਲ ਮਜ਼ਦੂਰਾਂ ਨੇ ਭਾਰੀ ਹੜਤਾਲਾਂ ਕੀਤੀਆਂ। ਜਿਸਦੇ ਫਲਸਰੂਪ 1920 ਵਿਚ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਹੋਂਦ ਵਿਚ ਆਈ।

ਉਸੇ ਵਕਤ ਮੁਲਕ ਭਰ ਵਿਚ ਆਪਣੇ ਆਪ ਕਿਸਾਨ ਲਹਿਰਾਂ ਉੱਠੀਆਂ। ਮਾਲਾਬਾਰ ਦੇ ਮੋਪਲਾ ਕਿਸਾਨਾਂ ਦੀ ਬਗਾਵਤ, ਯੂ.ਪੀ. ਦੇ ਕਿਸਾਨਾਂ ਦੀ ਐਜੀਟੇਸ਼ਨ (ਏਕਾ ਲਹਿਰ) ਤੇ ਪੰਜਾਬ ਵਿਚ ਅਕਾਲੀ ਲਹਿਰ ਆਦਿ।

ਹੁਣ ਹਿੰਦੋਸਤਾਨ ਦੀ ਧਰਤੀ 'ਤੇ 'ਜੈ' ਦੀ ਥਾਂ 'ਇਨਕਲਾਬ ਜ਼ਿੰਦਾਬਾਦ' ਤੇ 'ਹਕ ਨੌਆਬਾਦੀਅਤ' ਦੀ ਥਾਂ 'ਮੁਕੰਮਲ ਅਜ਼ਾਦੀ' ਤੇ 'ਸੋਸ਼ਲਿਜ਼ਮ' ਮਕਬੂਲ ਹੁੰਦੇ ਜਾ ਰਹੇ ਸਨ। ਹਿਜਰਤੀ ਕਮਿਊਨਿਸਟਾਂ ਵਿਰੁਧ ਪਿਸ਼ਾਵਰ ਵਿਚ ਪੰਜ ਬਗਾਵਤ ਦੇ ਕੇਸ ਚਲੇ ਜਿਨ੍ਹਾਂ ਵਿਚ ਉਨ੍ਹਾਂ ਨੂੰ ਚੋਖੀਆਂ ਸਜ਼ਾਵਾਂ ਹੋਈਆਂ। ਕਾਨਪੁਰ ਕਮਿਊਨਿਸਟ ਸਾਜ਼ਸ਼ ਕੇਸ ਨੇ ਇਸ ਨਵੀਂ ਉੱਠ ਰਹੀ ਇਨਕਲਾਬੀ ਲਹਿਰ ਨੂੰ ਲੋਕਾਂ ਦੀ ਨਜ਼ਰ ਵਿਚ ਲੈ ਆਂਦਾ। ਨੌਜਵਾਨ ਭਾਰਤ ਸਭਾ ਪੰਜਾਬ ਵਿਚ, ਯੁਗਾਂਤਰ ਤੇ ਅਨੁਸ਼ਲਿਨ ਨੌਜਵਾਨ ਜਥੇਬੰਦੀਆਂ ਬੰਗਾਲ ਵਿਚ, ਹਿੰਦੋਸਤਾਨੀ ਰੀਪਬਲਿਕ ਆਰਮੀ ਯੂ.ਪੀ. ਵਿਚ, ਸਭ ਅਜ਼ਾਦੀ ਦੀ ਜੰਗ ਵਿਚ ਸਰਗਰਮ ਸਨ। ਇਨ੍ਹਾਂ ਸਭ ਦਾ ਮਕਸਦ ਹਥਿਆਰਬੰਦ ਕਮਿਸ਼ਨ ਵਾਪਸ ਜਾਓ' ਦੀ ਲਹਿਰ ਵਿੱਚ ਵਧ-ਚੜ੍ਹ ਕੇ ਹਿੱਸਾ ਪਾਇਆ। ਇਹ ਨੌਜਵਾਨ ਜਥੇਬੰਦੀਆਂ ਭਾਵੇਂ ਇਕ ਲੜੀ ਵਿਚ ਨਹੀਂ ਪ੍ਰੋਤੀਆਂ ਸਨ ਫਿਰ ਵੀ ਇਨ੍ਹਾਂ ਦਾ ਆਪਸੀ ਮੇਲਜੋਲ ਸੀ। ਸ਼ਹੀਦ ਭਗਤ ਸਿੰਘ ਦੇ ਗੁਪ ਨੌਜਵਾਨ ਭਾਰਤ ਸਭਾ ਗਰੁੱਪ ਨੇ ਪੰਜਾਬ, ਯੂ.ਪੀ., ਰਾਜਸਥਾਨ ਤੇ ਬਿਹਾਰ ਦੇ ਨੌਜਵਾਨ ਸਭਾ ਦੇ ਗਰੁੱਪਾਂ ਨੂੰ ਇਕਠਿਆਂ ਕਰਕੇ ਇਕ ਮਜ਼ਬੂਤ ਨੌਜਵਾਨ ਜਥੇਬੰਦੀ ਕਾਇਮ ਕਰ ਲਈ ਸੀ ਤੇ ਨਾਲ ਹੀ ਬੰਗਾਲ ਆਦਿ ਦੂਸਰੇ ਸੂਬਿਆਂ ਨਾਲ ਭਰਾਤਰੀ ਰਿਸ਼ਤੇ ਜੋੜ ਲਏ ਸਨ । ਸ਼ਹੀਦ ਭਗਤ ਸਿੰਘ ਦੀ ਅਗਵਾਈ ਹੇਠਾਂ ਨੌਜਵਾਨ ਭਾਰਤ ਸਭਾ ਨੇ ਹੁਣ ਆਪਣਾ ਨਿਸ਼ਾਨਾ ਅੰਗਰੇਜ਼ਾਂ ਤੋਂ ਮੁਕੰਮਲ ਅਜ਼ਾਦੀ ਤੇ ਸੋਸ਼ਲਿਸਟ ਸਮਾਜ ਕਾਇਮ ਕਰਨਾ ਮਿਥ ਲਿਆ ਸੀ। ਉਨ੍ਹਾਂ ਨੇ ਉਸੇ ਵੇਲੇ, ਭਾਵ 1928 ਵਿਚ, ਆਪਣੀ ਫੌਜ ਦਾ ਨਾਂ ਰੀਪਬਲਿਕਨ ਆਰਮੀ ਤੋਂ ਬਦਲ ਕੇ ਸੋਸ਼ਲਿਸਟ ਰੀਪਬਲਿਕਨ ਆਰਮੀ ਰਖ ਲਿਆ ਸੀ। ਅੰਗਰੇਜ਼ੀ ਹਕੂਮਤ ਦੇ ਜਬਰ ਦਾ ਮੁਕਾਬਲਾ ਕਰਦਿਆਂ ਉਨ੍ਹਾਂ ਨੂੰ ਸਾਂਡਰਸ ਦਾ ਕਤਲ ਕਰ ਦਿੱਤਾ ਸੀ। 17 ਦਸੰਬਰ 1928 ਦੇ ਸਾਂਡਰਸ ਕਤਲ ਕੇਸ ਤੇ ਅਸੰਬਲੀ ਵਿਚ ਬੰਬ ਸੁਟਣ ਦੇ ਕੇਸ ਦੇ ਵਿਚਲੇ ਅਰਸੇ 'ਚ ਆਪਣੇ ਜਲਾਵਤਨ ਚਾਚਾ ਸਰਦਾਰ ਅਜੀਤ ਸਿੰਘ ਨੂੰ ਭਗਤ ਸਿੰਘ ਨੇ ਕੁਝ ਖ਼ਤ ਲਿਖੇ ਜਿਹੜੇ ਗ਼ਦਰ ਪਾਰਟੀ ਸਾਊਥ ਅਮਰੀਕਾ

(ਅਰਜਨਟੀਨਾ) ਦੇ ਹੈਡਕੁਆਟਰ ਵਿਚ ਪੁੱਜੇ। ਉਦੋਂ ਸਰਕਾਰ ਅਜੀਤ ਸਿੰਘ ਜੀ ਤੇ ਇਸ ਕਿਤਾਬ ਦੇ ਲੇਖਕ ਇਕੱਠੇ ਸਨ। ਇਸ ਵਧ ਰਹੇ ਇਨਕਲਾਬੀ ਤੇ ਕਮਿਊਨਿਸਟ ਰੁਝਾਨ ਨੂੰ ਨੱਥ ਪਾਉਣ ਲਈ ਸਰਕਾਰ ਨੇ ਕੇਂਦਰੀ ਅਸੰਬਲੀ ਵਿਚ ਸਤੰਬਰ 1928 ਵਿਚ ਪਬਲਿਕ ਸੇਫਟੀ ਬਿੱਲ ਪੇਸ਼ ਕੀਤਾ ਤੇ ਟਰੇਡ ਡਿਸਪਿਊਟ ਬਿਲ, ਜੋ ਵਰਕਰਾਂ ਦੀਆਂ ਹੜਤਾਲਾਂ ਦੇ ਵਿਰੁੱਧ ਸੀ, ਵੀ ਪੇਸ਼ ਹੋਇਆ। ਵੋਟਾਂ ਨਾਲ ਇਹ ਪਾਸ ਨਹੀਂ ਸੀ ਹੋਏ, ਪਰ ਅੰਗਰੇਜ਼ੀ ਹਕੂਮਤ ਨੇ ਇਨ੍ਹਾਂ ਨੂੰ ਆਰਡੀਨੈਂਸ ਰਾਹੀਂ ਲਾਗੂ ਕਰ ਦਿੱਤਾ। ਸਰਕਾਰ ਨੇ 20 ਮਾਰਚ 1929 ਨੂੰ ਹਿੰਦੋਸਤਾਨ ਭਰ ਵਿਚੋਂ ਕਮਿਊਨਿਸਟ, ਟਰੇਡ ਯੂਨੀਅਨਿਸਟ ਤੇ ਕੁਝ ਖੱਬੇ ਕੌਮਪ੍ਰਸਤ ਲੀਡਰ ਗ੍ਰਿਫਤਾਰ ਕਰਕੇ ਮੇਰਠ ਸਾਜ਼ਸ਼ ਕੇਸ ਚਲਾਇਆ ਜਿਸ ਨੂੰ ਆਮ ਤੌਰ 'ਤੇ ਮੇਰਠ ਕਮਿਊਨਿਸਟ ਸਾਜ਼ਸ਼ ਕੇਸ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ। ਪੰਜਾਬ ਵਿਚੋਂ ਇਸ ਵਿਚ ਸੋਹਣ ਸਿੰਘ ਜੋਸ਼, ਅਬਦੁਲ ਮਜੀਦ ਤੇ ਕਿਦਾਰ ਨਾਥ ਸਹਿਗਲ ਗ੍ਰਿਫਤਾਰ ਕੀਤੇ ਗਏ ਸਨ। ਇਹ ਮੁਕੱਦਮਾ ਚਾਰ ਸਾਲ ਚਲਦਾ ਰਿਹਾ। ਮੁਢਲੀ ਅਦਾਲਤ ਨੇ ਇਨ੍ਹਾਂ ਨੂੰ ਲੰਬੀਆਂ ਸਜ਼ਾਵਾਂ ਦਿਤੀਆਂ ਅਤੇ ਅਪੀਲ 'ਤੇ ਇਹ ਸਜ਼ਾਵਾਂ ਘਟ ਕੇ ਇਕ ਤੋਂ ਤਿੰਨ ਸਾਲ ਤਕ ਰਹਿ ਗਈਆਂ।

8 ਅਪ੍ਰੈਲ 1929 ਨੂੰ ਪਬਲਿਕ ਸੇਫਟੀ ਬਿਲ ਤੇ ਟਰੇਡ ਡਿਸਪਿਊਟ ਬਿਲ ਦੇ ਖਿਲਾਫ ਪ੍ਰੋਟੈਸਟ ਕਰਦੇ ਹੋਏ ਸ਼ਹੀਦ ਭਗਤ ਸਿੰਘ ਤੇ ਦੱਤ ਨੇ ਹਕੂਮਤ ਦੇ ਬੋਲੇ ਕੰਨਾਂ ਤਕ ਹਿੰਦੋਸਤਾਨੀਆਂ ਦੇ ਰੋਸ ਦੀ ਅਵਾਜ਼ ਪਹੁੰਚਾਉਣ ਲਈ ਅਸੰਬਲੀ ਹਾਲ ਵਿਚ ਬੰਬ ਸੁੱਟਿਆ ਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਬੁਲੰਦ ਕੀਤੇ। ਅਸੰਬਲੀ ਬੰਬ ਕੇਸ ਦੌਰਾਨ ਜੋ ਬਿਆਨ ਉਨ੍ਹਾਂ ਨੇ ਕਚਹਿਰੀ ਵਿਚ ਦਿੱਤਾ ਉਹ ਉਨ੍ਹਾਂ ਦੀ ਸੋਚ ਦਾ ਪ੍ਰਤੀਕ ਸੀ। ਇਹ ਬਿੱਲ ਕੀ ਸਨ ਤੇ ਕਿਸ ਲਈ ਅਸੰਬਲੀ ਵਿਚ ਪੇਸ਼ ਕੀਤੇ ਗਏ ਬਾਬਤ ਅਸੀਂ ਅਸੰਬਲੀ ਵਿਚ ਕੀਤੀ ਗਈ ਮੋਤੀ ਲਾਲ ਨਹਿਰੂ ਦੀ ਤਕਰੀਰ ਦਾ ਹਵਾਲਾ ਦਿੰਦੇ ਹਾਂ :

"ਕੀ ਤੁਸੀਂ ਵਿਚਾਰਾਂ ਨੂੰ ਹਿੰਦੋਸਤਾਨ ਤੋਂ ਬਾਹਰ ਰੱਖਣ ਲਈ ਕੰਡੇਦਾਰ ਤਾਰ ਦੀ ਵਾੜ ਕਰ ਸਕਦੇ ਹੋ ਅਤੇ ਮਸਨੂਈ ਰੁਕਾਵਟਾਂ ਖੜ੍ਹੀਆਂ ਕਰ ਸਕਦੇ ਹੋ? ਉਹ ਸਮਾਂ ਲੱਦ ਗਿਆ ਜਦੋਂ ਤੁਸੀਂ ਇਹ ਕਰ ਸਕਦੇ ਸੀ। ਇਹ ਆਦਮੀ (ਕਮਿਊਨਿਸਟ) ਜਿਨ੍ਹਾਂ ਨੂੰ ਮੈਂ ਜਾਣਦਾ ਹਾਂ ਨਿੱਗਰ ਵਿਚਾਰਾਂ ਵਾਲੇ ਬੰਦੇ ਹਨ। ਇਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ। ਅਜਿਹੇ ਆਦਮੀਆਂ ਨਾਲ ਤੁਸੀਂ ਸਹਿਮਤ ਹੋਵੋ ਜਾਂ ਨਾ ਪਰ ਹਰ ਤਵਾਜ਼ਨੀ ਦਿਮਾਗ ਵਿਚ ਉਨ੍ਹਾਂ ਲਈ ਆਦਰ ਹੋਣਾ ਚਾਹੀਦਾ ਹੈ।"

ਨੌਜਵਾਨਾਂ ਦੀ ਫੜੋ ਫੜੀ ਦਾ ਦੌਰ ਸ਼ੁਰੂ ਹੋ ਗਿਆ ਸੀ। ਕਮਿਊਨਿਸਟ, ਕਿਰਤੀ ਕਿਸਾਨ ਤੇ ਨੌਜਵਾਨ ਭਾਰਤ ਸਭਾ ਦੇ ਵਰਕਰਾਂ 'ਤੇ ਅੰਗਰੇਜ਼ੀ ਤਸ਼ੱਦਦ ਦਾ ਕੁਹਾੜਾ ਭਰਪੂਰ ਵਾਰ ਕਰਨ ਲੱਗਾ। ਦੂਜੇ ਪਾਸੇ 1929 ਤੋਂ 1931 ਤੱਕ ਦੇ ਸਖਤ ਮੰਦਵਾੜੇ ਦੌਰਾਨ ਮਾਲੀਆ ਨਾ ਅਦਾ ਕਰਨ ਕਾਰਨ ਕਿਸਾਨਾਂ ਦੀਆਂ ਗ੍ਰਿਫਤਾਰੀਆਂ ਹੋ ਰਹੀਆਂ ਸਨ। ਤਹਿਸੀਲਾਂ ਦੀਆਂ ਦੀਵਾਨੀ ਹਵਾਲਾਤਾਂ ਨੰਬਰਦਾਰਾਂ ਦੀਆਂ ਗ੍ਰਿਫਤਾਰੀਆਂ ਨਾਲ ਭਰੀਆਂ ਪਈਆਂ ਸਨ ਕਿਉਂਕਿ ਸਾਂਝੀ ਜ਼ਿੰਮੇਦਾਰੀ ਦੇ ਕਾਨੂੰਨ ਅਧੀਨ ਉਹ

ਮਾਲੀਆ ਅਦਾ ਕਰਨ ਦੇ ਜ਼ਿੰਮੇਵਾਰ ਸਨ। ਨੰਬਰਦਾਰਾਂ ਦੀਆਂ ਗ੍ਰਿਫਤਾਰੀਆਂ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਨੂੰ ਸੇਕ ਲਗਣ ਦੇ ਬਰਾਬਰ ਸਨ। ਸ਼ਾਹੂਕਾਰਾਂ ਦੀਆਂ ਪੌਂ ਬਾਰਾਂ ਸਨ। ਜ਼ਮੀਨ ਛੋਟੇ ਤੇ ਦਰਮਿਆਨੇ ਕਿਸਾਨ ਤੋਂ ਸ਼ਾਹੂਕਾਰਾਂ ਕੋਲ ਜਾ ਰਹੀ ਸੀ। ਮਜ਼ਦੂਰ ਜਥੇਬੰਦ ਹੋ ਕੇ ਹੱਕੀ ਮੰਗਾਂ ਲਈ ਹੜਤਾਲਾਂ ਕਰ ਰਹੇ ਸਨ। ਇੱਕੜ-ਦੁੱਕੜ ਤੇ ਆਪੇ ਉੱਠੀਆਂ ਘਟਨਾਵਾਂ ਤੋਂ ਅੱਗੇ ਵਧ ਕੇ ਮਜ਼ਦੂਰਾਂ ਕਿਸਾਨਾਂ ਦੀ ਇਹ ਲੜਾਈ ਹੁਣ ਕਿਰਤੀ ਕਿਸਾਨ ਪਾਰਟੀ ਤੇ ਨੌਜਵਾਨ ਭਾਰਤ ਸਭਾ ਦੀ ਅਗਵਾਈ ਵਿਚ ਲੜੀ ਜਾਣ ਲਗ ਪਈ। ਕੰਨਿਆ ਕੁਮਾਰੀ ਤੋਂ ਲੈ ਕੇ ਪਿਸ਼ਾਵਰ ਤਕ ਇਸਦਾ ਅਸਰ ਸੀ ਤੇ ਇਹ ਕੌਮੀ ਲੱਛਣ ਅਖਤਿਆਰ ਕਰ ਗਈ ਸੀ। ਇਸ ਨਾਲ ਅੰਗਰੇਜ਼ੀ ਹਕੂਮਤ ਦੇ ਨਾਲ-ਨਾਲ ਕਾਂਗਰਸ ਨੂੰ ਵੀ ਫਿਕਰ ਪੈ ਗਿਆ ਸੀ। ਮਹਾਤਮਾ ਗਾਂਧੀ ਨੇ 1929-30 ਵਿਚ ਨਮਕ ਦਾ ਸਤਿਆਗ੍ਰਹਿ ਸ਼ੁਰੂ ਕਰਨ ਤੋਂ ਪਹਿਲਾਂ ਵਾਇਸਰਾਏ ਨੂੰ ਖਤ ਲਿਖਿਆ ਸੀ : "ਮੈਨੂੰ ਦੋ ਫਰੰਟਾਂ 'ਤੇ ਲੜਨਾ ਪੈ ਰਿਹਾ ਹੈ। ਇਕ ਅੰਗਰੇਜ਼ੀ ਹਕੂਮਤ ਦੇ ਖਿਲਾਫ ਜੋ ਕੁਝ ਵੀ ਨਹੀਂ ਦੇ ਰਹੀ ਤੇ ਦੂਜਾ ਫਰੰਟ ਉਨ੍ਹਾਂ ਇਨਕਲਾਬੀ ਤਾਕਤਾਂ ਦੇ ਖਿਲਾਫ ਹੈ ਜੋ ਅੰਗਰੇਜ਼ੀ ਹਕੂਮਤ ਵਿਰੁਧ ਹਥਿਆਰਬੰਦ ਘੋਲ ਲੜ ਰਹੀਆਂ ਹਨ।"

2 ਮਾਰਚ 1930 : ਡਾਂਡੀ ਮਾਰਚ ਤੋਂ ਇਹ ਲਹਿਰ ਬਾਈਕਾਟ ਤੇ ਟੈਕਸਾਂ ਦੀ ਨਾਅਦਾਇਗੀ ਵੱਲ ਵਧੀ ਗਈ। ਮਜ਼ਦੂਰਾਂ ਨੇ ਹੜਤਾਲਾਂ ਕੀਤੀਆਂ ਤੇ ਕਿਸਾਨਾਂ ਨੇ ਮਾਲੀਆ ਤੇ ਟੈਕਸ ਦੇਣ ਤੋਂ ਇਨਕਾਰ ਕਰ ਦਿਤਾ। ਕਿਸਾਨਾਂ ਨੇ ਅੰਗਰੇਜ਼ੀ ਹਕੂਮਤ ਦੇ ਤਸ਼ੱਦਦ ਦਾ ਡਟ ਕੇ ਮੁਕਾਬਲਾ ਕੀਤਾ। ਕਈ ਜਗ੍ਹਾ ਮੁਕਾਬਲੇ ਦੀਆਂ ਹਕੂਮਤਾਂ ਖੜ੍ਹੀਆਂ ਕਰ ਲਈਆਂ ਗਈਆਂ। ਚਿਟਾਗਾਂਗ (ਬੰਗਾਲ) ਦੇ ਬਹਾਦਰ ਇਨਕਲਾਬੀਆਂ ਨੇ ਮਾਸਟਰ ਦਾ ਸੂਰੀਆ ਸੈਨ ਦੀ ਅਗਵਾਈ ਹੇਠ ਬਗਾਵਤ ਕਰਕੇ ਚਿਟਗਾਂਗ ਤੋਂ ਹਿੰਦੋਸਤਾਨ ਵਿਚ ਰੀਪਬਲਿਕਨ ਹਕੂਮਤ ਦੀ ਸਥਾਪਤੀ ਦਾ ਐਲਾਨ ਕਰ ਦਿੱਤਾ ਸੀ। ਇਸ ਹਥਿਆਰਬੰਦ ਬਗਾਵਤ ਵਿਚ ਪ੍ਰੀਤੀ ਲਤਾ ਵਦਾਦਾਰ ਤੇ ਕਲਪਨਾ ਦੱਤ ਲੜਕੀਆਂ ਨੇ ਵੀ ਬਹਾਦਰਾਨਾ ਰੋਲ ਅਦਾ ਕੀਤਾ। ਇਨ੍ਹਾਂ ਦਾ ਇਕ ਹਫਤਾ ਮੁਕੰਮਲ ਤੌਰ 'ਤੇ ਚਿਟਗਾਂਗ 'ਤੇ ਕਬਜ਼ਾ ਰਿਹਾ। ਉਤਰੀ ਭਾਰਤ ਵਿਚ ਬਾਗ਼ੀ ਪਿਸ਼ਾਵਰ, ਕੋਹਾਟ ਆਦਿ ਸ਼ਹਿਰਾਂ ਵਲ ਵਧੇ। ਗੜ੍ਹਵਾਲੀ ਫੌਜੀ ਦਸਤਿਆਂ ਨੇ ਸਾਰਜੈਂਟ ਚੰਦਰਕਾ ਸਿੰਘ ਗੜ੍ਹਵਾਲੀ ਦੀ ਅਗਵਾਈ ਵਿਚ ਪੁਰਅਮਨ ਸੁਰਖਪੋਸ਼ਾਂ ਦੇ ਜਲੂਸ 'ਤੇ ਗੋਲੀ ਚਲਾਉਣ ਤੋਂ ਇਨਕਾਰ ਕਰ ਦਿੱਤਾ ਸੀ। ਮਾਸਟਰ ਤਾਰਾ ਸਿੰਘ ਅਕਾਲੀਆਂ ਦਾ ਜਥਾ ਲੈ ਕੇ ਸੁਰਖਪੋਸ਼ਾਂ ਦੀ ਮਦਦ ਲਈ ਪਿਸ਼ਾਵਰ ਰਵਾਨਾ ਹੋ ਗਿਆ ਸੀ। ਗ਼ਦਰੀ ਬਾਬੇ ਭਗਵਾਨ ਸਿੰਘ ਦੋਸਾਂਝ ਦੇ ਕਨੇਡੀਅਨ ਜਥੇ ਨੇ ਵੀ ਪਿਸ਼ਾਵਰ ਵਲ ਧਾਈਆਂ ਪਾ ਦਿੱਤੀਆਂ ਸੀ। ਹੁਣ ਇਹ ਲਹਿਰ ਜੰਗਲ ਦੀ ਅੱਗ ਵਾਂਗ ਚੁਫੇਰੇ ਫੈਲ ਰਹੀ ਸੀ ਤੇ ਇਸ ਦਾ ਫੌਜਾਂ 'ਤੇ ਵੀ ਅਸਰ ਹੋ ਰਿਹਾ ਸੀ। ਇਹ ਲਹਿਰ ਇਕ ਇਨਕਲਾਬੀ ਰੁਖ ਧਾਰਨ ਕਰ ਰਹੀ ਸੀ ਜਿਸ ਨੂੰ ਮਹਾਤਮਾ ਗਾਂਧੀ ਤੇ ਕਾਂਗਰਸ ਨੇ ਨਾਪਸੰਦ ਕੀਤਾ। ਉਨ੍ਹਾਂ ਅੰਦੋਲਨ ਵਾਪਸ ਲੈ ਲਿਆ ਸੀ। ਅੰਗਰੇਜ਼

ਹਕੂਮਤ ਨੇ ਇਨਕਲਾਬੀ ਆਗੂ ਆਗੂ ਜੇਲਵਾਂ ਵਿਚ ਪਾਏ ਹੋਏ ਸਨ ਜਿਸ ਕਰਕੇ ਅੰਦੋਲਨ ਇਨਕਲਾਬੀ ਲੀਹਾਂ ਵਲ ਅਗੇ ਨਾ ਵਧ ਸਕਿਆ। ਨਵੀਂ ਲੀਡਰਸ਼ਿਪ ਤਕੜੀ ਹੋ ਕੇ ਅਜੇ ਵਜੂਦ ਵਿਚ ਨਹੀਂ ਆਈ ਸੀ। ਨਤੀਜੇ ਵਜੋਂ ਇਕ ਬਦਨਾਮ ਗਾਂਧੀ-ਇਰਵਨ ਸਮਝੌਤਾ ਹੋ ਗਿਆ। ਲੰਡਨ ਗੋਲਮੇਜ਼ ਕਾਨਫਰੰਸ 'ਤੇ ਜਾਣ ਲਈ ਗਾਂਧੀ ਨੇ ਲੰਗੋਟ ਬੰਨ੍ਹ ਕੇ ਬੱਕਰੀ ਦਾ ਰੱਸਾ ਹੱਥ ਵਿਚ ਫੜ ਲਿਆ ਸੀ। ਇਸੇ ਦੌਰਾਨ ਹੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਲਾ ਦਿਤਾ ਗਿਆ ਸੀ। ਸਾਰੇ ਦੇਸ ਵਿਚ ਗੁੱਸੇ ਦੀ ਲਹਿਰ ਫੈਲ ਗਈ। 1931 ਨੂੰ ਕਰਾਚੀ ਵਿਚ ਕਾਂਗਰਸ ਦੇ ਸੈਸ਼ਨ 'ਤੇ ਗਾਂਧੀ-ਇਰਵਨ ਸਮਝੌਤਾ ਮੁਰਦਾਬਾਦ, ਗੋਲਮੇਜ਼ ਕਾਨਫਰੰਸ ਦਾ ਬਾਈਕਾਟ ਕਰੋ ਤੇ ਨਾਅਰੇ ਬੁਲੰਦ ਹੋਏ। ਬਾਬਾ ਕਰਮ ਸਿੰਘ ਚੀਮਾ, ਦਸੌਂਦਾ ਸਿੰਘ ਤੇ ਮੁਣਸ਼ੀ ਅਹਿਮਦ ਦੀਨ ਨੇ ਗਾਂਧੀ ਨੂੰ ਕਾਲੇ ਫੁੱਲ ਪੇਸ਼ ਕੀਤੇ।

1926 ਤੋਂ ਪੰਜਾਬ ਵਿਚ ਖੱਬੇ-ਪੱਖੀ ਤੇ ਸੋਸ਼ਲਿਸਟ ਰੁਝਾਨ ਵਿਚ ਕਿਰਤੀ ਪਾਰਟੀ ਦੀ ਦੇਣ

ਸੁਖਾਵਾਂ ਮੈਦਾਨ ਤਿਆਰ ਹੋਣ 'ਤੇ ਕਿਰਤੀ ਪਾਰਟੀ ਨੇ ਕਿਰਤੀ ਰਸਾਲਾ ਕੱਢਣ ਦੇ ਨਾਲ ਨਾਲ ਜਲਸਿਆਂ, ਜਲੂਸਾਂ ਤੇ ਕਾਨਫਰੰਸਾਂ ਰਾਹੀਂ ਵੀ ਸਮਾਜਵਾਦ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਦੇ ਨਾਲ-ਨਾਲ ਪੁਲਸ ਜ਼ਬਰ ਦੇ ਖਿਲਾਫ ਤੇ ਲੋਕਾਂ ਦੀਆਂ ਆਰਥਕ ਮੰਗਾਂ 'ਤੇ ਵੀ ਜ਼ੋਰ ਦਿਤਾ ਜਾਂਦਾ ਸੀ। ਇਸ ਆਧਾਰ 'ਤੇ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਖੜ੍ਹੀਆਂ ਕੀਤੀਆਂ ਜਾਂਦੀਆਂ ਸਨ। ਜਿਨ੍ਹਾਂ ਵਿਚੋਂ ਜ਼ਿਆਦਾ ਸੂਝਵਾਨ ਲੋਕਾਂ ਨੂੰ 'ਗੁਪਤ' ਕਮਿਊਨਿਸਟ ਪਾਰਟੀ ਵਿਚ ਲਿਆਂਦਾ ਜਾਂਦਾ ਸੀ।

ਸੇਧ ਦੇਣ ਲਈ ਇਕ ਇਨਕਲਾਬੀ ਕਮੇਟੀ ਬਣਾਈ ਗਈ ਸੀ ਜਿਸ ਦਾ ਸਕੱਤਰ ਭਾਈ ਸੰਤੋਖ ਸੀ ਤੇ ਬਾਬਾ ਕਰਮ ਸਿੰਘ ਚੀਮਾ, ਭਾਈ ਰਤਨ ਸਿੰਘ, ਮਾਸਟਰ ਊਧਮ ਸਿੰਘ ਕਸੇਲ ਤੇ ਗੁਰਮੁਖ ਸਿੰਘ ਮੈਂਬਰ ਸਨ। ਪਿਛਲੇ ਤਿੰਨੇ ਮੈਂਬਰ ਕਾਬਲ ਸਿੰਘ ਜਲਾਵਤਨ ਸਨ। ਕਾਬਲ ਵਿਚਲੇ ਮੈਂਬਰਾਂ ਵਿਚੋਂ ਵਾਰੀ-ਵਾਰੀ ਇਕ ਗੁਪਤ ਤੌਰ 'ਤੇ ਇੰਡੀਆ ਵਿਚ ਆਉਂਦਾ ਤੇ ਦੂਸਰਾ ਗ਼ਦਰ ਹੈਡਕੁਆਟਰ ਅਮਰੀਕਾ, ਯੂਰਪ ਤੇ ਸੋਵੀਅਤ ਰੂਸ ਦਾ ਦੌਰਾ ਕਰਦਾ। ਇਸ ਤਰ੍ਹਾਂ ਇਹ ਕਮੇਟੀ ਦੁਨੀਆਂ ਦੀ ਹਾਲਤ ਤੋਂ ਤੇ ਇੰਡੀਆ ਦੀ ਸਿਆਸਤ ਤੋਂ ਭਲੀਭਾਂਤ ਜਾਣੂ ਰਹਿੰਦੀ ਸੀ। ਕਾਬਲ ਤੇ ਗ਼ਦਰੀ ਕੇਂਦਰ ਨਾਲ ਆਪਸ ਵਿਚ ਇਨ੍ਹਾਂ ਦੇ ਰੋਜ਼ਮੱਰਾ ਦੇ ਸੰਬੰਧ ਸਨ। ਕਿਰਤੀ ਅਖ਼ਬਾਰ ਦੀ ਪਹਿਲੀ ਵਰ੍ਹੇਗੰਢ 'ਤੇ ਇਸ ਕਮੇਟੀ ਵਲੋਂ ਸਾਲ ਦੀ ਰੀਪੋਰਟ ਪ੍ਰਕਾਸ਼ਤ ਕੀਤੀ ਗਈ ਜੋ ਫਰਵਰੀ 1927 ਦੇ ਅੰਕ ਵਿਚ ਦਰਜ ਹੈ। ਉਸ ਰੀਪੋਰਟ ਵਿਚ ਕਿਰਤੀ ਦੇ ਬਾਨੀ ਸੰਪਾਦਕ ਭਾਈ ਸੰਤੋਖ ਸਿੰਘ ਨੇ ਲਿਖਿਆ :

(1) ਕਿਰਤੀ ਜਿਸ ਨਿਸ਼ਾਨੇ ਨੂੰ ਲੈ ਕੇ ਪ੍ਰਕਾਸ਼ਤ ਹੋਇਆ ਸੀ ਉਸ 'ਤੇ ਚਲਣ ਦੀ ਪੂਰੀ ਕੋਸ਼ਿਸ਼ ਕੀਤੀ ਗਈ।

(2) ਕਿਰਤੀ ਨੇ ਆਪਣਾ ਨਿਸ਼ਾਨਾ ਸਵਰਾਜ ਜਾਂ ਹੋਮ ਰੂਲ ਨਹੀਂ ਬਲਕਿ ਹਿੰਦੋਸਤਾਨ ਦੀ ਪੂਰਨ ਅਜ਼ਾਦੀ ਮਿਥਿਆ ਸੀ ਅਤੇ ਅਗੇ ਮਜ਼ਦੂਰ ਕਿਸਾਨ ਰਾਜ ਦੀ ਸਥਾਪਨਾ ਸੀ। ਅਸੀਂ ਆਪਣੇ ਇਸ ਸਟੈਂਡ 'ਤੇ ਅਡੋਲ ਖੜ੍ਹੇ ਰਹੇ ਹਾਂ। ਤੇ ਅਗੇ ਲਈ ਵੀ ਇਨ੍ਹਾਂ ਟੀਚਿਆਂ ਦੀ ਪ੍ਰਾਪਤੀ ਲਈ ਖੜ੍ਹੇ ਰਹਾਂਗੇ।

(3) ਹਿੰਦੋਸਤਾਨ ਨੂੰ ਪੂਰਨ ਅਜ਼ਾਦੀ ਉਨ੍ਹਾਂ ਹੀ ਤੌਰ ਤਰੀਕਿਆਂ ਨਾਲ ਮਿਲੇਗੀ ਜਿਨ੍ਹਾਂ ਨਾਲ ਦੁਨੀਆਂ ਦੇ ਹੋਰ ਗੁਲਾਮ ਦੇਸਾਂ ਨੂੰ (ਭਾਵ ਹਥਿਆਰਬੰਦ ਇਨਕਲਾਬ ਜ਼ਰੀਏ)। ਹੋਰ ਕੋਈ ਤਰੀਕਾ, ਬਹਾਈਕਾਟ ਜਾਂ ਸਤਿਆਗ੍ਰਹਿ ਆਦਿ ਕਾਮਯਾਬੀ ਵਲ ਨਹੀਂ ਲਿਜਾ ਸਕਦਾ। ਅਸੀਂ ਇਸ ਤਰੀਕੇ 'ਤੇ ਖੜ੍ਹੇ ਹਾਂ ਤੇ ਅੱਗੇ ਨੂੰ ਵੀ ਇਸ 'ਤੇ ਹੀ ਖੜ੍ਹੇ ਰਹਾਂਗੇ।

(4) ਕਿਰਤੀ ਦਾ ਇਹ ਨਿਸ਼ਚਾ ਹੈ ਕਿ ਹਿੰਦੋਸਤਾਨ ਦੀ ਅਜ਼ਾਦੀ ਤੇ ਸਮਾਜਵਾਦ ਲਈ ਲੜਾਈ ਦੁਨੀਆਂ ਭਰ ਦੇ ਲੋਕਾਂ ਦੀ ਅਜ਼ਾਦੀ ਤੇ ਸੋਸ਼ਲਿਜ਼ਮ ਦੀ ਲੜਾਈ ਦੀ ਇਕ ਕੜੀ ਹੈ। ਇਸ ਲਈ ਅਸੀਂ ਹਿੰਦੋਸਤਾਨੀ ਲੋਕਾਂ ਦੀ ਜੱਦੋਜਹਿਦ ਦਾ ਵੇਰਵਾ ਦੁਨੀਆਂ ਦੇ ਇਨਕਲਾਬੀਆਂ ਅਗੇ ਰੱਖਦੇ ਰਹਾਂਗੇ। ਅਤੇ ਦੁਨੀਆਂ ਵਿਚ ਚਲ ਰਹੀਆਂ ਇਨਕਲਾਬੀ ਲਹਿਰਾਂ ਬਾਰੇ ਹਿੰਦੋਸਤਾਨ ਦੇ ਲੋਕਾਂ ਨੂੰ ਜਾਣੂ ਕਰਾਉਂਦੇ ਰਹਾਂਗੇ।

(5) ਰੂਸ ਵਿਚ ਮਜ਼ਦੂਰ ਕਿਸਾਨ ਰਾਜ ਕਾਇਮ ਹੋ ਚੁਕਿਆ ਹੈ ਤੇ ਉਤੋਂ ਦੇ ਲੋਕ ਉਸਾਰੀ ਕਰ ਕੇ ਸੋਸ਼ਲਿਜ਼ਮ ਵਲ ਵਧ ਰਹੇ ਹਨ। ਇਸ ਬਾਰੇ ਅਸੀਂ ਆਪਣੇ ਪਾਠਕਾਂ ਨੂੰ ਭਰਪੂਰ ਜਾਣਕਾਰੀ ਦਿੱਤੀ ਤੇ ਅੱਗੇ ਨੂੰ ਵੀ ਸੋਵੀਅਤ ਰੂਸ ਦੀ ਹਾਲਤ ਬਾਰੇ ਲਿਖਦੇ ਰਹਾਂਗੇ।

(6) ਕੌਮੀ ਸ਼ਹੀਦ ਮੁਲਕ ਦੀ ਵਡਮੁੱਲੀ ਵਿਰਾਸਤ ਹੁੰਦੇ ਹਨ। ਅਸੀਂ ਇਨ੍ਹਾਂ ਦੇ ਕਾਰਨਾਮਿਆਂ ਤੇ ਜ਼ਿੰਦਗੀਆਂ ਬਾਰੇ ਲਿਖਦੇ ਆਏ ਹਾਂ। ਅਗੇ ਨੂੰ 1914-16 ਦੇ ਗ਼ਦਰੀ ਸ਼ਹੀਦਾਂ, ਬੱਬਰ ਅਕਾਲੀਆਂ, ਨੌਜਵਾਨ ਇਨਲਾਬੀ ਸ਼ਹੀਦਾਂ ਦੀਆਂ ਜ਼ਿੰਦਗੀਆਂ ਬਾਰੇ ਲਿਖਦੇ ਰਹਾਂਗੇ।'

ਇਹ ਸੀ ਨਿਸ਼ਾਨਾ ਜਿਸ ਨੂੰ ਕਿਰਤੀ ਪਾਰਟੀ ਦੀ ਗੁਪਤ ਕਮੇਟੀ ਲੈ ਕੇ ਅਗੇ ਵਧੀ। 1928-29-30 ਇੰਡੀਆ ਦੀ ਸਿਆਸੀ ਜ਼ਿੰਦਗ਼ੀ ਦੇ ਬੜੇ ਅਹਿਮ ਸਾਲ ਸਨ। 1928 ਵਿਚ 'ਕਿਰਤੀ' ਨੇ ਅੰਗਰੇਜ਼ੀ ਹਕੂਮਤ ਦੀਆਂ ਕੁਟਲ ਨੀਤੀਆਂ, ਸਾਈਮਨ ਕਮਿਸ਼ਨ ਆਦਿ ਦੇ ਪਾਜ ਉਘੇੜੇ ਤੇ ਲੋਕਾਂ ਨੂੰ ਇਸ ਦੇ ਖਿਲਾਫ਼ ਲਾਮਬੰਦ ਕੀਤਾ। 'ਸਾਈਮਨ ਕਮਿਸ਼ਨ ਵਾਪਸ ਜਾਓ' ਦੀ ਲਹਿਰ ਸਮੇਂ ਕਿਰਤੀ ਕਿਸਾਨ ਪਾਰਟੀ ਤੇ ਨੌਜਵਾਨ ਸਭਾ ਨੇ ਜਲਸੂਾਂ ਵਿਚ ਅੱਗੇ ਹੋ ਕੇ ਹਿੱਸਾ ਲਿਆ। ਲੋਕਾਂ 'ਤੇ ਹੋਏ ਪੁਲਸ ਤਸ਼ੱਦਦ ਦੀ ਮੁਜ਼ੱਮਤ ਕੀਤੀ। ਸਾਂਡਰਸ ਕਤਲ ਕੇਸ ਤੋਂ ਲੈ ਕੇ ਅਸੰਬਲੀ ਬੰਬ ਬੰਬ ਕੇਸ,

ਤਕ ਨੌਜਵਾਨਾਂ ਦੇ ਕਿਰਦਾਰ ਤੇ ਖਾਸ ਕਰਕੇ ਭਗਤ ਸਿੰਘ ਤੇ ਦੱਤ ਦੇ ਬਿਆਨਾਂ ਨੂੰ ਪੂਰੀ ਤਰ੍ਹਾਂ ਪ੍ਰਕਾਸ਼ਤ ਕੀਤਾ। ਉਨ੍ਹੀਂ ਦਿਨੀਂ ਇਨ੍ਹਾਂ ਨੌਜਵਾਨਾਂ ਬਾਰੇ ਲਿਖੇ ਮਜ਼ਮੂਨ, ਕਵਿਤਾਵਾਂ ਤੇ ਨਗਮੇ ਪੰਜਾਬੀ ਤੇ ਉਰਦੂ ਕਿਰਤੀ ਦੀਆਂ ਲਿਖਤਾਂ ਦਾ ਅਹਿਮ ਭਾਗ ਬਣੇ। ਉਨ੍ਹਾਂ ਦੀ ਫਾਂਸੀ ਤੋਂ ਪਹਿਲਾਂ ਅਤੇ ਫਾਂਸੀ ਚੜ੍ਹਨ ਤੋਂ ਬਾਅਦ ਰੋਸ ਜਲਸੇ ਕੀਤੇ। ਕਰਾਚੀ ਕਾਂਗਰਸ ਸੈਸ਼ਨ 'ਤੇ ਕਮਿਊਨਿਸਟ ਪਾਰਟੀ ਆਫ ਇੰਡੀਆ ਦਾ ਡਰਾਫਟ ਪ੍ਰੋਗਰਾਮ ਉਰਦੂ, ਪੰਜਾਬੀ ਤੇ ਅੰਗਰੇਜ਼ੀ ਵਿਚ ਵੱਡੇ ਪੈਮਾਨੇ 'ਤੇ ਵੰਡਿਆ। ਗਾਂਧੀ-ਇਰਵਨ ਸਮਝੌਤੇ ਤੋਂ ਬਾਅਦ ਵੀ ਪੰਜਾਬ ਦੇ ਨੌਜਵਾਨ ਹਾਰ ਮੰਨਣ ਲਈ ਤਿਆਰ ਨਹੀਂ ਸਨ। ਇਨ੍ਹਾਂ ਦਾ ਇਕ ਜ਼ਬਰਦਸਤ ਇਨਕਲਾਬੀ ਗਰੁੱਪ ਹਕੂਮਤ ਨਾਲ ਲੋਹਾ ਲੈਣ 'ਤੇ ਤੁਲਿਆ ਹੋਇਆ ਸੀ। ਇਸ ਗਰੁਪ ਦੇ ਹੀ ਇਕ ਨੌਜਵਾਨ ਹਰੀਕਿਸ਼ਨ ਤਲਵਾੜ, ਗੁਲਾਢੇਰ, ਸਰਹੱਦੀ ਸੂਬੇ ਦੇ ਵਸਨੀਕ ਨੇ ਲਾਹੌਰ ਵਿਚ ਜਿਓਫਰੀ ਡੀਮੋਂਟ ਮੋਸੀ ਗਵਰਨਰ ਪੰਜਾਬ ਨੂੰ ਗੋਲੀ ਮਾਰ ਦਿਤੀ। ਇਸ 'ਤੇ ਹਰੀਕ੍ਰਿਸਨ ਨੂੰ 9 ਜੂਨ 1931 ਨੂੰ ਮੀਆਂਵਾਲੀ ਜੇਲ੍ਹ ਵਿਚ ਫਾਂਸੀ ਦੇ ਦਿਤੀ ਗਈ। ਹੁਣ ਸਰਕਾਰ ਨੇ ਪੰਜਾਬ ਦੇ ਕੋਨੇ-ਕੋਨੇ ਤੋਂ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਅਤੇ ਉਨ੍ਹਾਂ 'ਤੇ ਦੂਜਾ ਲਾਹੌਰ ਸਾਜ਼ਿਸ਼ ਕੇਸ ਚਲਾਇਆ। ਸਰਕਾਰ ਨੇ ਉਨ੍ਹਾਂ 'ਤੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਹਮਲਾ ਕਰ ਕੇ ਛੁਡਾਣ ਦਾ ਇਲਜ਼ਾਮ ਲਾਇਆ। ਇਸ ਦੇ ਨਾਲ ਹੀ ਨਜਾਇਜ਼ ਹਥਿਆਰ ਰਖਣ, ਸਰਕਾਰ ਦਾ ਤਖਤਾ ਉਲਟਾਉਣ, ਆਦਿ ਵਰਗੀਆਂ ਦਫਾਵਾਂ ਲਾ ਦਿੱਤੀਆਂ। ਭਗਤ ਸਿੰਘ ਨੂੰ ਛੁਡਾਉਣ ਦੇ ਪਲੈਨ ਦੇ ਦੌਰਾਨ ਤਜਰਬਾ ਕਰਦਿਆਂ ਬੰਬ ਫਟਣ ਨਾਲ ਉਨ੍ਹਾਂ ਦੇ ਸਾਥੀ ਭਗਵਤੀ ਚਰਨ ਵੋਹਰਾ ਸ਼ਹੀਦ ਹੋ ਗਏ। ਦੂਜੇ ਲਾਹੌਰ ਸਾਜਸ਼ ਕੇਸ ਵਿਚ ਨੌਜਵਾਨਾਂ 'ਤੇ ਦਿੱਲੀ ਤੋਂ ਸ਼ਿਮਲੇ ਜਾ ਰਹੀ ਗੱਡੀ ਉਡਾਣ ਦਾ ਵੀ ਇਲਜ਼ਾਮ ਲਾਇਆ ਗਿਆ ਸੀ। ਇਸ ਕੇਸ ਵਿਚ ਗੁਲਾਬ ਸਿੰਘ, ਅਮਰੀਕ ਸਿੰਘ ਨੂੰ ਫਾਂਸੀ ਤੇ ਬਾਕੀ ਦਿਆਂ ਨੂੰ ਲੰਮੀਆਂ ਸਜ਼ਾਵਾਂ ਮਿਲੀਆਂ ਸਨ। ਅਪੀਲ ਵਿਚ ਅਮਰੀਕ ਵਿਚ ਬਰੀ ਹੋ ਗਿਆ ਤੇ ਗੁਲਾਬ ਸਿੰਘ ਦੀ ਫਾਂਸੀ ਉਮਰ ਕੈਦ ਵਿਚ ਬਦਲੀ ਗਈ। ਮਦਰਾਸ ਦੇ ਗਵਰਨਰ ਨੇ ਅਖ਼ਬਾਰਾਂ ਵਿਚ ਬਿਆਨ ਦਿਤਾ ਕਿ ਮਦਰਾਸ ਪ੍ਰੈਜ਼ੀਡੈਂਸੀ ਵਿਚ ਮੈਂ ਅਜ਼ਾਦੀ ਦੀ ਲਹਿਰ ਖਤਮ ਕਰ ਦਿੱਤੀ ਹੈ। ਪੰਜਾਬ ਦੇ ਨੌਜਵਾਨ ਸਹਿ ਨਾ ਸਕੇ ਤੇ ਮਦਰਾਸ ਦੇ ਗਵਰਨਰ ਨਾਲ ਸਿੱਝਣ ਲਈ ਦੱਖਣ ਵੱਲ ਤੁਰ ਪਏ। ਹਥਿਆਰ ਖਰੀਦਣ ਲਈ ਪੈਸੇ ਦੀ ਲੋੜ ਪਈ ਤਾਂ ਉਟਾਕਮੰਡ (ਮਰਦਾਸ) ਬੈਂਕ ਲੁਟਣ ਗਿਆ ਪੁਲਸ ਨਾਲ ਮੁਕਾਬਲਾ ਹੋ ਗਿਆ। ਗੋਵਿੰਦ ਰਾਮ ਵਰਮਾ ਪੁਲਸ ਮੁਕਾਬਲੇ ਵਿਚ ਸ਼ਹੀਦ ਹੋ ਗਏ। ਖੁਸ਼ੀ ਰਾਮ ਮਹਿਤਾ, ਹਜ਼ਾਰਾ ਸਿੰਘ (ਸ਼ਹੀਦ ਟਾਟਾ ਨਗਰ) ਅਤੇ ਸ਼ੰਭੂ ਨਾਥ ਅਜ਼ਾਦ ਗ੍ਰਿਫਤਾਰ ਕਰ ਲਏ ਗਏ। ਲੰਮੀਆਂ ਸਜ਼ਾਵਾਂ ਦੇ ਕੇ ਕਾਲੇ ਪਾਣੀ ਭੇਜ ਦਿਤੇ। ਰੌਸ਼ਨ ਲਾਲ ਮਹਿਰਾ, ਜੋ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਿਆ ਸੀ, ਪਹਿਲੀ ਮਈ 1933 ਨੂੰ ਬੰਬ ਟੈਸਟ ਕਰਦਾ ਸ਼ਹੀਦ ਹੋ ਗਿਆ ਸੀ। ਰਜਵਾੜੇਸ਼ਾਹੀ ਤੇ ਅੰਗਰੇਜ਼ੀ ਜ਼ੁਲਮਾਂ ਦੇ ਦੋਹਰੇ ਸ਼ਿਕਾਰ ਰਿਆਸਤੀ ਨੌਜਵਾਨ ਵੀ ਮੈਦਾਨ ਵਿਚ ਉੱਤਰ ਆਏ। ਅਹਿਮਦਗੜ੍ਹ ਰੇਲ ਡਕੈਤੀ

ਵਿਚ ਫੜੇ ਜਾਣ 'ਤੇ ਹਰਨਾਮ ਸਿੰਘ ਚਮਕ ਨੂੰ 10 ਸਾਲ, ਸ਼ੇਰ ਜੰਗ, ਸਾਹਿਬ ਸਿੰਘ ਤੇ ਜਸਵੰਤ ਸਿੰਘ ਨੂੰ ਸੱਤ-ਸੱਤ ਸਾਲ ਦੀ ਸਜ਼ਾ ਹੋਈ ਸੀ। ਰਿਆਸਤ ਕਪੂਰਥਲਾ ਵਿਚ ਮਹਾਰਾਜਾ ਕਪੂਰਥਲਾ ਨੇ ਮਾਸਟਰ ਹਰੀ ਸਿੰਘ ਤੇ ਚੰਨਣ ਸਿੰਘ ਧੂਤ ਨੂੰ ਗ੍ਰਿਫਤਾਰ ਕਰ ਕੇ ਜੇਲ੍ਹਾਂ ਵਿਚ ਤਸੀਹੇ ਦੇਣੇ ਸ਼ੁਰੂ ਕਰ ਦਿਤੇ ਸਨ। ਦਿੱਲੀ ਸਾਜ਼ਸ਼ ਕੇਸ ਵਿਚ ਧਨਵੰਤਰੀ ਨੂੰ ਲੰਮੀ ਸਜ਼ਾ ਦੇ ਕੇ ਕਾਲੇ ਪਾਣੀ ਭੇਜ ਦਿਤਾ ਗਿਆ ਸੀ। ਇਹ ਇਨਕਲਾਬੀ ਉਭਾਰ ਦਾ ਸਮਾਂ ਸੀ। ਕਾਂਗਰਸ ਦੇ ਅੰਗਰੇਜ਼ ਅਗੇ ਹਥਿਆਰ ਸੁੱਟਣ ਕਾਰਨ ਨੌਜਵਾਨਾਂ ਬ੍ਰਿਟਿਸ਼ ਤਸ਼ੱਦਦ ਦਾ ਤਸ਼ੱਦਦ ਨਾਲ ਹੀ ਜਵਾਬ ਦਿੱਤਾ ਤੇ ਬੇਹੱਦ ਕੁਰਬਾਨੀਆਂ ਕੀਤੀਆਂ। ਕਿਰਤੀ ਪਾਰਟੀ ਦੇ ਕਿਰਤੀ ਰਸਾਲਿਆਂ ਨੇ ਇਨ੍ਹਾਂ ਦੀ ਡਵਟੀਂ ਹਮਾਇਤ ਕੀਤੀ ਸੀ ਪਰ ਇਨ੍ਹਾਂ ਨੂੰ ਇੱਕੜ-ਦੁੱਕੜ ਕਤਲਾਂ ਤੋਂ ਵਰਜ ਕੇ ਲੋਕ-ਹਥਿਆਰਬੰਦ-ਇਨਕਲਾਬ ਲਈ ਮੋੜਾ ਪਾਉਣ ਦੀ ਸਲਾਹ ਦਿੱਤੀ ਸੀ। ਇਨ੍ਹਾਂ ਨੌਜਵਾਨਾਂ ਦਾ ਹੁਣ ਵਿਗਿਆਨਕ ਸਮਾਜਵਾਦ ਵਲ ਰੁਖ ਹੋ ਗਿਆ ਸੀ। ਤਕਰੀਬਨ ਜੇਲ੍ਹ ਵਿਚਲੇ ਸਾਰਿਆਂ ਨੇ ਸਮਾਜਵਾਦ ਦੀ ਪ੍ਰਾਪਤੀ ਤੇ ਮੁਲਕ ਦੀ ਅਜ਼ਾਦੀ ਦੇ ਅਕੀਦੇ ਨੂੰ ਆਪਣਾ ਲਿਆ ਸੀ। ਹੁਣ ਪੰਜਾਬ ਦੇ ਬਹੁਤ ਸਾਰੇ ਨੌਜਵਾਨ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਕੀ ਅੰਡੇਮਾਨ ਜੇਲ੍ਹ ਤੇ ਕੀ ਇੰਡੀਆ ਦੀਆਂ ਜੇਲ੍ਹਾਂ ਵਿਚ ਇਨ੍ਹਾਂ ਵਲੋਂ ਮਾਰਕਸਵਾਦ ਦਾ ਅਧਿਅਨ ਹੋਣ ਲੱਗ ਪਿਆ ਸੀ।

ਬਰਤਾਨਵੀ ਹਕੂਮਤ ਨੇ ਇਸ ਦਾ ਸਖਤ ਨੋਟਿਸ ਲਿਆ ਸੀ ਤੇ ਕਾਂਗਰਸ ਨੇ ਵੀ ਜ਼ਮੀਨ ਪੈਰਾਂ ਥਲਿਓਂ ਨਿਕਲਦੀ ਦੇਖ ਕੇ ਇਨ੍ਹਾਂ ਨੂੰ ਸਮਝਾਉਣ ਵੱਲ ਰੁਖ ਕਰ ਲਿਆ ਸੀ। ਇਸੇ ਦੌਰਾਨ ਹਕੂਮਤ ਦੇ ਬੇਪਨਾਹ ਜ਼ੁਲਮਾਂ ਤੋਂ ਘਬਰਾ ਕੇ ਰਾਮ ਚੰਦਰ ਬੀ.ਏ. ਨੈਸ਼ਨਲ ਦਾ ਸਰਵੈਂਟਸ ਆਫ ਪੀਪਲਜ਼ ਸੁਸਾਇਟੀ ਦੇ ਨੌਜਵਾਨਾਂ ਦੇ ਅਜਲਾਸਾਂ ਵਿਚ ਇਸਦੇ ਗਰੁੱਪ ਨੇ ਪੂਰਾ ਜ਼ੋਰ ਲਾਇਆ ਕਿ ਨੌਜਵਾਨ ਸਭਾ ਪੰਜਾਬ ਕਾਂਗਰਸ ਦਾ ਇਕ ਖੱਬਾ ਅੰਗ ਬਣ ਜਾਵੇ ਤੇ ਕਿਰਤੀ ਕਿਸਾਨ ਪਾਰਟੀ ਨਾਲ ਕੋਈ ਸਰੋਕਾਰ ਨਾ ਰੱਖੇ। ਪਰ ਹੁਣ ਤਾਂ ਪਾਣੀ ਸਿਰ ਉਤੋਂ ਗੁਜ਼ਰ ਚੁੱਕਿਆ ਸੀ। ਇਹ ਰੁਝਾਨ ਬੁਰੀ ਤਰ੍ਹਾਂ ਫੇਲ੍ਹ ਹੋਇਆ। ਸਗੋਂ ਨੌਜਵਾਨ ਸਭਾ ਨੇ ਹੁਣ ਆਪਣਾ ਨਾਂ ਬਦਲ ਕੇ ਪੰਜਾਬ ਸੋਸ਼ਲਿਸਟ ਪਾਰਟੀ ਰੱਖ ਲਿਆ ਤੇ ਕਿਰਤੀ ਕਿਸਾਨ ਪਾਰਟੀ ਨਾਲ ਸਾਂਝਾ ਬੋਰਡ ਬਣਾ ਲਿਆ। ਇਸ ਬੋਰਡ ਨੇ ਸਾਰਿਆਂ ਜ਼ਿਲ੍ਹਿਆਂ ਵਿਚ ਫਰ ਸਾਂਝੀਆਂ ਕਮੇਟੀਆਂ ਕਾਇਮ ਕਰ ਦਿਤੀਆਂ ਸਨ। ਪੰਜਾਬ ਵਿਚ ਇਹ ਸਮਾਜਵਾਦ ਲਈ ਜੂਝ ਰਹੇ ਇਨਕਲਾਬੀ ਲੋਕਾਂ ਦਾ ਪਹਿਲਾ ਵਿਸ਼ਾਲ ਇਕੱਠ ਸੀ। ਜਿਸਦੀ ਅਗਵਾਈ ਹੇਠ ਮਜ਼ਦੂਰ ਕਿਸਾਨ ਜਥੇਬੰਦੀਆਂ ਖੜ੍ਹੀਆਂ ਹੋਈਆਂ।

ਕਮਿਊਨਿਸਟਾਂ ਤੇ ਕਾਂਗਰਸ ਵਿਚ ਟੱਕਰ ਦੇ ਸਾਲ

1930-31 ਦੇ ਸਾਲ ਹਿੰਦੋਸਤਾਨ ਵਿਚ ਕਮਿਊਨਿਸਟਾਂ ਦੀ ਕਾਂਗਰਸ ਨਾਲ ਤੇ ਅੰਗਰੇਜ਼ੀ ਹਕੂਮਤ ਵਿਰੁੱਧ ਟੱਕਰ ਦੇ ਸਾਲ ਕਰਕੇ ਜਾਣੇ ਜਾਂਦੇ ਹਨ। ਸ਼ਹੀਦ ਭਗਤ

ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਫਾਂਸੀ ਤੇ ਗਾਂਧੀ-ਇਰਵਨ ਸਮਝੌਤੇ ਨੇ ਇਹ ਟੱਕਰ ਸਿਖਰ 'ਤੇ ਲੈ ਆਂਦੀ। ਪਹਿਲੋਂ ਕਮਿਊਨਿਸਟ ਭਾਵੇਂ ਸਤਿਆਗ੍ਰਹਿ ਤੇ ਬਾਈਕਾਟ 'ਤੇ ਕਿੰਤੂ ਤਾਂ ਕਰਦੇ ਸਨ, ਪਰ ਇਸ ਘੋਲ ਵਿਚ ਸ਼ਾਮਲ ਵੀ ਹੁੰਦੇ ਸਨ। ਹੁਣ ਇਹ ਗਾਂਧੀ-ਇਰਵਨ ਸਮਝੌਤੇ ਨੂੰ ਲੋਕਾਂ ਦੇ ਹਿੱਤਾਂ ਦੇ ਖਿਲਾਫ ਗ਼ਦਾਰੀ ਕਹਿੰਦੇ ਸਨ। ਇਸ ਨੂੰ ਹਿੰਦੋਸਤਾਨੀ ਸਰਮਾਏਦਾਰੀ ਦੇ ਹਿੱਤ ਵਿਚ ਮਜ਼ਦੂਰਾਂ ਕਿਸਾਨਾਂ ਨਾਲ ਧੋਖਾ ਦੱਸਦੇ ਸਨ ਤੇ ਮੁਲਕ ਦੀ ਪੂਰਨ ਅਜ਼ਾਦੀ ਤੋਂ ਕਾਂਗਰਸ ਦੀ ਕਿਨਾਰਾਕਸ਼ੀ ਦੱਸਦੇ ਸਨ।

ਪੰਜਾਬ ਦੀ ਕਿਰਤੀ ਪਾਰਟੀ ਤੇ ਨੌਜਵਾਨ ਸਭਾ ਨੇ ਇਸ ਸਮਝੌਤੇ ਦੀ ਡਵਟੀਂ ਮੁਖ਼ਾਲਫ਼ਤ ਕੀਤੀ। ਇਹ ਮੰਗ ਕਰਦੇ ਸਨ ; ਗੋਲਮੇਜ਼ ਕਾਨਫਰੰਸ ਨਹੀਂ, ਮੁਲਕ ਦੀ ਪੂਰਨ ਅਜ਼ਾਦੀ, ਸਾਰੇ ਸਿਆਸੀ ਕੈਦੀਆਂ ਦੀ ਰਿਹਾਈ, ਜਿਨ੍ਹਾਂ ਵਿਚ 1914-15 ਵਾਲੇ ਗ਼ਦਰੀ ਬਾਬੇ, ਪੰਜਾਬ ਦੇ ਮਾਰਸ਼ਲ ਲਾਅ ਦੇ ਕੈਦੀ, ਬੱਬਰ ਅਕਾਲੀ ਤੇ ਨੌਜਵਾਨ ਭਾਰਤ ਸਭਾ ਦੇ ਇਨਕਲਾਬੀ ਕੈਦੀ ਸਭ ਸ਼ਾਮਲ ਸਨ। ਉਹ ਮੰਗ ਕਰਦੇ ਸਨ : ਮਾਲੀਆ ਜਾਂ ਟੈਕਸ ਨਾ ਦੇਣ 'ਤੇ ਨਿਲਾਮ ਹੋਈਆਂ ਜ਼ਮੀਨਾਂ ਤੇ ਪ੍ਰਾਪਰਟੀ ਦੀ ਵਾਪਸੀ। ਉਹ ਵੀ ਬਿਨਾ ਮੁਆਵਜ਼ਾ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਮਹਾਤਮਾ ਗਾਂਧੀ ਦੇ 1930 ਵਾਲੇ ਸਤਿਆਗ੍ਰਹਿ ਵਿਚ ਬਾਰਦੋਲੀ, ਯੂ.ਪੀ., ਪੰਜਾਬ ਵਿਚ ਮਾਲੀਆ ਟੈਕਸ ਨਾ ਦੇਣ 'ਤੇ ਪਸ਼ੂ ਤਿੰਨ-ਤਿੰਨ ਸੌ ਦੀ ਕੀਮਤ ਵਾਲੇ ਪੱਚੀ-ਪੱਚੀ ਰੁਪਏ ਵਿਚ ਨਿਲਾਮ ਕਰ ਦਿੱਤੇ ਸਨ। ਨਿਲਾਮ ਹੋ ਚੁਕੇ ਇਸ ਮਾਲ ਦੀ ਵਾਪਸੀ ਨਹੀਂ ਹੋ ਸਕਦੀ, ਗਾਂਧੀ-ਇਰਵਨ ਸਮਝੌਤੇ ਦੀ ਕਲਾਜ਼ ਸੋਲ੍ਹਾਂ ਵਿਚ ਇਹ ਸ਼ਰਤ ਦਰਜ ਸੀ। ਗ਼ਰੀਬ ਤੇ ਦਰਮਿਆਨੇ ਦਰਜੇ ਤੇ ਸਤਿਆਗ੍ਰਹਿ ਦਾ ਮਾਲ ਤਾਂ ਨਿਲਾਮ ਹੋ ਚੁਕਿਆ ਸੀ। ਬੇਸਰੋ ਸਮਾਨ ਹੋਇਆ ਕਿਸਾਨ ਰੁਲ ਰਿਹਾ ਸੀ, ਜਿਸ ਨੇ ਗਾਂਧੀ ਦੇ ਕਹਿਣ 'ਤੇ ਮਾਲੀਆ ਟੈਕਸ ਬੰਦ ਕਰ ਦਿਤਾ ਸੀ। ਹੁਣ ਉਸ ਨੂੰ ਕਾਂਗਰਸ ਮਾਲੀਆ ਟੈਕਸ ਅਦਾ ਕਰਨ ਦੀਆਂ ਅਪੀਲਾਂ ਕਰ ਰਹੀ ਸੀ। ਜਾਗੀਰਦਾਰਾਂ, ਰਾਜਿਆਂ, ਨਵਾਬਾਂ, ਜ਼ਾਲਮ ਹਾਕਮਾਂ ਦੇ ਖਿਲਾਫ਼ ਸਭ ਐਜੀਟੇਸ਼ਨਾਂ ਸਮਾਪਤ ਕਰਨ ਦੇ ਹੁਕਮ ਦੇ ਰਹੀ ਸੀ। ਕਿਰਤੀ ਪਾਰਟੀ ਤੇ ਪੰਜਾਬ ਦੀ ਨੌਜਵਾਨ ਸਭਾ ਨੇ ਇਸ ਲਈ ਇਸ ਗਾਂਧੀ-ਇਰਵਨ ਸਮਝੌਤੇ ਦੇ ਖਿਲਾਫ ਜਹਾਦ ਕਰ ਦਿੱਤਾ ਸੀ। ਕਿਰਤੀ ਪਾਰਟੀ ਦਾ ਕਿਰਤੀ ਮਾਸਕ ਰਸਾਲਾ ਕਾਫੀ ਨਹੀਂ ਸੀ। ਇਸ ਲਈ ਪਾਰਟੀ ਨੇ ਮਈ 1931 ਤੋਂ 'ਮਜ਼ਦੂਰ-ਕਿਸਾਨ' ਉਰਦੂ ਤੇ ਪੰਜਾਬੀ ਵਿਚ ਹਫਤਾਵਾਰ ਅਖ਼ਬਾਰ ਜਾਰੀ ਕੀਤਾ। ਕਰਾਚੀ ਵਿਚ ਮਜ਼ਦੂਰ ਕਿਸਾਨ ਕਾਨਫਰੰਸ ਵਿਚ ਪੜ੍ਹੇ ਦਸੌਂਧਾ ਸਿੰਘ ਢਾਡੇ ਦੇ ਪ੍ਰਧਾਨਗੀ ਐਂਡਰੈਸ ਦਸੌਂਧਾ ਸਿੰਘ ਤੇ ਮਤੇ ਨੌਜਵਾਨ ਸਭਾ ਦੇ ਕਰਾਚੀ ਮਤਿਆਂ ਤੋਂ ਇਨ੍ਹਾਂ ਦੋਹਾਂ ਸੰਸਥਾਵਾਂ, ਕਿਰਤੀ ਪਾਰਟੀ ਤੇ ਨੌਜਵਾਨ ਭਾਰਤ ਕਿਸਾਨ ਅਖ਼ਬਾਰ ਸਫਾ 2 ਤੋਂ 8 ਮਈ, 1931। ਪ੍ਰਧਾਨਗੀ ਐਡਰੈਸ ਦਸੌਂਧਾ ਸਿੰਘ ਤੇ ਮਤੇ ਨੌਜਵਾਨ ਭਾਰਤ ਸਭਾ, ਜੋ ਲਗਾਤਾਰ ਅੱਠ ਨਬਰਾਂ ਵਿਚ ਛਪੇ। ਕਾਮਰੇਡ ਫਿਰੋਜ਼ਦੀਨ ਮਨਸੂਰ ਦੇ "ਗਾਂਧੀਪਨ ਦੇ ਅਸਲੀ ਅਰਥ" ਮਜ਼ਦੂਰ ਕਿਸਾਨ, ਸਫਾ 16, ਤਾਰੀਖ 8 ਮਈ, 1931 ਤੋਂ ਸ਼ੁਰੂ ਹੋ ਕੇ ਛੇ ਅੰਕਾਂ ਵਿਚ ਲਗਾਤਾਰ

ਦਰਜ ਹਨ। ਸੰਤਾ ਸਿੰਘ ਗੰਡੀਵਿੰਡ ਦਾ ਰੋਹਤਕ ਕਾਨਫਰੰਸ ਦਾ ਐਡਰੈੱਸ, ਮੁਨਸ਼ੀ ਅਹਿਮਦ ਦੀਨ ਪ੍ਰਧਾਨ ਨੌਜਵਾਨ ਸਭਾ ਪੰਜਾਬ ਦੀਆਂ ਤਕਰੀਰਾਂ ਤੇ 124-ਏ ਹੇਠ ਕੈਦਾਂ, ਕਾਮਰੇਡ ਰਾਮ ਕਿਸ਼ਨ ਬੀ.ਏ. ਨੈਸ਼ਨਲ ਦਾ ਪਿਸ਼ਾਵਰ ਕਚਹਿਰੀ ਵਿਚ ਬਿਆਨ ਮਜ਼ਦੂਰ ਕਿਸਾਨ ਅਖ਼ਬਾਰ ਸਫਾ 16, ਤਾਰੀਖ 18 ਦਾ ਪਿਸ਼ਾਵਰ ਕਚਹਿਰੀ ਵਿਚ ਬਿਆਨ ਮਜ਼ਦੂਰ ਕਿਸਾਨ ਅਖ਼ਬਾਰ ਸਫਾ 16, ਤਾਰੀਖ 18 ਅਕਤੂਬਰ 1931। ਕਿਰਤੀ ਕਿਸਾਨ ਪਾਰਟੀ ਤੇ ਨੌਜਵਾਨ ਸਭਾ ਪੰਜਾਬ ਵਲੋਂ ਕੀਤੀਆਂ ਗਈਆਂ ਕਾਨਫਰੰਸਾਂ ਸ਼ੇਖ਼ੂਪੁਰ, ਮੁਲਤਾਨ, ਗੁਜਰਾਂਵਾਲਾ, ਲਾਇਲਪੁਰ, ਰੋਹਤਕ, ਜਲੰਧਰ, ਹੁਸ਼ਿਆਰਪੁਰ, ਸਰਗੋਧਾ ਆਦਿ ਵਿਚ ਪ੍ਰਧਾਨਗੀ ਐਡਰੈੱਸ ਜੋ ਮਜ਼ਦੂਰ ਕਿਸਾਨ ਫਾਈਲ 1931 ਵਿਚ ਦਰਜ ਹਨ। ਇਨ੍ਹਾਂ ਨੂੰ ਪੜ੍ਹਨ 'ਤੇ ਦੋਹਾਂ ਸੰਸਥਾਵਾਂ ਦੇ ਉਘੇ ਲੀਡਰਾਂ ਦੇ ਖਿਆਲ ਸਾਫ-ਸਾਫ ਕਮਿਊਨਿਸਟ ਤੇ ਕਾਂਗਰਸ ਦੀ ਟੱਕਰ ਨੂੰ ਅਸਲੀ ਰੂਪ ਵਿਚ ਜ਼ਾਹਰ ਕਰਦੇ ਹਨ। ਕਿਰਤੀ ਕਮਿਊਨਿਸਟਾਂ ਤੇ ਨੌਜਵਾਨ ਸਭਾ ਸਭ ਦੀ ਇਕੋ ਬੋਲੀ ਸੀ।

ਮੇਰਠ ਸਾਜ਼ਿਸ਼ ਕੇਸ ਦੇ ਕਮਿਊਨਿਸਟ ਮੁਲਜ਼ਮਾਂ ਨੇ ਅਦਾਲਤ ਵਿਚ ਜੋ ਬਿਆਨ ਦਿੱਤੇ, ਉਨ੍ਹਾਂ ਨੇ ਉਪਰ ਦਸੀ ਕਮਿਊਨਿਸਟ ਸਿਆਸਤ ਦੀ ਤਸਦੀਕ ਕਰ ਦਿੱਤੀ। ਕਾਮਰੇਡ ਪੀ.ਸੀ. ਜੋਸ਼ੀ ਦਾ ਬਿਆਨ ਫਿਰੋਜ਼ਦੀਨ ਮਨਸੂਰ ਦੇ ਲੇਖਾਂ ਨਾਲ ਮੇਲ ਖਾਂਦਾ ਹੈ। ਕਾਮਰੇਡ ਸੋਹਨ ਸਿੰਘ ਜੋਸ਼ ਦਾ ਅਦਾਲਤੀ ਬਿਆਨ, "ਮੈਂ ਕਿਰਤੀ ਕਿਸਾਨ ਪਾਰਟੀ ਦਾ ਜਨਰਲ ਸਕੱਤਰ ਸੀ, ਜਿਸਦਾ ਮਕਸਦ ਯੁਗਗਰਦੀ ਜ਼ਰੀਏ ਕੌਮੀ ਤੋਂ ਮੈਨੇਜਿੰਗ ਡਾਇਰੈਕਟਰ ਹਾਂ। ਇਸ ਵਿਚ ਆਪਣੇ ਨਾਂ ਹੇਠ ਮਜ਼ਮੂਨ ਵੀ ਲਿਖਦਾ ਰਿਹਾ ਹਾਂ। ਸਾਡੀ ਪਾਰਟੀ ਕਮਿਊਨਿਸਟ ਪਾਰਟੀ ਆਫ ਇੰਡੀਆ ਦਾ ਕਮਿਊਨਿਸਟ ਇੰਟਰਨੈਸ਼ਨਲ ਨਾਲ ਅਜੇ ਪੂਰਾ ਅਲਹਾਕ ਨਹੀਂ ਹੋਇਆ, ਕਿਉਂਕਿ ਸਾਡੀ ਮੈਂਬਰਸ਼ਿਪ ਦੀ ਗਿਣਤੀ ਅਜੇ ਘੱਟ ਹੈ। ਪਰ ਅਸੀਂ ਕਮਿਊਨਿਸਟ ਇੰਟਰਨੈਸ਼ਨਲ ਦੇ ਅਸੂਲਾਂ 'ਤੇ ਚਲਦੇ ਹਾਂ।"

ਅੰਗਰੇਜ਼ ਕਮਿਊਨਿਸਟ ਸਪਰੈਟ ਦਾ ਬਿਆਨ : "ਮੈਂ ਕਿਸੇ ਅੰਗਰੇਜ਼ ਨੂੰ ਇਹ ਗਿਲਾ ਕਰਦੇ ਨਹੀਂ ਸੁਣਿਆ ਕਿ ਹਿੰਦੋਸਤਾਨ ਵਿਚੋਂ ਅੰਗਰੇਜ਼ਾਂ ਲਈ ਕਿਉਂ ਰੁਪਈਆ ਆਉਂਦਾ ਹੈ। ਇਸੇ ਲਈ ਮੈਂ ਲੇਬਰ ਪਾਰਟੀ ਛੱਡ ਦਿੱਤੀ ਤੇ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਿਆ। ਕਮਿਊਨਿਸਟ ਪਾਰਟੀ ਦੀ ਸੋਸ਼ਲਿਜ਼ਮ ਲਿਆ ਸਕਦੀ ਹੈ, ਲੇਬਰ ਪਾਰਟੀ ਨਹੀਂ।"

ਕਾਮਰੇਡ ਮਿਰਾਜ਼ਕਾਰ ਦਾ ਬਿਆਨ : "ਹਿੰਦੋਸਤਾਨ ਅੰਗਰੇਜ਼ੀ ਰਾਜਧਾਨੀ ਦਾ ਕੇਂਦਰ ਹੈ। ਇਹ ਹੱਥੋਂ ਨਿਕਲ ਗਿਆ ਤਾਂ ਅੰਗਰੇਜ਼ੀ ਸਰਮਾਏਦਾਰੀ ਦਾ ਨਾਂ ਨਿਸ਼ਾਨ ਮਿਟ ਜਾਏਗਾ। ਕਮਿਊਨਿਸਟ ਪਾਰਟੀ ਇੰਡੀਆ ਪਹਿਲਾਂ ਕੌਮੀ ਯੁਗਗਰਦੀ (ਇਨਕਲਾਬ) ਤੇ ਪਿਛੋਂ ਰਿਤੀ ਯੁਗਗਰਦੀ ਕਰਨਾ ਚਾਹੁੰਦੀ ਹੈ। ਕਾਂਗਰਸ ਦੇ ਡਿਕਟੇਟਰ ਮਹਾਤਮਾ ਗਾਂਧੀ ਹਿੰਦੋਸਤਾਨੀ ਸਰਮਾਏਦਾਰਾਂ ਦੇ ਮੂੰਹ ਦੀ ਅਵਾਜ਼ ਤੋਂ ਸਿਵਾ ਹੋਰ ਕੁਝ ਵੀ ਨਹੀਂ

ਹਨ। ਮੁਫ਼ਤ-ਖੋਰ ਜਗੀਰਦਾਰਾਂ ਦਾ ਕਾਂਗਰਸ ਵਿਚ ਕਾਫੀ ਰਸੂਖ ਹੈ।"

ਕਾਮਰੇਡ ਅਯੁੱਧਿਆ ਪ੍ਰਸਾਦ ਦਾ 'ਕਿਰਤੀ' ਵਿਚ ਛਪਿਆ ਬਿਆਨ ਸਫਾ 15, ਤਾਰੀਖ 12 ਜੁਲਾਈ, 1931 : "ਮੌਜੂਦਾ ਰਾਜ ਪ੍ਰਬੰਧ ਨੂੰ ਉਲਟ-ਪੁਲਟ ਦੇਣ ਨਾਲ ਹੀ ਯੁਗਗਰਦੀ (ਇਨਕਲਾਬ) ਹੋ ਸਕਦੀ ਹੈ। ਕਮਿਊਨਿਸਟ ਹਿੰਦੋਸਤਾਨੀ ਸਰਮਾਏਦਾਰਾਂ ਦੀ ਵਿਰੋਧਤਾ ਕਰਦੇ ਹਨ, ਮਿਲਵਰਤਨ ਨਹੀਂ, ਕਿਉਂਕਿ ਹਿੰਦੋਸਤਾਨੀ ਸਰਮਾਏਦਾਰ ਵਰਤਮਾਨ ਹਕੂਮਤ ਨੂੰ ਖਤਮ ਕਰਨਾ ਨਹੀਂ ਚਾਹੁੰਦੇ। ਪੂਰਨ ਅਜ਼ਾਦੀ ਲਈ ਬਗ਼ਾਵਤ, ਇਸ ਵਿਚ ਸਮਝੌਤੇ ਤੇ ਅੱਖਰ ਨਹੀਂ ਚਾਹੁੰਦੇ। ਪੂਰਨ ਅਜ਼ਾਦੀ ਲਈ ਬਗਾਵਤ, ਇਸ ਵਿਚ ਸਮਝੌਤੇ ਦੇ ਅੱਖਰ ਨਹੀਂ ਆ ਸਕਦੇ। ਮੈਨੂੰ ਇਸ ਅਦਾਲਤ ਤੋਂ ਇਨਸਾਫ ਦੀ ਆਸ ਨਹੀਂ ਹੈ।

ਅੰਗਰੇਜ਼ ਕਮਿਊਨਿਸਟ ਕਾਮਰੇਡ ਬਰੈਡਲੇ : "ਵਲਾਇਤ ਦੇ ਕਿਰਤੀ ਉਦੋਂ ਤੱਕ ਅਜ਼ਾਦ ਨਹੀਂ ਹੋ ਸਕਦੇ, ਜਦ ਤਕ ਉਹ ਦੂਜੇ ਦੇਸਾਂ ਦੇ ਕਿਰਤੀਆਂ ਨੂੰ ਗ਼ੁਲਾਮ ਬਨਾਉਣ ਵਿਚ ਸਹਾਇਤਾ ਕਰਦੇ ਰਹਿਣਗੇ।"

ਬਿਆਨ ਕਾਮਰੇਡ ਸ਼ੌਕਤ ਅਸਮਾਨੀ : "ਸਰਮਾਏਦਾਰੀ ਆਪਣੀ ਕਬਰ ਆਪ ਪੁੱਟ ਰਹੀ ਹੈ। ਕਿਸੇ ਸਾਜ਼ਿਸ਼ ਦੀ ਲੋੜ ਨਹੀਂ। ਕੁਝ ਇਕ ਆਦਮੀ ਹੀ ਯੁਗਗਰਦੀ ਨਹੀਂ ਕਰ ਸਕਦੇ ਤੇ ਨਾ ਹੀ ਇਨ੍ਹਾਂ ਨੂੰ ਗ੍ਰਿਫਤਾਰ ਕਰਨ ਨਾਲ ਯੁਗਗਰਦੀ ਰੁਕ ਸਕਦੀ ਹੈ।"

ਮੇਰਠ ਸਾਜ਼ਸ਼ ਕੇਸ ਦੇ ਕਮਿਊਨਿਸਟ ਮੁਲਜ਼ਮਾਂ ਵਲੋਂ ਕਚਹਿਰੀ ਵਿਚ ਦਿੱਤੇ ਬਿਆਨ ਮਜ਼ਦੂਰ ਕਿਸਾਨ ਦੀ 1931 ਦੀ ਫਾਈਲ ਦੇ ਮਈ, ਜੂਨ, ਜੁਲਾਈ ਅੰਕ ਵਿਚ ਦਰਜ ਹਨ। ਕਿਰਤੀ ਪਾਰਟੀ ਨੇ ਮੇਰਠ ਸਾਜ਼ਿਸ਼ ਕੇਸ ਦੀ ਪੈਰਵੀ ਲਈ ਫੰਡ ਲਈ ਫੁੱਲ ਸਫੇ 'ਤੇ ਆਪਣੇ ਵਲੋਂ ਅਪੀਲ ਕੀਤੀ ਤੇ ਮੇਰਠ ਦੇ ਕੈਦੀਆਂ ਦੀਆਂ ਫੋਟੋਆਂ ਛਾਪੀਆਂ।

ਮੇਰਠ ਸਾਜ਼ਸ਼ ਕੇਸ ਵਿਚ ਦਿੱਤੇ ਕਮਿਊਨਿਸਟਾਂ ਦੇ ਬਿਆਨ ਕਚਹਿਰੀ ਵਿਚ ਇਕੱਤਰ ਹੋਏ ਲੋਕਾਂ ਨੇ ਸੁਣੇ ਤੇ ਸਰਮਾਏਦਾਰ ਅਖ਼ਬਾਰਾਂ ਨੇ ਤਰੋੜ-ਮਰੋੜ ਕੇ ਕੁਝ ਲਾਈਨਾਂ ਵਿਚ ਛਾਪ ਦਿੱਤੇ। ਪਰ ਕਿਰਤੀ ਪਾਰਟੀ ਦੇ ਮਜ਼ਦੂਰ-ਕਿਸਾਨ ਅਖ਼ਬਾਰ ਨੇ ਮੁਖ ਤੌਰ 'ਤੇ ਛਾਪ ਕੇ ਇਨ੍ਹਾਂ ਨੂੰ ਹਜ਼ਾਰਾਂ ਸਰੋਤਿਆਂ ਤਕ ਪਿਸ਼ਾਵਰ ਤੋਂ ਲੈ ਕੇ ਦਿੱਲੀ, ਕਲਕੱਤੇ ਤਕ ਅਪੜਾਇਆ। ਆਮ ਲੋਕਾਂ 'ਤੇ ਇਨ੍ਹਾਂ ਦਾ ਅਸਰ ਹੋਇਆ ਤੇ ਸਿਆਸੀ ਪਾਰਟੀਆਂ ਵਿਚ ਬਹਿਸ ਦਾ ਵਿਸ਼ਾ ਬਣੇ। ਦੂਜੇ ਪਾਸੇ ਲੋਕਾਂ ਨੇ ਆਪਣੀਆਂ ਦੁਖਾਂ ਦਰਦਾਂ ਦੀਆਂ ਕਹਾਣੀਆਂ ਲਿਖ ਕੇ ਇਸ ਅਖ਼ਬਾਰ ਵਿਚ ਛਾਪਣ ਲਈ ਭੇਜੀਆਂ। ਹੁਣ ਕਿਰਤੀ ਸੂਝ ਦੇ ਜਥੇਬੰਦੀ ਦਾ ਰੋਲ ਵੀ ਅਦਾ ਕਰ ਰਿਹਾ ਸੀ। ਲੋਕ ਸਮਝਦੇ ਸਨ ਕਿ ਕਿਰਤੀ ਪਾਰਟੀ ਕਮਿਊਨਿਸਟ ਪਾਰਟੀ ਦਾ ਖੁਲ੍ਹਾ ਨਾਂ ਹੀ ਹੈ। ਕਿਰਤੀ ਪਾਰਟੀ ਪੂਰਨ ਅਜ਼ਾਦੀ ਦੀ ਮੰਗ ਦੇ ਨਾਲ-ਨਾਲ ਕਰਜ਼ੇ 'ਤੇ ਉੱਕੀ ਲਕੀਰ ਫੇਰਨ, ਜ਼ਮੀਨ ਹਲਵਾਹਕਾਂ ਦੀ, ਮੁਜ਼ਾਰਿਆਂ 'ਤੇ ਤਸ਼ੱਦਦ ਬੰਦ ਕਰਨ, ਮਜ਼ਦੂਰਾਂ ਲਈ ਵੇਤਨ ਵਿਚ ਵਾਧੇ, ਅੱਠ ਘੰਟੇ ਕੰਮ, ਯੂਨੀਅਨ, ਹੜਤਾਲ, ਜਲਸੇ-ਜਲੂਸ ਦੀ ਅਜ਼ਾਦੀ ਦੀ ਮੰਗ

ਕਰਦੀ ਸੀ। ਕਿਰਤੀ ਪਾਰਟੀ ਵਾਲੇ ਇਸ ਨੂੰ ਰੋਜ਼ੀ ਰੋਟੀ ਤੇ ਅਜ਼ਾਦੀ ਦੀ ਲੜਾਈ ਕਹਿੰਦੇ ਸਨ। ਕਾਂਗਰਸ ਦੇ ਗੋਲਮੋਲ ਸਵਰਾਜ ਦੇ ਨਾਹਰੇ ਵਿਚ ਤਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ। ਸ਼ਾਹੂਕਾਰ, ਜਗੀਰਦਾਰ ਤੇ ਸਰਮਾਏਦਾਰ-ਨਵਾਜ਼ ਕਾਂਗਰਸੀ ਇਨ੍ਹਾਂ ਲੋਕਾਂ ਦੀਆਂ ਆਰਥਿਕ ਮੰਗਾਂ ਨੂੰ ਐਂਟੀ ਨੈਸ਼ਨਲ ਤੇ ਫੁਟ ਪਾਊ ਦਸਦੇ ਤੇ ਗਾਂਧੀ-ਇਰਵਨ ਸਮਝੌਤੇ ਤੇ ਖਿਲਾਫ ਬੋਲਣ ਵਾਲਿਆਂ ਵਿਰੁੱਧ ਕੋਝਾ ਪ੍ਰਚਾਰ ਕਰਦੇ। ਮਜ਼ਦੂਰ ਕਿਸਾਨ ਲੀਡਰਾਂ ਦੀਆਂ ਦਲੀਲਾਂ ਦਾ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ: ਕਿਰਤੀ ਅਖ਼ਬਾਰ ਵਿਚ ਛਪੇ ਲੇਖਾਂ, ਕਵਿਤਾਵਾਂ, ਡਰਾਮਿਆਂ ਨੇ ਲੋਕਾਂ ਨੂੰ ਹੁਣ ਜ਼ਬਾਨ ਦੇ ਦਿੱਤੀ ਸੀ ਤੇ ਇਨ੍ਹਾਂ ਨੂੰ ਬਹਿਸ ਵਿਚ ਮਾਤ ਦੇਣੀ ਔਖੀ ਹੋ ਗਈ ਸੀ। ਪੰਜਾਬ ਕਾਂਗਰਸ ਦੀ ਲੀਡਰਸ਼ਿਪ ਜ਼ਿਆਦਾਤਰ ਉਸ ਵੇਲੇ ਸ਼ਾਹੂਕਾਰ ਜ਼ਹਿਨੀਅਤ ਦੇ ਲੋਕਾਂ ਦੇ ਅਸਰ ਹੇਠ ਸੀ।

1930-31 ਦੁਨੀਆਂ 'ਤੇ ਭਾਰੀ ਆਰਥਕ ਮੰਦਵਾੜੇ ਦੇ ਸਾਲ ਸਨ। ਇਨ੍ਹਾਂ ਦਾ ਪੰਜਾਬ ਦੀ ਆਰਥਕਤਾ 'ਤੇ ਵੀ ਭਾਰੀ ਅਸਰ ਹੋਇਆ। ਅੰਗਰੇਜ਼ ਆਰਥਕ ਮਾਹਰ ਡਾਰਲਿੰਗ ਅਨੁਸਾਰ ਪੰਜਾਬ ਦੇ 82 ਫੀ ਸਦੀ ਕਿਸਾਨ ਕਰਜ਼ੇ ਹੇਠ ਦਬੇ ਹੋਏ ਸਨ। ਇਨ੍ਹਾਂ ਵਿਚੋਂ 40 ਫੀ ਸਦੀ ਨੇ ਕਰਜ਼ਾ ਜ਼ਮੀਨ ਗਹਿਣੇ ਕਰ ਕੇ ਹਾਸਲ ਕੀਤਾ ਸੀ। ਕਰਜ਼ਾ ਔਸਤਨ 463 ਰੁਪਏ ਫੀ ਕਿਸਾਨ ਸੀ ਤੇ ਕੁੱਲ ਕਰਜ਼ਾ 55 ਕਰੋੜ ਰੁਪਏ ਦੇ ਕਰੀਬ ਸੀ। ਮਾਲਕ ਤੇ ਮੁਜ਼ਾਰਾ ਮਿਲ ਕੇ 90 ਕਰੋੜ ਦੇ ਕਰਜ਼ੇ ਹੇਠ ਸਨ। ਇਹ ਕਰਜ਼ਾ ਇਕੱਤੀ ਰੁਪਏ ਫੀ ਏਕੜ ਦੇ ਬਰਾਬਰ ਸੀ। ਕੁਲ ਕਰਜ਼ਾ ਸਾਲ ਦੀ ਕੁਲ ਆਮਦਨੀ ਦੇ ਬਰਾਬਰ ਸੀ ਅਤੇ ਇਸ 'ਤੇ 13 ਕਰੋੜ ਰੁਪਏ ਸਾਲਾਨਾ ਸੂਦ ਵੀ ਪੈਂਦਾ ਸੀ।

ਜਿਨਸਾਂ ਦੇ ਭਾਅ ਬਹੁਤ ਗਿਰ ਗਏ ਸਨ। ਕਣਕ ਇਕ ਰੁਪਿਆ 5 ਆਨੇ ਮਣ ਪੱਕੇ, ਭਾਵ ਸਾਢੇ ਤਿੰਨ ਪੈਸੇ ਫੀ ਕਿਲੋ। ਜਿਸ ਨਾਲ ਗੁਜ਼ਾਰਾ ਹੋਣਾ ਤਾਂ ਦਰਕਿਨਾਰ, ਸ਼ਾਹ ਦਾ ਸੂਦ ਦੇ ਸਰਕਾਰੀ ਮਾਲੀਆ ਦੇਣਾ ਮੁਸ਼ਕਲ ਹੋ ਗਿਆ ਸੀ। ਮਾਲੀਏ ਦੀ ਨਾਅਦਾਇਗੀ ਕਾਰਨ ਕਿਸਾਨ ਜੇਲ੍ਹੀਂ ਡੱਕੇ ਜਾ ਰਹੇ ਸਨ। ਮੁਜ਼ਾਰੇ ਦੀ ਹਾਲਤ ਇਸ ਤੋਂ ਵੀ ਬਦਤਰ ਸੀ। ਮਜ਼ਦੂਰ ਕਿਸਾਨ ਅਖ਼ਬਾਰ ਵਿਚ ਛਪੇ ਮਿੰਟਗੁਮਰੀ ਦੇ ਅਬਾਦਕਾਰ ਮੁਜ਼ਾਰਿਆਂ ਦੇ ਖਤਾਂ ਵਿਚ ਜੂਨ 1931 ਤੋਂ ਇਨ੍ਹਾਂ ਨਾਲ ਅਣਮਨੁੱਖੀ ਸਲੂਕ ਦਾ ਪਤਾ ਲਗਦਾ ਹੈ। ਮੁਜ਼ਾਰੇ ਨੂੰ ਮੁਰੱਬੇ ਵਿਚੋਂ ਦੋ ਖੇਤ ਜ਼ਮੀਨਦਾਰ ਨੂੰ ਮੁਫਤ ਬੀਜ ਵੱਢ ਕੇ ਦੇਣੇ ਪੈਂਦੇ ਸਨ, ਜਿਸ ਨੂੰ ਉਹ ਸਰਦਾਰੀ ਕਹਿੰਦੇ ਸਨ। ਮਾਲੀਏ ਦਾ ਅੱਧ ਮੁਜ਼ਾਰੇ ਤੋਂ ਲਿਆ ਜਾਂਦਾ ਸੀ ਅਤੇ ਮਾਲਕਾਨੇ ਦੀਆਂ ਕਿਸ਼ਤਾਂ ਦਾ ਅੱਧ ਵੀ ਮੁਜ਼ਾਰੇ ਨੂੰ ਦੇਣਾ ਪੈਂਦਾ ਸੀ। ਜਦਕਿ ਮਾਲਕੀ ਜ਼ਮੀਨਦਾਰ ਨੂੰ ਮਿਲਣੀ ਸੀ। ਮੁਜ਼ਾਰੇ ਨੂੰ ਆਪਣੀ ਪੈਦਾਵਾਰ ਵੇਚਣ ਦਾ ਅਧਿਕਾਰ ਵੀ ਨਹੀਂ ਸੀ। ਉਹ ਵੀ ਮੰਡੀ ਵਿਚ ਜ਼ਮੀਨਦਾਰ ਹੀ ਵੇਚਦਾ ਤੇ ਢੋਆ-ਢੁਆਈ ਦਾ ਖਰਚ ਮਜ਼ਾਰੇ 'ਤੇ ਪੈਂਦਾ। ਇਹ ਸਭ ਨੂੰ ਢਿੱਡ ਭਰਵੀਂ ਰੋਟੀ ਵੀ ਨਸੀਬ ਨਾ ਹੁੰਦੀ। ਜ਼ਮੀਨਦਾਰ ਦੇ ਘਰ, ਹਵੇਲੀ ਦੀ ਸਫਾਈ-ਲਿਪਾਈ ਮੁਜ਼ਾਰੇ ਦੇ ਟੱਬਰ ਨੂੰ ਕਰਨੀ ਪੈਂਦੀ ਹੈ। ਝੰਗ, ਮੁਲਤਾਨ, ਮਿੰਟਗੁਮਰੀ ਆਦਿ ਦੇ ਮੁਜ਼ਾਰਿਆਂ ਦੀਆਂ

ਇੱਜ਼ਤਾਂ ਵੀ ਇਨ੍ਹਾਂ ਜ਼ਮੀਨਦਾਰਾਂ ਤੋਂ ਮਹਿਫੂਜ਼ ਨਹੀਂ ਸਨ। ਪੇਂਡੂ ਦਸਤਕਾਰਾਂ ਤੋਂ ਪੇਸ਼ਾਵਰ ਟੈਕਰ ਲਿਆ ਜਾਂਦਾ। ਮਜ਼ਦੂਰ ਕਿਸਾਨ ਅਖ਼ਬਾਰ 15 ਜੁਲਾਈ 1931 ਦੇ ਸਫਾ 18 ਉਤੇ ਟੈਕਸ ਅਫਸਰ ਤੇ ਦਸਤਕਾਰ ਦੀ ਇਕ ਗੁਫਤਗੂ ਛਪੀ ਹੈ, ਜੋ ਉਸ ਵੇਲੇ ਦੀ ਇਨ੍ਹਾਂ ਦੀ ਹਾਲਤ ਦਾ ਨਕਸ਼ਾ ਪੇਸ਼ ਕਰਦੀ ਹੈ। ਟੈਕਸ ਅਫਸਰ ਨੇ ਪੇਸ਼ਾਵਾਰਾਨਾ ਟੈਕਸ ਤਾਰਨ ਲਈ ਕਿਹਾ। ਦਸਤਕਾਰ ਨੇ ਆਪਣੀ ਬੇਬਸੀ ਦਸੀ ਤਾਂ ਅਫਸਰ ਨੇ ਤਜਵੀਜ਼ ਦਿਤੀ ਕਿ ਹਰ ਰੋਜ਼ ਇਕ ਬੁਰਕੀ ਰੋਟੀ ਘਟ ਖਾ ਲਿਆ ਕਰੋ। ਇਸ ਤਰ੍ਹਾਂ ਅੱਧੀ-ਅੱਧੀ ਮੁੱਠੀ ਆਟਾ ਬਚਾਓ। ਆਟੇ ਦਾ ਛਾਣਬੂਰਾ ਵੇਚੋ ਅਤੇ ਟੈਕਸ ਅਦਾ ਕਰੋ। ਉਨ੍ਹਾਂ ਵਿਚਾਰਿਆਂ ਨੂੰ ਤਾਂ ਖਾਣ ਦੇ ਸੰਸੇ ਪਏ ਹੋਏ ਸਨ, ਇਹ ਬਚਤਾਂ ਦੇ ਗੁਰ ਦੱਸਦਾ ਸੀ।

ਮਜ਼ਦੂਰਾਂ ਤੋਂ ਬਾਰਾਂ ਘੰਟੇ ਤੇ ਮੰਡੀਆਂ ਵਿਚ ਤਾਂ ਅਠਾਰਾਂ-ਅਠਾਰਾਂ ਘੰਟੇ ਕੰਮ ਲਿਆ ਜਾਂਦਾ ਸੀ ਤੇ ਮੁਸ਼ਕਲ ਨਾਲ ਢਿੱਡ ਭਰਨ ਜੋਗੀ ਉਜਰਤ ਦਿੱਤੀ ਜਾਂਦੀ ਸੀ। ਕੋਈ ਛੁੱਟੀ ਵੀ ਨਹੀਂ ਦਿਤੀ ਜਾਂਦੀ ਸੀ। ਨਾ ਹੀ ਐਕਸੀਡੈਂਟ ਹੋਣ 'ਤੇ ਕੋਈ ਮੁਆਵਜ਼ਾ ਮਿਲਦਾ। ਯੂਨੀਅਨ ਬਨਾਉਣ ਅਤੇ ਜਲਸੇ ਜਲੂਸਾਂ ਤੇ ਹੜਤਾਲਾਂ ਦੀ ਤਕਰੀਬਨ ਮਨਾਹੀ ਹੀ ਸੀ।

ਕੀ ਮਕਰੂਜ਼ ਦਾ ਸ਼ਾਹੂਕਾਰੇ ਵਿਰੁਧ ਘੋਲ, ਮੁਜ਼ਾਰੇ ਦੀ ਲੈਂਡਲਾਰਡ ਵਿਰੁੱਧ ਜੱਦੋ ਜਹਿਦ, ਮਜ਼ਦੂਰ ਦੀ ਸਰਮਾਏਦਾਰਾਂ ਤੋਂ ਮੰਗਾਂ ਮਨਵਾਉਣ ਲਈ ਤਹਿਰੀਕ ਜਾਂ ਰਾਜਿਆਂ ਨਵਾਬਾਂ ਤੋਂ ਛੁਟਕਾਰੇ ਲਈ ਰਿਆਸਤੀ ਪਰਜਾ ਦੀ ਜੱਦੋ ਜਹਿਦ ਆਦਿ, ਮੁਲਕ ਦੇ ਦਬੇ-ਕੁਚਲੇ ਲੋਕਾਂ ਦੀਆਂ ਇਹ ਤਹਿਰੀਕਾਂ ਅਜ਼ਾਦੀ ਦੇ ਘੋਲ ਵਿਚ ਫੁਟ ਪਾਉਣ ਦੇ ਤੁਲ ਸਨ? ਇਹ ਸ਼ਾਹੂਕਾਰ, ਸਰਮਾਏਦਾਰ ਤੇ ਲੈਂਡਲਾਰਡ ਕਾਂਗਰਸੀਆਂ ਦਾ ਪ੍ਰਚਾਰ ਸੀ। ਇਸ ਨਾਲ ਸੁੱਤੀ ਪਈ ਮਿਹਨਤੀ ਜਨਤਾ ਦੇ ਮੈਦਾਨ ਵਿਚ ਆਉਣ ਨਾਲ ਅਜ਼ਾਦੀ ਦੀ ਫੌਜ ਕਿਤੇ ਮਜ਼ਬੂਤ ਹੋ ਗਈ ਤੇ ਇਨ੍ਹਾਂ ਜਮਾਤਾਂ ਦੇ ਮਨ ਵਿਚ ਵੱਸ ਗਿਆ ਕਿ ਇਨ੍ਹਾਂ ਦੁੱਖਾਂ ਦਾ ਇਲਾਜ ਮੁਲਕ ਦੀ ਅਜ਼ਾਦੀ ਨਾਲ ਜੁੜਿਆ ਹੋਇਆ ਹੈ। ਇਸ ਰਸਤੇ 'ਤੇ ਅੱਗੇ ਵਧਣ ਲਈ ਅੰਗਰੇਜ਼ ਨੂੰ ਮੁਲਕ 'ਚੋਂ ਕੱਢਣਾ ਜ਼ਰੂਰੀ ਹੈ। ਇਸ ਸੰਘਰਸ਼ ਕਿਰਤੀ ਪਾਰੀ ਨੇ ਇਨ੍ਹਾਂ ਮਿਹਨਤਕਸ਼ ਜਮਾਤਾਂ ਨੂੰ ਰਹਿਨੁਮਾਈ ਦਿੱਤੀ। ਹੁਣ ਤਾਂ ਸਗੋਂ ਕਾਂਗਰਸ ਨੂੰ ਸੋਚਣਾ ਪੈ ਗਿਆ ਕਿ ਜਨਤਾ ਦਲ ਨਾਲ ਨੇੜੇ ਦਾ ਸੰਬੰਧ ਕਾਇਮ ਰੱਖਣ ਲਈ ਮਿਹਨਤੀ ਲੋਕਾਂ ਦੀਆਂ ਮੰਗਾਂ ਦਾ ਚਾਰਟਰ ਪੇਸ਼ ਕਰਨਾ ਪਏਗਾ। ਹੁਣ ਅਜ਼ਾਦੀ ਕੋਈ ਗੋਲ-ਮੋਲ ਵਸਤੂ ਨਹੀਂ ਸੀ ਰਹੀ ਬਲਕਿ ਲੋਕਾਂ ਦੀਆਂ ਆਰਥਕ ਮੰਗਾਂ ਦੇ ਸ਼ਾਮਲ ਹੋਣ ਨਾਲ ਇਸ ਦੇ ਅਰਥ ਹੀ ਬਦਲ ਗਏ। ਇਨ੍ਹਾਂ ਮੰਗਾਂ ਨੂੰ ਕਾਂਗਰਸੀ ਮੈਂਬਰਸ਼ਿਪ ਦੇ ਫਾਰਮ ਦੀ ਪਿੱਠ 'ਤੇ ਵੀ ਲਿਖ ਦਿੱਤਾ ਗਿਆ। ਪੰਜਾਬ ਦੀ ਯੂਨੀਅਨਿਸਟ ਪਾਰਟੀ ਨੂੰ ਵੀ ਕਰਜ਼ਿਆਂ ਦੇ ਖਿਲਾਫ਼, ਦੁਕਾਨਾਂ, ਕਰਿੰਦਿਆਂ ਲਈ ਟਾਈਮ ਦੇ ਸਮੇਂ ਆਦਿ ਲਈ ਬਿੱਲ ਲਿਆਉਣੇ ਪਏ। ਇਹ ਸਭ ਕਿਰਤੀ ਪਾਰਟੀ ਵਲੋਂ ਮਿਹਨਤੀ ਜਨਤਾ ਲਈ ਚਲਾਈ ਤਹਿਰੀਕ ਦੇ ਫਲਸਰੂਪ ਹੀ ਹੋਇਆ। ਲੋਕਾਂ ਨੂੰ ਨਾਲ ਰੱਖਣ

ਲਈ ਇਨ੍ਹਾਂ ਹੁਕਮਰਾਨ ਪਾਰਟੀਆਂ ਨੂੰ ਇਸ ਤਹਿਰੀਕ ਨੇ ਮਜਬੂਰ ਕਰ ਦਿੱਤਾ ਕਿ ਲੋਕਾਂ ਨੂੰ ਨਾਲ ਰੱਖਣਾ ਹੈ ਤਾਂ ਲੋਕਾਂ ਲਈ ਕੁਝ ਕਰਨਾ ਪਵੇਗਾ। ਗੋਰਮਿੰਟ ਨੂੰ ਮਾਲੀਏ ਵਿਚ ਛੋਟ ਕਰਨੀ ਪਈ। ਛੋਟੂ ਰਾਮ ਜਾਟ ਲੀਡਰ ਨੇ ਸ਼ਾਹੂਕਾਰਾਂ ਵਿਰੁੱਧ ਹਰਿਆਣੇ ਤੇ ਪੰਜਾਬ ਵਿਚ ਐਜੀਟੇਸ਼ਨ ਸ਼ੁਰੂ ਕਰ ਦਿੱਤੀ। ਇਸ ਤੋਂ ਕੋਈ ਇਨਕਾਰ ਨਹੀ ਕੀਤਾ ਜਾ ਸਕਦਾ ਕਿ ਕਿਰਤ ਪਾਰਟੀ, ਪੰਜਾਬ ਤੇ ਨੌਜਵਾਨ ਭਾਰਤ ਸਭਾ ਵੱਲੋਂ ਕੀਤੀ ਪਹਿਲਕਦਮੀ ਦਾ ਹੀ ਨਤੀਜਾ ਸੀ ਕਿ ਪੰਜਾਬ ਦੀਆਂ ਸਭ ਸਿਆਸੀ ਪਾਰਟੀਆਂ ਤੇ ਸੋਸ਼ਲ ਸੰਸਥਾਵਾਂ ਲਈ ਸੋਚਣ ਦਾ ਇਹ ਭਾਰੂ ਵਿਸ਼ਾ ਬਣ ਗਿਆ, ਜਿਸ ਤੋਂ ਵਗੈਰ ਇਨ੍ਹਾਂ ਦੀ ਹੋਂਦ ਖਤਰੇ ਵਿਚ ਸੀ। ਕਰਜ਼ਿਆਂ ਦੇ ਖਿਲਾਫ਼ ਲਹਿਰ ਨੇ ਕਿਰਤੀ ਪਾਰਟੀ, ਛੋਟੂ ਰਾਮ ਤੇ ਨੌਜਵਾਨ ਸਭਾ ਨੂੰ ਇਸ ਪੱਖ ਵਿਚ ਖੜ੍ਹੇ ਕਰ ਦਿੱਤਾ ਤੇ ਪੰਜਾਬ ਦਾ ਸ਼ਾਹੂਕਾਰ ਤਬਕਾ, ਜਿਸ ਵਿਚ ਕਾਂਗਰਸੀ ਸ਼ਾਹੂਕਾਰ ਵੀ ਸ਼ਾਮਲ ਸਨ, ਦੂਜੇ ਪਾਸੇ ਖੜ੍ਹਾ ਹੋ ਗਿਆ। ਡਾ. ਗੋਪੀ ਚੰਦ ਭਾਰਗੋ ਵਰਗੇ ਗਾਂਧੀਵਾਦੀ ਕਾਂਗਰਸੀ ਲੀਡਰ ਵੀ ਸ਼ਾਹੂਕਾਰਾਂ ਪੱਖ ਵਿਚ ਖੜ੍ਹੇ ਸਨ। ਕਾਂਗਰਸ ਦੇ ਸ਼ਾਹੂਕਾਰ ਨਵਾਜ਼ ਲੀਡਰਾਂ ਨੂੰ ਕੌਮੀ ਹਿੱਤਾਂ ਨਾਲੋਂ ਆਪਣੀਆਂ ਥੈਲੀਆਂ ਜ਼ਿਆਦਾ ਪਿਆਰੀਆਂ ਸਨ।

ਅੰਗਰੇਜ਼ੀ ਹਕੂਮਤ ਹਿੰਦੋਸਤਾਨ ਵਿਚ 'ਪਾੜੋ ਤੇ ਰਾਜ ਕਰੋ' ਦੀ ਨੀਤੀ 'ਤ ਚੱਲ ਰਹੀ ਸੀ। ਸਾਈਮਨ ਕਮਿਸ਼ਨ, ਗਾਂਧੀ-ਇਰਵਨ ਸਮਝੌਤਾ, ਗੋਲਮੇਜ਼ ਕਾਨਫਰੰਸ ਸਭ ਇਸ ਸੰਗਤ ਦੀਆਂ ਕੜੀਆਂ ਸਨ। ਕਿਰਤੀ ਪਾਰਟੀ ਬਿਲਾ ਸੋਚੇ ਹਰ ਕਾਂਗਰਸੀ ਕਦਮ ਦੀ ਮੁਖਾਲਫਤ ਨਹੀਂ ਕਰਦੀ ਸੀ। ਕਿਰਤੀ ਪਾਰਟੀ ਨੇ ਜੁਦਾਗਾਨਾ ਨਿਆਬਤ ਦੇ ਖਿਲਾਫ਼ ਨਹਿਰੂ ਰੀਪੋਰਟ ਦੀ ਹਮਾਇਤ ਕੀਤੀ, ਪਰ ਲਖਨਊ ਪੈਕਟ ਜ਼ਰੀਏ ਇਸ ਨੂੰ ਕਾਂਗਰਸ ਵਲੋਂ ਕਬੂਲ ਕਰ ਲੈਣ ਦੀ ਮੁਖਾਲਫ਼ਤ ਵੀ ਕੀਤੀ। ਕਿਰਤੀ ਦੀਆਂ ਲਿਖਤਾਂ ਇਸ ਬਾਰੇ ਸ਼ਾਹਿਦ ਹਨ। ਮਜ਼ਹਬੀ ਅਧਾਰ 'ਤੇ ਚੋਣਾਂ ਦੇ ਫੈਸਲੇ ਨੂੰ ਮੰਨ ਲੈਣਾ ਕਾਂਗਰਸ ਦੀ ਬੱਜਰ ਗ਼ਲਤੀ ਸੀ, ਜਿਸ ਨਾਲ ਮੁਲਕ ਵਿਚ ਮਜ਼ਹਬੀ ਵੰਡ ਵੱਲ ਰੁਚੀ ਵਧੀ ਤੇ ਆਖਰ ਪਾਕਿਸਤਾਨ ਹੋਂਦ ਵਿਚ ਆਇਆ। ਉਸ ਗ਼ਲਤੀ ਦਾ ਖਮਿਆਜ਼ਾ ਅਸੀਂ ਅੱਜ ਵੀ ਭੁਗਤ ਰਹੇ ਹਾਂ। ਨਹੀਂ ਤਾਂ ਵੀਹਵੀਂ ਸਦੀ ਦੇ ਅਖੀਰ ਵਿਚ ਮਜ਼ਹਬੀ ਵੰਡੀਆਂ ਦੀ ਗੱਲ ਛਿੜਨੀ ਅਚੰਭਾ ਹੈ। ਅੰਗਰੇਜ਼ ਦੇ ਬੀਜੇ ਉਸ ਮਜ਼ਹਬੀ ਤੁਅੱਸਬ ਦੇ ਬੀਜ ਦਾ ਨਤੀਜਾ ਅੱਜ ਵੀ ਸਾਡਾ ਪਿੱਛਾ ਨਹੀਂ ਛੱਡਦੇ।

1931 ਨੂੰ ਕਿਰਤੀ ਕਮਿਊਨਿਸਟ ਤੇ ਨੌਜਵਾਨ ਸਭਾ ਦਾ ਕਾਂਗਰਸ ਨਾਲ ਤਿੱਖੀ ਟੱਕਰ ਦਾ ਸਮਾਂ ਕਿਹਾ ਜਾ ਸਕਦਾ ਹੈ। 1932-33-34 ਦੌਰਾਨ ਇਹ ਵਿਰੋਧਤਾ ਕਾਇਮ ਤਾਂ ਰਹੀ ਪਰ ਏਨੀ ਤਿੱਖੀ ਨਹੀਂ। ਇਸ ਸਮੇਂ ਵਿਚ ਮਜ਼ਦੂਰ ਕਿਸਾਨ ਮਿਹਨਤੀ ਤਬਕਾ ਉੱਭਰ ਕੇ ਸਿਆਸੀ ਮੈਦਾਨ ਵਿਚ ਆਇਆ ਅਤੇ ਕੀ ਕਾਂਗਰਸ ਤੇ ਕੀ ਹਕੂਮਤੀ ਪਾਰਟੀਆਂ ਉਨ੍ਹਾਂ ਨੂੰ ਮਿਹਨਤਕਸ਼ ਲੋਕਾਂ ਦੀਆਂ ਮੰਗਾਂ ਵਲ ਧਿਆਨ ਦੇਣਾ ਪਿਆ। ਇਨਕਲਾਬੀ ਸੋਚ ਦੇ ਲੋਕ ਇਸ ਟੱਕਰ ਨੂੰ ਦਰੁਸਤ ਸਿਆਸੀ ਸੋਚ ਦਸਦੇ ਹਨ, ਜਦਕਿ ਕੌਮਪ੍ਰਸਤ ਲੀਡਰਾਂ ਨੇ ਇਸ ਨੂੰ ਮੰਦਭਾਗੀ ਕਿਹਾ। ਇਹ ਕੇਸ ਲੋਕਾਂ ਦੀ

ਕਚਹਿਰੀ ਵਿਚ ਪੇਸ਼ ਹੈ ਤੇ ਇਸ ਦਾ ਫੈਸਲਾ ਪਾਠਕਾਂ 'ਤੇ ਛੱਡਦਾ ਹਾਂ।

ਗਾਂਧੀ-ਇਰਵਨ ਸਮਝੌਤੇ ਅਤੇ ਨੌਜਵਾਨਾਂ ਦੀਆਂ ਫਾਂਸੀਆਂ ਤੇ ਉਮਰ ਕੈਦਾਂ ਨੇ ਲੋਕਾਂ 'ਚ ਬੜਾ ਗੁੱਸਾ ਪੈਦਾ ਕਰ ਦਿੱਤਾ ਸੀ ਪਰ ਲੋਕ ਅਜੇ ਏਨੇ ਐਂਟੀ ਕਾਂਗਰਸ ਵੀ ਨਹੀਂ ਹੋਏ ਸਨ, ਜਿੰਨੇ ਕਮਿਊਨਿਟ ਕਿਰਤੀ ਕਿਸਾਨ। ਉਹ ਇਨ੍ਹਾਂ ਦੀ ਸੁਣਦੇ ਸਨ, ਪਰ ਕਾਂਗਰਸ ਖਿਲਾਫ਼ ਤਿੱਖੇ ਹਮਲੇ ਪਸੰਦ ਨਹੀਂ ਕਰਦੇ ਸਨ। ਉਹ ਚਾਹੁੰਦੇ ਸਨ ਕਾਂਗਰਸ ਆਪਣੀ ਢਿੱਲ-ਮਿਲ ਦਾ ਪਾਲਸੀ ਛੱਡ ਅਜ਼ਾਦੀ ਲਈ ਤਿੱਖਾ ਘੋਲ ਕਰੇ, ਗੋਲਮੇਜ਼ ਕਾਨਫਰੰਸ ਤੋਂ ਅੱਗੇ ਜਾ ਮਜ਼ਹਬ ਦੀ ਬੁਨਿਆਦ 'ਤੇ ਬਣਾਏ ਜਾ ਰਹੇ ਕਾਂਸਟੀਚਿਊਸ਼ਨ ਨੂੰ ਅਪ੍ਰਵਾਨ ਕਰੇ ਤੇ ਅਜ਼ਾਦੀ ਦੇ ਘੋਲ ਵਿਚ ਉਨ੍ਹਾਂ ਦੀਆਂ ਆਰਥਿਕ ਮੰਗਾਂ ਸ਼ਾਮਲ ਕੀਤੀਆਂ ਜਾਣ ਆਦਿ। ਪਰ ਅਜੇ ਵੀ ਮਹਾਤਮਾ ਗਾਂਧੀ ਦਾ ਇਕ ਸਾਲ ਦੇ ਅੰਦਰ-ਅੰਦਰ ਅਜ਼ਾਦੀ ਹਾਸਲ ਕਰਨ ਦਾ ਪੱਤਰ ਉਨ੍ਹਾਂ 'ਤੇ ਭਾਰੂ ਸੀ। ਕਾਂਗਰਸ ਵਿੱਚ ਲੱਖਾਂ ਦੀ ਗਿਣਤੀ ਵਿਚ ਆਮ ਲੋਕ ਸ਼ਾਮਲ ਸਨ ਤੇ ਕਾਂਗਰਸ ਦੇ ਸੱਦੇ 'ਤੇ ਲੱਖਾਂ ਦੀ ਗਿਣਤੀ ਵਿਚ ਇਸ ਦੀਆਂ ਕਾਨਫ਼ਰੰਸਾਂ ਵਿਚ ਸ਼ਾਮਲ ਹੁੰਦੇ ਸਨ। ਪੰਜਾਬ ਵਿਚ 1931 ਦੀ ਬਿਲਗਾ ਪੁਲੀਟੀਕਲ ਕਾਨਫ਼ਰੰਸ ਇਸਦਾ ਸਬੂਤ ਹੈ। (ਦੇਖੋ ਉਜਾਗਰ ਸਿੰਘ ਬਿਲਗੇ ਦਾ ਸਵਾਗਤੀ ਐਡਰੈਸ ਦੇਸਭਗਤ ਫਾਈਲ)। ਇਹ ਕਾਨਫਰੰਸ ਕਾਂਗਰਸ ਦੇ ਨਾਂ 'ਤੇ ਸੱਦੀ ਗਈ। ਖਾਨ ਅਬਦੁਲ ਗਫਾਰ ਖਾਂ ਨੇ ਇਸ ਦੀ ਪ੍ਰਧਾਨਗੀ ਕੀਤੀ, ਪਰ ਜਦ ਕਾਨਫਰੰਸ ਦੀਆਂ ਮੰਗਾਂ ਵੱਲ ਨਿਗਾਹ ਮਾਰੀਏ ਤਾਂ ਇਹ ਮੁਖ ਤੌਰ 'ਤੇ ਰਾਜਸੀ ਕੈਦੀਆਂ ਦੀ ਰਿਹਾਈ, ਦੁਆਬੇ ਵਿਚ ਨਹਿਰ ਨਿਕਾਲੋ, ਮਾਲੀਆ ਇਨਕਮ ਟੈਕਸ ਦੇ ਬੇਸ 'ਤੇ ਸਨ। ਇਹ ਸਭ ਮੰਗਾਂ ਕਾਂਗਰਸ ਦੀਆਂ ਨਹੀਂ ਸਨ ਸਗੋਂ ਖੱਬੀਆਂ ਪਾਰਟੀਆਂ ਦੀਆਂ ਸਨ। ਇਹ ਤਾਂ ਕਾਂਗਰਸ ਨੇ ਅਜੇ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਹੀ ਨਹੀਂ ਕੀਤੀਆਂ ਸਨ। ਇਹ ਕਾਨਫ਼ਰੰਸ ਕਾਂਗਰਸ ਦੀ ਸੀ ਤੇ ਮੰਗਾਂ ਲੈਫਟ ਪਾਰਟੀਆਂ ਵੱਲ ਖਿੱਚੀ ਗਈ ਸੀ। ਆਮ ਲੋਕ ਦੁਚਿੱਤੀ ਵਿਚ ਸਨ। ਉਹ ਕਾਂਗਰਸ ਨੂੰ ਵੀ ਨਹੀਂ ਛੱਡਣਾ ਚਾਹੁੰਦੇ ਸਨ, ਪਰ ਕਾਂਗਰਸ ਦੇ ਸੁਧਾਰਕ ਸਮਝੌਤੂ ਪ੍ਰੋਗਰਾਮ ਨੂੰ ਵੀ ਨਹੀਂ ਪਸੰਦ ਕਰਦੇ ਸਨ। ਇਸ ਲਈ ਅਸੀਂ ਦੇਖਦੇ ਹਾਂ ਕਿ ਮਿਲਵੇਂ ਫਰੰਟ ਦੇ ਨਾਹਰੇ ਵੇਲੇ ਇਨ੍ਹਾਂ ਦਰਮਿਆਨੇ ਕਾਂਗਰਸੀ ਲੀਡਰਾਂ ਤੇ ਲੋਕਾਂ ਨੇ ਜ਼ਿਆਦਾ ਕਰਜ਼ੇ ਲੈਫਟ ਪਾਰਟੀਆਂ ਵਿਚ ਸ਼ਮੂਲੀਅਤ ਹਾਸਲ ਕਰ ਲਈ। ਲੈਫਟ ਪਾਰਟੀਆਂ ਦੀਆਂ ਮੰਗਾਂ ਅਵਾਮ ਵਿਚ ਬੜੀਆਂ ਮਕਬੂਲ ਹੋਈਆਂ ਤੇ ਕਾਂਗਰਸ ਨੂੰ ਵੀ ਇਨ੍ਹਾਂ ਵਿਚੋਂ ਕਾਫੀ ਆਰਥਕ ਮੰਗਾਂ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਕਰਨੀਆਂ ਪਈਆਂ ਅਤੇ ਖੱਬੀਆਂ ਪਾਰਟੀਆਂ ਅੱਗੇ ਜਾ ਕੇ ਇਕ ਮਜ਼ਬੂਤ ਸ਼ਕਤੀ ਬਣ ਗਈਆਂ।

'ਗਾਂਧੀਪਨ ਦਾ ਅਸਲੀ ਚਿਹਰਾ' ਮਨਸੂਰ ਦਾ ਮਜ਼ਮੂਨ ਇਸ ਕਾਂਗਰਸ ਕਮਿਊਨਿਸਟ ਟੱਕਰ ਦੀ ਸਿਖਰ ਸੀ। ਕੌਮਾਂਤਰੀ ਪਿੜ ਵਿਚ ਵੀ ਇਹ ਹੀ ਟੱਕਰ ਦੀ ਸਿਆਸਤ ਚੱਲ ਰਹੀ ਸੀ। ਉਸ ਵੇਲੇ ਲੈਫਟ ਨੂੰ ਕਾਂਗਰਸੀ ਲੀਡਰਸ਼ਿਪ ਤੇ ਕਾਂਗਰਸੀ ਅਵਾਮ ਵਿਚ ਫਰਕ ਘੱਟ ਨਜ਼ਰ ਆਇਆ।

ਕਿਰਤੀ ਪਾਰਟੀ ਲਈ ਮਾਲੀ ਮੁਸ਼ਕਲਾਂ ਦਾ ਸਾਲ (1931-32)

ਪੰਜਾਬ ਵਿਚ ਕਮਿਊਨਿਸਟ ਲਹਿਰ 1926 ਤੋਂ ਸ਼ੁਰੂ ਹੋਈ ਸੀ। ਇਸ ਵਿਚ ਬੜੇ ਉਤਰਾ-ਚੜ੍ਹਾਅ ਆਏ ਸਨ। ਸਰਕਾਰ ਨੇ ਇਸ ਨੂੰ ਖਤਮ ਕਰਨ ਲਈ ਬੜੇ ਜਤਨ ਕੀਤੇ। ਪਰ ਸਭ ਫੇਲ੍ਹ ਹੋਏ ਸਨ। ਉਹ ਮੌਕੇ-ਕੁਮੌਕੇ ਇਸ 'ਤੇ ਸੱਟ ਮਾਰ ਕੇ ਇਸ ਨੂੰ ਕਮਜ਼ੋਰ ਤਾਂ ਭਾਵੇਂ ਕਰ ਦਿੱਤੀ ਸੀ, ਪਰ ਇਸ ਦੀਆਂ ਜੜ੍ਹਾਂ ਉਖੇੜਨ ਵਿਚ ਹਮੇਸ਼ਾ ਨਾਕਾਮਯਾਬ ਰਹੀ ਸੀ ਕਿਉਂਕਿ ਇਸ ਦੇ ਪਿੱਛੇ ਗ਼ਦਰ ਪਾਰਟੀ ਖੜ੍ਹੀ ਸੀ, ਤੇ ਉਮਰ ਕੈਦਾਂ ਕੱਟ ਕੇ ਰਿਹਾਅ ਹੋਏ, ਗ਼ਦਰ ਬਾਰੇ ਲੱਕ ਬੰਨ੍ਹ ਕੇ ਫਿਰ ਇਸ 'ਚ ਜੁੱਟ ਗਏ ਸਨ। ਕਿਰਤੀ ਕਮਿਊਨਿਸਟਾਂ ਦੀ ਗੁਪਤ ਸੂਬਾ ਕਮੇਟੀ ਦਾ ਜਦੋਂ ਇਕ ਸਕੱਤਰ ਖਾਸ ਵਿਸ਼ੇਸ਼ਤਾ ਸੀ। ਮੁਲਕ ਵਿਚੋਂ ਤੇ ਖਾਸ ਕਰ ਬਾਹਰੋਂ ਆਏ ਦਰਜਨਾਂ ਗ਼ਦਰੀ ਇਸ ਦੀਆਂ ਕਤਾਰਾਂ ਵਿਚ ਵਾਧਾ ਕਰਦੇ ਰਹੇ ਸਨ। ਪੰਜਾਬ ਅੰਦਰੋਂ ਵੀ ਨੌਜਵਾਨ ਇਨਕਲਾਬੀ ਧੜਾ-ਧੜ ਇਸ ਵਿਚ ਸ਼ਾਮਲ ਹੋ ਸਨ। ਹਜ਼ਾਰਾਂ ਰੁਪਏ ਭੇਜਕੇ ਗ਼ਦਰ ਪਾਰਟੀ ਅਮਰੀਕਾ ਨੇ ਕਿਰਤੀ ਪਾਰਟੀ ਦੀ ਲਗਾਤਾਰ ਸਹਾਇਤਾ ਕੀਤੀ ਸੀ।

1931 ਕਿਰਤੀ ਪਾਰਟੀ ਲਈ ਆਰਥਕ ਮੁਸ਼ਕਲਾਂ ਦਾ ਸਾਲ ਸੀ। ਜਿਸਦੇ ਦੋ ਕਾਰਨ ਸਨ....(1) ਬਾਹਰੋਂ ਆਰਥਕ ਮਦਦ ਭੇਜਣ ਵਾਲੇ ਸਹਾਇਕ ਤੇ ਲਾਈਫ ਮੈਂਬਰ. ਇਸੇ ਸਾਲ ਗ਼ਦਰ ਪਾਰਟੀ ਦੇ ਦੂਜੇ ਸੱਦੇ 'ਤੇ ਹਿੰਦੋਸਤਾਨ ਨੂੰ ਤੁਰ ਪਏ ਸਨ ਤੇ ਦਰਜਨਾਂ ਹੀ ਟਰੇਨਿੰਗ ਲਈ ਮਾਸਕੋ ਯੂਨੀਵਰਸਿਟੀ ਭੇਜ ਦਿੱਤੇ ਗਏ ਸਨ। ਇਸ ਦੇ ਨਾਲ ਚੀਨ ਵਿਚਲੇ ਗ਼ਦਰੀਆਂ ਲਈ ਵੀ ਸਹਾਇਤਾ ਭੇਜਣੀ ਪਈ ਸੀ। ਇਸ ਲਈ ਕੁਝ ਚਿਰ ਲਈ ਬਾਹਰੋਂ ਮਦਦ ਆਉਣੀ ਬੰਦ ਹੋ ਗਈ।

ਹਿੰਦੋਸਤਾਨ ਵਿਚ 1931 ਵਿਚ ਕਾਲ ਪੈ ਗਿਆ ਸੀ। ਜਿਸ ਕਾਰਨ ਮੁਲਕ ਅੰਦਰਲੀ ਸਹਾਇਤਾ ਵੀ ਘੱਟ ਗਈ ਸੀ। ਦੂਜੇ ਪਾਸੇ ਹਕੂਮਤ ਨੇ ਮਜ਼ਦੂਰ ਕਿਸਾਨ ਅਖ਼ਬਾਰ ਦੀ ਪੰਜ-ਪੰਜ ਹਜ਼ਾਰ ਦੀ ਜ਼ਮਾਨਤ ਜ਼ਬਤ ਕਰ ਲਈ ਤੇ ਦਸ-ਦਸ ਹਜ਼ਾਰ ਦੀ ਹੋਰ ਮੰਗ ਲਈ ਸੀ। ਜਿਸ ਕਾਰਨ ਕੁਝ ਸਮੇਂ ਲਈ ਅਖ਼ਬਾਰ ਬੰਦ ਕਰਨਾ ਪਿਆ ਸੀ। ਮਾਲੀ ਹਾਲਤ 'ਤੇ ਵਿਚਾਰ ਕਰਨ ਲਈ ਦਸੰਬਰ 1931 ਵਿਚ ਬਾਬਾ ਗੁਰਮੁਖ ਸਿੰਘ ਰੂਪੋਸ਼ ਹੋ ਕੇ ਕਾਬਲ ਤੋਂ ਅੰਮ੍ਰਿਤਸਰ ਪੁੱਜਾ ਸੀ। ਕਿਰਤੀ ਸੂਬਾ ਕਮੇਟੀ ਦੀ ਮੀਟਿੰਗ ਬੁਲਾਈ ਗਈ। ਪਾਸ ਹੋਇਆ ਕਿ ਜ਼ਮੀਨ ਦੇ ਮਾਲਕ ਹਰ ਕਿਰਤੀ ਲੀਡਰ ਆਪਣੀ ਆਪਣੀ ਜ਼ਮੀਨ ਦੀ ਫ਼ਰਦ ਲੈ ਕੇ ਆਵੇ। ਇਹ ਜ਼ਮੀਨਾਂ ਗਹਿਣੇ ਪਾ ਕੇ ਕਰਜ਼ਾ ਚੁਕਿਆ ਜਾਵੇ। ਇਸ ਤਰ੍ਹਾਂ ਪਾਰਟੀ ਦਾ ਕੰਮ ਤੇ ਅਖ਼ਬਾਰ ਚਾਲੂ ਕੀਤੇ ਜਾਣ। ਸਾਰੇ ਮੈਂਬਰਾਂ ਨੇ ਇਸ 'ਤੇ ਫੁੱਲ ਚੜ੍ਹਾਏ ਸਨ। ਸਗੋਂ ਬਚਨ ਸਿੰਘ ਮਹਿਤਪੁਰ ਵਰਗੇ ਨੌਜਵਾਨ ਵਰਕਰਾਂ ਨੇ ਵੀ ਆਪਣੀਆਂ ਜ਼ਮੀਨਾਂ ਦੀਆਂ ਫ਼ਰਦਾਂ ਕਿਰਤੀ ਲੀਡਰਾਂ ਦੇ ਹਵਾਲੇ ਕਰ ਦਿੱਤੀਆਂ ਸਨ।

ਖਰਚ ਘਟਾਉਣ 'ਤੇ ਵੀ ਗੌਰ ਕੀਤਾ ਗਿਆ ਸੀ। ਕੁਲਵਕਤੀ ਵਰਕਰਾਂ ਦੀਆਂ

ਉਜਰਤਾਂ ਘਟਾ ਕੇ ਪੰਜ ਰੁਪਏ ਮਹੀਨਾ ਕਰ ਦਿੱਤੀਆਂ ਗਈਆਂ ਸਨ। ਬਾਬਾ ਕਰਮ ਸਿੰਘ ਚੀਮਾ ਨੇ ਇਸ 'ਤੇ ਇਤਰਾਜ਼ ਕੀਤਾ ਸੀ ਕਿ ਇਹ ਉਜਰਤ ਬਹੁਤ ਹੀ ਘੱਟ ਹੈ। ਵਰਕਰ ਪਾਰਟੀ ਦਾ ਖਜ਼ਾਨਾ ਹੁੰਦੇ ਹਨ। ਪਹਿਲੋਂ ਹੀ ਭਾਈ ਸੰਤੋਖ ਸਿੰਘ ਜੀ ਘਟ ਖਰਚੀ ਦਾ ਨਿਸ਼ਾਨਾ ਹੋ ਕੇ ਸਾਥੋਂ ਵਿਛੜ ਚੁੱਕੇ ਹਨ। ਪਰ ਹੋਰ ਕੋਈ ਚਾਰਾ ਵੀ ਨਹੀਂ ਸੀ। ਪੈਸੇ ਮੁੱਕ ਚੁੱਕੇ ਸਨ। ਫਿਰ ਵੀ ਇਹ ਮਤਾ ਸੂਬਾ ਕਮੇਟੀ ਦੀ ਮੀਟਿੰਗ ਵਿਚ ਸਰਬਸੰਮਤੀ ਨਾਲ ਪਾਸ ਹੋ ਗਿਆ ਸੀ। ਇਹ ਵੀ ਪਾਸ ਹੋਇਆ ਕਿ ਜੇਲ੍ਹ ਕੱਟ ਰਹੇ ਸਾਥੀਆਂ ਦੇ ਕੇਸ ਦੇਸ਼ਭਗਤ ਪਰਿਵਾਰ ਸਹਾਇਕ ਕਮੇਟੀ ਅੰਮ੍ਰਿਤਸਰ ਨੂੰ ਭੇਜ ਦਿੱਤੇ ਜਾਣ। ਉਹ ਕਮੇਟੀ ਜੇਲ੍ਹ ਕੱਟ ਰਹੇ ਸਾਥੀਆਂ ਦੇ ਪਰਿਵਾਰਾਂ ਦੀ ਵਿੱਤ ਮੂਜਬ ਸਹਾਇਤਾ ਕਰੇ।

ਉਸ ਵੇਲੇ ਕਿਰਤੀ ਅਖ਼ਬਾਰ ਦੇ ਕੁਝ ਲਿਖਾਰੀ ਤੇ ਡੱਮੀ-ਐਡੀਟਰ ਜੇਲ੍ਹਾਂ ਵਿਚ ਸਨ ਤੇ ਬਾਕੀ ਅਖ਼ਬਾਰ ਬੰਦ ਹੋਣ ਦੇ ਕਾਰਨ ਬੇਕਾਰ ਹੋ ਗਏ ਸਨ। ਇਹ ਉਹ ਸਮਾਂ ਸੀ ਜਦ ਚੰਗੇ ਲਿਖਾਰੀ ਮਿਲਣੇ ਮੁਸ਼ਕਲ ਸਨ। ਉਨ੍ਹਾਂ ਨੂੰ ਜ਼ਮਾਨੇ ਮੁਤਾਬਕ ਚੰਗੀਆਂ ਤਨਖਾਹਾਂ ਵੀ ਦਿੱਤੀਆਂ ਜਾਂਦੀਆਂ ਸਨ। ਲਿਖਾਰੀਆਂ ਨੂੰ ਬਚਾਉਣ ਲਈ ਅਖਬਾਰਾਂ ਵਾਲੇ ਡੱਮੀ-ਐਡੀਟਰ ਰਖਦੇ ਸਨ। ਜੋ ਸਖ਼ਤ ਲਿਖਤਾਂ ਕਾਰਨ ਗ੍ਰਿਫਤਾਰ ਕਰ ਲਏ ਜਾਂਦੇ ਅਤੇ ਸਖਤ ਕੈਦਾਂ ਕੱਟਦੇ। ਲਿਖਦਾ ਕੋਈ ਹੋਰ ਸੀ ਤੇ ਕੈਦ ਇਹ ਬੇਚਾਰਾ ਡੱਮੀ ਐਡੀਟਰ ਕਟਦਾ ਸੀ, ਜਿਸ ਨੇ ਕਦੇ ਕੁਝ ਲਿਖਿਆ ਹੀ ਨਹੀਂ ਸੀ। ਪੰਜਾਬ ਦੇ ਸਾਰੇ ਅਖਬਾਰਾਂ ਦਾ ਇਹੀ ਹਾਲ ਸੀ। ਕਿਰਤੀ ਅਖਬਾਰ ਨੂੰ ਵੀ ਆਪਣਏ ਲਿਖਾਰੀ ਬਚਾਉਣ ਲਈ ਇਹੀ ਕੁਝ ਕਰਨਾ ਪਿਆ ਸੀ। ਡੱਮੀ-ਐਡੀਟਰ ਨੂੰ ਕੈਦ ਹੋਣ 'ਤੇ ਅੱਧੀ ਤਨਖਾਹ ਉਸ ਦੇ ਘਰ ਦਿੱਤੀ ਜਾਂਦੀ ਸੀ। ਕਿਰਤੀ ਅਖਬਾਰ ਦੇ ਤਾਂ ਐਡੀਟਰ ਵੀ ਕੈਦ ਵਿਚ ਸਨ ਤੇ ਡੱਮੀ ਐਡੀਟਰ ਵੀ। ਜਦ ਤਕ ਹੋ ਸਕਿਆ ਜੇਲ੍ਹ ਵਿਚ ਰਹਿੰਦਿਆਂ ਉਨ੍ਹਾਂ ਦੀ ਪੰਜਾਬ ਦੇ ਦੂਸਰੇ ਅਖ਼ਬਾਰਾਂ ਦੇ ਐਡੀਟਰਾਂ ਵਾਂਗ ਹੀ ਮਦਦ ਹੁੰਦੀ ਰਹੀ। ਕਿਰਤੀ ਪਾਰਟੀ ਦੇ ਇਸ ਮਾਲੀ ਸੰਕਟ ਸਮੇਂ ਇਹ ਮਦਦ ਵੀ ਬੰਦ ਕਰਨੀ ਪਈ ਸੀ। ਇਨ੍ਹਾਂ ਦੇ ਕੇਸ ਦੇਸਭਗਤ ਪਰਿਵਾਰ ਸਹਾਇਕ ਕਮੇਟੀ ਨੂੰ ਭੇਜ ਦਿੱਤੇ ਗਏ ਸਨ। ਇਸ ਸੰਕਟ ਦਾ ਕਿਰਤੀ ਦੇ ਐਡੀਟਰਾਂ ਤੇ ਡੱਮੀ-ਐਡੀਟਰਾਂ ਤੇ ਬੇਕਾਰ ਲਿਖਾਰੀਆਂ 'ਤੇ ਬਹੁਤ ਬੁਰਾ ਅਸਰ ਹੋਇਆ ਸੀ। ਉਨ੍ਹਾਂ ਨੇ ਇਸ ਨੂੰ ਬਹੁਤ ਮਹਿਸੂਸ ਕੀਤਾ। ਮਹਿਸੂਸ ਤਾਂ ਕਮੇਟੀ ਵੀ ਕਰਦੀ ਸੀ, ਪਰ ਪੈਸਾ ਨਾ ਹੋਣ ਕਾਰਨ ਕਮੇਟੀ ਨੂੰ ਮਜਬੂਰੀ ਵਿਚ ਇਹ ਕਦਮ ਚੁੱਕਣਾ ਪਿਆ ਸੀ। ਅਜੇ ਕੋਈ ਲਿਖਾਰੀ ਭਾਈ ਸੰਤੋਖ ਸਿੰਘ ਨਹੀਂ ਸੀ ਬਣਿਆ ਜਿਹੜਾ ਰੁੱਖੀ-ਸੁਖੀ ਖਾ ਕੇ ਦਿਨ ਰਾਤ ਲਿਖਦਾ ਰਹਿੰਦਾ।

ਇਨ੍ਹਾਂ ਫੈਸਲਿਆਂ ਵਿਚ ਭਾਵੇਂ ਬਾਬਾ ਗੁਰਮੁਖ ਸਿੰਘ ਜੀ ਰਾਏ ਭਾਰੂ ਸੀ, ਪਰ ਫਿਰ ਵੀ ਕਾਮਰੇਡ ਸੰਤਾ ਸਿੰਘ ਗੰਡੀਵਿੰਡ ਹੀ ਖੁੱਲ੍ਹੇ ਤੌਰ 'ਤੇ ਕਿਰਤੀ ਪਾਰਟੀ ਦੇ ਲੀਡਰ ਜਾਣੇ ਜਾਂਦੇ ਸਨ। ਇਨ੍ਹਾਂ ਸਭ ਲਿਖਾਰੀਆਂ ਦਾ ਨਜ਼ਲਾ ਸੰਤਾ ਸਿੰਘ ਗੰਡੀਵਿੰਡ 'ਤੇ ਹੀ ਡਿੱਗਿਆ ਸੀ। ਕਾਮਰੇਡ ਸੋਹਣ ਸਿੰਘ ਜੋਸ਼ ਨੇ ਆਪਣੀ ਲਿਖੀ ਕਿਤਾਬ 'ਗ਼ਦਰ

ਪਾਰਟੀ ਦਾ ਸੰਖੇਪ ਇਤਿਹਾਸ' (A short History of Gadhar Party) ਦੀ ਜਿਲਦ ਦੋ ਦੇ ਸਫਾ 300 ਉੱਤੇ ਸੰਤਾ ਸਿੰਘ ਬਾਬਤ ਗੁੱਸੇ ਵਿਚ ਆ ਕੇ ਇਹ ਲਿਖਿਆ ਹੈ :

"ਮਾਸਕੋ ਤੋਂ ਵਾਪਸ ਪਰਤੇ ਇਸ ਅਨਪੜ੍ਹ ਗ਼ਦਰੀ ਸੰਤਾ ਸਿੰਘ ਗੰਡੀਵਿੰਡ ਨੇ ਭਾਗ ਸਿੰਘ ਕਨੇਡੀਅਨ ਅਤੇ ਕਰਮ ਸਿੰਘ ਚੀਮਾ ਦੀ ਥਾਂ ਕਿਰਤੀ ਅਖ਼ਬਾਰਾਂ ਦਾ ਚਾਰਜ ਸੰਭਾਲ ਲਿਆ ਸੀ।"

ਸੰਤਾ ਸਿੰਘ ਗੰਡੀਵਿੰਡ ਪੰਜਾਬੀ ਪੜ੍ਹਨ ਤੇ ਲਿਖਣ ਵਿਚ ਚੰਗੀ ਮੁਹਾਰਤ ਰਖਦਾ ਸੀ। ਚੰਗਾ ਬੁਲਾਰਾ ਵੀ ਸੀ। ਅੰਗਰੇਜ਼ੀ ਬੋਲ ਅਤੇ ਸਮਝ ਸਕਦਾ ਸੀ। ਉਦੋਂ ਵਹਿਮ ਵੀ ਇਹ ਹੁੰਦਾ ਸੀ ਕਿ ਚੰਗਾ ਕਮਿਊਨਿਸਟ ਲੀਡਰ ਅੰਗਰੇਜ਼ੀ ਯੂਨੀਵਰਸਿਟੀਆਂ ਦਾ ਗਰੈਜੂਏਟ ਹੀ ਹੋ ਸਕਦਾ ਹੈ, 'ਅਨਪੜ੍ਹ' ਨਹੀਂ! ਬਾਬਾ ਭਾਗ ਸਿੰਘ ਕਨੇਡੀਅਨ ਤੇ ਕਰਮ ਸਿੰਘ ਚੀਮਾ ਵੀ ਸੰਤਾ ਸਿੰਘ ਨਾਲੋਂ ਜ਼ਿਆਦਾ ਪੜ੍ਹੇ ਲਿਖੇ ਨਹੀਂ ਸਨ। ਹੋਰ ਵੀ ਕਈ ਸਾਥੀਆਂ ਦਾ ਗ਼ਦਰੀ ਬਾਬਿਆਂ ਤੇ ਕਿਰਤੀ ਵਰਕਰਾਂ ਬਾਰੇ ਇਹ ਹੀ ਪ੍ਰਾਪੇਗੰਡਾ ਸੀ ਕਿ ਇਹ ਸਭ 'ਅਨਪੜ੍ਹ' ਹਨ । ਇਹ ਪੰਜਾਬੀ ਪੜ੍ਹੇ ਲਿਖੇ ਨੂੰ ਅਨਪੜ੍ਹ ਹੀ ਕਹਿੰਦੇ ਸਨ।

ਅੰਗਰੇਜ਼ੀ ਪੜ੍ਹੇ ਲਿਖੇ ਗਰੁੱਪ ਬਾਰੇ ਟਿੱਪਣੀ ਕਰਦਿਆਂ ਵਧਾਵਾ ਰਾਮ ਨੇ ਕਿਹਾ ਸੀ :

"ਇਨ੍ਹਾਂ ਨੂੰ ਸਿਆਸਤ ਨਹੀਂ ਸੀ ਆਉਂਦੀ ਤੇ ਸਾਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ"

ਸੰਤਾ ਸਿੰਘ ਗੰਡੀਵਿੰਡ ਗ਼ਦਰ ਪਾਰਟੀ ਦੇ ਖਜ਼ਾਨਚੀ ਵੀ ਸਨ। ਇਹ ਉਨ੍ਹਾਂ ਗ਼ਦਰ ਲੀਡਰਾਂ ਵਿਚੋਂ ਸਨ ਜਿਨ੍ਹਾਂ ਨੇ 5 ਡਾਲਰ ਮਹੀਨਾ ਲੈ ਕੇ ਦਿਨ ਰਾਤ ਰੂਸ ਦੇ 1905 ਦੇ ਗ਼ਦਰ ਤੇ ਟਰੇਡ ਯੂਨੀਅਨ ਲਹਿਰ ਬਾਰੇ ਲੇਖ ਲਿਖੇ। ਉਹ ਸਟੱਡੀ ਸਰਕਲ ਵੀ ਲਿਆ ਕਰਦਾ ਸੀ।

ਮਾਲੀ ਮੁਸ਼ਕਲਾਂ ਦੇ ਬਾਵਜੂਦ ਕਿਰਤੀ ਪਾਰਟੀ ਨੇ ਆਪਣੇ ਪ੍ਰਚਾਰ ਦਾ ਕੰਮ ਜਾਰੀ ਰਖਿਆ। ਅਖ਼ਬਾਰ ਨਾ ਕੱਢ ਸਕੇ—ਪਰ ਇਸ਼ਤਿਹਾਰ ਤੇ ਪੈਂਫਲੈਂਟ ਕੱਢ ਕੇ ਫਿਰ ਵੀ ਵੰਡਦੇ ਰਹੇ। ਅੰਤ ਮੁਸ਼ਕਲ ਦੇ ਜ਼ਮਾਨੇ ਵਿਚ ਮੂਲ ਰਾਜ ਦੀ ਸਰਾਏ, ਲਾਹੌਰ, ਵਿਚ ਪੰਜਾਬ ਦੇ ਹਰ ਜ਼ਿਲ੍ਹੇ 'ਚੋਂ ਦੋ-ਦੋ ਨੌਜਵਾਨ ਸੱਦ ਕੇ ਮਾਰਕਸੀ ਸਟੱਡੀ ਸਰਕਲ ਸ਼ੁਰੂ ਕਰ ਦਿੱਤੇ ਜਿਨ੍ਹਾਂ ਵਿਚ ਸ਼ਹੀਦ ਕਾਮਰੇਡ ਰਾਮ ਕਿਸ਼ਨ ਬੀ.ਏ. ਨੈਸ਼ਨਲ, ਸੰਤਾ ਸਿੰਘ ਗੰਡੀਵਿੰਡ, ਦਸੌਂਧਾ ਸਿੰਘ ਢਾਡਾ ਤੇ ਫਿਰੋਜ਼ਦੀਨ ਮਨਸੂਰ ਦੇ ਲੈਕਚਰਾਰ ਹੁੰਦੇ ਸਨ। ਜ਼ਿਲ੍ਹੇ ਦੇ ਹੈਡਕੁਆਟਰਾਂ ਤੇ ਪਿੰਡਾਂ ਵਿਚ ਜਲਸਿਆਂ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਹਰ ਮੇਲੇ 'ਤੇ ਇਕੱਠ ਤੇ ਜਲਸੇ ਕੀਤੇ ਜਾਂਦੇ ਸਨ। ਕਮਿਊਨਿਸਟ ਮੈਨੀਫੈਸਟੋ ਦਾ ਉਰਦੂ ਤੇ ਪੰਜਾਬੀ ਵਿਚ ਅਨੁਵਾਦ ਕਰਕੇ ਛਾਪ ਕੇ ਆਮ ਵੰਡਿਆ ਗਿਆ ਸੀ। ਅੱਜ ਦੇ ਲੀਡਰ ਮੁਹੱਬਤ ਸਿਘ ਕੋਟ ਸੌਂਧਾ, ਗੁਰਚਰਨ ਸਿੰਘ ਜੌਹਲ, ਰਾਮ ਸਿੰਘ ਈਸੜੂ, ਜਗੀਰ ਸਿੰਘ

ਜੋਗਾ, ਬਚਨ ਸਿੰਘ ਮਹਿਤਪੁਰ, ਗੁਰਚਰਨ ਸਿੰਘ ਸਹਿੰਸਰਾ ਤੇ ਤੇਜਾ ਸਿੰਘ, ਪ੍ਰੇਮ ਸਿੰਘ ਸਰਾਭਾ (ਦੋਨੋਂ ਭਰਾ) ਇਨ੍ਹਾਂ ਸਟੱਡੀ ਸਰਕਲਾਂ ਦੀ ਹੀ ਦੇਣ ਹਨ।

ਕਿਰਤੀ ਕਿਸਾਨ ਪਾਰਟੀ ਦੀ ਚੋਣ ਬਾਕਾਇਦਾ ਡੈਲੀਗੇਟ ਅਜਲਾਸ ਸੱਦ ਕੇ ਹੁੰਦੀ ਸੀ। ਜਦਕਿ ਗੁਪਤ ਕਮਿਊਨਿਸਟ ਪਾਟਰੀ (ਕਿਰਤੀ) ਦੀ ਚੋਣ ਪਾਰਟੀ ਮੈਂਬਰ ਹੀ ਕਰਦੇ ਸਨ। ਪੰਜਾਬ ਸਰਕਾਰ ਹੁਣ ਇਸ ਪ੍ਰਾਪੇਗੰਡੇ ਤੋਂ ਵੀ ਘਬਰਾ ਗਈ ਸੀ– ਉਸਨੇ ਕਿਰਤੀ ਕਿਸਾਨ ਪਾਰਟੀ, ਸਟੱਡੀ ਸਰਕਲ, ਨੌਜਵਾਨ ਭਾਰਤ ਸਭਾ, ਵਰਕਰਜ਼ ਹੋਮ ਆਦਿ ਸਭ ਗੈਰ-ਕਾਨੂੰਨੀ ਕਰਾਰ ਦੇ ਦਿੱਤੀਆਂ ਸਨ। ਮੁਨਸ਼ੀ ਅਹਿਮਦਦੀਨ, ਬਾਬਾ ਭਾਗ ਸਿੰਘ ਕਨੇਡੀਅਨ, ਦਫਾ 124 ਅਲਫ਼ ਹੇਠ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤੇ ਗਏ ਸਨ। ਟੀਕਾ ਰਾਮ ਸੁਖਨ ਨੂੰ ਪਿਸਤੌਲ ਦਾ ਕੇਸ ਪਾ ਕੇ ਕੈਦ ਕਰ ਦਿੱਤਾ ਗਿਆ ਸੀ, ਮੋਹਣ ਲਾਲ ਤੇ ਮੁਬਾਰਕ ਸਾਗਰ ਨੂੰ ਸ਼ਹੀਦਗੰਜ ਮਸਜਿਦ ਦੇ ਮਸਲੇ 'ਤੇ ਮਜ਼ਹਬੀ ਫਸਾਦਾਂ ਦੇ ਖਿਲਾਫ ਬੋਲਣ 'ਤੇ ਜੇਲ੍ਹ ਡੱਕ ਦਿੱਤਾ ਸੀ। ਬਾਬਾ ਸੋਹਣ ਸਿੰਘ ਭਕਨਾ, ਕਰਮ ਸਿੰਘ ਚੀਮਾ, ਬਾਬਾ ਵਸਾਖਾ ਸਿੰਘ, ਸੰਤਾ ਸਿੰਘ ਗੰਡੀਵਿੰਡ, ਦਸੌਂਧਾ ਸਿੰਘ ਢਾਡਾ ਆਦਿ ਸਭ ਤਿੰਨ-ਤਿੰਨ ਸਾਲ ਲਈ ਪਿੰਡਾਂ 'ਚ ਨਜ਼ਰਬੰਦ ਕਰ ਦਿੱਤੇ ਸਨ।

ਇਸ ਮੁਸ਼ਕਲ ਸਮੇਂ ਵਾਸਦੇਵ ਸਿੰਘ ਕਾਬਲ ਤੋਂ ਪੰਜਾਬ ਪਹੁੰਚ ਗਿਆ। ਉਹ ਮਾਸਕੋ ਯੂਨੀਵਰਸਿਟੀ 'ਚ ਤਾਲੀਮ ਪਾ ਚੁੱਕਿਆ ਸੀ। ਉਸ ਨੇ ਬਾਬਾ ਜਵਾਲਾ ਸਿੰਘ ਨਾਲ ਮਿਲ ਕੇ ਕਿਰਤੀ ਅਖ਼ਬਾਰ ਉਰਦੂ ਦੇ ਪੰਜਾਬੀ ਵਿਚ ਹਫਤੇਵਾਰ ਫਿਰ ਸ਼ੁਰੂ ਕਰਵਾ ਦਿੱਤਾ। ਤਦ ਤਕ ਬਦੇਸਾਂ 'ਚੋਂ ਗ਼ਦਰੀ ਬਰਾਂਚਾਂ ਨੇ ਮਾਲੀ ਸਹਾਇਤਾ ਭੇਜਣੀ ਸ਼ੁਰੂ ਕਰਵਾ ਦਿੱਤੀ ਸੀ। ਹਕੂਮਤ ਦੇ ਜਬਰ ਦੇ ਬਾਵਜੂਦ ਕਿਰਤੀ ਅਖ਼ਬਾਰ ਫੇਰ ਨਿਕਲਦਾ ਰਿਹਾ ਸੀ। ਵਾਸਦੇਵ ਸਿੰਘ ਗੁਪਤ ਕੰਮ ਕਰ ਰਿਹਾ ਸੀ। ਪਰ ਉਸ ਨੂੰ ਗ੍ਰਿਫਤਾਰ ਕਰਕੇ 9 ਸਾਲ ਲਈ ਸ਼ਾਹੀ ਕੈਦੀ ਵਜੋਂ ਲਾਹੌਰ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ ਸੀ। ਉਸੇ ਦੌਰਾਨ ਚੰਨਣ ਸਿੰਘ, ਬੂਝਾ ਸਿੰਘ, ਦੂਲਾ ਸਿੰਘ ਮਾਸਕੋ ਤੋਂ ਪੰਜਾਬ ਪਹੁੰਚ ਚੁੱਕੇ ਸਨ। ਜਿਨ੍ਹਾਂ ਨੇ ਵਾਸਦੇਵ ਸਿੰਘ ਦੇ ਘਾਟੇ ਨੂੰ ਹੀ ਪੂਰਾ ਨਹੀਂ ਕੀਤਾ, ਸਗੋਂ ਕਿਰਤੀ ਅਖ਼ਬਾਰ ਦੇ ਨਾਲ-ਨਾਲ ਜਨਤਕ ਜਥੇਬੰਦੀਆਂ ਵੀ ਖੜ੍ਹੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ।

ਪੰਜਾਬ ਵਿਚ ਕਮਿਊਨਿਸਟ ਫੁੱਟ ਦਾ ਦੁਖਾਂਤ (1933-34)

1926 ਤੋਂ ਲੈ ਕੇ ਪੰਜਾਬ ਵਿਚ ਪ੍ਰੋਵਿਨਸ਼ੀਅਲ ਕਮਿਊਨਿਸਟ ਕਮੇਟੀ ਦੇ ਨਾਂ ਹੇਠ ਜਥੇਬੰਦੀ ਕਾਇਮ ਸੀ। ਇਸ ਦੇ ਕਰਮਵਾਰ ਸਕੱਤਰਾਂ ਦੀ ਲਿਸਟ ਹੇਠਾਂ ਦਿੱਤੀ ਗਈ ਹੈ : (1) ਭਾਈ ਸੰਤੋਖ ਸਿੰਘ 1926 (2) ਬਾਬਾ ਕਰਮ ਸਿੰਘ ਚੀਮਾ (3) ਦਸੌਂਧਾ ਸਿੰਘ ਢਾਡਾ (4) ਸੰਤਾ ਸਿੰਘ ਗੰਡੀਵਿੰਡ (5) ਰਾਮ ਕਿਸ਼ਨ ਬੀ.ਏ. ਨੈਸ਼ਨਲ ਸ਼ਾਹੀ ਕੈਦੀ (6) ਚੰਨਣ ਸਿੰਘ ਵਕੋਵਾਲ ਸ਼ਾਹੀ ਕੈਦੀ (7) ਬਾਬਾ ਗੁਰਮੁਖ ਸਿੰਘ (8) ਭਗਤ ਸਿੰਘ ਬਿਲਗਾ (9) ਦੁਬਾਰਾ ਫੇਰ ਰਾਮ ਕਿਸ਼ਨ ਬੀ.ਏ. ਨੈਸ਼ਨਲ ਸ਼ਾਹੀ ਕੈਦੀ (10) ਦੂਜੀ

ਸੰਸਾਰ ਜੰਗ ਸ਼ੁਰੂ ਹੋਣ 'ਤੇ 1940 ਵਿਚ ਗੁਰਚਰਨ ਸਿਘ ਸਹਿੰਸਰਾ (11) ਚੈਨ ਸਿੰਘ ਚੈਨ (12) ਹਰਬੰਸ ਸਿੰਘ ਕਰਨਾਣਾ (13) 1942 ਦੀਆਂ ਰਿਹਾਈਆਂ 'ਤੇ ਸਾਂਝੀ ਕਮਿਊਨਿਸਟ ਕਿਰਤੀ ਕਮੇਟੀ ਵੇਲੇ ਸੋਹਣ ਸਿੰਘ ਜੋਸ਼।

ਇਹ ਲੜੀ 1926 ਤੋਂ ਲੈ ਕੇ 1942 ਤਦ ਕਦੇ ਟੁੱਟੀ ਨਹੀਂ। ਇਕ ਦੇ ਗ੍ਰਿਫਤਾਰ ਹੋਣ 'ਤੇ ਦੂਸਰਾ ਉਸਦੀ ਜਗ੍ਹਾ ਲੈ ਲੈਂਦਾ ਰਿਹਾ। ਇਹ ਹੀ ਹਾਲ ਪ੍ਰੋਵਿਨਸ਼ੀਅਲ ਮੈਂਬਰਾਂ ਦਾ ਸੀ। ਇਹ ਪ੍ਰੋਵਿਨਸ਼ੀਅਲ ਕਮੇਟੀ ਦਾ ਖੁੱਲ੍ਹਾ ਪਰਚਾ ਕਿਰਤੀ ਪਹਿਲਾਂ ਮਾਸਕ ਤੇ ਫੇਰ ਹਫਤੇਵਾਰ 1926 ਤੋਂ 1936 ਤਕ ਪੰਜਾਬੀ ਤੇ ਉਰਦੂ 'ਚ ਲਗਾਤਾਰ ਨਿਕਲਦਾ ਰਿਹਾ। ਅਤੇ ਵਕਤ ਵਕਤ 'ਤੇ ਲਾਲ ਢੰਡੋਰਾ ਤੇ ਲਾਲ ਝੰਡਾ ਨਾਂ ਦਾ ਗੁਪਤ ਪੇਪਰ ਵੀ ਉਰਦੂ ਪੰਜਾਬੀ ਵਿਚ ਕੱਢਿਆ ਜਾਂਦਾ ਰਿਹਾ। ਇਹ ਆਪਣੇ ਆਪ ਨੂੰ ਕਮਿਊਨਿਸਟ ਲਿਖਦੇ ਪਰ ਲੋਕ ਇਨ੍ਹਾਂ ਨੂੰ ਕਿਰਤੀ ਕਹਿ ਕੇ ਜਾਣਦੇ ਸਨ ਕਿਉਂਕਿ ਕਮਿਊਨਿਟ ਪਾਰਟੀ ਉਸ ਸਮੇਂ ਗੈਰਕਾਨੂੰਨੀ ਸੀ। ਗੌਰਮਿੰਟ ਦੀ ਛਾਪੀ ਗ਼ਦਰ ਡਾਇਰੈਕਟਰੀ ਅਨੁਸਾਰ ਇਹ ਪਾਰਟੀ ਗ਼ਦਰੀ ਕਮਿਊਨਿਸਟਾਂ ਨੇ ਕਾਇਮ ਕੀਤੀ । ਇਕ ਹੱਦ ਤਾਈਂ ਇਹ ਹੈ ਵੀ ਦਰੁਸਤ ਸੀ। ਇਸ ਦੀ ਮਾਲੀ ਇਮਦਾਦ ਗ਼ਦਰ ਪਾਰਟੀ ਦੇ ਕੌਮਾਂਤਰੀ ਲੀਡਰ ਬਾਬਾ ਰਤਨ ਸਿੰਘ ਤੇ ਭਾਈ ਸੰਤੋਖ ਸਿੰਘ ਇਸ ਦੀ ਬੁਨਿਆਦ ਰਖਣ ਵਾਲੇ ਸਨ ਅਤੇ ਭਾਈ ਰਤਨ ਸਿੰਘ ਜ਼ਰੀਏ ਇਸ ਦੇ ਕਮਿਊਨਿਸਟ ਇੰਟਰਨੈਸ਼ਨਲ ਨਾਲ ਸੰਬੰਧ ਸਨ। ਇਹ ਤਾਂ ਸ਼ੁਰੂਆਤ ਦੀ ਗੱਲ ਹੈ, ਲਹਿਰ ਚਲਣ 'ਤੇ ਹਜ਼ਾਰਾਂ ਲੋਕ ਇਸਦੇ ਗਿਰਦ ਇਕੱਠੇ ਹੋਏ ਤੇ ਇਸ ਕਮਿਊਨਿਸਟ ਜਥੇਬੰਦੀ ਵਿਚ ਅੱਗੇ ਜਾ ਕੇ ਮੁਲਕ ਅੰਦਰੋਂ ਵੀ ਨੌਜਵਾਨ ਸ਼ਾਮਲ ਹੋਏ ਹੋਏ। ਇਸ ਧਰਤੀ ਵਿਚੇ ਜੰਮੇ ਪਲੇ ਇਨ੍ਹਾਂ ਨੌਜਵਾਨ ਲੀਡਰਾਂ ਦੀ ਅਹਿਮ ਦੇਣ ਹੈ। ਇਸ ਨੂੰ ਕਦੇ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਇਹ ਵੀ ਦਰੁਸਤ ਹੈ ਕਿ 1932-33 ਤਕ ਜਗ੍ਹਾ-ਬ-ਜਗ੍ਹਾ ਇੰਡੀਆ ਅੰਦਰ ਕਮਿਊਨਿਸਟ ਗਰੁੱਪ ਕਾਇਮ ਹੋਏ। ਇਸ ਲਈ ਇਸ ਨੂੰ ਵੀ ਪੰਜਾਬ ਵਿਚ ਸਮੇਂ ਦੀ ਹਾਲਤ ਮੂਜਬ ਅਜਿਹਾ ਗਰੁੱਪ ਹੀ ਕਹਿ ਲਵੋ। ਫਿਰ ਵੀ ਦੇਖਣਾ ਤਾਂ ਪਵੇਗਾ ਕਿ ਇਹ ਤਾਂ ਇਕ ਮਜ਼ਬੂਤ ਜਥੇਬੰਦੀ ਦਾ ਰੂਪ ਧਾਰਨ ਕਰ ਗਿਆ ਸੀ, ਜਿਸ ਦਾ 13 ਸਾਲ ਲਗਾਤਾਰ ਖੁਲ੍ਹਾ ਪਰਚਾ ਕਿਰਤੀ ਛਪਦਾ ਰਿਹਾ ਤੇ ਜਗ੍ਹਾ-ਬ-ਜਗ੍ਹਾ ਪਾਰਟੀ ਤੇ ਜਨਤਕ ਜਥੇਬੰਦੀਆਂ ਵਜੂਦ ਵਿਚ ਆਈਆਂ। 1933 ਤਕ ਇਸ ਵਿਚ ਸਭ ਇਕੱਤਰ ਸਨ। ਸੋਹਣ ਸਿੰਘ ਜੋਸ਼ ਵੀ ਇਸ ਸੰਸਥਾ ਦੇ ਮੈਂਬਰ ਹੋਣ ਕਾਰਨ ਤੇ ਕਿਰਤੀ ਦੇ ਐਡੀਟਰ ਹੋਣ ਕਾਰਨ ਹੀ ਮੇਰਠ ਸਾਜ਼ਸ਼ ਕੇਸ ਵਿਚ ਗ੍ਰਿਫਤਾਰ ਕੀਤੇ ਗਏ ਸਨ। ਉਨ੍ਹਾਂ 'ਤੇ ਇਜ਼ਲਾਮ ਵੀ ਕਿਰਤੀ ਦੀਆਂ ਲਿਖਤਾਂ ਕਾਰਨ ਹੀ ਲੱਗਾ ਸੀ।

1931-32 ਦੀਆਂ ਮਾਲੀ ਮੁਸ਼ਕਲਾਂ ਦਾ ਜ਼ਿਕਰ ਅੱਗੇ ਕੀਤਾ ਜਾ ਚੁੱਕਾ ਹੈ ਜੋ ਸਨਫਰਾਂਸਿਸਕੋ ਗ਼ਦਰ ਪਾਰਟੀ ਪਾਸ ਬੱਚਿਆਂ ਉਨ੍ਹਾਂ ਚੀਨ ਭੇਜ ਦਿੱਤਾ ਕਿਉਂਕਿ ਅੰਗਰੇਜ਼ ਚੀਨ ਦੀ ਅਜ਼ਾਦੀ ਦੀ ਲਹਿਰ ਨੂੰ ਦਬਾਉਣ ਲਈ ਧੜਾ-ਧੜ ਪੰਜਾਬੀ ਪਲਟਨਾਂ ਚੀਨ ਭੇਜ ਰਹੇ ਸਨ ਤੇ ਗ਼ਦਰ ਪਾਰਟੀ ਨੇ ਵੀ ਗ਼ਦਰੀਆਂ ਤੇ ਫੰਡ ਨਾਲ

ਚੀਨ ਵਿਚ ਮਦਦ ਭੇਜੀ। ਮਾਸਕੋ ਤੋਂ ਟਰੇਨਿੰਗ ਲੈ ਕੇ ਵਾਸਦੇਵ ਸਿੰਘ ਅੰਮ੍ਰਿਤਸਰ ਪੁੱਜਾ, ਉਸਨੇ ਇੰਤਜ਼ਾਮ ਕਰਕੇ ਫੇਰ ਕਿਰਤੀ ਅਖਬਾਰ ਸ਼ੁਰੂ ਕੀਤਾ। ਪਹਿਲਾ ਪਰਚਾ 20 ਦਸੰਬਰ 1933 ਨੂੰ ਨਿਕਲਿਆ ਪਰ ਵਾਸਦੇਵ ਸਿੰਘ ਇਸ ਕੋਸ਼ਸ਼ ਵਿਚ ਲੱਗਾ ਅਗਸਤ 1933 ਵਿਚ ਗ੍ਰਿਫਤਾਰ ਕਰ ਲਿਆ ਗਿਆ ਅਤੇ 9 ਸਾਲ ਬਿਲਾ ਮੁੱਕਦਮਾ ਚਲਾਏ ਲਾਹੌਰ ਜੇਲ੍ਹ ਵਿਚ ਕੈਦ ਰੱਖਿਆ। ਕਾਮਰੇਡ ਜੋਸ਼ 15 ਨਵੰਬਰ 1933 ਨੂੰ ਮੇਰਠ ਤੋਂ ਰਿਹਾਅ ਹੋ ਕੇ ਅੰਮ੍ਰਿਤਸਰ ਆ ਗਏ ਸੀ। ਉਨ੍ਹਾਂ ਦਾ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ ਆਦਿ ਵਿਚ ਹਾਰਦਿਕ ਸਵਾਗਤ ਹੋਇਆ। (ਦੇਖੋ ਕਿਰਤੀ 20 ਦਸੰਬਰ 1933)। ਫਿਰ ਵੀ ਜੇ ਉਨ੍ਹਾਂ ਦਾ ਪੰਜਾਬ ਦੇ ਹਰ ਜ਼ਿਲ੍ਹੇ ਤੇ ਸ਼ਹਿਰ ਵਿਚ ਸਵਾਗਤ ਹੁੰਦਾ ਸੀ ਤਾਂ ਜਿਥੇ ਉਨ੍ਹਾਂ ਦਾ ਮਾਣ ਵਧਦਾ ਨਾਲ ਹੀ ਕਿਰਤੀ ਦਾ ਵਕਾਰ ਵੀ ਵਧਣਾ ਸੀ।

ਕਿਰਤੀ ਲੀਡਰਾਂ 'ਤੇ ਉਸ ਸਮੇਂ ਹਕੂਮਤ ਦਾ ਭਰਪੂਰ ਵਾਰ ਸੀ। ਬਾਬਾ ਕਰਮ ਸਿੰਘ ਧੂਤ, ਵਾਸਦੇਵ ਸਿੰਘ ਤੇ ਹੁਣ ਕਾਮਰੇਡ ਰਾਮ ਕਿਸ਼ਨ ਬੀ.ਏ. ਨੈਸ਼ਨਲ ਨੂੰ ਸ਼ਾਹੀ ਕੈਦੀ ਬਣਾ ਕੇ ਜੇਲ੍ਹੀਂ ਸੁੱਟ ਦਿਤਾ ਸੀ। ਬਾਬਾ ਕਰਮ ਸਿੰਘ ਚੀਮਾ, ਸੋਹਣ ਸਿੰਘ ਭਕਨਾ, ਬਾਬਾ ਵਸਾਖਾ ਸਿੰਘ, ਸ਼ੇਰ ਸਿੰਘ, ਸੰਤਾ ਸਿੰਘ ਗੰਡੀਵਿੰਡ, ਦਸੌਂਧਾ ਸਿੰਘ ਢਾਡਾ ਆਦਿ ਅੱਧੀ ਦਰਜਨ ਲੀਡਰ ਪਿੰਡੀ ਨਜ਼ਰਬੰਦ ਕਰ ਦਿੱਤੇ ਸਨ। ਬਾਬਾ ਜਵਾਲਾ ਸਿੰਘ, ਬਾਬਾ ਭਾਗ ਸਿੰਘ ਕਨੇਡੀਅਨ, ਮੁਣਸ਼ੀ ਅਹਿਮਦਦੀਨ ਬਾਗੀਆਨਾ ਤਕਰੀਰਾਂ ਕਾਰਨ ਕੈ ਕਰ ਦਿੱਤੇ ਗਏ ਸਨ। ਮੁਬਾਰਕ ਸਾਗਰ ਤੇ ਮੋਹਣ ਲਾਲ ਮਜ਼ਹਬੀ ਫ਼ਸਾਦਾਂ ਦੇ ਖਿਲਾਫ ਬੋਲਦੇ, ਸ਼ਹੀਦ ਗੰਜ ਐਜੀਟੇਸ਼ਨ ਵੇਲੇ ਕੈਦ ਕਰ ਦਿੱਤੇ ਗਏ। ਬਾਹਰ ਰਹਿ ਗਏ ਗੁਰਚਰਨ ਸਿੰਘ ਸਹਿੰਸਰਾ, ਬਚਨ ਸਿੰਘ ਮਹਿਤਪੁਰ ਤੇ ਦਲੀਪ ਸਿੰਘ ਜੌਹਲ। ਅਜਿਹੀ ਹਾਲਤ ਵਿਚ ਵੀ ਇਨ੍ਹਾਂ ਵਰਕਰਾਂ ਨੇ ਕਾਮਰੇਡ ਜੋਸ਼ ਦੇ ਸ਼ਾਨਦਾਰ ਸਵਾਗਤ ਕਰਾਏ ਤੇ ਐਡਰੈਸ ਪੇਸ਼ ਕੀਤੇ, ਪਾਰਟੀਆਂ ਦਿਤੀਆਂ। ਮਾਸਕੋ ਤੋਂ ਪਰਤੇ ਗ਼ਦਰੀਆਂ ਦੀ ਡਾਰ ਹੁਣ ਮੁੱਕਣ ਵਾਲੀ ਨਹੀਂ ਸੀ। ਵਾਸਦੇਵ ਸਿੰਘ ਦੀ ਗ੍ਰਿਫਤਾਰੀ ਤੋਂ ਛੇਤੀ ਹੀ ਬਾਅਦ ਚੰਨਣ ਸਿੰਘ ਢਕੋਵਾਲ, ਬੂਝਾ ਸਿੰਘ ਦੇ ਦੂਲਾ ਸਿੰਘ ਪੰਜਾਬ ਪੁੱਜ ਗਏ ਸਨ। ਚੰਨਣ ਸਿੰਘ ਪੰਜਾਬ ਅੱਪੜ ਬਾਬਾ ਸੋਹਣ ਸਿੰਘ ਭਕਨਾ, ਕਰਮ ਸਿੰਘ ਚੀਮਾ, ਸੰਤਾ ਸਿੰਘ ਗੰਡੀਵਿੰਡ ਤੇ ਹੋਰ ਕਿਰਤੀ ਨਜ਼ਰਬੰਦ ਲੀਡਰਾਂ ਨੂੰ ਉਨ੍ਹਾਂ ਦੇ ਪਿੰਡੀਂ ਜਾ ਕੇ ਮਿਲਿਆ ਤੇ ਆਪਣੀਆਂ ਸੇਵਾਵਾਂ ਪਾਰਟੀ ਨੂੰ ਪੇਸ਼ ਕੀਤੀਆਂ। ਉਨ੍ਹਾਂ ਉਸ ਦੀ ਕਿਰਤੀ ਤੇ ਸੋਸ਼ਲਿਸਟ ਫਰੰਟ ਨੂੰ ਹੋਰ ਮਜ਼ਬੂਤ ਕਰਨ ਦੀ ਡਿਊਟੀ ਲਾਈ। ਮੁੱਹਬਤ ਸਿੰਘ ਕੋਟ ਸੌਂਧਾ ਨੂੰ ਉਸ ਦੇ ਨਾਲ ਲਾ ਦਿੱਤਾ। ਅੰਮ੍ਰਿਤਸਰ ਆ ਕੇ ਚੰਨਣ ਸਿੰਘ ਜੋਸ਼ ਨੂੰ ਮਿਲਿਆ ਤੇ ਉਨ੍ਹਾਂ ਨੂੰ ਵੀ ਕੰਮ ਬਾਰੇ ਪੁੱਛਿਆ। ਜੋਸ਼ ਜੀ ਨੇ ਇਹ ਮੁਲਾਕਾਤ ਟਾਲਮਟੋਲ ਕਰਕੇ ਹੀ ਲੰਘਾ ਦਿੱਤੀ। ਦੂਸਰੀ ਮੀਟਿੰਗ ਦੇ ਸਮੇਂ ਬਾਬਿਆਂ ਦਾ ਇੰਟਰੋਡਕਟਰੀ ਲੈਟਰ ਲੈ ਕੇ ਮਿਲਿਆ, ਫਿਰ ਵੀ ਉਨ੍ਹਾਂ ਨੇ ਕੋਈ ਖਾਸ ਧਿਆਨ ਨਾ ਦਿੱਤਾ। ਦਰਅਸਲ ਮੇਰਠ ਤੋਂ ਰਿਹਾ ਹੋ ਕੇ ਜੋਸ਼ ਜੀ ਮੁਕਾਬਲੇ ਦਾ ਇਕ ਨਵਾਂ ਕਮਿਊਨਿਸਟ ਗਰੁਪ ਖੜ੍ਹਾ ਕਰਨ ਦੇ ਆਹਰ ਵਿਚ ਲੱਗੇ ਹੋਏ ਸਨ। ਉਹ ਤਾਂ ਉਸ ਵੇਲੇ ਪੰਜਾਬ ਵਿਚ ਕਿਸੇ ਹੋਰ ਨੂੰ

ਕਮਿਊਨਿਸਟ ਤਸਲੀਮ ਕਰਨ ਲਈ ਤਿਆਰ ਹੀ ਨਹੀਂ ਸਨ। ਅੱਛਾ ਹੁੰਦਾ ਉਹ ਰਿਹਾ ਹੋ ਕੇ ਪਿੰਡੀ ਬੰਦ ਆਪਣੇ ਸਾਥੀਆਂ ਨੂੰ ਮਿਲਦੇ ਤੇ ਉਨ੍ਹਾਂ ਤੋਂ ਰੀਪੋਰਟ ਲੈਂਦੇ, ਮਾਲੀ ਮੁਸ਼ਕਲਾਂ ਕਾਰਨ ਲਏ ਫੈਸਲੇ ਸਮਝਦੇ, ਉਨ੍ਹਾਂ ਦਾ ਹੱਲ ਤਲਾਸ਼ ਕਰਨ ਵਿਚ ਸਹਾਈ ਹੁੰਦੇ। ਨਜ਼ਰਬੰਦ ਸਾਥੀਆਂ ਨੂੰ ਮੇਰਠ ਵਿਚ ਲਏ ਗਏ ਫੈਸਲਿਆਂ ਬਾਬਤ ਦਸਦੇ। ਕਾਮਰੇਡ ਚੰਨਣ ਸਿੰਘ ਅਤੇ ਉਸ ਦੇ ਮਾਸਕੋ ਰਿਟਰਨਡ ਸਾਥੀ ਤਾਂ ਕਲੀਨ ਸਲੇਦ ਸਨ। ਇਥੇ ਮੁਲਕ ਦੀਆਂ ਧੜੇਬੰਦੀਆਂ ਤੋਂ ਨਿਰਲੇਪ ਸਨ। ਉਹ ਘਰੀਂ ਤਾਂ ਗਏ ਹੀ ਨਹੀਂ ਸਨ, ਪਾਰਟੀ ਵਿਚ ਕੰਮ ਕਰਨ ਆਏ ਸਨ। ਜੇ ਜੋਸ਼ ਜੀ ਚੰਨਣ ਸਿੰਘ ਨਾਲ ਖੁੱਲ੍ਹ ਕੇ ਗੱਲ ਕਰਦੇ, ਸਮਝਦੇ, ਸਮਝਾਉਂਦੇ ਤਾਂ ਇਹ ਫੁੱਟ ਦਾ ਦੁਖਾਂਤ ਵਾਪਰਨਾ ਹੀ ਨਹੀਂ ਸੀ। ਇਸ ਦੇ ਉਲਟ ਉਨ੍ਹਾਂ ਨੇ ਮੁਕਾਬਲੇ ਦਾ ਫੱਟਾ ਲਾ ਦਿਤਾ। ਪਹਿਲਾਂ ਐਂਟੀ ਇੰਮਪੀਰੀਆਲਿਸਟ ਲੀਗ ਦਾ। ਮਹੀਨਿਆਂਬੱਧੀ ਇਹ ਫੱਟਾ ਲਗਾ ਰਿਹਾ, ਪਰ ਕੋਈ ਕੰਮ ਨਹੀਂ ਹੋਇਆ। ਇਹ ਗੱਲ ਅਰਜਨ ਸਿੰਘ ਗੜਗੱਜ ਨੇ ਕਿਰਤੀ ਅਖ਼ਬਾਰ ਵਿਚ ਆਪਣੇ ਲੇਖ ਵਿਚ ਵੀ ਮੰਨੀ ਹੈ। ਐਂਟੀ-ਇੰਮਪੀਰੀਲਿਸਟ ਲੀਗ ਦਾ ਫੱਟਾ ਲਾਹ ਫੇਰ ਰੈਡੀਕਲ ਲੀਗ ਦਾ ਫੱਟਾ ਲਾ ਦਿੱਤਾ। ਕਿਰਤੀ ਅਖ਼ਬਾਰ ਹਜ਼ਾਰਾ ਸਿੰਘ ਸਿੰਗਰ ਤੇ ਅਮਰ ਸਿੰਘ ਤੇਗ ਦੀ ਨਿਗਰਾਨੀ ਵਿਚ ਕੁਝ ਦੇਰ ਤਾਂ ਦੋਹਾਂ ਧਿਰਾਂ ਦੀ ਬਹਿਸ ਦਾ ਅਖਾੜਾ ਬਣਦਾ ਜਾ ਰਿਹਾ ਸੀ। ਇਨ੍ਹਾਂ ਦੋਹਾਂ ਨੂੰ ਅਖ਼ਬਾਰ ਤੋਂ ਅਲਹਿਦਾ ਕਰ ਚੰਨਣ ਸਿੰਘ ਨੇ ਖੁਦ ਲਿਖਣਾ ਸ਼ੁਰੂ ਕੀਤਾ ਤੇ ਗੁਰਚਰਨ ਸਿੰਘ ਸਹਿਸਰਾ ਨੂੰ ਪੰਜਾਬੀ ਕਿਰਤੀ ਦਾ ਤੇ ਮੋਹਨ ਲਾਲ ਨੂੰ ਉਰਦੂ ਕਿਰਤੀ ਦਾ ਐਡੀਟਰ ਬਣਾ ਦਿੱਤਾ। ਹਜ਼ਾਰਾ ਸਿੰਘ ਸਿੰਗਰ ਤੇ ਅਮਰ ਸਿੰਘ ਤੇਗ ਵੀ ਰੁੱਸੇ ਹੋਏ ਐਡੀਟਰਾਂ ਤੇ ਡੱਮੀ ਐਡੀਟਰਾਂ ਦੀ ਕਤਾਰ ਵਿਚ ਜਾ ਖੜ੍ਹੇ ਹੋਏ ਤੇ ਰੈਡੀਕਲ ਲੀਗ ਵਿਚ ਸ਼ਾਮਲ ਹੋ ਗਏ। ਇਨ੍ਹਾਂ ਸਭ ਨੇ ਮਿਲ ਕੇ ਹੁਣ ਇਹ ਪ੍ਰਾਪੇਗੰਡਾ ਸ਼ੁਰੂ ਕਰ ਦਿੱਤਾ ਕਿ ਕਿਰਤੀ ਬਾਹਰੋਂ ਪੈਸੇ ਮੰਗਾਉਣ ਲਈ ਸਭ ਕੁਝ ਕਰਦੇ ਹਨ। ਪੈਸਿਆਂ ਦਾ ਅਸਮਾਨ ਤੋਂ ਮੀਂਹ ਨਹੀਂ ਵਰ੍ਹਦਾ ਸੀ। ਪੈਸੇ ਦੇਣ ਵਾਲੇ ਗ਼ਦਰ ਪਾਰਟੀ ਦੇ ਲਾਈਫ ਮੈਂਬਰ ਪਾਰਟੀ ਦੀ ਅਪੀਲ 'ਤੇ ਖੁਦ ਮੁਲਕ ਨੂੰ ਤੁਰ ਪਏ ਸਨ। ਕੁਝ ਸਿੱਧੇ ਡਾਕਟਰ ਭਾਗ ਸਿੰਘ, ਕਰਤਾਰ ਸਿੰਘ ਗਿੱਲ ਆਦਿ ਬਾਕੀ ਦੇ ਮਾਸਕੋ ਤੋਂ ਟਰੇਨਿੰਗ ਲੈ ਕੇ ਧੜਾਧੜ ਮੁਲਕ ਅੱਪੜ ਰਹੇ ਸਨ। ਕੋਈ ਘਰੀਂ ਨਹੀਂ ਗਿਆ। ਇੰਡੀਆ ਵਿਚ ਜਿਥੇ ਵੀ ਡਿਊਟੀ ਲੱਗੀ ਜਾ ਕੰਮ ਸ਼ੁਰੂ ਕੀਤਾ। ਅੰਗਰੇਜ਼ੀ ਹਕੂਮਤ ਵੀ ਬਾਹਰਲੇ ਪੈਸੇ ਤੇ ਬਾਲਸਵਿਕ ਪੈਦੇ ਦਾ ਬੜਾ ਰੌਲਾ ਪਾਉਂਦੀ ਸੀ। ਪਰ ਇਹ ਗ਼ਦਰੀ ਕਮਿਊਨਿਸਟ ਤਾਂ ਜ਼ਿੰਦਗੀ ਭਰ ਆਪਣੀ ਸਾਰੀ ਕਮਾਈ ਪਾਰਟੀ ਦੇ ਹਵਾਲੇ ਕਰਦੇ ਰਹੇ ਤੇ ਹੁਣ ਸਿਰ ਦੇਣ ਲਈ ਮੁਲਕ ਨੂੰ ਤੁਰ ਪਏ। ਬੰਬਈ ਪਾਰਟੀ ਤੋਂ ਡਿਊਟੀ ਲੈ ਕਲਕੱਤੇ, ਕਾਨਪੁਰ, ਟਾਟਾ ਨਗਰ, ਬੰਬਈ, ਦਿੱਲੀ ਜਾ ਹਾਜ਼ਰੀਆਂ ਦਿੱਤੀਆਂ ਤੇ ਪਾਰਟੀ ਡਿਊਟੀ ਸੰਭਾਲੀ। ਸਿਰਫ ਪੰਜਾਬ ਦਾ ਬਾਬਾ ਆਦਮ ਨਿਰਾਲਾ ਸੀ। ਉਹ ਪੰਜਾਬੋਂ ਬਾਹਰ ਰਹਿੰਦੇ ਤੇ ਸੈਂਟਰ ਪਾਰਟੀ ਦੇ ਕਹਿਣ 'ਤੇ ਚਲਦੇ। ਫੜੇ ਜਾਣ 'ਤੇ ਉਨ੍ਹਾਂ ਨੇ ਪੰਜਾਬ ਬੰਦ ਕੀਤਾ ਜਾਂਦਾ ਤਾਂ ਉਹ ਕਿਰਤੀ ਕਮਿਊਨਿਸਟਾਂ ਨਾਲ ਮਿਲ ਕੇ ਕੰਮ

ਕਰਦੇ। ਇਹ ਕਿਉਂ? ਕਿਉਂਕਿ ਏਥੇ ਦੋ ਗਰੁੱਪ ਹੋ ਗਏ ਸਨ ਤੇ ਕਿਰਤੀਆਂ ਦੇ ਮੁਕਾਬਲੇ ਬਣਿਆ ਗਰੁੱਪ, ਜੋ ਆਮ ਤੌਰ 'ਤੇ ਜੋਸ਼ ਗਰੁੱਪ ਦੇ ਨਾਂ ਨਾਲ ਮਸ਼ਹੂਰ ਸੀ, ਤਕੜਾ ਨਹੀਂ ਸੀ। ਬਹੁਤ ਕਮਜ਼ੋਰ ਸੀ ਤੇ ਸਿਰਫ ਹਠ ਪਿਟਣ ਲਈ ਹੀ ਬਣਾਇਆ ਗਿਆ ਸੀ। ਬਾਹਰੋਂ ਆਏ ਇਨ੍ਹਾਂ ਗ਼ਦਰੀ ਕਮਿਊਨਿਸਟਾਂ ਨੂੰ ਏਹ ਹਜ਼ਮ ਨਹੀਂ ਕਰ ਸਕਦਾ ਸੀ। ਉਹ ਕੰਮ (ਇਨਕਲਾਬ) ਕਰਨ ਆਏ ਸਨ ਤੇ ਪੰਜਾਬ ਵਿਚ ਕੰਮ ਕਿਰਤੀਆਂ ਦਾ, ਗ਼ਦਰੀ ਕਮਿਊਨਿਸਟਾਂ ਦਾ ਹੀ ਸੀ।

ਪਹਿਲਾਂ ਤੋਂ ਹੀ ਪੰਜਾਬ ਦੇ ਕਿਰਤੀ ਕਮਿਊਨਿਸਟਾਂ ਨੇ ਹਮੇਸ਼ਾ ਆਲ ਇੰਡੀਆ ਮਸਲਿਆਂ ਵਿਚ ਕਮਿਊਨਿਸਟ ਪਾਰਟੀ ਸੈਂਟਰਲ ਕਮੇਟੀ ਦਾ ਸਾਥ ਦਿੱਤਾ। ਮੇਰਠ ਕੇਸ ਦੌਰਾਨ ਉਨ੍ਹਾਂ ਆਪਣੀ ਹਰ ਕਾਨਫਰੰਸ ਵਿਚ ਉਸ ਵੇਲੇ ਦੀ ਸੈਂਟਰਲ ਲੀਡਰਸ਼ਿਪ ਦੇ ਆਗੂਆਂ ਕਾਮਰੇਡ ਰਣਦਿਵੇ, ਦੇਸ਼ਪਾਂਡੇ ਤੇ ਸੁਹਾਸ਼ਿਨੀ ਨੂੰ ਸੱਦਿਆ । ਅੱਗੇ ਜਾ ਕੇ ਵੀ ਉਹ ਇਸ ਫਰਜ਼ ਨੂੰ ਖੂਬ ਪਛਾਣਦੇ ਰਹੇ। ਕਿਸਾਨ ਸਭਾ, ਕਾਂਗਰਸ ਸੋਸ਼ਲਿਸਟ ਪਾਰਟੀ, ਕਾਂਗਰਸ ਸੈਸ਼ਨਾਂ ਵਿਚ ਕਿਰਤੀਆਂ ਨੇ ਹਮੇਸ਼ਾ ਸੈਂਟਰਲ ਕਮਿਊਨਿਸਟ ਪਾਰਟੀ ਨਾਲ ਮਿਲ ਕੇ ਪ੍ਰੋਗਰਾਮ ਬਣਾਏ। ਹਿਸਟੋਰੀਕਲ ਪੰਜਾਬ ਪ੍ਰੋਵਿਨਸ਼ੀਅਲ ਕਿਸਾਨ ਸੈਸ਼ਨ 1938 ਲਾਇਲਪੁਰ ਵਿਚ ਉਨ੍ਹਾਂ ਕਾਮਰੇਡ ਸੱਜਾਦ ਜ਼ਹੀਰ ਨੂੰ ਪ੍ਰੀਜ਼ਾਈਡ ਕਰਨ ਲਈ ਬੁਲਾਇਆ। ਤਫਰਕੇ ਸਿਰਫ ਪੰਜਾਬ ਵੀ ਹੀ ਸਨ, ਬਾਹਰ ਨਹੀਂ। ਪੰਜਾਬ ਦੀ ਇਕ ਯੂਨਾਈਟਿਡ ਪ੍ਰੋਵਿਨਸ਼ੀਅਲ ਕਮਿਊਨਿਸਟ ਕਮੇਟੀ, ਜਿਸ ਦਾ ਗ਼ਦਰੀ ਕਮਿਊਨਿਸਟ ਜਿਸ ਦੀਆਂ ਸਫਾਂ ਵਿਚ ਲਗਾਤਾਰ ਵਾਧਾ ਕਰ ਰਹੇ ਹੋਣ, ਉਹ ਪਾਰਟੀ ਪਿਸ਼ਾਵਰ ਤੋਂ ਦਿੱਲੀ ਤਕ ਇਕ ਮਜ਼ਬੂਤ ਇਨਕਲਾਬੀ ਪਾਰਟ ਅਦਾ ਕਰ ਸਕਦੀ ਸੀ। ਇਹ ਕਿਉਂ ਨਾ ਹੋਇਆ? ਇਸਦੇ ਜਵਾਬ ਲਈ ਹੋਰਨਾਂ ਪੱਖਾਂ 'ਤੇ ਵੀ ਨਜ਼ਰ ਮਾਰਨੀ ਜ਼ਰੂਰੀ ਹੈ।

ਐਮ.ਐਨ. ਰਾਏ ਦੀ ਕਾਮਿਨਟਰਨ ਤੋਂ ਅਲਹਿਦਗੀ ਤੋਂ ਬਾਅਦ ਹਿੰਦੋਸਤਾਨ ਵਿਚ ਕਮਿਊਨਿਸਟ ਪਾਰਟੀ ਬਨਾਉਣ ਦਾ ਕੰਮ ਬ੍ਰਿਟਿਸ਼ ਕਮਿਊਨਿਸਟ ਪਾਰਟੀ ਦੇ ਸਪੁਰਦ ਕਰ ਦਿੱਤਾ ਗਿਆ। ਬ੍ਰਿਟਿਸ਼ ਕਮਿਊਨਿਸਟ ਪਾਰਟੀ ਏਨੀ ਤਕੜੀ ਨਹੀ ਸੀ। ਉਨ੍ਹਾਂ ਦੇ ਜ਼ਿਆਦਾਤਰ ਤੁਅਲਕਾਤ ਯੂ.ਕੇ. ਵਿਚਲੇ ਹਿੰਦੋਸਤਾਨੀ ਸਟੂਡੈਂਟਸ ਤਕ ਮਹਿਦੂਦ ਸਨ। ਗ਼ਦਰ ਪਾਰਟੀ ਬਾਬਤ ਤਾਂ ਉਨ੍ਹਾਂ ਦਾ ਗਿਆਨ ਜ਼ੀਰੋ ਸੀ। ਕਾਮਿਨਟਰਨ ਨੂੰ ਇਨ੍ਹਾਂ ਵਲੋਂ ਦਿੱਤੀਆਂ ਰੀਪੋਰਟਾਂ ਇਨ੍ਹਾਂ ਦੀ ਆਪਣੀ ਐਕਟੇਵਿਟੀ ਤਕ ਹੀ ਮਹਿਦੂਦ ਸਨ ਤੇ ਜਾਂ ਪੰਜਾਬ ਵਿਚਲੇ ਨਰਾਜ਼ ਹੋਏ ਧੜੇ ਦੀਆਂ ਮੁਖਾਲਫ ਰੀਪੋਰਟਾਂ 'ਤੇ ਅਧਾਰਤ ਸਨ। ਇਸ ਭੇੜ ਵਿਚ ਮਾਰੇ ਗਏ ਬਾਹਰੋਂ ਆਏ ਗ਼ਦਰੀ ਕਮਿਊਨਿਸਟ ਜੋ ਘਰ ਬਾਹਰ ਤਿਆਗ ਕੇ ਇਨਕਲਾਬ ਕਰਨ ਦੇ ਇਰਾਦੇ ਨਾਲ ਆਏ ਸਨ। ਕੌਮਾਂਤਰੀ ਪਿੜ ਵਿਚ ਚਾਹੀਦਾ ਸੀ ਕਿ ਬਾਬਾ ਰਤਨ ਸਿੰਘ ਦਾ ਤੇ ਬ੍ਰਿਟਿਸ਼ ਕਮਿਊਨਿਸਟ ਆਗੂਆਂ ਦੇ ਮੇਲ ਕਰਵਾ ਦਿੱਤਾ ਜਾਂਦਾ। ਬਾਬਾ ਰਤਨ ਸਿੰਘ ਇੰਗਲੈਂਡ ਵਿਚ ਨਹੀਂ ਜਾ ਸਕਦੇ ਸਨ। ਬ੍ਰਿਟਿਸ਼ ਕਮਿਊਨਿਸਟ ਤਾਂ ਯੂਰਪ ਵਿਚ

ਜਾ ਕੇ ਉਨ੍ਹਾਂ ਨਾਲ ਮੀਟਿੰਗ ਕਰ ਹੀ ਸਕਦੇ ਸਨ। ਇਸ ਤਰ੍ਹਾਂ ਗ਼ਦਰੀ ਕਮਿਊਨਿਸਟਾਂ ਤੇ ਅਗਵਾਈ ਦੇਣ ਵਾਲੀ ਬ੍ਰਿਟਿਸ਼ ਪਾਰਟੀ ਦੀ ਇਕਸੁਰਤਾ ਹੋ ਜਾਂਦੀ ਤਾਂ ਮਸਲਾ ਉਲਝਣਾ ਹੀ ਨਹੀਂ ਸੀ। ਇਹ ਕਿਉਂ ਨਾ ਹੋਇਆ? ਉਸ ਵੇਲੇ ਦੇ ਹਾਲਾਤ ਮੁਜਬ ਕਾਮਿਨਟਰਨ ਦੀ ਲੀਡਰਸ਼ਿਪ ਨਹੀਂ ਜਾਣਦੀ ਹੈ। ਪੰਜਾਬ ਦੇ ਮਸਲੇ ਨੂੰ ਹੱਲ ਕਰਨ ਜਾਂ ਪੈਚਅਪ ਕਰਨ ਦੀਆਂ ਸੈਂਟਰਲ ਕਮੇਟੀ ਵਲੋਂ ਬੜੀਆਂ ਕੋਸ਼ਿਸ਼ਾਂ ਹੋਈਆਂ, ਮਗਰ 'ਮਰਜ਼ ਬੜ੍ਹਤਾ ਗਯਾ, ਜੂੰ-ਜੂੰ ਦਵਾ ਕੀ'। ਗ਼ਦਰੀ ਕਮਿਊਨਿਸਟਾਂ ਨੂੰ ਇਸਦੀ ਭਾਰੀ ਕੀਮਤ ਅਦਾ ਕਰਨੀ ਪਈ। ਬਾਬਾ ਕਰਮ ਸਿੰਘ ਧੂਤ ਪਹਿਲਾਂ ਸੱਤ ਸਾਲ ਤੇ ਦੂਜੀ ਵਾਰ ਪੰਜ ਸਾਲ ਬਿਨਾਂ ਮੁਕੱਦਮਾ ਚਲਾਇਆ ਜੇਲ੍ਹ ਵਿਚ ਨਜ਼ਰਬੰਦ ਰਹੇ। ਫੇਰ ਤਾਂ ਲੜੀ ਹੀ ਤੁਰ ਪਈ। ਵਾਸਦੇਵ ਸਿੰਘ ਨੌਂ ਸਾਲ, ਚੰਨਣ ਸਿੰਘ ਅੱਠ ਸਾਲ, ਤੇਜਾ ਸਿੰਘ ਸੁਤੰਤਰ ਸੱਤ ਸਾਲ, ਰਾਮ ਕਿਸ਼ਨ ਦੋ ਵਾਰ ਤੇ ਤਪਦਿਕ ਹੋਣ ਨਾਲ ਮਰਨਾਊ ਹੋਣ 'ਤੇ ਰਿਹਾਈ ਹੋਈ। ਪਿੰਡਾਂ ਦੀਆਂ ਨਜ਼ਰਬੰਦੀਆਂ ਤਾਂ ਕਈ ਦਰਜਨਾਂ ਤਕ ਅੱਪੜ ਗਈਆਂ ਸਨ। ਇਹ ਇਕਪਾਸੜ ਤਸ਼ੱਦਦ ਦਾ ਕੁਹਾੜਾ ਸੀ, ਜੋ ਸਿਰਫ ਕਿਰਤੀ ਵਰਕਰਾਂ ਦੇ ਖਿਲਾਫ ਹੀ ਚੱਲਿਆ। ਇਸ ਦੇ ਬਾਵਜੂਦ ਲਹਿਰ ਵਧਦੀ ਹੀ ਗਈ। ਕਾਸ਼ ! ਸੈਂਟਰਲ ਕਮੇਟੀ ਇਸ ਨੂੰ ਭਾਂਪ ਲੈਂਦੀ। ਕਾਸ਼! ਜੋਸ਼ ਜੀ ਤਹੱਮਲ ਤੋਂ ਕੰਮ ਲੈਂਦੇ। ਜੇਲ੍ਹੋਂ ਆ ਕੇ ਪੁਰਾਣੇ ਸਾਥੀਆਂ ਨੂੰ ਮਿਲ ਤਾਂ ਲੈਂਦੇ। ਨਿਰਸੰਦੇਹ ਉਨ੍ਹਾਂ ਨੂੰ ਪਾਰਟੀ ਵਿਚ ਉਨ੍ਹਾਂ ਦੀ ਯੋਗ ਜਗ੍ਹਾ ਮਿਲ ਹੀ ਜਾਣੀ ਸੀ। ਉਨ੍ਹਾਂ ਦੀ ਪਾਰਟੀ ਨੂੰ ਲੋੜ ਸੀ। ਵੇਲੇ ਦੀਆਂ ਮਾਲੀ ਮੁਸ਼ਕਲਾਂ ਤਾਂ ਸੁਣ ਲੈਂਦੇ। ਫਿਰ ਸੰਤਾ ਸਿੰਘ ਗੰਡੀਵਿੰਡ ਖਿਲਾਫ ਨਰਾਜ਼ਗੀ ਵੀ ਦੂਰ ਹੋ ਜਾਣੀ ਸੀ। ਪੰਜਾਬ ਗੌਰਮਿੰਟ ਦਾ ਜ਼ੋਰ ਲਗਾ ਹੋਇਆ ਸੀ ਕਿ ਇਹ ਮਿਲਾਪ ਕਿਤੇ ਹੋ ਨਾ ਜਾਵੇ। ਜ਼ਿਦ ਦੂਰ ਤਕ ਵਧ ਗਈ। ਹਫਤੇਵਾਰ ਕਿਰਤੀ ਅੰਮ੍ਰਿਤਸਰ ਦੇ ਦਫਤਰ ਵਿਚ ਹਜ਼ਾਰਾ ਸਿੰਘ ਸਿੰਗਰ ਤੇ ਅਮਰ ਸਿੰਘ ਤੇਗ ਨੇ ਬੰਬ ਰਖੇ। ਰੈਡੀਕਲ ਲੀਗ ਦਾ ਇਕ ਆਗੂ ਉਨ੍ਹਾਂ ਦੀ ਸਫਾਈ ਵਿਚ ਭੁਗਤਿਆ। ਇਹ ਤਾਂ ਬਲਦੀ 'ਤੇ ਤੇਲ ਪਾਉਣ ਵਾਲੀਆਂ ਗੱਲਾਂ ਸਨ। ਜਿਸਦਾ ਸਿੱਟਾ ਪੰਜਾਬ ਵਿਚ ਕਮਿਊਨਿਸਟ ਲਹਿਰ ਦੀ ਹੋਰ ਫੁੱਟ ਵਲ ਨਿਕਲਿਆ।

ਰਾਜਸੀ ਪੱਖ ਦੇ ਸਵਾਲ ਵਲੋਂ ਦੇਖਿਆ ਜਾਵੇ ਤਾਂ ਕਿਰਤੀ ਅਖ਼ਬਾਰ ਦੀਆਂ 1926 ਤੋਂ 1939 ਤਕ ਦੀਆਂ ਫ਼ਾਈਲਾਂ ਦੇਸ਼ਭਗਤ ਲਾਇਬਰੇਰੀ ਵਿਚ ਪਈਆਂ ਹਨ ਤੇ ਹੋਰ ਲਿਖਤਾਂ ਵੀ ਪਈਆਂ ਹਨ, ਉਨ੍ਹਾਂ ਨੂੰ ਘੋਖਿਆ ਜਾ ਸਕਦਾ ਹੈ। ਪੋਲੀਟੀਕਲੀ ਜਿਥੇ ਗ਼ਲਤੀਆਂ ਵੀ ਹੋਈਆਂ, ਉਨ੍ਹਾਂ 'ਤੇ ਕਿੰਤੂ ਕਰਨਾ ਵੀ ਜ਼ਰੂਰੀ ਹੈ, ਤਾਂ ਕਿ ਆਉਣ ਵਾਲੀ ਸੰਤਾਨ ਸਾਡੇ ਗੁਣਾਂ ਔਗੁਣਾਂ ਤੋਂ ਜਾਣੂ ਹੋ ਸਕੇ ਤੇ ਅਗਲੀ ਰਾਜਸੀ ਸੇਧ ਲਈ ਜਾਗਰੂਕ ਰਹੇ। ਕਿਰਤੀ ਮੇਰਠ ਤੋਂ ਰਿਹਾਅ ਹੋਏ ਜੋਸ਼ ਨੂੰ ਅਪਣਾ ਨਾ ਸਕੇ ਕਿ ਮਾਸਕੋ ਤੋਂ ਪਰਤੇ ਗ਼ਦਰੀ ਕਮਿਊਨਿਸਟਾਂ ਨੂੰ ਜੋਸ਼ ਜੀ ਨੇ ਮੂੰਹ ਨਾ ਲਾਇਆ। ਕਸਰ ਕਿਥੇ ਰਹੀ? ਅੱਜ ਘੋਖਣ ਵਾਲੀ ਗੱਲ ਨਹੀਂ। ਇਹ ਤਾਂ ਹੋ ਹੀ ਗਿਆ ਤੇ ਲਹਿਰ ਲਈ ਇਸਦੇ ਗੰਭੀਰ ਸਿੱਟੇ ਨਿਕਲੇ।

ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਰੋਲ (1929-1935)

1929 ਤਕ ਦੇਸਭਗਤ ਪਰਿਵਾਰ ਸਹਾਇਕ ਕਮੇਟੀ ਕੇਵਲ ਜੇਲ੍ਹ ਹੋਏ ਦੇਸਭਗਤਾਂ ਦੇ ਬੱਚਿਆਂ ਦੀ ਸਹਾਇਤਾ ਕਰਦੀ ਸੀ। ਬਹੁਤ ਸਾਰੇ ਗ਼ਦਰੀ ਬਾਬੇ ਅਤੇ ਮਾਰਸ਼ਲ ਲਾਅ ਦੇ ਕੈਦੀ 18-18 ਸਾਲ ਕੈਦ ਕੱਟ ਚੁੱਕੇ ਸਨ। ਕੈਦ ਪੂਰੀ ਹੋਣ 'ਤੇ ਵੀ ਉਨ੍ਹਾਂ ਨੂੰ ਰਿਹਾਅ ਕਰਨ ਦਾ ਨਾਂ ਤਕ ਹੀ ਨਹੀਂ ਸੀ ਲਿਆ ਜਾ ਰਿਹਾ। ਕਿਰਤੀ ਪਾਰਟੀ ਦੇ ਫੈਸਲੇ ਅਨੁਸਾਰ ਦੇਸਭਗਤ ਪਰਿਵਾਰ ਕਮੇਟੀ ਨੇ ਕੈਦੀ ਛੁਡਾਊ ਕਮੇਟੀ ਦੇ ਨਾਂ 'ਤੇ ਸਬ ਕਮੇਟੀ ਬਣਾਈ। ਇਸ ਦੇ ਸਭ ਤੋਂ ਪਹਿਲੇ ਮੈਂਬਰ ਮੁਬਾਰਕ ਸਾਗਰ, ਸੰਤਾ ਸਿੰਘ, ਮੁਣਸ਼ੀ ਅਹਿਮਦਦੀਨ ਤੇ ਜਗਤ ਸਿੰਘ ਸਪੁੱਤਰ ਈਸ਼ਰ ਸਿੰਘ ਮਰਹਾਣਾ ਸਨ। ਕੈਦੀਆਂ ਨੂੰ ਛੁਡਾਉਣ ਲਈ ਬਣਾਈ ਗਈ ਇਸ ਕਮੇਟੀ ਦੇ ਅੰਦੋਲਨਕਾਰੀਆਂ ਨੂੰ ਸਰਕਾਰ ਫੜਕੇ ਜੇਲ੍ਹਾਂ ਵਿਚ ਪਾਉਣ ਲੱਗ ਪਈ ਸੀ।

ਦੂਜੇ ਪਾਸੇ ਕਾਂਗਰਸੀਆਂ ਨੂੰ ਸਾਲ-ਸਾਲ, ਦੋ-ਦੋ ਸਾਲ ਦੀ ਕੈਦ ਹੁੰਦੀ ਸੀ ਅਤੇ ਸਮਝੌਤਾ ਹੋ ਜਾਣ ਉਤੇ ਦੋ-ਦੋ, ਚਾਰ-ਚਾਰ ਮਹੀਨੇ ਕੈਦ ਕੱਟਣ ਬਾਅਦ ਰਿਹਾਅ ਕਰ ਦਿਤੇ ਜਾਂਦੇ ਸਨ। ਅਤੇ ਕਹਿ ਦਿੱਤਾ ਜਾਂਦਾ ਸੀ ਕਿ ਸਿਆਸੀ ਕੈਦੀ ਰਿਹਾਅ ਕਰ ਦਿਤੇ ਗਏ ਹਨ। ਪਰ ਗ਼ਦਰ ਪਾਰਟੀ ਅਤੇ ਮਾਰਸ਼ ਲਾਅ ਦੇ ਕੈਦੀਆਂ ਦੀਆਂ ਜਵਾਨੀਆਂ ਜੇਲਾਂ ਵਿਚ ਹੀ ਲੰਘ ਗਈਆਂ ਸਨ। ਗ਼ਦਰੀ ਬਾਬੇ, ਮਾਰਸ਼ਲ ਲਾਅ ਦੇ ਕੈਦੀ, ਬੱਬਰ ਅਕਾਲੀ ਅਤੇ ਨੌਜਵਾਨ ਭਾਰਤ ਸਭਾ ਦੇ ਸੂਰਬੀਰ ਨਾ ਹੀ ਕਾਂਗਰਸ ਦੀ ਲਿਸਟ ਵਿਚ ਅਤੇ ਨਾ ਹੀ ਹਕੂਮਤ ਦੇ ਖਾਤੇ ਵਿਚ "ਸਿਆਸੀ ਕੈਦੀ" ਸਨ।

ਪੰਜਾਬ ਦੇ ਲੋਕ ਹੁਣ ਇਨ੍ਹਾਂ ਦੀਆਂ ਰਿਹਾਈਆਂ ਦੀ ਮੰਗ ਕਰਨ ਲੱਗ ਪਏ ਸਨ। ਕੈਦੀ ਛੁਡਾਊ ਕਮੇਟੀ ਦੇ ਅੰਦੋਲਨ ਵਿਚ ਸ਼ਾਮਲ ਹੋ ਕੇ ਉਨ੍ਹਾਂ ਨੂੰ ਜੇਲ੍ਹ ਵੀ ਜਾਣਾ ਪਿਆ ਸੀ।

ਬਾਬਾ ਸੋਹਣ ਸਿੰਘ ਭਕਨਾ ਨੇ ਏਸੇ ਹੀ ਮੰਗ ਨੂੰ ਲੈ ਕੇ ਜੇਲ੍ਹ ਵਿਚ ਭੁੱਖ ਹੜਤਾਲ ਕੀਤੀ। ਪਰ ਸਰਕਾਰ ਨੇ ਇਸ ਦੀ ਜਦੋਂ ਕੋਈ ਪ੍ਰਵਾਹ ਨਾ ਕੀਤੀ ਤਾਂ ਆਖਰ ਉਨ੍ਹਾਂ ਜਾਨ ਦੀ ਬਾਜ਼ੀ ਲਾ ਦਿਤੀ ਅਤੇ ਪਾਣੀ ਵੀ ਪੀਣ ਤੋਂ ਇਨਕਾਰ ਕਰ ਦਿਤਾ ਸੀ। ਬਾਬਾ ਭਕਨਾ ਜਦੋਂ ਮਰਨ ਕਿਨਾਰੇ ਹੋ ਗਿਆ ਸੀ ਤਾਂ ਅਧਿਕਾਰੀਆਂ ਨੇ ਉਸਨੂੰ ਜੇਲ੍ਹ ਦੇ ਦਰਵਾਜ਼ੇ ਤੋਂ ਬਾਹਰ ਰੱਖ ਦਿੱਤਾ ਸੀ। ਉਸਦੇ ਬਾਹਰ ਆਉਣ ਨਾਲ ਕੈਦੀ ਛੁਡਾਊ ਕਮੇਟੀ ਦਾ ਕੰਮ ਹੋਰ ਵੀ ਤੇਜ਼ ਹੋ ਗਿਆ ਸੀ। ਬਾਬਾ ਜੁਆਲਾ ਸਿੰਘ ਅਤੇ ਹੋਰ ਬਾਬਿਆਂ ਦੀਆਂ ਰਿਹਾਈਆਂ ਵੀ ਸ਼ੁਰੂ ਹੋ ਗਈਆਂ ਸਨ।

ਪੰਜਾਬ ਕੌਂਸਲ ਦੇ ਮੈਂਬਰ ਚੌਧਰੀ ਅਫਜ਼ਲ ਹੱਕ, ਗੜ੍ਹਸ਼ੰਕਰ, ਅਹਿਰਾਰ ਲੀਡਰ ਦੇ ਸਵਾਲ ਦੇ ਜਵਾਬ ਵਿਚ ਹੋਮ ਸਕੱਤਰ ਨੇ ਦੱਸਿਆ ਕਿ ਹੇਠ ਲਿਖੇ ਗ਼ਦਰੀ ਬਾਬੇ ਅਤੇ ਮਾਰਸ਼ਲ ਲਾਅ ਦੇ ਕੈਦੀ ਉਮਰ ਕੈਦਾਂ ਕੱਟ ਲੈਣ ਦੇ ਬਾਵਜੂਦ ਜੇਲ੍ਹਾਂ ਵਿਚ ਹੀ ਡੱਕੇ ਹੋਏ ਸਨ : ਬਾਬਾ ਕੇਸਰ ਸਿੰਘ, ਪ੍ਰਮਾਨੰਦ ਝਾਂਸੀ, ਮਦਨ ਸਿੰਘ ਗਾਗਾ, ਨੰਦ

ਸਿੰਘ ਕੈਲੇ, ਚੂਹੜ ਸਿੰਘ ਲਹਿਲ, ਸੁੰਦਰ ਸਿੰਘ, ਬਘੇਲ ਸਿੰਘ, ਹਰਨਾਮ ਸੰਘ ਗੁੱਜਰਵਾਲ, ਬਾਬਾ ਅਮਰ ਸਿੰਘ ਸ਼ੇਰਪੁਰ ਅਤੇ ਬਰਮਾ ਕੇਸ ਦੇ ਉਨ੍ਹਾਂ ਦੇ ਸਾਥੀ। ਇਹ ਸੋਲਾਂ-ਸੋਲਾਂ ਸਾਲ ਜੇਲ੍ਹ ਕੱਟ ਚੁੱਕੇ ਸਨ। ਪੰਜਾਬ ਮਾਰਸ਼ਲ ਲਾਅ ਦੇ 1919 ਦੇ ਕੈਦੀ ਮੁਹੰਮਦ ਦੀਨ, ਸਦੀਕੀ, ਮੁਹੰਮਦ ਅਲੀ, ਅਲਾਹਦੀਨ, ਨਾਦਰ ਅਲੀ, ਸ਼ਾਹ, ਦੀਨਾ, ਸਰਵਰ, ਜਲਾਲਦੀਨ, ਮਾਸਟਰ ਰਾਜਾ ਰਾਮ, ਮਹਾਸ਼ਾ ਰਤਨ ਸਿੰਘ ਤੇ ਚੌਧਰੀ ਬੁੱਗਾ ਮਲ 14-14 ਸਾਲ ਜੇਲ੍ਹ ਕੱਟ ਚੁੱਕੇ ਸਨ। ਇਨ੍ਹਾਂ ਦੀ ਰਿਹਾਈ ਬਾਰੇ ਸਰਕਾਰ ਕੋਈ ਜ਼ਿਕਰ ਨਹੀਂ ਸੀ ਕਰ ਰਹੀ।

ਜੇਲ੍ਹਾਂ ਵਿਚ ਬੱਬਰ ਅਕਾਲੀ ਅਤੇ ਨੌਜਵਾਨ ਭਾਰਤ ਸਭਾ ਦੇ ਕੈਦੀਆਂ ਨਾਲ ਵਹਿਸ਼ੀਆਨਾ ਸਲੂਕ ਹੋ ਰਿਹਾ ਸੀ। ਦਰੋਗਾ ਗੋਕਲ ਚੰਦ ਨੇ ਉਨ੍ਹਾਂ ਨੂੰ ਪਾਣੀ ਦੀਆਂ ਡਿੱਗੀਆਂ ਵਿਚ ਸੁੱਟ-ਸੁੱਟ ਕੇ ਉਨ੍ਹਾਂ ਦੀ ਮਾਰਕੁਟਾਈ ਕੀਤੀ ਸੀ। ਬੈਂਤਾਂ ਅਤੇ ਡੰਡਾ ਬੇੜੀਆਂ ਨਿੱਤ ਦੀਆਂ ਸਜ਼ਾਵਾਂ ਸਨ। ਇਨ੍ਹਾਂ ਸੂਰਬੀਰਾਂ ਦੀ ਰਿਹਾਈ ਲਈ ਅਤੇ ਜੇਲ੍ਹ ਵਿਚ ਦਿਤੇ ਜਾ ਰਹੇ ਤਸੀਹਿਆਂ ਵਿਰੁੱਧ ਦੇਸਭਗਤ ਪਰਿਵਾਰ ਸਹਾਇਕ ਕਮੇਟੀ ਨੇ ਸਾਲਾਂਬੱਧੀ ਘੋਲ ਲੜਿਆ ਸੀ। ਰਿਹਾਅ ਕਰਾਉਣ ਵਾਲਿਆਂ ਦੀਆਂ ਧੜਾਧੜ ਗ੍ਰਿਫਤਾਰੀਆਂ ਹੁੰਦੀਆਂ ਸਨ। ਦਫਾ 124 ਏ (ਬਗ਼ਾਵਤ) ਅਧੀਨ ਗ੍ਰਿਫਤਾਰ ਕਰਕੇ ਜੇਲ੍ਹਾਂ ਵਿਚ ਡੱਕ ਦਿੱਤਾ ਜਾਂਦਾ ਸੀ। ਪਾਰਟੀ ਨੇ ਹਰ ਜ਼ਿਲ੍ਹੇ ਵਿਚ ਡੀਫੈਂਸ ਕਮੇਟੀਆਂ ਬਣਾਈਆਂ ਸਨ। ਕਾਗਜ਼ਾਂ ਦਾ ਖਰਚ ਪਰਿਵਾਰ ਸਹਾਇਕ ਕਮੇਟੀ ਵਲੋਂ ਅਤੇ ਵਕੀਲਾਂ ਦੀ ਸੇਵਾ ਮੁਫ਼ਤ ਸੀ। ਹਾਈਕੋਰਟ ਤਕ ਅਪੀਲਾਂ ਕੀਤੀਆਂ ਗਈਆਂ ਸਨ। ਅਦਾਲਤਾਂ ਵਿਚ ਸਰਕਾਰ ਅਤੇ ਸਰਕਾਰੀ ਗਵਾਹਾਂ ਦੀ ਮਿੱਟੀ ਪਲੀਤ ਹੋਣ ਲੱਗ ਪਈ ਸੀ। ਕਚਹਿਰੀਆਂ ਸਰਕਾਰ ਦੇ ਖਿਲਾਫ ਪ੍ਰਚਾਰ ਦਾ ਸਾਧਨ ਬਣ ਗਈਆਂ ਸਨ।

ਇਸ ਕਮੇਟੀ ਦਾ ਪਹਿਲਾ ਸਕੱਤਰ ਜਸਵੰਤ ਸਿੰਘ ਕੈਰੋਂ ਸੀ। ਜਦੋਂ ਉਸਨੂੰ ਗ੍ਰਿਫਤਾਰ ਕਰਕੇ ਦੋ ਮਹੀਨੇ ਲਾਹੌਰ ਕਿਲ੍ਹੇ ਵਿਚ ਰੱਖਣ ਪਿੱਛੋਂ ਪਿੰਡ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਸੀ ਤਾਂ ਉਸ ਦੀ ਥਾਂ ਸੱਜਣ ਸਿੰਘ ਮਰਗਿੰਦਪੁਰੀ ਨੇ ਸੰਭਾਲੀ ਸੀ।

ਏਸੇ ਤਰ੍ਹਾਂ ਬਾਬਾ ਨੰਦ ਸਿੰਘ ਕੈਲੇ ਅਤੇ ਚੂਹੜ ਸਿੰਘ ਲਹਿਲ (ਲੁਧਿਆਣਾ) ਨੇ ਰਿਹਾਈ ਲਈ ਲੰਬੀਆਂ ਭੁੱਖ ਹੜਤਾਲਾਂ ਕੀਤੀਆਂ ਸਨ ਅਤੇ ਇਨ੍ਹਾਂ ਦੀ ਰਿਹਾਈ ਲਈ ਜਥੇ ਗ੍ਰਿਫਤਾਰੀ ਦੇਣ ਵੀ ਗਏ ਸਨ। ਅੰਗਰੇਜ਼ ਹਕੂਮਤ ਇਨ੍ਹਾਂ ਨੂੰ ਮਾਰ ਮੁਕਾਉਣ 'ਤੇ ਤੁਲੀ ਹੋਈ ਸੀ। ਲੰਬੀ ਭੁੱਖ ਹੜਤਾਲ ਤੋਂ ਬਾਅਦ ਬਾਬਾ ਚੂਹੜ ਸਿੰਘ ਨੂੰ ਜਦੋਂ ਰਿਹਾਅ ਕੀਤਾ ਗਿਆ ਤਾਂ ਉਹ ਬਾਹਰ ਆਉਂਦਿਆਂ ਹੀ ਚਲਾਣਾ ਕਰ ਗਿਆ ਸੀ। ਨੰਦ ਸਿੰਘ ਨੂੰ ਜਦੋਂ ਰਿਹਾਅ ਕੀਤਾ ਗਿਆ ਸੀ ਤਾਂ ਉਹ ਹੱਡੀਆਂ ਦੀ ਇਕ ਮੁੱਠ ਰਹਿ ਗਿਆ ਸੀ।

ਬਾਬਾ ਗੁਰਮੁਖ ਸਿੰਘ ਅਤੇ ਪ੍ਰਿਥਵੀ ਸਿੰਘ ਨੂੰ ਅਫ਼ਗਾਨਿਸਤਾਨ ਦੀ ਨਾਦਰਸ਼ਾਹੀ ਹਕੂਮਤ ਨੇ ਕਾਬਲ ਜੇਲ੍ਹ ਸਿੰਘ ਬੰਦ ਕੀਤਾ ਹੋਇਆ ਸੀ। ਇਨ੍ਹਾਂ ਨੂੰ ਛੁਡਾਉਣ ਲਈ ਕਮੇਟੀ ਨੇ ਸਾਰੇ ਦੇਸ ਵਿਚ ਅੰਦੋਲਨ ਕੀਤਾ ਸੀ ਅਤੇ ਕਾਬਲ ਦੀ ਹਕੂਮਤ ਨੂੰ ਇਨ੍ਹਾਂ ਦੀ ਰਿਹਾਈ ਲਈ ਮਜਬੂਰ ਕਰ ਦਿੱਤਾ ਸੀ।

ਗੁਰਚਰਨ ਸਿੰਘ ਸਹਿੰਸਰਾ ਨੇ ਆਪਣੀ ਕਿਤਾਬ 'ਉਹ ਵੀ ਦਿਨ ਸਨ' ਵਿਚ ਜ਼ਿਕਰ ਕੀਤਾ ਹੈ ਕਿ ਅੰਗਰੇਜ਼ਾਂ ਦੇ ਜ਼ਰਖਰੀਦ ਅਖ਼ਬਾਰ ਪਾਰਸ ਅਤੇ ਸਿਵਲ ਮਿਲਟਰੀ ਗਜ਼ਟ ਆਦਿ ਨੇ ਜਦੋਂ ਗੁਰਮੁਖ ਸਿੰਘ ਅਤੇ ਪ੍ਰਿਥਵੀ ਸਿੰਘ ਵਿਰੁੱਧ ਬੇਹੂਦਾ ਪ੍ਰਚਾਰ ਕੀਤਾ ਸੀ ਤਾਂ ਏਸੇ ਹੀ ਕਮੇਟੀ ਨੇ ਬਾਬਾ ਜੁਆਲਾ ਸਿੰਘ ਦੀ ਅਗਵਾਈ ਵਿਚ ਜ਼ੋਰ ਨਾਲ ਉਨ੍ਹਾਂ ਦਾ ਮੂੰਹ ਬੰਦ ਕੀਤਾ ਸੀ। ਪਾਰਸ ਦਾ ਮਹਾਸ਼ਾ ਤਾਂ ਗਿੜਗਿੜਾ ਕੇ ਜੁਆਲਾ ਸਿੰਘ ਦੇ ਪੈਰੀਂ ਪੈ ਗਿਆ ਸੀ।

ਦੇਸਭਗਤ ਪਰਿਵਾਰ ਸਹਾਇਕ ਕਮੇਟੀ ਦਾ ਕੰਮ ਬੜਾ ਵਧ ਗਿਆ ਸੀ। ਭਾਵੇਂ ਕਿ ਬਾਬਾ ਵਸਾਖਾ ਸਿੰਘ ਦੀ ਅਗਵਾਈ ਵਿਚ ਇਸ ਨੂੰ ਕਾਫੀ ਸਫਲਤਾ ਮਿਲੀ ਸੀ, ਪਰ ਸਾਰਾ ਬੋਝ ਬਚਨ ਸਿੰਘ ਮਹਿਤਪੁਰ ਦੇ ਮੋਢਿਆਂ 'ਤੇ ਸੀ। ਉਹ ਦੇਸਭਗਤ ਸਹਾਇਕ ਕਮੇਟੀ ਦਾ ਸਕੱਤਰ ਸੀ ਅਤੇ ਕਿਰਤੀ ਪਾਰਟੀ ਦੀ ਅਗਵਾਈ ਵਿਚ ਆਪਣੀ ਜ਼ਿੰਮੇਵਾਰੀ ਬੜੀ ਖੁਸ਼ਅਸਲੂਬੀ ਨਾਲ ਨਿਭਾਅ ਰਿਹਾ ਸੀ। ਇਸ ਕਮੇਟੀ ਦਾ ਦਫਤਰ ਦਰਅਸਲ ਕਿਰਤੀ ਪਾਰਟੀ ਦਾ ਹੀ ਖੁੱਲ੍ਹਾ ਦਫਤਰ ਬਣ ਗਿਆ ਸੀ।

ਨਵੇਂ ਇਨਕਲਾਬੀਆਂ ਦਾ ਇਕ ਤਕੜਾ ਗਰੁੱਪ ਜੇਲ੍ਹੀਂ ਡੱਕ ਦਿੱਤਾ ਗਿਆ ਸੀ। 1818 ਦੇ ਐਕਟ ਅਧੀਨ ਸ਼ਾਹੀ ਕੈਦੀਆਂ ਦੀ ਗਿਣਤੀ ਦੁੱਗਣੀ ਹੋ ਗਈ ਸੀ। ਬਾਬਾ ਕਰਮ ਸਿੰਘ ਧੂਤ, ਅਹਿਸਾ ਅਲਾਹੀ, ਫਜ਼ਲ ਅਲਾਹੀ ਕੁਰਬਾਨ, ਵਾਸਦੇਵ ਸਿੰਘ, ਰਾਮ ਕਿਸ਼ਨ ਬੀ.ਏ. ਨੈਸ਼ਨਲ, ਚੰਨਣ ਸਿੰਘ ਵਕੋਵਾਲ, ਤੇਜਾ ਸਿੰਘ ਸੁਤੰਤਰ ਤੇ ਅਮੀਰ ਹੈਦਰ ਉਸ ਵੇਲੇ ਸ਼ਾਹੀ ਕੈਦੀ ਸਨ।

ਰੋਜ਼ੀ ਰੋਟੀ ਅਤੇ ਅਜ਼ਾਦੀ ਦੀ ਇਹ ਜੰਗ ਹਰ ਜ਼ਿਲ੍ਹੇ ਵਿਚ ਵਧ ਰਹੀ ਸੀ। ਅਤੇ ਨਾਲ ਦੀ ਨਾਲ ਗੁਪਤ ਇਨਕਲਾਬੀ ਕੰਮ ਵੀ ਵਧ ਰਿਹਾ ਸੀ। ਸਾਜ਼ਿਸ਼ਾਂ ਦੇ ਕੇਸ ਸਰਕਾਰ ਨੂੰ ਪੁੱਠੇ ਪੈਣੇ ਸ਼ੁਰੂ ਹੋ ਗਏ ਸਨ। ਸਾਜ਼ਿਸ਼ਾਂ ਅਧੀਨ ਕੈਦ ਕੀਤੇ ਰਿਹਾਅ ਹੋਣ 'ਤੇ ਹੀਰੋ ਬਣ ਜਾਂਦੇ ਸਨ।

ਹਕੂਮਤ ਨੇ ਨਵਾਂ ਰਾਹ ਲੱਭ ਲਿਆ। ਪੰਜਾਬ ਦੀ ਅਸੰਬਲੀ ਵਿਚ ਕਰਿਮੀਨਲ ਲਾਅ ਅਮੈਂਡਮੈਂਟ ਬਿੱਲ ਪੇਸ਼ ਕਰ ਦਿੱਤਾ ਜਿਸ ਅਧੀਨ ਕਿਸੇ ਵੀ ਵਿਅਕਤੀ ਨੂੰ ਬਿਨਾਂ ਵਾਰੰਟ ਗ੍ਰਿਫਤਾਰ ਕਰ ਕੇ ਦੋ ਮਹੀਨੇ ਹਿਰਾਸਤ ਵਿਚ ਰੱਖਿਆ ਜਾ ਸਕਦਾ ਸੀ। ਉਸ ਤੋਂ ਬਾਅਦ ਇਕ ਸਾਲ ਲਈ ਪਿੰਡ ਵਿਚ ਬੰਦ ਰੱਖਿਆ ਜਾ ਸਕਦਾ ਸੀ ਅਤੇ ਬੰਦੀ ਨੂੰ ਪੰਜ ਵਿਅਕਤੀਆਂ ਤੋਂ ਵਧ ਦੇ ਇੱਕਠ ਵਿਚ ਬੈਠਣ ਦੀ ਆਗਿਆ ਨਹੀਂ ਸੀ ਹੁੰਦੀ।

ਪੰਜਾਬ ਕੌਂਸਲ ਵਿਚ ਰਾਏ ਬਹਾਦਰ ਮੁਕੰਦ ਲਾਲ ਪੁਰੀ ਨੇ ਇਸ ਬਿੱਲ ਦੇ ਹੱਕ ਵਿਚ ਤਕਰੀਰ ਕਰਦਿਆਂ ਕਿਹਾ ਸੀ : "ਇਹ ਸਿਰਫ ਬਦੇਸਾਂ ਤੋਂ ਆ ਰਹੇ ਕਮਿਊਨਿਸਟਾਂ ਅਤੇ ਅੱਤਵਾਦੀ ਨੌਜਵਾਨ ਵਿਰੁੱਧ ਹੀ ਵਰਤਿਆ ਜਾਵੇਗਾ। ਜਦੋਂ ਕਿ ਚੌਧਰੀ ਅਫਜ਼ਲ ਹੱਕ ਅਹਿਰਾਰ, ਗੜ੍ਹਸ਼ੰਕਰ ਅਤੇ ਛੋਟੂ ਰਾਮ ਜਾਟ ਲੀਡਰ ਨੇ ਇਸ ਬਿਲ ਦੇ ਵਿਰੁਧ ਤਕਰੀਰਾਂ ਕੀਤੀਆਂ ਸਨ। ਇਹ ਬਿੱਲ ਬਹੁਮਤ ਨਾਲ ਪਾਸ ਕਰਾਇਆ ਗਿਆ ਸੀ।

ਲੋਕਾਂ ਦੇ ਸ਼ਹਿਰੀ ਹੱਕ ਖੋਹਣ ਵਾਲੇ ਇਸ ਬਿੱਲ ਦੇ ਵਿਰੁੱਧ ਕਿਰਤੀ ਪਾਰਟੀ ਨੇ ਪੰਜਾਬ ਸਿਵਲ ਲਿਬਰਟੀ ਯੂਨੀਅਨ ਕਾਇਮ ਕੀਤੀ ਜਿਸ ਨੂੰ ਚਲਾਉਣ ਦਾ ਸਾਰਾ ਭਾਰ ਦੇਸਭਗਤ ਦਫਤਰ ਨੂੰ ਹੀ ਸਹਿਣਾ ਪਿਆ ਸੀ। ਸਾਰੇ ਪੰਜਾਬ ਵਿਚ ਸਿਵਲ ਲਿਬਰਟੀ ਯੂਨੀਅਨ ਕਾਇਮ ਕਰਨ ਲਈ ਪਾਰਟੀ ਨੇ ਬੀ.ਪੀ.ਐਨ. ਬੰਦੀ ਦੀ ਡਿਊਟੀ ਲਾਈ ਸੀ। ਉਸ ਨੇ ਵਕੀਲਾਂ, ਪ੍ਰੋਫੈਸਰਾਂ, ਲਿਖਾਰੀਆਂ ਤੇ ਹੋਰ ਬੁੱਧੀਜੀਵੀਆਂ ਨੂੰ ਜ਼ਿਲ੍ਹੇ ਜ਼ਿਲ੍ਹੇ ਵਿਚ ਇਸ ਜਥੇਬੰਦੀ ਵਿਚ ਸ਼ਾਮਿਲ ਕੀਤਾ ਸੀ।

ਉਸ ਵੇਲੇ ਹੀਰਾ ਸਿੰਘ ਦਰਦ ਨੇ 'ਭੜਥੂ ਕਨੂੰਨ' ਨਾਂ ਦੀ ਇਕ ਨਜ਼ਮ ਲਿਖੀ ਸੀ ਜਿਸ ਨੂੰ ਸਿਵਲ ਲਿਬਾਰਟੀ ਦੇ ਜਲਸੇ ਵਿਚ ਪੜ੍ਹਨ ਕਾਰਨ ਰਾਮ ਸਿੰਘ 'ਘਾਲਾਮਾਲਾ' ਨੂੰ ਛੇ ਮਹੀਨੇ ਦੀ ਕੈਦ ਹੋਈ ਸੀ।

ਆ ਦਿੱਤੀ ਸਰੋਤ ਸਾਡੀ ਸਰਕਾਰ ਨੂੰ ਇਹ
ਹਿੰਦ ਵਿਚ ਕੰਮ ਹੁਣ ਰੂਸ ਵਾਲੇ ਹੋਣਗੇ
ਚੱਲੂ ਸਾਂਝੀਵਲਤਾ ਲਹਿਰ ਹੁਣ ਪਿੰਡ ਪਿੰਡ
ਕਈ ਹੜਤਾਲਾਂ ਕਈ ਘਾਲੇਮਾਲੇ ਹੋਣਗੇ.....

(ਕਿਰਤੀ, ਦਸੰਬਰ 1935)

ਏਸੇ ਨਜ਼ਮ ਕਰ ਕੇ ਰਾਮ ਸਿੰਘ ਦਾ ਨਾਂ ਘਾਲਾਮਾਲਾ ਪੈ ਗਿਆ ਸੀ।

ਕਰਿਮੀਨ ਅਮੈਂਡਮੈਂਟ ਐਕਟ ਪਾਸ ਹੋਣ ਨਾਲ ਸਰਕਾਰ ਦੇ ਕੰਮ ਸੌਖਾ ਹੋ ਗਿਆ ਸੀ। ਨਾ ਕੋਈ ਕੇਸ, ਨਾ ਅਦਾਲਤ, ਨਾ ਅਪੀਲ ਤੇ ਨਾ ਦਲੀਲ। ਇਸ ਕਾਨੂੰਨ ਦਾ ਵਾਰ ਖਾਸ ਕਰਕੇ ਮਾਸਕੋ ਤੋਂ ਪਰਤੇ ਗ਼ਦਰੀ ਕਮਿਊਨਿਸਟਾਂ 'ਤੇ ਹੋਇਆ ਸੀ ਜਿਹੜੇ ਗ਼ਦਰ ਪਾਰਟੀ ਦੇ ਦੂਜੇ ਸੱਦੇ ਉਤੇ 1931-35 ਵਿਚ ਮੁਲਕ ਨੂੰ ਪਰਤੇ ਸਨ। ਪੁਲਸ ਤਸੀਹਾਂ ਕੇਂਦਰਾਂ ਵਿਚ ਹਵਾਲਾਤਾਂ ਗ਼ਦਰੀ ਕਮਿਊਨਿਸਟਾਂ ਨਾਲ ਭਰੀਆਂ ਪਈਆਂ ਸਨ ਅਤੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਬੜੀ ਚਹਿਲ-ਪਹਿਲ ਹੋ ਗਈ ਸੀ। ਦੋ ਮਹੀਨੇ ਕੈਦ ਰੱਖਣ ਤੋਂ ਬਾਅਦ ਇਨ੍ਹਾਂ ਨੂੰ ਪਿੰਡਾਂ ਵਿਚ ਬੰਦ ਕਰ ਦਿੱਤਾ ਜਾਂਦਾ ਸੀ। ਇਹ ਗ਼ਦਰੀ, ਜਿਹੜੇ ਡਾਲਰ ਕਮਾਉਣ ਗਏ ਇਨਕਲਾਬ ਲੈ ਕੇ ਮੁੜੇ, ਸਾਰਾ ਕੁਝ ਪਾਰਟੀ ਦੇ ਹਵਾਲੇ ਕਰ ਕੇ ਘਰਾਂ ਨੂੰ ਨਾ ਜਾਣ ਦੀ ਕਸਮ ਖਾ ਕੇ ਆਏ ਸਨ। ਪਰ ਨਵੇਂ ਕਾਨੂੰਨ ਦੇ ਤਹਿਤ ਸਰਕਾਰ ਨੇ ਇਨ੍ਹਾਂ ਨੂੰ ਘਰੀਂ ਜਾਣ ਲਈ ਮਜਬੂਰ ਕਰ ਦਿੱਤਾ ਸੀ। ਇਨ੍ਹਾਂ ਦੀਆਂ ਜੇਬਾਂ ਖਾਲੀ ਸਨ, ਕਰਜ਼ੇ ਚੜ੍ਹੇ ਹੋਏ ਸਨ, ਪਰਿਵਾਰਾਂ ਵਿਚ ਮਾਯੂਸੀ ਸੀ। ਇਹ ਕਰਜ਼ੇ ਲਾਹੁਣ ਲਈ ਬਾਹਰ ਗਏ ਸਨ ਪਰ 'ਕਰਜ਼ਿਆਂ ਉੱਤੇ ਉੱਕੀ ਲਕੀਰ' ਫੇਰਨ ਲਈ ਵਾਪਸ ਪਰਤੇ ਸਨ। ਦੂਜੇ ਪਾਸੇ ਪਾਰਟੀ ਦਾ ਸਖਤ ਹੁਕਮ ਸੀ ਕਿ ਕੋਈ ਵੀ ਬਿਨਾਂ ਇਜ਼ਾਜਤ ਪਿੰਡ ਨਾ ਛੱਡੇ।

ਪੇਂਡੂ ਲੋਕਾਂ ਨੇ ਇਨ੍ਹਾਂ ਨੂੰ ਪਿਆਰਿਆਂ ਤੇ ਸਤਿਕਾਰਿਆ। ਨੇੜੇ ਤੇੜੇ ਦੇ ਪਿੰਡਾਂ ਦੇ ਲੋਕ ਵੀ ਇਨ੍ਹਾਂ ਦੇ ਖਿਆਲ ਸੁਣਨ ਆਉਂਦੇ ਸਨ ਅਤੇ ਇਹ ਗ਼ਦਰੀ ਦੇਸਭਗਤ ਕਰਕੇ ਜਾਣੇ ਜਾਣ ਲਗੇ ਸਨ। ਇਹ ਦੇਖ ਕੇ ਘਰਦਿਆਂ ਵਿਚ ਵੀ ਇਨ੍ਹਾਂ ਦਾ ਮਾਣ

ਵਧ ਗਿਆ ਸੀ। ਘਰਾਂ ਵਿਚ ਇਨ੍ਹਾਂ ਦੀ ਹੀ ਨਹੀਂ, ਸਗੋਂ ਮਿਲਣ ਆਇਆਂ ਦੀ ਵੀ ਵਰਤੋਂ ਬਾਹਰੀ ਸੇਵਾ ਹੋਣ ਲੱਗ ਪਈ ਸੀ।

ਦੇਸਭਗਤ ਪਰਿਵਾਰ ਸਹਾਇਕ ਕਮੇਟੀ ਦੇ ਮੈਂਬਰ, ਜਿਵੇਂ ਜਲੰਧਰ ਦੇ ਬਾਬਾ ਭਗਵਾਨ ਸਿੰਘ ਦੋਸਾਂਝ, ਬਾਬਾ ਲਾਲ ਸਿੰਘ, ਵਰਿਆਮ ਸਿੰਘ ਜੰਡਿਆਲਾ ਆਦਿ, ਨਜ਼ਰਬੰਦਾਂ ਦੇ ਘਰੀਂ ਜਾਂਦੇ ਸਨ ਅਤੇ ਕਮੇਟੀ ਵੱਲੋਂ ਦਿੱਤੀ ਸਹਾਇਤਾ ਦਿੰਦੇ ਸਨ ਅਤੇ ਪਰਿਵਾਰ ਨੂੰ ਉਤਸ਼ਾਹ ਦਿੰਦੇ ਸਨ ਅਤੇ ਪਿੰਡਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਇਰਦਗਿਰਦ ਇਕੱਠਾ ਕਰਦੇ ਸਨ। ਪਿੰਡਾਂ ਵਿਚ ਨਜ਼ਰਬੰਦ ਗ਼ਦਰੀ ਤੜਕੇ ਉਠਕੇ ਖੇਤੀ ਦਾ ਕੰਮ ਕਰਦੇ ਸਨ। ਲੌਢੇ ਵੇਲੇ ਖੂਹ 'ਚ ਸਟੱਡੀ ਸਰਕਲ ਲਾਉਂਦੇ ਸਨ ਅਤੇ ਰਾਤ ਪੈਂਦੀਆਂ ਕਿਸੇ ਨਾ ਕਿਸੇ ਨੇੜੇ ਦੇ ਪਿੰਡ ਵਲ ਖਿਸਕ ਜਾਂਦੇ ਸਨ ਅਤੇ ਲੋਕਾਂ ਨੂੰ ਆਰਥਕ ਅਤੇ ਰਾਜਸੀ ਮਸਲੇ ਸਮਝਾਉਂਦੇ ਸਨ। ਹਰ ਇਕ ਦੇ ਨਾਲ-ਨਾਲ ਪੁਲਸ ਦਾ ਸਿਪਾਹੀ ਹੁੰਦਾ ਸੀ, ਪਰ ਉਹ ਉਸ ਨੂੰ ਪਤਾ ਤਕ ਨਹੀਂ ਸੀ ਲੱਗਣ ਦਿੰਦੇ।

ਇਸ ਨਾਲ ਪਾਰਟੀ ਲਈ ਨਵਾਂ ਕੇਡਰ ਤਿਆਰ ਹੋਣ ਲੱਗ ਪਿਆ ਸੀ। ਕਰਜ਼ਾ ਕਮੇਟੀਆਂ ਅਤੇ ਕਿਸਾਨ ਕਮੇਟੀਆਂ ਕਾਇਮ ਹੋਣ ਲੱਗ ਪਈਆਂ ਸਨ। ਤਹਿਰੀਕ ਜੜ੍ਹਾਂ ਫੜ ਗਈ ਸੀ। ਗ਼ਦਰੀਆਂ ਦੀਆਂ ਪਿੰਡਾਂ ਵਿਚ ਨਜ਼ਰਬੰਦੀਆਂ ਦਾ ਇਹ ਇਕ ਹਾਂ-ਪੱਖੀ ਪੱਖ ਸੀ। ਦੂਜੇ ਪਾਸੇ ਪਿੰਡਾਂ ਵਿਚ ਫਸੇ ਹੋਏ ਗ਼ਦਰੀਆਂ ਉਤੇ ਘਰਾਂ ਦੀਆਂ ਜ਼ਿੰਮੇਵਾਰੀਆਂ, ਫਿਕਰ, ਕਬੀਲਦਾਰੀ ਦੇ ਝੰਜਟ ਆਦਿ ਦਾ ਵੀ ਅਸਰ ਹੋਇਆ। ਇਹ ਦੁਵੱਲਾ ਅਸਰ ਸੀ ਜਿਸ ਦਾ ਸਮੁੱਚਾ ਨਤੀਜਾ ਠੀਕ ਹੀ ਰਿਹਾ। ਪਿੰਡ ਦੀ ਬੰਦੀ ਵੇਲੇ ਲੋੜ ਪੈਣ ਉਤੇ ਮਫਰੂਰ ਕਰਕੇ ਕਈਆਂ ਨੂੰ ਕੰਮ ਕਰਨ ਲਈ ਬਾਹਰ ਭੇਜ ਦਿੱਤਾ ਜਾਂਦਾ ਸੀ।

ਕਾਂਗਰਸ ਨਾਲ ਮਿਲਵਾਂ ਫਰੰਟ (1935)

ਦੁਨੀਆਂ ਵਿਚ ਫਾਸ਼ੀ ਰੁਝਾਨ ਦੇ ਵਾਧੇ ਨੇ, ਜਰਮਨ ਵਿਚ ਹਿਟਲਰ ਅਤੇ ਇਟਲੀ ਵਿਚ ਮੁਸੋਲੀਨੀ ਫਾਸ਼ਿਸਟ ਡਿਕਟੇਟਰਸ਼ਿਪ ਨੇ ਅਤੇ ਐਬੇਸੀਨੀਆ ਤੇ ਮੁਸੋਲੀਨੀ ਦੇ ਹਮਲੇ ਨੇ ਕਮਿਊਨਿਸਟਾਂ ਅਤੇ ਜਮਹੂਰੀਅਤਪਸੰਦਾਂ ਨੂੰ ਤੰਗਨਜ਼ਰੀ ਤਿਆਗਣ 'ਤੇ ਮਜਬੂਰ ਕਰ ਦਿੱਤਾ ਸੀ। ਫਰਾਂਕੋ ਵਲੋਂ ਸਪੇਨ ਦੀ ਜਮਹੂਰੀ ਸਰਕਾਰ ਉਲਟਾ ਦੇਣ ਤੇ ਡਿਕਟੇਟਰਸ਼ਿਪ ਦੀ ਸਥਾਪਤੀ ਨੇ ਕੌਮਾਂਤਰੀ ਪਿੜ ਵਿਚ ਹਵਾ ਦੇ ਰੁਖ ਨੂੰ ਸਪਸ਼ਟ ਜ਼ਾਹਰ ਕਰ ਦਿਤਾ ਸੀ।

ਇਸ ਦੌਰ ਨੂੰ ਜਾਰਜੀ ਦਮਿਤਰੋਵਲ ਦੇ ਮਿਲਵੇਂ ਫਰੰਟ ਦਾ ਸਮਾਂ ਕਿਹਾ ਜਾ ਸਕਦਾ ਹੈ ਜਿਸ ਉੱਪਰ ਹਿਲਟਰ ਨੇ ਜਰਮਨ ਪਾਰਲੀਮੈਂਟ ਨੂੰ ਅੱਗ ਲੁਆਕੇ ਝੂਠਾ ਮੁਕੱਦਮਾ ਚਲਾਇਆ ਸੀ। ਇਸ ਦਾ ਅਰਥ ਹਿੰਦੋਸਤਾਨ ਦੇ ਕਮਿਊਨਿਸਟਾਂ ਅਤੇ ਸੋਸ਼ਲਿਸਟਾਂ 'ਤੇ ਵੀ ਹੋਇਆ ਸੀ। 1935 ਵਿਚ ਕਾਂਗਰਸ ਦੇ ਲਖਨਊ ਸੈਸ਼ਨ ਸਮੇਂ ਇਹ ਉਘੜ ਕੇ ਸਾਹਮਣੇ ਆ ਗਿਆ। ਕਮਿਊਨਿਸਟ ਇਸ ਨਤੀਜੇ 'ਤੇ ਪਹੁੰਚੇ ਕਿ ਕਾਂਗਰਸ

ਇਕ ਵਿਸ਼ਾਲ ਜਥੇਬੰਦੀ ਬਣ ਗਈ ਹੈ ਅਤੇ ਇਹ ਦੇਸ ਦੇ ਕੋਨੇ-ਕੋਨੇ ਵਿਚ ਪਹੁੰਚ ਚੁਕੀ ਹੈ। ਲੋਕ ਪੱਖਾਂ ਦੀ ਤਾਦਾਦ ਵਿਚ ਇਸ ਵਿਚ ਸ਼ਾਮਲ ਹੋ ਰਹੇ ਹਨ। ਇਸ ਵਿਚ ਸ਼ਾਮਲ ਹੋਣ ਦਾ ਫੈਸਲਾ ਲੈ ਲਿਆ। 1932-33 ਦੇ ਮੁਕਾਬਲੇ ਇਹ ਬਿਲਕੁਲ ਹੀ ਉਲਟੀ ਕਲਾਬਾਜ਼ੀ ਸੀ। ਕਾਂਗਰਸ ਦੇ ਏਸੇ ਹੀ ਲਖਨਊ ਸੈਸ਼ਨ ਵਿਚ ਕਿਸਾਨ ਸਭਾ ਬਣਾਉਣ ਦਾ ਵੀ ਫੈਸਲਾ ਹੋਇਆ ਸੀ।

ਇਸ ਸੈਸ਼ਨ ਦੇ ਪ੍ਰਧਾਨ ਜਵਾਹਰ ਲਾਲ ਨਹਿਰੂ ਅਤੇ ਕਾਂਗਰਸ ਵਰਕਿੰਗ ਕਮੇਟੀ ਦੇ ਸੋਸ਼ਲਿਸਟ ਮੈਂਬਰਾਂ ਅਚਾਰੀਆ ਨਰਿੰਦਰ ਦੇਵ, ਜੈ ਪ੍ਰਕਾਸ਼ ਨਰਾਇਣ, ਅਚੁਤ ਪਟਵਰਧਨ ਆਦਿ ਉੱਪਰ ਬੜੀਆਂ ਉਮੀਦਾਂ ਲਾਈਆਂ ਗਈਆਂ ਸਨ। ਇਸ ਸੈਸ਼ਨ ਵਿਚ ਕਿਸਾਨ ਸਭਾ ਅਤੇ ਟਰੇਡ ਯੂਨੀਅਨ ਆਦਿ ਜਨਤਕ ਜਥੇਬੰਦੀਆਂ ਨੂੰ ਕੁਲੈਕਟਿਵ ਐਫੀਲੀਏਸ਼ਨ ਦਿੱਤੇ ਜਾਣ ਦੀ ਮੰਗ ਪੇਸ਼ ਕੀਤੀ ਗਈ ਸੀ ਪਰ ਉਹ ਨਾਮਨਜ਼ੂਰ ਕਰ ਦਿਤੀ ਗਈ ਸੀ।

ਬਾਬਾ ਪ੍ਰਿਥਵੀ ਸਿੰਘ ਅਤੇ ਭਗਤ ਸਿੰਘ ਬਿਲਗਾ ਰੂਪੋਸ਼ ਹੋ ਕੇ ਇਸ ਸੈਸ਼ਨ ਵਿਚ ਪਹੰਚੇ ਸਨ ਪਰ ਪੁਲਸ ਦੇ ਛਾਪਿਆਂ ਕਾਰਨ ਕਿਸੇ ਵੀ ਮੀਟਿੰਗ ਵਿਚ ਹਿੱਸਾ ਨਹੀਂ ਲੈ ਸਕੇ ਸਨ। ਪਰ ਬਾਬਾ ਸੋਹਣ ਸਿੰਘ ਭਕਨਾ, ਕੇਸਰ ਸਿੰਘ, ਸ਼ੇਰ ਸਿੰਘ, ਬੀ.ਪੀ.ਐਨ. ਬੇਦੀ, ਮਬਾਰਕ ਸਾਗਰ ਮੀਟਿੰਗਾਂ ਵਿਚ ਸ਼ਾਮਲ ਹੋਏ ਸਨ।

ਬਿਹਾਰ ਦੇ ਸਵਾਮੀ ਸਹਜਾਨੰਦ ਨੂੰ ਆਲ ਇੰਡੀਆ ਕਿਸਾਨ ਸਭਾ ਦਾ ਪ੍ਰਧਾਨ ਚੁਣਿਆ ਗਿਆ ਸੀ। ਇਸ ਨਾਲ ਪੰਜਾਬ ਵਿਚ ਕਿਸਾਨ ਸਭਾ ਦਾ ਮੁੱਢ ਬੱਝਿਆ। ਹਿੰਦੋਸਤਾਨ ਦੇ ਇਨ੍ਹਾਂ ਭਾਰੀ ਇਕੱਠਾਂ ਵਿਚ ਜਿਹੜੇ ਫੈਸਲੇ ਹੁੰਦੇ ਸਨ ਪੰਜਾਬ ਵਿਚ ਕਿਰਤੀ ਪਾਰਟੀ ਹੀ ਉਨ੍ਹਾਂ ਨੂੰ ਅਮਲ ਵਿਚ ਲਿਆਉਂਦੀ ਸੀ। ਏਸੇ ਸੈਸ਼ਨ ਦੌਰਾਨ ਕਿਰਤੀ ਪਾਰਟੀ ਦੇ ਨੁਮਾਇੰਦਿਆਂ ਨੇ ਬਰੈਡਲਾ ਹਾਲ (ਲਾਹੌਰ) 'ਚ ਮੀਟਿੰਗ ਬੁਲਾਈ ਅਤੇ ਪੰਜਾਬ ਕਿਸਾਨ ਸਭਾ ਦੀ ਨੀਂਹ ਰਖੀ। ਇਸ ਦਾ ਪ੍ਰਧਾਨ ਬਾਬਾ ਜੁਆਲਾ ਸਿੰਘ, ਜਨਰਲ ਸਕੱਤਰ ਬੀ.ਪੀ.ਐਲ. ਬੇਦੀ ਤੇ ਸਕੱਤਰ ਕਰਤਾਰ ਸਿੰਘ ਗਿੱਲ ਨੂੰ ਬਣਾਇਆ ਗਿਆ ਸੀ।

ਪੰਜਾਬ ਵਿਚ ਇਸ ਉਤੇ ਜਲਦੀ ਹੀ ਅਸਲ ਹੋਣ ਲੱਗ ਪਿਆ ਸੀ। ਕਰਜ਼ਾ ਕਮੇਟੀਆਂ ਨੂੰ ਕਿਸਾਨ ਕਮੇਟੀਆਂ ਵਿਚ ਬਦਲ ਦਿੱਤਾ ਗਿਆ ਸੀ।

ਬਰਤਾਨੀਆ ਦੀ ਕਮਿਊਨਿਸਟ ਪਾਰਟੀ ਵਲੋਂ ਕਮਿਊਨਿਸਟਾਂ ਨੂੰ ਪਹਿਲਾਂ ਹੀ ਆਦੇਸ਼ ਹੋ ਚੁੱਕੇ ਸਨ ਕਿ ਉਹ ਕਾਂਗਰਸ ਵਿਚ ਸ਼ਾਮਲ ਹੋ ਜਾਣ। ਕਿਰਤੀ ਕਮਿਊਨਿਸਟਾਂ ਨੂੰ ਬਾਬਾ ਰਤਨ ਸਿੰਘ ਵਲੋਂ ਭੇਜਿਆ ਮਿਲਵੇਂ ਫਰੰਟ ਦਾ ਥੀਸਸ ਜ਼ਰਾ ਦੇਰ ਨਾਲ ਪਹੁੰਚਾ ਸੀ। ਪੰਜਾਬ ਦੇ ਕਿਰਤੀਆਂ ਅਤੇ ਸੋਸ਼ਲਿਸਟ ਨੌਜਵਾਨਾਂ ਵਲੋਂ ਇਹ ਕੂਹਣੀ ਮੋੜ ਕੱਟਣਾ ਬੜਾ ਔਖਾ ਸੀ। ਮਿਲਵੇਂ ਫਰੰਟ ਦੇ ਇਸ ਥੀਸਸ 'ਤੇ ਬਹਿਸ ਛਿੜ ਪਈ ਸੀ। ਪ੍ਰੋਵਿਨਸ਼ੀਅਲ ਕਮੇਟੀ ਦਾ ਸਕੱਤਰ ਬਾਬਾ ਗੁਰਮੁਖ ਸਿੰਘ ਕਾਂਗਰਸ ਵਿਚ ਸ਼ਾਮਲ ਹੋਣ ਦੇ ਖਿਲਾਫ ਸੀ। ਏਸੇ ਤਰ੍ਹਾਂ ਸੋਸ਼ਲਿਸਟਾਂ ਵਿਚੋਂ ਇੰਦਰ ਸਿੰਘ ਆਦਿ ਕਾਂਗਰਸ

ਵਿਚ ਸ਼ਾਮਲ ਹੋਣ 'ਤੇ ਸਹਿਮਤ ਨਹੀਂ ਸਨ। ਪਰ ਹੌਲੀ-ਹੌਲੀ ਗੱਲ ਠੀਕ ਪਾਸੇ ਚਲੀ ਗਈ ਸੀ। ਤਾਂ ਵੀ ਕੁਝ ਇਕ ਨੇ ਇਸ ਪਾਰਟੀ ਫੈਸਲਿਆਂ ਦੇ ਅਧਾਰ ਉਤੇ ਅਤੇ ਜਾਰਜੀ ਦਮਿਤਰੋਵ ਦੇ ਥੀਸਸ ਕਾਰਨ ਹੀ ਸਵੀਕਾਰ ਕੀਤਾ ਸੀ। ਤਾਂ ਵੀ, ਫੈਸਲਾ ਇਹ ਸੀ ਕਿ ਪਾਰਟੀ ਆਪਣੀ ਅਜ਼ਾਦ ਹਸਤੀ ਕਾਇਮ ਰਖੇਗੀ ਅਤੇ ਲੋਕ ਹਿੱਤਾਂ ਦੇ ਮਸਲਿਆਂ 'ਤੇ ਕੋਈ ਸਮਝੌਤਾ ਨਹੀਂ ਕਰੇਗਾ।

ਉਨ੍ਹੀਂ ਦਿਨੀਂ ਫਿਰਕਾਪ੍ਰਸਤੀ ਦੇ ਅਧਾਰ 'ਤੇ ਬਣੇ ਨਵੇਂ ਸੰਵਿਧਾਨ ਦੀ ਬੜੀ ਚਰਚਾ ਸੀ। ਉਸ ਨੂੰ ਗ਼ੁਲਾਮ ਸੰਵਿਧਾਨ ਕਿਹਾ ਗਿਆ ਸੀ। ਕਾਂਗਰਸੀ ਆਗੂ ਉਪਰੋਂ ਇਸ ਸੰਵਿਧਾਨ ਦੇ ਬਾਈਕਾਟ ਦਾ ਨਾਹਰਾ ਦਿੰਦੇ ਸਨ, ਪਰ ਵਿਚੋਂ ਚੋਣਾਂ ਲੜਕੇ ਗੱਦੀਆਂ 'ਤੇ ਬੈਠਣ ਲਈ ਤੱਤਪਰ ਰਹਿੰਦੇ ਸਨ। ਖੱਬਾ ਮਿਲਵਾਂ ਫਰੰਟ ਇਸ ਦੇ ਬਾਈਕਾਟ ਦਾ ਪ੍ਰਚਾਰ ਕਰਦਾ ਸੀ। ਉਨ੍ਹਾਂ ਨੂੰ ਖ਼ਬਰ ਸੀ ਕਿ ਸਾਰਾ ਹਿੰਦੋਸਤਾਨ ਹਿੰਦੂ, ਮੁਸਲਮਾਨ, ਸਿੱਖ ਆਦਿ ਵੋਟਰਾਂ ਵਿਚ ਵੰਡਿਆ ਜਾਵੇਗਾ। ਤ ਮਜ਼ਹਬੀ ਵੰਡ ਅਤੇ ਫੁੱਟ ਹੋਰ ਤੇਜ਼ ਹੋ ਜਾਵੇਗੀ ਅਤੇ ਗ਼ੁਲਾਮੀ ਦੇ ਦਿਨ ਹੋਰ ਲੰਬੇ ਹੋ ਜਾਣਗੇ। ਪਰ ਅਜੇ ਇਸ ਦਾ ਏਨਾ ਅੰਦਾਜ਼ਾ ਨਹੀਂ ਸੀ ਕਿ ਮਜ਼ਹਬੀ ਤਕਸੀਮ ਦੇ ਅਧਾਰ 'ਤੇ ਅਜ਼ਾਦੀਵੇਲੇ ਮਲੁਕ ਹੀ ਵੰਡਿਆ ਜਾਵੇਗਾ। ਤਾਂ ਵੀ, ਖੱਬੇ-ਪੱਖੀਆਂ ਨੇ ਇਸ ਦੇ ਬਾਈਕਾਟ ਦਾ ਨਾਹਰਾ ਦਿੱਤਾ ਸੀ। ਅਤੇ ਪੰਜਾਬ ਵਿਚ ਕਿਰਤੀ ਪਾਰਟੀ ਤੇ ਸੋਸ਼ਲਿਸਟ ਨੌਜਵਾਨਾਂ ਨੇ ਇਸ ਦੇ ਜ਼ਹਿਰੀਲੇ ਅਸਰ ਵਿਰੁੱਧ ਪ੍ਰਚਾਰ ਕੀਤਾ ਸੀ।

1934 ਤੋਂ 1936 ਤਕ ਦੇ ਸਾਲ ਕਰਜ਼ੇ ਹੇਠ ਦੱਬੇ ਪੰਜਾਬ ਦੇ ਕਿਸਾਨਾਂ ਦੇ ਅੰਦੋਲਨਾਂ ਦੇ ਸਾਲ ਸਨ। ਜਲੰਧਰ ਵਿਚ ਤਾਂ ਕਰਜ਼ਾ ਕਮੇਟੀਆਂ ਦਾ ਜਾਲ ਵਿਛਿਆ ਹੋਇਆ ਸੀ। ਕਰਮ ਸਿੰਘ ਮਾਨ, ਉਜਾਗਰ ਸਿੰਘ ਬਿਲਗਾ ਅਤੇ ਬੂਝਾ ਸਿੰਘ ਦੀ ਅਗਵਾਈ ਵਿਚ ਇਹ ਲਹਿਰ ਬਹੁਤ ਜ਼ੋਰ ਫੜ ਗਈ ਸੀ। ਜਿਸ ਦੇ ਫਲਸਰੂਪ ਚੀਮਾ ਕਲਾਂ ਦੇ ਕਿਸਾਨਾਂ ਨੇ ਸ਼ਾਹੂਕਾਰਾਂ ਦੀ ਜ਼ਮੀਨ ਵਾਹੁਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਨੂੰ ਚੀਮਿਆਂ ਦੇ ਕਿਸਾਨਾਂ ਦੀ ਸਟਰਾਈਕ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਕਰਜ਼ੇ ਦੇ ਕੇ ਹਥਿਆਈ ਹੋਈ ਸ਼ਾਹੂਕਾਰਾਂ ਦੀ ਜ਼ਮੀਨ ਬੰਜਰ ਪਈ ਰਹੀ ਸੀ। ਪੰਜਾਬ ਵਿਚ ਇਹ ਆਪਣੇ ਕਿਸਮ ਦੀ ਪਹਿਲੀ ਹੜਤਾਲ ਸੀ। ਬਾਬਾ ਕਰਮ ਸਿੰਘ ਚੀਮਾ ਨਜ਼ਰਬੰਦੀ ਦੇ ਬਾਵਜੂਦ ਇਸ ਦੇ ਆਗੂ ਸਨ। (ਲਾਹੌਰ ਰਾਮ ਪ੍ਰਦੇਸੀ ਨੇ ਸਾਰੇ ਪੰਜਾਬ ਵਿਚ ਆਪਣੇ ਗੀਤਾਂ ਰਾਹੀਂ ਇਸਦਾ ਪ੍ਰਚਾਰ ਕੀਤਾ ਸੀ) । ਚੀਮਿਆਂ ਦੇ ਕਿਸਾਨਾਂ ਦੀ ਇਸ ਹੜਤਾਲ ਦੇ ਨਤੀਜੇ ਵਜੋਂ 20 ਜੂਨ 1936 ਨੂੰ ਚੀਮਾ ਕਲਾਂ ਵਿਚ ਮਜ਼ਦੂਰ ਕਿਸਾਨ ਕਾਨਫਰੰਸ ਹੋਈ ਸੀ। ਅੰਮ੍ਰਿਤਸਰ ਜ਼ਿਲ੍ਹੇ ਵਿਚ ਗ਼ਦਰੀ ਰਾਮ ਕਰਜ਼ਿਆਂ ਵਿਰੁੱਧ ਪ੍ਰਚਾਰ ਕਰ ਰਿਹਾ ਸੀ। ਇਹ ਮੁਹਿੰਮ ਸਾਰੇ ਪੰਜਾਬ ਵਿਚ ਫੈਲ ਗਈ ਸੀ। ਕਾਂਗਰਸੀ ਕਿਸਾਨਾਂ ਨੇ ਵੀ ਕਿਰਤੀ ਪਾਰਟੀ ਵੱਲ ਮੁਹਾਰਾਂ ਮੋੜ ਲਈਆਂ ਸਨ। ਗਿਆਨੀ ਸਰਦਾਰਾ ਸਿੰਘ ਅਤੇ ਉਜਾਗਰ ਸਿੰਘ ਕਾਂਗਰਸ ਵਿਚੋਂ ਹੀ ਆਏ ਸਨ।

ਪੰਜਾਬ ਦੇ ਕੁਝ ਇਕ ਜ਼ਿਲ੍ਹਿਆਂ ਵਿਚ ਨਵੀਂ ਬੰਦੋਬਸਤ ਹੋ ਰਹੀ ਸੀ ਜਿਸ ਦੇ

ਜ਼ਰੀਏ ਅੰਗਰੇਜ਼ੀ ਹਕੂਮਤ ਹਮੇਸ਼ਾ ਹੀ ਮਾਲੀਆ ਵਧਾ ਦਿੰਦੀ ਸੀ ਇਸ ਦੇ ਖਿਲਾਫ ਹਰ ਉਸ ਜ਼ਿਲ੍ਹੇ ਵਿਚ ਮੁਹਿੰਮ ਚਲਾਈ ਜਾਂਦੀ ਸੀ ਅਤੇ ਮੋਰਚੇ ਵੀ ਲਾਏ ਜਾਂਦੇ ਸਨ। ਕਿਰਤੀ ਪਾਰਟੀ ਗੁਪਤ ਰੂਪ ਵਿਚ ਇਨ੍ਹਾਂ ਲਹਿਰਾਂ ਦੀ ਅਗਵਾਈ ਕਰ ਰਹੀ ਸੀ। ਉਹ ਇਸ ਆਰਥਕ ਜੰਗ ਨੂੰ ਅਜ਼ਾਦੀ ਦੀ ਜੰਗ ਵਿਚ ਇਨਕਲਾਬੀ ਰੋਲ ਅਦਾ ਕਰਨ ਲਈ ਲੈ ਜਾਣਾ ਚਾਹੁੰਦੀ ਸੀ।

ਏਸੇ ਤਰ੍ਹਾਂ ਮਜ਼ਦੂਰਾਂ ਦੀਆਂ ਯੂਨੀਅਨਾਂ ਵੀ ਬਣਾਈਆਂ ਗਈਆਂ ਸਨ। ਪੰਜਾਬ ਭਾਵੇਂ ਸਨਅਤੀ ਤੌਰ 'ਤੇ ਪਛੜਿਆ ਹੋਇਆ ਸੂਬਾ ਸੀ ਤਾਂ ਵੀ ਧਾਰੀਵਾਲ ਵੂਲਨ ਮਿੱਲ, ਵੈਨਟੇਸ਼ਵਰ ਮਿੱਲ ਅੰਮ੍ਰਿਤਸਰ ਅਤੇ ਲੁਧਿਆਣਾ ਦੀ ਹੌਜਰੀ ਆਦਿ ਵਿਚ ਯੂਨੀਅਨਾਂ ਬਣਾਈਆਂ ਗਈਆਂ ਸਨ। ਉਸ ਸਮੇਂ ਇੱਕਲੇ ਦੁੱਕਲੇ ਕੋਲ ਬੱਸਾਂ ਸਨ। ਫੇਰ ਵੀ ਇਨ੍ਹਾਂ ਵਿਚ ਟਰਾਂਸਪੋਰਟ ਯੂਨੀਅਨ ਅਤੇ ਡਰਾਈਵਰ ਯੂਨੀਅਨਾਂ ਬਣਾਈਆਂ ਗਈਆਂ ਸਨ। ਸਾਧੂ ਸਿੰਘ ਬੜਾ ਪਿੰਡ, ਭਾਈ ਸ਼ੇਰ ਸਿੰਘ, ਰਛਪਾਲ ਸਿੰਘ ਲਾਇਲਪੁਰ ਅਤੇ ਭਗਵਾਨ ਸਿੰਘ ਸ਼ੇਖ਼ੂਪੁਰਾ ਆਦਿ ਇਨ੍ਹਾਂ ਦੇ ਲੀਡਰ ਸਨ ਜਿਨ੍ਹਾਂ ਨੇ ਬਾਅਦ ਵਿਚ ਅਹਿਮ ਇਨਕਲਾਬੀ ਰੋਲ ਅਦਾ ਕੀਤਾ ਸੀ।

ਪੰਜਾਬ ਵਿਚ ਰੇਲਵੇ ਵਰਕਰ ਹੀ ਵੱਡੀ ਗਿਣਤੀ ਵਿਚ ਸਨ ਅਤੇ ਰੇਲਵੇ ਵਰਕਰਜ਼ ਦੀ ਯੂਨੀਅਨ ਵਿਚ ਐਮ.ਏ. ਖਾਂ ਅਤੇ ਮਿਲਰ ਛਾਏ ਹੋਏ ਸਨ। ਰੇਲਵੇ ਮਜ਼ਦੂਰਾਂ ਦੀਆਂ ਮੰਗਾਂ ਅਤੇ ਦੁਖ ਤਕਲੀਫਾਂ ਬਾਰੇ ਲਾਲ ਢੰਡੋਰਾ ਦੀ ਪ੍ਰੈਸ ਵਿਚੋਂ ਇਸ਼ਤਿਹਾਰ ਕੱਢੇ ਜਾਂਦੇ ਸਨ ਅਤੇ ਲਾਹੌਰ ਤੇ ਮੁਗਲਪੁਰਾ ਜਾ ਰਹੀ ਗੱਡੀ ਦੇ ਹਰ ਡੱਬੇ ਵਿਚ ਸੀਟਾਂ 'ਤੇ ਰੱਖ ਦਿੱਤੇ ਜਾਂਦੇ ਸਨ। ਮੌਕਾ ਲਗੇ ਤਾਂ ਵੰਡ ਵੀ ਦਿੱਤੇ ਜਾਂਦੇ ਸਨ। ਇਹ ਰੇਲਵੇ ਲਾਈਨ ਅੰਗਰੇਜ਼ੀ ਹਕੂਮਤ ਦੀ ਜਾਨ ਸੀ। ਉਹ ਕਿਸੇ ਵੀ ਕੀਮਤ 'ਤੇ ਇਸ ਵਿਚ ਇਨਕਲਾਬੀ ਯੂਨੀਅਨ ਨਹੀਂ ਬਣਨ ਦੇਣਾ ਚਾਹੁੰਦੇ ਸਨ। ਬੜੇ ਲੰਬੇ ਅਰਸੇ ਦੀ ਜਦੋ ਜਹਿਦ ਤੋਂ ਬਾਅਦ ਰੇਲਵੇ ਮਜ਼ਦੂਰਾਂ ਦਾ ਬਹਾਦਰ ਆਗੂ ਮਿਰਜ਼ਾ ਇਬਰਾਹੀਮ ਸਾਹਮਣੇ ਆਇਆ ਸੀ. ਕਿਰਤੀ ਕਮਿਊਨਿਸਟਾਂ ਦੀ ਇਹ ਮਜ਼ਬੂਤ ਰੇਲਵੇ ਯੂਨੀਅਨ ਸੀ।

ਪੇਂਡੂ ਮਜ਼ਦੂਰਾਂ ਦੀ ਹਾਲਤ ਬਹੁਤ ਹੀ ਭੈੜੀ ਸੀ। ਪੇਂਡੂ ਮਜ਼ਦੂਰਾਂ ਦਾ ਉਸ ਸਮੇਂ ਕਿਸਾਨਾਂ ਨਾਲ ਬੜਾ ਨੇੜੇ ਦਾ ਸੰਬੰਧ ਸੀ। ਪੇਂਡੂ ਮਜ਼ਦੂਰਾਂ ਨੇ ਵੀ ਕਿਸਾਨ ਅੰਦੋਲਨਾਂ ਵਿਚ ਹਿੱਸਾ ਲਿਆ ਸੀ। ਪਰ ਫੇਰ ਵੀ ਕਿਰਤੀ ਪਾਰਟੀ ਦਾ ਇਹ ਪੱਖ ਕਮਜ਼ੋਰ ਹੀ ਸੀ। ਉਹ ਪੇਂਡੂ ਮਜ਼ਦੂਰਾਂ ਦੀ ਵੱਖਰੀ ਜਥੇਬੰਦੀ ਨਾ ਖੜ੍ਹੀ ਕਰ ਸਕੇ।

ਪੰਜਾਬ ਵਿਚ ਕਿਰਤੀ ਪਾਰਟੀ ਜੋ ਜਲਸਿਆਂ, ਜਲੂਸਾਂ ਵਿਚ ਕਿਸਾਨ ਅਤੇ ਪੇਂਡੂ ਮਜ਼ਦੂਰ ਵੱਡੀ ਗਿਣਤੀ ਵਿਚ ਆਉਣ ਲੱਗ ਪਏ ਸਨ। ਕਾਂਗਰਸ ਨਾਲ ਮਿਲਵੇਂ ਫਰੰਟ ਸਮੇਂ ਮਈ-ਜੂਨ 1936 ਵਿਚ ਚਾਰ ਰਾਜਸੀ ਕਾਨਫਰੰਸਾਂ ਹੋਈਆਂ ਸਨ : ਮਾਹਲਪੁਰ ਕਾਨਫਰੰਸ, ਗੜ੍ਹਦੀਵਾਲਾ ਕਾਨਫਰੰਸ, ਸਰਹਾਲੀ ਕਾਨਫਰੰਸ ਅਤੇ ਚੀਮਾ ਕਲਾਂ ਵਿਚ ਮਜ਼ਦੂਰ ਕਿਸਾਨ ਕਾਨਫਰੰਸ। ਮਾਹਲਪੁਰ ਦੀ ਕਾਨਫਰੰਸ ਕਮਿਊਨਿਸਟਾਂ, ਕਾਂਗਰਸੀਆਂ

ਅਤੇ ਅਕਾਲੀਆਂ ਨੇ ਰਲ ਕੇ ਕੀਤੀ ਸੀ ਅਤੇ ਇਸ ਵਿਚ ਮੁਖ ਬੁਲਾਰਾ ਪੰਡਤ ਜਵਾਹਰ ਲਾਲ ਸੀ। ਜਿਸ ਨੂੰ ਦੇਖਣ ਲਈ ਲੋਕ ਦੂਰੋਂ ਦੂਰੋਂ ਆਏ ਸਨ। ਇਲਾਕੇ ਦੇ ਮੁੱਖ ਆਗੂ ਭਾਈ ਪਿਆਰਾ ਸਿੰਘ, ਦਿਆ ਸਿੰਘ ਲੰਗੇਰੀ, ਅਰਜਨ ਸਿੰਘ ਸੱਚ ਖੜੋਦੀ, ਜਥੇਦਾਰ ਵਤਨ ਸਿੰਘ, ਦਸੌਂਧਾ ਸਿੰਘ, ਬਾਬੂ ਗੁਰਬਖਸ਼ ਸਿੰਘ ਤੇ ਹਰਜਾਪ ਸਿੰਘ ਸਨ।

ਕਿਰਤੀ ਕਮਿਊਨਿਸਟਾਂ ਦਾ ਖ਼ੁਫ਼ੀਆ ਅਮਲਾ-ਫੈਲਾ (1934-36)

ਰਾਮ ਕਿਸ਼ਨ ਦੀ ਗ੍ਰਿਫਤਾਰੀ ਤੋਂ ਬਾਅਦ ਚੰਨਣ ਸਿੰਘ ਢਕੋਵਾਲ ਪਾਰਟੀ ਦਾ ਸਕੱਤਰ ਬਣਿਆ ਸੀ। ਉਸ ਨੇ 'ਲਾਲ ਢੰਡੋਰਾ' ਅਤੇ 'ਕਿਰਤੀ' ਅਖ਼ਬਾਰਾਂ ਨੂੰ ਮੁੜ ਸਹੀ ਸੇਧ ਦਿੱਤੀ ਅਤੇ ਬੂਝਾ ਸਿੰਘ ਤੇ ਮੁਹੱਬਤ ਸਿੰਘ ਦੀ ਮਦਦ ਨਾਲ ਉਸ ਨੂੰ ਸੋਸ਼ਲਿਸਟ ਨੌਜਵਾਨਾਂ ਨੂੰ ਪਾਰਟੀ ਵਿਚ ਲਿਆਂਦਾ ਸੀ। 6 ਅਕਤੂਬਰ 1936 ਨੂੰ ਚੰਨਣ ਸਿੰਘ ਅਤੇ ਰਾਮ ਰੱਖਾ ਨੂੰ ਲਾਹੌਰ ਤੋਂ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਨੇ ਕਿਰਤੀ ਪਾਰਟੀ ਨੂੰ ਇਕ ਵਾਰ ਫੇਰ ਭਾਰੀ ਸੱਟ ਮਾਰੀ ਸੀ। ਚੰਨਣ ਸਿੰਘ ਦੀ ਗ੍ਰਿਫਤਾਰੀ ਤੋਂ ਬਾਅਦ ਬਾਬਾ ਗੁਰਮੁਖ ਸਿੰਘ ਨੂੰ ਪ੍ਰੋਵਿਨਸ਼ੀਅਲ ਸਕੱਤਰ ਨਿਯੁਕਤ ਕੀਤਾ ਗਿਆ ਸੀ।

12 ਸਾਲ ਬਾਅਦ ਜਦੋਂ ਤੇਜਾ ਸਿੰਘ ਦੇਸ ਪਰਤਿਆ ਸੀ ਤਾਂ ਉਸ ਦੀ ਡਿਊਟੀ ਕੇਂਦਰੀ ਕਮੇਟੀ ਵਿਚ ਕੰਮ ਕਰਨ ਲਈ ਬੰਬਈ ਲੱਗੀ ਸੀ। ਉਸ ਸਮੇਂ ਬੰਬਈ ਦੇ ਹਾਲਾਤ ਸਾਜ਼ਗਾਰ ਨਹੀਂ ਸਨ ਜਿਸ ਕਰਕੇ ਤੇਜਾ ਸਿੰਘ, ਇਕਬਾਲ ਸਿੰਘ ਹੁੰਦਲ ਦੀ ਰਾਏ ਮੰਨ ਕੇ ਪੰਜਾਬ ਆ ਗਿਆ ਸੀ। ਪੰਜਾਬ ਆ ਕੇ ਉਹ ਜ਼ਿਲ੍ਹਾ ਸ਼ੇਖੂਪੁਰਾ ਵਿਚ ਸਰਦਾਰ ਬਲਕਾਰ ਸਿੰਘ ਦੇ ਡੇਰੇ 'ਤੇ ਇਕ ਮਹੀਨਾ ਰਿਹਾ ਸੀ। ਬਾਬਾ ਗੁਰਮੁਖ ਸਿੰਘ ਨੇ ਆਉਂਦਿਆਂ ਹੀ ਤੇਜਾ ਸਿੰਘ ਨੂੰ ਦੁਬਾਰਾ ਬੰਬਈ ਭੇਜ ਦਿਤਾ ਸੀ। ਕੁਝ ਹਫਤਿਆਂ ਬਾਅਦ ਤੇਜਾ ਸਿੰਘ ਫੇਰ ਪੰਜਾਬ ਵਾਪਸ ਆਇਆ ਸੀ ਅਤੇ ਉਸ ਨੇ ਕੇਂਦਰੀ ਦੀਆਂ ਮਾਲੀ ਮੁਸ਼ਕਲਾਂ ਬਾਰੇ ਬਾਬਾ ਗੁਰਮੁਖ ਸਿੰਘ ਨੂੰ ਦੱਸਿਆ ਸੀ। ਗੁਰਮੁਖ ਸਿੰਘ ਨੇ ਪ੍ਰੋਵਿਨਸ਼ੀਅਲ ਕਮੇਟੀ ਦੀ ਮੀਟਿੰਗ ਬੁਲਾ ਕੇ ਕੇਂਦਰ ਦੀ ਮਾਲੀ ਮਦਦ ਦਾ ਮਤਾ ਪਾਸ ਕਰਵਾਇਆ ਸੀ।

10 ਜਨਵਰੀ 1936 ਨੂੰ ਤੇਜਾ ਸਿੰਘ, ਸੋਮ ਨਾਥ ਲਹਿਰੀ, ਇਕਬਾਲ ਸਿੰਘ ਅਤੇ ਚਿੰਤਾ ਸਿੰਘ ਨੂੰ ਬੰਬਈ ਤੋਂ ਗ੍ਰਿਫਤਾਰ ਕਰ ਲਿਆ ਗਿਆ ਸੀ। ਗ੍ਰਿਫਤਾਰੀਆਂ ਸਮੇਂ ਇਕਬਾਲ ਸਿੰਘ ਅਤੇ ਸੋਮ ਨਾਥ ਲਹਿਰੀ ਕੋਲੋਂ ਫੜੀ ਗਈ 6000 ਰੁਪੈ ਦੀ ਰਕਮ ਪੰਜਾਬ ਦੀ ਸਹਾਇਤਾ ਦਾ ਹੀ ਇਕ ਹਿੱਸਾ ਸੀ ਤੇਜਾ ਸਿੰਘ ਨੂੰ ਗ੍ਰਿਫਤਾਰ ਕਰਕੇ 6 ਸਾਲ ਕੈਂਬਲਪੁਰ ਜੇਲ੍ਹ ਵਿਚ ਰਖਿਆ ਗਿਆ ਸੀ। ਉਸ ਨੂੰ ਬਾਹਰ ਕੰਮ ਕਰਨ ਦਾ ਮੌਕਾ ਹੀ ਨਹੀਂ ਸੀ ਮਿਲਿਆ। ਇਹ ਕਿਰਤੀ ਪਾਰਟੀ ਉਤੇ ਇਕ ਹੋਰ ਭਾਰੀ ਸੱਟ ਸੀ।

ਇਕਬਾਲ ਅਤੇ ਸੋਮ ਨਾਥ ਨੂੰ ਇਕ-ਇਕ ਸਾਲ ਦੀ ਸਜ਼ਾ ਹੋਈ ਸੀ। ਚਿੰਤਾ ਸਿੰਘ ਨੂੰ ਤਿੰਨ ਮਹੀਨੇ ਕੈਦ ਰੱਖ ਕੇ ਪੰਜਾਬ ਭੇਜ ਦਿੱਤਾ ਗਿਆ ਸੀ।

ਅਸਲ ਵਿਚ ਚਿੰਤਾ ਸਿੰਘ ਪਿੰਡ ਬੰਦੀ ਤੋੜ ਕੇ ਪਾਰਟੀ ਦੀ ਇਜਾਜ਼ਤ ਲਏ ਬਿਨਾਂ ਹੀ ਬੰਬਈ ਗਿਆ ਸੀ। ਪੰਜਾਬ ਪੁਲਸ ਨੇ ਚਿੰਤਾ ਸਿੰਘ ਦਾ ਪਿੱਛਾ ਕਰਕੇ ਹੀ

ਇਹ ਗ੍ਰਿਫਤਾਰੀਆਂ ਕੀਤੀਆਂ ਸਨ। ਤੇਜਾ ਸਿੰਘ ਸੁਤੰਤਰ ਨੇ ਵੀ ਬਿਨਾਂ ਸੋਚੇ ਸਮਝੇ ਪਿੰਡ ਬੰਦੀ ਤੋੜ ਕੇ ਆਏ ਚਿੰਤਾ ਸਿੰਘ ਨਾਲ ਸੰਪਰਕ ਕਰ ਲਿਆ ਸੀ। ਇਸ ਅਣਗਿਹਲੀ ਦੀ ਉਸ ਨੂੰ ਭਾਰੀ ਕੀਮਤ ਚੁਕਾਉਣੀ ਪਈ ਸੀ। ਚਿੰਤਾ ਸਿੰਘ ਨੂੰ ਪਾਰਟੀ ਵਿੱਚੋਂ ਖਾਰਜ ਕਰ ਦਿੱਤਾ ਗਿਆ ਸੀ।

ਗੁਰਮੁਖ ਸਿੰਘ ਲਾਹੌਰ ਤੋਂ ਪਾਰਟੀ ਦੇ ਸਕੱਤਰ ਦੇ ਤੌਰ 'ਤੇ ਅਤੇ ਭਗਤ ਸਿੰਘ ਅੰਮ੍ਰਿਤਸਰ ਤੋਂ 'ਲਾਲ ਢੰਡੋਰਾ' ਦੇ ਐਡੀਟਰ ਅਤੇ 'ਕਿਰਤੀ' ਦੇ ਸਲਾਹਕਾਰ ਐਡੀਟਰ ਵਜੋਂ ਕੰਮ ਕਰ ਰਹੇ ਸਨ। ਇਨ੍ਹਾਂ ਦੋਹਾਂ ਨੂੰ ਹੀ ਗੁਪਤ ਰੱਖਣ ਲਈ ਕਾਫੀ ਤਰੱਦਦ ਕਰਨੇ ਪਏ ਸਨ।

ਬਾਬਾ ਗੁਰਮੁਖ ਸਿੰਘ ਨੂੰ ਗੁਪਤ ਰੱਖਣ ਲਈ ਇੰਦਰ ਸਿੰਘ ਕਿਰਤੀ ਨੇ ਜਵਾਲਾ ਸਿੰਘ ਨੌਗਾ (ਜਲੰਧਰ) ਦੀ ਮਦਦ ਲਈ ਸੀ। ਜਥੇਦਾਰ ਜਵਾਲਾ ਸਿੰਘ ਨੇ ਆਪਣੀ ਸੁਪਤਨੀ ਬੀਬੀ ਬਸੰਤ ਕੌਰ ਤੇ ਗਿਆਰਾਂ ਸਾਲਾ ਲੜਕੀ ਸਵਰਨ ਕੌਰ ਨੂੰ ਇੰਦਰ ਸਿੰਘ ਨਾਲ ਲਾਹੌਰ ਭੇਜ ਦਿੱਤਾ ਸੀ ਭਾਵੇਂ ਕਿ ਜਥੇਦਾਰ ਜਵਾਲਾ ਸਿੰਘ ਸਭ ਖਤਰਿਆਂ ਤੋਂ ਵਾਕਫ਼ ਸੀ।

ਉਨ੍ਹਾਂ ਨੇ ਰਾਵੀ ਰੋਡ ਲਾਹੌਰ ਦੇ ਇਕ ਮਹਾਜਨ ਮੁਹੱਲੇ ਵਿਚ ਮਕਾਨ ਕਿਰਾਏ 'ਤੇ ਲੈ ਲਿਆ ਸੀ। ਇਸ ਮਕਾਨ ਦੇ ਅੱਧੇ ਹਿੱਸੇ ਵਿਚ ਮਾਲਕ ਮਕਾਨ ਤੇ ਉਸ ਦਾ ਪਰਿਵਾਰ ਅਤੇ ਅੱਧੇ ਵਿਚ ਗੁਰਮੁਖ ਸਿੰਘ, ਉਸ ਦੀ ਭੈਣ ਬਸੰਤ ਕੌਰ ਅਤੇ ਭਣੇਵੀਂ ਸਵਰਨ ਕੌਰ ਰਹਿੰਦੇ ਸਨ। ਗੋਰਾ ਰੰਗ ਤੇ ਕੂਲੇ ਹੱਥਾਂ ਵਾਲਾ ਗੁਰਮੁਖ ਸਿੰਘ ਨਿਰਾਪੁਰਾ ਮਹਾਜਨ ਹੀ ਲੱਗਦਾ ਸੀ। ਪੁਲਸ ਨੂੰ ਕਦੇ ਸ਼ੱਕ ਨਹੀਂ ਸੀ ਹੋ ਸਕਦਾ ਭਾਵੇਂ ਕਿ ਉਸ ਨੂੰ ਸੂਚਨਾ ਮਿਲ ਚੁੱਕੀ ਸੀ ਕਿ ਗੁਰਮੁਖ ਸਿੰਘ ਬਾਹਰੋਂ ਵਾਪਸ ਆ ਕੇ ਲਾਹੌਰ ਵਿਚ ਰਹਿਣ ਲੱਗ ਪਿਆ ਹੈ।

ਭਗਤ ਸਿੰਘ ਬਿਲਗਾ ਆਪਣੀ ਸੁਪਤਨੀ ਚੰਨਣ ਕੌਰ ਸਮੇਤ ਬਾਬਾ ਇੰਦਰ ਸਿੰਘ ਵੇਰਕਾ ਦੀ ਸਖਤ ਨਿਗਰਾਨੀ ਹੇਠ ਰਹਿ ਰਿਹਾ ਸੀ। ਇੰਦਰ ਸਿੰਘ ਨੇ ਉਸ ਲਈ ਇਸਲਾਮਾਬਾਦ (ਅੰਮ੍ਰਿਤਸਰ) ਵਿਚ ਮਕਾਨ ਕਿਰਾਏ 'ਤੇ ਲੈ ਕੇ ਦਿੱਤਾ ਸੀ। ਕੁਝ ਮਹੀਨਿਆਂ ਬਾਅਦ ਬਾਬਾ ਇੰਦਰ ਸਿੰਘ ਨੇ ਖੁਫੀਆ ਪੁਲਸ ਨੂੰ ਗਲੀ-ਗਲੀ ਫਿਰਦੇ ਅਤੇ ਘਰ-ਘਰ ਦਰਿਆਫਤ ਕਰਦਿਆਂ ਦੇਖਿਆ। ਬਾਬਾ ਇੰਦਰ ਸਿੰਘ ਉਸ ਸਮੇਂ ਦਰਬਾਰ ਸਾਹਿਬ ਪ੍ਰਕਰਮਾ ਦਾ ਜਥੇਦਾਰ ਸੀ ਅਤੇ ਖੁਫੀਆ ਪੁਲਸ ਦੇ ਸਿਪਾਹੀਆਂ ਤੋਂ ਵਾਕਫ ਸੀ ਉਸ ਨੇ ਮਖੌਲ ਨਾਲ ਇਕ ਸਿਪਾਹੀ ਨੂੰ ਪੁੱਛਿਆ, "ਓਏ ਕਿਧਰ ਫਿਰਦੇ ਓ?" ਉਨ੍ਹਾਂ ਕਿਹਾ ਸੀ, "ਬਾਬਾ ਅੰਨ੍ਹੇ ਕੁੱਤੇ ਹਰਨਾ ਮਗਰ। ਹਾਕਮਾਂ ਦੇ ਹੁਕਮਾਂ ਦੀ ਤਾਮੀਲ ਕਰ ਰਹੇ ਹਾਂ।"

ਬਾਬਾ ਇੰਦਰ ਸਿੰਘ ਨੇ ਭਗਤ ਸਿੰਘ ਨੂੰ ਇਸਲਾਮਾਬਾਦ ਦੇ ਰਾਹ ਵਿਚ ਹੀ ਜਾ ਰੋਕਿਆ ਅਤੇ ਪਰਤ ਜਾਣ ਦੇ ਹੁਕਮ ਦੇ ਦਿੱਤੇ ਸਨ। ਹਨ੍ਹੇਰਾ ਹੁੰਦਿਆਂ ਹੀ ਉਸ ਨੇ ਸਾਮਾਨ ਚੁੱਕ ਕੇ ਚੰਨਣ ਕੌਰ ਨੂੰ ਆਪਣੇ ਘਰ ਵੇਰਕੇ ਛੱਡ ਆਂਦਾ ਸੀ। ਇਸ ਤੋਂ

ਬਾਅਦ ਭਗਤ ਸਿੰਘ ਦਾਹੜੀ ਕੇਸ ਰੱਖ ਕੇ ਬੀਮਾ ਏਜੰਟ ਦੀ ਹੈਸੀਅਤ ਵਿਚ ਤਹਿਸੀਲਪੁਰੇ ਰਹਿਣ ਲੱਗ ਪਿਆ ਸੀ।

ਗੁਪਤ ਪ੍ਰੈਸ

ਕਿਰਤੀ ਅਖ਼ਬਾਰ ਨੇ 18 ਨਵੰਬਰ 1935 ਨੂੰ ਆਪਣੇ ਸਫਾ 6 ਉਤੇ 'ਲਾਲ ਢੰਡੋਰਾ' ਦੇ ਜ਼ਬਤੀ ਵਰੰਟ ਹੂ-ਬ-ਹੂ ਛਾਪੇ ਸਨ ਜੋ ਇਸ ਤਰ੍ਹਾਂ ਸਨ੍ਹ : "ਲਾਹੌਰ, 5 ਨਵੰਬਰ, ਹਿੰਦੋਸਤਾਨੀ ਪ੍ਰੈਸ ਐਕਟ 1931 ਦੀ ਦਫਾ 19 ਅਨੁਸਾਰ ਖਾਸ ਅਧਿਕਾਰਾਂ ਦੇ ਮੁਤਹਿਤ ਗਵਰਨਰ ਪੰਜਾਬ ਅਤੇ ਉਸ ਦੀ ਕੌਂਸਲ ਨੇ ਲਕੇ ਮੁਅੱਜ਼ਮ ਦੇ ਨਾਂ ਉਤੇ ਐਲਾਨ ਕੀਤਾ ਹੈ ਕਿ ਸਾਈਕਲੋਸਟਾਈਲ ਮਸ਼ੀਨ 'ਤੇ ਛਪਿਆ ਅਗਸਤ 1935 ਦਾ "ਲਾਲ ਢੰਡੋਰਾ" ਨਾਮੀ ਉਰਦੂ ਪੋਸਟਰ ਜਿਹੜਾ ਕਿ ਹੇਠ ਲਿਖੇ ਸ਼ਬਦਾਂ ਨਾਲ ਸ਼ੁਰੂ ਹੁੰਦਾ ਹੈ, 'ਨਕਲਾਂ ਲਾਹ ਕੇ ਤਕਸੀਮ ਕਰੋ, ਦੁਨੀਆ ਦੇ ਮਜ਼ਦੂਰੋ ਇਕਮਿਕ ਹੋ ਜਾਓ, ਆਪ ਪੜ੍ਹੋ ਤੇ ਦੂਜਿਆਂ ਨੂੰ ਸੁਣਾਓ, ਅੱਗੇ ਦਿਓ। ਰੋਟੀ ਜ਼ਮੀਨ ਤੇ ਅਜ਼ਾਦੀ ਦਾ ਘੋਲ ਜ਼ਿੰਦਾਬਾਦ' ਅਤੇ ਇਨ੍ਹਾਂ ਸ਼ਬਦਾਂ ਨਾਲ ਖਤਮ ਹੁੰਦਾ ਹੈ 'ਮਜ਼ਹਬੀ ਝਗੜੇ ਕਰਾਉਣ ਵਾਲੇ ਦਾ ਬੇੜਾ ਗਰਕ, ਹਿੰਦੋਸਤਾਨ ਦੀ ਮਿਹਨਤਕਸ਼ ਜਨਤਾ ਦਾ ਮਿਲਵਾਂ ਫਰੰਟ ਜ਼ਿੰਦਾਬਾਦ'। ਇਹ ਪੋਸਟਰ ਪੰਜਾਬ ਪ੍ਰੋਵਿਨਸ਼ੀਅਲ ਕਮਿਊਨਿਸਟ ਪਾਰਟੀ ਵਲੋਂ ਪ੍ਰਕਾਸ਼ਤ ਹੋਇਆ ਹੈ, ਜ਼ਬਤ ਕੀਤਾ ਜਾਂਦਾ ਹੈ।"

ਉਨ੍ਹਾਂ ਦਿਨਾਂ ਵਿਚ 'ਲਾਲ ਢੰਡੋਰਾ' ਦੀ ਸਰਕੂਲੇਸ਼ਨ ਪਿਸ਼ਾਵਰ ਤੋਂ ਦਿੱਲੀ ਤਕ ਫੈਲ ਚੁੱਕੀ ਸੀ ਅਤੇ ਜਦੋਂ ਕੋਈ ਅੰਕ ਸਰਕਾਰ ਦੇ ਹੱਥ ਲੱਗ ਜਾਂਦਾ ਸੀ ਤ੍ਹਾਂ ਉਹ ਜ਼ਬਤ ਕਰ ਲੈਂਦੀ ਸੀ।

ਆਮ ਲੋਕਾਂ ਦੀ ਪੜ੍ਹਨ ਦੀ ਮੁਸ਼ਕਲ ਨੂੰ ਸਾਹਮਣੇ ਰੱਖਦਿਆਂ ਪਾਰਟੀ ਨੇ ਫੈਸਲਾ ਕੀਤਾ ਕਿ ਲਾਲ ਢੰਡੋਰਾ ਛਾਪ ਕੇ ਕੱਢਿਆ ਜਾਵੇ ਅਤੇ ਇਸ ਦਾ ਇੰਤਜ਼ਾਮ ਭਗਤ ਸਿੰਘ ਕਰੇ।

ਪ੍ਰੈਸ ਲਾਉਣ ਲਈ ਲਾਹੌਰ ਕਿਲ੍ਹੇ ਦੀਆਂ ਕੰਧਾਂ ਤੋਂ ਬਾਹਰਵਾਰ ਮੁਸਲਮਾਨ ਅਬਾਦੀ ਵਿਚ ਗੁਰਦੁਆਰਾ ਡੇਹਰਾ ਸਾਹਿਬ ਦਾ ਮਕਾਨ ਕਿਰਾਏ 'ਤੇ ਲਿਆ ਗਿਆ ਸੀ। ਅੱਗੜ-ਪਿੱਛੜ ਇਸ ਦੇ ਤਿੰਨ ਕਮਰੇ ਸਨ। ਇਸ ਨੂੰ ਨਾ ਕੋਈ ਖਿੜਕੀ ਸੀ ਨਾ ਰੌਸ਼ਨਦਾਨ। ਮਕਾਨ ਦੇ ਪਿਛਲੇ ਕਮਰੇ ਵਿਚ ਨਫੀਸ ਅਮਰੀਕਨ ਪ੍ਰੈਸ ਮਸ਼ੀਨ ਲਾਈ ਗਈ ਸੀ। ਬਿਲਗੇ ਵਾਲੇ ਜਵਾਲੇ ਦੀ ਡਿਊਟੀ ਇਸ ਮਸ਼ੀਨ ਨੂੰ ਚਲਾਉਣ 'ਤੇ ਲਾਈ ਗਈ ਸੀ। ਸ਼ੁਰੂ ਵਿਚ ਮੈਟਰ ਬਾਹਰੋਂ ਕੰਪੋਜ਼ ਕਰਾਇਆ ਜਾਂਦਾ ਸੀ ਅਤੇ ਮੋਹਣ ਲਾਲ ਦੀ ਪ੍ਰੈਸ ਯੂਨੀਅਨ ਇਹ ਕੰਮ ਕਰਦੀ ਸੀ। ਕਿਸ਼ਨ ਸਿੰਘ ਚੀਮਾ ਅਤੇ ਇੰਦਰ ਸਿੰਘ ਕਿਰਤੀ ਕੰਪੋਜ਼ ਹੋਇਆ ਇਹ ਮੈਟਰ ਲੈ ਕੇ ਆਉਂਦੇ ਸਨ। ਕਿਸ਼ਨ ਸਿੰਘ ਚੀਮਾ ਦੀ ਕੰਪੋਜ਼ਿੰਗ ਸਿੱਖਣ ਦੀ ਡਿਊਟੀ ਲਾ ਦਿਤੀ ਗਈ ਸੀ। ਗਾਹੇ ਬਗਾਹੇ ਮੁਹੱਬਤ ਸਿੰਘ ਕੋਟ ਸੌਧਾ ਉਰਦੂ ਐਡੀਸ਼ਨ ਕੱਢਣ ਵਿਚ ਸਹਾਇਕ ਹੁੰਦਾ ਸੀ। ਅਖ਼ਬਾਰ ਬਾਕਾਇਦਾ ਛਪਦਾ

ਅਤੇ ਪਾਰਟੀ ਰਾਹੀਂ ਤਕਸੀਮ ਹੁੰਦਾ ਸੀ।

ਇਸ ਅੰਧੇਰ-ਗਵਾਰ ਕੋਠੇ ਵਿਚ ਲਾਲਟੈਨ ਦੀ ਲੋਏ ਕੰਮ ਕਰਦਾ ਹੱਟਾ-ਕੱਟਾ ਜਵਾਲਾ 'ਲਾਲ ਢੰਡੋਰਾ' ਛਾਪਦਾ ਛਾਪਦਾ ਆਪ ਪੀਲਾ ਹੋ ਗਿਆ ਸੀ। ਪਰ ਹਨ੍ਹੇਰੇ ਵਿਚ ਛਪਦੇ ਇਸ ਲਾਲ ਢੰਡੋਰਾ ਨੇ ਦੂਰ-ਦੂਰ ਤਕ ਰੌਸ਼ਨੀ ਫੈਲਾ ਦਿੱਤੀ ਸੀ।

ਕਦੇ ਕਦੇ ਇਸ਼ਤਿਹਾਰ ਛਾਪ ਕੇ ਵੀ ਕੰਧਾਂ 'ਤੇ ਲਾਏ ਜਾਂਦੇ ਸਨ। ਅੱਜ ਤਕ ਇਸ ਗੁਪਤ ਪ੍ਰੈਸ ਦੀ ਕਿਸੇ ਨੂੰ ਕਨਸੋਅ ਨਹੀਂ ਲੱਗੀ। ਪੁਲਸ ਛਾਪੇ ਮਾਰਦੀ, ਗ੍ਰਿਫਤਾਰੀਆਂ ਕਰਦੀ ਅਤੇ ਝੂਠੇ ਕੇਸ ਬਣਾ ਕੇ ਜੇਲ੍ਹੀ ਭੇਜ ਦਿੰਦੀ ਸੀ। ਇਸੇ ਸਿਲਸਿਲੇ ਵਿਚ ਹੀ ਗੁਰਚਰਨ ਸਿੰਘ ਸਹਿੰਸਰਾ ਅਤੇ ਮੋਹਣ ਲਾਲ ਨੂੰ ਸਜ਼ਾ ਹੋਈ ਸੀ। ਇਹ ਸਰਾਸਰ ਝੂਠੇ ਮੁਕੱਦਮੇ ਸਨ।

ਇਹ ਪ੍ਰੈਸ ਇਸ ਥਾਂ 'ਤੇ ਸਤੰਬਰ 1936 ਤਕ ਚੱਲਦਾ ਰਿਹਾ ਸੀ। ਅਤੇ ਪਰੈਸ ਐਕਟ ਵੀ ਇਸ ਅੱਗੇ ਬੇਬਸ ਹੋ ਗਿਆ ਸੀ। ਕਿਲ੍ਹੇ ਦੀ ਖੁਫੀਆ ਏਜੰਸੀ ਦੇ ਅਫਸਰਾਂ ਨੂੰ ਪਤਾ ਤਕ ਨਾ ਲਗਾ ਕਿ 'ਲਾਲ ਢੰਡੋਰਾ' ਕਿਲ੍ਹੇ ਦੀਆਂ ਕੰਧਾਂ ਤੋਂ 500 ਗਜ਼ ਦੀ ਦੂਰੀ 'ਤੇ ਹੀ ਛਪ ਰਿਹਾ ਹੈ। ਉਹ 'ਲਾਲ ਢੰਡੋਰਾ' ਨੂੰ ਫੜਨ ਲਈ ਦਿੱਲੀ-ਦੱਖਣ ਤਕ ਦੌੜੇ ਫਿਰਦੇ ਰਹੇ ਸਨ।

ਬਾਬਾ ਮਦਨ ਸਿੰਘ ਗਾਗਾ ਉਨ੍ਹਾਂ ਦਿਨ ਵਿਚ ਇਸ ਡੇਹਰਾ ਸਾਹਿਬ ਗੁਰਦੁਆਰੇ ਦੇ ਪ੍ਰਧਾਨ ਸਨ। ਇਸ ਪ੍ਰੈਸ ਦੀ ਸਥਾਪਨਾ ਵਿਚ ਤੇਜਾ ਸਿੰਘ ਚੂਹੜਕਾਣੇ ਰਾਹੀਂ ਜਥੇਦਾਰ ਅੱਛਰ ਸਿੰਘ ਨੇ ਵੱਡਮੁਲੀ ਦੇਣ ਦਿੱਤੀ ਸੀ।

'ਲਾਲ ਢੰਡੋਰਾ' ਦੀ ਮੰਗ ਵਧ ਜਾਣ ਨਾਲ ਛਾਪੇ ਦਾ ਕੰਮ ਦਿਨ ਨੂੰ ਵੀ ਕਰਨਾ ਪਿਆ। ਮੁਹੱਲੇ ਦਾ ਸਾਦਾ ਅਤੇ ਸ਼ਰੀਫ ਆਦਮੀ ਜਵਾਲਾ ਹੁਣ ਦਿਨ ਨੂੰ ਵੀ ਕੁੰਡੇ ਲਾ ਕੇ ਅੰਦਰ ਹੀ ਰਹਿੰਦਾ ਸੀ। ਮੁਹੱਲੇ ਦੀਆਂ ਔਰਤਾਂ ਵਿਚ ਗੱਲਾਂ ਹੋਣ ਲੱਗ ਪਈਆਂ ਸਨ ਕਿ ਇਹ ਅੰਦਰ ਵੜਕੇ ਕਿਤੇ ਜਾਅਲੀ ਸਿੱਕੇ ਤਾਂ ਨਹੀਂ ਬਣਾਉਂਦਾ। ਇਸ ਛੋਟੀ ਜਿਹੀ ਗਲਤੀ ਕਾਰਨ, ਗੱਲ ਜ਼ਿਆਦਾ ਫੈਲ ਜਾਣ ਦੇ ਡਰੋਂ ਪਹਿਲਾਂ ਪ੍ਰੈਸ ਏਥੋਂ ਪੁੱਟ ਲਿਆ ਗਿਆ ਸੀ ਅਤੇ ਮਕਾਨ ਛੱਡ ਦਿੱਤਾ ਗਿਆ ਸੀ। ਲਾਹੌਰ ਦੇ ਦੂਜੇ ਸਿਰੇ ਇਕ ਖੁੱਲ੍ਹਾ ਮਕਾਨ ਲੈ ਕੇ ਪ੍ਰੈਸ ਲਾਉਣ ਦਾ ਫੈਸਲਾ ਹੋਇਆ ਸੀ ਜਿਸ ਵਿਚ ਕਿਸ਼ਨ ਸਿੰਘ ਚੀਮਾ ਕੰਪੋਜ਼ੀਟਰ ਅਤੇ ਜਵਾਲਾ ਮਸ਼ੀਨਮੈਨ ਨਿਯੁਕਤ ਕੀਤੇ ਗਏ ਸਨ।

ਬਾਬਾ ਗੁਰਮੁਖ ਸਿੰਘ, ਭਗਤ ਸਿੰਘ ਬਿਲਗਾ ਅਤੇ ਅੱਛਰ ਸਿੰਘ ਛੀਨਾ ਦੀ ਗ੍ਰਿਫਤਾਰੀ

ਅਕਤੂਬਰ 1936 ਵਿਚ ਕਿਰਤੀ ਪਾਰਟੀ ਦੀ ਉਚ-ਪੱਧਰੀ ਰੂਪੋਸ਼ ਕਮੇਟੀ ਦੇ ਤਿੰਨ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਬਾਬਾ ਗੁਰਮੁਖ ਸਿੰਘ ਨੂੰ ਲਾਹੌਰ ਤੋਂ, ਉਸ ਤੋਂ ਦਸ ਦਿਨ ਬਾਅਦ ਭਗਤ ਸਿੰਘ ਬਿਲਗਾ ਨੂੰ ਅੰਮ੍ਰਿਤਸਰ ਤੋਂ ਅਤੇ ਉਸ ਤੋਂ

ਬਾਅਦ ਅੱਛਰ ਸਿੰਘ ਛੀਨਾ ਨੂੰ ਲਾਹੌਰ ਤੋਂ ਇਕ ਨਿੱਜੀ ਟਿਕਾਣੇ ਤੋਂ।

ਬਾਬਾ ਗੁਰਮੁਖ ਸਿੰਘ 14 ਸਾਲ ਮਫਰੂਰ ਰਹਿਣ ਤੋਂ ਬਾਅਦ ਫੜਿਆ ਗਿਆ ਸੀ। ਉਸ ਦੀ ਗ੍ਰਿਫਤਾਰੀ ਦੀਆਂ ਅਖ਼ਬਾਰਾਂ ਨੇ ਮੋਟੀਆਂ-ਮੋਟੀਆਂ ਸੁਰਖੀਆਂ ਲਾਈਆਂ ਸਨ। ਬਰਤਾਨਵੀ ਸਰਕਾਰ ਭਾਵੇਂ ਖੁਸ਼ ਸੀ ਪਰ ਸਮੁੱਚੇ ਪੰਜਾਬ ਦੇ ਲੋਕਾਂ ਨੇ ਇਸ ਦਾ ਸੋਗ ਮਨਾਇਆ ਸੀ।

ਉਨ੍ਹੀਂ ਦਿਨੀਂ ਪੰਜਾਬ ਵਿਚ ਕਿਰਤੀ-ਕਮਿਊਨਿਸਟ ਸਾਂਝੀ ਕਮੇਟੀ ਸਥਾਪਤ ਕਰਨ ਲਈ ਕੋਸ਼ਿਸ਼ਾਂ ਚਲ ਰਹੀਆਂ ਸਨ। ਕਿਰਤੀਆਂ ਵਲੋਂ ਬਾਬਾ ਗੁਰਮੁਖ ਸਿੰਘ ਅਤੇ ਅੱਛਰ ਸਿੰਘ ਛੀਨਾ ਗੱਲਬਾਤ ਵਿਚ ਹਿੱਸਾ ਲੈ ਰਹੇ ਸਨ। ਬਾਬਾ ਗੁਰਮੁਖ ਸਿੰਘ ਇਸ ਗੱਲਬਾਤ ਦੀ ਰੀਪੋਰਟ ਬਾਬਾ ਰਤਨ ਸਿੰਘ ਨੂੰ ਹਵਾਈ ਡਾਕ ਰਾਹੀਂ ਪੈਰਿਸ ਭੇਜਿਆ ਕਰਦਾ ਸੀ। ਹਰ ਵਾਰ ਵਾਂਗ ਬਾਬਾ ਗੁਰਮੁਖ ਸਿੰਘ ਜਦੋਂ ਇਕ ਮੀਟਿੰਗ ਦੀ ਰੀਪੋਰਟ ਭੇਜਣ ਲਈ ਜਰਨਲ ਪੋਸਟ ਆਫਿਸ 'ਤੇ ਗਿਆ ਤਾਂ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ। ਹਵਾਈ ਲੈਟਰ ਬਾਕਸ ਅੰਦਰ ਵਲ ਖੁੱਲ੍ਹਦਾ ਸੀ ਅਤੇ ਛਾਂਟੀ ਕਰਨ ਵਾਲਾ ਉਸ ਵੇਲੇ ਚਿੱਠੀ ਚੁੱਕ ਲੈਂਦਾ ਸੀ ਅਤੇ ਡਾਕ ਹਫਤੇ ਵਿਚ ਇੱਕੋ ਵਾਰ ਨਿਕਲਦੀ ਸੀ। ਛਾਂਟੀ ਕਰਨ ਵਾਲੇ ਨੂੰ ਅੰਦਰੋਂ ਸ਼ੀਸ਼ੇ ਵਿਚੋਂ ਡਾਕ ਪਾਉਣ ਵਾਲਾ ਨਜ਼ਰ ਆਉਂਦਾ ਸੀ। ਬਾਬਾ ਗੁਰਮੁਖ ਸਿੰਘ ਆਖਰੀ ਦਿਨ ਡਾਕ ਪਾਇਆ ਕਰਦਾ ਸੀ।

ਉਸ ਦਿਨ ਬਾਬਾ ਗੁਰਮੁਖ ਸਿੰਘ ਅਤੇ ਅੱਛਰ ਸਿੰਘ ਛੀਨਾ ਇਕੱਠੇ ਡਾਕ ਪਾਉਣ ਆਏ ਸਨ। ਅੱਛਰ ਸਿੰਘ ਛੀਨਾ ਸੜਕ ਦੇ ਦੂਜੇ ਪਾਸ ਖੜ੍ਹਾ ਸੀ ਜਦੋਂਕਿ ਬਾਬਾ ਗੁਰਮੁਖ ਸਿੰਘ ਡਾਕ ਪਾਉਣ ਲਈ ਅੰਦਰ ਗਿਆ। ਅੱਛਰ ਸਿੰਘ ਛੀਨਾ ਨੇ ਲਿਖਿਆ ਹੈ ਕਿ ਉਸ ਦੇ ਦੇਖਦਿਆਂ ਦੇਖਦਿਆਂ ਪੁਲਸ ਬਾਬੇ ਨੂੰ ਹੱਥਕੜੀਆਂ ਲਾ ਕੇ ਲੈ ਗਈ ਸੀ।

ਆਪ ਹੀ ਖ਼ਤ ਪਾਉਣ ਜਾਣਾ ਅਤੇ ਉਹ ਵੀ ਡਾਕ ਕੱਢਣ ਦੇ ਆਖਰੀ ਦਿਨ ਬਾਬੇ ਦੀ ਗ੍ਰਿਫਤਾਰੀ ਦਾ ਕਾਰਨ ਬਣਿਆ ਸੀ। ਗੁਰਮੁਖ ਸਿੰਘ ਦੇ ਸੁਭਾਅ ਦੀ ਕਾਹਲ ਅਤੇ ਅਣਗਿਹਲੀ ਨੇ ਉਸ ਨੂੰ 15 ਸਾਲਾਂ ਬਾਅਦ ਫੇਰ ਉਮਰ ਕੈਦ ਕਟਾਈ ਸੀ। ਇਸ ਨਾਲ ਗ਼ਲਤਫਹਿਮੀਆਂ ਵਧੀਆਂ ਅਤੇ ਦੋਹਵੇਂ ਪਾਰਟੀਆਂ ਫੇਰ ਇਕ ਦੂਜੇ ਤੋਂ ਦੂਰ ਚਲੀਆਂ ਗਈਆਂ।

ਗੁਰਮੁਖ ਸਿੰਘ ਦੀ ਡੀਫੈਂਸ ਲਈ ਭਗਤ ਸਿੰਘ ਦੌੜ ਭੱਜ ਕਰ ਰਿਹਾ ਸੀ ਅਤੇ ਥਾਂ-ਥਾਂ ਮਿਲਦਾ ਮਿਲਾਉਂਦਾ ਪ੍ਰਕਰਮਾ ਵਿਚ ਖੁਫ਼ੀਆ ਪੁਲਸ ਦੀ ਨਜ਼ਰੀ ਚੜ੍ਹ ਗਿਆ ਸੀ ਅਤੇ ਉਨ੍ਹਾਂ ਨੇ ਉਸ ਨੂੰ ਘੰਟਾ ਘਰ ਦੇ ਚੁਗਾਨ ਵਿਚ ਗ੍ਰਿਫਤਾਰ ਕਰ ਲਿਆ ਸੀ। ਏਸੇ ਤਰ੍ਹਾਂ ਅੱਛਰ ਸਿੰਘ ਛੀਨਾ ਨੂੰ ਨਿਕਟਵਰਤੀ ਦੀ ਰਿਹਾਇਸ਼ ਤੋਂ ਗ੍ਰਿਫਤਾਰ ਕਰ ਲਿਆ ਗਿਆ ਸੀ।

ਇਨ੍ਹਾਂ ਤਿੰਨਾਂ ਨੂੰ ਹੀ ਗ੍ਰਿਫਤਾਰ ਕਰ ਕੇ ਸ਼ਾਹੀ ਕਿਲ੍ਹਾ ਲਾਹੌਰ ਦੀਆਂ ਹਵਾਲਾਤਾਂ ਵਿਚ ਬੰਦ ਕਰ ਦਿੱਤਾ ਸੀ। ਭਗਤ ਸਿੰਘ ਬਿਲਗਾ ਅਤੇ ਅੱਛਰ ਸਿੰਘ ਛੀਨਾ ਨੂੰ ਵੀ

ਉਨ੍ਹਾਂ ਦੀ ਗੈਰਤਹੱਮਲੀ ਨੇ ਹੀ ਗ੍ਰਿਫ਼ਤਾਰ ਕਰਵਾਇਆ ਸੀ ਹਾਲਾਂਕਿ ਉਨ੍ਹਾਂ ਦੀ ਭੱਜ ਦੌੜ ਨੇ ਬਾਬਾ ਗੁਰਮੁਖ ਸਿੰਘ ਨੂੰ ਛੁਡਾ ਨਹੀਂ ਸੀ ਲੈਣਾ।

ਬਾਬਾ ਗੁਰਮੁਖ ਸਿੰਘ ਨੇ ਅੰਦਰ ਜਾਂਦਿਆਂ ਹੀ ਕਹਿ ਦਿੱਤਾ ਸੀ ਕਿ ਸਾਰਾ ਕੁਝ ਮੈਂ ਹੀ ਕਰਦਾ ਹਾਂ ਅਤੇ ਮੈਂ ਹੀ ਅਖ਼ਬਾਰ ਕੱਢਦਾ ਹਾਂ। ਤਾਂ ਵੀ ਹਕੀਮਤ ਨੂੰ ਜਾਨਣ ਲਈ ਅਧਿਕਾਰੀਆਂ ਨੇ ਆਈ.ਬੀ. ਦੇ ਰੁਲੀਆ ਸਿੰਘ ਨਾਮੀ ਸਿਪਾਹੀ ਨੂੰ ਬਾਬੇ ਦੀ ਸੇਵਾ 'ਤੇ ਲਾ ਦਿੱਤਾ। ਰੁਲੀਆ ਸਿੰਘ ਨੇ ਛੇਤੀ ਹੀ ਬਾਬੇ ਨੂੰ ਭਰੋਸੇ ਵਿਚ ਲੈ ਲਿਆ। ਰੁਲੀਆ ਸਿੰਘ ਬਾਬੇ ਦੇ ਲਿਖੇ ਰੁੱਕੇ ਸੋਹਣ ਸਿੰਘ ਭਕਨਾ ਨੂੰ ਜਾ ਕੇ ਦਿੰਦਾ ਰਿਹਾ ਅਤੇ ਭਕਨਾ ਦੀਆਂ ਚਿੱਠੀਆਂ ਗੁਰਮੁਖ ਸਿੰਘ ਨੂੰ ਦਿੰਦਾ ਰਿਹਾ ਸੀ। ਇਸ ਸਾਰੀ ਖ਼ਤੋਖ਼ਤਾਬਤ ਨੂੰ ਪੁਲਸ ਪੜ੍ਹਦੀ ਰਹੀ ਸੀ ਅਤੇ ਫੋਟੋ ਲੈ ਲੈਂਦੀ ਰਹੀ ਸੀ। ਇਕ ਦਿਨ ਉਸੇ ਰੁਲੀਆ ਸਿੰਘ ਨੇ ਭਗਤ ਸਿੰਘ ਦੀ ਹਵਾਲਾਤ ਅੱਗੇ ਆ ਕੇ ਸੋਹਣ ਸਿੰਘ ਭਕਨਾ ਦੀ ਰਾਜ਼ੀ ਖੁਸ਼ੀ ਦਾ ਸੁਨੇਹਾ ਦਿੱਤਾ ਅਤੇ ਦੂਜੇ ਦਿਨ ਕਾਪੀ ਪੈਂਸਲ ਵੀ ਦੇ ਗਿਆ ਕਿ ਭਗਤ ਸਿੰਘ ਬਾਬਾ ਸੋਹਣ ਸਿੰਘ ਭਕਨਾ ਲਈ ਸੁਨੇਹਾ ਲਿਖ ਦੇਵੇ। ਉਹ ਭਗਤ ਸਿੰਘ ਦਾ ਵੀ ਭਰੋਸਾ ਜਿੱਤਣ ਦੀ ਕੋਸ਼ਿਸ਼ ਕਰ ਰਿਹਾ ਸੀ।

ਦੂਜੇ ਦਿਨ ਭਗਤ ਸਿੰਘ ਨੇ ਰੁਲੀਆ ਸਿੰਘ ਨੂੰ ਕਾਪੀ ਪੈਂਸਲ ਵਾਪਸ ਕਰ ਦਿੱਤੀ ਅਤੇ ਕਿਹਾ ਕਿ ਬਾਬਾ ਜੀ ਨੂੰ ਕਹਿਣਾ ਕਿ ਸਭ ਠੀਕ ਠਾਕ ਹੈ। ਇਸ ਤੋਂ ਬਾਅਦ ਰੁਲੀਆ ਸਿੰਘ ਭਗਤ ਸਿੰਘ ਦੇ ਸਾਹਮਣੇ ਕਦੇ ਨਹੀਂ ਸੀ ਆਇਆ। ਆਈ.ਬੀ. ਦੇ ਅਧਿਕਾਰੀਆਂ ਨੇ ਨਾ ਕੇਵਲ ਚਿੱਠੀਆਂ ਰੁੱਕੇ ਹੀ ਏਧਰ ਓਧਰ ਦਿੱਤੇ, ਸਗੋਂ ਕਈ ਤਰ੍ਹਾਂ ਦੀਆਂ ਅਫਵਾਹਾਂ ਫੈਲਾਉਣ ਵਿਚ ਵੀ ਕਾਮਯਾਬ ਹੋ ਗਏ ਸਨ। ਉਨ੍ਹਾਂ ਨੇ ਇਸ ਨੂੰ ਪੰਜਾਬ ਦੀ ਕਮਿਊਨਿਸਟ ਲਹਿਰ ਵਿਚ ਫੁੱਟ ਨੂੰ ਤੇਜ਼ ਕਰਨ ਲਈ ਵੀ ਵਰਤਿਆ।

ਦੋ ਮਹੀਨੇ ਖਤਮ ਹੋਣ 'ਤੇ ਬਾਬਾ ਗੁਰਮੁਖ ਸਿੰਘ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਅਤੇ ਫੇਰ ਕੁਝ ਹੀ ਮਹੀਨਿਆਂ ਪਿਛੋਂ ਬਾਕੀ ਉਮਰ ਕੈਦ ਕੱਟਣ ਲਈ ਕਾਲੇ ਪਾਣੀ ਭੇਜ ਦਿੱਤਾ ਗਿਆ ਸੀ। ਭਗਤ ਸਿੰਘ ਨੂੰ ਉਸਦੇ ਪਿੰਡ ਬਿਲਗਾ ਅਤੇ ਅੱਛਰ ਸਿੰਘ ਛੀਨਾ ਨੂੰ ਉਸ ਦੇ ਪਿੰਡ ਹਰਸ਼ਾ ਛੀਨਾ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਭਗਤ ਸਿੰਘ, ਅੱਛਰ ਸਿੰਘ ਅਤੇ ਬੂਝਾ ਸਿੰਘ ਨੇ ਪਿੰਡੀਂ ਬੰਦ ਰਹਿੰਦਿਆਂ ਹੋਇਆਂ ਵਾਦ-ਵਿਵਾਦ ਬੰਦ ਕਰਨ ਅਤੇ ਸਾਥੀਆਂ ਨੂੰ ਹਕੀਕਤ ਤੋਂ ਜਾਣੂ ਕਰਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਉਦੋਂ ਤਕ ਕਾਫੀ ਨੁਕਸਾਨ ਹੋ ਚੁੱਕਾ ਸੀ।

ਲਾਹੌਰ ਦਾ ਸ਼ਾਹੀ ਕਿਲ੍ਹਾ ਪੁਲਸ ਇੰਟੈਲੀਜੈਂਸ ਬਰਾਂਚ ਦਾ ਬੁੱਚੜਖਾਨਾ

ਲਾਹੌਰ ਦੇ ਪੱਛਮ ਵੱਲ ਪੁਰਾਣੀ ਰਾਵੀ ਦੇ ਕਿਨਾਰੇ ਮੁਗਲਾਂ ਵੇਲੇ ਦਾ ਇਕ ਕਿਲ੍ਹਾ ਹੈ। ਕਿਲ੍ਹੇ ਦੇ ਸਾਹਮਣੇ ਦਰਵਾਜ਼ੇ ਵੱਲ ਗੁਰਦੁਆਰਾ ਡੇਹਰਾ ਸਾਹਿਬ ਦੇ ਉਸ ਦੇ ਨਾਲ ਹੀ ਦੱਖਣ ਵੱਲ ਜਾਮਾ ਮਸਜਿਦ। ਕਿਲ੍ਹੇ ਦੇ ਸ਼ਹਿਰ ਵਾਲੇ ਪਾਸੇ ਇਕ ਦਰਵਾਜ਼ਾ ਹੈ, ਜਿਹੜਾ ਪੁਲਸ ਅਫਸਰਾਂ ਤੇ ਉਨ੍ਹਾਂ ਦੇ ਸ਼ਿਕਾਰ ਹੋਏ ਸਿਆਸੀ ਕੈਦੀਆਂ ਲਈ

ਰਾਖਵਾਂ ਹੈ। ਅੰਦਰ ਵੜਦਿਆਂ ਹੀ ਖੱਬੇ ਹੱਥ ਲੋਹੇ ਦੀ ਮਜ਼ਬੂਤ ਵਾੜ ਹੈ ਜਿਸ ਨਾਲ ਲਿਖ ਕੇ ਲੱਗਿਆ ਹੋਇਆ ਸੀ, "ਅੰਦਰ ਜਾਣਾ ਸਖਤ ਮਨ੍ਹਾ ਹੈ।" ਇਹ ਰਿਵਾਜਨ ਹੀ ਨਹੀਂ, ਇੰਦਰੇ ਅੰਦਰ ਜਾਣ ਦੀ ਇਜਾਜ਼ਤ ਗਵਰਨਰ ਪੰਜਾਬ ਹੀ ਦਿੰਦਾ ਸੀ। ਏਸੇ ਕਰਕੇ ਹੀ ਡਿਪਟੀ ਪੁਲਸ ਬਖਸ਼ੀ ਸੰਪੂਰਨ ਸਿੰਘ ਕਿਹਾ ਕਰਦਾ ਸੀ : "ਇਥੇ ਰੱਬ ਵੀ ਦਾਖਲ ਨਹੀਂ ਹੋ ਸਕਦਾ।" ਕਿਲ੍ਹੇ ਦੇ ਵਸਨੀਕ ਇਸ ਨੂੰ ਹਾਥੀਖਾਨਾ ਕਹਿੰਦੇ ਸਨ। ਇਸ ਅੰਦਰ ਦਾਖਲ ਹੁੰਦਿਆਂ ਪੌੜੀ ਚੜ੍ਹਕੇ ਸੱਜੇ ਪਾਸੇ ਆਈ.ਬੀ. ਪੁਲਸ ਪੋਲੀਟੀਕਲ ਦਾ ਦਫਤਰ ਤੇ ਨਾਲ ਲਗਦਾ ਖੁੱਲ੍ਹਾ ਕਮਰਾ ਇੰਟੈਰੋਗੇਸ਼ਨ ਸੈਂਟਰ ਸੀ। ਇਸ ਚੁਬਾਰੇ ਤੋਂ ਅੰਦਰ ਵੱਲ ਨੂੰ ਉਤਰਦੀਆਂ ਲੌ ਫੁੱਟ ਚੌੜੀਆਂ ਪੌੜੀਆਂ ਹਾਥੀਖ਼ਾਨੇ ਦੇ ਅਹਾਤੇ ਵਿਚ ਜਾਂਦੀਆਂ ਹਨ। ਇਥੇ ਹਵਾਲਾਤਾਂ ਦੀ ਡਾਰ ਨਹੀਂ ਹੈ ਸਗੋਂ ਇਕ ਦੂਜੇ ਤੋਂ ਦੂਰ ਹਵਾਲਾਤਾਂ ਹਨ। ਉਨ੍ਹਾਂ ਦੇ ਦਰਵਾਜ਼ੇ ਇਸ ਤਰ੍ਹਾਂ ਲਾਏ ਹੋਏ ਹਨ ਕਿ ਕੈਦੀ ਇਕ ਦੂਜੇ ਨੂੰ ਦੇਖ ਨਾ ਸਕਣ ਤੇ ਨਾ ਹੀ ਗੱਲ ਕਰ ਸਕਣ। ਹਾਥੀਖ਼ਾਨੇ ਦੀਆਂ ਇਨ੍ਹਾਂ ਪੌੜੀਆਂ ਦੀ ਮਿਆਨੀ ਨੂੰ ਵੀ ਖਿੜਕਾ ਲੱਗਾ ਹੋਇਆ ਹੈ। ਭਗਤ ਸਿੰਘ ਬਿਲਗਾ ਇਸ ਹਵਾਲਾਤ ਵਿਚ ਰਿਹਾ ਸੀ। ਨਕਲੇ ਕੋਲ ਦੂਲਾ ਸਿੰਘ ਵਾਲੀ, ਉਸਦੇ ਅੱਗੇ ਜਾਮਾ ਮਸਜਿਦ ਵਲ ਨੂੰ ਸਲ੍ਹਾਬੀ ਹੋਈ ਅੱਛਰ ਸਿੰਘ ਛੀਨੇ ਵਾਲੀ, ਪੌੜੀਆਂ ਦੇ ਸਿਖਰ ਬਾਬਾ ਗੁਰਮੁਖ ਸਿੰਘ ਵਾਲੀ ਹਵਾਲਾਤ ਸੀ ਅਤੇ ਪੌੜੀਓ ਪੌੜੀ ਜਾ ਕੇ ਅਗਲੇ ਅਹਾਤੇ ਵਿਚ ਟੀਕਾ ਰਾਮ ਸੁਖਨ ਵਾਲੀ ਹਵਾਲਾਤ ਸੀ। ਇਨ੍ਹਾਂ ਹਵਾਲਾਤਾਂ ਵਿਚ ਨਾ ਕੋਈ ਖਿੜਕੀ, ਨਾ ਹੀ ਰੌਸ਼ਨਦਾਨ ਸੀ, ਅੱਗੇ ਲੋਹੇ ਦੇ ਖਿੜਕਤ ਤੇ ਸੰਗੀਨਾਂ ਦਾ ਪਹਿਰਾ, ਅੰਦਰ 250 ਵੋਲਟ ਦਾ ਜਗਦਾ ਬਲਬ ਹੁੰਦਾ । ਲੋਹੇ ਦੇ ਖਿੜਕੇ ਦੇ ਬਾਹਰਵਾਰ ਇਕ ਲਕੜੀ ਦਾ ਦਰਵਾਜ਼ਾ ਵੀ ਹੈ। ਜਦੋਂ ਵੀ ਕੋਈ ਨਵਾਂ ਕੈਦੀ ਇਸ ਜੇਲ੍ਹ ਵਿਚ ਆਉਂਦਾ ਸੀ ਤਾਂ ਉਸਨੂੰ ਅਗਲੀ ਹਵਾਲਾਤ ਵਿਚ ਲੈ ਜਾਣ ਲਈ ਇਹ ਲੱਕੜੀ ਦਾ ਦਰਵਾਜ਼ਾ ਲਾ ਦਿੱਤਾ ਜਾਂਦਾ ਸੀ ਤਾਂ ਕਿ ਨਵਾਂ ਕੈਦੀ ਪੁਰਾਣਿਆਂ ਨੂੰ ਅਤੇ ਪੁਰਾਣੇ ਕੈਦੀ ਨਵੇਂ ਆਏ ਨੂੰ ਦੇਖ ਨਾ ਸਕਣ। ਬੂਆ ਦਿੱਤਾ ਟਹਿਲੂਆਂ 6 ਪੈਸੇ ਦੀ ਰੋਟੀ ਲਿਆਉਂਦਾ ਤੇ ਅੱਧੀ ਦਾਲ ਉਸ ਨੂੰ ਰਾਹ ਵਿਚ ਹੀ ਚੀਗੀ ਲਾ ਕੇ ਪੀ ਜਾਣੀ। ਅਹਾਤੇ ਦੇ ਵਿਹੜੇ ਵਿਚ ਇਕ ਥੜ੍ਹਾ ਹੈ ਜਿਥੇ ਪਹਿਰੇ ਦੀ ਗਾਰਦ ਪੰਜ ਵਕਤ ਨਿਮਾਜ਼ ਪੜ੍ਹਦੀ ਸੀ। ਰਾਤ ਦੀ ਗਰਮੀ ਵਿਚ ਮੱਛਰ, ਭੂੰਡੀਆਂ ਆਦਿ ਕੈਦੀ ਦੀ ਨੀਂਹ ਹਰਾਮ ਕਰ ਰੱਖਦੀਆਂ ਸਨ। ਇਹ ਬਲਬ ਦਿਨ ਰਾਤ ਜਗਦਾ ਹੀ ਰਹਿੰਦਾ ਸੀ।

ਮੁਗਲਾਂ ਵੇਲੇ ਗੁਰੂ ਅਰਜਨ ਦੇਵ ਜੀ ਨੂੰ ਵੀ ਇਸ ਕਿਲ੍ਹੇ ਵਿਚ ਏਥੇ ਹੀ ਤਸੀਹੇ ਦਿੱਤੇ ਗਏ ਸਨ। ਪਹਿਲੀ ਸ਼ਰੋਮਣੀ ਕਮੇਟੀ ਜਦ ਬਾਗੀ ਕਰਾਰ ਦਿਤੀ ਗਈ ਸੀ ਤਾਂ ਉਸਦੇ ਮੈਂਬਰਾਂ ਨੂੰ ਵੀ ਏਥੇ ਹੀ ਬੰਦ ਰੱਖਿਆ ਗਿਆ ਸੀ। ਬੱਬਰ ਅਕਾਲੀ ਵੀ ਏਥੇ ਹੀ ਰੱਖੇ ਗਏ। ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਇਨਟੈਰੋਗੇਸ਼ਨ ਵੀ ਏਥੇ ਹੀ ਹੋਈ ਸੀ। ਗ਼ਦਰ ਪਾਰਟੀ ਵਲੋਂ ਦੇਸ਼ ਪਰਤਣ ਦੇ ਦੂਜੇ ਸੱਦੇ 'ਤੇ ਆਏ ਗ਼ਦਰੀਆਂ ਅਤੇ ਖਾਸ ਕਰਕੇ ਮਾਸਕੋ ਤੋਂ ਆਉਣ ਵਾਲੇ ਗ਼ਦਰੀਆਂ ਨੂੰ ਤਾਂ ਇਸ ਕਿਲ੍ਹੇ ਦੇ ਵਿਚ ਜ਼ਰੂਰ ਹੀ

ਲਿਆਂਦਾ ਜਾਂਦਾ ਸੀ। ਦੂਜੀ ਸੰਸਾਰ ਜੰਗ ਵੇਲੇ ਸਰਦੂਲ ਸਿੰਘ ਕਵੀਸ਼ਰ, ਨਰੰਜਣ ਸਿੰਘ ਤਾਲਬ, ਜਥੇਦਾਰ ਊਧਮ ਸਿੰਘ ਨਾਗੋਕੇ, ਲਾਲਾ ਜਗਤ ਨਰਾਇਣ ਅਤੇ ਜੈ ਪ੍ਰਕਾਸ਼ ਨਰਾਇਣ ਆਦਿ ਨੂੰ ਵੀ ਇਸ ਕਿਲ੍ਹੇ ਵਿਚ ਰੱਖਿਆ ਗਿਆ ਸੀ। ਜਦੋਂ ਵੀ ਕਿਰਤੀ ਪਾਰਟੀ ਦੇ ਕਿਸੇ ਆਗੂ ਨੂੰ ਫੜਦੇ ਸਨ ਤਾਂ ਏਥੇ ਲੈ ਆਉਂਦੇ ਸਨ। ਬਲਕਿ ਲੀਡਰਾਂ ਨੇ ਹੀ ਨਹੀਂ ਸਗੋਂ ਆਮ ਕਿਰਤੀ ਕਾਰਕੁਨਾਂ ਨੇ ਵੀ ਏਥੇ ਤਸੀਹੇ ਝੱਲੇ ਸਨ।

ਸਾਰੀ ਸਾਰੀ ਰਾਤ ਖੜ੍ਹੇ ਰੱਖਣਾ, ਕਈ ਦਿਨ ਸੌਣ ਹੀ ਨਾ ਦੇਣਾ, ਹੱਥੀਂ ਮਾਰ ਕੁਟਾਈ, ਪੁੱਠੀ ਹੱਥਕੜੀ, ਗਾਲੀ ਗਲੋਚ, ਬਕਵਾਸ ਬਖ਼ਸ਼ੀ ਸੰਪੂਰਨ ਸਿੰਘ ਲਈ ਨਿੱਤ ਦਾ ਕੰਮ ਸੀ। ਕਿਲ੍ਹੇ ਦੇ ਇਨ੍ਹਾਂ ਦੋ ਮਹੀਨਿਆਂ ਨੂੰ ਦੁਨੀਆਂ ਦਾ ਦੋਜ਼ਖ ਕਿਹਾ ਜਾ ਸਕਦਾ ਸੀ। ਕੇਵਲ ਇਕ ਘੜੀ ਪਾਣੀ ਦੀ ਮਿਲਦੀ ਸੀ। ਅੰਦਰ ਹੀ ਟੱਟੀ ਪਿਸ਼ਾਬ। 24 ਘੰਟੇ ਸਭ ਨੂੰ ਬੰਦ ਰੱਖਿਆ ਜਾਂਦਾ ਸੀ। ਜਥੇਦਾਰ ਊਧਮ ਸਿੰਘ ਨਾਗੋਕੇ ਨੇ ਵੀ ਆਪਣੀ ਡਾਇਰੀ ਵਿਚ ਲਾਹੌਰ ਕਿਲ੍ਹੇ ਦਾ ਦਰਦਨਾਕ ਦ੍ਰਿਸ਼ ਪੇਸ਼ ਕੀਤਾ ਹੈ। ਉਸਨੇ ਡਿਪਟੀ ਬਖਸ਼ੀ ਸੰਪੂਰਨ ਸਿੰਘ ਨੂੰ ਇਕ ਅੱਤ ਬੇਵਕੂਫ ਤੇ ਜਾਹਲ ਆਦਮੀ ਦੱਸਿਆ ਹੈ ਜੋ ਝੂਠੇ ਕੇਸ ਬਣਾ ਕੇ ਸਿਆਸੀ ਵਰਕਰਾਂ ਨੂੰ ਫਾਹੇ ਲਾਉਣ ਤਕ ਜਾਂਦਾ ਸੀ। ਅੰਤ ਉਹ ਪਾਗਲ ਹੋ ਕੇ ਮਰਿਆ ਸੀ। ਕੁਝ ਅੱਤ ਦੇ ਸਿਆਣੇ ਇੰਟੈਲੀਂਜਸ ਪੁਲਸ ਅਫਸਰ ਵੀ ਸਨ। ਸਈਅਦ ਅਹਿਮਦ ਸ਼ਾਹ, ਬਖਸ਼ੀ ਬਦਰੀ ਦਾਸ ਅਤੇ ਬੰਤਾ ਸਿੰਘ ਜੰਡੂਸਿੰਘਾ ਇਨ੍ਹਾਂ ਵਿਚ ਸ਼ਾਮਲ ਸਨ। ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਸਧਾਰਨ ਗੁਫਤਗੂ ਵਿਚੋਂ ਹੀ ਬੜਾ ਕੁਝ ਹਾਸਲ ਕਰ ਲੈਂਦੇ ਸਨ। ਇਹ ਜ਼ਿਆਦਾ ਖ਼ਤਰਨਾਕ ਸਨ। ਇਨ੍ਹਾਂ ਨਾਲ ਗੱਲ ਕਰਦਿਆਂ ਵੀ ਬੜੀ ਚੌਕਸੀ ਤੋਂ ਕੰਮ ਲੈਣਾ ਪੈਂਦਾ ਸੀ। ਕਾਮਰੇਡਾਂ ਦੀ ਆਦਤ ਅਨੁਸਾਰ ਆਪਣਾ ਇਜ਼ਮ ਦਸਕੇ ਇਨ੍ਹਾਂ ਨੂੰ ਮਨਾਉਣਾ ਹਮੇਸ਼ਾ ਨੁਕਸਾਨਦੇਹ ਸਾਬਤ ਹੋਇਆ ਸੀ। ਇਥੇ ਤਾਂ ਜੱਟ ਮਚਲਾ ਖ਼ੁਦਾ ਨੂੰ ਲੈ ਗਏ ਚੋਰ ਵਾਲਾ ਫਾਰਮੂਲਾ ਹੀ ਕਾਰਗਰ ਸੀ।

ਮੁਲਕ ਭਾਵੇਂ ਵਟ ਗਿਆ, ਹੁਕਮਰਾਨ ਬਦਲ ਗਏ ਪਰ ਸ਼ਾਹੀ ਕਿਲ੍ਹਾ ਲਾਹੌਰ ਦਾ ਬੁੱਚੜਖਾਨਾ ਜਿਉਂ ਦਾ ਤਿਉਂ ਕਾਇਮ ਹੀ ਰਿਹਾ ਹੈ। ਪਾਕਿਸਤਾਨ ਬਣਨ ਤੋਂ ਬਾਅਦ ਕਾਮਰੇਡ ਫਿਰੋਜ਼ਦੀਨ ਮਨਸੂਰ ਨੂੰ ਏਥੇ ਹਿਰਾਸਤ 'ਚ ਰੱਖਿਆ ਗਿਆ। ਕਾਮਰੇਡ ਹਸਨ ਨਾਸਿਰ ਨੂੰ ਤਸੀਹੇ ਦੇ ਕੇ ਇਸੇ ਕਿਲ੍ਹੇ ਹੀ ਕਤਲ ਕੀਤਾ ਗਿਆ ਸੀ। ਪਾਕਿਸਤਾਨ ਦੇ ਬਹਾਦਰ ਇਨਕਲਾਬੀ ਸਪੂਤ ਜਾਮੇ ਸਕੀ ਉਤੇ ਵਹਿਸ਼ੀਆਨਾ ਤਸ਼ੱਦਦ ਇਸ ਕਿਲ੍ਹੇ ਵਿਚ ਹੀ ਹੋਇਆ ਸੀ। ਪਾਕਿਸਤਾਨ ਦੇ ਸੈਂਕੜੇ ਮਹਿਬੂਬ ਰਹਿਨੁਮਾ ਇਸ ਸ਼ਾਹੀ ਕਿਲ੍ਹੇ ਵਿਚ ਤਸ਼ੱਦਦ ਝੱਲਦੇ ਰਹੇ।

ਡਾ. ਭਗਤ ਸਿੰਘ ਅਮਰੀਕਾ ਤੋਂ ਸਿੱਧਾ ਘਰ ਆਇਆ ਸੀ। ਉਹ ਮਾਸਕੋ ਨਹੀਂ ਗਿਆ ਸੀ। 6 ਮਈ 1935 ਨੂੰ ਪੁਲਸ ਉਸ ਨੂੰ ਘਰ ਤੋਂ ਗ੍ਰਿਫਤਾਰ ਕਰ ਲਿਆਈ। ਦੋ ਮਹੀਨੇ ਇਸ ਕਿਲ੍ਹੇ ਵਿਚ ਬੰਦ ਰੱਖਣ ਤੋਂ ਬਾਅਦ ਉਸ ਨੂੰ ਇਕ ਸਾਲ ਲਈ ਉਸਦੇ ਪਿੰਡ ਮਕਸੂਸਪੁਰ ਵਿਚ ਬੰਦ ਕਰ ਦਿੱਤਾ। ਬੂੜਾ ਸਿੰਘ ਤੇ ਦੂਲਾ ਸਿੰਘ ਨੂੰ ਮੀਟਿੰਗ ਲਈ

ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਵਿਚ ਸੱਦਿਆ ਗਿਆ ਸੀ। ਇਹ ਦੋਨੋਂ ਸਵੇਰੇ ਹੀ ਬਾਬੇ ਗੁਰਮੁਖ ਸਿੰਘ ਨੂੰ ਪ੍ਰਕਰਮਾ ਵਿਚ ਮਿਲ ਪਏ। ਬਾਬੇ ਨੇ ਇਨ੍ਹਾਂ ਨੂੰ ਦੇਸਭਗਤ ਪਰਿਵਾਰ ਸਹਾਇਕ ਕਮੇਟੀ ਦੀ ਜਨਰਲ ਬਾਡੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਭੇਜ ਦਿੱਤਾ। 27 ਅਕਤੂਬਰ 1935 ਨੂੰ ਦਫਤਰ ਜਾਂਦਿਆਂ ਹੀ ਉਨ੍ਹਾਂ ਨੂੰ ਕਿਲ੍ਹੇ ਵਿਚ ਲੈ ਜਾ ਕੇ ਗੁਰਮੁਖ ਸਿੰਘ ਤੇ ਭਗਤ ਸਿੰਘ ਬਾਰੇ ਪੁੱਛਗਿੱਛ ਕਰਨ ਲੱਗ ਪਏ ਸਨ। ਪਰ ਉਨ੍ਹਾਂ ਕੁਝ ਨਹੀਂ ਸੀ ਦੱਸਿਆ।

ਇਨ੍ਹਾਂ ਦੋਹਾਂ ਨੂੰ ਦੋ-ਦੋ ਮਹੀਨੇ ਕੈਦ ਰੱਖਣ ਤੋਂ ਬਾਅਦ ਆਪਣੇ ਆਪਣੇ ਪਿੰਡ ਚੱਕ ਮਾਈਦਾਸ ਤੇ ਜਲਾਲਦੀਵਾਲ ਵਿਚ ਇਕ-ਇਕ ਸਾਲ ਲਈ ਨਜ਼ਰਬੰਦ ਕਰ ਦਿੱਤਾ ਗਿਆ ਸੀ।

ਬਚਨ ਸਿੰਘ ਮਹਿਤਪੁਰ ਖਬਰਸਾਰ ਲਈ ਜਦੋਂ ਬੂਝਾ ਸਿੰਘ ਪਾਸ ਪੁੱਜਿਆ ਤਾਂ ਉਸਨੇ ਗਵਰਨਰ ਨੂੰ ਲਿਖੀ ਅਰਜ਼ੀ ਦੀ ਨਕਲ ਦੇ ਦਿੱਤੀ ਜਿਸ ਵਿਚ ਉਸ ਉਤੇ ਪੁਲਸ ਵੱਲੋਂ ਕਿਲ੍ਹੇ ਅੰਦਰ ਕੀਤੇ ਤਸ਼ੱਦਦ ਤੇ ਮਾਰਕੁਟ ਦੇ ਹਵਾਲੇ ਦਰਜ ਸਨ। ਬੂਝਾ ਸਿੰਘ ਨੇ ਕਿਲ੍ਹੇ ਦੀ ਪੁਲਸ ਦੇ ਖਿਲਾਫ ਅਦਾਲਤ ਵਿਚ ਮੁਕੱਦਮਾ ਦਾਇਰ ਕਰਨ ਦੀ ਇਜਾਜ਼ਤ ਮੰਗੀ ਸੀ। ਜਿਸ ਦੇ ਸੰਬੰਧ ਵਿਚ ਚੌਧਰੀ ਅਫਜ਼ਲ ਹੱਕ ਅਹਿਰਾਰ, ਮੈਂਬਰ ਪੰਜਾਬ ਕੌਂਸਲ ਨੇ ਇਹ ਸਵਾਲ ਪੁੱਛੇ ਸਨ :

ਕੀ ਮੈਂਬਰ ਖਜ਼ਾਨਾ ਦੱਸੇਗਾ ਕਿ ਕਾਮਰੇਡ ਬੂਝਾ ਸਿੰਘ, ਦੂਲਾ ਸਿੰਘ ਵੱਲੋਂ ਦਿੱਤੀ ਗਈ ਅਰਜ਼ੀ ਦਾ ਕੀ ਬਣਿਆ; ਜਿਸ ਵਿਚ ਉਨ੍ਹਾਂ ਨੇ ਕਿਲ੍ਹੇ ਦੀ ਪੁਲਸ ਵਲੋਂ ਕੀਤੇ ਤਸ਼ੱਦਦ ਬਾਰੇ ਲਿਖਿਆ ਸੀ? ਕੀ ਇਸ ਬਾਰੇ ਕੋਈ ਤਹਿਕੀਕਾਤ ਹੋਈ? ਜੇ ਹੋਈ ਤਾਂ ਉਸਦਾ ਕੀ ਨਤੀਜਾ ਨਿਕਲਿਆ?

ਦੇਖਣ ਵਾਲੀ ਗੱਲ ਇਹ ਹੈ ਕਿ ਹਮੇਸ਼ਾ ਕੌਂਸਲ ਵਿਚ ਅਹਿਰਾਰ ਮੈਂਬਰ ਹੀ ਇਹ ਸਵਾਲ ਉਠਾਉਂਦੇ ਰਹੇ ਸਨ।

ਇਸ ਲਈ ਬੂਝਾ ਸਿੰਘ ਦੀ ਪੁਲਸ ਦੇ ਖਿਲਾਫ ਦਿੱਤੀ ਇਸ ਅਰਜ਼ੀ 'ਤੇ ਜਲਦੀ ਹੀ ਅਮਲ ਹੋ ਗਿਆ ਸੀ। ਉਸ ਨੂੰ 27 ਜੁਲਾਈ 1936 ਨੂੰ ਨਜ਼ਰਬੰਦੀ ਤੋੜਨ ਦੇ ਝੂਠੇ ਮੁਕੱਦਮੇ ਵਿਚ ਦੁਬਾਰਾ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸ ਸਮੇਂ ਬੂਝਾ ਸਿੰਘ ਨੇ ਅਦਾਲਤ ਵਿਚ ਜੋ ਬਿਆਨ ਦਿੱਤਾ ਸੀ ਕਿਰਤੀ ਅਖ਼ਬਾਰ ਦੇ ਸਫਾ 12, ਤਰੀਕ 31 ਜੁਲਾਈ, 1936 ਵਿਚ ਇਸ ਤਰ੍ਹਾਂ ਦਰਜ ਹੈ :

"ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਚੱਕ ਮਾਈਦਾਸ ਵਿਚ ਨਾ ਕੋਈ ਜਲਸਾ ਹੋਇਆ ਨਾ ਕਿਸੇ ਤਕਰੀਰ ਕੀਤੀ। ਮੇਰੇ ਖਿਲਾਫ ਸਰਕਾਰੀ ਗਵਾਹ ਕੋਰਾ ਝੂਠ ਬੋਲਦੇ ਹਨ। ਮੈਨੂੰ ਫਸਾਉਣ ਲਈ ਇਹ ਸਭ ਕੁਝ ਕੀਤਾ ਗਿਆ ਹੈ। ਮੈਂ ਹੀ ਨਹੀਂ ਇਸ ਮੁਲਕ ਦੀ 35 ਕਰੋੜ ਵਸੋਂ ਦੇ ਜਾਨ ਮਾਲ ਤੇ ਉਸ ਦੇ ਅਮਨ ਦੀ ਰਖਵਾਲੀ ਪੁਲਸ ਦੇ ਰਹਿਮ 'ਤੇ ਹੈ। ਬਿਨਾਂ ਮੁਕੱਦਮਾ ਚਲਾਏ ਮਜ਼ਦੂਰਾਂ, ਕਿਸਾਨਾਂ ਦੇ ਹਜ਼ਾਰਾਂ ਲੀਡਰ ਜੇਲ੍ਹਾਂ ਵਿਚ ਬੰਦ ਹਨ। ਪਿੰਡਾਂ, ਸ਼ਹਿਰਾਂ, ਮੁਹੱਲਿਆਂ ਤੇ ਘਰਾਂ ਵਿਚ ਨਜ਼ਰਬੰਦ ਹਨ। ਮੇਰੇ ਨਾਲ ਜੋ

ਕਿਲ੍ਹੇ ਵਿਚ ਬੀਤੀ ਉਸ ਦੇ ਖਿਲਾਫ ਮੇਰੀ ਦਰਖਾਸਤ 'ਤੇ ਕੋਈ ਅਮਲ ਨਹੀਂ ਹੋਇਆ। ਜਿਥੇ ਮੁਲਜ਼ਮ ਪੁਲਸ ਹੋਵੇ ਤੇ ਤਫਤੀਸ਼ ਵੀ ਪੁਲਸ ਨੇ ਹੀ ਕਰਨੀ ਹੋਵੇ ਉਥੋਂ ਇਨਸਾਫ ਦੀ ਆਸ ਰੱਖਣੀ ਫਜ਼ੂਲ ਹੈ।"

ਉਨ੍ਹਾਂ ਨੂੰ ਇਸ ਮੁਕੱਦਮੇ ਵਿਚ ਅਦਾਲਤ ਨੇ 6 ਮਹੀਨੇ ਦੀ ਕੈਦ ਸੁਣਾ ਕੇ ਜੇਲ੍ਹ ਭੇਜ ਦਿਤਾ ਸੀ।

1936-37 ਦੀਆਂ ਅਸੈਂਬਲੀ ਚੋਣਾਂ

1935 ਦੀ ਨਵੀਂ ਰਾਜ ਬਣਤਰ, ਜਿਸ ਨੂੰ ਇੰਗਲੈਂਡ ਦੀ ਅੰਗਰੇਜ਼ੀ ਸਰਕਾਰ ਨੇ ਬਣ ਕੇ ਹਿੰਦੋਸਤਾਨੀਆਂ ਦੇ ਗਲ ਮੜ੍ਹਿਆ ਸੀ, ਮੁਤਾਬਕ 1936-37 ਵਿਚ ਚੋਣਾਂ ਹੋਈਆਂ। ਕਾਂਗਰਸ ਨੇ ਇਹ ਚੋਣਾਂ ਲੜਨ ਦਾ ਫ਼ੈਸਲਾ ਕਰ ਲਿਆ ਅਤੇ ਕਿਹਾ ਕਿ ਅਸੀਂ ਅੰਦਰ ਜਾ ਕੇ ਇਸ ਨੂੰ ਢਾਅ ਲਾਵਾਂਗੇ। ਗ਼ਦਰੀ ਬਾਬਿਆਂ ਨੇ ਦੇਸਭਗਤ ਚੋਣ ਬੋਰਡ ਬਣ ਕੇ ਕਮਿਊਨਿਸਟਾਂ ਅਤੇ ਕਿਰਤੀਆਂ ਨੂੰ ਚੋਣਾਂ ਦੇ ਇਕ ਪਲੇਟਫਾਰਮ 'ਤੇ ਇਕੱਠਾ ਕਰ ਦਿੱਤਾ ਸੀ। ਸੀਟਾਂ ਦੇ ਲੈਣ ਦੇਣ ਵਿਚ ਕਿਰਤੀਆਂ ਨੇ ਫਰਾਖਦਿਲੀ ਨਾਲ ਕਮਿਊਨਿਸਟਾਂ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਤੇ ਜਿਥੋਂ ਉਨ੍ਹਾਂ ਨੇ ਕਿਹਾ ਕਿ ਉਥੋਂ ਹੀ ਆਪਣੇ ਉਮੀਦਵਾਰਾਂ ਦੇ ਨਾਂ ਵਾਪਸ ਲੈ ਲਏ। ਕਿਰਤੀ ਅਖ਼ਬਾਰ ਨੇ ਸਾਂਝੇ ਉਮੀਦਵਾਰਾਂ ਦੇ ਹੱਕ ਵਿਚ ਪ੍ਰਚਾਰ ਦਾ ਕੰਮ ਸੰਭਾਲ ਲਿਆ ਸੀ। ਸਭ ਲਈ ਬਿਨਾਂ ਭਿੰਨਭੇਦ ਦੇ ਅਪੀਲਾਂ ਕੀਤੀਆਂ ਗਈਆਂ ਅਤੇ ਫੋਟੋਆਂ ਛਾਪੀਆਂ ਗਈਆਂ ਸਨ। ਚੋਣ ਮੁਹਿੰਮ ਜ਼ੋਰ ਸ਼ੋਰ ਨਾਲ ਸ਼ੁਰੂ ਕੀਤੀ ਗਈ ਸੀ। ਕਿਰਤੀ ਵਰਕਰ ਦਿਨ ਰਾਤ ਪ੍ਰਚਾਰ ਵਿਚ ਜੁੱਟ ਗਏ ਸਨ। ਫੰਡ ਇਕੱਠੇ ਕੀਤੇ ਗਏ। ਹੈਰਾਨਕੁੰਨ ਗੱਲ ਇਹ ਸੀ ਕਿ ਕਿਸੇ ਵੀ ਉਮੀਦਵਾਰ ਨੂੰ ਆਪਣੇ ਕੋਲੋਂ ਖਰਚ ਨਹੀਂ ਸੀ ਕਰਨਾ ਪਿਆ ਸਗੋਂ ਉਨ੍ਹਾਂ ਨੂੰ ਬੱਚਤ ਹੋਈ ਸੀ।

ਪੰਜਾਬ ਸਰਕਾਰ ਤੋਂ ਇਹ ਸਹਾਰਿਆ ਨਾ ਗਿਆ। ਉਸ ਨੇ ਪੰਜਾਬੀ ਕਿਰਤੀ ਅਖ਼ਬਾਰ ਦੀ ਦੋ ਹਜ਼ਾਰ ਰੁਪੈ ਦੀ ਜ਼ਮਾਨਤ ਜ਼ਬਤ ਕਰ ਲਈ ਤੇ ਚਾਰ ਹਜ਼ਾਰ ਦੀ ਹੋਰ ਮੰਗ ਲਈ ਸੀ। ਅਤੇ ਉਰਦੂ ਕਿਰਤੀ ਦੇ ਸੰਪਾਦਕ ਮੋਹਣ ਲਾਲ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ ਅਤੇ ਨਾਲ ਹੀ ਉਰਦੂ ਕਿਰਤੀ ਦੀ ਵੀ ਤਿੰਨ ਹਜ਼ਾਰ ਦੀ ਜ਼ਮਾਨਤ ਮੰਗ ਲਈ ਸੀ। ਅਸਲ ਵਿਚ ਸਰਕਾਰ ਕਿਰਤੀ ਦੇ ਚੋਣ ਪ੍ਰਚਾਰ ਤੋਂ ਘਬਰਾ ਕੇ ਇਸ ਦਾ ਮੂੰਹ ਬੰਦ ਕਰ ਦੇਣਾ ਚਾਹੁੰਦੀ ਸੀ। ਦੇਸਭਗਤ ਪਰਿਵਾਰ ਸਹਾਇਕ ਕਮੇਟੀ ਦੇ ਫੰਡ 'ਚੋਂ ਉਧਾਰ ਲੈ ਕੇ ਇਹ ਜ਼ਮਾਨਤ ਤਾਰ ਦਿੱਤੀਆਂ ਗਈਆਂ ਸਨ ਅਤੇ ਪ੍ਰਚਾਰ ਜਾਰੀ ਰੱਖਿਆ ਗਿਆ ਸੀ।

ਬ੍ਰਿਟਿਸ਼ ਪੰਜਾਬ ਦੇ 29 ਜ਼ਿਲ੍ਹਿਆਂ ਵਿਚੋਂ 175 ਮੈਂਬਰ ਚੁਣੇ ਜਾਣੇ ਸਨ, ਜਿਨ੍ਹਾਂ ਵਿਚ 42 ਸੀਟਾਂ ਸਨ (34 ਹਿੰਦੂਆਂ ਦੀਆਂ ਤੇ 8 ਅਛੂਤਾਂ ਦੀਆਂ), 31 ਸਿੱਖ ਤੇ 84 ਮੁਸਲਮਾਨ ਸੀਟਾਂ ਸਨ। ਮੁਸਲਮਾਨ ਸੀਟਾਂ ਵਿਚ 9 ਸ਼ਹਿਰੀ ਤੇ 75 ਪੇਂਡੂ ਸਨ। ਸਿੱਖ ਸੀਟਾਂ ਵਿਚ 2 ਸ਼ਹਿਰੀ ਤੇ 29 ਪੇਂਡੂ ਸਨ। ਬਾਕੀ 18 ਵਿਚ ਇਕ ਐਂਗਲੋ-ਇੰਡੀਅਨ

ਜਮਾਤ ਲਈ, ਇਕ ਯੂਰਪੀਨਾਂ ਲਈ, 2 ਦੇਸੀ ਈਸਾਈਆਂ ਲਈ, ਇਕ ਵਪਾਰੀਆਂ ਤੇ ਕਾਰਖਾਨੇਦਾਰਾਂ ਲਈ, 5 ਜ਼ਿਮੀਦਾਰਾਂ ਲਈ (ਇਨ੍ਹਾਂ 'ਚੋਂ ਇਕ ਤੁਮਨਦਾਰਾਂ ਵਪਾਰੀਆਂ ਦੀ ਸੀ), ਇਕ ਯੂਨੀਵਰਸਿਟੀਆਂ ਲਈ, 3 ਮਜ਼ਦੂਰਾਂ ਲਈ, ਇਕ ਆਮ ਇਸਤਰੀਆਂ ਲਈ, ਇਕ ਸਿੱਖ ਇਸਤਰੀਆਂ ਲਈ ਤੇ ਦੋ ਮੁਸਲਮ ਇਸਤਰੀਆਂ ਲਈ ਸਨ। ਮੁਸਲਮਾਨਾਂ ਨੇ ਮੁਸਲਮਾਨ ਮੈਂਬਰਾਂ ਨੂੰ, ਸਿੱਖਾਂ ਨੇ ਸਿਖ ਮੈਂਬਰਾਂ ਨੂੰ ਤੇ ਹਿੰਦੂਆਂ ਨੇ ਹਿੰਦੂ ਤੇ ਰਾਖਵੇਂ ਅਛੂਤ ਮੈਂਬਰਾਂ ਨੂੰ ਵੋਟ ਪਾਉਣੇ ਸਨ। ਇਸੇ ਲਈ ਇਸ ਨੂੰ ਜੁਦਾਗਾਨਾ ਨਿਆਬਤ ਦਾ ਕਾਂਸਟੀਚਿਊਸ਼ਨ ਕਿਹਾ ਗਿਆ ਜਿਸ ਰਾਹੀਂ ਮੁਲਕ 'ਚ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦੀ ਫੁੱਟ ਦੇ ਬੀਜ ਬੀਜ ਦਿੱਤੇ ਗਏ ਸਨ। ਇਨ੍ਹਾਂ ਵਲੋਂ ਪਾਸ ਕੀਤੇ ਕਾਨੂੰਨਾਂ ਨੂੰ ਗਵਰਨਰ ਵੀਟੋ ਕਰ ਸਕਦਾ ਸੀ ਤੇ ਖੁਦ ਆਰਡੀਨੈਂਸ ਵੀ ਜਾਰੀ ਕਰ ਸਕਦਾ ਸੀ।

ਕੇਂਦਰ ਵਿਚ ਦੋ ਵਿਧਾਨ ਮੰਡਲਾਂ ਦੀ ਵਿਵਸਥਾ ਕੀਤੀ ਗਈ ਸੀ—ਇਕ ਕੌਂਸਲ ਆਫ ਸਟੇਟ ਤੇ ਦੂਜੀ ਫੈਡਰਲ ਅਸੰਬਲੀ। ਕੌਂਸਲ ਆਫ ਸਟੇਟ ਵਿਚ ਅੰਗਰੇਜ਼ੀ ਹਿੰਦ ਵਿਚੋਂ 156 ਮੈਂਬਰ ਹੋਣੇ ਸਨ। 6 ਵਾਇਸਰਾਇ ਨੇ ਨਾਮਜ਼ਦ ਕਰਨੇ ਸਨ। ਰਿਆਸਤਾਂ ਦੇ ਨੁਮਾਇੰਦੇ ਰਿਆਸਤੀ ਪਰਚਾ ਦੇ ਚੁਣੇ ਹੋਏ ਨਹੀਂ ਸਨ ਹੋਣੇ ਸਗੋਂ ਰਾਜਿਆਂ ਦੇ ਆਪ ਨੀਯਤ ਕੀਤੇ ਹੋਏ ਹੋਣੇ ਸਨ।

ਫੈਡਰਲ ਅਸੰਬਲੀ ਵਿਚ ਅੰਗਰੇਜ਼ੀ ਹਿੰਦ ਦੇ 250 ਅਤੇ ਹਿੰਦੀ ਰਿਆਸਤਾਂ ਦੇ 125 ਨੁਮਾਇੰਦੇ ਹੋਣੇ ਸਨ। 4 ਸੀਟਾਂ ਇੰਡਸਟਰੀ ਦੀਆਂ ਅਤੇ ਇਕ-ਮਜ਼ਦੂਰਾਂ ਲਈ ਸੀ। ਕੌਂਸਲ ਆਫ ਸਟੇਟ ਪੱਕੀ ਚੁਣੀ ਜਾਣੀ ਸੀ ਪਰ ਇਸਦੇ ਇਕ ਤਿਹਾਈ ਮੈਂਬਰਾਂ ਨੂੰ ਹਰ ਤੀਜੇ ਸਾਲ ਹਟਾਉਣ ਦੀ ਵਿਵਸਥਾ ਸੀ। ਕੌਂਸਲ ਆਫ ਸਟੇਟ ਵਿਚ ਪੰਜਾਬ ਦੇ ਕੁਲ 16 ਨੁਮਾਇੰਦੇ ਹੋਣੇ ਸਨ—3 ਆਮ, 4 ਸਿੱਖਾਂਸ਼ 8 ਮੁਸਲਮਾਨਾਂ ਤੇ ਇਕ ਇਸਤਰੀਆਂ ਵਲੋਂ। ਇਸ ਸਦਨ ਦੇ ਮੈਂਬਰ ਦੀ ਘਟੋਘਟ ਉਮਰ 30 ਸਾਲ ਹੋਣੀ ਸੀ।

ਫੈਡਰਲ ਅਸੰਬਲੀ ਵਿਚ ਪੰਜਾਬ ਦੇ 30 ਨੁਮਾਇੰਦੇ ਹੋਣੇ ਸਨ। ਆਮ 6 (ਇਨ੍ਹਾਂ ਵਿਚ ਇਕ ਅਛੂਤਾਂ ਦਾ), ਸਿੱਖ 6, ਮੁਸਲਮਾਨ 14, ਯੂਰਪੀ ਇਕ, ਦੇਸੀ ਈਸਾਈ ਇਕ, ਜ਼ਿਮੀਂਦਾਰ ਇਕ, ਇਸਤਰੀ ਇਕ। ਮੈਂਬਰਾਂ ਦੀ ਘਟੋਘਟ ਉਮਰ 25 ਸਾਲ ਹੋਣੀ ਚਾਹੀਦੀ ਸੀ। ਫੈਡਰਲ ਅਸੰਬਲੀ ਦੀ ਸਿੱਖ, ਆਮ, ਮੁਸਲਮਾਨ, ਐਂਗਲੋ-ਇੰਡੀਅਨ, ਦੇਸੀ ਈਸਾਈ ਤੇ ਇਸਤਰੀ ਸੀਟ ਦਾ ਹੱਕਦਾਰ ਉਸਨੇ ਹੀ ਹੋਣਾ ਸੀ ਜਿਹੜਾ ਸੂਬਾਈ ਅਸੰਬਲੀ ਦੀ ਸੀਟ ਦਾ ਹੁੰਦਾ।

ਕੇਂਦਰੀ ਅਸੈਂਬਲੀ ਵਿਚ ਬਹੁਤੇ ਮੈਂਬਰ ਰਿਆਸਤੀ ਰਾਜਿਆਂ ਨੇ ਨਾਮਜ਼ਦ ਕਰਕੇ ਭੇਜਣੇ ਸਨ, ਕੁਝ ਗਵਰਨਰ ਜਨਰਲ ਨੇ ਨਾਮਜ਼ਦ ਕਰਨੇ ਸਨ। ਬਾਕੀਆਂ ਦੀ ਚੋਣ ਸੂਬਾ ਅਸੈਂਬਲੀਆਂ ਵਾਂਗ ਹਿੰਦੂ, ਸਿੱਖ, ਮੁਸਲਮ ਤੇ ਅਧਾਰ 'ਤੇ ਹੋਣੀ ਸੀ। ਇਸ ਤਰ੍ਹਾਂ ਹਰ ਹਾਲਤ ਵਿਚ ਸਰਕਾਰ ਦਾ ਬਹੁਮਤ ਰਹਿਣਾ ਸੀ।

ਪੰਜਾਬ ਦੇਸਭਗਤ ਬੋਰਡ ਦੀ ਹਮਾਇਤ ਨਾਲ ਬਾਬਾ ਅਰੂੜ ਸਿੰਘ ਚੂਹੜਚੱਕ ਬਿਨਾਂ ਮੁਕਾਬਲਾ ਚੁਣੇ ਗਏ। ਬੀਬੀ ਰਘਬੀਰ ਕੌਰ, ਸੋਹਣ ਸਿੰਘ ਜੋਸ਼, ਕਾਬਲ ਸਿੰਘ,

ਮਾਸਟਰ ਹਰੀ ਸਿੰਘ ਅਤੇ ਹਰਜਾਪ ਸਿੰਘ ਬਹੁਗਿਣਤੀ ਨਾਲ ਚੁਣੇ ਗਏ।

ਚੋਣ ਦੌਰਾਨ ਇਕ ਸਿੱਖ ਉਮੀਦਵਾਰ ਦੀ ਮੌਤ ਹੋ ਗਈ। ਉਸ ਦੀ ਦੁਬਾਰਾ ਚੋਣ ਹੋਣੀ ਸੀ। ਕਿਰਤੀ ਪਾਰਟੀ ਨੇ ਕਾਂਗਰਸ ਦੇ ਸਤਪਾਲ ਗਰੁੱਪ, ਜਿਸ ਦਾ ਸੂਬਾ ਕਾਂਗਰਸ 'ਤੇ ਕਬਜ਼ਾ ਸੀ, 'ਤੇ ਜ਼ੋਰ ਪਾ ਕੇ ਕਾਮਰੇਡ ਤੇਜਾ ਸਿੰਘ ਸੁਤੰਤਰ, ਜੋ ਕੈਂਬਲਪੁਰ ਜੇਲ੍ਹ ਵਿਚ ਨਜ਼ਰਬੰਦ ਸੀ, ਨੂੰ ਇਸ ਸੀਟ ਤੋਂ ਖੜ੍ਹੇ ਕਰ ਦਿੱਤਾ ਸੀ। ਖਿਆਲ ਸੀ ਕਿ ਸੁਤੰਤਰ ਦੀ ਜਿੱਤ ਨਾਲ ਉਸ ਦੀ ਰਿਹਾਈ ਹੋ ਜਾਵੇਗੀ। ਮੁਕਾਬਲੇ ਵਿਚ ਯੂਨੀਅਨਿਸਟ ਪਾਰਟੀ ਵਲੋਂ ਇਕ ਸਿਖ ਸਰਦਾਰ ਖੜ੍ਹਾ ਕੀਤਾ ਗਿਆ ਸੀ। ਮੁਕਾਬਲਾ ਸਖਤ ਸੀ ਅਤੇ ਤੇਜਾ ਸਿੰਘ ਦਾ ਜਿੱਤਣਾ ਵੀ ਬੜਾ ਜ਼ਰੂਰੀ ਸੀ। ਇਸ ਅਹਿਮ ਕੰਮ ਵਿਚ ਕਿਰਤੀ ਪਾਰਟੀ ਦੀ ਸ਼ੇਰਦਿਲ ਬੀਬੀ ਮਾਨ ਕੌਰ (ਕੋਟ ਸੌਂਧਾ) ਸਹਾਈ ਹੋਈ। ਮੁਕਾਬਲੇ ਵਿਚ ਖੜ੍ਹੇ ਹੋਣ ਵਾਲਾ ਉਸ ਦਾ ਨਜ਼ਦੀਕੀ ਰਿਸ਼ਤੇਦਾਰ ਸੀ। ਬੀਬੀ ਮਾਨ ਕੌਰ ਨੇ ਉਸਦੇ ਘਰ ਡੇਰਾ ਜਾ ਲਾਇਆ। ਉਸ ਦੇ ਸਾਰੇ ਪਰਿਵਾਰ ਨੂੰ ਤੇਜਾ ਸਿੰਘ ਦੀਆਂ ਕੁਰਬਾਨੀਆਂ ਬਾਰੇ, ਜੇਲ੍ਹ ਤਪਸਿਆ ਬਾਰੇ ਤੇ ਕਾਬਲੀਅਤ ਬਾਰੇ ਹਰ ਰੋਜ਼ ਦਸਦੀ, ਆਖਰ ਉਸਨੇ ਆਪਣੇ ਮਿਸ਼ਨ ਵਿਚ ਸਫਲਤਾ ਹਾਸਲ ਕਰ ਲਈ ਸੀ। ਸਰਦਾਰ ਸਾਹਿਬ ਮੁਕਾਬਲੇ 'ਚੋਂ ਦਸਤਬਰਦਾਰ ਹੋ ਗਏ ਤੇ ਤੇਜਾ ਸਿੰਘ ਬਿਨਾਂ ਮੁਕਾਬਲਾ ਪੰਜਾਬ ਅਸੈਂਬਲੀ ਦਾ ਮੈਂਬਰ ਚੁਣਿਆ ਗਿਆ। ਦੇਸਭਗਤ ਹਲਕਿਆਂ ਵਿਚ ਖੁਸ਼ੀਆਂ ਮਨਾਈਆਂ ਗਈਆਂ। ਇਹ ਖੁਸ਼ੀਆਂ ਦੇਰ ਤੱਕ ਨਾ ਰਹੀਆਂ। ਪੰਜਾਬ ਸਰਕਾਰ ਨੇ ਤੇਜਾ ਸਿੰਘ ਨੂੰ ਰਿਹਾਅ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਅਸੈਂਬਲੀ ਵਿਚ ਜਾ ਕੇ ਸਹੁੰ ਚੁਕਣ ਦੀ ਵੀ ਇਜਾਜ਼ਤ ਨਾ ਦਿਤੀ। ਉਹ 1942 ਤੱਕ ਜੇਲ੍ਹ ਅੰਦਰ ਹੀ ਬੰਦ ਰਿਹਾ। ਕਾਂਗਰਸ ਨੇ ਬਰਤਾਨੀਆਂ ਸਰਕਾਰ ਦੇ ਇਸ ਤਾਨਾਸ਼ਾਹ ਰਵੱਈਏ ਵਿਰੁੱਧ ਕੋਈ ਕਦਮ ਨਾ ਚੁਕਿਆ । ਸਿਰਫ ਕਿਰਤੀ ਅਤੇ ਕਮਿਊਨਿਸਟਾਂ ਨੇ ਰੋਸ ਅੰਦੋਲਨ ਕੀਤਾ ਸੀ।

ਇਸ ਗ਼ੁਲਾਮ ਕਾਂਸਟੀਚਿਊਸ਼ਨ ਦੇ ਬਾਈਕਾਟ ਦਾ ਐਲਾਨ ਕਰਨ ਵਾਲੀ ਕਾਂਗਰਸ ਹੁਣ ਪੰਜਾਬ ਤੇ ਬੰਗਾਲ ਤੋਂ ਬਿਨਾਂ ਸਾਰੇ ਹਿੰਦੋਸਤਾਨ ਵਿਚ ਚੋਣਾਂ ਜਿੱਤ ਗਈ ਸੀ ਤੇ ਸੂਬਿਆਂ ਦੀਆਂ ਵਜ਼ਾਰਤੀ ਕੁਰਸੀਆਂ 'ਤੇ ਬਿਰਾਜਮਾਨ ਹੋ ਗਈ ਸੀ। ਅਸੈਂਬਲੀਆਂ ਵਿਚ ਹਿੰਦੂ ਤੇ ਮੁਸਲਮਾਨਾਂ ਦਾ ਆਪਸੀ ਭੇੜ ਹੋਣ ਲੱਗ ਪਿਆ ਸੀ। ਮਜ਼ਹਬੀ ਝਗੜੇ ਵਧ ਗਏ ਤੇ ਮੁਲਕ ਫਿਰਕੂ ਦੁਫੇੜ ਵੱਲ ਤੁਰ ਪਿਆ ਸੀ। ਜਿਸ ਦਾ ਨਤੀਜਾ ਆਖਰ ਮੁਲਕ ਦੀ ਵੰਡ ਵਿਚ ਨਿਕਲਿਆ।

ਪੰਜਾਬ ਦਾ ਕਿਸਾਨੀ ਮਸਲਾ ਤੇ ਕੰਮ ਦੀ ਵੰਡ (1936-37)

ਉਸ ਸਮੇਂ ਸਨਅਤ ਦੇ ਪੱਖੋਂ ਬੜਾ ਪਛੜਿਆ ਹੋਇਆ ਸੀ। ਸਾਰਾ ਦਾਰੋਮਦਾਰ ਲਗਭਗ ਖੇਤੀਬਾੜੀ ਉਤੇ ਹੀ ਸੀ। ਇਸ ਲਈ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਲੈਕੇ ਉਨ੍ਹਾਂ ਨੂੰ ਜਥੇਬੰਦ ਕਰਨਾ ਬੜਾ ਵੱਡਾ ਮਸਲਾ ਸੀ। ਇਸ ਕਰਕੇ ਕਿਰਤੀ ਪਾਰਟੀ ਨੇ ਇਕ ਵਿਦਵਾਨ ਆਗੂ ਕਰਤਾਰ ਸਿੰਘ ਗਿੱਲ ਐਮ. ਐਸ. ਸੀ, ਯੂ. ਐਸ. ਏ. ਦੀ

ਡਿਊਟੀ ਸੂਬਾ ਕਿਸਾਨ ਸਭਾ ਦੇ ਦਫਤਰ ਵਿੱਚ ਲਾਈ ਸੀ। ਉਹ ਕਿਰਤੀ ਪਾਰਟੀ ਦਾ ਫਰੈਕਸ਼ਨ ਲੀਡਰ ਵੀ ਸੀ। ਸੂਬਾ ਕਿਸਾਨ ਸਭਾ ਦਾ ਦਫਤਰ ਪਹਿਲਾਂ ਅੰਮ੍ਰਿਤਸਰ ਦੇ ਫੇਰ ਲਾਹੌਰ ਲੈ ਆਂਦਾ ਗਿਆ ਸੀ। ਪਾਰਟੀ ਤੇ ਕਿਸਾਨ ਫਰੈਕਸ਼ਨ ਨੇ ਮਿਲਕੇ ਪੰਜਾਬ ਦੀ ਛੇ ਹਿੱਸਿਆਂ ਵਿੱਚ ਵੰਡ ਕੀਤੀ ਸੀ। ਪਹਿਲਾਂ ਮਾਲਕ ਕਿਸਾਨੀ ਦੇ ਜ਼ਿਲ੍ਹੇ, ਦੂਜਾ ਬਾਰ ਦਾ ਇਲਾਕਾ , ਤੀਜਾ ਕਾਂਗੜਾ ਤੇ ਪਹਾੜੀ ਰਾਜੇ, ਚੌਥਾ ਬਿਸਤ ਦੁਆਬੇ ਦੇ ਰਾਜੇ, ਪੰਜਵਾਂ ਰਾਵਲਪਿੰਡੀ ਡਵੀਜ਼ਨ ਅਤੇ ਛੇਵਾਂ ਹਰਿਆਣਾ ਪ੍ਰਾਂਤ। ਮਾਲਕ ਕਿਸਾਨੀ ਦੇ ਜ਼ਿਲ੍ਹਿਆਂ ਵਿੱਚ ਲਾਹੌਰ, ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ, ਫਿਰੋਜ਼ਪੁਰ, ਅਤੇ ਅੰਬਾਲਾ ਸ਼ਾਮਲ ਸਨ। ਇਨ੍ਹਾਂ ਜ਼ਿਲ੍ਹਿਆਂ ਵਿੱਚ ਵੀ ਟਾਂਵੇਂ-ਟਾਂਵੇਂ ਜਗੀਰਦਾਰ ਮੌਜੂਦ ਸਨ। ਸਗੋਂ ਤਹਿਸੀਲ ਪਠਾਨਕੋਟ, ਮੁਕੇਰੀਆਂ ਅਤੇ ਬੀਤ ਦੇ ਇਲਾਕੇ ਵੀ ਇਕ ਮੁਜ਼ਾਰਾ ਬੈਲਟ ਵਿੱਚ ਹੀ ਸ਼ਾਮਲ ਸਨ।

ਇਨ੍ਹਾਂ ਜ਼ਿਲ੍ਹਿਆਂ ਦੀ ਮਾਲਕ ਕਿਸਾਨੀ ਮਾਲੀਏ, ਆਬਿਆਨੇ ਦੇ ਅਸਹਿ ਬੋਝ ਹੇਠ ਦੱਬੀ ਹੋਈ ਸੀ ਅਤੇ ਉਹ ਚਾਹੁੰਦੇ ਸਨ ਕਿ ਮਾਲੀਆ ਆਮਦਨ ਟੈਕਸ ਦੇ ਅਧਾਰ 'ਤੇ ਹੀ ਲਾਇਆ ਜਾਵੇ। ਉਨ੍ਹਾਂ ਦੇ ਸਿਰ ਕਰਜ਼ੇ ਚੜ੍ਹੇ ਹੋਏ ਸਨ। ਨਵੀਆਂ ਬੰਦੋਬਸਤਾਂ ਅਧੀਨ ਮਾਲੀਆ ਵਧਾਉਣ ਦੀ ਤਜ਼ਵੀਜ ਪੇਸ਼ ਕੀਤੀ ਹੋਈ ਸੀ। ਇਸ ਦੇ ਉਲਟ ਸਮੁੱਚੇ ਲੋਕਾਂ ਉੱਤੇ ਪ੍ਰੋਫੈਸ਼ਨਲ ਟੈਕਸ, ਵਗਾਰ, ਪੰਚੋਤਰਾ, ਚੌਕੀਦਾਰਾ ਦਾ ਭਾਰੀ ਬੋਝ ਸੀ। ਤਾਜ਼ੀਰੀ ਪੁਲਸ ਚੌਕੀਆਂ ਦਾ ਖਰਚ ਵੀ ਉਨ੍ਹਾਂ ਉਤੇ ਹੀ ਪੈਂਦਾ ਸੀ। ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ ਦੇ ਕਿਸਾਨ ਦੁਆਬੇ ਵਿੱਚ ਨਹਿਰ ਕੱਢਣ ਦੀ ਮੰਗ ਕਰ ਰਹੇ ਸਨ। ਦੂਜੇ ਪਾਸੇ ਕੰਢੀ ਦੇ ਖੇਤਰ ਵਿੱਚ ਚੋਆਂ ਨਾਲ ਫਸਲਾਂ ਦੀ ਬਰਬਾਦੀ ਹੋ ਜਾਂਦੀ ਸੀ। ਨਿਰਸੰਦੇਹ ਗ਼ਰੀਬ ਤੇ ਦਰਮਿਆਨਾ ਕਿਸਾਨ ਜ਼ਮੀਨ ਦੀ ਮੰਗ ਵੀ ਕਰ ਰਿਹਾ ਸੀ। ਜਲੰਧਰ, ਹੁਸ਼ਿਆਰਪੁਰ ਵਿੱਚ ਜ਼ਮੀਨਾਂ ਦੀ ਮਾਲਕੀ ਬਹੁਤ ਛੋਟੀ ਸੀ।

ਕੇਂਦਰੀ ਪੰਜਾਬ ਦੇ ਇਨ੍ਹਾਂ ਜ਼ਿਲ੍ਹਿਆਂ ਵਿੱਚੋਂ ਹੀ ਲੋਕ ਬਦੇਸਾਂ ਨੂੰ ਗਏ ਸਨ। ਇਹ ਇਲਾਕਾ ਸਿਆਸੀ ਅੰਦੋਲਨਾਂ ਦਾ ਗੜ੍ਹ ਸੀ। ਪਹਿਲੋਂ ਪਹਿਲ ਕਿਰਤੀ ਪਾਰਟੀ ਦੇ ਵਰਕਰ ਇਸ ਖਿੱਤੇ ਨਾਲ ਹੀ ਤੁਅੱਲਕ ਰਖਦੇ ਸਨ। ਪਾਰਟੀ ਨੇ ਪਛੜੇ ਹੋਏ ਇਲਾਕਿਆਂ ਨੂੰ ਇਥੋਂ ਹੀ ਕਾਰਕੁੰਨ ਭੇਜੇ ਸਨ। ਕਿਰਤੀਆਂ ਦੀ ਫੌਜ ਦਾ ਇਹ ਮਜ਼ਬੂਤ ਕਿਲ੍ਹਾ ਸੀ।

ਬਾਰ ਦੇ ਇਲਾਕਿਆਂ ਵਿੱਚ ਨੀਲੀ ਬਾਰ, ਗੰਜੀ ਬਾਰ ਦਾ ਖਿੱਤਾ ਸ਼ਾਮਲ ਕੀਤਾ ਗਿਆ ਸੀ, ਜਿਨ੍ਹਾਂ ਨੂੰ ਨਵੀਂਆਂ ਕੈਨਾਲ ਕਲੋਨੀਆਂ ਵੀ ਕਿਹਾ ਜਾਂਦਾ ਸੀ। ਇਸ ਵਿੱਚ ਮੁਲਤਾਨ, ਮਿੰਟਗੁਮਰੀ, ਲਾਇਲਪੁਰ ਸ਼ੇਖੂਪੁਰਾ ਆਦਿ ਸ਼ਾਮਲ ਸਨ। ਜ਼ਮੀਨ ਦੀ ਭੁੱਖ ਦੂਰ ਕਰਨ ਲਈ ਕੇਂਦਰੀ ਪੰਜਾਬ ਦੇ ਕਿਸਾਨ ਆਬਾਦਕਾਰ ਬਣ ਕੇ ਇਥੇ ਆ ਵਸੇ ਸਨ। ਫੌਜੀ ਪੈਨਸ਼ਨਰਾਂ ਨੂੰ ਵੀ ਇਥੇ ਜ਼ਮੀਨਾਂ ਅਲਾਟ ਹੋਈਆਂ ਸਨ। ਇਥੋਂ ਦੇ ਪੁਰਾਣੇ ਵਸ਼ਨੀਕ ਪਸ਼ੂ ਪਾਲਣ ਦਾ ਧੰਦਾ ਛੱਡ ਕੇ ਖੇਤੀ ਵਿੱਚ ਜੁੱਟ ਗਏ ਸਨ। ਇਹ ਦਾਣੇ ਤੇ ਨਰਮੇ ਦੇ ਭੰਡਾਰ ਸਨ। ਇਹ ਫਸਲਾਂ ਅੰਗਰੇਜ਼ ਸਸਤੇ ਭਾਅ 'ਤੇ ਖਰੀਦ ਕੇ ਬਦੇਸ਼ਾਂ ਨੂੰ ਲੈ ਜਾਂਦੇ ਸਨ। ਮੁਲਤਾਨ ਤੇ ਮਿੰਟਗੁਮਰੀ ਵਿੱਚ ਮੁਜ਼ਾਰਿਆਂ ਦੀ ਅੰਨ੍ਹੀ ਲੁੱਟ ਹੁੰਦੀ ਸੀ। ਇਸ

ਨੂੰ ਮੁਸਲਮ ਬੈਲਟ ਕਰਕੇ ਵੀ ਜਾਣਿਆਂ ਜਾਂਦਾ ਸੀ। ਕਿਰਤੀ ਪਾਰਟੀ ਨੇ ਇਸ ਬੈਲਟ ਨੂੰ ਜਥੇਬੰਦ ਕਰਨ ਲਈ ਆਪਣੀ ਪੂਰੀ ਤਾਕਤ ਲਾ ਦਿੱਤੀ ਸੀ ਕਿਉਂਕਿ ਇਸ ਨਾਲ ਮਜ਼ਹਬੀ ਤਅੱਸਮ ਨੂੰ ਦੂਰ ਕਰਨ ਵਿੱਚ ਬੜੀ ਮਦਦ ਮਿਲਦੀ ਸੀ।

ਲਾਇਲਪੁਰ ਤੇ ਸ਼ੇਖੂਪੁਰਾ ਭਾਵੇਂ ਬਾਰ ਵਿੱਚ ਹੀ ਸ਼ਾਮਲ ਸਨ ਪਰ ਇਨ੍ਹਾਂ ਦੀ ਸਿਆਸੀ ਸੂਝ ਕੇਂਦਰੀ ਇਲਾਕੇ ਨਾਲੋਂ ਕਿਸੇ ਵੀ ਸੂਰਤ ਵਿੱਚ ਘਟ ਨਹੀਂ ਸੀ। 1907 ਵਿੱਚ "ਪਗੜੀ ਸੰਭਾਲ ਓਏ ਜੱਟਾ" ਦੀ ਲਹਿਰ ਇਥੇ ਹੀ ਲੜੀ ਗਈ ਸੀ।

ਕਿਰਤੀ ਪਾਰਟੀ ਦਾ ਐਲਾਨ ਸੀ ਕਿ ਨੀਲੀ ਬਾਰ ਸਰ ਕਰਕੇ ਝੰਗ, ਮੁਜ਼ੱਫਰਗੜ੍ਹ ਅਤੇ ਜੇਡਾ ਇਸਮਾਈਲ ਖਾਂ ਵਲ ਨੂੰ ਅੱਗੇ ਵਧਿਆ ਜਾਵੇ। ਇਸ ਇਲਾਕੇ ਵਿੱਚ ਯੂਨੀਅਨਨਿਸਟ ਪਾਰਟੀ ਨਾਂ ਦੀ ਇਕ ਅੰਗਰੇਜ਼ ਨਿਵਾਜ਼ ਜਥੇਬੰਦੀ ਦਾ ਗੜ੍ਹ ਸੀ। ਇਸ ਇਲਾਕੇ ਵਿੱਚ ਜਥੇਬੰਦਕ ਸ਼ਿਰਕਤ ਕਰ ਜਾਣੀ ਅੰਗਰੇਜ਼ ਹਕੂਮਤ ਦੀ ਸ਼ਾਹ ਰਾਗ 'ਤੇ ਹੱਥ ਪਾਉਣ ਵਾਲੀ ਗੱਲ ਸੀ। ਇਕ ਅੰਗਰੇਜ਼ ਦਾਨਸ਼ਵਰ ਦਾ ਕਹਿਣਾ ਹੈ ਕਿ ਜੇਕਰ ਇਹ ਮੁਜ਼ਾਰਾ ਲਹਿਰ ਮੁਲਤਾਨ ਟੱਪ ਜਾਂਦੀ ਹੈ ਤਾਂ ਹਿੰਦੋਸਤਾਨ ਦੀ ਵੰਡ ਨਹੀਂ ਹੋ ਸਕਦੀ।

ਕਾਂਗੜਾ ਹਿੰਦੂ ਰਾਜਿਆਂ, ਹਿੰਦੂ ਗਰੀਬ ਕਿਸਾਨਾਂ ਤੇ ਮੁਜ਼ਾਰਿਆ ਦਾ ਇਲਾਕਾ ਹੈ। ਇਥੇ ਸਰਸਬਜ਼ ਸੁੰਦਰ ਘਾਟੀਆਂ ਸਨ, ਰੁਮਾਂਸ ਤੇ ਸੰਗਤੀ ਨਾਲ ਭਰੀਆਂ ਹੋਈਆਂ, ਪਰ ਗ਼ਰੀਬੀ ਦੁਖੋਂ ਇਸਦੇ ਵਸਨੀਕਾਂ ਨੂੰ ਅੰਗਰੇਜ਼ੀ ਫੌਜਾਂ ਵਿੱਚ ਭਰਤੀ ਹੋਣਾ ਪੈਂਦਾ ਸੀ।

ਪਟਿਆਲਾ, ਨਾਭਾ ਫਰੀਦਕੋਟ ਆਦਿ ਦੇ ਰਾਜਿਆਂ ਨੇ ਰਣਜੀਤ ਸਿੰਘ ਤੋਂ ਡਰਦਿਆਂ ਪਹਿਲਾਂ ਹੀ ਅੰਗਰੇਜ਼ ਦੀ ਸ਼ਰਨ ਕਬੂਲ ਕਰ ਲਈ ਸੀ ਤੇ ਮੁਦਕੀ ਦੀ ਲੜਾਈ ਵੇਲੇ ਇਨ੍ਹਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਇਸ ਇਲਾਕੇ ਦੇ ਮੁਜ਼ਾਰਿਆਂ ਅਤੇ ਕਿਸਾਨਾਂ ਨੇ ਲਾਲ ਪਾਰਟੀ ਦੀ ਅਗਵਾਈ ਵਿੱਚ ਮੁਜ਼ਾਰਾ ਲੜਾਈਆਂ ਲੜੀਆਂ ਸਨ।

ਰਾਵਲਪਿੰਡੀ ਡਵੀਜ਼ਨ ਵਿੱਚ ਕੰਮ ਬਹੁਤ ਹੀ ਘੱਟ ਸੀ ਪਰ ਕਸਬਿਆਂ ਅਤੇ ਸ਼ਹਿਰਾਂ ਵਿਚ ਸੋਸ਼ਲਿਸਟ ਕਾਰਕੁਨ ਕਾਫੀ ਸਨ। ਰਾਵਲਪਿੰਡੀ ਸ਼ਹਿਰ ਸਮਾਜਵਾਦੀ ਖਿਆਲਾਂ ਦੇ ਲੋਕਾਂ ਦਾ ਗੜ੍ਹ ਸੀ। ਪਰਾਟੀ ਦੇ ਫੈਸਲੇ ਅਨੁਸਾਰ ਇਨ੍ਹਾਂ ਸਮਾਜਵਾਦੀ ਵਿਚਾਰਾਂ ਤੇ ਵਿਅਕਤੀਆਂ ਰਾਹੀ ਕਿਸਾਨ ਕਮੇਟੀਆਂ ਬਣਾਉਣ ਦਾ ਪ੍ਰੋਗਰਾਮ ਬਣਾਇਆ ਗਿਆ ਸੀ ਅਤੇ ਗੁਜਰਾਂਵਾਲਾ, ਸਿਆਲਕੋਟ ਅਤੇ ਸਰਗੋਧਾ ਵਿਚ ਕਿਸਾਨ ਕਮੇਟੀਆਂ ਬਣਨੀਆਂ ਸ਼ੁਰੂ ਹੋ ਗਈਆਂ ਸਨ।

ਹਰਿਆਣਵੀ ਇਲਾਕੇ ਵਿੱਚ ਛੋਟੂ ਰਾਮ ਭਾਰੂ ਸੀ। ਪਾਰਟੀ ਦੀਆਂ ਸਾਰੀਆਂ ਜਾਨ ਤੋੜ ਕੋਸ਼ਿਸ਼ ਦੇ ਬਾਵਜੂਦ ਕਾਮਯਾਬੀ ਆਸ ਮੁਤਾਬਕ ਨਾ ਹੋ ਸਕੀ।

ਦਰਅਸਲ 1936-37 ਵਿੱਚ ਪੰਜਾਬ ਦੇ ਕਿਸਾਨੀ ਮਸਲੇ ਦਾ ਪਲੈਨ ਤਿਆਰ ਕਰਨ ਲੱਗਿਆਂ ਕਿਰਤੀ ਪਾਰਟੀ ਨੇ ਨੀਲੀ ਬਾਰ ਤੇ ਕਾਂਗੜੇ ਨੂੰ ਪਹਿਲ ਦਿੱਤੀ ਸੀ।

ਕੇਂਦਰੀ ਪੰਜਾਬ ਦੇ ਸਾਰੇ ਸਰਗਰਮ ਕਾਰਕੁਨ ਇਸ ਮੋਰਚੇ 'ਤੇ ਭੇਜ ਦਿੱਤੇ ਗਏ ਸਨ। ਜਿਸ ਨਾਲ ਕਾਫੀ ਸਫਲਤਾਵਾਂ ਵੀ ਪ੍ਰਾਪਤ ਹੋਈਆਂ ਸਨ।

ਕਿਰਤੀ ਪਾਰਟੀ ਦਾ ਕਾਂਗਰਸ ਦੇ ਅੰਦਰ ਕੰਮ (1937-39)

1935 ਦੇ ਲਖਨਊ ਕਾਂਗਰਸ ਅਜਲਾਸ ਸਮੇਂ ਕਮਿਊਨਿਸਟਾਂ ਨੇ ਕਾਂਗਰਸ 'ਚ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ ਸੀ। ਪੰਜਾਬ ਦੇ ਕਿਰਤੀ ਕਮਿਊਨਿਸਟਾਂ ਨੇ ਮਾਹਲਪੁਰ, ਗੜ੍ਹਦੀਵਾਲਾ ਅਤੇ ਸਰਹਾਲੀ ਵਿੱਚ ਕਾਂਗਰਸ ਨਾਲ ਸਾਂਝੀਆਂ ਕਾਨਫਰੰਸਾਂ ਕੀਤੀਆਂ। ਜਿਨ੍ਹਾਂ ਵਿੱਚ ਲੱਖ ਲੱਖ ਤੋਂ ਉੱਪਰ ਲੋਕ ਸ਼ਾਮਲ ਹੋਏ ਸਨ। ਇਹ ਲੋਕ ਮੁੱਖ ਤੌਰ 'ਤੇ ਪੰਡਤ ਜਵਾਹਰ ਲਾਲ ਦੇ ਦਰਸ਼ਨਾਂ ਲਈ ਆਏ ਸਨ। ਪਰ ਇਨ੍ਹਾਂ ਕਮਿਊਨਿਸਟ ਵਿਚਾਰਾਂ ਨੂੰ ਵੀ ਸੁਣਿਆਂ ਸੀ। ਇਹ ਕਾਨਫਰੰਸਾਂ 1937 ਦੀਆਂ ਚੋਣਾਂ ਲੜੀਆਂ ਸਨ।

ਏਸੇ ਸਮੇਂ ਚੀਮਾਂ ਕਲਾਂ ਵਿੱਚ ਹੋਈ ਮਜ਼ਦੂਰ-ਕਿਸਾਨ ਵਿੱਚ ਲੋਕਾਂ ਦੇ ਮੁਖ ਨਾਹਰੇ ਸਨ:

"ਕਿਸਾਨ ਕਹਾਣੀ—ਹੈ ਨਹੀਂ ਪਾਣੀ"
"ਦੁਖੀ ਪਰਜਾ—ਹੈ ਨਹੀਂ ਕਰਜ਼ਾ"
"ਕਿਸਾਨ ਨਾਹਰਾ—ਹੈ ਨਹੀਂ ਹਾਲਾ"

ਮੁਲਕ ਦੀ ਪੂਰਨ ਅਜ਼ਾਦੀ ਅਤੇ ਸਿਆਸੀ ਕੈਦੀਆਂ ਤੇ ਨਜ਼ਰਬੰਦਾਂ ਦੀ ਰਿਹਾਈ ਦੇ ਨਾਲ ਨਾਲ ਇਹ ਮੁਕਾਮੀ ਤੇ ਆਰਥਕ ਮੰਗਾਂ ਦੇ ਨਾਹਰੇ ਸਨ। ਜਦਕਿ ਉਪਰਲੀਆਂ ਤਿੰਨ੍ਹਾਂ ਕਾਨਫਰੰਸਾਂ ਵਿੱਚ "ਪੰਡਤ ਜਵਾਹਰ ਲਾਲ ਕੀ ਜੈ", "ਮਹਾਤਮਾ ਗਾਂਧੀ ਕੀ ਜੈ" ਦੇ ਨਾਹਰੇ ਹੀ ਭਾਰੂ ਸਨ। ਸਗੋਂ ਸਿਆਸੀ ਮਸਲਿਆਂ ਤੋਂ ਵੀ ਵਾਧ ਭਾਰੂ। ਜ਼ਿਲ੍ਹੇ ਭਰ ਦੇ ਕਿਸਾਨਾਂ ਨੇ ਚੀਮਾਂ ਕਲਾਂ ਦੇ ਕਿਸਾਨਾਂ ਦੀ ਚੱਲ ਰਹੀ ਹੜਤਾਲ ਦਾ ਸਾਥ ਦੇਣ ਦਾ ਯਕੀਨ ਦੁਆਇਆ ਸੀ।

ਇਸ ਭਰਾਤਰੀ ਮਦਦ ਸਦਕਾ ਹੀ ਚੀਮਾ ਕਲਾਂ ਦੇ ਕਿਸਾਨਾਂ ਦੀ ਹੜਤਾਲ ਕਾਮਯਾਬ ਹੋਈ ਸੀ। ਪਹਿਲੀਆਂ ਤਿੰਨ ਕਾਨਫਰੰਸਾਂ ਵਿੱਚ ਕਾਂਗਰਸ ਦੀ ਜੈ ਜੈ ਕਾਰ ਰਹੀ ਸੀ ਅਤੇ ਸਾਰੀਆਂ ਜਮਾਤਾਂ ਦਾ ਇਤਫ਼ਾਕ ਰਿਹਾ ਸੀ। ਪਰ ਚੀਮਾਂ ਕਲਾਂ ਵਿੱਚ ਕਬਜ਼ੇ ਹੇਠ ਦੱਬੇ ਮਜ਼ਦੂਰਾਂ ਕਿਸਾਨਾਂ ਦਾ ਇਤਫਾਕ ਤਾਂ ਹੋ ਗਿਆ ਪਰ ਸ਼ਾਹੂਕਾਰ ਨਿਵਾਜ਼ ਕਾਂਗਰਸੀ ਨਰਾਜ਼ ਹੋ ਗਏ ਸਨ।

ਸਰਕਾਰ ਨੇ ਵੀ ਇਨ੍ਹਾਂ ਚੌਹਾਂ ਕਾਨਫਰੰਸਾਂ ਦਾ ਆਪਣੇ ਨੁਕਤਾ-ਨਿਗਾਹ ਤੋਂ ਵੱਖਰੇਵਾਂ ਕੀਤਾ ਸੀ। ਚੀਮਾਂ ਕਲਾਂ ਕਾਨਫਰੰਸ ਨੂੰ ਸਰਕਾਰ ਦੇ ਖਿਲਾਫ ਇਕ ਨਵੀਂ ਆਫ਼ਤ ਸਮਝਿਆ ਸੀ। ਇਸ ਕਾਨਫਰੰਸ ਦੇ ਪ੍ਰਧਾਨ ਸਮੇਤ ਚਾਰ ਲੀਡਰਾਂ, ਮੁਨਸ਼ੀ ਅਹਿਮਦਦੀਨ, ਸੋਢੀ ਪਿੰਡੀ ਦਾਸ, ਕਾਮਰੇਡ ਅਬਦੁਲ ਅਜ਼ੀਜ਼ ਰਾਵਲਪਿੰਡੀ ਤੇ ਉਜਾਗਰ ਸਿੰਘ ਉਲਟ ਨੂੰ 124 ਅਲਫ਼ ਹੇਠ ਬਾਗ਼ੀਆਨਾ ਤਕਰੀਰਾਂ ਦੇ ਦੋਸ਼ ਵਿੱਚ ਗ੍ਰਿਫਤਾਰ ਕਰਕੇ ਸਾਲ-ਸਾਲ, ਦੋ-ਦੋ ਸਾਲ ਦੀ ਸਜ਼ਾ ਦੇ ਦਿੱਤੀ ਸੀ। ਜਦੋਂ ਕਿ

ਦੂਜੀਆਂ ਤਿੰਨੇ ਕਾਨਫਰੰਸਾਂ ਵਿੱਚ ਬੋਲਣ ਵਾਲਿਆਂ ਵਿਰੁੱਧ ਕੋਈ ਐਕਸ਼ਨ ਨਹੀਂ ਸੀ ਲਿਆ ਗਿਆ।

ਚੀਮਾਂ ਕਲਾਂ ਕਾਨਫਰੰਸ ਦੇ ਮੌਕੇ ਹੀ ਉਥੇ 20 ਜੂਨ 1936 ਨੂੰ ਰਿਆਸਤੀ ਪਰਜਾ ਦਾ ਅਜਲਾਸ ਵੀ ਹੋਇਆ ਸੀ, ਜਿਸ ਵਿੱਚ ਰਿਆਸਤ ਕਪੂਰਥਲਾ ਦੀ ਪਰਜਾ 'ਤੇ ਮਹਾਰਾਜਾ ਕਪੂਰਥਲਾ ਵੱਲੋਂ ਕੀਤੇ ਜਾ ਰਹੇ ਅਤਿਆਚਾਰਾਂ ਦੀ ਪੁਰਜ਼ੋਰ ਮੁਜ਼ੱਮਤ ਕੀਤੀ ਗਈ ਸੀ ਤੇ ਰਿਆਸਤ 'ਚ ਲੱਗੇ ਭਾਰੀ ਟੈਕਸਾਂ ਤੇ ਮਾਲੀਏ, ਬੇਗਾਰਾਂ ਦੇ ਖ਼ਿਲਾਫ ਅਵਾਜ਼ ਉਠਾਈ ਗਈ ਸੀ।

ਏਸ ਦੌਰਾਨ ਹੀ ਕਿਰਤੀ ਕਮਿਊਨਿਸਟ ਨੇ ਸੂਬਾ ਕਮੇਟੀ ਦਾ ਇਨਲਾਰਜਡ (ਵਧਾਇਆ ਹੋਇਆ) ਅਜਲਾਸ ਬਿਲਗੇ ਵਿੱਚ ਬੁਲਾਇਆ ਸੀ, ਜਿਸ ਦੀ ਪ੍ਰਧਾਨਗੀ ਬਾਬਾ ਅਰੂੜ ਸਿੰਘ ਨੇ ਕੀਤੀ ਸੀ। ਇਸ ਅਜਲਾਸ ਵਿੱਚ ਬਾਬਾ ਗੁਰਮੁੱਖ ਸਿੰਘ ਦੀ ਥਾਂ ਭਗਤ ਸਿੰਘ ਬਿਲਗਾ ਨੂੰ ਸੂਬੇ ਦਾ ਸਕੱਤਰ ਬਣਾ ਦਿੱਤਾ ਗਿਆ ਸੀ। ਇਸ ਅਜਲਾਸ ਦਾ ਵਿਚਾਰ ਸੀ ਕਿ ਕਾਂਗਰਸ ਤੋਂ ਬਾਹਰ ਰਹਿਕੇ ਮਿਲਵੇਂ ਫਰੰਟ ਦੀ ਕਾਮਯਾਬੀ ਨਹੀਂ ਹੋਵੇਗੀ। ਇਸ ਲਈ ਕਾਂਗਰਸ ਦੀ ਜਥੇਬੰਦੀ ਵਿੱਚ ਸ਼ਾਮਲ ਹੋਇਆ ਜਾਵੇ।

ਗਾਂਧੀਵਾਦ ਤੇ ਕਾਂਗਰਸ ਨਾਲ ਮੱਤਭੇਦ ਰੱਖਣ ਵਾਲੇ ਕਿਰਤੀ ਵਰਕਰਾਂ ਨੂੰ ਕਾਂਗਰਸ ਵਿੱਚ ਸ਼ਾਮਲ ਹੋਣ ਲਈ ਅਪੀਲ ਕੀਤੀ ਗਈ। ਕਿਰਤੀ ਵਰਕਰਾਂ ਲਈ ਉਸ ਸਮੇਂ ਇਹ ਬੜੀ ਔਖੀ ਗੱਲ ਸੀ। ਇਸ ਲਈ ਇਹ ਫੈਸਲਾ ਲਿਆ ਗਿਆ ਕਿ ਖੁੱਲ੍ਹੇ ਤੌਰ 'ਤੇ ਕੰਮ ਕਰ ਰਹੇ ਉੱਘੇ ਕਿਰਤੀ ਲੀਡਰ ਕਾਂਗਰਸ ਦੇ ਮੈਂਬਰ ਬਨਣ ਦੀ ਪਹਿਲਕਦਮੀ ਕਰਨ। ਬਾਬਾ ਅਰੂੜ ਸਿੰਘ, ਡਾਕਟਰ ਭਾਗ ਸਿੰਘ, ਬੂਝਾ ਸਿੰਘ, ਭਗਤ ਸਿੰਘ, ਮੁਨਸ਼ੀ ਅਹਿਮਦਦੀਨ, ਮੁਬਾਰਕ ਸਾਗਰ, ਮੋਹਣ ਲਾਲ ਅਤੇ ਕਰਤਾਰ ਸਿੰਘ ਗਿੱਲ ਆਦਿ ਚੋਣਵੇਂ ਕਿਰਤੀ ਲੀਡਰਾਂ ਨੂੰ ਕਾਂਗਰਸ ਦੇ ਫਾਰਮ ਭਰਨ ਦੇ ਆਦੇਸ਼ ਦਿੱਤੇ ਗਏ ਸਨ।

ਇਨ੍ਹਾਂ ਗ਼ਦਰੀ ਕਮਿਊਨਿਸਟਾਂ ਨੇ ਖੱਦਰ ਪਹਿਨ ਲਿਆ ਅਤੇ ਸਹੁੰ ਖਾਧੀ "ਮੈਂ ਆਦਤਨ ਤੇ ਕੁਲੀਤਨ ਖੱਦਰ ਪਹਿਨਦਾ ਹਾਂ।" ਉਸ ਸਮੇਂ ਖੱਦਰ ਕੌਮੀ ਵਰਕਰਾਂ ਦੀ ਵਰਦੀ ਦਾ ਦਰਜਾ ਅਖਤਿਆਰ ਕਰ ਚੁੱਕਾ ਸੀ। ਲਾਲ ਕੋਟ ਪੈਂਟ ਵਾਲੇ ਕਮਿਊਨਿਸਟ ਸਫੈਦ ਖੱਦਰ ਪਾਉਣ ਲੱਗ ਪਏ ਸਨ। ਅਲਹਿਦਾ ਦਿਸਣ ਵਾਲੇ ਇਨਕਲਾਬੀ ਦੇਸ ਦੀ ਕੌਮੀ ਮੁਖਧਾਰਾ ਵਿੱਚ ਸ਼ਾਮਲ ਹੋ ਗਏ ਸਨ। ਕਿਉਂਕਿ ਇਨ੍ਹਾਂ ਨੇ ਜੇਲ੍ਹ ਕਟਣ ਤੋਂ ਬਿਨ੍ਹਾਂ ਜਾਂ ਹਥਿਆਰਾਂ ਦੀ ਮੁਹਾਰਤ ਹਾਸਲ ਕਰਨ ਤੋਂ ਬਿਨ੍ਹਾਂ ਹੋਰ ਕੁਝ ਕੀਤਾ ਹੀ ਨਹੀਂ ਸੀ, ਇਸ ਕਰਕੇ ਇਹ ਚਰਖੇ ਦੀ ਕਤਾਈ ਵੇਲੇ ਕਾਂਗਰਸੀਆਂ ਦੇ ਮੁਕਾਬਲੇ ਵਿੱਚ ਫਾਡੀ ਹੀ ਰਹਿੰਦੇ ਸਨ। ਹਰੀਜਨ ਬਸਤੀਆਂ ਦੀ ਸਫਾਈ ਤੇ ਪਰੀਤੀ ਭੋਜਨਾਂ 'ਚ ਇਨ੍ਹਾਂ ਨੇ ਅੱਗੇ ਹੋ ਕੇ ਸ਼ਮੂਲੀਅਤ ਕੀਤੀ ਸੀ। ਕਿਰਤੀ ਵਰਕਸ ਕਾਂਗਰਸ ਦੀਆਂ ਪ੍ਰਭਾਤ ਫੇਰੀਆਂ ਵਿੱਚ ਵੀ ਸ਼ਾਮਲ ਹੁੰਦੇ ਸਨ। ਇਹ ਮਹਾਤਮਾ ਗਾਂਧੀ ਦੇ "ਉਠ ਜਾਗ ਮੁਸਾਫਰ ਭੋਰ ਭਈ ਅਬ...." ਦੇ ਭਜਨ ਤੋਂ ਬਾਅਦ ਸ਼ਹੀਦ ਰਾਮਪ੍ਰਸ਼ਾਦ ਬਿਸਮਿਲ ਦੀ ਨਜ਼ਮ "ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ" ਗਾਉਣੀ ਸ਼ੁਰੂ ਕਰ ਦਿੰਦੇ ਸਨ। ਮਹਾਤਮਾ ਗਾਂਧੀ

ਦੀ ਜੈ ਤੋਂ ਬਾਅਦ ਸ਼ਹੀਦਾਨੇ ਵਤਨ ਭਗਤ ਸਿੰਘ, ਰਾਜਗੁਰੂ, ਸੁਖਦੇਵ ਜ਼ਿੰਦਾਬਾਦ ਦੇ ਨਾਹਰੇ ਵੀ ਲਾਉਂਦੇ ਸਨ। ਇਸ ਤੋਂ ਬਾਅਦ ਇਨਕਲਾਬ ਜ਼ਿੰਦਾਬਾਦ ਦੇ ਨਾਹਰੇ ਲਾਉਣ ਲੱਗ ਪੈਂਦੇ ਸਨ। ਸ਼ਾਹੀ ਕੈਦੀਆਂ ਤੇ ਨਜ਼ਰਬੰਦਾਂ ਦੀ ਰਿਹਾਈ ਦਾ ਪੁਰਜ਼ੋਰ ਮੁਤਾਲਬਾ ਕਰਦੇ ਸਨ। ਇਸ ਤਰ੍ਹਾਂ ਕਾਂਗਰਸੀ ਜਲੂਸਾਂ ਵਿੱਚ ਇਕ ਨਵਾਂ ਮੋੜ ਤੇ ਨਵੇਂ ਨਾਹਰੇ ਮਕਬੂਲ ਹੋ ਰਹੇ ਸਨ। ਬਿਲਗੇ ਦੇ ਅਜਲਾਸ ਵਿੱਚ ਇਹ ਵੀ ਪਾਸ ਹੋਇਆ ਸੀ ਕਿ ਕਿਰਤੀ ਆਪਣੀ ਅਜ਼ਾਦ ਹਸਤੀ ਵੀ ਕਾਇਮ ਰੱਖਣ ਅਤੇ ਕਿਸਾਨ ਮਜ਼ਦੂਰ ਤੇ ਹੋਰ ਜਮਾਤੀ ਜਥੇਬੰਦੀਆਂ ਜ਼ਿਆਦਾ ਮਜ਼ਬੂਤ ਕੀਤੀਆਂ ਜਾਣ, ਕਾਂਗਰਸ ਪ੍ਰੋਗਰਾਮ 'ਚ ਖੱਬੇ ਮੋਰਚੇ ਵੱਲੋਂ ਮੰਨਵਾਏ ਉਸਾਰੂ ਫੈਸਲਿਆਂ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਵੇ, ਜਿਨ੍ਹਾਂ ਵਿੱਚ ਲੋਕਾਂ ਦੀਆਂ ਆਰਥਕ ਮੰਗਾਂ ਦਾ ਜ਼ਿਕਰ ਹੋਵੇ।

ਕਿਰਤੀ ਵਰਕਰਾਂ ਨੇ ਪਿੰਡ-ਪਿੰਡ ਕਾਂਗਰਸ ਕਮੇਟੀਆਂ ਵੀ ਬਨਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ ਜਿਨ੍ਹਾਂ ਵਿੱਚ ਕੌਮੀ ਖਿਆਲ ਰੱਖਣ ਹਰ ਤਬਕੇ ਦੇ ਲੋਕਾਂ ਦੀ ਭਰਤੀ ਕੀਤੀ ਜਾਂਦੀ ਸੀ। 1937 ਦਾ ਸਾਲ ਇਸ ਮੋੜ 'ਚ ਖਾਸ ਅਹਿਮੀਅਤ ਰੱਖਦਾ ਹੈ। 1938 ਚੜ੍ਹਦੇ ਹੀ ਕਾਂਗਰਸ ਦੀਆਂ ਚੋਣਾਂ ਹੋਈਆਂ ਸਨ। ਪੰਜਾਬ ਭਰ ਵਿੱਚੋਂ, ਖਾਸ ਕਰਕੇ ਦਿਹਾਤੀ ਇਲਾਕਿਆਂ 'ਚੋਂ ਕਿਰਤੀ ਲੀਡਰ ਸੂਬੇ ਲਈ ਕਾਂਗਰਸੀ ਡੈਲੀਗੇਟ ਚੁਣੇ ਗਏ ਸਨ। ਜ਼ਿਲ੍ਹਾ ਜਲੰਧਰ ਦੇ 21 ਡੈਲੀਗੇਟਾਂ ਵਿੱਚੋਂ 18 ਡੈਲੀਗੇਟ ਕਿਰਤੀ ਚੁਣੇ ਗਏ ਸਨ। ਇਹ ਬੂਝਾ ਸਿੰਘ ਦੀ ਮਿਹਨਤ ਦਾ ਨਤੀਜਾ ਸੀ।

ਹਰਬੰਸ ਸਿੰਘ ਕਰਨਾਣਾ, ਅਜੀਤ ਸਿੰਘ ਗੱੜ੍ਹਭਦਾਣਾ, ਗੁਰਬਖਸ਼ ਸਿੰਘ ਅੱਟਾ, ਗੁਰਬਚਨ ਰੰਧਾਵਾ, ਮੁਹੰਮਦ ਅਲੀ ਪਾਸਲਵੀ, ਜਵਾਲਾ ਸਿੰਘ ਸਾਦਕਪੁਰ, ਬਿਅੰਤ ਸਿੰਘ ਕੰਗ, ਮਹਿੰਦਰ ਸਿੰਘ ਕਾਲਾ, ਜਵਾਲਾ ਸਿੰਘ ਬੜਾ ਪਿੰਡ, ਚੈਨ ਸਿੰਘ ਚੈਨ, ਗੰਧਰਵ ਸੈਨ ਨੂਰਮਹਿਲ, ਵਿਸ਼ਨੂ ਦੱਤ ਸ਼ਰਮਾ, ਜਗਜੀਤ ਸਿੰਘ ਜੱਗੀ, ਮੁਹੰਮਦ ਅਨਵਰ। ਇਸ ਵੇਲੇ ਇਹ ਕਿਰਤੀ ਪਾਰਟੀ ਵਿੱਚ ਸ਼ਾਮਲ ਹੋਏ ਸਨ। ਪੁਰਾਣਾ ਗ਼ਦਰੀ ਲਹਿਰ ਦਾ ਮੁਹੰਮਦਾ ਵੀ ਉਦੋਂ ਹੀ ਸੰਪਰਕ 'ਚ ਆਇਆ ਸੀ।

ਸੂਬਾ ਕਾਂਗਰਸ ਦੀ ਪ੍ਰਧਾਨਗੀ ਲਈ ਕਾਂਗਰਸ ਦੇ ਦੋ ਧੜਿਆਂ 'ਚ ਟੱਕਰ ਸੀ। ਇਕ ਧੜੇ ਵਿੱਚ ਡਾ. ਸਤਿਆਪਾਲ, ਸਹਿਗਲ, ਛੰਨੋ ਦੇਵੀ, ਮੌਲਵੀ ਅਬਦੁਲ ਗਨੀ ਵਰਗੇ, ਗਾਂਹਵਧੂ ਕਾਂਗਰਸੀ, ਸ਼ੋਸ਼ਲਿਸਟ, ਕਿਰਤੀ ਕਮਿਊਨਿਸਟ ਅਤੇ ਨੌਜਵਾਨ ਸਭਾ ਵਾਲੇ ਸਨ, ਦੂਸਰੇ ਧੜੇ ਵਿੱਚ ਖਾਲਸਾ ਗਾਂਧੀਵਾਦੀ ਡਾਕਟਰ ਗੋਪੀਚੰਦ, ਅਚਿੰਤ ਰਾਮ, ਲਾਲਾ ਜਗਤ ਨਰਾਇਣ ਆਦਿ ਤੇ ਅਕਾਲੀ ਕਾਂਗਰਸੀਏ ਸ਼ਾਮਲ ਸਨ। ਬਦਕਿਸਮਤੀ ਨਾਲ ਕਮਿਊਨਿਸਟਾਂ (ਜੋਸ਼ ਗਰੁੱਪ) ਨੇ ਕਾਂਗਰਸ ਦੇ ਗਾਂਧੀਵਾਦੀ ਸੱਜੇ ਕਾਂਗਰਸੀਆਂ ਤੇ ਕਾਂਗਰਸ ਅਕਾਲੀ ਗਠਜੋੜ ਦੀ ਹਮਾਇਤ ਕੀਤੀ ਸੀ। ਜਦਕਿ ਖੱਬੇ ਮੋਰਚੇ ਵੱਲੋਂ ਕੀਤੇ ਫੈਸਲਿਆਂ ਅਨੁਸਾਰ ਇਨ੍ਹਾਂ ਨੂੰ ਅਗਾਂਵਧੂ ਕਾਂਗਰਸੀਆਂ, ਸ਼ੋਸ਼ਲਿਸਟਾਂ ਤੇ ਕਿਰਤੀ ਕਮਿਊਨਿਸਟਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਸੀ। ਇਸ ਦੇ ਬਾਵਜੂਦ ਚੋਣ ਵਿੱਚ ਅਗਾਂਵਧੂ ਧੜੇ ਦੀ ਜਿੱਤ ਹੋਈ ਸੀ ਅਤੇ ਡਾਕਟਰ ਸਤਿਆਪਾਲ ਸੂਬੇ ਦੇ ਪ੍ਰਧਾਨ

ਅਤੇ ਮਾਸਟਰ ਰਾਜਾ ਰਾਮ (ਮਾਰਸ਼ਲ ਲਾਅ ਦੇ ਉਮਰ ਕੈਦੀ) ਜਨਰਲ ਸਕੱਤਰ ਚੁਣੇ ਗਏ ਸਨ। ਸੂਬਾ ਕਾਂਗਰਸ ਵਰਕਿੰਗ ਕਮੇਟੀ ਵਿੱਚ ਡਾਕਟਰ ਭਾਗ ਸਿੰਘ, ਮੁਨਸ਼ੀ ਅਹਿਮਦਦੀਨ, ਭਗਤ ਸਿੰਘ ਬਿਲਗਾ, ਮੁਬਾਰਕ ਸਾਗਰ ਅਤੇ ਕਰਤਾਰ ਸਿੰਘ ਗਿੱਲ ਲਏ ਗਏ ਸਨ। (ਦਰਅਸਲ ਸੂਬੇ ਦੀ ਕਾਂਗਰਸ ਵਿੱਚ ਹੁਣ ਕਿਰਤੀਆਂ ਅਤੇ ਸ਼ੋਸ਼ਲਿਸਟਾਂ ਦਾ ਹੀ ਬੋਲਬਾਲਾ ਸੀ। ਆਲ ਇੰਡੀਆ ਕਾਂਗਰਸ ਕਮੇਟੀ ਵਿੱਚ ਵੀ ਭਗਤ ਸਿੰਘ ਬਿਲਗਾ, ਮੁਨਸ਼ੀ ਅਹਿਮਦਦੀਨ, ਮੁਬਾਰਕ ਸਾਗਰ ਚੁਣੇ ਗਏ ਸਨ ਜਿਨ੍ਹਾਂ ਨੇ ਆਲ ਇੰਡੀਆ ਕਾਂਗਰਸ ਸ਼ੈਸ਼ਨ (1938 ਹਰੀਪੁਰਾ, ਗੁਜਰਾਤ) ਵਿੱਚ ਸ਼ਾਮਲ ਹੋਣਾ ਸੀ। ਜ਼ਿਲ੍ਹਾ ਕਾਂਗਰਸ ਕਮੇਟੀਆਂ ਦੀਆਂ ਚੋਣਾਂ ਵਿੱਚ ਕਿਰਤੀ ਧੜੇ ਦਾ ਹੱਥ ਉੱਤੇ ਸੀ। ਇਸ ਕਰਕੇ ਸ਼ਹਿਰੀ ਤੇ ਪੇਂਡੂ ਕਾਂਗਰਸ ਜਲਸਿਆਂ ਵਿੱਚ ਬੋਲਣ ਵਾਲਿਆਂ ਵਿੱਚ ਕਿਰਤੀ ਧੜੇ ਦੇ ਲੀਡਰ ਹੀ ਮੁਖ ਬੁਲਾਰੇ ਹੁੰਦੇ ਸਨ। ਖੱਦਰ ਕਤਾਈ ਤੇ ਸਫਾਈ ਆਦਿ ਦਾ ਪ੍ਰੋਗਰਾਮ ਮੱਧਮ ਪੈਂਦਾ ਗਿਆ ਅਤੇ ਖੱਬੇ ਮੋਰਚੇ ਦਾ ਆਰਥਕ ਪ੍ਰੋਗਰਾਮ ਅਤੇ ਰਿਹਾਈਆਂ ਦੀ ਮੰਗ ਜ਼ੋਰ ਫੜਦੀ ਗਈ।

ਜ਼ਿਲ੍ਹਾ ਜਲੰਧਰ ਵਿੱਚ ਕਿਰਤੀ ਪਾਰਟੀ ਵੱਲੋਂ ਕਾਂਗਰਸ ਦੇ ਜਨ ਸੰਪਰਕ ਪ੍ਰੋਗਰਾਮ ਨੂੰ ਨਿਭਾਉਣ ਦੀ ਇਕ ਅਦੁੱਤੀ ਮਿਸਾਲ ਪੇਸ਼ ਹੈ। ਜਿਸ ਵਿੱਚ ਉਸ ਸਮੇਂ ਪੰਡਤ ਮੂਲ ਰਾਜ ਪ੍ਰਧਾਨ ਅਤੇ ਭਗਤ ਸਿੰਘ ਬਿਲਗਾ ਜਨਰਲ ਸਕੱਤਰ ਸਨ। ਜ਼ਿਲ੍ਹਾ ਕਾਂਗਰਸ ਕਮੇਟੀ ਨੇ ਫੈਸਲਾ ਕੀਤਾ ਕਿ ਜ਼ਿਲ੍ਹੇ ਵਿੱਚ ਇਕ ਪੰਦਰਵਾੜਾ ਮਨਾਇਆ ਜਾਵੇ। ਜਿਸ ਵਿੱਚ ਜ਼ਿਲ੍ਹੇ ਦੇ ਹਰ ਪਿੰਡ ਵਿੱਚ ਜਲਸਾ ਕੀਤਾ ਜਾਵੇ ਤੇ ਕਾਂਗਰਸ ਭਰਤੀ ਦੇ ਫਾਰਮ ਦੇ ਪਿਛਲੇ ਪਾਸੇ ਛਪੀਆਂ ਆਰਥਕ ਮੰਗਾਂ ਦੇ ਅਧਾਰ 'ਤੇ ਮਤੇ ਪਾਸ ਕੀਤੇ ਜਾਣ। ਹਰ ਪਿੰਡ ਤੋਂ ਪਾਸ ਕੀਤੇ ਇਨ੍ਹਾਂ ਮਤਿਆਂ ਦੀ ਇਕ ਕਾਪੀ ਪੰਜਾਬ ਗੌਰਮਿੰਟ ਨੂੰ ਅਤੇ ਦੂਜੀ ਆਲ ਇੰਡੀਆ ਕਾਂਗਰਸ ਕਮੇਟੀ ਨੂੰ ਅਲਾਹਾਬਾਦ ਵਿੱਚ ਭੇਜੀ ਜਾਵੇ ਅਤੇ ਤੀਜੀ ਕਾਪੀ ਕਾਂਗਰਸ ਦੇ ਸੂਬਾ ਕਮੇਟੀ ਦੇ ਦਫਤਰ ਵਿੱਚ ਭੇਜੀ ਜਾਵੇ। ਬਜ਼ੁਰਗ ਨੇਤਾ ਪੰਡਤ ਮੂਲ ਰਾਜ ਨੇ ਜ਼ਿਲ੍ਹੇ ਦੇ ਦਫ਼ਤਰ ਦਾ ਕੰਮ ਸੰਭਾਲ ਲਿਆ ਸੀ। ਫੈਸਲਾ ਹੋਇਆ ਕਿ 15 ਦਿਨ ਲਗਾਤਾਰ ਪਿੰਡਾਂ ਵਿੱਚ ਹਰ ਰੋਜ਼ 76 ਜਲਸੇ ਕੀਤੇ ਜਾਣ। ਸਾਰੇ ਜ਼ਿਲ੍ਹੇ ਵਿੱਚ ਚਾਰ-ਚਾਰ ਕਾਰਕੁੰਨਾਂ ਦੇ 19 ਸੁਕੈਡ ਬਣਾਏ ਗਏ। ਹਰ ਸੁਕੈਡ ਇਕ ਦਿਨ ਵਿੱਚ ਵੱਖ ਵੱਖ ਚਾਰ ਪਿੰਡਾਂ ਵਿੱਚ ਜਲਸੇ ਕਰਦਾ ਸੀ। ਇਨ੍ਹਾਂ ਵਿੱਚ ਇਕ ਕਵਿਤਾ ਪੜ੍ਹਦਾ, ਦੂਸਰਾ ਜ਼ਿਲ੍ਹੇ ਵੱਲੋਂ ਛਾਪ ਕੇ ਭੇਜੇ ਗਏ ਮਤਿਆਂ ਨੂੰ ਪੜ੍ਹ ਕੇ ਸੁਣਾਉਂਦਾ ਤੇ ਉਨ੍ਹਾਂ ਦੀ ਵਜ਼ਾਹਤ ਕਰਦਾ, ਤੀਜਾ ਉਸ ਦੀ ਤਾਈਦ ਵਿੱਚ ਬੋਲਦਾ ਅਤੇ ਚੌਥਾ ਉਨ੍ਹਾਂ ਦੇ ਅੱਗੇ ਅੱਗੇ ਜਾ ਕੇ ਪਿੰਡਾਂ ਵਿੱਚ ਜਲਸੇ ਦੀ ਮੁਨਾਦੀ ਕਰਦਾ ਸੀ। ਛਪੇ ਮਤੇ ਉੱਤੇ ਜਲਸੇ ਦੇ ਪ੍ਰਧਾਨ ਸਮੇਤ ਲੋਕਾਂ ਦੇ ਦਸਤਖਤ ਕਰਵਾਕੇ ਡਾਕ ਰਾਹੀਂ ਭੇਜੇ ਜਾਂਦੇ ਸਨ। ਇਸ ਪ੍ਰਚਾਰ ਮੁਹਿੰਮ ਦਾ ਇੰਚਾਰਜ ਜ਼ਿਲ੍ਹੇ ਦਾ ਜਨਰਲ ਸਕੱਤਰ ਹੁੰਦਾ ਸੀ। ਇਹ ਕਿਰਤੀ ਪਾਰਟੀ ਦੇ ਰਸੂਖ ਵਾਲੇ ਦੂਸਰੇ ਜ਼ਿਲ੍ਹਿਆਂ ਵਿੱਚ ਵੀ ਕੀਤਾ ਗਿਆ ਸੀ। ਇਸ ਮੁਹਿੰਮ ਨਾਲ ਪੰਜਾਬ ਵਿੱਚ ਸਿਆਸੀ ਸੂਝ ਵਧੀ ਅਤੇ ਅਜ਼ਾਦੀ ਦੀ ਅਵਾਜ਼ ਪਛੜੇ ਪਿੰਡ

ਵਿੱਚ ਵੀ ਬੁਲੰਦ ਹੋਈ ਸੀ। ਨਵੇਂ ਕਾਂਗਰਸੀ ਵਰਕਰ ਪੈਦਾ ਹੋਏ। ਨਵੇਂ ਕਵੀ ਤੇ ਨਵੇਂ ਬੁਲਾਰੇ ਮੈਦਾਨ ਵਿੱਚ ਆਏ ਤੇ ਇਸ ਤਰ੍ਹਾਂ ਜਿਥੇ ਕਾਂਗਰਸ ਦਾ ਪ੍ਰਚਾਰ ਹੋਇਆ ਉਥੇ ਕਾਂਗਰਸ ਵਿੱਚ ਕਿਰਤੀ ਪਾਰਟੀ ਦੀ ਸਾਖ ਵੀ ਮਜ਼ਬੂਤ ਹੋਈ।

ਆਲ ਇੰਡੀਆ ਕਾਂਗਰਸ ਦੇ ਅਲਾਹਾਬਾਦ ਦਫ਼ਤਰ ਨੂੰ ਇਨ੍ਹਾਂ ਜਲਸਿਆਂ ਦੀਆਂ ਹਰ ਰੋਜ਼ 76 ਚਿੱਠੀਆਂ ਪੁੱਜਦੀਆਂ (ਇਕ ਹੀ ਜ਼ਿਲ੍ਹੇ ਵਿੱਚੋਂ) ਇਸ ਦੇ ਪ੍ਰਤੀਕਰਮ ਵੱਜੋਂ ਸੂਬਾ ਕਾਂਗਰਸ ਦਫਤਰ ਲਾਹੌਰ ਤੇ ਖਾਸਕਰ ਜ਼ਿਲ੍ਹਾ ਕਾਂਗਰਸ ਦਫਤਰ ਜਲੰਧਰ ਨੂੰ ਆਲ ਇੰਡੀਆ ਕਾਂਗਰਸ ਵੱਲੋਂ ਤਾੜਨਾ ਆ ਗਈ ਕਿ ਇਸ ਤਰ੍ਹਾਂ ਦੀ ਤੇ ਇਨ੍ਹਾਂ ਮੰਗਾਂ ਦੀ ਮੁਹਿੰਮ ਛੇੜਨ ਦਾ ਅਜੇ ਆਲ ਇੰਡੀਆ ਕਾਂਗਰਸ ਨੇ ਫੈਸਲਾ ਨਹੀਂ ਕੀਤਾ। ਇਸ ਨੂੰ ਬੰਦ ਕਰੋ। ਇਸ ਦੀ ਥਾਂ ਚਰਖਾ ਕੱਤਣ, ਖੱਦਰ ਪਹਿਨਣ ਤੇ ਹਰੀਜਨ ਬਸਤੀਆਂ ਦੀ ਸਫਾਈ ਦੇ ਕੰਮ 'ਤੇ ਅਮਲ ਕਰੋ। ਪਰ ਹੁਣ ਤਾਂ ਪੰਦਰਵਾੜਾ ਮੁੱਕ ਹੀ ਚੁੱਕਿਆ ਸੀ, ਤੇ ਕਿਰਤੀ ਪਾਰਟੀ ਕਾਂਗਰਸ ਵਿੱਚ ਅਮਲੀ ਪ੍ਰੋਗਰਾਮ 'ਤੇ ਸਫਲ ਹੋ ਚੁੱਕੀ ਸੀ। ਇਸ ਨਾਲ ਪੰਜਾਬ ਕਾਂਗਰਸ ਦਫਤਰ ਦਾ ਨਾਂ ਹੁਣ ਕਾਂਗਰਸ ਦੀ ਬਲੈਕਲਿਸਟ ਵਿੱਚ ਦਰਜ ਹੋ ਗਿਆ ਸੀ। ਉਨ੍ਹਾਂ ਨੂੰ ਸ਼ੱਕ ਪੈ ਗਿਆ ਕਿ ਪੰਜਾਬ ਵਿੱਚ ਕਿਰਤੀ ਪਾਰਟੀ ਕਾਂਗਰਸ ਦੀ ਅਗਵਾਈ ਕਰ ਰਹੀ ਹੈ। ਜਿਸ ਦੇ ਫਲਸਰੂਪ 1939 ਦੇ ਸ਼ੁਰੂ ਵਿੱਚ ਹੀ ਉਨ੍ਹਾਂ ਵੱਲੋਂ ਪੰਜਾਬ ਸੂਬਾ ਕਾਂਗਰਸ ਕਮੇਟੀ ਤੋੜ ਦਿੱਤੀ ਗਈ ਸੀ। ਤੇ ਇਨ੍ਹਾਂ ਦੀ ਥਾਂ ਡਾਕਟਰ ਗੋਪੀਚੰਦ ਭਾਰਗੋ ਨਵਾਜ਼ ਸੱਜੇ ਕਾਂਗਰਸੀਆਂ ਦੀ ਐਡਹਾਕ ਕਮੇਟੀ ਆਲ ਇੰਡੀਆ ਕਾਂਗਰਸ ਵੱਲੋਂ ਨਾਮਜ਼ਦ ਕਰ ਦਿੱਤੀ ਗਈ ਸੀ। ਬਦਕਿਸਮਤੀ ਨਾਲ ਜੋਸ਼ ਗਰੁੱਪ ਦੇ ਕਮਿਊਨਿਸਟਾਂ ਨੇ ਵੀ ਇਸ 'ਤੇ ਖੁਸ਼ੀਆਂ ਮਨਾਈਆਂ ਤੇ ਇਸ ਐਡਹਾਕ ਕਮੇਟੀ ਦੇ ਨਾਂ ਹੇਠ ਤੇ ਸ਼ਹਿਰਾਂ ਵਿੱਚ ਸ਼ੋਸ਼ਲਿਸਟ ਪਾਰਟ ਦੇ ਨਾਂ ਹੇਠ ਵੱਡੀਆਂ ਕਾਨਫਰੰਸਾਂ ਕੀਤੀਆਂ ਜਾਣ। ਇਸ ਫੈਸਲੇ ਅਨੁਸਾਰ ਬੜਾ ਪਿੰਡ, ਨੌਸ਼ਹਿਰਾ ਪੰਨੂਆਂ, 58 ਚੱਕ ਲਾਇਲਪੁਰ ਆਦਿ ਵਿੱਚ ਭਾਰੀ ਕਿਸਾਨ ਕਾਨਫਰੰਸਾਂ ਹੋਈਆਂ ਸਨ। ਅੰਮ੍ਰਿਤਸਰ, ਲਾਹੌਰ, ਲੁਧਿਆਣਾ, ਗੁਜਰਾਂਵਾਲਾ, ਲਾਇਲਪੁਰ, ਮੋਗਾ ਆਦਿ ਸ਼ਹਿਰਾਂ ਵਿੱਚ ਸੋਸ਼ਲਿਸਟ ਕਾਨਫਰੰਸਾਂ ਹੋਈਆਂ ਸਨ।

ਕਿਰਤੀ ਅਖ਼ਬਾਰ ਅੰਮ੍ਰਿਤਸਰ ਤੋਂ ਮੇਰਠ 'ਚ (1937)

ਯੂ. ਪੀ. ਆਦਿ ਸੂਬਿਆਂ ਵਿੱਚ ਕਾਂਗਰਸੀ ਵਜ਼ਾਰਤਾਂ ਕਾਇਮ ਹੋ ਗਈਆਂ ਸਨ ਅਤੇ ਯੂ. ਪੀ. ਵਿੱਚ ਪੰਡਤ ਪੰਤ ਮੁਖ ਮੰਤਰੀ ਬਣ ਗਿਆ ਸੀ। ਪੰਡਤ ਪੰਤ ਦੀ ਕਾਂਗਰਸੀ ਵਜ਼ਾਰਤ ਦਾ ਫਾਇਦਾ ਲੈਂਦਿਆਂ ਕਿਰਤੀਆਂ ਨੇ ਆਪਣਾ ਅਖ਼ਬਾਰ ਉਰਦੂ ਤੇ ਪੰਜਾਬੀ ਵਿੱਚ ਮੇਰਠ (ਯੂ.ਪੀ) ਤੋਂ ਕੱਢਣਾ ਸ਼ੁਰੂ ਕਰ ਦਿੱਤਾ ਸੀ। ਕਾਮਰੇਡ ਮੁਬਾਰਕ ਸਾਗਰ ਨੂੰ ਉਰਦੂ ਕਿਰਤੀ ਦਾ ਐਡੀਟਰ ਤੇ ਗੁਰਚਰਨ ਸਿੰਘ ਸਹਿੰਸਰਾ ਨੂੰ ਪੰਜਾਬੀ ਕਿਰਤੀ ਦਾ ਐਡੀਟਰ ਮੁਕੱਰਰ ਕੀਤਾ ਗਿਆ ਸੀ। ਬਾਬਾ ਕਰਮ ਸਿੰਘ ਧੂਤ ਪ੍ਰੈਸ ਦਾ ਮਾਲਕ ਅਤੇ ਦੂਲਾ ਸਿੰਘ ਤੇ ਸਰਦਾਰਾ ਸਿੰਘ ਯੂਥਪ ਸਟਾਫ ਮੈਂਬਰ ਸਨ। ਭਾਰਤ ਸਿੰਘ

ਉਰਦੂ ਲਿਖਾਰੀ ਪਹਿਲਾਂ ਹੀ ਯੂ. ਪੀ. ਵਿੱਚ ਸੀ। ਪ੍ਰੈਸ ਗ਼ਦਰ ਪਾਰਟੀ ਦੇ ਭੇਜੇ ਪੈਸੇ ਨਾਲ ਖਰੀਦਿਆ ਗਿਆ ਸੀ। ਇਸ ਨੂੰ ਬੰਦ ਕਰਾਉਣ ਲਈ ਕੇਂਦਰ ਦੀ ਹਕੂਮਤ ਅਤੇ ਪੰਜਾਬ ਦੀ ਹਕੂਮਤ ਨੇ ਪੰਡਤ ਪੰਤ ਉੱਤੇ ਬੜਾ ਜ਼ੋਰ ਪਾਇਆ ਪਰ ਪੰਡਤ ਪੰਤ ਨੇ ਪ੍ਰੈਸ ਦੀ ਅਜ਼ਾਦੀ ਜੇ ਅਸੂਲ ਨੂੰ ਮੁੱਖ ਰਖਦਿਆਂ ਕਿਰਤੀ ਪੇਪਰ ਦੇ ਖਿਲਾਫ਼ ਕੋਈ ਵੀ ਐਕਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਪੰਜਾਬ ਦੀ ਯੂਨੀਅਨਿਸਟ ਹਕੂਮਤ ਨੇ ਕਿਰਤੀ ਦਾ ਦਾਖਲਾ ਪੰਜਾਬ ਵਿੱਚ ਬੰਦ ਕਰ ਦਿੱਤਾ ਸੀ ਤੇ ਇਸ ਦਾ ਹਰ ਅੰਕ ਜ਼ਬਤ ਕਰ ਲਿਆ ਜਾਂਦਾ ਸੀ।

ਪੰਜਾਬ ਦੀ ਸਿਕੰਦਰ ਵਜ਼ਾਰਤ ਨੂੰ ਪਿੱਸੂ ਪੈ ਗਏ। ਪਰ ਦਿੱਲੀ, ਕਲਕੱਤਾ, ਕਾਨਪੁਰ, ਜਮਸੇਰਪੁਰ ਆਦਿ ਨੂੰ ਪਰਚੇ ਖੁੱਲ੍ਹੇ ਚਲੇ ਜਾਂਦੇ ਸਨ। ਕਿਰਤੀਆਂ ਨੇ ਪਰਚੇ ਨੂੰ ਹਰ ਹਾਲਤ ਪੰਜਾਬ ਪਹੁੰਚਾਉਣ ਦਾ ਫੈਸਲਾ ਕਰ ਲਿਆ ਸੀ। ਮੇਰਠ ਤੋਂ ਦਿੱਲੀ ਤੇ ਦਿੱਲੀ ਤੋਂ ਬਠਿੰਡੇ ਵੱਲ ਦੀ ਵੱਖ ਵੱਖ ਰਾਹ ਅਪਣਾਏ ਗਏ। ਖਾਸ ਖਾਸ ਸਾਥੀਆਂ ਦੀ ਪਰਚੇ ਰੇਲ ਰਾਹੀਂ ਲਿਜਾਣ ਦੀ ਡਿਊਟੀ ਲੱਗ ਗਈ। ਉਸ ਸਮੇਂ ਸੂਝਵਾਨ, ਦਲੇਰ ਗੁਪਤ ਵਰਕਰਾਂ ਦਾ ਘਾਟ ਨਹੀਂ ਸੀ। ਪੰਜਾਬ ਦੇ ਸ਼ਹਿਰ-ਸ਼ਹਿਰ ਤੇ ਪਿੰਡ-ਪਿੰਡ ਡਾਕ ਤੋਂ ਵੀ ਪਹਿਲਾਂ ਪਰਚਾ ਘਰ ਘਰ ਪਹੁੰਚ ਜਾਂਦਾ ਸੀ। ਇਹ ਕਿਸ ਤਰ੍ਹਾਂ ਤੇ ਕਿਵੇਂ ਹੋਇਆ, ਕਈਆਂ ਵਿੱਚੋਂ ਇਕ ਉਦਾਹਰਣ ਦੇਣੀ ਹੀ ਕਾਫੀ ਹੈ— ਰਿਆਸਤ ਪਟਿਆਲਾ ਦੇ 'ਰਾਹੀਂ' ਦੀ ਡਿਊਟੀ ਮੇਰਠ ਤੋਂ ਲਾਹੌਰ ਤੱਕ ਲੱਗੀ। ਉਹ ਅੱਖਾਂ ਤੋਂ ਅੰਨ੍ਹਾ ਸੀ। ਉਸ ਦੇ ਸਪੁੱਰਦ ਕੀਤੇ ਬੰਡਲ ਅੰਬਾਲਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ ਤੇ ਲਾਹੌਰ ਜ਼ਿਲ੍ਹਿਆਂ ਲਈ ਹੁੰਦੇ ਸਨ। ਉਹ ਕੱਪੜੇ ਦੀ ਚਾਦਰ ਵਿੱਚ ਬੰਡਲ ਇਸ ਤਰ੍ਹਾਂ ਲਪੇਟਦਾ ਸੀ ਕਿ ਬੰਡਲ ਹਾਰਮੋਨੀਅਮ ਵਾਜਾ ਤੇ ਜੋੜੀਆਂ ਹੀ ਲਗਦੇ ਸਨ। ਹਰ ਜ਼ਿਲ੍ਹੇ ਵਿੱਚ ਮਿਥੇ ਸਟੇਸ਼ਨ ਤੋਂ ਉਸ ਜ਼ਿਲ੍ਹੇ ਦਾ ਡਿਸਟੀਬਿਊਟਰ ਸਾਥੀ ਗੱਡੀ ਵਿੱਚ ਰਾਹੀਂ ਜੀ ਦੇ ਕੋਲ ਆ ਬੈਠਦਾ ਤੇ ਅਗਲੇ ਕਿਸੇ ਛੋਟੇ ਸਟੇਸ਼ਨ 'ਤੇ ਆਪਣਾ ਬੰਡਲ ਚੁੱਕ ਕੇ ਪੱਤਰਾ ਵਾਚ ਜਾਂਦਾ ਸੀ। ਅੱਗੇ ਇਲਾਕੇ- ਇਲਾਕੇ ਦੇ ਡਿਸਟੀਬਿਊਟਰ ਸਾਈਕਲ ਲੈ ਤਿਆਰ ਖੜ੍ਹੇ ਹੁੰਦੇ ਸਨ ਅਤੇ ਅਖ਼ਬਾਰ ਹਰ ਟਿਕਾਣੇ ਪਹੁੰਚਾ ਦਿੰਦੇ ਸਨ। ਮਿਸਾਲ ਵੱਜੋਂ ਜਵਾਲਾ ਸਿੰਘ ਬੜਾ ਪਿੰਡ ਲੁਧਿਆਣੇ ਸਟੇਸ਼ਨ 'ਤੇ ਰਾਹੀਂ ਕੋਲ ਆ ਬੈਠਦਾ ਤੇ ਜ਼ਿਲ੍ਹਾ ਜਲੰਧਰ ਦੇ ਸਾਰੇ ਪਰਚਿਆਂ ਦਾ ਬੰਡਲ ਲੈ ਕੇ ਗੁਰਾਇਆ ਸਟੇਸ਼ਨ 'ਤੇ ਉੱਤਰ ਜਾਂਦਾ ਸੀ। ਉਥੋਂ ਨਵਾਂ ਸ਼ਹਿਰ, ਫਿਲੌਰ, ਨਕੋਦਰ ਤੇ ਜਲੰਧਰ ਤਹਿਸੀਲਾਂ ਦੇ ਸਾਥੀ ਪਰਚੇ ਨੂੰ ਸਾਈਕਲਾਂ 'ਤੇ ਪਿੰਡ ਪਿੰਡ ਅਪੜਾਉਣ ਤੁਰ ਪੈਂਦੇ ਸਨ। ਇਸ ਤਰ੍ਹਾਂ ਪਰਚਾ ਰਾਵਲਪਿੰਡੀ ਤਕ ਪਹੁੰਚ ਜਾਂਦਾ ਸੀ। ਇਸ ਨਾਲ ਦੋ ਫਾਇਦੇ ਹੋਏ। ਸਾਥੀਆਂ ਨੂੰ ਗੁਪਤ ਕੰਮ ਕਰਨ ਦੀ ਜਾਚ ਆਈ ਤੇ ਸਾਥੀਆਂ ਦੀ ਇਕ ਜਮਾਤ ਖੜ੍ਹੀ ਹੋ ਗਈ। ਇਹ ਸਾਥੀ ਪਰਚੇ ਦੀ ਕੀਮਤ ਵਸੂਲ ਕੇ ਮੇਰਠ ਪਹੁੰਚਦੀ ਕਰ ਦਿੰਦੇ ਸਨ। ਇਸੇ ਦੌਰਾਨ ਨਵੇਂ ਨਵੇਂ ਲਿਖਾਰੀ, ਕਵੀ ਤੇ ਸ਼ਾਇਰ ਮੈਦਾਨ ਵਿੱਚ ਆਏ। ਗੌਰਮਿੰਟ ਕਾਲਜ ਲੁਧਿਆਣੇ ਦੇ ਸਟੂਡੈਂਟ ਸਾਹਿਰ ਲੁਧਿਆਣਵੀ, ਮਦਨ ਲਾਲ ਦੀਦੀ ਅਤੇ ਹਰਦਿਆਲ ਥਾਂਦੀ ਉਸ ਵੇਲੇ

ਸਟੂਡੈਂਟ ਫੈਡਰੇਸ਼ਨ ਵਿੱਚ ਸਰਗਰਮ ਸਨ। ਸਾਹਿਰ ਲੁਧਿਆਣਵੀ ਦੀ ਸ਼ਾਇਰੀ ਕਿਰਤੀ ਲਹਿਰ ਵਿੱਚ ਛਪਣ ਨਾਲ ਹੀ ਸ਼ੁਰੂ ਹੋਈ ਸੀ। (ਦੇਖੋ ਕਿਰਤੀ ਲਹਿਰ, ਉਰਦੂ, ਫਾਈਲ 1938)।

ਉਸ ਸਮੇਂ ਅਮਰੀਕਾ ਤੋਂ ਸੋਢੀ ਹਰਮਿੰਦਰ ਸਿੰਘ ਤੇ ਮਾਸਕੋ ਤੋਂ ਰਾਮ ਸਿੰਘ ਦੱਤ ਹਿੰਦੋਸਤਾਨ ਪਹੁੰਚ ਚੁੱਕੇ ਸਨ। ਪਾਰਟੀ ਨੇ ਸੋਢੀ ਹਰਮਿੰਦਰ ਸਿੰਘ ਦੀ ਡਿਊਟੀ ਮੇਰਠ ਕਿਰਤੀ ਦੇ ਦਫਤਰ ਵਿੱਚ ਲਗਾ ਦਿੱਤੀ ਸੀ। ਹੁਣ ਇਹ ਕੇਵਲ ਅਖ਼ਬਾਰ ਦਾ ਦਫਤਰ ਹੀ ਨਹੀਂ ਸੀ ਸਗੋਂ ਪਾਰਟੀ ਦਾ ਕੇਂਦਰ ਵੀ ਬਣ ਗਿਆ ਸੀ। ਪੰਜਾਬ 'ਚੋਂ ਮਫ਼ਰੂਰ ਹੋਇਆ ਹਰ ਸਾਥੀ ਮੇਰਠ ਆ ਜਾਂਦਾ ਸੀ। ਮੇਰਠ ਦਾ ਇਹ ਕੇਂਦਰ ਕਾਇਮ ਕਰਨ ਵਿੱਚ ਉਜਾਗਰ ਸਿੰਘ ਚੀਮਾ (ਸਪੁੱਤਰ ਬਾਬਾ ਕਰਮ ਸਿੰਘ ਚੀਮਾ) ਦੀ ਬਹੁਤ ਦੇਣ ਹੈ। ਬਾਬਾ ਕਰਮ ਸਿੰਘ ਧੂਤ, ਦੂਲਾ ਸਿੰਘ ਆਦਿ ਮੇਰਠ ਦੇ ਆਲੇ ਦੁਆਲੇ ਦਿੱਲੀ ਤੱਕ ਕਿਸਾਨ ਕਮੇਟੀਆਂ ਬਨਾਉਣ ਲੱਗ ਪਏ ਸਨ। ਇਸੇ ਹੀ ਸਮੇਂ ਕਾਮਰੇਡ ਧਨਵੰਤਰੀ ਤੇ ਹਜ਼ਾਰਾ ਸਿੰਘ ਟਾਟਾ ਨਗਰ ਰਿਹਾਅ ਹੋ ਕੇ ਮੇਰਠ ਪਹੁੰਚ ਗਏ ਸਨ। ਪੰਜਾਬ ਸਰਕਾਰ ਨੇ ਹਜ਼ਾਰਾ ਸਿੰਘ ਦਾ ਪੰਜਾਬ ਵਿੱਚ ਦਾਖਲਾ ਬੰਦ ਕਰ ਦਿੱਤਾ ਸੀ। ਕੁਝ ਦੇਰ ਕਿਰਤੀ ਲਹਿਰ ਦੇ ਸਟਾਫ ਵਿੱਚ ਕੰਮ ਕਰਨ ਮਗਰੋਂ ਕਿਰਤੀ ਪਾਰਟੀ ਵੱਲੋਂ ਉਨ੍ਹਾਂ ਦੀ ਡਿਊਟੀ ਟਾਟਾ ਨਗਰ ਮਜ਼ਦੂਰ ਯੂਨੀਅਨ ਕਾਇਮ ਕਰਨ 'ਤੇ ਲਾ ਦਿੱਤੀ ਗਈ ਸੀ।

ਮੇਰਠ ਛਾਉਣੀ ਦੀ ਤਵਾਰੀਖ ਹੁਣ ਤੀਸਰੀ ਵਾਰ ਦੁਹਰਾਈ ਜਾਣ ਲੱਗੀ ਸੀ। ਕਿਰਤੀ ਲਹਿਰ ਦੇ ਦਫਤਰ ਵਿੱਚ ਪੰਜਾਬੀ ਫੌਜੀ ਆਉਂਦੇ ਸਨ ਅਤੇ ਅਖ਼ਬਾਰ ਲੈ ਜਾਂਦੇ ਸਨ। ਛਾਉਣੀ ਵਿੱਚ ਵੰਡਦੇ ਤੇ ਪੜ੍ਹ ਕੇ ਸੁਣਾਉਂਦੇ ਸਨ। ਇਸ ਤੋਂ ਵੀ ਅੱਗੇ ਉਹ ਸੋਢੀ ਹਰਮਿੰਦਰ ਸਿੰਘ ਵੱਲੋਂ ਲਾਏ ਮਾਰਕਸਿਸਟ ਸਟੱਡੀ ਸਰਕਲਾਂ ਵਿੱਚ ਵੀ ਸ਼ਾਮਲ ਹੋਣ ਲਗ ਪਏ ਸਨ। ਸੋਢੀ ਹਰਮਿੰਦਰ ਸਿੰਘ ਨੇ ਉਨ੍ਹਾਂ ਦਾ ਵੱਖਰਾ ਯੂਨਿਟ ਬਣਾ ਕੇ ਗੁਪਤ ਸਟੱਡੀ ਦੇਣੀ ਸ਼ੁਰੂ ਕਰ ਦਿੱਤੀ ਸੀ। ਇਹ ਉਹ ਹੀ ਬਹਾਦਰ ਫੌਜੀ ਸਨ ਜਿਨ੍ਹਾਂ ਨੇ ਮਿਸਰ ਵਿੱਚ ਅੰਗਰੇਜ਼ੀ ਫੌਜਾਂ ਵਿੱਚ ਬਗਾਵਤ ਕੀਤੀ ਸੀ, ਸਿੰਕਦਰਾਬਾਦ ਦੇ ਅੰਗਰੇਜ਼ੀ ਅਫਸਰਾਂ ਦੀ ਹੁਕਮ-ਅਦੂਲੀ ਕੀਤੀ ਸੀ, ਬੰਬਈ ਬੰਦਰਗਾਹ ਤੋਂ ਬਾਹਰ ਜਾਣੋਂ ਤੇ ਅੰਗਰੇਜ਼ਾਂ ਦੇ ਹੱਕ ਵਿੱਚ ਲੜਨ ਤੋਂ ਇਨਕਾਰ ਕੀਤਾ। ਕੋਰਟ ਮਾਰਸ਼ਲ ਕਰਕੇ ਕਈਆਂ ਨੂੰ ਫਾਂਸੀ ਲਾ ਦਿੱਤੀ ਗਈ ਸੀ ਤੇ ਬਹੁਤ ਸਾਰੇ ਉਮਰ ਕੈਦ ਤੇ ਲੰਬੀਆਂ ਸਜ਼ਾਵਾਂ ਦੇ ਕੇ ਅੰਡੇਮਾਨ ਜੇਲ੍ਹ ਭੇਜ ਦਿੱਤੇ ਗਏ ਸਨ।

ਕਿਰਤੀ ਲਹਿਰ ਮੇਰਠ ਤੋਂ ਬਕਾਇਦਾ ਉਰਦੂ-ਪੰਜਾਬੀ ਵਿੱਚ ਹਫਤੇਵਾਰ 1939 ਤਕ ਨਿਕਲਦਾ ਰਿਹਾ। ਜੰਗ ਸ਼ੁਰੂ ਹੁੰਦੇ ਹੀ ਕਾਂਗਰਸੀ ਵਜ਼ਾਰਤਾਂ ਟੁੱਟ ਗਈਆਂ ਸਨ। ਅੰਗਰੇਜ਼ੀ ਹਕੂਮਤ ਨੇ ਕਿਰਤੀ ਲਹਿਰ 'ਤੇ ਤਿੱਖਾ ਵਾਰ ਕੀਤਾ। ਪ੍ਰੈਸ ਜ਼ਬਤ ਕਰ ਲਿਆ, ਅਖ਼ਬਾਰ ਬੰਦ ਕਰ ਦਿੱਤਾ। ਡੀਫੈਂਸ ਆਫ਼ ਇੰਡੀਆ ਰੂਲ ਦੇ ਅਧਿਆਰਾਂ ਅਧੀਨ ਕਿਰਤੀ ਲਹਿਰ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਅਤੇ ਸਾਰਾ ਕੁਝ ਕੌਡੀਆਂ ਦੇ ਭਾਅ ਨਿਲਾਮ ਕਰਕੇ ਰਕਮ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰ ਲਈ।

ਸਟਾਫ ਚੁਕੰਨਾ ਹੋਣ ਕਰਕੇ ਹੱਥ ਨਹੀਂ ਆਇਆ ਸੀ। ਉਹ ਰੂਪੋਸ਼ ਹੋਕੇ ਗੁਪਤ ਕੰਮ ਵਿੱਚ ਰੁਝ ਗਿਆ ਸੀ। ਕਿਰਤੀ ਕਮਿਊਨਿਸਟਾਂ ਨੇ ਜੰਗ ਦੌਰਾਨ ਫੇਰ 'ਲਾਲ ਝੰਡਾ' ਕੱਢਣਾ ਸ਼ੁਰੂ ਕਰ ਦਿੱਤਾ ਸੀ, ਜੋ ਕਿਰਤੀ ਲਹਿਰ ਦੇ ਹਰ ਗਾਹਕ ਤਕ ਪਹੁੰਚਾਇਆ ਜਾਂਦਾ ਸੀ।

ਕਿਰਤੀ ਅਖ਼ਬਾਰ ਦੀ ਡਿਸਟੀਬਿਊਸ਼ਨ ਵਿੱਚ ਪੰਜਾਬ ਦੇ ਟਰਾਂਸਪੋਰਟ ਵਰਕਰਾਂ ਨੇ ਵੀ ਨੁਮਾਇਆ ਹਿੱਸਾ ਪਾਇਆ। ਸਤਲੁਜ ਟਰਾਂਸਪੋਰਟ ਦੇ ਸਾਧੂ ਸਿੰਘ ਬੜਾ ਪਿੰਡ ਤੇ ਭਾਈ ਸ਼ੇਰ ਸਿੰਘ ਜੰਡਿਆਲਾ ਆਪਣੀਆਂ ਗੱਡੀਆਂ 'ਚ ਜਲਧੰਰ ਦੀਆਂ ਸਾਰੀਆਂ ਤਹਿਸੀਲਾਂ, ਲੁਧਿਆਣਾ, ਹੁਸ਼ਿਆਰਪੁਰ ਤੇ ਕਪੂਰਥਲੇ ਬੰਡਲ ਪਹੁੰਚਾਉਂਦੇ ਸਨ। ਭਗਵਾਨ ਸਿੰਘ ਚੂੜਕਾਣਾ ਆਪਣੀਆਂ ਬੱਸਾਂ ਵਿੱਚ ਲਾਹੌਰ ਤੋਂ ਸ਼ੇਖੂਪੁਰੇ ਜ਼ਿਲ੍ਹੇ ਦੇ ਪਿੰਡਾਂ– ਸ਼ਹਿਰਾਂ ਤਕ ਕਿਰਤੀ ਲਹਿਰ ਪਹੁੰਚਾਉਂਦੇ ਸਨ। ਰਛਪਾਲ ਸਿੰਘ ਲਾਇਲਪੁਰ, ਜੋ ਕਿ ਟਰਾਂਸਪੋਰਟ ਯੂਨੀਅਨ ਲਾਇਲਪੁਰ ਦੇ ਜਨਰਲ ਸਕੱਤਰ ਵੀ ਰਹੇ ਸਨ, ਨੇ ਲਾਇਲਪੁਰ ਦਾ ਸਾਰਾ ਜ਼ਿਲ੍ਹਾ ਸੰਭਾਲਿਆ ਹੋਇਆ ਸੀ। ਅੰਮ੍ਰਿਤਸਰ ਵਿੱਚ ਸ਼ੇਖ ਹਸਾਮੂਦੀਨ ਦੀ ਟਰਾਂਸਪੋਰਟ ਵੀ ਮਦਦ ਕਰਦੀ ਸੀ। ਲਾਹੌਰ ਦੀ ਨੀਲੀ ਬਾਰ ਟਰਾਂਸਪੋਰਟ ਰਾਹੀਂ ਕਿਰਤੀ ਲਹਿਰ ਦੇ ਬੰਡਲ ਆਰਫਵਾਲਾ, ਕਬੀਰਵਾਲਾ, ਮੀਆਂ ਚਨੂੰ ਤੇ ਖਾਨੇਵਾਲ ਦੇ ਅੱਡਿਆਂ 'ਤੇ ਡਿਊਟੀ ਉੱਤੇ ਖੜੇ ਸਾਥੀਆਂ ਨੂੰ ਪਹੁੰਚਦੇ ਸਨ। ਲੁਧਿਆਣਾ ਵਿੱਚ ਨਿਗਰਾਨੀ ਵੱਧ ਜਾਣ ਕਾਰਨ ਬੰਡਲ ਜਲੰਧਰ ਰਾਹੀਂ ਲੁਧਿਆਣੇ ਅੱਡੇ 'ਤੇ ਪਹੁੰਚਾਏ ਜਾਂਦੇ ਸਨ ਅਤੇ ਅੱਗੋਂ ਤੇਜਾ ਸਿੰਘ ਸਫ਼ਰੀ ਤੇ ਪ੍ਰੇਮ ਸਿੰਘ ਸਰਾਭਾ (ਦੋਨੋਂ ਹੀ ਸਕੇ ਭਰਾ) ਵਾਰੋ ਵਾਰੀ ਇਸ ਨੂੰ ਲੁਧਿਆਣੇ ਜ਼ਿਲ੍ਹੇ ਤੋਂ ਅਗੇ ਵੀ ਰਿਆਸਤਾਂ ਵਿੱਚ ਪਹੁੰਚਾਉਣ ਦਾ ਕੰਮ ਕਰਦੇ ਸਨ। ਮੋਗਾ ਟਰਾਂਸਪੋਰਟ ਯੂਨੀਅਨ ਰਾਹੀਂ ਕਾਂਗੜੇ ਤੋਂ ਬਾਹਰਵਾਰ ਘੁਰਕੁੜੀ ਬੰਡਲ ਪਹੁੰਚ ਜਾਂਦੇ ਅਤੇ ਗੁਰਦਾਸਪੁਰ ਦੇ ਅਨੂਪ ਸ਼ਹਿਰ 'ਚ ਬਾਬਾ ਖੜਕ ਸਿੰਘ ਦੇ ਦਰ ਪਰਚੇ ਪਹੁੰਚਦੇ ਸਨ। ਬਚਨ ਸਿੰਘ ਘੋਲੀਆ, ਕੇਹਰ ਸਿੰਘ ਮਾਹਲਾ, ਉਜਾਗਰ ਸਿੰਘ ਬੁੱਧਸਿੰਘ ਵਾਲਾ, ਬਚਨ ਸਿੰਘ ਤਖਾਣਵਢ (ਅਰਜਨਟਾਇਨਾ ਤੋਂ ਮਾਸਕੋ ਰਾਹੀਂ) ਵੀ ਮੋਗੇ ਦੇ ਇਲਾਕੇ 'ਚ ਪਹੁੰਚ ਚੁਕੇ ਸਨ ਅਤੇ ਉਥੇ ਰਤਨ ਸਿੰਘ ਘੋਲੀਆ ਖੁਰਦ ਤੇ ਕੇਹਰ ਸਿੰਘ ਪੁਰਾਣ ਵਾਲਾ, ਬਾਬਾ ਅਰੂੜ ਸਿੰਘ ਅਤੇ ਜਸਵੰਤ ਸਿੰਘ ਚੂਹੜਚੱਕ ਨਾਲ ਮਿਲਕੇ ਇਕ ਤਕੜਾ ਕਿਰਤੀ ਕਮਿਊਨਿਸਟ ਗਰੁੱਪ ਬਣ ਗਿਆ ਸੀ। ਇਨ੍ਹਾਂ ਨੇ ਫਿਰੋਜ਼ਪੁਰ ਦੇ ਸਾਰੇ ਜ਼ਿਲ੍ਹੇ ਵਿੱਚ ਚੜ੍ਹਿਕ, ਕਲਸੀਆ, ਫਰੀਦਕੋਟ ਆਦਿ ਰਿਆਸਤਾਂ ਵਿੱਚ ਕੰਮ ਵੀ ਸੰਭਾਲ ਲਿਆ ਸੀ। ਸ਼ਹਿਰਾਂ ਵਿੱਚ ਰਾਵਲਪਿੰਡੀ, ਗੁਜਰਾਂਵਾਲਾ, ਪਿਸ਼ਾਵਰ ਤਕ ਸੋਸ਼ਲਿਸਟ ਵਰਕਰ ਇਸਨੂੰ ਪਹੁੰਚਾਉਂਦੇ ਸਨ।

ਇਸ ਸਿਲਸਲੇ ਨਾਲ ਸੰਬੰਧ ਰੱਖਣ ਵਾਲੇ ਨੌਜਵਾਨ ਵਰਕਰਾਂ ਦਾ ਪੰਜਾਬ 'ਚ ਜਾਲ ਵਿੱਛ ਗਿਆ ਸੀ ਜਿਸਨੇ ਕਿਰਤੀ ਕਮਿਊਨਿਸਟ ਪਾਰਟੀ ਨੂੰ ਹੋਰ ਵੀ ਮਜ਼ਬੂਤ ਕੀਤਾ।

ਇਸ ਤਰ੍ਹਾਂ ਇਹ ਅਖ਼ਬਾਰ ਇਕ ਆਰਗੇਨਾਈਜ਼ਰ ਦਾ ਰੋਲ ਅਦਾ ਕਰਦਾ ਸੀ ਤੇ

ਵਰਕਰਾਂ ਨੂੰ ਰਾਜਸੀ ਸੂਝ ਦੇਣ ਵਾਲਾ ਤੇ ਸਮੁੱਚੀ ਲਹਿਰ ਨੂੰ ਕੇਂਦਰਤ ਕਰਕੇ ਸਾਂਝੀ ਸੋਚ ਬਨਾਉਣ ਵਾਲਾ ਪਰਚਾ ਹੋ ਗਿਆ।

ਫੱਤੇਵਾਲ ਕਤਲ ਕੇਸ

ਫ਼ੱਤੇਵਾਲ ਜ਼ਿਲ੍ਹਾ ਅੰਮ੍ਰਿਤਸਰ ਦਾ ਇਕ ਦਰਮਿਆਨਾ ਪਿੰਡ ਹੈ। ਜਿਸ ਦਾ ਸਾਲਮ ਮਾਲਕ ਮੀਰ ਮਕਬੂਲ ਸਿੰਕਦਰੀ ਵਜ਼ਾਰਤ ਦਾ ਪਾਰਲੀਮਾਨੀ ਸਕੱਤਰ ਸੀ। ਇਸ ਵਿੱਚ ਕੁਝ ਘਰ ਹਿੰਦੂ ਸ਼ਾਹੂਕਾਰਾਂ ਦੇ ਸਨ, ਇਕ ਦੋ ਘਰ ਸਿੱਖ ਜੱਟਾਂ ਦੇ, ਬਾਕੀ ਸਾਰਾ ਪਿੰਡ ਮੀਰ ਮਕਬੂਲ ਦੇ ਮੁਜ਼ਾਰਿਆਂ ਦਾ ਤੇ ਮਾਹੀਗੀਰਾਂ ਦੀ ਬਸਤੀ ਸੀ। ਸ਼ਾਹੂਕਾਰ ਘਰਾਣੇ ਦੇ ਗੋਪੀਚੰਦ ਭਾਰਗੋ ਨਾਲ ਦੋਸਤਾਨਾ ਸੰਬੰਧ ਸਨ। ਆਮ ਲੋਕ ਇਨ੍ਹਾਂ ਦੇ ਮਕਰੂਜ਼ ਸਨ। ਇਹ ਸ਼ਾਹੂਕਾਰ ਕੁਝ ਕਾਂਗਰਸ ਦਾ ਦਮ ਵੀ ਭਰਦੇ ਸਨ। ਕਦੇ ਕਦਾਈਂ ਖਿੱਚੋਤਾਣ ਵਧਣ 'ਤੇ ਇਹ ਕਾਂਗਰਸ ਦਾ ਆਸਰਾ ਵੀ ਲੈਂਦੇ ਸਨ। ਇਸੇ ਪਿੰਡ ਵਿੱਚ ਕਾਂਗਰਸ ਦਾ ਜਲਸਾ ਰੱਖਿਆ ਗਿਆ ਸੀ। ਜਿਸ ਨੂੰ ਸੰਬੋਧਤ ਕਰਨ ਲਈ ਡਾਕਟਰ ਗੋਪੀਚੰਦ, ਸੋਹਣ ਸਿੰਘ ਜੋਸ਼ ਤੇ ਬੇਗਮ ਫਾਤਮਾ ਆਏ ਸਨ। ਏਥੇ ਕਾਂਗਰਸ ਦਾ ਝੰਡਾ ਝੁਲਾਇਆ ਗਿਆ ਸੀ। ਤਕਰੀਰਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੀਰ ਮਕਬੂਲ ਦੇ ਗੁੰਡਿਆਂ ਨੇ ਕਾਂਗਰਸ ਦਾ ਝੰਡਾ ਪਾੜਕੇ ਲੀਰੋ ਲੀਰ ਕਰ ਦਿੱਤਾ ਸੀ ਤੇ ਪੰਡਾਲ ਭੰਨ ਤੋੜ ਸੁੱਟਿਆ ਸੀ। ਉਨ੍ਹਾਂ ਗਾਲੀ ਗਲੋਚ ਵੀ ਕਰਨਾ ਸ਼ੁਰੂ ਕਰ ਦਿੱਤਾ। ਡਾਕਟਰ ਗੋਪੀਚੰਦ ਤੇ ਸੋਹਣ ਸਿੰਘ ਜੋਸ਼ ਨੇ ਮਹਾਤਮਾ ਗਾਂਧੀ ਦੇ ਨਾਂ ਦੇ ਵਾਸਤੇ ਪਾਏ, ਪਰ ਕਿਸ ਨੇ ਨਾ ਸੁਣੀ, ਜਿਸ ਕਰਕੇ ਜਲਸਾ ਨਾ ਹੋ ਸਕਿਆ।

ਕਾਮਰੇਡ ਅੱਛਰ ਸਿੰਘ ਛੀਨਾ ਦਿਨ ਹੀ ਹੋਏ ਪਿੰਡ ਦੀ ਨਜ਼ਰਬੰਦੀ ਤੋਂ ਰਿਹਾਅ ਹੋਇਆ ਸੀ। ਇਲਾਕੇ ਦੇ ਲੋਕ ਉਸਨੂੰ ਸੁਣਨ ਲਈ ਉਤਾਵਲੇ ਸਨ, ਕਿਉਂਕਿ ਇਕ ਸਾਲ ਪਿੰਡ ਵਿੱਚ ਨਜ਼ਰਬੰਦ ਰਹਿੰਦਿਆਂ ਉਸ ਨੂੰ ਇਲਾਕੇ ਦੇ ਸਿਆਸੀ ਵਰਕਰਾਂ ਤੇ ਪੇਂਡੂ ਕਿਸਾਨਾਂ ਨੂੰ ਕਾਫੀ ਗੁਪਤ ਸਟੱਡੀ ਸਰਕਲ ਦਿੱਤੇ ਸਨ। ਉਸਦੀ ਤਕਰੀਰ ਵੀ ਨਿਰਾਲੀ ਤੇ ਅਦਾਇਗੀ ਵੀ ਪ੍ਰਭਾਵਸ਼ਾਲੀ ਹੁੰਦੀ ਸੀ। ਛੀਨਾ ਨੇ ਘੋੜੀ ਉੱਤੇ ਲਾਲ ਝੰਡਾ ਚੁੱਕਿਆ ਹੋਇਆ ਸੀ ਅਤੇ ਨਾਲ ਨਾਲ ਇਲਾਕੇ ਦੇ ਵਰਕਰ ਸਨ। ਉਹ ਪਿੰਡੋ ਪਿੰਡ ਜਲਸੇ ਕਰਦੇ ਜਾ ਰਹੇ ਸਨ। ਇਨ੍ਹਾਂ ਨੂੰ ਵੀ ਖ਼ਬਰ ਆ ਪੁੱਜੀ ਕਿ ਫ਼ੱਤੇਵਾਲ ਵਿੱਚ ਕਾਂਗਰਸ ਦਾ ਜਲਸਾ ਨਹੀਂ ਹੋਣ ਦਿੱਤਾ ਤੇ ਮੀਰ ਮਕਬੂਲ ਦੇ ਗੁੰਡਿਆਂ ਨੇ ਕਾਂਗਰਸੀ ਲੀਡਰਾਂ ਦੀ ਬੇਇਜ਼ਤੀ ਕੀਤੀ ਹੈ। ਜਥੇ ਦੇ ਸਾਥੀਆਂ ਨੇ ਫੈਸਲਾ ਕੀਤਾ ਕਿ ਫ਼ੱਤੇਵਾਲ ਵਿੱਚ ਕਾਂਗਰਸ ਦੇ ਝੰਡੇ ਥੱਲੇ ਹੀ ਜਲਸਾ ਕੀਤਾ ਜਾਵੇਗਾ। ਸਾਰੇ ਇਲਾਕੇ ਵਿੱਚ ਹੋਕਾ ਦੇ ਦਿੱਤਾ, " ਸਭ ਫ਼ੱਤੇਵਾਲ ਨੂੰ ਵਹੀਰਾਂ ਪਾ ਦਿਓ।" ਉਸੇ ਜਗਾ੍ਹ ਕਾਂਗਰਸ ਦਾ ਝੰਡਾ ਗੱਡਿਆ ਗਿਆ ਸੀ, ਪੰਡਾਲ ਖਚਾ-ਖਚ ਲੋਕਾਂ ਨਾਲ ਭਰ ਗਿਆ। ਇਸ ਸਾਰੇ ਜਲਸੇ ਦਾ ਕੰਟਰੋਲ ਨੌਜਵਾਨ ਵਿਦਿਆਰਥੀ ਆਗੂ ਜੋਗਿੰਦਰ ਸਿੰਘ ਛੀਨਾ (ਛੀਨੇ ਜਸਤਰਵਾਲ) ਦੇ ਹੱਥ ਵਿੱਚ ਸੀ। ਕਵਿਤਾਵਾਂ, ਨਜ਼ਮਾਂ ਤੋਂ ਸਿਵਾਇ ਅੱਛਰ ਸਿੰਘ

ਛੀਨੇ ਤਕਰੀਰ ਕੀਤੀ ਸੀ ਜਿਸ ਵਿੱਚ ਲੋਕਾਂ ਨੂੰ ਅੰਗਰੇਜ਼ੀ ਜੂਲਾ ਲਾਹ ਕੇ ਅਜ਼ਾਦ ਹੋਣ ਲਈ ਵੰਗਾਰਿਆ ਸੀ। ਅੰਗਰੇਜ਼ਾਂ ਦੇ ਬੂਟ ਚੱਟ ਮੀਰ ਮਕਬੂਲ ਦੀ ਨਿੰਦਾ ਕੀਤੀ ਗਈ ਤੇ ਉਸ ਦੇ ਗੁੰਡਿਆਂ ਨੂੰ ਤਾੜਨਾ ਕੀਤੀ ਗਈ। ਤਕਰੀਰ ਖ਼ਤਮ ਕਰਕੇ ਅੱਛਰ ਸਿੰਘ ਛੀਨਾ ਅੰਮ੍ਰਿਤਸਰ ਆ ਗਿਆ ਸੀ। ਉਸ ਸਮੇਂ ਦੇਸ ਰਾਜ ਨਾਮੀ ਸੀ. ਆਈ. ਡੀ. ਦਾ ਸਿਪਾਹੀ ਉਸ ਦੇ ਮਗਰ ਲੱਗਾ ਹੋਇਆ ਸੀ।

ਜਲਸਾ ਖਤਮ ਹੋਇਆ। ਲੋਕ ਘਰੋ-ਘਰੀਂ ਤੁਰ ਪਏ। ਜੋਗਿੰਦਰ ਸਿੰਘ ਛੀਨਾ ਦਰੀਆਂ ਆਦਿ ਸਟੇਜ ਦਾ ਸਮਾਨ ਸੰਭਾਲ ਰਿਹਾ ਸੀ ਕਿ ਮੀਰ ਮਕਬੂਲ ਦੇ ਦੋ ਕੜਮਲੀ ਮਾਹੀਗੀਰ ਭਰਾ ਗੁੰਡਿਆਂ ਨੇ ਉਸ 'ਤੇ ਹਮਲਾ ਬੋਲ ਦਿੱਤਾ। ਉਨ੍ਹਾਂ ਕੋਠੇ ਉੱਤੇ ਚੜ੍ਹਕੇ ਲੋਕਾਂ 'ਤੇ ਪੁਰਾਣੀਆਂ ਇੱਟਾਂ ਦੀ ਬਾਰਸ਼ ਕਰ ਦਿੱਤੀ ਜਿਸ ਨਾਲ ਈਸ਼ਰ ਸਿੰਘ ਭਲਾ ਪਿੰਡ, ਬਾਬਾ ਪਾਲਾ ਸਿੰਘ ਤੇ ਹਰਬੰਸ ਸਿੰਘ ਵਿਰਕ (ਦੋਨੋਂ ਹਰਸ਼ਾ ਛੀਨਾ), ਸਾਧੂ ਸਿੰਘ ਖਤਰਾਅ ਤੇ ਮੋਹਣ ਸਿੰਘ ਬਾਠ ਜ਼ਖਮੀ ਹੋ ਗਏ ਸਨ। ਛੇ ਫੁੱਟ ਭਰਵਾਂ ਜਵਾਨ ਜੋਗਿੰਦਰ ਸਿੰਘ ਵੀ ਪੈ ਗਿਆ। ਦੋਨੋਂ ਮਾਹੀਗੀਰ ਗੁੰਡਿਆਂ ਨੂੰ ਭਾਜੜਾਂ ਪੈ ਗਈਆਂ। ਜੋਗਿੰਦਰ ਸਿੰਘ ਦੌੜ ਕੇ ਪੌਂਡਾ ਲਾ ਕੇ ਬਨੇਰੇ ਨੂੰ ਫੜ ਕੇ ਮਗਰੇ ਹੀ ਕੋਠੇ 'ਤੇ ਜਾ ਚੜਿਆ। ਵਾਰੀ ਵਾਰੀ ਦੋਹਾਂ ਨੂੰ ਸਿਰ-ਭਾਰ ਕੋਠਿਓਂ ਹੇਠਾਂ ਸੁੱਟ ਦਿੱਤਾ, ਜਿਸ ਨਾਲ ਦੋਹਾਂ ਦੀ ਮੌਤ ਹੋ ਗਈ।

ਸਾਰੇ ਪੰਜਾਬ 'ਚ ਰੌਲੀ ਪੈ ਗਈ। ਪੁਲਸ ਗ੍ਰਿਫਤਾਰੀਆਂ ਲਈ ਚੜ੍ਹ ਪਈ। ਕਾਮਰੇਡ ਬੂਝਾ ਸਿੰਘ ਨੇ ਬਾਕੀ ਕਿਰਤੀ ਲੀਡਰਾਂ ਨਾਲ ਸਲਾਹ ਕਰਕੇ ਅੱਛਰ ਸਿੰਘ ਛੀਨਾ ਨੂੰ ਜਮਸ਼ੇਦਪੁਰ ਪਹੁੰਚਾ ਦਿੱਤਾ। ਜਿਥੇ ਚੱਕ ਮਾਈ ਦਾਸ ਦੇ ਸ਼ਰੀਕੇ 'ਚੋਂ ਉਨ੍ਹਾਂ ਦੇ ਭਰਾ ਭਰਜਾਈ ਸੋਢਾ ਵਾਟਰ ਦੀ ਫੈਕਟਰੀ ਚਲਾ ਰਹੇ ਸਨ। ਉਸ ਦੀ ਰਿਹਾਇਸ਼ ਤੇ ਹਿਫਾਜ਼ਤ ਲਈ ਪੂਰਾ ਇੰਤਜਾਮ ਕਰ ਦਿੱਤਾ ਸੀ। ਜੋਗਿੰਦਰ ਸਿੰਘ ਛੀਨੇ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਦਾਨ ਸਿੰਘ ਵਛੋਆ, ਸੂਰਤ ਸਿੰਘ ਫ਼ੱਤੇਵਾਲ ਅਤੇ ਫ਼ੱਤੇਵਾਲ ਦੇ ਦੋ ਤਿੰਨ ਸ਼ਾਹੂਕਾਰਾਂ ਸਮੇਤ 17 ਨੂੰ ਥਾਣੇ ਵਿੱਚ ਡੱਕ ਦਿੱਤਾ ਗਿਆ ਸੀ। ਅੱਛਰ ਸਿੰਘ ਛੀਨਾ ਤੇ ਜੋਗਿੰਦਰ ਸਿੰਘ ਖ਼ਿਲਾਫ ਦਫਾ 302 ਤਹਿਤ ਕਤਲ ਦਾ ਦੋਸ਼ ਲਾ ਕੇ ਮੁਕੱਦਮਾ ਦਰਜ ਕਰ ਦਿੱਤਾ ਗਿਆ ਸੀ। ਬਾਕੀ ਦਿਆਂ 'ਤੇ ਕੁਟ ਮਾਰ, ਲੜਾਈ ਫਸਾਦ ਦੀਆਂ ਦਫਾਵਾਂ ਲਾ ਕੇ ਅਦਾਲਤ ਵਿੱਚ ਚਲਾਣ ਪੇਸ਼ ਕੀਤਾ ਗਿਆ ਸੀ।

ਅੱਛਰ ਸਿੰਘ ਦੀ ਗੈਰਹਾਜ਼ਰੀ ਵਿੱਚ ਹੀ ਕੁਮਿਟਿੰਗ ਮਜਿਸਟਰੇਟ ਦੀ ਅਦਾਲਤ ਵਿੱਚ ਕਤਲ ਦੇ ਮੁਕੱਦਮੇ ਦਾ ਚਲਾਣ ਪੇਸ਼ ਕਰ ਦਿੱਤਾ ਗਿਆ। ਜੋਗਿੰਦਰ ਸਿੰਘ ਛੀਨਾ ਤੇ ਅੱਛਰ ਸਿੰਘ ਉੱਤੇ ਮਾਹੀਗੀਰ ਭਰਾਵਾਂ ਨੂੰ ਮੌਤ ਦੇ ਘਾਟ ਉਤਾਰ ਦੇਣ ਦਾ ਦੋਸ਼ ਲੱਗਾ ਤੇ ਬਾਕੀਆਂ ਵਿਰੁੱਧ ਫਸਾਦ ਕਰਨ ਆਦਿ ਦਾ ਕੇਸ ਦਰਜ ਕੀਤਾ ਗਿਆ ਸੀ। ਪੁਲਸ ਨੇ ਝੂਠੇ ਗਵਾਹ ਬਣਾ ਕੇ ਆਪਣੇ ਵੱਲੋਂ ਪੂਰਾ ਇਸਤਗਾਸਾ ਤਿਆਰ ਕਰ ਲਿਆ। ਪੰਜਾਬ ਦੇ ਲੋਕਾਂ ਨੂੰ ਖਦਸ਼ਾ ਹੋ ਗਿਆ ਸੀ ਕਿ ਇਨ੍ਹਾਂ ਦੋਹਾਂ ਛੀਨਿਆਂ ਨੂੰ ਫਾਂਸੀ ਲਾ ਦਿੱਤੀ ਜਾਏਗੀ। ਕਿਰਤੀ ਵਰਕਰਾਂ ਵੱਲੋਂ ਬੜੀ ਦੌੜ-ਭੱਜ ਹੋਈ। ਜਥੇਦਾਰ ਬਾਬਾ

ਪਾਲਾ ਸਿੰਘ ਹਰਸ਼ਾਛੀਨਾ ਇਕ ਪਾਸੇ ਅੱਛਰ ਸਿੰਘ ਦੇ ਘਰ ਦੀ ਸੰਭਾਲ ਕਰਦਾ, ਉਨ੍ਹਾਂ ਦੇ ਨੰਨੇ ਬਾਲਕ ਨੂੰ ਮੋਢਿਆਂ ਤੇ ਚੁੱਕੀ ਫਿਰਦਾ ਤੇ ਨਾਲ ਹੀ ਇਸਤਗਾਸੇ ਦੇ ਗਵਾਹਾਂ ਨੂੰ ਮੁਕਰਾਉਣ ਲਈ ਯਤਨਸ਼ੀਲ ਰਹਿੰਦਾ। ਅਜਨਾਲੇ ਦੇ ਆਮ ਲੋਕ ਮੁਕੱਦਮਾ ਫੇਲ੍ਹ ਕਰਨ 'ਤੇ ਤੁਲੇ ਹੋਏ ਸਨ। ਕਤਲ ਵੇਲੇ ਛੀਨਾ ਆਪਣੇ ਸੀ. ਆਈ. ਡੀ. ਸਿਪਾਹੀ ਦੇਸ ਰਾਜ ਸਮੇਤ ਅੰਮ੍ਰਿਤਸਰ ਪਹੁੰਚ ਚੁੱਕਾ ਸੀ। ਤੇ ਦੇਸ ਰਾਜ ਨੇ ਉਸਦੀ ਤਕਰੀਰ ਦੀ ਰੀਪੋਰਟ ਸਣੇ ਉਸ ਦਿਨ ਦੀ ਡਾਇਰੀ ਸੁਪਰਡੈਂਟ ਪੁਲਸ ਅੰਮ੍ਰਿਤਸਰ ਦੇ ਦਫਤਰ ਦਾਖਲ ਵੀ ਕਰ ਦਿੱਤੀ ਸੀ। ਅੱਛਰ ਸਿੰਘ ਬੇਗੁਨਾਹ ਹੋਣ ਦੇ ਚਰਚੇ ਲੋਕਾਂ ਵਿੱਚ ਹੀ ਨਹੀਂ ਸਗੋਂ ਸਰਕਾਰੀ ਮੁਲਾਜ਼ਮਾਂ ਵਿੱਚ ਵੀ ਛਿੜ ਗਏ ਸਨ। ਮੁਕੱਦਮਾ ਪੇਸ਼ ਹੋਇਆ। ਮੁਕੱਦਮੇ ਦੇ ਡੀਫੈਂਸ ਦੀ ਪੈਰਵਾਈ ਦੇਸਭਗਤ ਨੇਤਾ ਡਾਕਟਰ ਕਿਚਲੂ ਕਰ ਰਿਹਾ ਸੀ। ਇਸਤਗਾਸੇ ਦੇ ਗਵਾਹਾਂ ਨੇ ਪੁਲਸ ਵੱਲੋਂ ਦੱਸੀਆਂ ਝੂਠੀਆਂ ਸੱਚੀਆਂ ਗਵਾਹੀਆਂ ਦੇ ਦਿੱਤੀਆਂ ਸਨ।

ਅੱਛਰ ਸਿੰਘ ਫਾਹੇ ਲੱਗਦਾ ਹੈ ਜਾਂ ਬਚ ਜਾਂਦਾ ਹੈ, ਦੇ ਫੈਸਲੇ ਦਾ ਇਨਹਸਾਰ ਉਸਦੀ ਗਵਾਹੀ 'ਤੇ ਸੀ। ਭਾਵ ਅੱਛਰ ਸਿੰਘ ਦੀ ਜ਼ਿੰਦਗੀ ਜਾਂ ਮੌਤ ਦੇਸਰਾਜ ਦੇ ਚੰਦ ਲਫਜ਼ਾਂ ਨਾਲ ਬੱਝੀ ਹੋਈ ਸੀ। ਸੋਹਣਾ ਸੁਨੱਖਾ ਜਵਾਨ ਦੇਸ ਰਾਜ ਵਰਦੀ ਪਾ ਕੇ ਅਦਾਲਤ ਵਿੱਚ ਹਾਜ਼ਰ ਹੋਇਆ ਅਤੇ ਉਸਨੇ ਅਟੈਨਸ਼ਨ ਹੋ ਕੇ ਮਜਿਸਟਰੇਟ ਨੂੰ ਸਲੂਟ ਮਾਰਿਆ। ਸਰਕਾਰੀ ਵਕੀਲ ਨੂੰ ਭਾਸ ਗਿਆ ਕਿ ਇਹ ਪੁਲਸ ਵੱਲੋਂ ਦੱਸੀ ਗਵਾਹੀ ਨਹੀਂ ਦੇਵੇਗਾ। ਮੁਕੱਦਮਾ ਅਗਲੀ ਪੇਸ਼ੀ 'ਤੇ ਕਰ ਕੇ ਅਦਾਲਤ ਉਸ ਦਿਨ ਉੱਠ ਗਈ ਸੀ। ਦੇਸ ਰਾਜ ਨੂੰ ਘੇਰੇ ਵਿੱਚ ਲੈ ਪੁਲਸ ਲਾਈਨ ਲਿਆਂਦਾ ਗਿਆ। ਕਿਹਾ ਗਿਆ, "ਤੂੰ ਸੁਪਰਡੈਂਟ ਦੇ ਦਫਤਰ ਵਿੱਚ ਦਿੱਤੀ ਡਾਇਰੀ ਪਾੜ ਕੇ ਕਤਲ ਵਿੱਚ ਸ਼ਾਮਲ ਦਿਖਾ। ਤੈਨੂੰ ਇਸ ਦੇ ਬਦਲੇ ਸਬ-ਇੰਸਪੈਕਟਰ ਬਣਾ ਦਿੱਤਾ ਜਾਵੇਗਾ।" ਦੇਸ ਰਾਜ ਨੇ ਇਕ ਨਾ ਮੰਨੀ। ਉਸ ਨੇ ਕਿਹਾ "ਸਾਲ ਦੋ ਸਾਲ ਕੈਦ ਕਰਵਾਉਣ ਜੋਗਾ ਝੂਠ ਤਾਂ ਬੋਲਿਆ ਜਾ ਸਕਦੈ, ਮੈਂ ਇਕ ਬੇਗੁਨਾਹ ਇਨਸਾਨ ਨੂੰ ਫਾਂਸੀ ਦੇ ਤਖ਼ਤੇ ਲਟਕਾਉਣ ਦਾ ਗੁਨਾਹਗਾਰ ਨਹੀਂ ਬਣ ਸਕਦਾ। ਮੈਂ ਰਾਤ ਦਿਨ ਉਸਦੀ ਨਿਗਰਾਨੀ ਕਰਦਾ ਰਿਹਾ ਹਾਂ। ਉਹ ਇਕ ਬੜੀ ਸੱਚੀ ਸੁੱਚੀ ਸ਼ਖਸੀਅਤ ਹੈ। ਮੈਂ ਇਹ ਗੁਨਾਹ ਕਦਾਚਿਤ ਨਹੀਂ ਕਰ ਸਕਦਾ।" ਫਿਰ ਕੀ ਸੀ, ਦੇਸ ਰਾਜ ਦੇ ਖਿਲਾਫ ਤਸ਼ੱਦਦ ਦਾ ਦੌਰ ਸ਼ੁਰੂ ਹੋਇਆ। ਪੁਲਸ ਲਾਈਨ ਹੇਠ ਦੋਹਾਂ ਸਿਪਾਹੀਆਂ ਦੀ ਨਿਗਰਾਨੀ ਹੇਠ ਹੱਥ ਉੱਚੇ ਕਰ, ਲੱਤਾਂ ਚੌੜੀਆਂ ਕਰ ਸਾਰੀ ਰਾਤ ਖੜ੍ਹੇ ਰਹਿਣ ਦੇ ਹੁਕਮ ਦੇ ਦਿੱਤੇ। ਇਸ ਨਾਲ ਸਾਰੀ ਪੁਲਸ ਲਾਈਨ ਦੇ ਸਿਪਾਹੀ ਬਾਗੀ ਹੋ ਗਏ। ਨਿਗਰਾਨੀ ਵਾਲੇ ਸਿਪਾਹੀਆਂ ਨੇ ਉਸ ਨੂੰ ਮੰਜੇ 'ਤੇ ਸੁਲਾ ਦਿੱਤਾ ਤੇ ਆਪ ਹਰ ਔਕੜ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਗਏ। ਸਵੇਰ ਨੂੰ ਪੁਲਸ ਲਾਈਨ ਦੇ ਸਾਰੇ ਸਿਪਾਹੀਆਂ ਨੇ ਭੁਖ-ਹੜਤਾਲ ਕਰ ਦਿੱਤੀ। ਪੁਲਸ ਅਫ਼ਸਰਾਂ ਨੂੰ ਪਿੱਸੂ ਪੈ ਗਏ। ਸ਼ੇਰਦਿਲ ਦੇਸ ਰਾਜ ਫਿਰ ਕਚਹਿਰੀ ਸਾਹਮਣੇ ਪੇਸ਼ ਹੋਇਆ। ਬਿਨਾ ਝਿਜਕ ਬਿਆਨ ਦਰਜ ਕਰਵਾਇਆ ਕਿ "ਮੈਂ 24 ਘੰਟੇ ਅੱਛਰ ਸਿੰਘ ਦੀ ਨਿਗਰਾਨੀ

'ਤੇ ਰਹਿੰਦਾ ਹਾਂ। ਅੱਛਰ ਸਿੰਘ ਫੱਤੇਵਾਲ ਗਿਆ ਸੀ— ਜੋ ਉਸ ਨੇ ਤਕਰੀਰ ਕੀਤੀ ਸੀ ਤੇ ਉਸ ਦੀ ਡਾਇਰੀ ਮੈਂ ਸੁਪਰਡੈਂਟ ਪੁਲਸ ਅੰਮ੍ਰਿਤਸਰ ਦੇ ਦਫਤਰ ਨੂੰ ਮੈਂ ਉਸੇ ਦਿਨ ਦੇ ਦਿੱਤੀ ਸੀ। ਜਲਸਾ ਖਤਮ ਹੋਣ ਤੋਂ ਪਹਿਲਾਂ ਹੀ ਆਪਣੀ ਤਕਰੀਰ ਖਤਮ ਕਰਕੇ ਅੱਛਰ ਸਿੰਘ ਅੰਮ੍ਰਿਤਸਰ ਪਹੁੰਚ ਗਿਆ ਸੀ—ਮੈਂ ਉਸ ਦੇ ਨਾਲ ਸੀ। ਕਤਲ ਦੇ ਦੱਸੇ ਗਏ ਟਾਇਮ 'ਤੇ ਮੈਂ ਅੱਛਰ ਸਿੰਘ ਅੰਮ੍ਰਿਤਸਰ ਸੀ। ਇਹ ਝੂਠ ਹੈ ਕਿ ਕਤਲ ਵਿੱਚ ਅੱਛਰ ਸਿੰਘ ਨੇ ਹਿੱਸਾ ਲਿਆ। ਇਹ ਵੀ ਝੂਠ ਹੈ ਕਿ ਅੱਛਰ ਸਿੰਘ ਜਾਏਵਕੂਆ 'ਤੇ ਹਾਜ਼ਰ ਸੀ। ਪੁਲਸ ਨੇ ਅੱਛਰ ਸਿੰਘ ਦੇ ਖਿਲਾਫ ਬਿਆਨ ਦੇਣ ਲਈ ਮੇਰੇ ਉੱਤੇ ਸਖਤੀ ਕੀਤੀ ਹੈ।" ਦੇਸ ਰਾਜ ਦੇ ਬਿਆਨ ਨੇ ਸਾਰੇ ਕੇਸ ਦਾ ਨਕਸ਼ਾ ਹੀ ਬਦਲ ਦਿੱਤਾ। ਇਸਦੇ ਬਾਵਜੂਦ ਕੁਮਿਟਿੰਗ ਮਜਿਸਟਰੇਟ ਨੇ ਸੈਸ਼ਨ ਸਪੁਰਦ ਕਰ ਦਿੱਤਾ ਸੀ। ਸੈਸ਼ਨ ਵਿੱਚ ਲਗਾਤਾਰ ਇਕ ਹਫਤੇ ਭਰ ਦੀ ਬਹਿਸ ਮਗਰੋਂ ਫੈਸਲਾ ਸੁਣਾ ਦਿੱਤਾ ਗਿਆ। ਕੁਝ ਇਕ ਬਰੀ ਤੇ ਬਾਕੀਆਂ ਨੂੰ ਥੋੜ੍ਹੀਆਂ ਕੈਦਾਂ। ਪਰ ਕਿਰਤੀ ਪਾਰਟੀ ਦੇ ਨੌਜਵਾਨ ਸਿਪਾਹੀ ਜੋਗਿੰਦਰ ਸਿੰਘ ਛੀਨਾ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਹੋਈ ਸੀ। ਉਹ ਆਪਣੀ ਮਾਂ ਦਾ ਇਕਲੌਤਾ ਬੇਟਾ ਸੀ ਜੋਗਿੰਦਰ ਸਿੰਘ ਨੇ ਸਭ ਨੂੰ ਅਲਵਿਦਾ ਕਹੀ। ਉਸਨੂੰ ਬੇੜੀਆਂ ਹੱਥਕੜੀਆਂ ਲਾ ਕੇ ਅੰਮ੍ਰਿਤਸਰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਸੀ ਤੇ ਫੇਰ ਲਾਹੌਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਸੀ। ਉਸਨੇ ਹਾਈ ਕੋਰਟ ਵਿੱਚ ਅਪੀਲ ਕੀਤੀ ਸ੍ਰੀ ਜਿਸ ਦਾ ਫੈਸਲਾ ਇਕ ਸਾਲ ਬਾਅਦ ਹੋਇਆ ਸੀ। ਡੀਫੈਂਸ ਦੇ ਵਕੀਲ ਬਲਵਾ ਸਾਬਤ ਕਰਨ 'ਚ ਸਫਲ ਹੋ ਗਏ। ਅਤੇ ਜੋਗਿੰਦਰ ਸਿੰਘ ਦੀ ਕੈਦ ਘਟ ਕੇ ਇਕ ਸਾਲ ਦੀ ਰਹਿ ਗਈ ਸੀ। ਇਕ ਸਾਲ ਉਹ ਪਹਿਲਾਂ ਭੁਗਤ ਹੀ ਚੁੱਕਾ ਸੀ। ਜੋਗਿੰਦਰ ਸਿੰਘ ਰਿਹਾਅ ਹੋ ਕੇ ਕਿਰਤੀ ਪਾਰਟੀ ਦਾ ਨੌਜਵਾਨ ਲੀਡਰ ਬਣ ਗਿਆ ਸੀ। ਅੱਛਰ ਸਿੰਘ ਛੀਨਾ ਮਫਰੂਰ ਕਰਾਰ ਦੇ ਦਿੱਤਾ ਗਿਆ ਸੀ। ਦੇਸ ਰਾਜ ਸਿਪਾਹੀ ਤੇ ਉਸ ਦੀ ਪੁਲਸ ਲਾਈਨ ਦੇ ਸਾਥੀ ਮੇਹਰ ਸਿੰਘ ਰਾਏ ਮੋਰਾਂਵਾਲੀ ਤੇ ਉਸਦਾ ਸਾਥੀ ਤਿੰਨੇ ਪੁਲਸ 'ਚੋਂ ਡਿਸਮਿਸ ਕਰ ਦਿੱਤੇ ਗਏ ਸਨ। ਮੇਹਰ ਸਿੰਘ ਰਾਏ ਇੰਗਲੈਂਡ ਚਲਾ ਗਿਆ ਸੀ ਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ, ਬਰਮਿੰਘਮ ਦਾ ਕਈ ਸਾਲ ਪ੍ਰਧਾਨ ਰਿਹਾ ਸੀ।

ਦੇਸ ਰਾਜ ਬੇਕਾਰ, ਬੇਘਰ ਹੋ ਕੇ ਰੁਲਦਾ ਰਿਹਾ ਸੀ। ਅਜ਼ਾਦੀ ਮਿਲਣ ਤੋਂ ਬਾਅਦ ਕਾਂਗਰਸ ਹਕੂਮਤ ਉੱਤੇ ਜ਼ੋਰ ਪਾਇਆ ਗਿਆ ਸੀ ਕਿ ਉਸ ਨੂੰ ਬਹਾਲ ਕਰ ਦਿੱਤਾ ਜਾਵੇ ਪਰ ਅਜ਼ਾਦ ਦੇਸ ਦੀ ਕਾਂਗਰਸੀ ਸਰਕਾਰ ਨੇ ਵੀ ਉਸ ਨੂੰ ਹੁਕਮਅਦੂਲੀ ਦਾ ਦੋਸ਼ੀ ਹੀ ਬਣਾਈ ਰੱਖਿਆ ਸੀ ਅਤੇ ਦਰ-ਦਰ ਦੀਆਂ ਠੋਕਰਾਂ ਖਾਂਦਾ ਰਿਹਾ।

ਸਿਆਸੀ ਕੈਦੀਆਂ ਦੀ ਰਿਹਾਈ ਤੇ ਕਿਰਤੀ ਪਾਰਟੀ

1937-38 ਵਿੱਚ ਵਿਧਾਨ ਸਭਾ ਚੋਣਾਂ ਤੋਂ ਬਾਅਦ ਪੰਜਾਬ ਦੀਆਂ ਜੇਲ੍ਹਾਂ ਵਿੱਚ ਜ਼ਿਆਦਾਤਰ ਕਿਰਤੀ ਵਰਕਰ ਹੀ ਰਹਿ ਗਏ ਸਨ। 124 ਏ. ਅਧੀਨ ਬਾਗੀਆਨਾ ਤਕਰੀਰਾਂ ਦੇ ਜੁਰਮ ਹੇਠ, ਦਫਾ 144 ਤੋੜਨ ਆਦਿ ਦੇ ਦੋਸ਼ਾਂ ਹੇਠ ਕਿਸਾਨ ਤੇ ਮੁਜ਼ਾਰਾ

ਮੋਰਚਿਆਂ ਦੇ ਸੰਬੰਧ ਵਿੱਚ ਨੀਲੀ ਤੋਂ ਲੈ ਕੇ ਰੋਹਤਕ-ਹਿਸਾਰ ਤੱਕ ਇਨ੍ਹਾਂ ਦੀਆਂ ਗ੍ਰਿਫਤਾਰੀਆਂ ਹੁੰਦੀਆਂ ਹੀ ਰਹਿੰਦੀਆਂ ਸਨ ਅਤੇ ਕਿਰਤੀਆਂ ਨੇ ਜੇਲ੍ਹਾਂ ਅੰਦਰ ਮਾਰਕਸੀ ਸਟੱਡੀ ਸਰਕਲਾਂ ਦਾ ਸਿਲਸਿਲਾ ਲਗਾਤਾਰ ਜਾਰੀ ਰੱਖਿਆ ਸੀ। ਕਈ ਵਾਰ ਵਿਦਿਆ ਦੇਣ ਵਾਲਿਆਂ ਨੂੰ ਜਾਣ ਬੁੱਝ ਕੇ ਗ੍ਰਿਫਤਾਰ ਕਰਾਇਆ ਜਾਂਦਾ ਸੀ।

ਪੰਜਾਬ ਵਿੱਚ ਜਦੋਂ ਮੁਜ਼ਾਹਰੇ ਦੀ ਤਿਆਰੀ ਹੋ ਰਹੀ ਸੀ ਤਾਂ ਪੰਡਤ ਜਵਾਹਰ ਲਾਲ ਨਹਿਰੂ ਪਿਸ਼ਾਵਰ ਜਾਂਦੇ ਹੋਇਆਂ ਲਾਹੌਰ ਮੀਆਂ ਇਫਤਰੋਦੀਨ ਦੀ ਕੋਠੀ ਠਹਿਰਿਆ ਸੀ। ਲਾਜਪਤ ਰਾਏ ਭਵਨ ਵਿੱਚ ਮੁਜ਼ਾਹਰਾ ਕਮੇਟੀ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ। ਕਮੇਟੀ ਦੇ ਸਪੋਕਸਮੈਨ ਅਹਿਸਾਨ ਇਲਾਹੀ ਸਨ, ਜੋ ਅਜੇ ਚੰਦ ਹਫਤੇ ਹੀ ਜੇਲ੍ਹ 'ਚੋਂ ਰਿਹਾਅ ਹੋ ਕੇ ਆਏ ਸਨ। ਉਨ੍ਹਾਂ ਨੂੰ ਬਿਨ੍ਹਾਂ ਮੁਕੱਦਮਾ ਸ਼ਾਹੀ ਕੈਦੀ ਬਣਾ ਕੇ ਸਾਲਾਂਬੱਧੀ ਜੇਲ੍ਹ ਵਿੱਚ ਰੱਖਿਆ ਸੀ। ਪੰਡਤ ਜਵਾਹਰ ਲਾਲ ਨਾਲ ਸਿਆਸੀ ਕੈਦੀਆਂ ਦੀ ਰਿਹਾਈ 'ਤੇ ਗੱਲਬਾਤ ਹੋਈ। ਆਖਰ ਵਿੱਚ ਡੈਪੂਟੇਸ਼ਨ ਨੇ ਉਨ੍ਹਾਂ ਨੂੰ ਦੱਸਿਆ ਕਿ ਅਸੰਬਲੀ ਹਾਲ ਲਾਹੌਰ ਦੇ ਸਾਹਮਣੇ, ਭੁੱਖ ਹੜਤਾਲ 'ਤੇ ਬੈਠੇ ਅੰਡੇਮਾਨ ਦੇ ਕੈਦੀਆਂ ਦੀ ਮਦਦ ਲਈ ਮੁਜ਼ਾਹਰਾ ਕੀਤਾ ਜਾ ਰਿਹਾ ਸੀ। ਤੁਸੀਂ ਕਾਂਗਰਸ ਕਮੇਟੀ ਪੰਜਾਬ ਨੂੰ ਇਸ ਵਿੱਚ ਸ਼ਾਮਲ ਹੋਣ ਦਾ ਅਦੇਸ਼ ਦਿਓ। ਪੰਡਤ ਨਹਿਰੂ ਨੇ ਆਪਣੀ ਲਾਚਾਰੀ ਜ਼ਾਹਰ ਕੀਤੀ ਤੇ ਕਿਹਾ ਕਿ "ਕਾਂਗਰਸ ਹਾਈਕਮਾਂਡ ਨੇ ਇਸ ਤਰ੍ਹਾਂ ਦੀ ਕੋਈ ਵੀ ਐਜ਼ੀਟੇਸ਼ਨ ਕਰਨ ਦਾ ਅਜੇ ਫੈਸਲਾ ਨਹੀਂ ਕੀਤਾ— ਮੈਂ ਕੁਝ ਨਹੀਂ ਕਰ ਸਕਦਾ।" ਇਸ 'ਤੇ ਅਹਿਸਾਨ ਇਲਾਹੀ ਨੂੰ ਗੁੱਸਾ ਆ ਗਿਆ। ਤੂੰ-ਤੂੰ, ਮੈਂ-ਮੈਂ ਹੋ ਕੇ ਮੀਟਿੰਗ ਖ਼ਤਮ ਹੋ ਗਈ। ਸਭ ਘਰੋਂ ਘਰੀ ਚਲੇ ਗਏ। ਕੋਠੀ ਉਪੜਨ 'ਤੇ ਮੀਆਂ ਇਫਤਖਾਰੋਦੀਨ ਨੇ ਜਵਾਹਰ ਲਾਲ ਨੂੰ ਸਾਰਾ ਮਾਜਰਾ ਸਮਝਾਇਆ ਤੇ ਡੈਪੂਟੇਸ਼ਨ ਵਿੱਚ ਆਏ ਬੰਦਿਆਂ ਬਾਰੇ ਵੀ ਦੱਸਿਆ। ਜਵਾਹਰ ਲਾਲ ਨਹਿਰੂ ਨੇ ਇਫ਼ਤਰੋਦੀਨ ਨੂੰ ਭੇਜ ਕੇ ਡੈਪੂਟੇਸ਼ਨ ਨੂੰ ਮਿਲਣ ਦੀ ਫਿਰ ਇੱਛਾ ਪ੍ਰਗਟ ਕੀਤੀ। ਡੈਪੂਟੇਸ਼ਨ ਹੁਣ ਮਿਲਣ ਦੇ ਮੂਡ 'ਚ ਨਹੀ ਸੀ। ਪਰ ਮੀਏਂ ਦੇ ਜ਼ੋਰ ਪਾਉਣ 'ਤੇ ਚਲਾ ਗਿਆ। ਹੁਣ ਜਵਾਹਰ ਲਾਲ ਬੜੀ ਸ਼ਾਂਤੀ ਵਿੱਚ ਨਜ਼ਰ ਆ ਰਿਹਾ ਸੀ— ਕਹਿਣ ਲੱਗਾ, "ਮੇਰੀ ਪੋਜ਼ੀਸ਼ਨ ਨੂੰ ਸਮਝੋ। ਹਾਈਕਮਾਂਡ ਦੇ ਫੈਸਲੇ ਤੋਂ ਬਗੈਰ ਮੈਂ ਕਿਸ ਤਰ੍ਹਾਂ ਕਾਂਗਰਸੀਆਂ ਨੂੰ ਹੁਕਮ ਦੇ ਸਕਦਾਂ ਹਾਂ, ਤੁਹਾਡੇ ਵਿੱਚ ਤਾਕਤ ਹੈ ਤਾਂ ਮੁਜ਼ਾਹਰਾ ਕਰ ਦਿਓ। ਪੁਛਣ-ਪੁਛਾਉਣ ਦੀ ਕੀ ਲੋੜ ਹੈ"। ਨਹਿਰੂ ਪਿਸ਼ਾਵਰ ਚਲਿਆ ਗਿਆ, ਮੁੜ ਕੇ ਆਉਂਦੇ ਨੂੰ ਇੱਕ ਲੱਖ ਦਾ ਮੁਜ਼ਾਹਰਾ ਹੋ ਚੁਕਿਆ ਸ਼ੀ। ਨਹਿਰੂ ਨੇ ਆਪਣੇ ਪ੍ਰਤੀਕਰਮ 'ਚ ਮੀਏਂ ਨੂੰ ਕਿਹਾ ਸੀ "ਕਮਾਲ ਹੈ— ਇਹ ਬੜੇ ਤਕੜੇ ਨਿਕਲੇ।

"ਸਿਆਸੀ ਕੈਦੀਓਂ ਕੋ ਰਿਹਾਅ ਕਰੋ" ਕਾਂਗਰਸ ਦੇ ਚੋਣ ਮੈਨੀਫੈਸਟੋ ਦੀ ਇਕ ਅਹਿਮ ਮੰਗ ਸੀ। ਸਭ ਸਿਆਸੀ ਪਾਰਟੀਆਂ (ਬ੍ਰਿਟਿਸ਼ ਨਵਾਜ਼ ਪਾਰਟੀਆਂ ਨੂੰ ਛੱਡ ਕੇ) ਜਿੱਤ ਪ੍ਰਾਪਤ ਕੀਤੀ ਗਈ ਤੇ ਵਜ਼ਾਰਤਾਂ ਬਣਾਈਆਂ ਗਈਆਂ ਸਨ। ਇਸ ਨਾਹਰੇ ਉੱਤੇ ਚੋਣਾਂ ਜਿੱਤਣ ਤੋਂ ਬਾਅਦ ਸਿਆਸੀ ਕੈਦੀਆਂ ਦੀ ਰਿਹਾਈ ਵੱਲ ਕਿਸੇ ਨੇ

ਧਿਆਨ ਨਾ ਦਿੱਤਾ। ਅੰਡੇਮਾਨ ਦੇ ਸਿਆਸੀ ਕੈਦੀਆਂ ਨੇ ਐਕਸ਼ਨ ਕਮੇਟੀ ਬਣਾ ਕੇ ਭੁੱਖ ਹੜਤਾਲ ਦਾ ਫੈਸਲਾ ਕਰ ਲਿਆ ਸੀ ਅਤੇ ਉਸ ਦੀ ਰਿਪੋਰਟ ਸਮਗਲ ਕਰਕੇ ਕਿਰਤੀ ਪਾਰਟੀ ਦੇ ਅੰਮ੍ਰਿਤਸਰ ਦਫ਼ਤਰ ਵਿੱਚ ਭੇਜ ਦਿੱਤੀ ਸੀ। ਉਨ੍ਹਾਂ ਦੀ ਮੰਗ ਸੀ ਕਿ ਸਿਆਸੀ ਕੈਦੀਆਂ ਲਈ ਅੰਡੇਮਾਨ ਜੇਲ੍ਹ ਤੋੜ ਦਿੱਤੀ ਜਾਵੇ ਅਤੇ ਚੋਣਾਂ ਵਿੱਚ ਕੀਤੇ ਵਾਦਿਆਂ ਅਨੁਸਾਰ ਕਾਂਗਰਸੀ ਵਜ਼ਾਰਤਾਂ ਸਿਆਸੀ ਕੈਦੀਆਂ ਨੂੰ ਰਿਹਾਅ ਕਰਨ। ਅੰਡੇਮਾਨ ਦੇ ਸਿਆਸੀ ਕੈਦੀਆਂ ਦੀ ਭੁੱਖ ਹੜਤਾਲ ਦੀ ਰੀਪੋਰਟ ਦੀਆਂ ਕਾਪੀਆਂ ਕਿਰਤੀ ਪਾਰਟੀ ਦੇ ਸਾਰੇ ਕੇਂਦਰਾਂ ਵਿੱਚ ਭੇਜੀਆਂ ਗਈਆਂ ਸਨ। ਗੇਂਦਾ ਸਿੰਘ ਦੌਧਰ ਨੂੰ ਇਸ ਰੀਪੋਰਟ ਦੀ ਨਕਲ ਦੇ ਕੇ ਕਲੱਕਤੇ ਭੇਜਿਆ ਗਿਆ ਸੀ, ਉਥੋਂ ਲਖਨਊ ਤੇ ਫੇਰ ਦਿੱਲੀ। ਉਹ ਬੰਗਾਲ ਦੀਆਂ ਸਾਰੀਆਂ ਇਨਕਲਾਬੀ ਪਾਰਟੀਆਂ ਨੂੰ ਅੰਡੇਮਾਨ ਦਾ ਸੰਦੇਸ਼ ਦੇ ਕੇ ਅੰਮ੍ਰਿਤਸਰ ਮੁੜ ਆਇਆ ਸੀ। ਇਨ੍ਹਾਂ ਸਾਰਿਆਂ ਸੈਂਟਰਾਂ ਦੇ ਇਨਕਲਾਬੀਆਂ ਦੀ ਗੁਪਤ ਮੀਟਿੰਗ ਹੋਈ। ਜਿਸ ਵਿੱਚ ਫੈਸਲਾ ਹੋਇਆ ਕਿ ਲਾਹੌਰ, ਕਲਕੱਤਾ, ਲਖਨਊ ਤੇ ਦਿੱਲੀ ਵਿੱਚ ਅਸੰਬਲੀਆਂ ਦੇ ਸਾਹਮਣੇ ਭਾਰੀ ਮੁਜ਼ਾਹਰੇ ਕੀਤੇ ਜਾਣ। ਪਹਿਲਾ ਮੁਜ਼ਾਹਰਾ ਲਾਹੌਰ ਅਸੰਬਲੀ ਸਾਹਮਣੇ ਹੋਵੇ। ਓਸੇ ਤਰੀਖ਼ 'ਤੇ ਅੰਡੇਮਾਨ ਦੇ ਇਨਕਲਾਬੀ ਕੈਦੀ ਲੰਮੀ ਭੁੱਖ ਹੜਤਾਲ ਸ਼ੁਰੂ ਕਰ ਦੇਣਗੇ।

ਕਿਰਤੀ ਪਾਰਟੀ ਦੀ ਪ੍ਰੋਵਿਨਸ਼ੀਅਲ ਕਮੇਟੀ, ਸੋਸ਼ਲਿਸਟ ਵਰਕਰਾਂ ਦੇ ਲੀਡਰਾਂ ਦਾ ਗੁਪਤ ਅਜਲਾਸ ਸੱਦਿਆ ਗਿਆ ਸੀ। ਹਕੂਮਤ ਦੇ ਮਹਿਲੀਂ ਕੋਈ ਖ਼ਬਰ ਨਹੀਂ ਸੀ ਕਿ ਕੀ ਹੋਣ ਵਾਲਾ ਹੈ। ਹਰ ਜ਼ਿਲ੍ਹੇ ਤੇ ਪਿੰਡ-ਪਿੰਡ ਵਿੱਚ ਮੁਜ਼ਾਹਰੇ ਦੀ ਤਿਆਰੀ ਸ਼ੁਰੂ ਹੋ ਗਈ। ਇਕ ਦਿਨ ਪਹਿਲਾਂ ਹੀ ਪੰਜਾਬ ਦੇ ਕੋਨੇ-ਕੋਨੇ ਤੋਂ ਲੱਖ ਤੋਂ ਉੱਤੇ ਲੋਕ ਲਾਹੌਰ ਪਹੁੰਚ ਗਏ ਸਨ। ਲਾਹੌਰ ਦਾ ਹਰ ਪਾਰਕ ਤੇ ਖਾਲੀ ਜਗ੍ਹਾ ਪੰਜਾਬੀ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ, ਸ਼ਹਿਰੀਆਂ ਨਾਲ ਇਕ ਦਿਨ ਪਹਿਲਾਂ ਹੀ ਭਰ ਗਈ ਸੀ। ਹਕੂਮਤ ਲਈ ਇਹ ਇਕ ਵੱਡਾ ਧਮਾਕਾ ਸੀ। ਪੁਲਸ ਹਰਲ ਹਰਲ ਕਰਦੀ ਕਿਰਤੀ ਲੀਡਰਾਂ ਦੀ ਭਾਲ ਵਿੱਚ ਫਿਰ ਰਹੀ ਸੀ। ਟੀਕਾ ਰਾਮ ਸੁਖਨ ਫੜਿਆ ਗਿਆ ਸੀ। ਉਸ ਨੂੰ ਥਾਣੇ ਦੀ ਹਵਾਲਾਤ ਵਿੱਚ ਕੈਦ ਕਰ ਦਿੱਤਾ ਗਿਆ ਸੀ ਅਤੇ ਬਾਕੀ ਆਗੂ ਰੂਪੋਸ਼ ਹੋ ਗਏ ਸਨ। ਪੁਰਾਣੇ ਲਾਹੌਰ ਤੋਂ ਜਲੂਸ ਸ਼ੁਰੂ ਹੋ ਕੇ ਗਲੀਆਂ ਵਿੱਚ ਹੁੰਦਾ ਹੋਇਆ ਅਨਾਰਕਲੀ ਬਾਜ਼ਾਰ ਪਹੁੰਚਣਾ ਸੀ, ਤੇ ਉਥੋਂ ਚੱਲ ਕੇ ਪੰਜਾਬ ਅਸੰਬਲੀ ਹਾਲ ਦੇ ਸਾਹਮਣੇ ਮੁਜ਼ਾਹਰਾ ਕਰਨਾ ਸੀ, ਤੇ ਸਿਆਸੀ ਕੈਦੀਆਂ ਦੀ ਰਿਹਾਈ ਤੇ ਅੰਡੇਮਾਨ ਤੋਂ ਸਿਆਸੀ ਕੈਦੀਆਂ ਦੀ ਵਾਪਸੀ ਦੀ ਮੰਗ ਕਰਨੀ ਸੀ। ਪੰਜਾਬ ਅਸੈਂਬਲੀ ਦੀ ਅਜਲਾਸ ਸ਼ੁਰੂ ਸੀ। ਸੰਤਾ ਸਿੰਘ ਗੰਡੀਵਿੰਡ ਤੇ ਭਗਵਾਨ ਸਿੰਘ ਸ਼ੇਖ਼ੂਪੁਰਾ ਉਘੇ ਕਿਰਤੀ ਲੀਡਰ ਗੱਲਾਂ ਵਿੱਚ ਫੁੱਲਾਂ ਦੇ ਹਾਰ ਪਾ ਕੇ ਅੱਗੇ ਅੱਗੇ ਜਲੂਸ ਦੀ ਰਹਿਨੁਮਾਈ ਕਰ ਰਹੇ ਸਨ। ਪਿੱਛੇ ਤਿੰਨਾਂ ਤਿੰਨਾਂ ਦੀ ਲਾਈਨ ਵਿੱਚ ਇਕ ਲੱਖ ਦਾ ਜਲੂਸ ਅੱਗੇ ਵੱਧ ਰਿਹਾ ਸੀ। ਅਨਾਰਕਲੀ ਬਾਜ਼ਾਰ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਖੁਲ੍ਹੇ ਮੈਦਾਨ ਵਿੱਚ ਕੰਡੇਦਾਰ ਤਾਰ ਲਾ ਕੇ ਇਕ ਮੁਸਲਮ ਮੁਹੱਲੇ ਵਿੱਚ ਜਲੂਸ ਰੋਕ ਦਿੱਤਾ ਗਿਆ ਸੀ। ਗਲੀ ਦੇ

ਸਾਹਮਣੇ ਮਸ਼ੀਨਗੰਨ ਬੀੜ ਦਿੱਤੀ ਗਈ ਸੀ। ਪੁਲਸ ਦੀ ਭਾਰੀ ਤਾਦਾਦ ਅੰਗਰੇਜ਼ ਅਫਸਰ ਦੀ ਕਮਾਂਡ ਹੇਠ ਬੰਦੂਕਾਂ ਤਾਣ ਖੜੀ ਸੀ। ਜਲ੍ਹਿਆਂ ਵਾਲੇ ਬਾਗ ਦਾ ਮੰਜ਼ਰ ਨਜ਼ਰ ਆ ਰਿਹਾ ਸੀ। ਬੀ. ਪੀ. ਐਲ ਬੇਦੀ ਵਲੰਟੀਅਰਾਂ ਦੇ ਕਮਾਂਡਰ ਵਜੋਂ ਪੂਰੀ ਚੌਕਸੀ ਨਾਲ ਜਲੂਸ 'ਤੇ ਕੰਟਰੋਲ ਕਰ ਰਹੇ ਸਨ। ਬਾਬਾ ਸੋਹਣ ਸਿੰਘ ਭਕਨਾ, ਕਾਂਗਰਸ ਪ੍ਰੈਜ਼ੀਡੈਂਟ ਡਾਕਟਰ ਸੱਤਿਆਪਾਲ ਛੰਨੋ ਦੇਵੀ ਤੇ ਕੇਦਾਰ ਨਾਥ ਸਹਿਗਲ ਇਕ ਪਾਸੇ ਮੁਨਸ਼ੀ ਅਹਿਮਦਦੀਨ, ਬੂਝਾ ਸਿੰਘ, ਭਗਤ ਸਿੰਘ ਬਿਲਗਾ, ਮੁਬਾਰਕ, ਸਾਗਰ ਤੇ ਮੋਹਣ ਲਾਲ ਦੂਸਰੇ ਪਾਸੇ ਜਲੂਸ ਦੇ ਲੀਡਰਾਂ ਦੇ ਸੱਜੇ ਤੇ ਖੱਬੇ ਪਾਸੇ ਕੰਡੇਦਾਰ ਤਾਰ ਦੇ ਨਾਲ ਸਾਹਮਣੇ ਖੜ੍ਹੇ ਸਨ। ਜਲੂਸ ਨਾਹਰੇ ਲਾ ਰਿਹਾ ਸੀ। " ਸਿਆਸੀ ਕੈਦੀਆਂ ਨੂੰ ਰਿਹਾਅ ਕਰੋ" "ਅੰਡੇਮਾਨ ਤੋਂ ਵਾਪਸ ਲਿਆਓ"। ਇੰਤਜ਼ਾਰ ਸੀ ਕਿ ਜਦੋਂ ਮਸ਼ੀਨਗੰਨ 'ਤੇ ਖੜ੍ਹਾ ਅਫਸਰ ਗੋਲੀਆਂ ਦੀ ਬੌਛਾੜ ਕਰਦਾ ਹੈ, ਤੇ ਇਹ ਮੈਦਾਨ ਤੇ ਗਲੀ ਕਦ ਲਾਸ਼ਾਂ ਦਾ ਢੇਰ ਬਣ ਕੇ ਜਲ੍ਹਿਆਂ ਵਾਲੇ ਬਾਗ਼ ਦੀਆਂ ਯਾਦਾਂ ਤਾਜ਼ਾ ਕਰ ਦਿੰਦੀ ਹੈ। ਜਲੂਸ ਪੂਰੇ ਡਸਿਪਲਨ ਵਿੱਚ ਸੀ। ਨਾ ਕੋਈ ਘਬਰਾਹਟ ਤੇ ਨਾ ਹੀ ਮਰਨ ਦਾ ਡਰ। ਪੁਲਸ ਦਾ ਖਿਆਲ ਸੀ, ਮੁਸਲਮ ਮੁਹੱਲੇ ਵਿੱਚ ਘੇਰ ਕੇ ਭੜਕਾਹਟ ਪੈਦਾ ਕਰਕੇ ਇਸ ਜਲੂਸ ਨੂੰ ਹਿੰਦੂ ਮੁਸਲਮ ਫਸਾਦਾਂ ਵਿੱਚ ਬਦਲ ਦਿੱਤਾ ਜਾਵੇ। ਹੋਇਆ ਐਨ ਇਸ ਦੇ ਉਲਟ। ਮੁਹੱਲੇ ਦੀਆਂ ਬੁਰਕੇ ਵਾਲੀਆਂ ਮੁਸਲਮ ਔਰਤਾਂ ਨੇ ਜਲੂਸ ਵਿੱਚ ਆਏ ਲੋਕਾਂ ਨੂੰ ਪਾਣੀ ਪਿਆਉਣਾ ਸ਼ੁਰੂ ਕਰ ਦਿੱਤਾ, ਰੋਟੀਆਂ ਵੀ ਦਿੱਤੀਆਂ ਤੇ ਉਹ ਜਲੂਸ ਦੇ ਨਾਲ ਰਲ ਨਾਹਰੇ ਵੀ ਲਾ ਰਹੀਆਂ ਸਨ " ਸਿਆਸੀ ਕੈਦੀਓਂ ਕੋ ਰਿਹਾਅ ਕਰੋ", " ਕਾਲੇ ਪਾਣੀ ਨੂੰ ਤੋੜ ਦਿਓ"। ਅੱਠ ਘੰਟੇ ਦੇ ਕਰੀਬ ਜਲੂਸ ਇਥੇ ਪੁਲਸ ਨੇ ਰੋਕੀ ਰਖਿਆ। ਇਸ ਮੁਸਲਮ ਮੁਹੱਲੇ ਦੇ ਲੋਕ ਕੋਠਿਆਂ 'ਤੇ ਚੜ੍ਹਕੇ ਦੇਖ ਰਹੇ ਸਨ ਤੇ ਪੁਲਸ ਜ਼ੁਲਮ ਦੇ ਖਿਲਾਫ ਨਾਹਰੇ ਲਾਉਣ ਵਿੱਚ ਸ਼ਾਮਲ ਹੋ ਰਹੇ ਸਨ। ਸ਼ਾਮ ਦੇ 6 ਵਜੇ ਇਕਦਮ ਪੁਲਸ ਨੂੰ ਵਾਪਸ ਬੁਲਾ ਲਿਆ ਗਿਆ ਸੀ। ਕੰਡੇਦਾਰ ਤਾਰ ਚੁੱਕ ਲਈ ਗਈ ਸੀ। ਸਾਰੀ ਦੀ ਸਾਰੀ ਪੁਲਸ ਬੈਰਕਾਂ ਵਿੱਚ ਭੇਜ ਦਿੱਤੀ ਗਈ ਸੀ ਤੇ ਕੋਈ ਵੀ ਸਿਪਾਹੀ ਨਹੀਂ ਸੀ ਆ ਰਿਹਾ। ਜਲੂਸ ਅਨਾਰਕਲੀ ਬਾਜ਼ਾਰ ਵਿੱਚ ਦਾਖ਼ਲ ਹੋ ਗਿਆ। ਲਾਹੌਰ ਦੇ ਵਿਦਿਆਰਥੀ ਵੀ ਇਸ ਵਿੱਚ ਸ਼ਾਮਲ ਹੋ ਗਏ ਸਨ। ਬੀ. ਪੀ. ਐਲ. ਬੇਦੀ ਨੇ ਬਾਜ਼ਾਰ ਦੇ ਦੋਹੀਂ ਪਾਸੀ ਵਲੰਟਰੀਅਰ ਲਾ ਦਿੱਤੇ ਤਾਂ ਕਿ ਪੁਲਸ ਦੇ ਏਜੰਟ ਭੜਕਾਹਟ ਪੈਦਾ ਕਰਕੇ ਦੁਕਾਨਾਂ ਦੇ ਸ਼ੀਸ਼ੇ ਨਾ ਤੋੜ ਦੇਣ, ਜਲੂਸ 'ਤੇ ਕਾਬੂ ਰੱਖਿਆ ਜਾਵੇ। ਕੋਈ ਅਜਿਹੀ ਘਟਨਾ ਨਾ ਹੋਣ ਦਿੱਤੀ ਜਾਵੇ ਜਿਹੜੀ ਜਲੂਸ ਦੀ ਬਦਨਾਮੀ ਦਾ ਕਾਰਨ ਬਣੇ। ਲੋਕ ਨਾਹਰੇ ਲਾ ਰਹੇ ਸਨ ਤੇ ਵਿਦਿਆਰਥੀ ਗੁੱਸੇ ਵਿੱਚ ਆਏ ਭੰਗੜਾ ਪਾਉਂਦੇ ਹੋਏ ਹਕੂਮਤ ਨੂੰ ਬੁਰਾ ਭਲਾ ਕਹਿ ਰਹੇ ਸਨ। ਇਨ੍ਹਾਂ ਵਿੱਚ ਸਰ ਸਿਕੰਦਰ ਹਯਾਤ ਖਾਂ, ਚੀਫ ਮਨਿਸਟਰ ਪੰਜਾਬ ਦੇ ਸਕੇ ਭਤੀਜੇ ਮਹਿਮੂਦ ਅਲੀ ਤੇ ਮਦਰ ਅਲੀ ਭੰਗੜਾ ਪਾਉਣ ਵਾਲਿਆਂ ਦੇ ਆਗੂ ਸਨ। ਇਹ ਸਭ ਵਿਦਿਆਰਥੀ ਫੈਡਰੇਸ਼ਨ ਦੇ ਮੈਂਬਰ ਸਨ। ਜਲੂਸ ਸਿਵਲ ਲਾਈਨ ਦੇ ਵਿੱਚ ਦੀ ਹੁੰਦਾ ਹੋਇਆ ਅਸੰਬਲੀ ਹਾਲ ਅੱਗੇ ਜਾ ਪੁੱਜਾ।

ਹਨ੍ਹੇਰਾ ਹੋ ਗਿਆ ਸੀ। ਅਸੰਬਲੀ ਦਾ ਅਜਲਾਸ ਖਤਮ ਹੋ ਚੁੱਕਿਆ ਸੀ। ਜਲੂਸ ਦੇ ਕਮਾਂਡੈਂਟ ਬੇਦੀ ਨੇ ਅਸੰਬਲੀ ਹਾਲ ਦੇ ਸਾਹਮਣੇ ਵਲੰਟੀਅਰਾਂ ਦੀ ਭਾਰੀ ਡੀਟੈਚਮੈਂਟ ਖੜ੍ਹੀ ਕਰ ਦਿੱਤੀ ਸੀ। ਜਲੂਸ ਅਸੰਬਲੀ ਦੇ ਸਾਹਮਣੇ ਦੀ ਮਾਰਚ ਕਰ ਰਿਹਾ ਸੀ। ਜਦੋਂ ਅਸੰਬਲੀ ਹਾਲ ਦੀ ਬਾਉਂਡਰੀ ਵਾਲ ਟੱਪ ਕੇ ਇਕ ਸ਼ਖਸ ਅਸੰਬਲੀ ਹਾਲ 'ਤੇ ਚੜ੍ਹਨ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਬੇਦੀ ਨੇ ਲੱਤੋਂ ਫੜ ਭੁੰਞੇ ਸੁੱਟ ਲਿਆ। ਪੜਤਾਲ ਤੋਂ ਬਾਅਦ ਪਤਾ ਲੱਗਾ ਕਿ ਉਹ ਸੀ. ਆਈ.ਡੀ ਦਾ ਸਿਪਾਹੀ ਸੀ। ਉਹ ਸ਼ਰਾਰਤ ਕਰਕੇ ਜਲੂਸ ਦੀ ਬਦਨਾਮੀ ਕਰਨ ਲਈ ਕੋਈ ਕਾਰਵਾਈ ਕਰਨੀ ਚਾਹੁੰਦਾ ਸੀ। ਛਿੱਤਰਾਂ ਦੇ ਹਾਰ ਪਾ ਕੇ ਉਸ ਦਾ ਮੂੰਹ ਕਾਲਾ ਕਰਕੇ ਜਲੂਸ ਦੇ ਸਾਹਮਣੇ ਫੇਰਿਆ ਗਿਆ ਸੀ। ਜਲੂਸ ਪੂਰੀ ਕਾਮਯਾਬੀ ਨਾਲ ਖਤਮ ਹੋਇਆ ਤੇ ਬਾਹਰੋਂ ਆਏ ਲੋਕ ਆਪੋ ਆਪਣੇ ਜਿਲ੍ਹਾ ਕੈਂਪਾਂ ਵਿੱਚ ਚਲੇ ਗਏ। ਅਗਲੇ ਦਿਨ ਲਾਹੌਰ ਦੇ ਨਾਮਨਿਹਾਦ ਕੌਮੀ ਅਖ਼ਬਾਰਾਂ ਨੇ ਇਸ ਵੱਡੇ ਜਲੂਸ ਦੀ ਕੋਈ ਖ਼ਬਰ ਨਾ ਛਾਪੀ ਤੇ ਨਾ ਹੀ ਅਖ਼ਬਾਰੀ ਏਜੰਸੀਆਂ ਨੇ ਖਬਰਾਂ ਬਾਹਰ ਭੇਜੀਆਂ। ਸਰ ਸਿਕੰਦਰ ਹਯਾਤ ਨੇ ਖੁਦ ਪੁਲਸ ਅਫਸਰਾਂ ਦੇ ਸਾਹਮਣੇ ਲਾਹੌਰ ਦੇ ਅਖ਼ਬਾਰ ਮਾਲਕਾਂ ਨੂੰ ਚੇਤਾਵਨੀ ਦਿੱਤੀ ਸੀ ਕਿ ਜੇ ਇਕ ਵੀ ਖਬਰ ਬਾਹਰ ਭੇਜੀ ਜਾਂ ਆਪਣੇ ਅਖ਼ਬਾਰਾਂ ਵਿੱਚ ਛਾਪੀ ਤਾਂ ਖ਼ੈਰ ਨਹੀਂ ਹੋਵੇਗੀ। ਕੌਮਪ੍ਰਸਤੀ ਦੇ ਦਾਅਵੇਦਾਰ ਅਖ਼ਬਾਰਾਂ ਨੇ ਵੀ ਇਸ ਹੁਕਮ ਅੱਗੇ ਸਿਰ ਝੁਕਾ ਦਿੱਤਾ ਸੀ। ਗੁੱਸੇ ਵਿੱਚ ਬਾਹਰੋਂ ਆਏ ਲੋਕਾਂ ਨੇ ਇਨ੍ਹਾਂ ਕੌਮੀ ਅਖ਼ਬਾਰਾਂ ਦੇ ਦਫਤਰਾਂ ਸਾਹਮਣੇ ਦੂਸਰੇ ਦਿਨ ਮੁਜ਼ਾਹਰੇ ਕੀਤੇ।

ਦੂਸਰੇ ਦਿਨ ਅਸੰਬਲੀ ਦਾ ਅਜਲਾਸ ਹੋਇਆ। ਸਿਕੰਦਰ ਹਯਾਤ ਨੇ ਉਸ ਵਿੱਚ ਬੋਲਦਿਆਂ ਕਿਰਤੀ ਪਾਰਟੀ ਤੇ ਨੌਜਵਾਨ, ਵਿਦਿਆਰਥੀਆਂ ਦੇ ਖ਼ਿਲਾਫ਼ ਖੂਬ ਗਬਾਰ ਕੱਢਿਆ ਸੀ।

ਬੰਗਾਲ ਦੇ ਇਨਕਲਾਬੀਆਂ ਨੇ ਵੀ ਅੰਡੇਮਾਨ ਦੇ ਕੈਦੀਆਂ ਦੇ ਹੱਕ ਵਿੱਚ ਬੰਗਾਲ ਅਸੰਬਲੀ ਹਾਲ ਦੇ ਸਾਹਮਣੇ ਭਰਵਾਂ ਮੁਜ਼ਾਹਰਾ ਕੀਤਾ ਸੀ। ਅੰਡੇਮਾਨ ਤੋਂ ਖ਼ਬਰਾਂ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ ਕਿ ਇਸ ਹੜਤਾਲ ਵਿੱਚ ਕਿਸ ਕਿਸ ਦੀ ਹਾਲਤ ਨਾਜ਼ੁਕ ਹੋ ਗਈ ਹੈ। ਇਸ ਸੰਬੰਧੀ ਅਸੰਬਲੀ ਵਿੱਚ ਸਵਾਲ-ਜਵਾਬ ਤੇ ਕੰਮ ਰੋਕੂ ਮਤੇ ਪੇਸ਼ ਹੋਣ ਲੱਗੇ। ਅਖ਼ਬਾਰਾਂ ਵਿੱਚ ਕਾਲਮਾਂ ਦੇ ਕਾਲਮ ਕੈਦੀਆਂ ਦੀਆਂ ਮੰਗਾਂ ਦੇ ਹੱਕ ਵਿੱਚ ਲਿਖੇ ਗਏ।

ਕਾਕੋਰੀ ਕੇਸ ਦੇ ਰਿਹਾਅ ਹੋਏ ਸਾਥੀ ਯੂ. ਪੀ. ਦੇ ਸ਼ਹਿਰਾਂ ਪਿੰਡਾਂ ਵਿੱਚੋਂ ਲੋਕਾਂ ਨੂੰ ਇਕੱਤਰ ਕਰਕੇ ਲਖਨਊ ਅਸੰਬਲੀ ਹਾਲ ਅੱਗੇ ਆ ਗਏ। ਉਹ ਮੰਗ ਕਰ ਰਹੇ ਸਨ ਕਿ "ਚੋਣਾਂ ਵਿੱਚ ਕੀਤੇ ਵਾਅਦੇ ਪੂਰੇ ਕਰੋ", "ਸਿਆਸੀ ਕੈਦੀਆਂ ਨੂੰ ਰਿਹਾ ਕਰੋ" "ਅੰਡੇਮਾਨ ਜੇਲ੍ਹ ਸਿਆਸੀ ਕੈਦੀਆਂ ਲਈ ਬੰਦ ਕਰੋ"। ਲਖਨਊ ਦਾ ਮੁਜ਼ਾਹਰਾ ਖਾਸ ਅਹਿਮੀਅਤ ਰੱਖਦਾ ਸੀ। ਪੰਜਾਬ ਤੇ ਬੰਗਾਲ ਵਿੱਚ ਤਾਂ ਕਾਂਗਰਸ ਦੀਆਂ ਵਜ਼ਾਰਤਾਂ ਨਹੀਂ ਸਨ, ਅੰਗਰੇਜ਼ ਨਵਾਜ਼ ਪਾਰਟੀਆਂ ਦਾ ਰਾਜ ਸੀ, ਪਰ ਯੂ. ਪੀ. ਵਿੱਚ ਤਾਂ ਕਾਂਗਰਸ ਦੀ

ਸਰਕਾਰ ਸੀ ਅਤੇ ਮੁੱਖ ਮੰਤਰੀ ਸ੍ਰੀ ਪੰਤ ਸਨ।

ਇਹ ਸਿਲਸਿਲਾ ਦਿੱਲੀ ਪੁੱਜ ਕੇ ਖ਼ਤਮ ਹੋਣਾ ਸੀ। ਹੁਣ ਬੰਗਾਲ, ਯੂ. ਪੀ. ਅਤੇ ਪੰਜਾਬ ਤੋਂ ਲੋਕ ਵਹੀਰਾਂ ਘੱਤਕੇ ਇਸੇ ਮਕਸਦ ਲਈ ਮੁਜ਼ਾਹਰਾ ਕਰਨ ਵਾਸਤੇ ਦਿੱਲੀ ਪਹੁੰਚ ਗਏ ਸਨ। ਸਟੇਸ਼ਨ ਤੋਂ ਜਲੂਸ ਸ਼ੁਰੂ ਹੋਇਆ। ਕਾਕੋਰੀ ਕੇਸ ਵਾਲੇ ਯੋਗੇਸ਼ ਚੈਟਰਜੀ ਨੂੰ ਅਗਵਾਈ ਕਰਦਿਆਂ ਗ੍ਰਿਫਤਾਰ ਕਰ ਲਿਆ ਗਿਆ ਸੀ।

ਗ੍ਰਿਫਤਾਰੀਆਂ ਦਿੰਦਾ ਹੋਇਆ ਇਹ ਜਲੂਸ ਪੰਡਾਲ ਤਕ ਪਹੁੰਚ ਗਿਆ। ਸੰਤਾ ਸਿੰਘ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਜਲਸਾ ਸ਼ੁਰੂ ਹੋਇਆ। ਅੰਡੇਮਾਨ ਦੇ ਭੁੱਖ ਹੜਤਾਲੀ ਲੀਡਰ ਬਾਬਾ ਗੁਰਮੁੱਖ ਸਿੰਘ ਦੀ ਤਸਵੀਰ ਦੀ ਨਕਾਬ-ਕਸ਼ਾਈ ਕੀਤੀ ਗਈ ਸੀ। ਭੁੱਖ ਹੜਤਾਲ ਲੰਬੀ ਹੁੰਦੀ ਜਾ ਰਹੀ ਸੀ। ਲੀਡਰਾਂ ਦੀਆਂ ਅਪੀਲਾਂ ਕਰਨ 'ਤੇ ਵੀ ਭੁੱਖ ਹੜਤਾਲੀ ਕੈਦੀ ਹੜਤਾਲ ਛੱਡਣ 'ਤੇ ਰਜ਼ਾਮੰਦ ਨਾ ਹੋਏ। ਹਜ਼ਾਰਾ ਸਿੰਘ (ਸ਼ਹੀਦ ਟਾਟਾ ਨਗਰ) ਦੇ ਸਰੀਰ ਦਾ ਇਕ ਪਾਸਾ ਹਰਕਤ ਕਰਨੋਂ ਹਟ ਗਿਆ। ਪੈਰਾਲੀਈਸਿਸ ਦੀਆਂ ਨਿਸ਼ਾਨੀਆਂ ਜ਼ਾਹਰ ਹੋਣ ਲੱਗੀਆਂ। ਧਨਵੰਤਰੀ ਦੇ ਦਿਲ ਦੀ ਧੜਕਣ ਮੱਧਮ ਪੈ ਰਹੀ ਸੀ। ਗਣੇਸ਼ ਘੋਸ਼ ਬੇਹੋਸ਼ ਹੋ ਜਾਂਦਾ ਸੀ। ਇਨ੍ਹਾਂ ਸਾਰੇ ਕੈਦੀਆਂ ਬਾਰੇ ਅੰਡੇਮਾਨ ਤੋਂ ਕਿਰਤੀ ਪਾਰਟੀ ਨੂੰ ਖੁਫੀਆ ਕਾਨਟੈਕਟਾਂ ਜ਼ਰੀਏ ਬਾਕਾਇਦਾ ਖ਼ਬਰਾਂ ਪੁੱਜ ਰਹੀਆਂ ਸਨ। ਲੋਕਾਂ ਦੀ ਅੰਡੇਮਾਨ ਦੇ ਕੈਦੀਆਂ ਦੀ ਜਦੋ ਜਹਿਦ ਸਿਖਰਾਂ 'ਤੇ ਪਹੁੰਚ ਗਈ ਸੀ।

ਕਾਂਗਰਸ ਦਾ ਸਲਾਨਾ ਅਜਲਾਸ 1938 ਵਿੱਚ ਹਰੀਪੁਰ (ਗੁਜਰਾਤ) ਵਿੱਚ ਹੋ ਰਿਹਾ ਸੀ। ਸਾਰੇ ਸੂਬਿਆਂ ਵਿੱਚੋਂ ਡੈਲੀਗੇਟ ਦੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਚੁਣੇ ਗਏ ਮੈਂਬਰ ਉਥੇ ਪਹੁੰਚ ਗਏ ਸਨ। ਖੱਬੇ ਮੋਰਚੇ ਵੱਲੋਂ ਤੇ ਖਾਸਕਰ ਮੁਜ਼ਾਹਰਾ ਕਮੇਟੀ ਵੱਲੋਂ ਇਕ ਮਤਾ ਸਿਆਸੀ ਕੈਦੀਆਂ ਦੀ ਰਿਹਾਈ ਲਈ ਤੇ ਅੰਡੇਮਾਨ ਨੂੰ ਸਿਆਸੀ ਕੈਦੀ ਭੇਜੇ ਜਾਣ ਦੇ ਖਿਲਾਫ਼ ਪੇਸ਼ ਕੀਤਾ ਗਿਆ ਸੀ। ਇਸ ਦੇ ਹੱਕ ਵਿੱਚ ਤੇ ਖਿਲਾਫ ਤਕਰੀਰਾਂ ਹੋਈਆਂ। ਗਰਮਾ-ਗਰਮੀ ਵਧ ਗਈ। ਜੋਸ਼ ਵਿੱਚ ਆਏ ਸਰਦਾਰ ਪਟੇਲ ਨੇ ਆਪਣੀ ਤਕਰੀਰ ਵਿੱਚ ਕਹਿ ਦਿੱਤਾ ਕਿ ਕਲ੍ਹ ਨੂੰ ਕੋਈ ਹੋਰ ਕਾਤਲ, ਚੋਰ, ਡਾਕੂ ਰਿਹਾਈ ਦੀ ਮੰਗ ਕਰੇਗਾ ਕਿ ਇਨ੍ਹਾਂ ਕੈਦੀਆਂ ਨੂੰ ਛੱਡੋ, ਕੀ ਇਨ੍ਹਾਂ ਦੇ ਕਹਿਣ 'ਤੇ ਕਾਂਗਰਸ ਵਜ਼ਾਰਤਾਂ ਛੱਡ ਦੇਵੇਗੀ। ਅਜਿਹੇ, ਲੋਕਾਂ ਦੀਆਂ ਮੰਗਾਂ 'ਤੇ ਜਿਨ੍ਹਾਂ ਲਈ ਤੁਸੀਂ ਬੋਲ ਰਹੇ ਹੋ, ਅਸੀ ਵਜ਼ਾਰਤਾਂ ਨਹੀਂ ਛੱਡਣ ਲੱਗੇ। ਫਿਰ ਕੀ ਸੀ— ਮੁਬਾਰਕਾਂ ਸਾਗਰ ਉਠ ਖੜ੍ਹਾ ਹੋਇਆ, ਆਪਣਾ ਵਿੰਗਾ-ਤੜਿੰਗਾ ਸੋਟਾ ਲਹਿਰਾਉਂਦਾ ਹੋਇਆ ਬੋਲਿਆ, " ਤੂੰ ਡਾਕੂ, ਤੂੰ ਚੋਰ! ਉਹ ਦੇਸ਼ ਭਗਤ ਹਨ। ਅਸੀਂ ਉਨ੍ਹਾਂ ਦੀਆਂ ਰਿਹਾਈਆਂ ਕਰਵਾਕੇ ਹੀ ਦਮ ਲਵਾਂਗੇ।" ਇਕ ਪਾਸੇ ਸਰਦਾਰ ਪਟੇਲ ਸਾਰਾ ਜ਼ੋਰ ਲਾ ਕੇ ਚੈਲਿੰਜ ਕਰ ਰਿਹਾ ਸੀ, ਦੂਜੇ ਪਾਸੇ ਖੱਬਾ ਮੋਰਚਾ (ਕਿਰਤੀ-ਕਮਿਊਨਿਸਟ, ਸੋਸ਼ਲਿਸਟ ਤੇ ਤੇਜ਼ ਕਾਂਗਰਸੀਏ) ਉਠ ਖੜ੍ਹਾ ਹੋਇਆ, ਸ਼ੋਰੋਗੁਲ ਮੱਚ ਗਿਆ। ਦਿਓਕੱਦ ਬੀ. ਪੀ. ਐਲ ਬੇਦੀ, ਕਰਤਾਰ ਸਿੰਘ ਗਿੱਲ (ਡੈਲੀਗੇਟ) ਦੋਨੋਂ ਮੁਠੀਆਂ ਵੱਲ ਸਟੇਜ ਵੱਲ ਵਧ ਰਹੇ ਸਨ। ਸਰਦਾਰ ਪਟੇਲ ਦੀ ਅਵਾਜ਼ ਤਾਂ ਹੁਣ ਸੁਣੀ ਹੀ ਨਹੀਂ ਜਾ ਸਕਦੀ ਸੀ।

ਕਾਂਗਰਸ ਪ੍ਰੈਜ਼ੀਡੈਂਟ ਨੇ ਅਜਲਾਸ ਮੁਲਤਵੀ ਕਰ ਦਿੱਤਾ। ਸ਼ਾਮ ਦੀ ਕਾਫੀ ਡੈਲੀਗੇਟਾਂ ਨੂੰ ਵਰਤਾਈ ਜਾ ਰਹੀ ਸੀ ਕਿ ਸਰਦਾਰ ਪਟੇਲ ਮੁਬਾਰਕ ਸਾਗਰ ਪਾਸ ਆ ਖੜ੍ਹਾ ਹੋਇਆ ਤੇ ਬੋਲਿਆ, "ਸੁਣਾਓ ਭਈ ਮੁਬਾਰਕ! ਯੋਹ ਸੋਟਾ! ਹਮੇਂ ਮਾਰਨੇ ਕੇ ਲਿਏ ਲਾਏ ਹੋ?" ਮੁਬਾਰਕ ਸਾਗਰਯ ਰਬਦਾ ਜੇਲ੍ਹ ਵਿੱਚ ਮਹਾਤਮਾ ਗਾਂਧੀ ਤੇ ਪਟੇਲ ਨਾਲ ਕੈਦ ਰਹਿ ਚੁੱਕਾ ਸੀ।

ਰਾਤ ਨੂੰ ਉਪਰੋਕਤ ਮਾਮਲੇ 'ਤੇ ਗੌਰ ਕਰਨ ਲਈ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਹੋਈ। ਦੂਜੇ ਦਿਨ ਫੇਰ ਅਜਲਾਸ ਸ਼ੁਰੂ ਹੋਇਆ ਤੇ ਪੰਡਤ ਗੋਬਿੰਦ ਬੱਲਭ ਪੰਤ ਸਟੇਜ 'ਤੇ ਆਇਆ ਤੇ ਉਸ ਨੇ ਆਪਣੀ ਤਕਰੀਰ ਸ਼ੁਰੂ ਕੀਤੀ, " ਸੈਂਟਰਲ ਗੌਰਮਿੰਟ ਨੇ ਯੂ. ਪੀ. ਦੀ ਕਾਂਗਰਸ ਵਜ਼ਾਰਤ 'ਤੇ ਜ਼ੋਰ ਪਾਇਆ ਕਿ ਮੇਰਠ 'ਚ ਕਿਰਤੀ ਅਖ਼ਬਾਰ ਬੰਦ ਨਹੀਂ ਕਰਾਂਗਾ। ਭਾਵੇਂ ਮੈਂ ਉਸ ਦੀਆਂ ਕਈ ਗੱਲਾਂ ਨਾਲ ਮੁਤਫਿਕ ਨਹੀਂ। ਮੈਂ ਤੁਹਾਡੇ ਲਈ ਕੀ ਕੀਤਾ, ਦੱਸਣਾ ਚਾਹੁੰਦਾ ਹਾਂ—ਹੁਣ ਤੁਸੀਂ ਮਜ਼ਬੂਰ ਕਰ ਰਹੇ ਹੋ ਕਿ ਸਿਆਸੀ ਕੈਦੀ ਛੱਡੋ ਜਾਂ ਵਜ਼ਾਰਤਾਂ ਛੱਡੋ। ਸੈਂਟਰਲ ਗੌਰਮਿੰਟ ਸਾਡੇ ਵਾਰ ਵਾਰ ਕਹਿਣ 'ਤੇ ਇਸ ਮੰਗ ਨੂੰ ਮੰਨਣ ਲਈ ਤਿਆਰ ਨਹੀਂ। ਉਹ ਇਨਕਲਾਬੀ ਕੈਦੀਆਂ ਦੀ ਰਿਹਾਈ ਦੀ ਸਖਤ ਮੁਖਾਲਫ਼ਤ ਕਰ ਰਹੀ ਹੈ। ਸਾਡੇ ਸਾਹਮਣੇ ਹੁਣ ਹੋਰ ਕੋਈ ਚਾਰਾ ਨਹੀਂ ਰਹਿ ਗਿਆ। ਮੈਂ ਵਜ਼ਾਰਤ ਤੋਂ ਅਸਤੀਫਾ ਦਿੰਦਾ ਹਾਂ। ਜਦ ਤੱਕ ਸੈਂਟਰਲ ਗੌਰਮਿੰਟ ਅੰਡੇਮਾਨ ਦੇ ਹੜਤਾਲੀ ਕੈਦੀਆਂ ਦੀਆਂ ਮੰਗਾਂ ਪ੍ਰਵਾਨ ਨਹੀਂ ਕਰੇਗੀ ਵਜ਼ਾਰਤ ਨਹੀਂ ਚੱਲੇਗੀ। ਨਾਲ ਹੀ ਮੈਂ ਅੰਗਰੇਜ਼ ਹਕੂਮਤ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਯੂ. ਪੀ. ਵਿੱਚ ਜੇ ਵਜ਼ਾਰਤ ਚਲੀ ਤਾਂ ਪੰਤ ਦੀ ਹੀ ਚਲੇਗੀ, ਹੋਰ ਕੋਈ ਵਜ਼ਾਰਤ ਚਲਣ ਨਹੀਂ ਦਿੱਤੀ ਜਾਵੇਗੀ। ਅੰਗਰੇਜ਼ੀ ਸਰਕਾਰ ਨੂੰ ਇਹ ਮੇਰਾ ਚੈਲੰਜ ਹੈ। ਤੇ ਜੋਸ਼ ਵਿੱਚ ਆਏ ਨੌਜਵਾਨਾਂ ਨੂੰ ਵੀ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਅਸੀਂ ਕੇਂਦਰੀ ਸਰਕਾਰ ਦੇ ਸਾਹਮਣੇ ਸਿਰ ਨਹੀਂ ਝੁਕਾਉਂਦੇ। ਤੁਹਾਡੀਆਂ ਮੰਗਾਂ ਤੇ ਹੱਕਾਂ ਲਈ ਲੜਾਈ ਕਰਦੇ ਹਾਂ। ਸਾਡੀ ਪੁਜ਼ੀਸ਼ਨ ਵੱਲ ਵੀ ਤੁਹਾਨੂੰ ਖਿਆਲ ਰੱਖਣਾ ਚਾਹੀਦੈ।"

ਕੇਂਦਰੀ ਸਰਕਾਰ ਨੂੰ ਝੁਕਣਾ ਪਿਆ। ਅੰਡੇਮਾਨ ਤੋਂ ਸਭ ਸਿਆਸੀ ਕੈਦੀ ਆਪਣੇ ਆਪਣੇ ਸੂਬਿਆਂ ਦੀਆਂ ਜੇਲ੍ਹਾਂ ਵਿੱਚ ਭੇਜ ਦਿੱਤੇ ਗਏ ਸਨ। ਕਾਂਗਰਸੀ ਵਜ਼ਾਰਤਾਂ ਨੇ ਕੇਸਾਂ 'ਤੇ ਗੌਰ ਕਰਕੇ ਉਨ੍ਹਾਂ ਦੀਆਂ ਰਿਹਾਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਅੰਡੇਮਾਨ ਦੇ ਸਿਆਸੀ ਕੈਦੀਆਂ ਦੀ ਏਨੀ ਮੰਗ ਤਾਂ ਪੂਰੀ ਹੋ ਗਈ ਸੀ, ਅਤੇ ਪੰਜਾਬ ਤੇ ਬੰਗਾਲ ਦੇ ਸਿਆਸੀ ਕੈਦੀਆਂ ਨੂੰ ਆਪਣੇ ਆਪਣੇ ਸੂਬਿਆਂ ਵਿੱਚ ਵੀ ਲੈ ਆਂਦਾ ਸੀ ਪਰ ਰਿਹਾਅ ਕਿਸੇ ਨੂੰ ਨਾ ਕੀਤਾ। ਉਹ ਪੂਰੀ ਜੇਲ੍ਹ ਕੱਟਕੇ ਹੀ ਰਿਹਾਅ ਹੋਏ। ਹਜ਼ਾਰਾ ਸਿੰਘ (ਊਟੀ ਕੇਸ) ਤੇ ਉਸ ਦੇ ਸਾਥੀ ਮਦਰਾਸ ਦੇ ਕੈਦੀ ਮਦਰਾਸ ਦੀ ਕਾਂਗਰਸੀ ਵਜ਼ਾਰਤਾਂ ਨੇ ਰਿਹਾਅ ਕਰ ਦਿੱਤੇ ਸਨ। ਧਨਵੰਤਰੀ ਤੇ ਕਾਕੋਰੀ ਕੇਸ ਦੇ ਸਾਥੀ ਵੀ ਰਿਹਾਅ ਕਰ ਦਿੱਤੇ ਗਏ ਸਨ। ਕੈਦੀ— ਛੁਡਾਉ ਕਮੇਟੀ ਦੀ ਇਹ ਭਾਰੀ ਸਿਆਸੀ ਜਿੱਤ ਸੀ। ਇਸ ਸਾਰੀ ਮੁਹਿੰਮ ਨੂੰ ਹਿੰਦੋਸਤਾਨ ਭਰ ਵਿੱਚ ਕਿਰਤੀ ਪਾਰਟੀ ਨੇ ਜਥੇਬੰਦ ਕੀਤਾ ਸੀ।

ਆਲ ਇੰਡੀਆ ਕਾਂਗਰਸ ਸੋਸ਼ਲਿਸਟ ਸੈਸ਼ਨ 1938

ਕਿਰਤੀ ਪ੍ਰੋਵਿਨਸ਼ੀਅਲ ਕਮੇਟੀ ਨੇ ਪੰਜਾਬ ਦੇ ਸ਼ਹਿਰਾਂ ਵਿੱਚ ਆਪਣੀ ਸਾਖ਼ ਮਜ਼ਬੂਤ ਕਰਨ ਲਈ ਹਰ ਸ਼ਹਿਰ ਤੇ ਹਰ ਸੂਬੇ ਵਿੱਚ ਕਾਂਗਰਸ ਸੋਸ਼ਲਿਸਟ ਜਥੇਬੰਦੀ ਕਾਇਮ ਕੀਤੀ ਸੀ ਜਿਹੜੀ ਕਿ ਕਿਰਤੀ ਕਮਿਊਨਿਸਟਾਂ ਦੇ ਕੰਮ ਕਰਨ ਦਾ ਖੁੱਲ੍ਹਾ ਪਲੇਟਫਾਰਮ ਸੀ। ਇਸ ਫਰੰਟ ਦੇ ਮੁੱਖ ਆਗੂ ਮੁਣਸ਼ੀ ਅਹਿਮਦਦੀਨ, ਡਾ. ਭਾਗ ਸਿੰਘ, ਮੁਬਾਰਕ ਸਾਗਰ ਤੇ ਮੋਹਣ ਲਾਲ ਸਨ। ਇਸ ਨੂੰ ਹੋਰ ਮਜ਼ਬੂਤ ਕਰਨ ਲਈ ਆਲ ਇੰਡੀਆ ਕਾਂਗਰਸ ਸੋਸ਼ਲਿਸਟ ਪਾਰਟੀ ਦਾ ਸਲਾਨਾ ਸੈਸ਼ਨ ਲਾਹੌਰ ਵਿੱਚ ਬੁਲਾਇਆ ਗਿਆ ਸੀ। ਇਸ ਸੈਸ਼ਨ ਦੀ ਤਿਆਰੀ ਲਈ ਮਸਾਨੀ ਅਤੇ ਯੂਸਫ਼ ਮੇਹਰਅਲੀ ਇਕ ਹਫ਼ਤਾ ਪਹਿਲਾਂ ਹੀ ਬੰਬਈ ਤੋਂ ਲਾਹੌਰ ਆ ਗਏ ਸਨ। ਮਸਾਨੀ ਕਮਿਊਨਿਸਟ ਵਿਰੋਧੀ ਧੜੇ ਦਾ ਆਗੂ ਸੀ ਅਤੇ ਉਸ ਨੇ ਲਾਹੌਰ ਆ ਕੇ ਡੈਲੀਗੇਟਾਂ 'ਤੇ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ ਸਨ। ਉਹ ਕਮਿਊਨਿਸਟਾਂ ਨੂੰ ਕਾਂਗਰਸ ਸੋਸ਼ਲਿਸਟ ਪਾਰਟੀ ਵਿੱਚੋਂ ਕੱਢਣ 'ਤੇ ਤੁਲਿਆ ਹੋਇਆ ਸੀ। ਪਰ ਲਾਹੌਰ ਸੈਸ਼ਨ ਵਿੱਚ ਉਸ ਦੀ ਇਕ ਨਾ ਚੱਲੀ। ਕਿਰਤੀ ਪਾਰਟੀ ਦੇ ਮੈਂਬਰ ਡੈਲੀਗੇਟਾਂ ਨੇ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਨੁਮਾਇੰਦਿਆਂ ਨਾਲ ਮਿਲਕੇ ਸਿਆਸੀ ਅਤੇ ਕਮਿਊਨਿਸਟ ਫੈਸਲੇ ਲੈ ਲਏ ਸਨ। ਵੋਟਾਂ ਦਾ ਤਵਾਜ਼ਨ ਕਿਰਤੀ ਪਾਰਟੀ ਦੇ ਹੱਥ ਸੀ।

ਸੈਸ਼ਨ ਦੇ ਆਖਰੀ ਦਿਨ ਚੋਣ ਸਮੇਂ ਤਿੰਨ ਲਿਸਟਾਂ ਪੇਸ਼ ਹੋਈਆਂ ਸਨ। ਮਸਾਨੀ ਦੀ ਲਿਸਟ, ਜੈ ਪ੍ਰਕਾਸ਼ ਦੀ ਲਿਸਟ ਅਤੇ ਕਮਿਊਨਿਸਟਾਂ ਦੀ ਲਿਸਟ। ਜੈ ਪ੍ਰਕਾਸ਼ ਦੀ ਲਿਸਟ ਨੂੰ ਕੇਂਦਰਵਾਦੀਆਂ ਦੀ ਹਮਾਇਤ ਹਾਸਲ ਸੀ।

ਕਿਰਤੀਆਂ ਦੀ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਮੁਣਸ਼ੀ ਅਹਿਮਦ ਦੀਨ ਜੈ ਪ੍ਰਕਾਸ਼ ਦੀ ਲਿਸਟ ਦੇ ਹੱਕ ਵਿੱਚ ਬੋਲਿਆ ਸੀ ਕਿਉਂਕਿ ਜੈ ਪ੍ਰਕਾਸ਼ ਦੀ ਲਿਸਟ ਵਿੱਚ ਅਹਿਮਦਦੀਨ ਨੂੰ ਲੀਡਰਸ਼ਿਪ ਵਿੱਚ ਥਾਂ ਦਿੱਤੀ ਗਈ ਸੀ, ਪਰ ਕਮਿਊਨਿਸਟਾਂ ਦੀ ਲਿਸਟ ਉਸ ਨੂੰ ਖਾਸ ਅਹਿਮੀਅਤ ਨਹੀਂ ਸੀ ਦਿੱਤੀ ਗਈ ਤਾਂ ਵੀ ਫੈਸਲਾ ਕਮਿਊਨਿਸਟਾਂ ਦੀ ਲਿਸਟ ਦੇ ਹੱਕ ਵਿੱਚ ਹੋਇਆ ਸੀ। ਕਮਿਊਨਿਸਟ ਲਿਸਟ ਪੇਸ਼ ਹੋ ਜਾਣ ਤੋਂ ਬਾਅਦ ਮਸਾਨੀ ਨੇ ਆਪਣਾ ਪੈਂਤੜਾ ਬਦਲ ਲਿਆ। ਉਸ ਨੇ ਪਾਰਟੀ ਛੱਡ ਕੇ ਵਾਕਆਊਟ ਕਰਨ ਦਾ ਐਲਾਨ ਕਰ ਦਿੱਤਾ ਸੀ। ਪਰ ਕਮਿਊਨਿਸਟ ਖੱਬੇ ਮੋਰਚੇ 'ਚ ਤਰੇੜ ਨਹੀਂ ਪੈਣ ਦੇਣਾ ਚਾਹੁੰਦੇ ਸਨ, ਜਿਸ ਕਰਕੇ ਫੈਸਲਾ ਜੈ ਪ੍ਰਕਾਸ਼ ਦੇ ਹੱਕ ਵਿੱਚ ਦੇ ਦਿੱਤਾ ਗਿਆ ਸੀ। ਉਸ ਨੇ ਇਕ ਸਾਂਝੀ ਲਿਸਟ ਪੇਸ਼ ਕੀਤੀ ਸੀ ਜਿਹੜੀ ਸਾਰਿਆਂ ਨੇ ਪ੍ਰਵਾਨ ਕਰ ਲਈ ਸੀ।

ਉਸ ਸਮੇਂ ਪੰਜਾਬ ਦੀ ਸਿਕੰਦਰ ਵਜ਼ਾਰਤ ਨੂੰ ਅਸਲ ਵਿੱਚ ਆਈ. ਬੀ. ਹੀ ਚਲਾ ਰਹੀ ਸੀ। ਉਸ ਨੇ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਅਜੈ ਕੁਮਾਰ ਘੋਸ਼, ਬਾਟਲੀਵਾਲਾ ਤੇ ਬੁਖਾਰੀ ਨੂੰ ਗ੍ਰਿਫਤਾਰ ਕਰ ਲਿਆ ਸੀ ਅਤੇ ਪੰਜਾਬ ਤੋਂ ਬਾਹਰ ਦਿੱਲੀ ਛੱਡ ਆਂਦਾ

ਸੀ। ਉਨ੍ਹਾਂ ਨੂੰ ਨੋਟਿਸ ਵੀ ਜਾਰੀ ਕਰ ਦਿੱਤਾ ਸੀ ਉਹ ਪੰਜਾਬ ਵਿੱਚ ਦਾਖਲ ਨਹੀਂ ਹੋ ਸਕਦੇ। ਦੇਸ ਦੇ ਦੱਖਣੀ ਭਾਗ ਤੋਂ ਏ. ਕੇ. ਗੁਪਾਲਨ, ਸੁੰਦਰੀਆ, ਨੰਬੂਦਰੀਪਾਦ ਇਸ ਸੈਸ਼ਨ ਦੇ ਡੈਲੀਗੇਟ ਬਣ ਕੇ ਆਏ ਸਨ ਅਤੇ ਉਹ ਇਸ ਸੈਸ਼ਨ ਤੋਂ ਹਿਸਾ ਲੈਣ ਤੋਂ ਬਾਅਦ ਹੀ ਕਮਿਊਨਿਸਟ ਪਾਰਟੀ ਦੀ ਸਰਗਰਮ ਸਿਆਸਤ ਵਿਚ ਹਿਸਾ ਲੈਣ ਲੱਗ ਪਏ ਸਨ।

ਇਹ ਬੜਾ ਸਾਜ਼ਗਾਰ ਸਮਾਂ ਸੀ ਜਦੋਂ ਕੇਂਦਰ ਦੀ ਕਮਿਊਨਿਸਟ ਲੀਡਰਸ਼ਿਪ ਪੰਜਾਬ ਵਿੱਚ ਸਾਂਝੀ ਸੂਬਾ ਕਮੇਟੀ ਕਾਇਮ ਕਰ ਸਕਦੀ ਸੀ, ਕਿਉਂਕਿ ਪੰਜਾਬ ਦੀ ਸਿਆਸਤ ਤੇ ਜਥੇਬੰਦੀ ਬਾਰੇ ਸਾਰਾ ਕੁਝ ਉਨ੍ਹਾਂ ਦੇ ਸਾਹਮਣੇ ਆ ਚੁੱਕਾ ਸੀ।

ਕਾਂਗਰਸ ਸੋਸ਼ਲਿਸਟ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦਾ ਜ਼ਿਆਦਾ ਦੇਰ ਇਤਿਹਾਦ ਨਾ ਰਹਿ ਸਕਿਆ। ਰਾਮਗੜ੍ਹ ਸੈਸ਼ਨ ਵਿੱਚ ਇਨ੍ਹਾਂ ਵਿਚਲੇ ਮਤਭੇਦ ਫੁੱਟ ਵਿੱਚ ਬਦਲ ਗਏ ਜਦੋਂ ਕਿਰਤੀਆਂ ਕਮਿਊਨਿਸਟਾਂ ਨੇ ਸੁਭਾਸ਼ ਚੰਦਰ ਬੋਸ ਦੇ ਹੱਕ ਵਿੱਚ ਸਟੈਂਡ ਲਿਆ ਸੀ ਅਤੇ ਕਾਂਗਰਸ ਸੋਸ਼ਲਿਸਟ ਦੀ ਕੇਂਦਰੀ ਲੀਡਰਸ਼ਿਪ ਨੇ ਮਹਾਤਮਾ ਗਾਂਧੀ ਦੀ ਹਮਾਇਤ ਕੀਤੀ ਸੀ। ਏਸੇ ਹੀ ਸੈਸ਼ਨ ਵਿੱਚ ਕਿਰਤੀ ਡੈਲੀਗੇਸ਼ਨ ਦੇ ਆਗੂ ਡਾ. ਭਾਗ ਸਿੰਘ ਨੇ ਅਖ਼ਬਾਰਾਂ ਨੂੰ ਬਿਆਨ ਦੇ ਕੇ ਲੋਕਾਂ ਸਾਹਮਣੇ ਕਿਰਤੀ ਪਾਰਟੀ ਦੀ ਪੁਜ਼ੀਸ਼ਨ ਸਪੱਸ਼ਟ ਕਰ ਦਿੱਤੀ ਸੀ।

ਪੰਜਾਬ ਦੀ ਮੁਜ਼ਾਰਾ ਲਹਿਰ

ਕਿਰਤੀ ਪਾਰਟੀ ਨੇ ਮੁਜ਼ਾਰਿਆਂ ਵਿੱਚ ਕੰਮ ਕਰਨ ਲਈ ਦੋ ਖਿੱਤੇ ਚੁਣੇ: ਨੀਲੀ ਬਾਰ ਦਾ ਖਿੱਤਾ ਤੇ ਕਾਂਗੜਾ ਪਠਾਨਕੋਟ ਦਾ ਖਿੱਤਾ। ਕਿਰਤੀ ਇਸ ਨੂੰ ਬੰਜਰ ਪੁੱਟਣ ਦੀ ਡਿਊਟੀ ਕਹਿੰਦੇ ਸਨ ਅਤੇ ਖਾਣ ਲਈ ਸੁੱਕੀ ਰੋਟੀ, ਅਚਾਰ ਤੇ ਪਿਆਜ਼ ਨਾਲ ਲੱਸੀ ਹੁੰਦੀ ਸੀ, ਜੇ ਕਿਤੇ ਚੋਪੜੀ ਦਾਲ ਸਬਜ਼ੀ ਮਿਲ ਜਾਣੀ ਤਾਂ ਵਰਕਰ ਹੱਸ ਕੇ ਕਹਿੰਦੇ ਸਨ ਅੱਜ ਤਾਂ ਗੁਤਾਵਾ ਮਿਲ ਗਿਆ ਹੈ। ਇਨ੍ਹਾਂ ਇਲਾਕਿਆਂ ਵਿੱਚ ਅੱਤ ਦਾ ਮੁਸ਼ਕਲ ਕੰਮ ਸੀ। ਨੀਲੀ ਬਾਰ ਨੂੰ ਸਰ ਕਰਨ ਦਾ ਬੀੜਾ ਗ਼ਦਰੀ ਜਰਨੈਲ ਬਾਬਾ ਜਵਾਲਾ ਸਿੰਘ ਨੇ ਚੁੱਕਿਆ ਸੀ। ਉਹ ਇਕ ਲੱਖ ਕਿਸਾਨ ਭਰਤੀ ਕਰਨ ਦਾ ਟੀਚਾ ਲੈ ਕੇ ਆਪਣੇ ਨਾਲ ਰਾਮ ਸਿੰਘ ਘਾਲਾਮਾਲਾ ਤੇ ਪ੍ਰੋਫੈਸਰ ਜਲਵੰਤ ਸਿੰਘ ਨੂੰ ਲੈ ਕੇ ਗਿਆ ਸੀ।

ਕਾਂਗੜੇ, ਪਠਾਨਕੋਟ ਵੱਲ ਜਾਣੀ ਦੀ ਡਿਊਟੀ ਨਿਊਜ਼ੀਲੈਂਡ ਤੋਂ ਪਰਤੇ ਗ਼ਦਰੀ ਲਾਹੌਰੀ ਰਾਮ ਪ੍ਰਦੇਸੀ ਨੇ ਸੰਭਾਲ ਲਈ ਸੀ।

ਨੀਲੀ ਬਾਰ ਸਤਲੁਜ-ਰਾਵੀ ਦਰਮਿਆਨ ਬੜੇ ਬੜੇ ਜਗੀਰਦਾਰ ਮਾਲਕਾਂ ਦਾ ਇਲਾਕਾ ਸੀ। ਕੁਝ ਇਕ ਦੀ ਮਾਲਕ ਇਸ ਤਰ੍ਹਾਂ ਸੀ : ਅਹਿਮਦਯਾਰ ਖਾਂ ਦੌਲਤਾਨਾ ਚਾਲੀ ਹਜ਼ਾਰ ਏਕੜ, ਬੇਦੀ ਬਾਈ ਹਜ਼ਾਰ ਏਕੜ, ਮਹੰਤ ਗਿਰਧਾਰੀ ਲਾਲ ਅਠਾਰਾਂ ਹਜ਼ਾਰ ਏਕੜ, ਨੂਰ ਅਹਿਮਦ ਵਿਟੂ ਬਾਰਾਂ ਹਜ਼ਾਰ ਏਕੜ, ਗੰਗਾ ਰਾਮ ਬਾਰਾਂ ਹਜ਼ਾਰ

ਏਕੜ, ਮੀਰ ਗੁਲਾਮ ਮੁਹੰਮਦ ਚਿਸ਼ਤੀ ਇੱਕੀ ਹਜ਼ਾਰ, ਸੁਲਤਾਨ ਮੁਹੰਮਦ ਹੋਤੀਆਣਾ ਬਾਰਾਂ ਹਜ਼ਾਰ ਏਕੜ, ਤਾਰਾ ਸਿੰਘ ਸ਼ੇਰ ਸਿੰਘ ਦਸ ਹਜ਼ਾਰ ਏਕੜ, ਖ਼ੁਦਾ ਅਹਿਮਦ ਅੱਠ ਹਜ਼ਾਰ ਏਕੜ, ਰਾਜਾ ਫਰੀਦਕੋਟੀਆ ਪੰਜ ਹਜ਼ਾਰ ਏਕੜ। ਬੇਗਮ ਸ਼ਾਹ ਨਿਵਾਜ਼ ਦਰਜਨਾਂ ਪਿੰਡਾਂ ਦੀ ਮਾਲਕ ਸੀ। ਇਹ ਸਭ ਯੂਨੀਅਨਿਸਟ ਪੰਜਾਬ ਹਕੂਮਤ ਦੇ ਅਤੇ ਬ੍ਰਿਟਿਸ਼ ਹਕੂਮਤ ਦੇ ਥੰਮ ਸਨ।

ਇਸ ਤੋਂ ਬਿਨਾਂ 271055 ਏਕੜ ਜ਼ਮੀਨ ਸਰਕਾਰ ਮਾਲਕੀ ਸੀ ਜਿਸਨੂੰ ਕਰਾਊਨ ਲੈਂਡ ਕਿਹਾ ਜਾਂਦਾ ਸੀ। ਸਰਕਾਰ ਉਸ ਦੇ ਟੈਂਡਰ ਲੈਂਦੀ ਤੇ ਕਿਰਾਏ 'ਤੇ ਨਿਲਾਮ ਕਰਦੀ ਸੀ। ਵੱਡੀਆਂ ਵੱਡੀਆਂ ਕੰਪਨੀਆਂ ਸ਼ੀਹਨ ਅੰਗਰੇਜ਼ ਕੰਪਨੀ, ਛਾਤਾ ਰਾਮ ਐਂਡ ਕੰਪਨੀ, ਜੀ. ਬੀ. ਸੀ. ਅੰਗਰੇਜ਼ ਕੰਪਨੀ (ਜਿਸ ਨੂੰ ਕਾਲੀ ਦਾਸ ਮੈਨੇਜ ਕਰਦਾ ਸੀ), ਕਿਹਾ ਜਾਂਦਾ ਹੈ ਕਿ ਇਸ ਵਿੱਚ ਲਾਰਡ ਲਿਨਲਿਥਗੋ ਦੇ ਵੀ ਸ਼ੇਅਰ ਸਨ। ਇਹ ਸਭ ਜਰਵਾਣੇ ਗਾਹਕਾਂ ਤੋਂ ਖੇਤੀ ਕਰਵਾਉਂਦੀਆਂ ਸਨ। ਗਾਹਕਾਂ ਨੂੰ .... (ਭਾਵ ਜਦੋਂ ਦਿਲ ਕਰੋ ਜ਼ਮੀਨ ਵਿੱਚੋਂ ਕੱਢ ਦਿਓ) ਕਹਿੰਦੇ ਸਨ। ਮੁਜ਼ਾਰੇ ਨੂੰ ਮੁਸ਼ਕਲ ਨਾਲ ਪੈਦਾਵਾਰ ਦਾ ਚੌਥਾ ਹਿੱਸਾ ਮਿਲਦਾ ਸੀ ਤੇ ਵਗਾਰ ਵਾਧੂ ਦੇਣੀ ਪੈਂਦੀ ਸੀ। ਟਰੈਕਟਰ ਤੇ ਦੂਜੀ ਜ਼ਰਾਇਤੀ ਮਸ਼ੀਨਰੀ ਨਾਲੋਂ ਇਹ ਸਸਤੇ ਪੈਂਦੇ ਸਨ। ਪੁਲਸ ਤੇ ਅਫਸਰਸ਼ਾਹੀ ਇਨ੍ਹਾਂ ਜ਼ਰਵਾਣਿਆਂ ਦੇ ਅਧੀਨ ਰਹਿਕੇ ਚਲਦੀ ਸੀ।

ਗ਼ਦਰੀ ਬਾਬੇ ਜਵਾਲਾ ਸਿੰਘ ਦਾ ਇਸ ਤਾਕਤ ਨਾਲ ਮੱਥਾ ਲੱਗ ਗਿਆ ਸੀ। ਪਰ ਇੰਜ ਪ੍ਰਤੀਤ ਹੁੰਦਾ ਸੀ ਜਿਵੇਂ ਲੋਕ ਇਨ੍ਹਾਂ ਦੀ ਉਡੀਕ ਹੀ ਸਨ। "ਬੰਨੇ ਉੱਤੇ ਅੱਧੋ ਅੱਧ " ਦੇ ਨਾਹਰੇ ਹੇਠ ਕਿਸਾਨ ਅਤੇ ਮੁਜ਼ਾਰਾ ਕਮੇਟੀਆਂ ਕਾਇਮ ਕਰਕੇ ਸੰਘਰਸ਼ ਸ਼ੁਰੂ ਕਰ ਦਿੱਤਾ ਸੀ। ਦਰਮਿਆਨਾ ਤੇ ਗ਼ਰੀਬ ਕਿਸਾਨ ਵੀ ਇਨ੍ਹਾਂ ਮੁਜ਼ਾਰਿਆਂ ਨਾਲ ਜੁੜਿਆ ਸੀ। ਪਾਕਪਟਨ, ਖਾਨੇਵਾਰ, ਬੂਰੇਵਾਲ, ਆਰਫਵਾਲਾ ਤੇ ਕਬੀਰਵਾਲਾ, ਤਹਿਸੀਲਾਂ ਵਿੱਚ "ਬੰਨੇ ਉੱਤੇ ਅੱਧੋ ਅੱਧ" ਦੀ ਲਹਿਰ ਫੈਲ ਗਈ ਸੀ ਤੇ ਹੁਣ ਅੱਗੇ ਵੱਧ ਮੁਲਤਾਨ ਸ਼ਹਿਰ ਦੀਆਂ ਕੰਧਾਂ ਤਕ ਪਹੁੰਚ ਗਈ ਸੀ। ਜਿਥੇ ਵੀ ਜਗੀਰਦਾਰ ਜ਼ਿਆਦਤੀ ਕਰਦਾ ਉਥੇ ਹੀ ਮੁਜ਼ਾਰੇ ਇੱਕਠੇ ਹੋ ਕੇ ਇਕ ਦੂਜੇ ਦੀ ਮਦਦ ਕਰਦੇ ਸਨ। ਇਹ ਲਹਿਰ ਏਨਾ ਜ਼ੋਰ ਫੜ੍ਹ ਗਈ ਸੀ ਕਿ ਅੰਗਰੇਜ਼ ਦੇ ਵਿੱਤ ਕਮਿਸ਼ਨਰ (ਪੰਜਾਬ) ਨੂੰ ਆਪ ਨੀਲੀ ਬਾਰ ਜਾਣਾ ਪਿਆ ਸੀ।

ਕਮਿਸ਼ਨਰ ਨੇ ਸਾਂਝੀ ਮੀਟਿੰਗ ਬੁਲਾਈ, ਜਿਸ ਵਿੱਚ ਬਾਬਾ ਜਵਾਲਾ ਸਿੰਘ ਸਮੇਤ ਮੁਜ਼ਾਰਾ ਆਗੂ ਵੀ ਸ਼ਾਮਲ ਹੋਏ ਸਨ। ਦਰਅਸਲ ਸਰਕਾਰ ਨੇ ਹਾਲਾਤ ਨੂੰ ਭਾਂਪ ਲਿਆ ਸੀ ਜਿਸ ਕਰਕੇ ਉਸ ਨੇ ਮਸਲਾ ਸੁਲਝਾਉਣ ਲਈ ਕਮਿਸ਼ਨਰ ਨੂੰ ਭੇਜਿਆ ਸੀ। ਉਸ ਨੇ ਫੈਸਲਾ ਦੇ ਦਿੱਤਾ ਕਿ "ਮੁਜ਼ਾਰੇ ਨੂੰ ਵੱਟ 'ਤੇ ਹੀ ਅੱਧੋ ਅੱਧ ਦਿੱਤਾ ਜਾਵੇ, ਸਾਰੇ ਫਾਲਤੂ ਕਰ ਖ਼ਤਮ ਕੀਤੇ ਜਾਣ, ਵਗਾਰ ਬੰਦ ਕੀਤੀ ਜਾਵੇ, ਕੰਮ ਕਰਾਉਣ 'ਤੇ ਦਿਹਾੜੀ ਦੇ ਪੈਸੇ ਦਿੱਤੇ ਜਾਣ, ਮੁਜ਼ਾਰੇ ਦੇ ਪਸ਼ੂਆਂ ਦੇ ਚਾਰੇ ਲਈ ਬੀਜੀ ਜ਼ਮੀਨ ਦਾ ਕਿਰਾਇਆ ਦੋ ਰੁਪਿਆ ਤਿੰਨ ਆਨੇ ਫੀ ਕਨਾਲ ਦਿੱਤਾ ਜਾਵੇ, ਝਗੜਾ ਪੈਣ 'ਤੇ ਪਿੰਡ

ਦੀ ਸਾਂਝੀ ਪੰਚਾਇਤ ਨਿਪਟਾਰਾ ਕਰੇ।" ਮੁਜ਼ਾਰਿਆਂ ਦੀ ਇਹ ਪਹਿਲੀ ਵੱਡੀ ਜਿੱਤ ਸੀ। ਇਸ ਜਿੱਤ ਤੋਂ ਬਾਅਦ ਬਾਬਾ ਜਵਾਲਾ ਸਿੰਘ ਉਨ੍ਹਾਂ ਨੂੰ "ਜ਼ਮੀਨ ਹਲਵਾਹਕ ਦੀ" ਮਾਲਕੀ ਦਿਵਾਉਣ ਦੇ ਘੋਲ ਵਾਸਤੇ ਤਿਆਰ ਕਰ ਰਹੇ ਸੀ ਪਰ ਬਦਕਿਸਮਤੀ ਨਾਲ ਉਹ ਪੰਜਾਬ ਨੂੰ ਆਉਂਦਿਆਂ ਹਾਦਸੇ ਦਾ ਸ਼ਿਕਾਰ ਹੋ ਗਏ ਸਨ। ਡਾਕਟਰਾਂ ਦੀ ਪੂਰੀ ਕੋਸ਼ਿਸ਼ ਦੇ ਬਾਵਜੂਦ ਉਹ ਬਚ ਨਾ ਸਕੇ।

ਸਰਕਾਰ ਨੇ ਉਪਰੋਕਤ ਰਿਆਇਤਾਂ ਦੇ ਕੇ ਸਖ਼ਤੀ ਦਾ ਦੌਰ ਸ਼ੁਰੂ ਕਰ ਦਿੱਤਾ ਸੀ। ਗ੍ਰਿਫਤਾਰੀਆਂ ਤੇ ਨਜ਼ਰਬੰਦੀਆਂ ਹੋਣ ਲੱਗ ਪਈਆਂ ਸਨ। ਕਿਰਤੀ ਪਾਰਟੀ ਨੇ ਮਾਸਕੋ ਤੋਂ ਪਰਤੇ ਪੰਜਾਬ ਦੇ ਸਾਰੇ ਗ਼ਦਰੀ ਨੀਲੀ ਬਾਰ ਭੇਜ ਦਿੱਤੇ ਸਨ ਜਿਨ੍ਹਾਂ ਵਿੱਚ ਨੈਣਾ ਸਿੰਘ ਧੂਤ, ਹਰਬੰਸ ਸਿੰਘ ਪੇਪੇ, ਕਰਤਾਰ ਸਿੰਘ ਸਰੀਂਹ ਅਤੇ ਜਲੰਧਰ ਵਿੱਚੋਂ ਕਰਮ ਸਿੰਘ ਸਫਰੀ, ਕਰਮ ਸਿੰਘ ਬਿਲਗਾ 'ਬਾਬਾ' ਅਤੇ ਮਾਸਟਰ ਜਸਵੰਤ ਸਿੰਘ ਧੂਤ ਸ਼ਾਮਲ ਸਨ।

ਦੂਜੇ ਪਾਸੇ ਨੀਲੀ ਬਾਰ ਦੇ ਕਿਸਾਨ ਆਗੂਆਂ ਨੇ ਵੀ ਕੰਮ ਸੰਭਾਲ ਲਿਆ ਸੀ। ਟਕਾਇਆ ਰਾਮ, ਵਧਾਵਾ ਸਿੰਘ, ਸ਼ਰੀਫਦੀਨ, ਖੈਰਦੀਨ ਖਾਨੇਵਾਲੀਏ, ਹਜ਼ਾਰੀ ਰਾਮ, ਵੈਦ ਸੰਤ ਸਿੰਘ, ਬਾਬਾ ਜਲਵੰਤ ਸਿੰਘ ਤੇ ਕਾਮਰੇਡ ਗਿਆਨ ਸਿੰਘ ਇਨ੍ਹਾਂ ਆਗੂਆਂ ਵਿੱਚ ਸ਼ਾਮਲ ਸਨ। ਬਾਅਦ ਵਿੱਚ ਜੋਗਿੰਦਰ ਸਿੰਘ ਭੰਬਰ, ਅਜੀਤ ਸਿੰਘ ਮਾਣਕਪੁਰੀ, ਅਤਾਉਲਾ ਜਹਾਨੀਆਂ ਤੇ ਕਾਮਰੇਡ ਗੰਧਰਵ ਸੈਨ ਵੀ ਇਸ ਮੁਜ਼ਾਰਾ ਲਹਿਰ ਦੀ ਮਦਦ ਲਈ ਪੁੱਜ ਗਏ ਸਨ।

ਇਹ ਲਹਿਰ ਵਧਦੀ ਹੀ ਗਈ ਸੀ। ਦੂਜੀ ਸੰਸਾਰ ਜੰਗ ਦੇ ਸਮੇਂ ਵੀ ਇਥੇ ਬੜਾ ਕੰਮ ਹੋਇਆ ਸੀ। ਬਚਨ ਸਿੰਘ ਘੋਲੀਆ (ਨੀਲੀ ਬਾਰ ਦਾ ਹਵਾਲਦਾਰ) ਜੰਗ ਦੇ ਦਿਨਾਂ ਵਿੱਚ ਥਾਂ-ਥਾਂ ਸਟੱਡੀ ਸਰਕਲ ਦਿੰਦਾ ਰਿਹਾ ਸੀ। 'ਪਿਊਪਲ ਵਾਰ' ਵੇਲੇ 'ਵਧੇਰੇ ਅੰਨ ਉਗਾਓ' ਦੇ ਨਾਹਰੇ ਹੇਠ ਮੁਜ਼ਾਰਿਆਂ ਤੇ ਜਗੀਰਦਾਰਾਂ ਦੀ ਕਸ਼ਮਕਸ਼ ਕੁਝ ਘਟ ਗਈ ਸੀ। ਜੰਗ ਦੇ ਖਾਤਮੇ ਦੇ ਨਾਲ ਹੀ ਇਹ ਫਿਰ ਸ਼ੁਰੂ ਹੋ ਗਈ ਸੀ। ਦਿਲੂਵਾਲੇ ਬੰਗਲੇ ਮੁਜ਼ਾਰਿਆਂ ਦੇ ਇੱਕਠ 'ਤੇ ਪੁਲ ਨੇ ਗੋਲੀ ਚਲਾ ਦਿੱਤੀ ਸੀ ਜਿਸ ਵਿੱਚ ਸਤੀ ਰਾਮ ਸ਼ਹੀਦ ਹੋ ਗਿਆ ਸੀ ਤੇ ਬਹੁਤ ਸਾਰੇ ਹੋਰ ਜ਼ਖਮੀ ਹੋ ਗਏ ਸਨ।

ਮੁਲਕ ਦੀ ਵੰਡ ਹੋ ਜਾਣ 'ਤੇ ਬਹੁਤ ਦੇਰ ਦੋਹਾਂ ਪਾਸਿਆਂ ਦਾ ਸੰਪਰਕ ਟੁੱਟਿਆ ਰਿਹਾ ਸੀ। ਪਰ ਬਾਅਦ ਵਿੱਚ ਮਿਲੀ ਜਾਣਕਾਰੀ ਤੋਂ ਪਤਾ ਲੱਗਦਾ ਹੈ ਕਿ ਪਾਕਿਸਤਾਨ ਵਿੱਚ ਰਹਿ ਗਏ ਬਹਾਦਰ ਸਾਥੀਆਂ ਨੇ 'ਜ਼ਮੀਨ ਹਲਵਾਹਕ ਦੀ' ਦੇ ਨਾਹਰੇ ਹੇਠ ਜੰਗ ਜਾਰੀ ਰੱਖੀ ਸੀ ਤੇ ਕੁਰਬਾਨੀਆਂ ਕੀਤੀਆਂ ਸਨ।

ਨੀਲੀ ਬਾਰ ਦੀ ਮੁਜ਼ਾਰਾ ਲਹਿਰ ਦਾ ਆਗੂ ਬਾਬਾ ਜਲਵੰਤ ਸਿੰਘ ਗਰੇਵਾਲ ਸੱਤ ਮੁਰੱਬਿਆਂ ਦਾ ਮਾਲਕ ਸੀ ਅਤੇ ਉਸਨੇ ਜੈਤੋ ਦੇ ਮੋਰਚੇ ਨੂੰ ਜਾ ਰਹੇ ਪੰਜ ਸੌ ਅਕਾਲੀਆਂ ਦੇ ਜਥੇ ਨੂੰ ਖਾਣਾ ਖੁਆਇਆ ਸੀ। ਪੰਜਾਬ ਦੀ ਹਕੂਮਤ ਨੇ ਇਸ ਜੁਰਮ ਵਿੱਚ ਉਨ੍ਹਾਂ ਦੇ ਸੱਤੇ ਹੀ ਮੁਰੱਬੇ ਜ਼ਬਤ ਕਰ ਲਏ ਸਨ। ਬਾਅਦ ਵਿੱਚ ਕਮੀਸ਼ਨ ਨੇ ਬਾਬਾ

ਜੀ ਨੂੰ ਸੱਦ ਕੇ ਕਿਹਾ ਸੀ ਕਿ ਜੇਕਰ ਉਹ ਗਲਤੀ ਦੀ ਮੁਆਫ਼ੀ ਮੰਗ ਲਵੇ ਤਾਂ ਉਹ ਮੁਰੱਬੇ ਬਹਾਲ ਕਰਨ ਨੂੰ ਤਿਆਰ ਹੈ ਪਰ ਬਾਬਾ ਜਲਵੰਤ ਸਿੰਘ ਨੇ ਮੁਆਫ਼ੀ ਨਾ ਮੰਗੀ ਅਤੇ ਆਰਫਵਾਲੇ ਮੰਡੀ ਵਿੱਚ ਆੜ੍ਹਤ ਦੀ ਦੁਕਾਨ ਖੋਲ੍ਹ ਲਈ ਸੀ। ਇਹ ਨੀਲੀ ਬਾਰ ਦੀ ਮੁਜ਼ਾਰਾ ਲਹਿਰ ਦਾ ਹੈੱਡਕੁਆਟਰ ਸੀ। ਇਸ ਥਾਂ ਤੋਂ ਬਾਬਾ ਜਲਵੰਤ ਸਿੰਘ ਜੀ ਨੇ ਲਹਿਰ ਦੀ ਅਥਾਹ ਸੇਵਾ ਕੀਤੀ ਸੀ। ਮੁਲਕ ਦੀ ਵੰਡ ਤੋਂ ਬਾਅਦ ਵੀ ਬਾਬਾ ਜਲਵੰਤ ਸਿੰਘ ਨੇ ਲੁਧਿਆਣਾ ਪਾਰਟੀ ਵਿੱਚ ਕੁਲਵਕਤੀ ਦੇ ਤੌਰ 'ਤੇ ਕੰਮ ਕੀਤਾ ਸੀ ਤੇ ਸਾਈਕਲ 'ਤੇ ਪਾਰਟੀ ਲਿਟਰੇਚਰ ਵੇਚਦਾ ਸੀ।

ਪਰਜਾ ਮੰਡਲ ਲਹਿਰ ਅਤੇ ਸਟੇਟ ਪਿਊਪਲ ਕਾਨਫ਼ਰੰਸ ਵਿੱਚ ਕਿਰਤੀ ਪਾਰਟੀ ਦਾ ਰੋਲ

ਕਾਂਗਰਸ ਨੇ ਅੰਗਰੇਜ਼ੀ ਰਾਜ ਦੇ ਇਲਾਕਿਆਂ ਵਿੱਚ ਤਾਂ ਆਪਣੀ ਜਥੇਬੰਦੀ ਬਣਾਈ ਸੀ ਪਰ ਰਿਆਸਤਾਂ ਦੇ ਰਾਜਿਆਂ ਨੂੰ ਉਹ ਆਪਣਾ ਸਮਝਦੇ ਸਨ। ਪਰ ਕਿਰਤੀ ਪਾਰਟੀ ਹਿੰਦੋਸਤਾਨੀ ਰਾਜਿਆਂ-ਨਵਾਬਾਂ ਨੂੰ ਅੰਗਰੇਜ਼ੀ ਰਾਜ ਦੇ ਥੰਮ ਸਮਝਦੀ ਸੀ। ਮੁਲਕ ਦੀ ਅਜ਼ਾਦੀ ਦੇ ਰਾਹ ਵਿੱਚ ਇਹ ਇਕ ਰੁਕਾਵਟ ਸਨ। ਗ਼ਦਰ ਪਾਰਟੀ ਸਦੀਆਂ ਪੁਰਾਣੇ ਰਜਵਾੜਾਸ਼ਾਹੀ ਜਗੀਰੂ ਪ੍ਰਬੰਧ ਦੇ ਗੰਦ ਨੂੰ ਸਾਫ਼ ਕਰਨਾ ਵੀ ਬਹੁਤ ਜ਼ਰੂਰੀ ਸਮਝਦੀ ਸੀ।

ਪੰਜਾਬ ਦੀਆਂ ਰਿਆਸਤਾਂ ਨੂੰ ਪਹਿਲੋਂ ਸਰਕਾਰੀ ਕਾਗਜ਼ਾਂ ਵਿੱਚ ਬਿਸਤ-ਸਤਲੁਜ ਦੀਆਂ ਰਿਆਸਤਾਂ ਕਰਕੇ ਲਿਖਿਆ ਗਿਆ ਸੀ। ਆਮ ਲੋਕ ਇਨ੍ਹਾਂ ਨੂੰ ਫੂਲਕੀਆਂ ਰਿਆਸਤਾਂ ਕਹਿੰਦੇ ਸਨ। ਅਜ਼ਾਦੀ ਤੋਂ ਬਾਅਦ ਇਹ ਪੈਪਸੂ ਦੇ ਨਾਂ ਹੇਠ ਜਾਣੀਆਂ ਜਾਣ ਲੱਗ ਪਈਆਂ ਸਨ। ਇਹ ਪਟਿਆਲਾ, ਨਾਭਾ, ਜੀਂਦ, ਮਲੇਰਕੋਟਲਾ, ਕਲਸੀਆਂ ਅਤੇ ਫਰੀਦਕੋਟ ਦੀਆਂ ਰਿਆਸਤਾਂ ਸਨ। ਕੇਂਦਰੀ ਪੰਜਾਬ ਦੀ ਰਿਆਸਤ ਕਪੂਰਥਲਾ ਇਨ੍ਹਾਂ ਤੋਂ ਜ਼ਰਾ ਵੱਖਰੀ ਸੀ। ਪੰਜਾਬ ਦੇ ਉੱਤਰ ਵਿੱਚ ਜੰਮੂ-ਕਸ਼ਮੀਰ ਦੀ ਰਿਆਸਤ ਸੀ। ਇਨ੍ਹਾਂ ਸਭ ਰਿਆਸਤਾਂ ਦਾ ਪੰਜਾਬ ਦੀ ਰਾਜਨੀਤੀ ਨਾਲ ਗਹਿਰਾ ਸੰਬੰਧ ਸੀ। ਕਾਂਗਰਸ ਨੂੰ ਇਨ੍ਹਾਂ ਰਿਆਸਤਾਂ ਦੇ ਰਾਜਿਆਂ ਨਵਾਬਾਂ ਦੇ ਦੇਸ-ਧਰੋਹੀ ਖਾਸੇ ਬਾਰੇ ਬੜੀ ਗਲਤਫ਼ਹਿਮੀ ਸੀ।

ਹਿੰਦੋਸਤਾਨ ਦੀ ਪਹਿਲੀ ਜੰਗੇ ਅਜ਼ਾਦੀ (1857 ਦਾ ਗ਼ਦਰ) ਦੇ ਮੌਕੇ 'ਤੇ ਇਨ੍ਹਾਂ ਪੰਜਾਬ ਦੇ ਰਾਜਿਆਂ ਨਵਾਬਾਂ ਤੇ ਰਜਵਾੜਿਆਂ ਨੇ ਇਸ ਅਜ਼ਾਦੀ ਦੀ ਲਹਿਰ ਨੂੰ ਅਸਫਲ ਕਰਨ ਲਈ ਆਪਣੀਆਂ ਫੌਜਾਂ ਭੇਜੀਆਂ ਸਨ ਤੇ ਅੰਗਰੇਜ਼ਾਂ ਤੋਂ ਇਨਾਮ ਵੱਜੋਂ ਯੂ. ਪੀ. ਵਿੱਚ ਇਲਾਕੇ ਹਾਸਲ ਕੀਤੇ ਸਨ।

ਪੰਜਾਬ ਵਿੱਚ ਜਦੋਂ ਬਹਾਦਰ ਕੂਕਿਆਂ ਨੇ ਬਗ਼ਾਵਤ ਦਾ ਝੰਡਾ ਬੁਲੰਦ ਕੀਤਾ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਮਲੇਰਕੋਟਲੇ ਦੀ ਰਿਆਸਤ ਵਿੱਚ ਤੋਪਾਂ ਦੇ ਮੂੰਹ ਅਗੇ ਬੰਨ੍ਹ ਕੇ ਉਡਾਇਆ ਗਿਆ ਸੀ। ਗ਼ਦਰ ਪਾਰਟੀ ਦੇ ਦਰਜਨਾਂ ਰਿਆਸਤੀ ਸੂਰਬੀਰ

ਫਾਂਸੀ ਟੰਗੇ ਗਏ ਤੇ ਕਾਲੇ ਪਾਣੀ ਭੇਜੇ ਗਏ ਸਨ। ਅਕਾਲੀ ਲਹਿਰ ਵਿੱਚ ਜੈਤੋ ਦੇ ਮੋਰਚੇ ਵੇਲੇ ਰਾਜੇ ਪਟਿਆਲੇ ਦੀਆਂ ਫੌਜਾਂ ਨੇ ਮਸ਼ੀਨਗੰਨਾਂ ਨਾਲ 500 ਅਕਾਲੀ ਭੁੰਨ ਦਿੱਤੇ ਸਨ।

ਇਸੇ ਲਈ ਕਿਰਤੀ ਪਾਰਟੀ ਨੇ ਦੋਹਰੀ ਗੁਲਾਮੀ ਵਿੱਚ ਫਸੀ ਰਿਆਸਤੀ ਪਰਜਾ ਦਾ ਡੱਟ ਕੇ ਸਾਥ ਦਿੱਤਾ ਸੀ, ਇਨ੍ਹਾਂ ਰਿਆਸਤੀ ਘੋਲਾਂ ਵਿੱਚੋਂ ਆਏ ਇਨਕਲਾਬੀ, ਕਿਰਤੀ ਪਾਰਟੀ ਦੇ ਉਚ ਕੋਟੀ ਦੇ ਲੀਡਰ ਵੀ ਬਣੇ ਸਨ, ਜਿਸ ਤਰ੍ਹਾਂ ਕੇ ਭਗਵਾਨ ਸਿੰਘ ਲੌਂਗੋਵਾਲ, ਹਰਦਿੱਤ ਸਿੰਘ ਭੱਠਲ, ਹਰਨਾਮ ਸਿੰਘ ਚਮਕ, ਜਗੀਰ ਸਿੰਘ ਜੋਗਾ, ਸਰਦਾਰਾ ਸਿੰਘ ਯੂਥਪ, ਧਰਮ ਸਿੰਘ ਫੱਕਰ ਆਦਿ।

ਪੰਜਾਬ ਦੀਆਂ ਇਨ੍ਹਾਂ ਰਿਆਸਤਾਂ ਵਿੱਚ ਲੋਕਾਂ ਨੂੰ ਕੋਈ ਹੱਕ ਹਾਸਲ ਨਹੀਂ ਸੀ। ਜਲਸੇ ਜਲੂਸਾਂ ਅਤੇ ਮੀਟਿੰਗਾਂ ਦੀ ਮਨਾਹੀ ਸੀ। ਲਿਖਣ ਬੋਲਣ ਦੀ ਵੀ ਖੁੱਲ੍ਹ ਨਹੀਂ ਸੀ। ਇਹ ਰਾਜੇ ਅੰਗਰੇਜ਼ੀ ਇਲਾਕੇ ਨਾਲੋਂ ਵੀ ਦੁੱਗਣਾ ਤਿੱਗਣਾ ਜ਼ਮੀਨੀ ਮਾਲੀਆ, ਟੈਕਸ, ਵਗਾਰਾਂ ਲੈਂਦੇ ਸਨ ਅਤੇ ਹੋਰ ਅਨੇਕਾਂ ਰਜਵਾੜਾਸ਼ਾਹੀ ਹੁਕਮਨਾਮੇ ਰਿਆਸਤੀ ਪਰਜਾ ਦੀ ਗਰੀਬੀ ਦਾ ਕਾਰਨ ਸਨ। ਰਾਜੇ ਦਾ ਹੁਕਮ ਹੀ ਕਾਨੂੰਨ ਸੀ। ਰਿਆਸਤ ਦਾ ਹਰ ਕੰਮ ਰਾਜੇ ਦੇ ਰਹਿਮ 'ਤੇ ਚੱਲਦਾ ਸੀ। ਸਭ ਤੋਂ ਬਦਤਰ ਗੱਲ ਇਹ ਸੀ ਕਿ ਇਨ੍ਹਾਂ ਰਾਜਿਆਂ ਹੱਥੋਂ ਧੀਆਂ ਭੈਣਾਂ ਦੀ ਇੱਜ਼ਤ ਵੀ ਮਹਿਫੂਜ਼ ਨਹੀਂ ਸੀ। "ਰਾਜੇ ਸ਼ੀਂਹ, ਮੁਕੱਦਮ ਕੁੱਤੇ" ਵਾਲੀ ਗੱਲ ਹੀ ਸੀ।

ਰਿਆਸਤੀ ਪਰਜਾ ਨੇ ਆਪਣੀ ਹਾਲਤ ਸੁਧਾਰਨ ਲਈ ਰਾਜਿਆਂ ਦੇ ਖਿਲਾਫ਼ ਘੋਲ ਸ਼ੁਰੂ ਕੀਤਾ। ਇਸ ਘੋਲ ਦੇ ਆਗੂ ਸੇਵਾ ਸਿੰਘ ਠੀਕਰੀਵਾਲ ਨੂੰ ਗ੍ਰਿਫਤਾਰ ਕਰਕੇ ਪਟਿਆਲਾ ਜੇਲ੍ਹ ਵਿੱਚ ਕੈਦ ਕਰ ਦਿੱਤਾ ਗਿਆ ਸੀ। ਜੇਲ੍ਹ ਦੇ ਜਬਰਾਂ ਦੇ ਖਿਲਾਫ਼ ਲੜਦਿਆਂ ਲੰਬੀ ਭੁੱਖ ਹੜਤਾਲ ਦੌਰਾਨ ਠੀਕਰੀਵਾਲਾ ਸ਼ਹੀਦ ਹੋ ਗਏ ਸਨ। ਸਰਦਾਰ ਸੇਵਾ ਸਿੰਘ ਠੀਕਰੀਵਾਲਾ ਦੇ ਬਾਹਰਲੇ ਸਾਥੀਆਂ ਨੇ ਪਰਜਾ ਮੰਡਲ ਨਾਂ ਦੀ ਜਥੇਬੰਦੀ ਖੜੀ ਕੀਤੀ ਸੀ ਜਿਸ ਦੇ ਆਗੂ ਭਗਵਾਨ ਸਿੰਘ ਲੌਂਗੋਵਾਲ, ਜਗੀਰ ਸਿੰਘ ਜੋਗਾ, ਸਰਦਾਰਾ ਸਿੰਘ ਯੂਥਪ ਸਨ।

ਪਰਜਾ ਮੰਡਲ ਦੀ ਕਾਇਮੀ ਨਾਲ ਪੰਜਾਬ ਦੀ ਅਜ਼ਾਦੀ ਦੇ ਘੋਲ ਦੇ ਨਾਲ-ਨਾਲ ਰਿਆਸਤਾਂ ਵਿੱਚ ਵੀ ਅਜ਼ਾਦੀ ਲਈ ਜਦੋ ਜਹਿਦ ਸ਼ੁਰੂ ਹੋ ਗਈ ਸੀ। ਅੰਗਰੇਜ਼ੀ ਪੰਜਾਬ ਦੇ ਕਿਰਤੀ ਵਰਕਰ ਰਿਆਸਤਾਂ ਵਿੱਚ ਕੰਮ ਕਰਦੇ ਤੇ ਰਿਆਸਤੀ ਲੀਡਰ ਅੰਗਰੇਜ਼ੀ ਇਲਾਕੇ ਦੇ ਵਿਚ ਅਜ਼ਾਦੀ ਦੀ ਲਹਿਰ ਦੌਰਾਨ ਡਟ ਕੇ ਹਿੱਸਾ ਲੈਂਦੇ ਸਨ। ਕਿਰਤੀ ਦੀ ਅਗਵਾਈ ਹੇਠ ਇਹ ਇਕ ਸਾਂਝੀ ਜੱਦੋਜਹਿਦ ਦਾ ਰੂਪ ਧਾਰਨ ਕਰ ਗਈ ਸੀ। ਰਿਆਸਤ ਦੀ ਹੱਦ ਦੇ ਲਾਗਲੇ ਅੰਗਰੇਜ਼ੀ ਇਲਾਕੇ ਵਿੱਚ ਰਿਆਸਤੀ ਪਰਜਾ ਮੰਡਲ ਦੀਆਂ ਭਾਰੀਆਂ ਕਾਨਫਰੰਸਾਂ ਕੀਤੀਆਂ ਜਾਂਦੀਆਂ ਸਨ ਜਿਨ੍ਹਾਂ ਵਿੱਚ ਰਿਆਸਤੀ ਲੋਕ ਹੁੰਮਹੁਮਾ ਕੇ ਸ਼ਾਮਲ ਹੁੰਦੇ ਤੇ ਆਪਣੇ ਦੁਖੜੇ ਦਸਦੇ ਸਨ।

ਕਿਰਤੀ ਲਾਲ ਢੰਡੋਰਾ ਤੇ ਫਿਰ ਲਾਲ ਝੰਡਾ ਅਖ਼ਬਾਰ ਗੁਪਤ ਰੂਪ ਵਿੱਚ ਰਿਆਸਤੀ

ਪਿੰਡਾਂ ਵਿੱਚ ਪਹੁੰਚਾਏ ਜਾਂਦੇ। ਚੜਿੱਕ ਤੇ ਕਲਸੀਆ ਦੇ ਰਿਆਸਤੀ ਮੋਰਚਿਆਂ ਵਿੱਚ ਬਾਬਾ ਅਰੂੜ ਸਿੰਘ ਦੀ ਅਗਵਾਈ ਹੇਠ ਸੈਂਕੜੇ ਕਿਰਤੀ ਵਰਕਰ ਗ੍ਰਿਫਤਾਰ ਹੋਏ ਸਨ ਤੇ ਆਖਰ ਜਿੱਤ ਪ੍ਰਾਪਤ ਕੀਤੀ ਸੀ। ਇਸੇ ਤਰ੍ਹਾਂ ਪਟਿਆਲਾ, ਨਾਭਾ, ਮਲੇਰਕੋਟਲਾ ਤੇ ਫਰੀਦਕੋਟ ਦੀਆਂ ਰਿਆਸਤਾਂ ਵਿੱਚ ਵੀ ਮੋਰਚੇ ਲੱਗੇ ਸਨ, ਜਿਨ੍ਹਾਂ ਵਿੱਚ ਹਜ਼ਾਰਾਂ ਲੋਕਾਂ ਨੇ ਕੁਰਬਾਨੀਆਂ ਦਿੱਤੀਆਂ ਸਨ। ਆਖਰ ਇਹ ਘੋਲ ਪੈਪਸੂ ਦੀ ਮੁਜ਼ਾਰਾ ਲਹਿਰ ਤਕ ਪਹੁੰਚ ਗਿਆ ਸੀ।

ਫੂਲਕੀਆ ਰਿਆਸਤਾਂ ਦੇ ਰਾਜਿਆਂ ਵਿੱਚੋਂ ਪਟਿਆਲੇ ਵਾਲਾ ਸਭ ਤੋਂ ਬਦਨਾਮ ਰਾਜਾ ਸੀ। ਇਹ ਰਿਆਸਤ ਵਿੱਚ ਹੀ ਨਹੀਂ ਸਗੋਂ ਰਿਆਸਤ ਤੋਂ ਬਾਹਰ ਅੰਗਰੇਜ਼ੀ ਇਲਾਕੇ ਵਿੱਚ ਵੀ ਅਜ਼ਾਦੀ ਦੀ ਜੰਗ ਨੂੰ ਰੋਕਣ ਲਈ ਦਖਲ ਦਿੰਦਾ ਸੀ। ਇਨ੍ਹਾਂ ਅੰਗਰੇਜ਼ੀ ਸੇਵਾਵਾਂ ਕਰਕੇ ਹੀ ਪਟਿਆਲੇ ਦੇ ਰਾਜੇ ਨੂੰ 'ਫਰਜ਼ੰਦੇ ਅਰਜ਼ਮੰਦ ਦੌਲਤੇ ਇੰਗਲੇਸ਼ੀਆ' ਭਾਵ 'ਅੰਗਰੇਜ਼ੀ ਸਲਤਨਤ ਦਾ ਤਾਬਿਆਦਾਰ ਪੁੱਤਰ' ਦਾ ਖਿਤਾਬ ਮਿਲਿਆ ਸੀ।

ਰਿਆਸਤੀ ਪਰਜਾ ਮੰਡਲ ਵੱਲੋਂ ਪਹਿਲਾਂ 'ਰਿਆਸਤ' ਤੇ ਫੇਰ 'ਦੇਸ ਦਰਦੀ' ਨਾਂ ਦੇ ਹਫਤਾਵਾਰ ਅਖ਼ਬਾਰ ਲਾਹੌਰ ਤੇ ਅੰਮ੍ਰਿਤਸਰ ਤੋਂ ਕੱਢੇ ਗਏ ਸਨ। ਪਹਿਲਾਂ ਪਰਚਾ ਨਿਕਦਿਆਂ ਹੀ ਸਰਕਾਰ ਨੇ ਜ਼ਬਤ ਕਰ ਲਿਆ ਸੀ। ਦੇਸ ਦਰਦੀ ਤੋਂ ਏਨੀਆਂ ਭਾਰੀਆਂ ਜਮਾਨਤਾਂ ਮੰਗੀਆਂ ਕਿ ਜਗੀਰ ਸਿੰਘ ਜੋਗਾ ਮੈਨੇਜਰ ਅਤੇ ਸਰਦਾਰਾ ਸਿੰਘ ਯੂਥਪ ਐਡੀਟਰ ਪਬਲੀਕੇਸ਼ਨ ਬੰਦ ਕਰਨ 'ਤੇ ਮਜਬੂਰ ਹੋ ਗਏ ਸਨ।

ਰਿਆਸਤ ਕਪੂਰਥਲਾ, ਜੋ ਜ਼ਿਲ੍ਹਾ ਜਲੰਧਰ ਤੇ ਹੁਸ਼ਿਆਰਪੁਰ ਦੇ ਨਾਲ ਘਿਰੀ ਹੋਈ ਸੀ, ਰਿਆਸਤੀ ਅਹਿਲਕਾਰਾਂ ਦੇ ਵੱਸ ਵਿਚ ਸੀ। ਉਹ ਇਕ ਦੂਜੇ ਨੂੰ ਨੀਵਾਂ ਵਿਖਾਉਣ ਵਿੱਚ ਰੁਝੇ ਰਹਿੰਦੇ ਸਨ। ਅਹਿਲਕਾਰਾਂ ਦੇ ਆਪਸ ਵਿੱਚ ਦੇ ਝਗੜੇ ਰਿਆਸਤੀ ਪਰਜਾ ਦੀ ਸਿਰਦਰਦੀ ਦਾ ਕਾਰਨ ਬਣੇ ਰਹਿੰਦੇ ਸਨ। ਰਾਜਾ ਕਪੂਰਥਲਾ ਤਕਰੀਬਨ ਆਪਣਾ ਸਾਰਾ ਵਕਤ ਯੂਥਪ ਤੇ ਅਮਰੀਕਾ ਵਿੱਚ ਹੀ ਗੁਜ਼ਾਰਦਾ ਸੀ, ਪਰਜਾ ਭੁੱਖੀ ਮਰਦੀ ਸੀ। ਮਾਲੀਏ ਦੁਗਣੇ ਸਨ ਤੇ ਤਰ੍ਹਾਂ ਤਰ੍ਹਾਂ ਦੇ ਟੈਕਸ ਲਾ ਕੇ ਇਸ ਰਾਜੇ ਦੀ ਐਯਾਸ਼ੀ ਲਈ ਪੈਸਾ ਜਮ੍ਹਾਂ ਕੀਤਾ ਜਾਂਦਾ ਸੀ। ਇਹ ਕਪੂਰਥਲੀਆ ਰਾਜਾ ਜਦੋਂ ਅਰਜਨਟੀਨਾ ਗਿਆ ਸੀ ਤਾਂ ਅਰਜਨਟੀਨਾ ਦੇ ਰਾਸ਼ਟਰਪਤੀ ਦੀ ਪਤਨੀ ਨੂੰ ਇਕ ਲੱਖ ਦੀ ਮੁੰਦਰੀ ਪਾ ਆਇਆ ਸੀ। ਮਾਸਟਰ ਹਰੀ ਸਿੰਘ ਧੂਤ, ਚੌਧਰੀ ਵਸਾਊ ਧਾਲੀਵਾਲ ਅਤੇ ਚੰਨਣ ਸਿੰਘ ਧੂਤ ਦੀ ਅਗਵਾਈ ਹੇਠ ਰਾਜੇ ਵਿਰੁੱਧ ਲਹਿਰ ਚੱਲੀ। ਮਾਸਟਰ ਹਰੀ ਸਿੰਘ ਧੂਤ ਨੂੰ ਰਿਆਸਤੀ ਥਾਨਿਆਂ ਦੀਆਂ ਹਵਾਲਤਾਂ ਤੇ ਜੇਲ੍ਹ ਵਿੱਚ ਕਈ ਚਿਰ ਰੱਖਿਆ ਸੀ।

ਚੰਨਣ ਸਿੰਘ ਧੂਤ ਉਨ੍ਹਾਂ ਦਿਨਾਂ ਵਿੱਚ ਹੀ ਖਾਲਸਾ ਕਾਲਜ ਦੀ ਪੜ੍ਹਾਈ ਵਿੱਚੇ ਛੱਡ ਕੇ ਇਨ੍ਹਾਂ ਸਖਤੀਆਂ ਦੇ ਖਿਲਾਫ਼ ਅੰਦੋਲਨ ਵਿੱਚ ਸ਼ਾਮਲ ਹੋਇਆ ਸੀ। ਉਸ ਨੂੰ ਵੀ ਗ੍ਰਿਫਤਾਰ ਕਰਕੇ ਥਾਨਿਆਂ ਦੀਆਂ ਹਵਾਲਾਤਾਂ ਵਿੱਚ ਅਜਿਹੇ ਤਸੀਹੇ ਦਿੱਤੇ ਗਏ

ਸਨ। ਚੌਧਰੀ ਵਸਾਊ ਨੇ ਕਿਸਾਨ ਕਮੇਟੀਆਂ ਬਣਾਈਆਂ ਸਨ। ਫਗਵਾੜੇ ਦੇ ਗਿਰਦ ਬਵੇਲੀ, ਡੁਮੇਲੀ, ਦੁੱਗਾਂ ਦੇ ਇਲਾਕੇ ਵਿੱਚ ਰਿਆਸਤੀ ਨਿਜ਼ਾਮ ਵਿਰੁੱਧ ਅਤੇ ਅੰਗਰੇਜ਼ੀ ਸਰਕਾਰ ਵਿਰੁੱਧ ਬੱਬਰਾਂ ਨੇ ਬਗਾਵਤ ਸ਼ੁਰੂ ਕਰ ਦਿੱਤੀ ਸੀ। ਇਸ ਤੋਂ ਸਹਿਮ ਕੇ ਰਾਜੇ ਨੂੰ ਰਿਹਾਈਆਂ ਕਰਨੀਆਂ ਪਈਆਂ ਸਨ। ਅੰਗਰੇਜ਼ਾਂ ਨੇ ਵੀ ਗ਼ਦਰੀ ਬਾਬਾ ਕਰਮ ਸਿੰਘ ਧੂਤ ਨੂੰ ਸੱਤ ਸਾਲ ਬਿਨ੍ਹਾਂ ਮੁਕੱਦਮਾ ਚਲਾਏ ਜੇਲ੍ਹ ਵਿੱਚ ਰੱਖਣ ਤੋਂ ਬਾਅਦ 1938 ਵਿੱਚ ਰਿਹਾਅ ਕਰ ਦਿੱਤਾ ਸੀ। ਬਾਬਾ ਹਰਨਾਮ ਸਿੰਘ ਕਾਲਾ ਸੰਘਾ (ਰਿਆਸਤ ਕਪੂਰਥਲਾ) ਗ਼ਦਰ ਸਾਜਿਸ਼ ਕੇਸ਼ ਵਿੱਚ ਸਜਾ ਕੱਟ ਕੇ ਪਿੰਡ ਆ ਚੁੱਕਾ ਸੀ। ਇਸ ਲਈ ਰਿਆਸਤ ਕਪੂਰਥਲਾ ਇਨਕਲਾਬੀਆਂ ਦਾ ਇਕ ਤਗੜਾ ਗੜ੍ਹ ਬਣ ਗਈ ਸੀ। ਰਿਆਸਤ ਦਾ ਰਾਜਾ ਤੇ ਉਹਦੇ ਅਹਿਲਕਾਰ ਧੂਤ ਕਲਾਂ ਜਾਂ ਕਾਲਾ ਸੰਘਾ (ਰਿਆਸਤੀ ਪਿੰਡਾਂ) ਦੇ ਨੇੜੇ ਤੇੜੇ ਦੀ ਵੀ ਲੰਘਣ ਲੱਗੇ ਡਰਦੇ ਸਨ। ਚੰਨਣ ਸਿੰਘ ਧੂਤ, ਚੌਧਰੀ ਵਸਾਊ ਤੇ ਮਾਸਟਰ ਹਰੀ ਸਿੰਘ ਪੰਜਾਬ ਅਸੰਬਲ ਦੇ ਮੈਂਬਰ ਵੀ ਚੁਣੇ ਗਏ ਸਨ।

ਰਿਆਸਤੀ ਪਰਜਾ ਮੰਡਲ ਦੇ ਲੀਡਰਾਂ ਨੇ ਅਥਾਹ ਕੁਰਬਾਨੀਆਂ ਕੀਤੀਆਂ। ਇਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰਕੇ ਇਨ੍ਹਾਂ ਨੂੰ ਰਿਆਸਤਾਂ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਇਹ ਆਪਣੇ ਬਾਲ ਬੱਚਿਆਂ ਸਮੇਤ ਦਰ-ਦਰ ਰੁਲੇ। ਬੜੀਆਂ ਤੰਗੀਆਂ ਝੱਲੀਆਂ। ਭਗਵਾਨ ਸਿੰਘ ਲੌਂਗੋਵਾਲ ਇਸ ਦੀ ਪ੍ਰਤੱਖ ਮਿਸਾਲ ਹੈ। ਇਨ੍ਹਾਂ ਦਾ ਕੋਈ ਸਹਾਰਾ ਨਹੀਂ ਸੀ। ਦੇਸਭਗਤ ਪਰਿਵਾਰ ਸਹਾਇਕ ਕਮੇਟੀ ਤਿੱਲ ਫੁੱਲ ਦੇ ਕੇ ਇਨ੍ਹਾਂ ਦੀ ਮਦਦ ਜ਼ਰੂਰ ਕਰਦੀ ਰਹੀ ਸੀ।

ਰਿਆਸਤ ਕਸ਼ਮੀਰ ਹਮੇਸ਼ਾ ਜਾਬਰ ਹਮਲਾਵਰਾਂ ਦੀ ਵੱਸ ਦਾ ਸ਼ਿਕਾਰ ਹੁੰਦੀ ਰਹੀ ਸੀ। ਈਰਾਨੀਆਂ ਪਠਾਣਾਂ, ਨੇ ਹਮਲੇ ਕਰਕੇ ਇਸਨੂੰ ਫਤਹਿ ਕੀਤਾ। ਮੁਗਲਾਂ ਨੇ ਇਸ 'ਤੇ ਕਬਜ਼ਾ ਕਰਕੇ ਗਰਮੀਆਂ ਕੱਟਣ ਲਈ ਸੈਰਗਾਹ ਬਣਾ ਲਿਆ ਸੀ। ਝੀਲਾਂ, ਵਾਦੀਆਂ, ਕੇਸਰਾਂ, ਅਖਰੋਟਾਂ, ਮੇਵਿਆਂ ਦੀ ਪੁਰਅਮਨ ਧਰਤੀ ਦੇ ਸੋਹਣੇ ਸਨੁੱਖੇ ਲੋਕਾਂ ਦੀ ਸ਼ਰਾਫ਼ਤ ਦਾ ਹਰ ਜਰਵਾਣੇ ਨੇ ਨਜ਼ਾਇਜ਼ ਫਾਇਦਾ ਉਠਾਇਆ। ਅੰਗਰੇਜ਼ਾਂ ਨੇ ਧਿਆਨ ਸਿੰਘ ਡੋਗਰੇ ਦੀ ਗ਼ਦਾਰੀ ਦੇ ਇਵਜ਼ਾਨੇ ਦੇ ਤੌਰ 'ਤੇ ਕਸ਼ਮੀਰ ਲੱਖਾਂ ਰੁਪੈ 'ਚ ਰਾਜਾ ਧਿਆਨ ਸਿੰਘ ਨੂੰ ਵੇਚ ਦਿੱਤਾ। ਜੰਮੂ-ਕਸ਼ਮੀਰ ਵਿੱਚ ਡੋਗਰੇ ਰਾਜਿਆਂ ਕਬਜ਼ਾ ਹੋ ਗਿਆ ਸੀ।

ਵੀਹਵੀਂ ਸਦੀ ਆਈ। ਕਸ਼ਮੀਰ ਨੇ ਵੀ ਉਸਲ-ਵੱਟਾ ਲਿਆ। ਇਸ 'ਤੇ ਵੀ ਬਾਕੀ ਰਿਆਸਤੀ ਲਹਿਰਾਂ ਦਾ ਅਸਰ ਹੋਇਆ। ਕਸ਼ਮੀਰ ਦੀ ਵਾਦੀ ਜਾਗ ਪਈ ਸੀ। ਸ਼ੇਰੇ ਕਸ਼ਮੀਰ ਸ਼ੇਖ ਅਬਦੁੱਲਾ ਤੇ ਸ੍. ਬੁੱਧ ਸਿੰਘ ਦੀ ਅਗਵਾਈ ਵਿੱਚ ਕਸ਼ਮੀਰ 'ਚ ਨੈਸ਼ਨਲ ਕਾਨਫਰੰਸ ਦਾ ਮੁੱਢ ਬੱਝਾ ਸੀ। ਇਹ ਕਸ਼ਮੀਰੀ ਲੀਡਰ ਗ਼ਦਰੀ ਬਾਬਿਆਂ ਦਾ ਬੜਾ ਇਹਤਰਾਮ ਕਰਦੇ ਸਨ। ਉਨ੍ਹਾਂ ਨੇ ਪੰਜਾਬ ਆ ਕੇ ਪਹਿਲਾ ਮੇਲ-ਮਿਲਾਪ ਗ਼ਦਰੀ ਬਾਬਾ ਸੋਹਣ ਸਿੰਘ ਭਕਨਾ ਤੇ ਉਨ੍ਹਾਂ ਦੇ ਸਾਥੀਆਂ ਨਾਲ ਕੀਤਾ ਸੀ। ਇਨ੍ਹਾਂ ਗ਼ਦਰੀ ਬਾਬਿਆਂ ਨੇ ਕਸ਼ਮੀਰੀ ਲੀਡਰਾਂ ਦਾ ਸੰਪਰਕ ਕਿਰਤੀ ਪਾਰਟੀ ਦੀ ਗੁਪਤ ਪ੍ਰੋਵਿਨਸ਼ੀਅਲ

ਕਮੇਟੀ ਨਾਲ ਕਰਵਾ ਦਿੱਤਾ ਸੀ। ਉਹ ਕਸ਼ਮੀਰ ਤੋਂ ਲਾਹੌਰ ਆਉਂਦੇ ਜਾਂਦੇ ਰਹਿੰਦੇ ਸਨ। ਲਾਹੌਰ ਅਨਾਰਕਲੀ ਬਜ਼ਾਰ ਦੇ ਮੁਸਲਮ ਹੋਟਲ ਵਿੱਚ ਉਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਂਦਾ ਸੀ। ਰਿਆਸਤੀ ਮਸਲਿਆਂ ਪਰਜਾ ਮੰਡਲ ਅਤੇ ਅਜ਼ਾਦੀ ਤਹਿਰੀਕ ਬਾਰੇ ਵਿਚਾਰ-ਵਿਟਾਂਦਰਾ ਕੀਤਾ ਜਾਂਦਾ ਸੀ। ਕਸ਼ਮੀਰ ਦੀ ਡੋਗਰਾਸ਼ਾਹੀ ਹਕੂਮਤ ਦੇ ਖਿਲਾਫ ਫੈਸਲੇ ਲਏ ਜਾਂਦੇ, ਦੱਬੇ ਕੁਚਲੇ ਕਸ਼ਮੀਰੀ ਅਵਾਮ ਦੀਆਂ ਮੰਗਾਂ ਲਈ ਅੰਦੋਲਨ ਕਰਨ ਦੇ ਪਲੈਨ ਬਣਾਏ ਜਾਂਦੇ, ਖਾਸ ਕਰ ਕਸ਼ਮੀਰ ਦੇ ਕਿਸਾਨਾਂ ਬਾਰੇ ਵਿਚਾਰ ਹੁੰਦੀ ਸੀ। ਇਸ ਬਾਰੇ ਕਿ ਕਿਸ ਤਰ੍ਹਾਂ ਕਸ਼ਮੀਰ ਵਿੱਚ ਮੂਵਮੈਂਟ ਖੜ੍ਹੀ ਕੀਤੀ ਜਾਵੇ, ਸੰਬੰਧੀ ਫੈਸਲੇ ਲਏ ਜਾਂਦੇ। ਇਨ੍ਹਾਂ ਫੈਸਲਿਆਂ ਤੋਂ ਮੁਤਾਸਰ ਹੋ ਕੇ ਹੀ ਜੰਮੂ-ਕਸ਼ਮੀਰ ਦੀ ਨੈਸ਼ਨਲ ਕਾਨਫਰੰਸ ਨੇ ਆਪਣਾ ਝੰਡਾ ਲਾਲ ਤੇ ਉੱਤੇ ਹੱਲ ਦਾ ਨਿਸ਼ਾਨ ਬਣਾਇਆ। ਇਸ ਸਾਰੇ ਕੁਝ ਦੇ ਬਾਵਜੂਦ ਉਨ੍ਹਾਂ ਸਾਰਿਆਂ 'ਤੇ ਕਸ਼ਮੀਰੀ ਕੌਮਪ੍ਰਸਤੀ ਭਾਰੂ ਸੀ।

ਭਾਂਵੇ ਲਾਹੌਰ ਦਾ ਮੁਸਲਮ ਹੋਟਲ ਸਸਤਾ ਹੀ ਸੀ, ਫਿਰ ਵੀ ਮਹਿਸੂਸ ਕੀਤਾ ਗਿਆ ਕਿ ਕਿਫਾਇਤ ਦੇ ਪੱਖੋਂ ਕੋਈ ਸਸਤਾ ਇੰਤਜ਼ਾਮ ਕੀਤਾ ਜਾਵੇ। ਉਹ ਸੀ ਕਾਮਰੇਡ ਬੀ. ਪੀ. ਐਲ ਬੇਦੀ ਦੀ ਮਾਡਲ ਟਾਊਨ ਲਾਹੌਰ ਵਿੱਚ ਪਾਈ ਝੌਂਪੜੀ। ਇਹ ਅੱਗੇ ਨੂੰ ਇਨ੍ਹਾਂ ਕਸ਼ਮੀਰੀ ਲੀਡਰਾਂ ਦੀ ਲਾਹੌਰ ਵਿੱਚ ਰਿਹਾਇਸ਼ ਦਾ ਅਸਥਾਨ ਬਣ ਗਈ। ਨਾ ਜਿੰਦਾ, ਨਾ ਕੁੰਡਾ, ਪੱਥਰ ਦੀ ਇਕ ਮੇਜ਼, ਉਦਾਲੇ ਗੱਡਵੀਆਂ ਬੈਂਚਾਂ, ਕੱਚੀ ਰਸੋਈ ਤੇ ਇਕ ਖੁੱਲ੍ਹਾ ਝੌਂਪੜਾ। ਅੱਗੇ ਨੂੰ ਇਹ ਕਿਰਤੀ ਤੇ ਕਸ਼ਮੀਰ ਨੈਸ਼ਨਲ ਕਾਨਫਰੰਸ ਦੇ ਲੀਡਰਾਂ ਦੀ ਮੀਟਿੰਗ ਪਲੇਸ ਬਣ ਗਿਆ।

ਗ਼ਦਰੀ ਬਾਬਾ ਕਰਮ ਸਿੰਘ ਧੂਤ ਨੂੰ ਸੱਤ ਸਾਲ ਦੀ ਕੈਦ ਤੋਂ ਬਾਅਦ ਸਟੇਟ ਪਿਊਪਲ ਕਾਨਫਰੰਸ ਦਾ ਪ੍ਰੈਜ਼ੀਡੈਂਟ ਬਣਾ ਦਿੱਤਾ ਸੀ। ਜੰਮੂ-ਕਸ਼ਮੀਰ ਨੈਸ਼ਨਲ ਕਾਨਫਰੰਸ ਡੋਗਰਾਸ਼ਾਹੀ ਦੇ ਖਿਲਾਫ ਲੜ ਰਹੀ ਸੀ। ਸਭ ਦਾ ਮੁਕਸਦ ਇਕੋ ਹੀ ਸੀ: ਰਿਆਸਤਾਂ ਵਿੱਚ ਜ਼ੁੰਮੇਵਾਰ ਲੋਕਾਂ ਵੱਲੋਂ ਚੁਣੀ ਹੋਈ ਹਕੂਮਤ ਕਾਇਮ ਕਰਨਾ, ਜਗੀਰੂ, ਲੋਕ ਮਾਰੂ ਕਾਨੂੰਨਾਂ ਤੋਂ ਨਿਜਾਤ ਪਾਉਣਾ ਤੇ ਸ਼ਹਿਰੀ ਅਜ਼ਾਦੀਆਂ ਬਹਾਲ ਕਰਨਾ। ਹੁਣ ਮੌਕਾ ਆ ਗਿਆ ਸੀ ਕਿ ਇਨ੍ਹਾਂ ਨੂੰ ਇਕ ਪਲੇਟਫਾਰਮ 'ਤੇ ਇਕੱਠਾ ਕੀਤਾ ਜਾਵੇ। ਲੁਧਿਆਣੇ ਆਲ ਇੰਡੀਆ ਸਟੇਟ ਪਿਊਪਲ ਕਾਨਫਰੰਸ ਦਾ ਅਜਲਾਸ ਫਰਵਰੀ 1939 ਵਿੱਚ ਬੁਲਾਇਆ ਗਿਆ। ਕਾਂਗਰਸ ਹਾਈ ਕਮਾਂਡ ਵਿੱਚੋਂ ਜਵਾਹਰ ਲਾਲ ਨਹਿਰੂ ਹੀ ਰਿਆਸਤੀ ਲੋਕਾਂ ਦੇ ਹੱਕ ਵਿੱਚ ਸੀ। ਇਸ ਲਈ ਉਸ ਨੂੰ ਕਾਨਫਰੰਸ ਦੀ ਪ੍ਰਧਾਨਗੀ ਕਰਨ ਲਈ ਸੱਦਿਆ ਗਿਆ। ਗ਼ਦਰੀ ਬਾਬਾ ਕਰਮ ਸਿੰਘ ਧੂਤ ਸਵਾਗਤੀ ਕਮੇਟੀ ਦੇ ਪ੍ਰਧਾਨ ਸਨ। ਕਸ਼ਮੀਰ ਤੋਂ ਲੈ ਕੇ ਸਾਰੀਆਂ ਰਿਆਸਤਾਂ ਦੇ ਲੋਕ ਤੇ ਖਾਸ ਕਰ ਰਿਆਸਤਾਂ ਦੇ ਕਿਸਾਨ ਜਥੇ ਲੈ ਕੇ ਇਸ ਵਿੱਚ ਸ਼ਾਮਲ ਹੋਏ ਸਨ। ਇਸ ਮੌਕੇ 'ਤੇ ਭਾਰੀ ਜਲੂਸ ਕੱਢਿਆ ਗਿਆ ਸੀ। ਗੰਧਰਵ ਸੈਨ ਨੂਰਮਹਿਲ ਤੋਂ ਵਲੰਟੀਅਰਾਂ ਦਾ ਜਥਾ ਲੈ ਕੇ ਇਸ ਵਿੱਚ ਸ਼ਾਮਲ ਹੋਇਆ ਤੇ ਇਸ ਤੋਂ ਅੱਗੋਂ ਕਿਰਤੀ ਪਾਰਟੀ ਦਾ ਹੋਲਟਾਈਮਰ ਵਰਕਰ ਬਣ ਕੇ ਕੰਮ ਕਰਦਾ ਰਿਹਾ ਸੀ. ਬਾਅਦ ਵਿਚ ਕਾਨਫਰੰਸ ਦੇ ਅਜਲਾਸ ਵਿੱਚ ਸਰਬ-ਸੰਮਤੀ ਨਾਲ

ਪਾਸ ਹੋਇਆ ਕਿ ਰਿਆਸਤਾਂ ਵਿੱਚ ਸ਼ਹਿਰੀ ਅਜ਼ਾਦੀ ਬਹਾਲ ਕੀਤੀ ਜਾਵੇ, ਲੋਕਾਂ ਦੀ ਚੁਣੀ ਹੋਈ ਜ਼ੁਮੇਵਾਰ ਹਕੂਮਤ ਕਾਇਮ ਕੀਤੀ ਜਾਵੇ, ਲੋਕ ਰਾਜ ਦੀ ਸਥਾਪਨਾ ਰਿਆਸਤਾਂ ਵਿੱਚ ਵੀ ਕੀਤੀ ਜਾਵੇ. ਰਿਆਸਤੀ ਲੋਕਾਂ ਨੂੰ ਇਕੱਠੇ ਹੋ ਕੇ ਰਾਜਿਆਂ ਦੇ ਜ਼ੁਲਮਾਂ ਦੇ ਖਿਲਾਫ਼ ਲੜਨ ਦੀ ਅਪੀਲ ਕੀਤੀ ਗਈ ਸੀ. ਆਲ ਇੰਡੀਆ ਸਟੇਟ ਪਿਊਪਲ ਕਾਨਫਰੰਸ ਦੀ ਸਟੈਂਡਿੰਗ ਕਮੇਟੀ ਵਿੱਚ ਮਾਸਟਰ ਹਰੀ ਸਿੰਘ ਧੂਤ ਤੇ ਸ਼ਮਸ਼ੇਰ ਸਿੰਘ ਕਲਸੀਆ ਨੂੰ ਲਿਆ ਗਿਆ ਸੀ।

ਮਾਂ ਨੂੰ ਉਡੀਕ

ਸਾਲ ਕੁ ਪਹਿਲਾਂ ਬਿਲਗੇ ਘਰ ਤੋਂ 50 ਗਜ਼ ਦੇ ਫਾਸਲੇ 'ਤੇ ਗੁਜ਼ਰਨ ਲੱਗਿਆ ਭਗਤ ਸਿੰਘ ਨੂੰ ਮਾਂ ਤਾਂ ਚੇਤੇ ਆਈ, ਪਰ ਡਿਊਟੀਬੰਦ ਸੀ। 'ਘਰ ਨਹੀਂ ਜਾਣਾ' ਹੁਕਮ ਦਾ ਪਾਬੰਦ ਸੀ। 1934 ਦੇ ਅਖੀਰ ਵਿੱਚ ਉਸਨੂੰ ਮਾਂ ਨੂੰ ਮਿਲਣ ਦੀ ਤਾਂਘ ਉਠੀ। ਅੰਮ੍ਰਿਤਸਰ ਤੋਂ ਧਾਰੀਵਾਲ ਡੰਡੀਆਂ ਖੇਤਾਂ ਵਿੱਚ ਦੀ ਹੁੰਦਾ ਹੋਇਆ ਥੋਹਰ, ਕੱਲਰ ਲੰਘਦਾ ਇਕ ਨਾਲੇ ਦੇ ਕਿਨਾਰੇ ਅਲੂਣੇ ਪਿੰਡ ਤੋਂ ਬਾਹਰਵਾਰ ਕੱਚਿਆਂ ਕੋਠਿਆਂ ਦੇ ਵੇਹੜੇ ਵਾਲੇ ਘਰ ਜਾ ਅੱਪੜਿਆ। ਇਕ ਪਾਸੇ ਰੀਟਾਇਰ ਫੌਜੀ ਤਾਇਆ ਜੀ ਦਾ ਘਰ, ਦੂਸਰੇ ਪਾਸੇ ਵੇਹੜੇ ਵਿੱਚ ਮਾਂ ਬੈਠੀ ਕਣਕ ਦੇ ਸਿੱਟੇ ਕੁੱਟ ਰਹੀ ਸੀ। ਤੇਰਵ੍ਹਾਂ ਮਹੀਨਾ ਸੀ। ਦਾਣਾ ਫੱਕਾ ਮੁਕਣ 'ਤੇ ਸਿੱਟੇ ਕੁੱਟ-ਝਾੜ ਕੇ ਹੀ ਇਹ ਦਿਨ ਲੰਘਾਏ ਜਾਂਦੇ ਸਨ। ਛੱਜ ਨਾਲ ਦਾਣੇ ਛੱਟੇ ਤੇ ਚੱਕੀ ਝੋਅ ਆਟਾ ਪੀਸ ਲਿਆ। ਹੁਣ ਰੋਟੀ ਤਿਆਰ ਸੀ। ਮਾਂ ਨੇ ਥਾਲੀ ਅੱਗੇ ਰੱਖ ਦਿੱਤੀ ਤੇ ਭਗਤ ਸਿੰਘ ਵੱਲ ਤਕਦੀ ਹੀ ਰਹੀ। ਕੀ ਪਤਾ! ਕੀ ਸੋਚਦੀ ਹੋਵੇਗੀ। ਇਹ ਗੋਰਾ ਚਿੱਟਾ ਮੁੰਡਾ ਕੌਣ ਹੈ? ਤੇ ਸਾਡੇ ਕਿਉਂ ਆਇਆ ਹੈ? ਮਾਲੂਮ ਹੁੰਦਾ ਸੀ ਮਾਂ ਦੀਆਂ ਅੱਖਾਂ ਕਿਸੇ ਚਿਰ ਤੋਂ ਵਿਹੜੇ ਪੁੱਤ ਦੀ ਉਡੀਕ ਵਿੱਚ ਲੱਗੀਆਂ ਹੋਈਆਂ ਸਨ। ਗੋਰਾ ਸਫੈਦ ਵਾਲਾਂ ਵਾਲਾ ਬਾਪ ਕਿਰਪਾਲ ਸਿੰਘ ਚਮਕੀਲੀਆਂ ਅੱਖਾਂ ਰਾਹੀ ਦੇਖ ਰਿਹਾ ਸੀ। ਉਹ ਸਭ ਸਮਝਦਾ ਹੈ। ਬਾਹਰ ਦੋ ਭਰਾ ਕੰਮ ਕਰ ਰਹੇ ਸਨ। ਭਗਤ ਸਿੰਘ ਨੇ ਰਾਜ਼ੀ ਖ਼ੁਸ਼ੀ ਪੁੱਛੀ ਤੇ ਠਰ੍ਹੰਮੇ ਨਾਲ ਕਿਹਾ, "ਮਨ ਵਿੱਚ ਆਈ ਸੀ ਕਿ ਦੇਖ ਹੀ ਆਵਾਂ, ਤੇਜਾ ਸਿੰਘ ਸੁਤੰਤਰ ਦਾ ਘਰ। ਏਧਰ ਧਾਰੀਵਾਲ ਆਇਆ ਸੀ, ਰਿਸ਼ਤੇਦਾਰਾਂ ਨੂੰ ਮਿਲਣ। ਚਿੱਤ ਕੀਤਾ ਤੇਜਾ ਸਿੰਘ ਪਤਾ ਸਤਾ ਹੀ ਲੈ ਚਲਾਂ। ਉਹ ਮੈਨੂੰ ਅਮਰੀਕਾ ਵਿੱਚ ਮਿਲਿਆ ਸੀ।" ਮੇਰੀਆਂ ਓਪਰੀਆਂ ਜਿਹੀਆਂ ਗੱਲਾਂ ਤੋਂ ਉਹ ਚੁੱਪ-ਚਾਪ ਬੈਠੀ ਮਾਂ ਕੀ ਸੋਚਦੀ ਹੋਵੇਗੀ? ਭਗਤ ਸਿੰਘ ਦੇ ਮਨ ਵਿੱਚ ਮਾਂ ਦਾ ਪਿਆਰ ਠਾਠਾਂ ਮਾਰਦਾ ਸੀ। ਉਸ ਮਾਂ ਕੋਲੋਂ ਤੋਂ 50 ਫੁੱਟ ਦੀ ਦੂਰੀ ਤੋਂ ਦਿਲ ਤੇ ਪੱਥਰ ਰੱਖ ਬਿਲਗੇ ਦੀਆਂ ਬਾਹਰਲੀਆਂ ਡੰਡੀਆਂ ਵਿੱਚ ਦੀ ਲੰਘ ਆਇਆ, ਇਸ ਮਾਂ ਨੂੰ ਪਿਆਰ ਕਰਨ ਨੂੰ ਦਿਲ ਉਛਲਦਾ ਸੀ, ਇਹ ਬੜੀ ਹੀ ਪਿਆਰੀ ਮਾਂ ਸੀ। ਰੋਟੀ ਖਾ ਕੇ ਇਜ਼ਾਜਤ ਮੰਗੀ, "ਮੈਂ ਹੁਣ ਜਾਂਦਾ ਹਾਂ।" ਮਾਂ ਨੇ ਸਿਰ 'ਤੇ ਹੱਥ ਰੱਖ ਕੇ ਪਿਆਰ ਦਿੱਤਾ। ਭਗਤ ਸਿੰਘ ਬਾਪੂ ਕਿਰਪਾਲ ਸਿੰਘ ਨਾਲ ਨਖਾਸੂ ਨਾਲੇ ਦੇ ਨਾਲ-ਨਾਲ ਕਲਰਾਠੀ ਜ਼ਮੀਨ ਵਿੱਚ ਦੀ

ਤੁਰਿਆ ਜਾਂਦਾ ਸੀ। ਭਗਤ ਸਿੰਘ ਬੜਾ ਲੁਕੋਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਮੈਂ ਇਕ ਸਧਾਰਨ ਤੇਜਾ ਸਿੰਘ ਦਾ ਅਮਰੀਕਾ ਦਾ ਵਾਕਫ਼ਕਾਰ ਹਾਂ। ਬਾਪੂ ਬੜਾ ਤੇਜ ਦਿਮਾਗ਼ ਸੀ। ਉਹ ਅੱਗਾ ਪਿੱਛਾ ਵੇਖ ਬੋਲ ਪਿਆ, "ਕਦ ਦਰਸ਼ਨ ਹੋਣਗੇ ਸੁਤੰਤਰ ਦੇ?" ਬਾਪ ਬੇਟੇ ਦੇ ਸਨਮਾਨ ਵਿੱਚ ਦਰਸ਼ਨਾਂ ਦੀ ਗੱਲ ਕਰਦਾ ਹੈ। ਮਨ ਭਰ ਆਇਆ। "ਕੁਝ ਨਹੀਂ ਪਤਾ ਕਿਥੇ ਹੋਵੇ ਤੇ ਕਦ ਆਵੇ। ਮੈਨੂੰ ਤਾਂ ਅਮਰੀਕਾ ਵਿੱਚ ਮਿਲਿਆਂ ਦੇਰ ਹੋ ਗਈ ਹੈ, " ਭਗਤ ਸਿੰਘ ਨੇ ਕਿਹਾ। ਇਹ ਤੀਖਣ ਬੁੱਧੀ ਵਾਲਾ ਬਾਪ ਕਦ ਮੰਨਦਾ ਸੀ, ਇਸ ਟਾਲਮਟੋਲ ਨੂੰ। ਉਹ ਜ਼ਿਆਦਾ ਦੇਰ ਛੁਪਾ ਨਾ ਸਕਿਆ। ਪਿਆਰ ਵਿੱਚ ਜੱਫੀ ਪਾ ਕੇ ਕਿਹਾ: "ਉਮੀਦ ਹੈ ਛੇਤੀ ਹੀ।" ਬਾਪੂ ਨੂੰ ਮੁੜ ਜਾਣ ਲਈ ਕਿਹਾ ਤੇ ਰਾਹ ਵਿੱਚ ਸੋਚਦਾ ਤੁਰਿਆ ਆਇਆ ਪਿੰਡੋਂ ਬਾਹਰ ਡੱਬਰੀ ਵਿੱਚ ਕੱਚੇ ਖੋਲੇ, ਘਰ ਦਾਣਾ ਨਾ ਫੱਕਾ, ਅੱਤ ਦੀ ਗ਼ਰੀਬੀ!

ਕਾਬਲ, ਤੁਰਕੀ, ਯੂਰਪ, ਅਮਰੀਕਾ, ਅਰਜਨਟਾਇਨਾ ਤੇ ਮਾਸਕੋ ਦਾ ਦੌਰਾ ਕਰਦਾ ਅਜ਼ਾਦ ਹਿੰਦੋਸਤਾਨ ਦਾ ਅਜ਼ਾਦ ਜਰਨੈਲ ਅੰਗਰੇਜ਼ਾਂ ਨੂੰ ਦੇਸ ਵਿੱਚੋਂ ਕੱਢਣ ਲਈ ਇਨਕਲਾਬੀਆਂ ਦੇ ਕਾਫਲੇ ਤਿਆਰ ਕਰ ਰਿਹਾ ਹੈ। ਘਰ ਵਿੱਚ ਭੰਗ ਭੁੱਜ ਰਹੀ ਹੈ। ਮੁਸ਼ਕਲਾਂ ਨਜ਼ਰ ਆ ਰਹੀਆਂ ਹਨ ਪਰ ਹੌਸਲਾ ਬੁਲੰਦ ਹੈ, ਜ਼ਬਾਨ 'ਤੇ ਗਿਲਾ ਨਹੀਂ। ਸਗੋਂ ਬਾਪ ਸਨਮਾਨ ਨਾਲ ਪੁੱਛਦਾ ਹੈ, ਕਦ ਦਰਸ਼ਨ ਹੋਣਗੇ? ਸੁਤੰਤਰ ਦੇ। ਦਸ ਸਾਲ ਤੋਂ ਵਿਛੜੇ ਬੇਟੇ ਦੇ। ਉਸ ਨੂੰ ਪਤਾ ਹੈ, ਉਹ ਮੁਲਕ ਦੀ ਅਜ਼ਾਦੀ ਲਈ ਜੂਝ ਰਿਹਾ ਹੈ। ਭਗਤ ਸਿੰਘ ਦਾ ਮਨ ਬਣ ਗਿਆ ਸੀ, ਦੇਸ ਪਰਤਣ 'ਤੇ ਇਨ੍ਹਾਂ ਨੂੰ ਜ਼ਰੂਰ ਮਿਲਾਵਾਂਗਾ, ਮਿਲਾਇਆ ਵੀ, ਪਰ ਇਹ ਮਿਲਣੀ ਤਾਂ ਨਾਂਮਾਤਰ ਹੀ ਹੋਈ। ਡਿਊਟੀ 'ਤੇ ਬੰਬਈ ਚਲਿਆ ਗਿਆ। ਗ੍ਰਿਫਤਾਰ ਹੋ ਕੇ ਸੱਤ ਸਾਲ ਲਈ ਸ਼ਾਹੀ ਕੈਦੀ ਬਣਾ ਕੇ ਕੈਂਬਲਪੁਰ ਜੇਲ੍ਹ ਡੱਕ ਦਿੱਤਾ ਗਿਆ। ਮਈ 1942 ਵਿੱਚ ਰਿਹਾ ਹੋਇਆ। ਦਿਨ ਰਾਤ ਲੋਕਾਂ ਦੇ ਘੋਲ ਵਿੱਚ ਜੁੱਟਿਆ ਰਿਹਾ। 1947 ਵਿੱਚ ਮੁਲਕ ਅਜ਼ਾਦ ਹੋਇਆ। ਇਨਾਮ ਮਿਲਿਆ ਆਪਣੀ ਹੀ ਅਜ਼ਾਦ ਹਕੂਮਤ ਵੱਲੋਂ ਗ੍ਰਿਫਤਾਰੀ ਦੇ ਵਾਰੰਟ। ਜੇਲ੍ਹੀਂ ਡੱਕ ਦਿੱਤੇ। ਪੈਪਸੂ ਦੇ ਮੁਜ਼ਾਰਿਆਂ ਦੀ ਫੌਜ ਨੂੰ ਜਥੇਬੰਦ ਕੀਤਾ। ਵਿਸਵੇਦਾਰਾਂ ਦੀਆਂ ਜ਼ਮੀਨਾਂ ਖੋਹ ਕੇ ਮੁਜ਼ਾਰਿਆਂ ਵਿੱਚ ਵੰਡੀਆਂ। ਜੇਲ੍ਹਾਂ ਵਿੱਚ ਰਹਿੰਦਿਆਂ ਪੰਜਾਬ ਅਸੰਬਲੀ ਦਾ ਬਿਨ੍ਹਾਂ ਮੁਕਾਬਲਾ ਮੈਂਬਰ ਚੁਣਿਆਂ ਗਿਆ ਸੀ ਤੇ ਫੇਰ ਹਿੰਦੋਸਤਾਨ ਦੀ ਪਾਰਲੀਮੈਂਟ ਦਾ। ਵਕਤ ਆਇਆ ਸੀ ਕਿ ਕੁਝ ਲਿਖ ਜਾਂਦਾ ਆਪਣੀ ਬਾਬਤ ਤੇ ਆਪਣੇ ਹਜ਼ਾਰਾਂ ਬਹਾਦਰ ਸਾਥੀਆਂ ਬਾਬਤ, ਜਿਨ੍ਹਾਂ ਗ਼ਦਰ ਪਾਰਟੀ ਦੀ ਕਮਾਨ ਹੇਠ ਤੇ ਫਿਰ ਕਿਰਤੀ ਪਾਰਟੀ ਦੀ ਰਹਿਨੁਮਾਈ ਵਿੱਚ ਲੋਕਾਂ ਲਈ ਇਨਕਲਾਬੀ ਘੋਲ ਲੜੇ। ਬਸ ਇਕ ਜਵਾਬ ਸੀ— "ਕੁਝ ਹੋਰ ਕਰ ਲਈਏ ਫਿਰ ਲਿਖਾਂਗੇ।" ਪਾਰਲੀਮੈਂਟ ਹਾਲ ਵਿੱਚ ਹੀ ਸਦਾ ਲਈ ਜੁਦਾ ਹੋ ਗਿਆ। ਸੰਸਕਾਰ ਕਰਨ ਲਈ ਲਾਸ਼ ਅਲੂਣੇ ਪਿੰਡ ਤੋਂ ਬਾਹਰਲੇ ਸੱਕੀ ਦੇ ਕਿਨਾਰੇ ਉਨ੍ਹਾਂ ਹੀ ਖੋਲਿਆਂ ਵਿੱਚ ਲਿਆਂਦੀ ਗਈ। ਹੁਣ ਤਾਂ ਇਨ੍ਹਾਂ ਕੱਚੇ ਖੋਲਿਆਂ ਦੀਆਂ ਛੱਤਾਂ ਵੀ ਡਿੱਗ ਚੁੱਕੀਆਂ ਸਨ। ਉਥੇ ਹੀ ਸੰਸਕਾਰ ਕਰ ਦਿੱਤਾ, ਜਿਥੇ ਪੈਦਾ

ਹੋਇਆ ਸੀ। ਜਿਸ ਗ਼ਰੀਬੀ ਵਿੱਚ ਪੈਦਾ ਹੋਇਆ ਘਰ ਵਿੱਚ ਉਹੀ ਗ਼ਰੀਬੀ ਛੱਡ ਗਿਆ। ਇਸ ਦੁਨੀਆਂ ਵਿੱਚ ਮੰਨਿਆਂ ਪ੍ਰਮੰਨਿਆਂ ਲੀਡਰ ਤੇ ਅਸੰਬਲੀ ਤੇ ਪਾਰਲੀਮੈਂਟ ਦਾ ਮੈਂਬਰ ਹੁੰਦਿਆਂ ਹੋਇਆਂ ਵੀ ਉਸ ਨੇ ਆਪਣੇ ਘਰ ਨੂੰ ਉਚੇਚਾ ਬਣਾਉਣ ਲਈ ਕੁਝ ਨਾ ਕੀਤਾ। ਲੋਕਾਂ ਲਈ ਜੂਝਦਾ ਰਿਹਾ ਇਹ ਪਿੰਡ ਅਲੂਣੇ ਜ਼ਿਲ੍ਹਾ ਗੁਰਦਾਸਪੁਰ ਦਾ ਜੰਮਪਲ।

ਜ਼ਿਲ੍ਹਾ ਗੁਰਦਾਸਪੁਰ ਦਾ ਮੁਜ਼ਾਰਾ ਘੋਲ

ਜ਼ਿਲ੍ਹਾ ਗੁਰਦਾਸਪੁਰ ਨੇ ਅਜ਼ਾਦੀ ਦੇ ਘੋਲ ਵਿੱਚ ਨੁਮਾਇਆ ਹਿੱਸਾ ਪਾਇਆ ਹੈ। 1914-15 ਵਿੱਚ 'ਗ਼ਦਰ ਕਾਂਸਪ੍ਰੇਸੀ ਕੇਸ' 'ਚ ਗੁਰਦਾਸਪੁਰ ਦੇ ਬਾਬਾ ਸ਼ੇਰ ਸਿੰਘ ਨੂੰ ਉਮਰ ਕੈਦ ਹੋਈ ਤੇ ਬਾਕੀ ਦਿਆਂ ਨੂੰ 7-7 ਸਾਲ ਲਈ ਜੇਲ੍ਹ ਭੇਜ ਦਿੱਤਾ ਗਿਆ। ਇਨ੍ਹਾਂ ਵਿੱਚੋਂ ਬਹੁਤੇ ਗ਼ਦਰੀ ਚੀਨ ਵਿੱਚੋਂ ਆਏ ਸਨ। ਚੀਨ ਵਿੱਚਲੇ ਗ਼ਦਰ ਪਾਰਟੀ ਕੇਂਦਰ ਨੇ ਹਿੰਦ ਦੀ ਅਜ਼ਾਦੀ ਤੇ ਚੀਨ ਦੀ ਅਜ਼ਾਦੀ ਦੇ ਘੋਲ ਦੀ ਸਰਗਰਮ ਮਦਦ ਕੀਤੀ ਸੀ, ਜਿਸ ਦੇ ਕਾਰਨ ਬਾਬਾ ਈਸ਼ਰ ਸਿੰਘ ਸੰਧਵਾਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਚੀਨ 'ਚੋਂ ਗ੍ਰਿਫ਼ਤਾਰ ਕਰਕੇ ਤੇ ਦੇਸ ਨਿਕਾਲਾ ਦੇ ਕੇ ਆਪਣੇ ਆਪਣੇ ਪਿੰਡੀਂ ਨਜ਼ਰਬੰਦ ਕਰ ਦਿੱਤਾ ਸੀ। ਬਾਬਾ ਈਸ਼ਰ ਸਿੰਘ ਗੁਰਦਾਸਪੁਰ ਵਿੱਚ ਕਿਰਤੀ ਪਾਰਟੀ ਬਣਾਉਣ ਵਾਲੇ ਮੋਹਰੀ ਆਗੂਆਂ ਵਿੱਚੋਂ ਸਨ। ਚੰਨਣ ਸਿੰਘ ਵੱਡਾ ਤੇ ਚੰਨਣ ਸਿੰਘ ਛੋਟਾ (ਤੁਗਲਵਾਲਾ), ਹਰਨਾਮ ਸਿੰਘ ਨਾਨੋਨੰਗਲ, ਬਿਸ਼ਨ ਸਿੰਘ ਆਦਿ ਉਨ੍ਹਾਂ ਦੀ ਪ੍ਰੇਰਣਾ ਨਾਲ ਹੀ ਰਾਜਸੀ ਲਹਿਰ ਵਿੱਚ ਆਏ ਸਨ। ਇਸ ਜ਼ਿਲ੍ਹੇ ਦੀ ਧਾਲੀਵਾਲ ਵੂਲਨ ਮਿੱਲ ਤੇ ਬਟਾਲੇ ਦੇ ਕਾਰਖਾਨੇ ਸਨਅਤੀ ਮਰਕਜ਼ ਸਨ, ਜਿਨ੍ਹਾਂ ਵਿੱਚ ਕਿਰਤੀਆਂ ਨੇ ਟਰੇਡ ਯੂਨੀਅਨਾਂ ਖੜ੍ਹੀਆਂ ਕੀਤੀਆਂ, ਹੜਤਾਲਾਂ ਹੋਈਆਂ ਤੇ ਮਜ਼ਦੂਰ ਘੋਲ ਲੜੇ ਸਨ।

ਇਸ ਜ਼ਿਲ੍ਹੇ ਦੀ ਪਠਾਨਕੋਟ ਤਹਿਸੀਲ ਦੀ ਇਕ ਵੱਖਰੀ ਹੀ ਸਥਿਤੀ ਸੀ। ਜਿਥੇ ਬਾਕੀ ਸਾਰੇ ਜ਼ਿਲ੍ਹਿਆਂ ਵਿੱਚ ਮਾਲਕ ਕਿਸਾਨ ਵੱਸਦੇ ਸਨ, ਉਥੇ ਪਠਾਨਕੋਟ ਦੀ ਤਹਿਸੀਲ ਵਿੱਚ ਮਾਲਕ ਕਥਲੌਰੀਏ ਜਗੀਰਦਾਰ 35-35, 40-40 ਪਿੰਡਾਂ ਦੇ ਮਾਲਕ ਸਨ ਤੇ ਖੇਤੀ ਕਰਨ ਵਾਲੇ ਗ਼ਰੀਬ ਮੁਜ਼ਾਰੇ ਸਨ। ਜਗੀਰਦਾਰ ਪਠਾਨਕੋਟ ਦੇ ਮੁਜ਼ਾਰਿਆਂ ਦੀ ਅੰਨ੍ਹੀ ਲੁੱਟ ਕਰਦੇ ਸਨ। ਫਸਲ ਪੱਕਣ 'ਤੇ ਬੋਹਲਾਂ ਉੱਤੇ ਜਗੀਰਦਾਰਾਂ ਦੇ ਅਹਿਲਕਾਰਾਂ ਕਬਜ਼ਾ ਕਰ ਲੈਂਦੇ ਸਨ। ਮੁਜ਼ਾਰਾ ਉਸ ਵਿੱਚੋਂ ਇਕ ਵੀ ਦਾਣਾ ਹਿਲਾ ਨਹੀਂ ਸੀ ਸਕਦਾ। ਫਸਲ ਦੀ ਬਟਾਈ ਵੇਲੇ ਖੁਦ ਜਗੀਰਦਾਰਾਂ ਦੇ ਪੁੱਤ-ਪੋਤੇ ਘੋੜਿਆਂ 'ਤੇ ਚੜ੍ਹ ਕੇ ਆਉਂਦੇ ਤੇ ਪਿੰਡ ਦੇ ਬੋਹਲ ਵਿੱਚੋਂ ਹੀ ਦਿੰਦੇ ਤੇ ਸਾਰੇ ਖਰਚ ਵੀ ਮੁਜ਼ਾਰੇ ਦੇ ਸਿਰ ਹੀ ਪਾ ਕੇ ਦਾਣਿਆਂ ਦੇ ਰੂਪ ਵਿੱਚ ਵਸੂਲ ਕਰਦੇ ਸਨ। ਇਸ ਬਟਾਈ ਤੋਂ ਬਾਅਦ ਮੁਜ਼ਾਰੇ ਕੋਲ ਆਪਣੇ ਪਰਿਵਾਰ ਨੂੰ ਪਾਲਣ ਲਈ ਅਨਾਜ ਬਹੁਤ ਹੀ ਘੱਟ ਰਹਿ ਜਾਂਦਾ ਸੀ। ਮੁਜ਼ਾਰਾ ਆਪਣੇ ਬਾਕੀ ਦੇ ਖਰਚ ਪੂਰੇ ਕਰਨ ਲਈ ਆਪਣੇ ਬੱਚਿਆਂ ਦੇ ਮੂੰਹ 'ਚੋਂ ਖੋਹ ਦੁੱਧ-ਅੰਡੇ ਤਕ ਵੀ ਵੇਚ ਕੇ ਗੁਜ਼ਾਰਾ ਕਰਦਾ ਸੀ। ਮੁਜ਼ਾਰਿਆਂ ਦੀ ਆਰਥਕ ਹਾਲਤ ਏਨੀ ਮੰਦੀ

ਸੀ ਕਿ ਲੋਕ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਤੇ ਮਲੇਰੀਏ ਨਾਲ ਸੈਂਕੜੇ ਜਾਨਾਂ ਚਲੀਆਂ ਜਾਂਦੀਆਂ ਸਨ। ਖੁਰਾਕ ਦੀ ਘਾਟ ਕਰਕੇ ਸੁੱਕੀ ਰੋਟੀ ਜਾਂ ਮੋਟੇ ਚਾਵਲ ਦਾਲ ਕਰਕੇ ਗਿੱਲੜ੍ਹ ਦੀ ਬੀਮਾਰੀ ਲਗ ਜਾਂਦੀ ਸੀ। ਆਮ ਕਰਕੇ ਚਟਨੀਆਂ ਕੁੱਟ ਕੇ ਸਬਜ਼ੀਆਂ ਦਾ ਕੰਮ ਲਿਆ ਜਾਂਦਾ ਸੀ। ਰੋਟੀ ਨਾਲ ਲੱਸੀ ਮਿਲ ਜਾਣੀ ਤਾਂ ਬੜੀ ਨਿਆਮਤ ਸਮਝੀ ਜਾਂਦੀ ਸੀ। ਕੱਪੜਿਆਂ ਦੀ ਸਫਾਈ ਦਾ ਕੰਮ ਜ਼ਮੀਨ ਦਾ ਕੱਲਰ ਪਾਣੀ ਵਿੱਚ ਉਬਾਲ ਕੇ ਜਾਂ ਕਚਾਲੂਆਂ ਦੇ ਪੱਤਿਆਂ ਦੀ ਰਾਖ ਤੋਂ ਲਿਆ ਜਾਂਦਾ ਸੀ। ਅਜਵੈਨ, ਸੌਂਫ ਵੱਡੀ ਦਵਾਈ ਸੀ ਅਤੇ ਅਣਜਾਣ ਹਕੀਮ ਹੁੰਦੇ ਸੀ। 5-6 ਮੀਲ ਤੋਂ ਘੱਟ ਨੇੜੇ ਕੋਈ ਸਕੂਲ ਨਹੀਂ ਸੀ ਮਿਲਦਾ। ਪੁਲਸ ਅਤੇ ਮਾਲ ਮਹਿਕਮਾ ਕਥਲੌਰੀ ਜਗੀਰਦਾਰਾਂ ਦੇ ਇਸ਼ਾਰਿਆਂ ਉੱਤੇ ਨੱਚਦਾ ਸੀ।

ਨੀਲੀ ਬਾਰ ਦੀ 'ਵੱਟ 'ਤੇ ਅੱਧੋ-ਵੱਟ' ਮੁਜ਼ਾਰਾ ਲਹਿਰ ਇਥੇ ਵੀ ਪਹੁੰਚ ਗਈ ਸੀ। ਅਨੂਪ ਸ਼ਹਿਰ (ਨੰਗਲ) ਵਿੱਚ ਬਾਬਾ ਖੜਕ ਸਿੰਘ ਬਜ਼ੁਰਗ ਮੁਜ਼ਾਰੇ ਦਾ ਘਰ ਪਠਾਨਕੋਟ ਦੇ ਕਿਰਤੀ ਵਰਕਰਾਂ ਲਈ ਹਰ ਵੇਲੇ ਖੁੱਲ੍ਹਾ ਰਹਿੰਦਾ ਸੀ। ਬੰਗਿਆਂ ਤੋਂ ਬਾਗੀ ਹੋਇਆ ਵਿਦਿਆਰਥੀ ਵਿਸ਼ਨੂੰ ਦੱਤ ਵੀ ਇਥੇ ਹੀ ਆ ਗਿਆ ਸੀ। ਕਾ: ਚੰਨਣ ਸਿੰਘ ਤੁਗਲਵਾਲਾ, ਗਿਆਨੀ ਹਰੀ ਸਿੰਘ, ਸ਼ਿਵ ਕੁਮਾਰ ਸਾਰਦਾ, ਬੀਬੀ ਸ਼ੁਕੰਤਲਾ ਮੁਜ਼ਾਰਿਆਂ ਦੀ ਅਗਵਾਈ ਕਰ ਰਹੇ ਸਨ। 'ਵੱਟ ਉਤੇ ਅੱਧੋ-ਅੱਧ' ਦੀ ਲਹਿਰ ਸ਼ੁਰੂ ਹੋ ਗਈ। ਕਥਲੌਰੀ ਜਗੀਰਦਾਰਾਂ ਦੀ ਮੁਖ਼ਾਲਫ਼ਤ ਦੇ ਬਾਵਜੂਦ ਇਹ ਲਹਿਰ ਮਜ਼ਬੂਤ ਹੁੰਦੀ ਗਈ ਸੀ। ਮੁਜ਼ਾਰੇ ਇਨ੍ਹਾਂ ਆਗੂਆਂ ਦੀ ਰਹਿਨੁਮਾਈ ਹੇਠ ਆਪਣੀ ਜਿਣਸ ਦਾ ਅੱਧ ਜ਼ੋਰ ਨਾਲ ਚੁੱਕ ਘਰੀਂ ਲੈ ਆਉਂਦੇ ਸਨ, ਜਿਸ ਕਰਕੇ ਸਜ਼ਾਵਾਂ ਵੀ ਹੋਈਆਂ ਸਨ। ਮੁਜ਼ਾਰੇ ਝੁਕੇ ਨਹੀਂ ਸਨ ਸਗੋਂ ਇਨ੍ਹਾਂ ਵਿੱਚੋਂ ਆਗੂ ਪੈਦਾ ਹੋ ਗਏ ਸਨ ਜਿਨ੍ਹਾਂ ਦੀ ਕਮਾਨ ਜਥੇਦਾਰ ਖੜਕ ਸਿੰਘ ਕਰਦਾ ਸੀ। ਤੰਗੀ ਤੇ ਗਰੀਬੀ ਦੇ ਬਾਵਜੂਦ ਖੜਕ ਸਿੰਘ ਦਾ ਪਰਿਵਾਰ ਸਭ ਦੀ ਟਹਿਲ ਸੇਵਾ ਕਰਦਾ ਸੀ। ਇਸ ਘੋਲ ਦੌਰਾਨ ਮੁਜ਼ਾਰੇ ਜ਼ਮੀਨਾਂ ਤੋਂ ਬੇਦਖਲ ਕਰ ਦਿੱਤੇ ਗਏ ਸਨ। ਜਥੇਦਾਰ ਖੜਕ ਸਿੰਘ ਤੇ ਹੋਰ ਮੁਜ਼ਾਰਾ ਆਗੂਆਂ ਨੂੰ ਅੱਧੋ ਅੱਧ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ ਕਿ ਜਦੋਂ ਤਕ ਸਾਰੇ ਮੁਜ਼ਾਰਿਆਂ ਵੱਟ 'ਤੇ ਅੱਧੋ ਅੱਧ ਹੱਕ ਨਹੀਂ ਮਿਲਦਾ, ਸੁਲਾਹ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਦੂਜੀ ਸੰਸਾਰ ਜੰਗ ਸ਼ੁਰੂ ਹੋ ਜਾਣ ਨਾਲ ਜ਼ੁਲਮ ਦਾ ਕੁਹਾੜਾ ਤੇਜ਼ ਹੋ ਗਿਆ ਅਤੇ ਮੁਜ਼ਾਰੇ ਬੇਦਖਲ ਕਰਕੇ ਸੜਕਾਂ 'ਤੇ ਮਜ਼ਦੂਰੀ ਕਰਨ ਲਈ ਮਜਬੂਰ ਕਰ ਦਿੱਤੇ ਗਏ ਸਨ। ਇਸ ਲਹਿਰ ਦਾ ਇਕ ਨਵਾਂ ਕੇਂਦਰ ਵੀ ਖੁੱਲ੍ਹ ਗਿਆ ਸੀ, ਜਿਸ ਨੂੰ ਸ਼ਿਵ ਕੁਮਾਰ ਸਾਰਦਾ ਦਾ ਪਨਿਆੜ ਆਸ਼ਰਮ ਕਹਿ ਕੇ ਜਾਣਿਆਂ ਜਾਂਦਾ ਸੀ। ਲਾਹੌਰੀ ਰਾਮ ਪ੍ਰਦੇਸੀ ਤੇ ਇੰਦਰ ਸਿੰਘ ਮੁਰਾਰੀ ਕਾਂਗੜੇ ਜਾਣ ਤੋਂ ਪਹਿਲਾਂ ਇਸ ਇਲਾਕੇ ਵਿੱਚ ਕਿਸਾਨ ਤੇ ਮੁਜ਼ਾਰਾ ਲਹਿਰ ਨੂੰ ਮਜਬੂਤ ਕਰਨ ਲਈ ਪਿੰਡ ਪਿੰਡ ਜਾ ਕੇ, ਜਲਸੇ ਕਰਦੇ ਰਹੇ ਸਨ। ਪਨਿਆੜ ਆਸ਼ਰਮ ਦੀ ਮਾਈ ਤਾਬੋ ਘਰਾਂ ਤੋਂ ਹੁੰਦੀਆਂ ਇੱਕਠੀਆਂ ਕਰਦੀ ਤੇ ਵੰਨ-ਸੁਵੰਨੀਆਂ ਦਾਲਾਂ ਦਾ ਮਿਲਗੋਭਾ ਕਰਕੇ ਆਏ ਕਾਮਰੇਡਾਂ ਨੂੰ ਖਵਾਉਂਦੀ ਸੀ। ਜ਼ਿਲ੍ਹਾ ਗੁਰਦਾਸਪੁਰ

'ਚ ਕਿਰਤੀ ਜ਼ਿਲ੍ਹਾ ਪਾਰਟੀ ਦਾ ਹੈੱਡਕੁਆਟਰ ਵੀ ਹੁਣ ਪਨਿਆੜ ਆਸ਼ਰਮ ਬਣ ਗਿਆ ਸੀ। ਇਥੋਂ ਹੀ ਕਾਂਗੜੇ ਤੱਕ ਇਨਕਲਾਬੀ ਕਾਰਵਾਈਆਂ 'ਤੇ ਕੰਟਰੋਲ ਕੀਤਾ ਜਾਂਦਾ ਸੀ।

ਮਾਸਕੋ ਤੋਂ ਪਰਤਣ 'ਤੇ ਰਾਮ ਸਿੰਘ ਦੱਤ ਨੂੰ ਗ੍ਰਿਫਤਾਰ ਕਰਕੇ ਵੀਰਮਦੱਤਾਂ ਪਿੰਡ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਪੂਰਾ ਇਕ ਸਾਲ ਮਜ਼ਦੂਰ ਕਿਸਾਨ ਤੇ ਮੁਜ਼ਾਰਾ ਲਹਿਰ ਸਮੇਤ ਕਾਂਗਰਸ-ਸੋਸ਼ਲਿਸਟ ਅਤੇ ਕਿਰਤੀ ਪਾਰਟੀ ਦੇ ਕਾਂਗਰਸ ਅੰਦਰਲੇ ਕੰਮ ਦੀ ਅਗਵਾਈ ਵੀਰਮਦੱਤਾਂ ਪਿੰਡ ਤੋਂ ਹੀ ਹੁੰਦੀ ਰਹੀ ਸੀ।

ਰਾਮ ਸਿੰਘ ਦੱਤ ਨਜ਼ਰਬੰਦੀ ਦੇ ਦੌਰਾਨ ਹੀ ਵੀਰਮਦੱਤਾਂ ਪਿੰਡ ਵਿੱਤ ਬੜੀ ਭਾਰੀ ਮਜ਼ਦੂਰ ਕਿਸਾਨ ਮੁਜ਼ਾਰਾ ਕਾਨਫਰੰਸ ਹੋਈ ਸੀ ਅਤੇ ਕਾਨਫਰੰਸ ਵਿੱਚ ਸ਼ਾਮਲ ਹੋਣ ਵਾਲੇ ਲੋਕ ਰਾਮ ਸਿੰਘ ਦੱਤ ਦੇ ਘਰ ਜਾ ਕੇ ਪਹਿਲਾਂ ਦਰਸ਼ਨ ਕਰਦੇ ਅਤੇ ਫੇਰ ਕਾਨਫਰੰਸ ਵਿੱਚ ਸ਼ਾਮਲ ਹੁੰਦੇ ਸਨ, ਕਿਉਂਕਿ ਉਸਨੂੰ ਕਾਨਫਰੰਸ ਵਿੱਚ ਸ਼ਾਮਲ ਹੋਣ ਜਾਂ ਬੋਲਣ ਦੀ ਇਜ਼ਾਜਤ ਨਹੀਂ ਸੀ।

ਉੱਤਰੀ ਪੰਜਾਬ ਦੇ ਇਨ੍ਹਾਂ ਹਿੰਦੂ ਜਗੀਰਦਾਰ ਮਾਲਕਾਂ ਤੇ ਹਿੰਦੂ ਮੁਜ਼ਾਰਿਆਂ ਦੇ ਖਿੱਤੇ ਨੂੰ ਜ਼ਿਲ੍ਹਿਆਂ ਦੀ ਹੱਦਬੰਦੀ ਵਿੱਚ ਨਹੀਂ ਵੰਡਿਆ ਜਾ ਸਕਦਾ ਸੀ। ਸਮੁੱਚਾ ਕਾਂਗੜਾ ਇਸ ਵਿੱਚ ਸ਼ਾਮਲ ਸੀ। ਦਸੂਹਾ-ਮੁਕੇਰੀਆਂ ਦੇ ਬਿਆਸ ਤੋਂ ਪਾਰ ਦੇ ਬਾਤੀ-ਮੁਜ਼ਾਰੇ, ਪਹਾੜੀ ਧੌਲੀਧਾਰ ਦੇ ਮੁਜ਼ਾਰੇ, ਨੰਗਲ ਤੋਂ ਉਪਰ ਰਾਏ ਭੁਲੇਰ ਦੇ ਮੁਜ਼ਾਰੇ ਤੇ ਬੀਤ ਬੀਨੇਵਾਲ ਦੇ ਗ਼ਰੀਬ-ਕਿਸਾਨ ਮੁਜ਼ਾਰੇ ਭਾਵੇਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੀ ਸਨ, ਪਰ ਇਹ ਹਿੰਦੂ ਮਾਲਕ ਰਜਵਾੜਿਆਂ ਤੇ ਅੱਤ ਦੇ ਗਰੀਬ ਬੇਮਾਲਕ ਹਿੰਦੂ ਮੁਜ਼ਾਰਿਆਂ ਦਾ ਇਲਾਕਾ ਸੀ। ਇਸ ਲਈ ਕਿਰਤੀ ਪਾਰਟੀ ਨੇ ਇਨ੍ਹਾਂ ਸਭ ਦੀਆਂ ਸਾਂਝੀਆਂ ਮੰਗਾਂ 'ਤੇ ਮੁਜ਼ਾਰਾ ਲਹਿਰ ਚਲਾਈ ਸੀ। ਹਜ਼ਾਰਾ ਸਿੰਘ ਸ਼ਹੀਦ ਟਾਟਾ ਨਗਰ ਵੀ ਰਾਏ ਭੁਲੇਰ ਦੇ ਮੁਜ਼ਾਰੇ ਦਾ ਹੀ ਸਪੂਤ ਸੀ। ਬਾਬਾ ਗੁਰਦਿੱਤ ਸਿੰਘ ਗੜ੍ਹਸ਼ੰਕਰ ਤੇ ਹਨੂੰਮਾਨ ਨੇ ਪਾਰਟੀ ਦੇ ਫੈਸਲੇ ਅਨੁਸਾਰ ਜਦ ਭੁਲੇਰ ਵਿੱਚ ਜਾ ਕੇ ਕਾਂਗਰਸ ਦਾ ਝੰਡਾ ਗੱਡਕੇ ਲੈਕਚਰ ਸ਼ੁਰੂ ਕੀਤਾ ਸੀ ਤਾਂ ਰਾਏ ਭੁਲੇਰ ਨੇ ਕਾਂਗਰਸ ਦਾ ਝੰਡਾ ਪਾੜ ਕੇ ਲੀਰੋ ਲੀਰ ਕਰ ਦਿੱਤਾ। ਉਸ ਦੇ ਅਹਿਲਕਾਰਾਂ ਨੇ ਇਨ੍ਹਾਂ ਦੋਹਾਂ ਨੂੰ ਮਾਰ ਮਾਰ ਕੇ ਅੱਧੋਮੋਏ ਕਰ ਦਿੱਤਾ ਸੀ। ਇਨ੍ਹਾਂ ਦੋਹਾਂ ਨੇ ਗੜ੍ਹਸ਼ੰਕਰ ਆ ਕੇ ਆਪਣੇ ਸਿਆਸੀ ਬੱਚੇ ਕਰਤਾਰੇ ਨੂੰ ਇਸ ਦਾ ਬਦਲਾ ਜ਼ਰੂਰ ਲੈਣ ਲਈ ਕਿਹਾ ਸੀ। ਮੁਲਕ ਅਜ਼ਾਦ ਹੋਣ ਤੋਂ ਬਾਅਦ ਉਸੇ ਹੀ ਰਾਏ ਭੁਲੇਰ ਨੇ ਆਪਣੇ ਮਕਾਨ 'ਤੇ ਕਾਂਗਰਸ ਦਾ ਝੰਡਾ ਗੱਡ ਲਿਆ ਸੀ ਤੇ ਖ਼ੱਦਰ ਪਾਕੇ ਕਾਂਗਰਸ ਵੱਲੋਂ ਅਸੰਬਲੀ ਦਾ ਮੈਂਬਰ ਬਣ ਗਿਆ ਸੀ। ਪਰ ਉਸ ਦੇ ਮੁਜ਼ਾਰੇ ਉਸੇ ਤਰ੍ਹਾਂ ਪਿਸਦੇ ਰਹੇ ਸਨ। ਜਦੋਂ ਨਕਸਲਵਾੜੀ ਲਹਿਰ ਚਲੀ ਤਾਂ ਕਰਤਾਰੇ ਨੇ ਆਪਣਾ ਵਚਨ ਪੂਰਾ ਕਰ ਦਿੱਤਾ ਸੀ। ਰਾਏ ਭੁਲੇਰ ਨੂੰ ਬੱਸ ਚੋਂ ਉੱਤਰਦਿਆਂ ਗੋਲੀ ਮਾਰ ਕੇ ਖਤਮ ਕਰ ਦਿੱਤਾ ਸੀ।

ਕਾਂਗੜੇ ਦੀ ਵੈਲੀ ਵਿੱਚ ਰਿਟਾਇਰ ਸੂਬੇਦਾਰ ਬੰਸੀ ਲਾਲ ਦੀ ਪਹਾੜੀ ਮੁਜ਼ਾਰਿਆਂ

ਦੀ ਵਲੰਟੀਅਰ ਫੌਜ ਨੇ ਪੰਜ-ਪੰਜ ਸੌ ਦੀ ਗਿਣਤੀ ਵਿੱਚ ਮਾਰਚ ਪਾਸਟ ਕੀਤੇ ਸਨ। ਸ਼ੁਰੂ ਸ਼ੁਰੂ ਵਿੱਚ ਠਾਕਰ ਦਲੀਪ ਸਿੰਘ, ਵਰਿਆਮ ਸਿੰਘ ਤੇ ਪਰਸ ਰਾਮ ਨੇ ਘੋਰਕੁੜੀ ਕਾਂਗੜੇ ਦੇ ਦਫਤਰ ਤੋਂ ਪਹਾੜੀ ਕਿਸਾਨਾਂ ਤੇ ਮੁਜ਼ਾਰਿਆਂ ਦੀ ਵਿਸ਼ਾਲ ਲਹਿਰ ਚਲਾਈ ਸੀ। ਨਿਰਸੰਦੇਹ ਕਿਰਤੀ ਪ੍ਰੋਵਿਨਸ਼ੀਅਲ ਕਮੇਟੀ ਵੱਲੋਂ ਭੇਜੇ ਲਾਹੌਰ ਰਾਮ ਪ੍ਰਦੇਸੀ ਨੇ ਪਨਿਆੜ ਆਸ਼ਰਮ ਤੋਂ ਕਾਂਗੜੇ ਦੇ ਪਿੰਡਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਧੌਲੀਧਾਰ ਦੇ ਪਹਾੜੀ ਰਾਜਿਆਂ ਦਾ ਇਲਾਕਾ ਸੀ। ਗਰੀਬ ਕਿਸਾਨ ਅਤੇ ਮੁਜ਼ਾਰੇ ਪਹਾੜਾਂ ਦੀਆਂ ਢਲਾਨਾਂ 'ਤੇ ਛੋਟੀਆਂ ਛੋਟੀਆਂ ਕਿਆਰੀਆਂ ਬਣਾਕੇ ਧਾਨ ਦੀ ਖੇਤੀ ਕਦੇ ਸਨ। ਪਹਾੜਾਂ ਦੀਆਂ ਚੋਟੀਆਂ 'ਤੇ ਰਜਵਾੜਿਆਂ ਦੇ ਬੰਗਲੇ ਅਤੇ ਹੇਠਾਂ ਕਿਸਾਨਾਂ ਮੁਜ਼ਾਰਿਆਂ ਦੀਆਂ ਖਪਰੇਲਾਂ ਦੀਆਂ ਝੁੱਗੀਆਂ ਸਨ। ਇਨ੍ਹਾਂ ਨੂੰ ਸਖਤ ਮਿਹਨਤ ਦੇ ਬਾਵਜੂਦ ਵੀ ਮੋਟੇ ਚੌਲ ਤੇ ਅੰਬੀਆਂ ਦੀ ਚਟਨੀ ਹੀ ਨਸੀਬ ਹੁੰਦੀ ਸੀ। ਇਸ ਗਰੀਬੀ ਸਦਕਾ ਉਨ੍ਹਾਂ ਨੂੰ ਪੰਜਾਬ ਦੇ ਮੈਦਾਨੀ ਇਲਾਕੇ ਵਿੱਚ ਆ ਕੇ ਮਜ਼ਦੂਰੀ ਕਰਨੀ ਪੈਂਦੀ ਸੀ।

ਦੇਵੀ ਦੇ ਮੰਦਰ ਦੀਆਂ ਭੇਟਾਂ ਤੇ ਖੜਕਾਲਾਂ ਨੇ ਲਾਹੌਰੀ ਰਾਮ ਨੂੰ ਬੜਾ ਪ੍ਰਭਾਵਤ ਕੀਤਾ ਸੀ। ਉਹ ਕਵੀ ਸੀ। ਉਸ ਨੇ ਇਨ੍ਹਾਂ ਭੇਟਾਂ ਦੀ ਤਰਜ਼ 'ਤੇ ਕਿਸਾਨਾਂ ਮੁਜ਼ਾਰਿਆਂ ਦੇ ਦੁਖੜੇ ਲਿਖੇ ਤੇ ਪਿੰਡ ਪਿੰਡ ਭੇਟਾਂ ਗਾ ਕੇ ਤੇ ਖੜਕਾਲਾਂ ਵਜਾਕੇ ਮੁਜ਼ਾਰਿਆਂ ਕਿਸਾਨਾਂ ਨੂੰ ਜਾਗਰਤ ਕੀਤਾ ਅਤੇ ਉਨ੍ਹਾਂ ਦੀਆਂ ਕਮੇਟੀਆਂ ਬਣਾਈਆਂ ਸਨ। ਘੋਰਕੁੜੀ ਨਦੀ ਦੇ ਕਿਨਾਰੇ 'ਤੇ ਕਿਸਾਨ ਦਫਤਰ ਵੀ ਬਣਾਇਆ ਗਿਆ ਸੀ। ਦਰਜਨਾਂ ਹੀ ਕਿਸਾਨ ਵਰਕਰ ਸਰਗਰਮ ਹੋ ਗਏ ਸਨ ਅਤੇ ਕਾਂਗੜੇ ਤੋਂ ਹਮੀਰਪੁਰ ਤੱਕ ਅਤੇ ਉਸ ਤੋਂ ਵੀ ਅਗਲੀਆਂ ਤਹਿਸੀਲਾਂ ਤਕ ਕਿਸਾਨ ਜਥੇਬੰਦ ਹੋ ਗਏ ਸਨ। ਕਾਂਗੜੇ ਦੀ ਇਕ ਤਕੜੀ ਜਥੇਬੰਦੀ ਕਾਇਮ ਹੋ ਗਈ ਸੀ ਅਤੇ ਕਿਰਤੀ ਪਾਰਟੀ ਦੀ ਸਾਖ਼ ਵੀ ਬਣ ਗਈ ਸੀ। ਸਰਗਰਮ ਹੋਏ ਕਾਰਕੁੰਨਾਂ ਨੂੰ ਸਟੱਡੀ ਸਰਕਲ ਦੇਣ ਲਈ ਕਿਰਤੀ ਪਾਰਟੀ ਨੇ ਮੁਹਿੰਦਰ ਸਿੰਘ ਕਾਲਾ ਨੂੰ ਕਾਂਗੜਾ ਭੇਜ ਦਿੱਤਾ ਸੀ। ਲਾਹੌਰੀ ਰਾਮ ਪ੍ਰਦੇਸੀ ਦੀ ਇਸ ਵਿੱਚ ਅਥਾਹ ਦੇਣ ਹੈ।

ਇਸ ਤੋਂ ਬਿਨ੍ਹਾਂ ਉੜਮੁੜ ਟਾਂਡਾ ਦੇ ਮੁਜ਼ਾਰੇ ਤੇ ਪਠਾਣ ਜਗੀਰਦਾਰਾਂ ਦਰਮਿਆਨ ਘੋਲ਼ ਤਾਂ 1947 ਤਕ ਮੁਲਕ ਦੀ ਵੰਡ ਦੇ ਦੌਰਾਨ ਵੀ ਚੱਲਦਾ ਰਿਹਾ ਸੀ। ਉਸ ਦੇ ਆਗੂ ਬਲਦੇਵ ਮਿੱਤਰ ਬਿਜਲੀ ਤੇ ਮੁਬਾਰਕ ਸਾਗਰ ਵੰਡ ਵੇਲੇ ਜਲੰਧਰ ਜੇਲ੍ਹ ਵਿੱਚ ਬੰਦ ਸਨ। ਲੱਗਦਾ ਹੈ ਕਿ 'ਪਿਉਪਲ ਵਾਰ' ਦੇ ਨਾਹਰੇ ਹੇਠ ਜੇ ਇਹ ਮਜ਼ਦੂਰ ਕਿਸਾਨ ਮੁਜ਼ਾਰਾ ਲਹਿਰ ਨੀਲੀ ਬਾਰ ਤੋਂ ਚੁਟਾਲੇ ਤੱਕ ਜਾਰੀ ਰਹਿੰਦੀ ਤਾਂ ਹਿੰਦੂ, ਮੁਸਲਮਾਨ ਅਵਾਮ ਵਿੱਚ ਨਫ਼ਾਕ ਨਹੀਂ ਸੀ ਪੈਣਾ। ਸਗੋਂ ਇਨ੍ਹਾਂ ਨੇ ਇੱਕਠੇ ਹੋ ਕੇ ਲੁਟੇਰੀਆਂ ਜਮਾਤਾਂ ਦੇ ਖਿਲਾਫ਼ ਲੜਦਿਆਂ ਹੋਇਆਂ ਮੁਲਕ ਨੂੰ ਬਿਨ-ਵੰਡੇ ਅਜ਼ਾਦ ਕਰਵਾ ਲੈਣਾ ਸੀ। ਵਧੇਰੇ ਅੰਨ ਉਗਾਓ, ਕਾਰਖਾਨਿਆਂ ਵਿੱਚ ਜ਼ਿਆਦਾ ਉਤਪਾਦਨ ਅਤੇ ਸਮੁੱਚੇ ਮੁਲਕ ਵਿੱਚ 'ਪਿਊਪਲ ਵਾਰ' ਦੇ ਨਾਹਰੇ ਨੇ ਮਜ਼ਦੂਰ-ਕਿਸਾਨ ਮੁਜ਼ਾਰਾ ਲਹਿਰ ਅਤੇ

ਬਰਤਾਨਵੀ ਸਾਮਰਾਜ ਦੇ ਵਿਰੁੱਧ ਚਲ ਰਹੇ ਤਿੱਖੇ ਘੋਲ ਨੂੰ ਠੰਢਾ ਪਾ ਦਿੱਤਾ ਅਤੇ ਸਿਆਸੀ ਤੌਰ 'ਤੇ ਅਸੀਂ ਲੋਕਾਂ ਨਾਲੋਂ ਟੁੱਟ ਗਏ। ਇਕ ਤਕੜੀ ਇਨਕਲਾਬੀ ਲਹਿਰ ਹੀ ਦੁਨੀਆਂ ਦੀ ਐਂਟੀ-ਫਾਸ਼ਿਸ਼ਟ ਲਹਿਰ ਦੀ ਸਹਾਇਕ ਬਣ ਸਕਦੀ ਸੀ। ਸਾਨੂੰ ਇਸ ਦੌਰ ਦੀ ਸਮਝ ਹੀ ਨਹੀਂ ਆ ਸਕੀ ਕਿ ਕੀ ਕਰਨਾ ਚਾਹੀਦਾ ਸੀ?

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਪੰਜਾਬ ਵਿੱਚ ਮਾਲਕ ਕਿਸਾਨਾਂ ਨੂੰ ਜਥੇਬੰਦ ਕਰਨ 'ਤੇ ਹੀ ਜ਼ੋਰ ਦਿੱਤਾ ਗਿਆ ਹੈ। ਪਰ ਕਿਰਤੀ ਪਾਰਟੀ 1935 ਵਿੱਚ ਹੀ ਇਸ ਕਮਜ਼ੋਰੀ ਤੋਂ ਸੁਚੇਤ ਹੋ ਚੁੱਕੀ ਹੈ। ਉਸ ਨੇ ਮੁਜ਼ਾਰੇ ਜਥੇਬੰਦ ਕੀਤੇ ਤੇ ਇਨ੍ਹਾਂ ਦੀਆਂ ਲੜਾਈਆਂ ਲੜਨ 'ਤੇ ਜ਼ਿਆਦਾ ਜ਼ੋਰ ਦਿੱਤਾ ਸੀ। ਮੁਜ਼ਾਰਿਆਂ ਦੀਆਂ ਇਹ ਲੜਾਈਆਂ ਗੱਲਾਂ ਢੇਰ, ਸਰਹੱਦੀ ਸੂਬੇ, ਤੋਂ ਲੈ ਕੇ ਚੁਟਾਲਾ-ਰੋਹਤਕ ਤਕ ਪਹੁੰਚ ਚੁੱਕੀਆਂ ਸਨ। ਇਸ ਵਿੱਚ ਫਿਰੋਜ਼ਪੁਰ 'ਚੋਂ ਮਮਦੋਟ ਦੇ ਮੁਜ਼ਾਰੇ, ਲਾਹੌਰ ਤੇ ਕਸੂਰ ਦੇ ਮੁਜ਼ਾਰੇ, ਸਰਗੋਧੇ ਦੇ ਟਿਵਾਣੇ ਮਾਲਕ ਤੇ ਘੋੜੀ ਪਾਲਕ ਕਿਸਾਨ ਸ਼ਾਮਲ ਸਨ। ਰਾਵਲਪਿੰਡੀ ਡਵੀਜ਼ਨ ਦੇ ਮੁਜ਼ਾਰਿਆਂ ਵਿੱਚ ਘੱਟ ਕੰਮ ਕਿਰਤੀ ਪਾਰਟੀ ਦੀ ਕਮਜ਼ੋਰ ਕੜੀ ਸੀ। ਜੇਕਰ ਇਹ ਲਹਿਰ ਤੇਜ਼ੀ ਨਾਲ ਚੱਲਦੀ ਰਹਿੰਦੀ ਤੇ ਇਹ ਇਲਾਕੇ ਵੀ ਸਰ ਕਰ ਲਏ ਜਾਂਦੇ ਤਾਂ ਮੁਲਕ ਦੀ ਤਕਸੀਮ ਹੋ ਹੀ ਨਹੀਂ ਸੀ ਸਕਦੀ।

ਪੰਜਾਬ ਦੀ ਕਿਸਾਨੀ ਲਹਿਰ ਇਕ ਖਾਸ ਤਰਜ਼ ਵਿੱਚ ਵੰਡੀ ਹੋਈ ਸੀ। ਆਮ ਤੌਰ 'ਤੇ ਜੇ ਮਾਲਕ ਮੁਸਲਮ ਰਾਜਪੂਤ ਹੈ, ਤਾਂ ਉਸਦੇ ਮੁਜ਼ਾਰੇ ਮੁਸਲਮ ਅਰਾਈਂ ਸਨ, ਜੇ ਮਾਲਕ ਟਿਵਾਣਾ ਦੌਲਤਾਨਾ ਸ਼ਾਹਨਵਾਜ਼ ਤੇ ਸਿਕੰਦਰ ਹਯਾਤ ਜਿਹੇ ਮੁਸਲਮ ਲੈਂਡਲਾਰਡ ਹਨ, ਤਾਂ ਉਨ੍ਹਾਂ ਦੇ ਮੁਜ਼ਾਰੇ ਮੁਸਲਮ ਜੱਟ ਅਰਾਈਂ, ਜਾਂਗਲੀ ਆਦਿ ਹੀ ਸਨ। ਇਸੇ ਤਰ੍ਹਾਂ ਜੇ ਹਿੰਦ ਪਹਾੜੀ ਰਾਜੇ ਰਾਏ ਭੁਲੇਰ ਤੇ ਕਥਲੌਗੀਏ ਸਨ ਤਾਂ ਉਨ੍ਹਾਂ ਦੇ ਮੁਜ਼ਾਰੇ ਵੀ ਹਿੰਦੂ ਰਾਹਕ ਹੀ ਸਨ। ਜੇਕਰ ਮਾਲਕ ਜਰਵਾਣਿਆਂ ਦੇ ਖਿਲਾਫ ਹਿੰਦੂ, ਸਿੱਖ, ਮੁਸਲਮ ਮੁਜ਼ਾਰੇ ਦੇ ਘੋਲ ਨੂੰ ਜਾਰੀ ਰੱਖਿਆ ਜਾਂਦਾ, ਤਾਂ ਇਹ ਹਿੰਦੂ, ਸਿੱਖ, ਮੁਸਲਮ ਇਤਿਹਾਦ ਦੀ ਸਭ ਤੋਂ ਵਧੀਆ ਤਾਕਤ ਬਣ ਜਾਣੀ ਸੀ, ਜਿਸ ਨਾਲ ਮੁਲਕ ਤਕਸੀਮ ਹੋਣ ਤੋਂ ਵੀ ਬਚਦਾ, ਅਜ਼ਾਦ ਵੀ ਹੁੰਦਾ ਤੇ ਅਸੀਂ ਸੋਸ਼ਲਿਸਟ ਦੇ ਨੇੜੇ ਪਹੁੰਚ ਜਾਂਦੇ।

ਅੰਮ੍ਰਿਤਸਰ ਦਾ ਬੰਦੋਬਸਤ

ਪੰਜਾਬ ਵਿੱਚ ਦਾਖਲ ਹੁੰਦਿਆਂ ਹੀ ਅੰਗਰੇਜ਼ ਨੇ ਸਾਰੇ ਜ਼ਿਲ੍ਹਿਆਂ ਵਿੱਚ ਜ਼ਮੀਨੀ ਗਿਣਤੀ-ਮਿਣਤੀ ਮੁੜ ਤੋਂ ਸ਼ੁਰੂ ਕਰ ਦਿੱਤੀ ਸੀ ਅਤੇ ਮਾਲੀਏ, ਆਬਿਆਨੇ ਦੀ ਸ਼ਰਹ ਜਿਨਸ ਤੋਂ ਹਟਾ ਕੇ ਰੁਪਈਆਂ ਵਿੱਚ ਕਰ ਦਿੱਤੀ ਸੀ। ਮਾਲਕ ਆਹਲਾ, ਮਾਲਕ ਅਦਨਾ ਅਤੇ ਮੁਜ਼ਾਰੇ ਦਾ ਵੱਖਰੇਵਾਂ, ਪੇਂਡੂ ਜ਼ਿੰਦਗੀ ਵਿੱਚ ਰਿਸ਼ਤੇ ਅਤੇ ਆਪਸੀ ਦੇਣ-ਲੈਣ ਤੇ ਵਿਹਾਰ ਮੁਕੱਰਰ ਕਰ ਦਿਤੇ ਜਾਂਦੇ ਸਨ।। ਜ਼ਮੀਨ ਦੀ ਮਿਣਤੀ ਕਰਨ ਦਾ ਢੰਗ ਵੀ ਅਜੀਬ ਸੀ। ਮਿਣਤੀ ਕਰਮਾਂ ਵਿੱਚ ਕੀਤੀ ਜਾਂਦੀ ਸੀ ਅਤੇ ਹਰ ਇਲਾਕੇ ਵਿੱਚ ਕਰਮ ਦੀ ਲੰਬਾਈ ਵੱਖਰੀ-ਵੱਖਰੀ ਸੀ, ਜਿਵੇਂ ਕਿ ਕਪੂਰਥਲਾ ਦੀ ਕਰਮ 54 ਇੰਚ,

ਜਲੰਧਰ-ਹੁਸ਼ਿਆਰਪੁਰ ਦੀ ਕਰਮ 57 ਇੰਚ, ਅੰਮ੍ਰਿਤਸਰ, ਲਾਹੌਰ, ਗੁਰਦਾਸਪੁਰ ਤੇ ਫਿਰੋਜ਼ਪੁਰ ਦੀ ਕਰਮ 60 ਇੰਚ ਤੇ ਲਾਇਲਪੁਰ ਦੀ ਕਰਮ 66 ਇੰਚ ਸੀ। ਮੁਰੱਬੇਬੰਦੀ ਤੋਂ ਬਾਅਦ ਸਾਰੇ ਇਲਾਕਿਆਂ ਦੀ ਕਰਮ 66 ਇੰਚ ਦੀ ਕਰ ਦਿੱਤੀ ਗਈ ਸੀ।

ਬੰਦੋਬਸਤ ਵਿੱਚ ਮਾਲੀਆ ਵਧਣਾ ਲਾਜ਼ਮੀ ਸੀ। ਆਪਣੇ ਖਰਚ ਨਾਲ ਲਾਏ ਖੂਹਾਂ ਦਾ ਮਾਲੀਆ ਹਰ ਵਾਰ 20 ਫੀਸਦੀ ਹੋਰ ਵੱਧ ਜਾਂਦਾ ਸੀ ਅਤੇ ਸ਼ਾਮਲਾਤਾਂ ਤੇ ਬੰਜਰਾਂ ''ਤੇ ਵੀ ਮਾਲੀਆ ਵਧਾ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਮਾਲੀਏ ਦਾ ਬੋਝ ਵਧਦਾ ਹੀ ਜਾਂਦਾ ਸੀ।

ਕਿਰਤੀ ਪਾਰਟੀ ਨੇ ਅੰਮ੍ਰਿਤਸਰ ਵਿੱਚ ਹੋਣ ਵਾਲੀ ਬੰਦੋਬਸਤ ਦੀ ਮੁਖਾਲਫਤ ਕਰਨ ਦਾ ਫੈਸਲਾ ਲੈ ਕੇ ਕਿਸਾਨ ਕਮੇਟੀਆਂ ਨੂੰ ਇਸ ਵਿਰੁੱਧ ਅੰਦੋਲਨ ਕਰਨ ਲਈ ਕਹਿ ਦਿੱਤਾ ਸੀ। ਊਧਮ ਸਿੰਘ ਨਾਗੋਕੇ ਅਤੇ ਦਰਸ਼ਨ ਸਿੰਘ ਫੇਰੂਮਾਨ ਅਕਾਲੀ ਆਗੂਆਂ ਨੇ ਵੀ ਇਸ ਅੰਦੋਲਨ ਨਾਲ ਸਹਿਮਤੀ ਪ੍ਰਗਟ ਕਰ ਦਿੱਤੀ ਸੀ। ਸਾਰੇ ਜ਼ਿਲ੍ਹੇ ਵਿੱਚ ਜਲਸੇ ਕੀਤੇ ਗਏ ਅਤੇ ਨੌਸ਼ਹਿਰਾ ਪਨੂੰਆਂ ਵਿੱਚ ਜੈ ਪ੍ਰਕਾਸ਼ ਨਰਾਇਣ ਦੀ ਪ੍ਰਧਾਨਗੀ ਹੇਠ ਭਾਰੀ ਕਾਨਫਰੰਸ ਕੀਤੀ ਗਈ ਸੀ। ਇਸ ਕਾਨਫਰੰਸ ਵਿੱਚ ਸਰਕਾਰ ਦੀ 4 ਲੱਖ ਰੁਪੈ ਹੋਰ ਮਾਲੀਆ ਵਧਾਉਣ ਦੀ ਸਕੀਮ ਦਾ ਵਿਰੋਧ ਕੀਤਾ ਗਿਆ ਸੀ ਅਤੇ ਚਾਹੀ ਰੇਟ, ਮਲਬਾ, ਚੌਕੀਦਾਰਾ ਤੇ ਹੋਰ ਟੈਕਸਾਂ ਦੇ ਖ਼ਾਤਮੇ ਦੀ ਮੰਗ ਕੀਤੀ ਗਈ ਸੀ। ਏਸੇ ਤਰ੍ਹਾਂ ਦੀ ਇਕ ਹੋਰ ਕਾਨਫਰੰਸ ਜਥੇਦਾਰ ਊਧਮ ਸਿੰਘ ਨਾਗੋਕੇ ਦੀ ਪ੍ਰਧਾਨਗੀ ਹੇਠ ਕੱਥੂਨੰਗਲ ਵਿੱਚ ਹੋਈ ਸੀ। ਕਿਰਤੀਆਂ ਅਤੇ ਅਕਾਲੀਆਂ ਨੇ ਪਿੰਡ-ਪਿੰਡ ਜਲਸੇ ਕੀਤੇ ਸਨ। ਕਿਰਤੀਆਂ ਨੇ ਇਕ ਹਫਤੇ ਵਿੱਚ 52 ਜਲਸੇ ਕਰਨ ਦਾ ਆਪਣਾ ਟੀਚਾ ਪੂਰਾ ਕੀਤਾ ਸੀ।

ਅੰਗਰੇਜ਼ੀ ਰਾਜ ਦੀ ਆਮਦਨ ਦਾ ਵੱਡਾ ਹਿੱਸਾ ਮਾਲੀਏ ਤੋਂ ਆਉਂਦਾ ਸੀ। 1930-31 ਵਿੱਚ ਜ਼ਮੀਨੀ ਮਾਲੀਏ ਦੀ ਰਕਮ ਕੇਵਲ 2.69 ਕਰੋੜ ਰੁਪੈ ਸੀ ਅਤੇ ਨਹਿਰੀ ਮਾਲੀਏ ਦੀ 1.90 ਕਰੋੜ ਪਰ 1936-37 ਵਿੱਚ ਪੰਜਾਬ ਸਰਕਾਰ ਦੀ 12 ਕਰੋੜ ਦੀ ਕੁੱਲ ਆਮਦਨ ਵਿੱਚੋਂ 11.34 ਕਰੋੜ ਰੁਪੈ ਕੇਵਲ ਜ਼ਮੀਨੀ ਮਾਲੀਏ ਦਾ ਹੀ ਸੀ। ਸਰਕਾਰ ਨੇ ਪਹਿਲਾਂ ਲਾਇਲਪੁਰ, ਫੇਰ ਅੰਮ੍ਰਿਤਸਰ ਅਤੇ ਉਸ ਤੋਂ ਬਾਅਦ ਲਾਹੌਰ ਵਿੱਚ ਜ਼ਮੀਨੀ ਬੰਦੋਬਸਤ ਕਰਾਉਣਾ ਚਾਹਿਆ ਸੀ। ਲਾਹੌਰ ਦੇ ਅੰਦੋਲਨ ਕਾਰਨ ਬੰਦੋਬਸਤ ਅੱਗੇ ਪਾ ਦਿੱਤਾ ਗਿਆ ਸੀ ਅਤੇ ਅੰਮ੍ਰਿਤਸਰ ਵਿੱਚ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਸੀ.

ਫੈਸਲਾ ਲਿਆ ਗਿਆ ਸੀ ਕਿ 20 ਜੁਲਾਈ 1938 ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੀ ਕਚਹਿਰੀ ਅਗੇ ਮੁਜ਼ਾਹਰਾ ਕਰਕੇ ਕਿਸਾਨ ਮੰਗਾਂ ਦਾ ਮੈਮੋਰੰਡਮ ਦਿੱਤਾ ਜਾਵੇ, ਪਰ ਡਿਪਟੀ ਕਮਿਸ਼ਨਰ ਨੇ 19 ਜੁਲਾਈ ਨੂੰ ਅੰਮ੍ਰਿਤਸਰ ਵਿੱਚ ਦਫਾ 144 ਲਾਗੂ ਕਰ ਦਿੱਤੀ ਸੀ।

ਬੰਦੋਬਸਤ ਐਕਸ਼ਨ ਕਮੇਟੀ ਨੇ ਦਫਾ 144 ਤੋੜਨ ਦਾ ਫੈਸਲਾ ਕੀਤਾ। ਜਲੂਸ

ਜਲ੍ਹਿਆਂਵਾਲੇ ਬਾਗ਼ ਤੋਂ ਸ਼ੁਰੂ ਹੋਇਆ ਸੀ ਜਿਸਦੀ ਅਗਵਾਈ ਬਾਬਾ ਸੋਹਣ ਸਿੰਘ ਭਕਨਾ, ਜਥੇਦਾਰ ਊਧਮ ਸਿੰਘ ਨਾਗੋਕੇ ਅਤੇ ਹਰਨਾਮ ਸਿੰਘ ਕਸੇਲ ਕਰ ਰਹੇ ਸਨ। ਜਲੂਸ ਜਦੋਂ ਭੰਡਾਰੀ ਪੁਲ ਤੋਂ ਅੱਗੇ ਵੱਧ ਰਿਹਾ ਸੀ ਤਾਂ ਪੁਲਸ ਕਪਤਾਨ ਦੀ ਰਹਿਨੁਮਾਈ ਵਿੱਚ ਪੁਲਸ ਨੇ ਜਲੂਸ ਨੂੰ ਘੇਰ ਕੇ ਭਾਰੀ ਲਾਠੀਚਾਰਜ ਕੀਤਾ ਸੀ।

ਇਸ ਲਾਠੀਚਾਰਜ ਵਿੱਚ ਬਾਬਾ ਸੋਹਣ ਸਿੰਘ ਭਕਨਾ ਨੂੰ ਸਖ਼ਤ ਸੱਟਾਂ ਲੱਗੀਆਂ ਸਨ। ਹਰਨਾਮ ਸਿੰਘ ਨੂੰ ਮਾਰ ਕੁੱਟ ਕੇ ਪੁਲ ਤੋਂ ਹੇਠਾਂ ਸੁੱਟ ਦਿੱਤਾ ਗਿਆ ਸੀ। ਜ਼ਮੀਨ 'ਤੇ ਡਿੱਗੇ ਊਧਮ ਸਿੰਘ ਦਾ ਸਰੀਰ ਪੁਲਸ ਨੇ ਭੰਨ ਸੁੱਟਿਆ ਸੀ। ਇਸ ਵਿੱਚ 300 ਕਿਸਾਨ ਜ਼ਖਮੀ ਹੋਏ ਸਨ ਅਤੇ 21 ਜੁਲਾਈ ਨੂੰ 145 ਕਿਸਾਨ ਆਗੂ ਗ੍ਰਿਫਤਾਰ ਕਰ ਲਏ ਗਏ ਸਨ, ਜਿਨ੍ਹਾਂ ਵਿੱਚ ਬਾਬਾ ਸੋਹਣ ਸਿੰਘ ਭਕਨਾ, ਊਧਮ ਸਿੰਘ ਨਾਗੋਕੇ, ਹਰਨਾਮ ਸਿੰਘ ਕਸੇਲ, ਕਰਤਾਰ ਸਿੰਘ ਗਿੱਲ, ਗਹਿਲ ਸਿੰਘ ਛਜਲਵੱਢੀ, ਬਾਬਾ ਇੰਦਰ ਸਿੰਘ ਵੇਰਕਾ, ਰਾਮ ਸਿੰਘ ਮਜੀਠਾ, ਭਾਈ ਸੋਹਣ ਸਿੰਘ, ਮਹਿੰਦਰ ਸਿੰਘ, ਦਰਸ਼ਨ ਸਿੰਘ ਫੇਰੂਮਾਨ, ਫੌਜਾ ਸਿੰਘ ਭੁੱਲਰ, ਦਲੀਪ ਸਿੰਘ ਜੌਹਲ, ਸੰਤਾ ਸਿੰਘ ਗੰਡੀਵਿੰਡ ਤੇ ਜਸਵੰਤ ਸਿੰਘ ਕੈਰੋਂ ਆਦਿ ਸ਼ਾਮਲ ਸਨ।

ਅੰਮ੍ਰਿਤਸਰ ਸ਼ਹਿਰ ਦੀਆਂ ਦੁਕਾਨਾਂ ਅਤੇ ਮੰਡੀ ਮੁਕੰਮਲ ਬੰਦ ਰਹੀ ਸੀ। ਇਸ ਬੰਦ ਦਾ ਸੱਦਾ ਹਕੀਮ ਸਿਕੰਦਰ ਖਿਜ਼ਰ ਨੇ ਦਿੱਤਾ ਸੀ। ਆਲ ਇੰਡੀਆ ਕਾਂਗਰਸ ਵੱਲੋਂ ਡਾ. ਕਿਚਲੂ ਨੇ ਲਾਠੀਚਾਰਜ ਦੀ ਸਖ਼ਤ ਨਿੰਦਾ ਕੀਤੀ ਸੀ ਅਤੇ ਕਿਸਾਨਾਂ ਨੂੰ ਮੁਕੰਮਲ ਮਦਦ ਦਾ ਭਰੋਸਾ ਦੁਆਇਆ ਸੀ।

ਇਸ ਲਾਠੀਚਾਰਜ ਅਤੇ ਗ੍ਰਿਫਤਾਰੀਆਂ ਤੋਂ ਬਾਅਦ ਲਗਾਤਾਰ ਮੋਰਚਾ ਸ਼ੁਰੂ ਹੋ ਗਿਆ ਸੀ। ਹਰ ਰੋਜ਼ ਜਲ੍ਹਿਆਂਵਾਲੇ ਬਾਗ਼ ਤੋਂ 25 ਵਿਅਕਤੀਆਂ ਦਾ ਜੱਥਾ ਕਚਹਿਰੀਆਂ ਵੱਲ ਮਾਰਚ ਕਰਦਾ ਸੀ, ਜਿਸ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਸੀ। ਇਸ ਮੋਰਚੇ ਵਿੱਚ ਬਾਬਾ ਕਰਮ ਸਿੰਘ ਚੀਮਾ ਅਤੇ ਭਗਤ ਸਿੰਘ ਬਿਲਗਾ ਨੂੰ ਵੀ ਕਚਹਿਰੀਆਂ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਇਹ ਮੋਰਚਾ ਬਾਕਾਇਦਾ 9 ਅਗਸਤ ਤਕ ਚੱਲਿਆ ਸੀ ਜਿਸਤੋਂ ਬਾਅਦ ਸਰਕਾਰ ਨੇ ਦਫਾ 144 ਹਟਾ ਕੇ ਬੰਦੋਬਸਤ ਕਰਨ ਦਾ ਆਪਣਾ ਫੈਸਲਾ ਵਾਪਸ ਲੈ ਲਿਆ ਸੀ। ਇਸ ਜਿੱਤ ਤੋਂ ਬਾਅਦ ਕਿਸਾਨ ਮੋਰਚਾ ਖ਼ਤਮ ਹੋ ਗਿਆ ਸੀ।

1938 ਵਿੱਚ ਲਾਇਲਪੁਰ ਦੀਆਂ ਤਿੰਨ ਜ਼ਰਾਇਤੀ ਕਾਨਫਰੰਸਾਂ

ਲਾਇਲਪੁਰ (ਅੱਜ ਦਾ ਫੈਸਲਾਬਾਦ) ਜ਼ਰਾਇਤੀ ਲਹਿਰਾਂ ਦਾ ਖਾਸ ਗੜ੍ਹ ਰਿਹਾ ਹੈ. ਇਸ ਦੀ ਵੀ ਇਕ ਖਾਸ ਵਜ੍ਹਾ ਹੈ। ਇਸ ਜ਼ਿਲ੍ਹੇ ਵਿੱਚ ਨਹਿਰ ਨਿਕਲ ਜਾਣ ਨਾਲ ਬੇਜ਼ਮੀਨੇ ਅਤੇ ਛੋਟੀ ਕਾਸ਼ਤ ਵਾਲੇ ਕਿਸਾਨ ਏਥੇ ਆ ਕੇ ਆਬਾਦ ਹੋ ਗਏ ਸਨ। ਪੰਜਾਬ ਦਾ ਕੋਈ ਜ਼ਿਲ੍ਹਾ ਅਜਿਹਾ ਨਹੀਂ ਸੀ, ਜਿਸ ਦੇ ਕਿਸਾਨਾਂ ਨੇ ਇਸਨੂੰ ਆਬਾਦ ਨਾ ਕੀਤਾ ਹੋਵੇ। ਇਨ੍ਹਾਂ ਅਬਾਦਕਾਰ ਕਿਸਾਨਾਂ ਨੇ ਜੰਡ-ਕਰੀਰ ਵੱਢ ਕੇ ਅਤੇ ਟੋਏ ਟਿੱਬੇ

ਕਰਾਹ ਕੇ ਜ਼ਮੀਨ ਨੂੰ ਨਹਿਰੀ ਪਾਣੀ ਲੱਗਣ ਯੋਗ ਬਣਾਇਆ ਸੀ। ਸਾਲਾਂ, ਬੱਧੀ ਸਖਤ ਮਿਹਨਤ ਨਾਲ ਹੱਡ-ਭੰਨਵੀਂ ਮੁਸ਼ੱਕਤ ਕਰਦੇ ਕਈ ਕਿਸਾਨ ਆਪਣੀਆਂ ਜਾਨਾਂ ਦੇ ਗਏ ਸਨ। ਇਵਜ਼ਾਨੇ ਵਿੱਚ ਇਨ੍ਹਾਂ ਨੂੰ ਮਾਲਕੀ ਵੱਜੋਂ ਜ਼ਮੀਨ ਦੇ ਟੁੱਕੜੇ ਮਿਲੇ ਸਨ ਅਤੇ ਉਨ੍ਹਾਂ ਨੇ ਹੋਰ ਮਿਹਨਤ ਕਰ ਕੇ ਮਾਲੀਆ ਵਧਾ ਲਈਆਂ ਸਨ। ਇਹ ਹਰਿਆ-ਭਰਿਆ ਲਾਇਲਪੁਰ ਹੁਣ ਅੰਗਰੇਜ਼ ਦੀ ਅੱਖ ਵਿੱਚ ਰੜਕਣ ਲੱਗ ਪਿਆ ਸੀ। ਉਸ ਨੇ ਕਈ ਪਾਬੰਦੀਆਂ ਲਾਉਣ ਦਾ ਐਲਾਨ ਕਰ ਦਿੱਤਾ ਸੀ। ਜਿਵੇਂ ਦਰੱਖਤ ਕੱਟਣ ਦੀ ਮਨਾਹੀ, ਪੂਰੇ ਮਾਲਕੀ ਹੱਕ ਦੇਣ ਤੋਂ ਇਨਕਾਰ, ਕੈਨਾਲ ਕਲੋਨੀਅਲ ਨਿਯਮਾਂ ਅਧੀਨ ਰਹਿਣ ਲਈ ਦਬਾਅ ਆਦਿ।

ਅੰਜਮਨੇ-ਮਹਿਬਾਨੇ-ਵਤਨ (ਭਾਰਤ ਮਾਤਾ ਸੋਸਾਇਟੀ) ਦੇ ਆਗੂਆਂ ਨੇ "ਪਗੜੀ ਸੰਭਾਲ ਓਏ ਜੱਟਾ" ਦੇ ਨਾਹਰੇ ਹੇਠ ਕਿਸਾਨਾਂ ਦੀ ਇਕ ਜ਼ਬਰਦਸਤ ਲਹਿਰ ਚਲਾਈ ਸੀ। ਅੰਗਰੇਜ਼ੀ ਹਕੂਮਤ ਨੂੰ ਹਾਰ ਮੰਨਣੀ ਪਈ ਸੀ। ਇਸ ਲਹਿਰ ਦੇ ਆਗੂਆਂ ਵਿੱਚੋਂ ਸਵਰਨ ਸਿੰਘ ਜੇਲ੍ਹ ਵਿੱਚ ਸ਼ਹੀਦ ਹੋ ਗਿਆ ਸੀ ਅਤੇ ਅਜੀਤ ਸਿੰਘ ਤੇ ਸੂਫ਼ੀ ਅੰਬਾ ਪ੍ਰਸਾਦ ਦੇਸ-ਨਿਕਾਲਾ ਲੈਣਾ ਪਿਆ ਸੀ। ਅਜੀਤ ਸਿੰਘ ਨੂੰ ਜ਼ਿੰਦਗੀ ਭਰ ਇਕ ਮੁਲਕ ਤੋਂ ਦੂਸਰੇ ਮੁਲਕ ਵਿੱਚ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪਈਆਂ ਸਨ। ਸੂਫ਼ੀ ਅੰਬਾ ਪ੍ਰਸਾਦ ਨੂੰ ਅੰਗਰੇਜ਼ ਨੇ ਈਰਾਨ ਵਿੱਚ ਗ੍ਰਿਫਤਾਰ ਕਰ ਕੇ ਫਾਂਸੀ ਲਾ ਦਿੱਤੀ ਸੀ। ਬਾਂਕੇ ਬਿਹਾਰੀ ਲਾਲ ਐਡੀਟਰ "ਝੰਗ ਸਿਆਲ" ਤੇ ਕਰਤਾ "ਪਗੜੀ ਸੰਭਾਲ ਓਏ ਜੱਟਾ" ਨੂੰ ਸੱਤ ਸਾਲ ਦੀ ਕੈਦ ਤੇ ਲਾਲਾ ਲਾਜਪਤ ਰਾਏ ਨੂੰ ਬਰ੍ਹਮਾ ਵਿੱਚ ਨਜ਼ਰਹਬੰਦੀ ਦਾ ਮੂੰਹ ਦੇਖਣਾ ਪਿਆ। ਇਨ੍ਹਾਂ ਦੇ ਦਰਜਨਾਂ ਹੀ ਹੋਰ ਸਾਥੀ ਕੈਦ ਕੀਤੇ ਗਏ ਸਨ। ਪਰ ਸਰਕਾਰ ਨੂੰ ਹਾਰ ਮੰਨਣੀ ਪਈ ਸੀ। 1907 ਦੀ ਇਸ ਲਹਿਰ ਨੇ ਸਾਰੇ ਪੰਜਾਬ ਦੇ ਕਿਸਾਨਾਂ ਨੂੰ ਹਲੂਣ ਦਿੱਤਾ ਸੀ। ਇਸੇ ਲਈ ਲਾਇਲਪੁਰ ਨੂੰ ਕਿਸਾਨੀ ਲਹਿਰਾਂ ਦਾ ਮੁੱਢ ਸਮਝਿਆ ਜਾਂਦਾ ਹੈ। ਇਸ ਵਿੱਚ ਵਸੇ ਹਰ ਕਿਸਾਨ ਦੀ ਜੜ੍ਹ ਆਪਣੇ ਆਪਣੇ ਪੁਰਾਣੇ ਜ਼ਿਲ੍ਹਿਆਂ ਵਿੱਚ ਸੀ। ਜਦ ਉਹ ਆਪਣੀ ਜੱਦੀ ਪਿੰਡਾਂ ਨੂੰ ਜਾਂਦੇ ਸਨ ਤਾਂ ਆਪਣਾ ਆਪਣਾ ਦੁਖ-ਸੁਖ ਤੇ ਰਾਜਨੀਤੀ ਵੀ ਦੇ ਆਉਂਦੇ ਸਨ। ਇੰਜ ਲਾਇਲਪੁਰ ਕਿਸਾਨੀ ਸੂਝ ਦਾ ਕੇਂਦਰ ਵੀ ਸਮਝਿਆ ਜਾਂਦਾ ਸੀ। ਸ਼ਹੀਦ ਭਗਤ ਸਿੰਘ ਤੇ ਸੁਖਦੇਵ ਇਸ ਜ਼ਿਲ੍ਹੇ ਦੇ ਹੀ ਜੰਮਪਲ ਸਨ। ਕਿਸਾਨੀ ਹਿੱਤਾਂ ਦਾ ਮੋਢੀ ਤੇ ਇਨਕਲਾਬੀ ਲਹਿਰਾਂ ਦਾ ਫਾਈਨੈਂਸਰ ਸਰਦਾਰ ਹਰਚੰਦ ਸਿੰਘ ਰਈਸ ਇਥੋਂ ਦਾ ਹੀ ਵਸਨੀਕ ਸੀ। ਮਾਸਟਰ ਚਤਰ ਸਿੰਘ ਤੇ ਗਿਆਨੀ ਸਰਦਾਰਾ ਸਿੰਘ ਨਾਗਰਾ ਨੂੰ ਹਰਚੰਦ ਸਿੰਘ ਦੇ ਡੇਰਿਓਂ ਹੀ ਇਨਕਲਾਬੀ ਸੂਝ ਮਿਲੀ ਸੀ। ਅਕਾਲੀ ਲਹਿਰ ਵਿੱਚ ਵੀ ਇਸ ਜ਼ਿਲ੍ਹੇ ਨੇ ਨੁਮਾਇਆ ਹਿੱਸਾ ਪਾਇਆ ਸ, ਗਿਆਨੀ ਕਰਤਾਰ ਸਿੰਘ ਅਤੇ ਤੇਜਾ ਸਿੰਘ ਸਮੁੰਦਰੀ ਲਾਇਲਪੁਰ ਤੋਂ ਹੀ ਸਨ।

ਕਿਰਤੀ ਪਾਰਟੀ ਮੈਦਾਨ ਵਿੱਚ ਆਈ ਅਤੇ ਉਸ ਨੇ ਕਿਸਾਨ ਮਜ਼ਦੂਰ ਲਹਿਰ ਜਥੇਬੰਦ ਕੀਤੀ। ਜੁਲਾਈ 1938 ਵਿੱਚ ਲਾਇਲਪੁਰ ਜ਼ਿਲ੍ਹੇ ਦੇ ਨੂੰ 15000 ਕਿਸਾਨਾਂ ਨੇ ਮੋਘੇ ਘਟ ਕਰਨ ਵਿਰੁੱਧ ਸ਼ਹਿਰ ਵਿੱਚ ਮੁਜ਼ਾਹਰਾ ਕੀਤਾ ਸੀ। ਲਾਇਲਪੁਰ ਜ਼ਿਲ੍ਹੇ ਵਿੱਚ

ਹੋਣ ਵਾਲੀ ਬੰਦੋਬਸਤ ਦੇ ਖਿਲਾਫ਼ ਨਾਹਰੇ ਲਾਏ। ਮਾਲੀਆ ਘਟਾਉਣ ਲਈ ਮਤੇ ਪਾਸ ਕੀਤੇ। ਸਰਕਾਰ ਆਪਣੀ ਅੜੀ 'ਤੇ ਖੜ੍ਹੀ ਰਹੀ ਤਾਂ 164 ਪਿੰਡਾਂ ਦੇ ਕਿਸਾਨਾਂ ਨੇ ਤਿੰਨ ਹਫਤੇ ਨਹਿਰੀ ਪਾਣੀ ਦਾ ਬਾਈਕਾਟ ਕੀਤਾ ਜਿਸ ਨਾਲ ਸਰਕਾਰ ਨੂੰ ਝੁਕਣਾ ਪਿਆ ਤੇ ਰੀਮੌਡਲਿੰਗ ਬੰਦ ਹੋ ਗਈ। ਮਾਲੀਏ, ਟੈਕਸਾਂ, ਕਰਜ਼ਿਆਂ ਵਿਰੁੱਧ ਤੇ ਕਿਸਾਨੀ ਹੱਕਾਂ ਲਈ ਤਹਿਰੀਕ ਲਾਮਬੰਦ ਕੀਤੀ ਗਈ ਸੀ। ਇਸ ਜ਼ਿਲ੍ਹੇ ਨੇ ਜਗਜੀਤ ਸਿੰਘ ਲਾਇਲਪੁਰੀ ਵਰਗੇ ਆਲ ਇੰਡੀਆ ਕਿਸਾਨ ਲੀਡਰ ਪੈਦਾ ਕੀਤੇ ਸਨ। ਕਰਨੈਲ ਸਿੰਘ, ਬਿੱਕਰ ਸਿੰਘ ਸਮਰਾਏ ਜੰਡਿਆਲਾ, ਆਤਮਾ ਸਿੰਘ ਫੁੱਲ, ਨਰਾਇਣ ਸਿੰਘ ਗੁੰਚਾ ਆਦਿ ਕਿਸਾਨ ਆਗੂ ਵੀ ਇਸ ਜ਼ਿਲ੍ਹੇ ਦੀ ਹੀ ਦੇਣ ਹਨ। ਰਛਪਾਲ ਲਾਇਲਪੁਰ, ਕੁਲਬੀਰ, ਕੁਲਤਾਰ ਤੇ ਸੇਹਰ ਗੁਣ ਪਠਾਣ ਨੌਜਵਾਨ ਭਾਰਤ ਸਭਾ ਤੇ ਸੋਸ਼ਲਿਸਟ ਲੀਡਰ, ਵੀ ਇਸੇ ਜ਼ਿਲ੍ਹੇ ਵਿੱਚੋਂ ਉਠੇ ਸਨ। ਸ਼ੁਰੂ-ਸ਼ੁਰੂ ਵਿੱਚ ਕਾਮਰੇਡ ਬੂਝਾ ਸਿੰਘ, ਚੰਨਣ ਸਿੰਘ ਤੇ ਕਰਤਾਰ ਸਿੰਘ ਸਰੀਂਹ ਗ਼ਦਰੀ ਕਮਿਊਨਿਸਟ ਲੀਡਰਾਂ ਨੇ ਲਾਇਲਪੁਰ ਵਿੱਚ ਕਿਰਤੀ ਪਾਰਟੀ ਕਾਇਮ ਕੀਤੀ ਸੀ। ਨਿਰਸੰਦੇਹ ਉਜਾਗਰ ਸਿੰਘ ਬਿਲਗਾ ਇਸ ਵਿੱਚ ਇਨ੍ਹਾਂ ਦਾ ਭਾਰੀ ਸਹਾਇਕ ਬਣਿਆ ਸੀ।

ਪੰਜਾਬ ਦੇ ਕਿਸਾਨ ਇਸ ਵਿੱਚ ਖਿੱਚੇ ਆ ਰਹੇ ਸਨ, ਜਿਸ ਕਰਕੇ ਕਿਸਾਨਾਂ ਨੂੰ ਕਿਰਤੀ ਪਾਰਟੀ ਤੋਂ ਦੂਰ ਰੱਖਣ ਲਈ ਪੰਜਾਬੀ ਦੀ ਯੂਨੀਵਰਸਿਟੀ ਪਾਰਟੀ ਤੇ ਜ਼ਿਮੀਦਾਰਾਲੀਗ ਵਰਗੀਆਂ ਸਰਕਾਰ ਦੀਆਂ ਹਮਾਇਤ ਪਾਰਟੀ ਤੋਂ ਲੈ ਕੇ ਕਾਂਗਰਸ, ਅਕਾਲੀ, ਅਹਿਰਾਰ ਸਭ ਕਿਸਾਨੀ ਮਸਲਿਆਂ ਬਾਰੇ ਸੋਚਣ ਲਈ ਮਜ਼ਬੂਰ ਹੋ ਗਈਆਂ ਸਨ। ਕਿਰਤੀ ਨੌਜਵਾਨ ਸਭਾ ਅਤੇ ਸੋਸ਼ਲਿਸਟ ਮਿਲਵੇਂ ਫਰੰਟ ਨੇ ਤਾਂ ਇਹ ਲਹਿਰ ਸ਼ੁਰੂ ਕੀਤੀ ਹੀ ਸੀ। ਉਸ ਵੇਲੇ ਆਫੀਸ਼ਲ ਕਮਿਊਨਿਸਟ ਕਾਂਗਰਸ ਦੀ ਪਿਛਲ—ਝਾਕ ਵਿੱਚ ਫਸੇ ਹੋਏ ਸਨ। ਕਾਂਗਰਸ ਰਾਹੀਂ ਹੀ ਉਹ ਕਿਸਾਨ ਮਸਲਿਆਂ ਦਾ ਹੱਲ ਕੱਢਣ 'ਤੇ ਲੱਗੇ ਹੋਏ ਸਨ।

ਰੋਹਤਕ-ਹਿਸਾਰ (ਅੱਜ ਦੇ ਹਰਿਆਣੇ 'ਚ) ਵਿੱਚ ਜਾਟ ਲੀਡਰ ਛੋਟੂ ਰਾਮ ਕਿਸਾਨੀ ਕਰਜ਼ਿਊਂ ਦੇ ਮਸਲਿਆਂ 'ਤੇ ਬੜਾ ਮਕਬੂਲ ਹੋ ਰਿਹਾ ਸੀ। ਉਸ ਦਾ ਅਸਰ ਪੰਜਾਬ ਦੇ ਜੱਟਾਂ 'ਤੇ ਵੀ ਪੈ ਰਿਹਾ ਸੀ। ਯੂਨੀਵਰਸਿਟੀ ਪਾਰਟੀ ਨੇ ਇਹ ਮੌਕਾ ਗਨੀਮਤ ਸਮਝਿਆ ਅਤੇ ਜਾਟ ਲੀਡਰ ਛੋਟੂ ਨੂੰ ਚੋਣਾਂ ਤੋਂ ਬਾਅਦ ਆਪਣੀ ਵਜ਼ਾਰਤ ਵਿੱਚ ਲੈ ਲਿਆ, ਜਿਸ ਨੇ ਕਰਜ਼ਾ ਬਿੱਲ ਬਣਾਏ ਸਨ ਜਿਨ੍ਹਾਂ ਦੇ ਆਧਾਰ 'ਤੇ ਲਾਲਿਆਂ ਦੇ ਖਿਲਾਫ ਕਾਣੀ ਡੰਡੀ ਦੀ ਲਹਿਰ ਚਲੀ। ਮੁਲਕ ਦੀ ਅਜ਼ਾਦੀ ਦੀ ਲਹਿਰ ਤੋਂ ਦੂਜੇ ਦੀ ਕਿਸਾਨੀ ਕਰਜ਼ਿਆਂ ਦੇ ਮਸਲੇ ਦੀ ਲਹਿਰ ਸੀ। ਹੁਣ ਸਮਾਂ ਆ ਗਿਆ ਸੀ ਕਿ ਪੰਜਾਬ ਦੀ ਹਰ ਰਾਜਸੀ ਪਾਰਟੀ ਇਨ੍ਹਾਂ ਕਿਸਾਨ ਮੰਗਾਂ ਬਾਰੇ ਆਪਣਾ ਨਜ਼ਰੀਆ ਲੋਕਾਂ ਦੇ ਸਾਹਮਣੇ ਰੱਖੇ। ਇਸ ਕੰਮ ਲਈ ਲਾਇਲਪੁਰ ਨੂੰ ਹੀ ਚੁਣਿਆ ਗਿਆ ਸੀ। 1938 ਵਿੱਚ ਇਥੇ ਤਿੰਨ ਜ਼ਰਾਇਤੀ ਕਾਨਫਰੰਸਾਂ ਹੋਈਆਂ ਸਨ।

(1) ਜ਼ਿਮੀਦਾਰਾ-ਲੀਗ ਦੇ ਨਾਂ ਹੇਠ ਯੂਨੀਵਰਸਿਟੀ ਸਰਕਾਰਪ੍ਰਸਤ ਪਾਰਟੀ ਦੀ

ਕਾਨਫਰੰਸ, ਜਿਸ ਵਿੱਚ ਹੁਣ ਸਰ ਛੋਟੂ ਰਾਮ ਦੀ ਅਗਵਾਈ ਭਾਰੂ ਸੀ।

(2) ਕਾਂਗਰਸ ਦੀ ਕਾਨਫਰੰਸ ਜਿਸ ਵਿੱਚ ਆਫੀਸ਼ਲ ਕਮਿਊਨਿਸਟ ਸ਼ਾਮਲ ਸਨ ਤੇ ਗੋਪੀ ਚੰਦ ਗਾਂਧੀਵਾਦੀ ਕਾਂਗਰਸੀ ਧੜਾ ਮੋਹਰੀ ਸੀ।

(3) ਪੰਜਾਬ ਪ੍ਰੋਵਿਨਸ਼ੀਅਲ ਕਿਸਾਨ ਸਭਾ ਦਾ ਡੈਲੀਗੇਟ ਤੇ ਜਨਰਲ ਅਜਲਾਸ ਤੇ ਖੁੱਲ੍ਹੀ ਕਾਨਫਰੰਸ, ਅਕਤੂਬਰ 1938।

ਦਰਅਸਲ ਲੋਕਾਂ ਦੇ ਹਿੱਤਾਂ ਕਿਰਤੀ ਪਾਰਟੀ ਵੱਲੋਂ ਚੱਲ ਰਹੀ ਇਸ ਤਕੜੀ ਲਹਿਰ ਨੇ ਅੰਗਰੇਜ਼- ਪ੍ਰਸਤਾਂ, ਸਰਕਾਰ ਵਿਰੋਧੀਆਂ ਅਤੇ ਸੋਸ਼ਲਿਸਟ ਖਿਆਲਾਤ ਦੇ ਲੋਕਾਂ ਨੂੰ ਨਵੀਆਂ ਲੀਹਾਂ 'ਤੇ ਸੋਚਣ ਲਈ ਮਜਬੂਰ ਕਰ ਦਿੱਤਾ ਸੀ, ਅਤੇ ਲੋਕਾਂ ਦੀ ਕਚਹਿਰੀ ਵਿੱਚ ਹਰ ਇਕ ਨੂੰ ਆਪਣਾ ਆਪਣਾ ਪੱਖ ਪੇਸ਼ ਕਰਨਾ ਪਿਆ ਸੀ। ਇਸੇ ਕਾਰਨ ਨੇ ਆਪਣੀ-ਆਪਣੀ ਕਾਨਫਰੰਸ ਵਿੱਚ ਆਪਣੇ ਆਪਣੇ ਮਤੇ ਪੇਸ਼ ਕੀਤੇ ਸੀ। ਲਾਇਲਪੁਰ ਤਿੰਨ-ਨਜ਼ਰੀਆਂ ਦਾ ਸ਼ਹਿਰ ਬਣ ਕੇ ਅੱਗੇ ਆਇਆ।

ਜ਼ਿਮੀਂਦਾਰਾ ਯੂਨੀਅਨਿਸਟ ਕਾਨਫਰੰਸ

ਸਭ ਤੋਂ ਪਹਿਲਾਂ ਜ਼ਿਮੀਦਾਰਾ ਯੂਨੀਅਨਿਸਟ ਕਾਨਫਰੰਸ ਹੋਈ ਸੀ। ਹੱਕ ਵਿੱਚ ਤੇ ਮੁਖਾਲਫਤ ਵਾਲੇ ਸਭ ਲੋਕ ਇਸ ਨੂੰ ਸੁਣਨ ਆਏ ਸਨ। ਮਜ਼ਦੂਰ ਕਿਸਾਨ ਕਿਰਤੀ ਲਹਿਰ ਦਾ ਲੋਕਾਂ 'ਤੇ ਏਨਾ ਵੱਡਾ ਪ੍ਰਭਾਵ ਸੀ, ਕਿ ਇਸ ਸਰਕਾਰ ਪ੍ਰਸਤ ਕਾਨਫਰੰਸ ਦੇ ਇਕ ਗੁੱਟ ਦਾ ਨਾਂ ਉਨ੍ਹਾਂ ਵੱਲੋਂ 'ਮਜ਼ਦੂਰ ਕਿਸਾਨ ਗੇਟ' ਰੱਖਿਆ ਗਿਆ ਸੀ। ਜਿਸ 'ਤੇ ਦਾਤਰੀ ਹਥੌੜੇ ਦਾ ਨਿਸ਼ਾਨ ਵੀ ਲੱਗਾ ਹੋਇਆ ਸੀ। ਹੋ ਸਕਦੈ ਕਿ ਕਿਰਤੀ ਪਾਰਟੀ ਵੱਲ ਖਿੱਚ ਗਏ ਕਿਸਾਨਾਂ ਨੂੰ ਸੱਦਣ ਲਈ ਅਜਿਹਾ ਕਰਨਾ ਪਿਆ ਹੋਵੇ। ਹਾਜ਼ਰੀ ਕਾਫੀ ਸੀ। ਛੋਟੂ ਰਾਮ ਅਤੇ ਉਸਦੇ ਜ਼ਿਮੀਦਾਰਾ ਲੀਗ ਦੇ ਸਾਥੀ ਕਰਜ਼ਾ ਬਿੱਲਾਂ ਬਾਬਤ ਆਪਣੇ ਖਿਆਲ ਪੇਸ਼ ਕਰਨ ਵਿੱਚ ਕਾਮਯਾਬ ਹੋਏ ਸਨ। ਕਰਜ਼ਾ ਬਿੱਲ ਕਿਸਾਨਾਂ ਦੇ ਕਰਜ਼ੇ 'ਤੇ ਉੱਕੀ ਲਕੀਰ ਤਾਂ ਨਹੀਂ ਸੀ ਫੇਰਦੇ, ਪਰ ਮਸਾਹਲਤੀ ਬੋਰਡ ਕਰਨਗੇ, ਦੁੱਗਣੀ ਤੋਂ ਵੱਧ ਰਕਮ ਦੀ ਡਿਗਰੀ ਨਹੀਂ ਦਿੱਤੀ ਜਾਵੇਗੀ, ਕਿਸਾਨ ਦਾ ਘਰ ਜ਼ਮੀਨ, ਮਾਲ ਡੰਗਰ ਕੁਰਕ ਨਹੀਂ ਕੀਤਾ ਜਾ ਸਕੇਗਾ, ਵਿਆਜ਼ ਦੀ ਸ਼ਰਹ ਨੌਂ ਆਨੇ ਤੋਂ ਵੱਧ ਦੀ ਨਹੀਂ ਮੰਨੀ ਜਾਵੇਗੀ। ਮਸਾਹਲਤੀ ਬੋਰਡ 'ਚ ਇਕ ਕਿਸਾਨ ਜ਼ਿਮੀਦਾਰਾਂ ਦਾ ਨੁਮਾਇੰਦਾ, ਦੂਸਰਾ ਸਰਕਾਰ ਦਾ ਅਤੇ ਤੀਸਰਾ ਸ਼ਾਹੂਕਾਰਾਂ ਦਾ ਨੁਮਾਇੰਦਾ ਹੁੰਦਾ ਸੀ। ਇਨ੍ਹਾਂ ਤਿੰਨਾਂ ਦੀ ਨਾਮਜ਼ਦਗੀ ਸਰਕਾਰ ਨੇ ਹੀ ਕਰਨੀ ਸੀ। ਫੈਸਲਾ ਪ੍ਰਤੱਖ ਹੀ ਸੀ। ਇਨ੍ਹਾਂ ਬਿੱਲਾਂ ਤੋਂ ਪੰਜਾਬ ਦਾ ਸ਼ਾਹੂਕਾਰ ਪਿੱਟ ਉਠਿਆ ਸੀ। ਉਸ ਨੇ ਇਨ੍ਹਾਂ ਨੂੰ 'ਕਾਲੇ-ਬਿੱਲ੍ਹਾਂ' ਦੇ ਨਾਂ ਨਾਲ ਪੁਕਾਰਿਆ। ਛੋਟੂ ਰਾਮ ਵਿਰੁੱਧ ਪੰਜਾਬ ਦੇ ਸ਼ਾਹੂਕਾਰਾਂ ਨੇ ਜੱਹਾਦ ਸ਼ੁਰੂ ਕਰ ਦਿੱਤਾ ਸੀ।

ਇਸ ਤੋਂ ਸਿਵਾਏ ਇਸ ਕਾਨਫਰੰਸ ਵਿੱਚ ਜ਼ਰਾਇਤ ਪੇਸ਼ਾ 'ਤੇ ਗੈਰ-ਜ਼ਰਾਇਤ ਪੇਸ਼ਾ, ਸ਼ਹਿਰੀ ਤੇ ਦਿਹਾਤੀ ਜੱਟ ਤੇ ਲਾਲਾ ਇਕ ਦੂਜੇ ਦੇ ਵਿਰੁੱਧ ਖੜ੍ਹੇ ਕਰਨ 'ਤੇ ਜ਼ੋਰ

ਦਿੱਤਾ ਗਿਆ ਸੀ। ਇਸ ਕਾਨਫਰੰਸ ਦੀ ਸਟੇਜ ਤੋਂ ਅੰਗਰੇਜ਼ਾਂ ਤੋਂ ਮੁਲਕ ਦੀ ਅਜ਼ਾਦੀ ਦਾ ਨਾਂ ਤੱਕ ਨਹੀਂ ਲਿਆ ਗਿਆ ਸੀ। ਵਧੇ ਹੋਏ ਸਰਕਾਰੀ-ਮਾਲੀਏ ਪ੍ਰੋਫੈਸ਼ਨਲ ਟੈਕਸਾਂ, ਪੰਚੋਤਰਾ, ਤਾਹੀ ਤੇ ਬਰਾਮੀ ਮਾਲੀਏ ਦੇ ਫਰਕ ਆਦਿ ਵਿਰੁੱਧ ਇਕ ਲਫਜ਼ ਤੱਕ ਨਹੀਂ ਸੀ ਕਿਹਾ ਗਿਆ। ਸ਼ਹਿਰੀ ਅਜ਼ਾਦੀਆਂ ਲਈ ਅਤੇ ਪੁਲਸ ਦੇ ਜ਼ੁਲਮਾਂ ਵਿਰੁੱਧ ਕੁਝ ਨਹੀਂ ਸੀ ਕਿਹਾ ਗਿਆ ਅਤੇ ਨਾ ਹੀ ਸਿਆਸੀ ਕੈਦੀਆਂ ਦੀ ਰਿਹਾਈ ਜਾਂ ਬਗੈਰ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਤੇ ਪਿੰਡਾਂ ਵਿੱਚ ਡੱਕੇ ਕਿਸਾਨ ਲੀਡਰਾਂ ਦੇ ਹੱਕ ਵਿੱਚ ਅਵਾਜ਼ ਉਠਾਈ ਗਈ ਸੀ। ਸਗੋਂ ਖਾਮੋਸ਼ ਰਹਿ ਕੇ ਇਕ ਤਰ੍ਹਾਂ ਨਾਲ ਇਸ ਅਣਮਨੁੱਖੀ ਜ਼ੁਲਮ ਦੀ ਹਮਾਇਤ ਹੀ ਕੀਤੀ ਗਈ ਸੀ। ਫਿਰ ਵੀ ਇਹ ਕਰਜ਼ਾ ਬਿੱਲ ਪੰਜਾਬ ਭਰ ਵਿੱਚ ਅਤੇ ਪੰਜਾਬ ਅਸੰਬਲੀ ਵਿੱਚ ਭਾਰੀ ਬਹਿਸ ਦਾ ਵਿਸ਼ਾ ਬਣ ਗਏ ਸਨ।

ਲਾਇਲਪੁਰ ਦੀ ਦੂਜੀ ਕਾਨਫਰੰਸ

ਉਸ ਤੋਂ ਬਾਅਦ ਕਾਂਗਰਸ ਨੇ ਆਪਣੀ ਕਾਨਫਰੰਸ ਕੀਤੀ ਸੀ। ਇਹ ਇਕ ਖਿਚੜ-ਕਾਨਫਰੰਸ ਸੀ। ਕਿਰਤੀ ਪਾਰਟੀ ਤੇ ਨੌਜਵਾਨ ਸੋਸ਼ਲਿਸਟਾਂ ਨੇ ਇਸ ਵਿੱਚ ਹਿੱਸਾ ਲੈਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਪੰਜਾਬ ਪ੍ਰੋਵਿਨਸ਼ੀਅਲ ਕਾਂਗਰਸ ਉੱਤੇ ਉਸ ਸਮੇਂ ਨਾਮ ਧਰੀਕ ਗਾਂਧੀਵਾਦੀ ਡਾਕਟਰ ਗੋਪੀ ਚੰਦ ਭਾਰਗੋ ਤੇ ਅਕਾਲੀਆਂ ਦਾ ਕਬਜ਼ਾ ਸੀ। ਕਾਮਰੇਡ ਸੋਹਣ ਸਿੰਘ ਜੋਸ਼ ਸੂਬਾ ਕਾਂਗਰਸ ਦੇ ਜਨਰਲ ਸਕੱਤਰ ਸਨ। ਇਸ ਲਈ ਆਫੀਸ਼ਲ ਕਮਿਊਨਿਸਟ ਗਰੁੱਪ ਵੀ ਇਨ੍ਹਾਂ ਦਾ ਹੀ ਸਾਹ ਭਰਦਾ ਸੀ। ਕਿਰਤੀ ਪਾਰਟੀ, ਸੋਸ਼ਲਿਸਟ ਤੇ ਨੌਜਵਾਨ ਮਿਲਵੇਂ ਫਰੰਟ ਦੇ ਲੋਕ ਇਸ ਧੜੇ ਦੇ ਖਿਲਾਫ ਸਨ। ਇਸ ਕਾਂਗ੍ਰਸੀ ਕਾਨਫਰੰਸ ਵਿਚ ਸੋਹਣ ਸਿੰਘ ਜੋਸ਼, ਨਵਾਬਜ਼ਾਦਾ ਮਹਿਮੂਦ ਅਲੀ ਆਦਿ ਨੇ ਛੋਟੂ ਰਾਮ ਦੇ ਕਰਜ਼ਾ ਬਿੱਲਾਂ ਦੇ ਹੱਕ ਵਿਚ ਤਕਰੀਰਾਂ ਕੀਤੀਆਂ। ਜਦਕਿ ਸ਼ਾਹੂਕਾਰ ਨਵਾਜ਼ ਭਾਰਗੋ ਕਾਂਗਰਸੀਆਂ ਨੇ ਇਸੇ ਹੀ ਪਲੇਟਫਾਰਮ 'ਤੇ ਕਰਜ਼ਾ ਬ਼ਿਲਾਂ ਨੂੰ ਕਾਲੇ ਬਿੱਲ ਕਹਿ ਕੇ ਇਨ੍ਹਾਂ ਦੀ ਡਟ ਕੇ ਮੁਖ਼ਾਲਫਤ ਕੀਤੀ ਸੀ। ਅਕਾਲੀ ਲੀਡਰਾਂ ਦੀ ਪੁਜ਼ੀਸ਼ਨ ਇਸ ਤੋਂ ਹਾਸੋਹੀਣੀ ਸੀ। ਅਕਾਲੀ ਲੀਡਰ ਰਾਵਲਪਿੰਡੀ ਡਵੀਜ਼ਨ ਵਿਚ ਜਾ ਕੇ ਕਰਜ਼ਾ ਬਿਲਾਂ ਦੀ ਮੁਖ਼ਾਲਫ਼ਤ ਕਰਦੇ ਸਨ ਕਿਉਂਕਿ ਰਾਵਲਪਿੰਡੀ ਦੇ ਅਕਾਲੀ ਸਿੱਖ ਆਮ ਤੌਰ 'ਤੇ ਵੱਡੇ ਸ਼ਾਹੂਕਾਰ ਸਨ। ਪਰ ਜਦ ਇਹ ਜੱਟ ਸਿੱਖ ਕਿਸਾਨਾਂ ਦੇ ਇਲਾਕੇ ਕੇਂਦਰੀ ਪੰਜਾਬ ਵਿਚ ਆਉਂਦੇ ਤਾਂ ਕਰਜ਼ਾ ਬਿੱਲਾਂ ਦੇ ਹੱਕ ਵਿਚ ਤਕਰੀਰਾਂ ਕਰਦੇ ਸਨ। ਲਾਇਲਪੁਰ ਦੀ ਇਸ ਕਾਂਗਰਸ ਕਾਨਫਰੰਸ ਨੇ ਤਾਂ ਪੰਜਾਬ ਕਾਂਗਰਸ ਦੇ ਹਾਸੋਹੀਣੇ ਰੋਲ ਨੂੰ ਬੁਰੀ ਤਰ੍ਹਾਂ ਨਸ਼ਟ ਕਰ ਦਿੱਤਾ ਸੀ। ਆਫੀਸ਼ਲ ਕਮਿਊਨਿਸਟ ਗਰੁੱਪ, ਭਾਰਗੋ ਗਰੁੱਪ ਨੂੰ ਪ੍ਰੋਗੈਸਿਵ ਕਾਂਗਰਸੀਆਂ ਦਾ ਨਾਂ ਦਿੱਤਾ ਸੀ। ਉਨ੍ਹਾਂ ਦੇ ਮੌਕਾਪ੍ਰਸਤ ਗਾਂਢੇ-ਸਾਂਢੇ ਵੀ ਉਜਾਗਰ ਹੋ ਗਏ ਸਨ। 1938 ਦੀ ਜਲੰਧਰ ਜ਼ਿਲ੍ਹਾ ਕਾਂਗਰਸ ਦੀ ਪ੍ਰਧਾਨਗੀ ਦੀ ਇਲੈਕਸ਼ਨ ਵਿਚ ਜਲੰਧਰ ਜ਼ਿਲ੍ਹੇ ਦੇ ਆਫੀਸ਼ਲ ਕਮਿਊਨਿਸਟਾਂ ਨੇ

ਬਾਬਾ ਕਰਮ ਸਿੰਘ ਚੀਮਾ ਦੇ ਮੁਕਾਬਲੇ ਵਿਚ ਸੇਠ ਸੁਦਰਸ਼ਨ ਨੂੰ ਵੋਟਾਂ ਪਾ ਕੇ ਜਿਤਾਇਆ ਸੀ। ਦਰਅਸਲ ਪੰਜਾਬ ਕਾਂਗਰਸ ਦੀ ਮੁੱਢ ਤੋਂ ਹੀ ਬਦਕਿਸਮਤੀ ਰਹੀ ਸੀ ਕਿ ਇਸ ਉੱਤੇ ਸ਼ਾਹੂਕਾਰ ਨਵਾਜ਼ ਲੋਕਾਂ ਦਾ ਹੀ ਕਬਜ਼ਾ ਰਿਹਾ ਸੀ। ਪੰਜਾਬ 'ਚ ਕਾਂਗਰਸ ਦੇ ਕਮਜ਼ੋਰ ਰਹਿਣ ਦਾ ਸਭ ਤੋਂ ਵਧ ਇਹੀ ਕਾਰਣ ਸੀ। ਇਸਨੇ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਦੇ ਹਿੱਤਾਂ ਵੱਲ ਧਿਆਨ ਹੀ ਨਹੀਂ ਦਿੱਤਾ ਸੀ ਅਤੇ ਹੁਣ ਇਸ ਕਾਨਫਰੰਸ ਤੋਂ ਬਾਅਦ ਪੰਜਾਬ ਦਾ ਦੱਬਿਆ ਹੋਇਆ ਮਜ਼ਦੂਰ, ਕਿਸਾਨ ਤਬਕਾ ਨਿਰਾਸ਼ ਹੋ ਕੇ ਕਾਂਗਰਸ ਤੋਂ ਦੂਰ ਚਲਾ ਗਿਆ ਸੀ।

ਲਾਇਲਪੁਰ ਦੀ ਤੀਜੀ ਕਾਨਫਰੰਸ

ਲਇਲਪੁਰ ਵਿਚ ਤੀਜੀ ਕਾਨਫਰੰਸ ਅਕਤੂਬਰ 1938 ਵਿਚ ਕਿਰਤੀ ਪਾਰਟੀ ਨੇ ਕੀਤੀ ਸੀ। ਕਿਸਾਨੀ ਮਸਲੇ 'ਤੇ ਵਿਚਾਰ ਕਰਨ ਲਈ ਅਤੇ ਸਿਆਸੀ ਤੇ ਮਾਲੀ ਮਸਲਿਆਂ ਦੇ ਹੱਲ ਲਈ ਇਥੇ ਹੀ ਪੰਜਾਬ ਕਿਸਾਨ ਸਭਾ ਦਾ ਡੈਲੀਗੇਟ ਪ੍ਰੋਵਿਨਸ਼ੀਅਲ ਸਮਾਗਮ ਅਤੇ ਖੁੱਲ੍ਹਾ ਇਜਲਾਸ ਕੀਤਾ ਸੀ। ਜਿਸ ਵਿਚ ਛੋਟੂ ਰਾਮ ਦੇ ਕਰਜ਼ਾ ਬਿੱਲਾਂ ਬਾਰੇ ਆਪਣਾ ਨੁਕਤਾ-ਨਿਗਾਹ ਪੇਸ਼ ਕੀਤਾ ਗਿਆ ਸੀ ਜਿਸ ਨਾਲ ਦੁੱਧ ਤੇ ਪਾਣੀ ਦਾ ਪੂਰਾ ਨਿਤਾਰਾ ਹੋ ਗਿਆ। ਇਹ ਇਜਲਾਸ ਤਿੰਨ ਦਿਨ ਲਈ ਲਾਇਲਪੁਰ ਵਿਚ ਚੱਲਦਾ ਰਿਹਾ ਜਿਸ ਵਿਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਚੋਣਵੇਂ ਪੰਜ ਸੌ ਕਿਸਾਨ ਡੈਲੀਗੇਟ 'ਚ ਸ਼ਾਮਲ ਹੋਏ ਸਨ। ਇਸ ਨੂੰ ਪੰਜਾਬ ਸੂਬਾ ਕਿਸਾਨ ਸਭਾ ਦਾ ਪਹਿਲਾ ਡੈਲੀਗੇਟ ਅਜਲਾਸ ਵੀ ਕਿਹਾ ਜਾਂਦਾ ਹੈ। ਖੁੱਲ੍ਹੇ ਅਜਲਾਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ਼ਾਮਲ ਹੋਏ ਸਨ। ਜਿਨ੍ਹਾਂ ਨੇ ਪਹਿਲੀਆਂ ਦੋ ਕਾਨਫਰੰਸਾਂ ਦੇਖੀਆਂ ਹੋਈਆਂ ਸਨ ਕਿਰਤੀ ਪਾਰਟੀ ਦੇ ਸਾਹਮਣੇ ਇਕ ਹੋਰ ਅਹਿਮ ਮਸਲਾ ਵੀ ਸੀ। ਉਹ ਸੀ ਕੇਂਦਰ ਦੀ ਕਮਿਊਨਿਸਟ ਲੀਡਰ ਨੂੰ ਆਪਣੇ ਸਿਆਸੀ ਨਜ਼ਰੀਏ ਤੋਂ ਜਾਣੂੰ ਕਰਵਾਉਣਾ। ਇਸੇ ਲਈ ਕਿਰਤੀ ਪਾਰਟੀ ਦੀ ਲੀਡਰਸ਼ਿਪ ਨੇ ਕਮਿਊਨਿਸਟ ਪਾਰਟੀ ਦੇ ਕੇਂਦਰੀ ਨੇਤਾ ਕਾਮਰੇਡ ਸੱਯਾਦ ਜ਼ਹੀਰ ਨੂੰ ਇਸ ਕਾਨਫਰੰਸ ਦੀ ਪ੍ਰਧਾਨਗੀ ਕਰਨ ਲਈ ਬੁਲਾਇਆ ਸੀ। ਪ੍ਰੈੱਸ ਨੂੰ ਵੀ ਖ਼ਾਸ ਦਾਅਵਤ ਦਿੱਤੀ ਗਈ ਤੇ ਪ੍ਰੈਸ ਰਿਪੋਰਟਰਾਂ ਲਈ ਪੰਡਾਲ ਵਿਚ ਵਿਸ਼ੇਸ਼ ਇੰਤਜ਼ਾਮ ਕੀਤਾ ਗਿਆ ਸੀ। ਕੁਲਬੀਰ ਸਿੰਘ ਵੱਲੋਂ ਸੁਆਗਤੀ ਤਕਰੀਰ ਅਤੇ ਸੱਯਾਦ ਜ਼ਹੀਦ ਦੇ ਪ੍ਰਧਾਨਗੀ ਭਾਸ਼ਣ ਤੋਂ ਬਾਅਦ ਅਜਲਾਸ ਬਾਕਾਇਦਾ ਸ਼ੁਰੂ ਹੋਇਆ। ਕਿਸਾਨੀ ਮੰਗਾਂ ਤੇ ਸਿਆਸੀ ਮਸਲਿਆਂ 'ਤੇ ਮਤੇ ਬਾਕਾਇਦਾ ਡੈਲੀਗੇਟਾਂ ਦੀਆਂ ਵੋਟਾਂ ਨਾਲ ਹੱਥ ਖੜ੍ਹੇ ਕਰਨ 'ਤੇ ਪਾਸ ਹੋਏ। ਮੁਲਕ ਦੀ ਪੂਰਨ ਆਜ਼ਾਦੀ, ਸਿਆਸੀ ਕੈਦੀਆਂ ਦੀ ਰਿਹਾਈ, ਸ਼ਾਹੀ ਕੈਦੀਆਂ ਤੇ ਨਜ਼ਰਬੰਦਾਂ ਦੀ ਰਿਹਾਈ ਦੇ ਮਤੇ ਸਰਬਸੰਮਤੀ ਨਾਲ ਪਹਿਲੇ ਦਿਨ ਦੀ ਕਾਰਵਾਈ ਵਿਚ ਹੀ ਪਾਸ ਹੋ ਗਏ ਸਨ। ਜ਼ਮੀਨ ਹਲਵਾਹਕ ਦੀ, ਜਗੀਰਦਾਰੀ ਦਾ ਖ਼ਾਤਮਾ, ਰਿਆਸਤੀ ਰਾਜਿਆਂ, ਨਵਾਬਾਂ ਤੋਂ ਛੁਟਕਾਰਾ, ਤੇ ਰਿਆਸਤੀ ਪਰਜਾ ਨੂੰ ਪੂਰੇ ਹੱਕ, ਨਹਿਰੀ ਤੇ ਜ਼ਮੀਨੀ ਮਾਲੀਏ ਵਿਚ ਕਮੀ, ਪੰਜ ਏਕੜ ਤੋਂ ਘੱਟ ਨੂੰ

ਮਾਲੀਆ ਮਾਫ਼, ਮਾਲੀਆ ਇਨਕਮ ਟੈਕਸ ਦੇ ਆਧਾਰ 'ਤੇ ਲਿਆ ਜਾਵੇ, ਮੁਜ਼ਾਰਿਆਂ ਤੇ ਜਗੀਰਦਾਰਾਨਾ ਕਹਿਰ ਬੰਦ ਕੀਤਾ ਜਾਵੇ, ਮੁਜ਼ਾਰਿਆਂ ਨੂੰ ਜ਼ਮੀਨ ਦੀ ਮਾਲਕੀ ਦੇ ਹੱਕ ਦਿੱਤੇ ਜਾਣ ਅਤੇ ਫੌਰੀ ਤੌਰ 'ਤੇ ਠੱਪਾ, ਕਨਕੂਤ, ਨਜ਼ਰਾਨੇ ਦੇਣ ਦੀ ਉੱਕੀ ਬੰਦਿਸ਼ ਹੋਵੇ। ਵੱਟ ਉੱਤੇ ਅੱਧੋ-ਅੱਧ ਦਾ ਅਸੂਲ ਲਾਗੂ ਹੋਵੇ, ਆਦਿ ਦੇ ਮਤੇ ਪਾਸ ਕੀਤੇ ਗਏ ਸਨ। ਇਸ ਤੋਂ ਸਿਵਾਏ ਪੁਲਸ ਤਸ਼ੱਦਦ ਦੇ ਵਿਰੁੱਧ ਤੇ ਗੈਰ ਕਾਨੂੰਨੀ ਨਜ਼ਰਬੰਦੀ, ਜੇਲ੍ਹਬੰਦੀ ਕਾਨੂੰਨਾਂ ਦੀ ਮਨਸੂਖ਼ੀ ਦੇ ਮਤੇ ਵੀ ਪਾਸ ਹੋਏ। ਨਵੀਆਂ ਬੰਦੋਬਸਤਾਂ ਦੇ ਖਿਲਾਫ ਆਵਾਜ਼ ਉਠਾਈ ਗਈ ਤੇ ਇਲਾਕੇ-ਇਲਾਕੇ ਦੇ ਮਸਲਿਆਂ 'ਤੇ ਮਤੇ ਪਾਸ ਹੋਏ ਸਨ। ਇਸ ਕਿਸਾਨ ਡੈਲੀਗੇਟ ਅਜਲਾਸ ਨੇ ਛੋਟੂ ਰਾਮ ਦੇ ਕਰਜ਼ੇ ਬਿਲਾਂ ਨੂੰ ਇਕ ਹੱਦ ਤਕ ਕਿਸਾਨਾਂ ਨੂੰ ਰਿਆਇਤਾਂ ਦੇਣ ਵਾਲੇ ਦੱਸਿਆ ਤੇ ਇਸਦੇ ਫਲਸਰੂਪ ਇਨ੍ਹਾਂ ਬਿੱਲਾਂ ਦੀ ਸਰਬਸੰਮਤੀ ਨਾਲ ਹਮਾਇਤ ਦਾ ਮਤਾ ਪਾਸ ਕੀਤਾ ਸੀ। ਇਸਦੇ ਨਾਲ ਹੀ ਮੰਗ ਕੀਤੀ ਗਈ ਕਿ ਕਰਜ਼ੇ ਤੇ ਉੱਕੀ ਲਕੀਰ ਫੇਰਨ ਤੋਂ ਬਗੈਰ ਕਿਸਾਨਾਂ ਦਾ ਛੁਟਕਾਰਾ ਨਹੀਂ ਹੋ ਸਕਦਾ।

ਇਸ ਮਤੇ 'ਤੇ ਬੋਲਦਿਆਂ ਕਿਰਤੀ ਲੀਡਰਾਂ ਨੇ ਵਾਂਅਜ਼ਿਆਂ ਕਰ ਦਿੱਤਾ ਸੀ ਕਿ ਮਸਲਾ ਜ਼ਰਾਇਤ-ਪੇਸ਼ਾ ਤੇ ਗੈਰ-ਜ਼ਰਾਇਤ ਪੇਸ਼ਾ ਦਾ ਨਹੀਂ, ਸਗੋਂ ਮਕਰੂਜ਼ ਤੇ ਸ਼ਾਹੂਕਾਰ ਦਾ ਹੈ। ਸ਼ਾਹੂਕਾਰ ਭਾਵੇਂ ਜੱਟ ਹੀ ਹੋਵੇ ਉਹ ਵੀ ਸ਼ਾਹੂਕਾਰ ਹੀ ਹੈ, ਇਹ ਕਾਨੂੰਨ ਉਸ 'ਤੇ ਵੀ ਲਾਗੂ ਹੋਣਾ ਚਾਹੀਦਾ ਹੈ। ਮਸਲਾ ਦਿਹਾਤੀ ਵਿਰੁੱਧ ਸ਼ਹਿਰੀ ਦਾ ਨਹੀਂ ਬਲਕਿ ਮਜ਼ਦੂਰ ਵਿਰੁੱਧ ਸਰਮਾਏਦਾਰੀ ਦਾ ਹੈ ਅਤੇ ਕਿਸਾਨ ਤੇ ਮੁਜ਼ਾਰਾ ਬਨਾਮ ਜਗੀਰਦਾਰੀ ਤੇ ਲੈਂਡਲਾਰਡਇਜ਼ਮ ਦਾ ਹੈ। ਰਾਜੇ ਨਵਾਬ ਵਿਰੁੱਧ ਰਿਆਸਤੀ ਪਰਜਾ ਦਾ ਹੈ। ਅੰਗਰੇਜ਼ੀ ਰਾਜ ਵਿਰੁੱਧ ਆਜ਼ਾਦੀ ਲਈ ਲੜ ਰਹੇ ਹਿੰਦੋਸਤਾਨ ਦੇ ਲੋਕਾਂ ਦਾ ਹੈ। ਇਸ ਲਈ ਯੂਨੀਅਨਿਸਟ ਕਾਨਫਰੰਸ ਵਿਚ ਇਸ ਤਰ੍ਹਾਂ ਦੇ ਪਾਏ ਮਿਹਨਤੀ ਜਨਤਾ ਵਿਚ ਤਫ਼ਰਕਿਆਂ ਵਿਰੁੱਧ ਵੀ ਲੋਕਾਂ ਨੂੰ ਸੁਚੇਤ ਕੀਤਾ ਗਿਆ ਸੀ। ਮਿਹਨਤੀ ਲੋਕਾਂ ਵਿਚ ਯੂਨੀਅਨਿਸਟ ਜਗੀਰਦਾਰਾਂ ਦੇ ਫੁੱਟਪਾਊ ਰੋਲ ਨੂੰ ਨਸ਼ਰ ਕੀਤਾ ਗਿਆ ਸੀ ਤੇ ਦੱਸਿਆ ਗਿਆ ਸੀ ਕਿ ਅਸੂਲੀ ਮਸਲਾ ਮਿਹਨਤਕਸ਼ ਜਮਾਤਾਂ ਵੱਲੋਂ ਵਿਹਲੜ ਲੋਟੂ ਜਮਾਤਾਂ ਦੀ ਮੁਖ਼ਾਲਫ਼ਤ ਦਾ ਹੈ, ਜ਼ਾਲਮ ਤੇ ਮਜ਼ਲੂਮ ਦਾ ਹੈ। ਮਸਲਾ ਆਜ਼ਾਦੀ ਤੇ ਗੁਲਾਮੀ ਦਰਮਿਆਨ ਹੈ।

ਪੰਜਾਬ ਕਾਂਗਰਸ ਦੀ ਸ਼ਾਹੂਕਾਰਾ ਨਵਾਜ਼ ਪਾਲਿਸੀ ਦੀ ਵੀ ਮੁਜ਼ੱਮਤ ਕੀਤੀ ਗਈ ਤੇ ਇਸਨੂੰ ਮੁਲਕੀ ਮੁਫ਼ਾਦਾਂ ਦੇ ਖ਼ਿਲਾਫ਼ ਕਰਾਰ ਦਿੱਤਾ ਗਿਆ ਸੀ। ਤੇ ਮੁਲਕ ਦੀ ਆਜ਼ਾਦੀ ਲਈ ਲੜੇ ਜਾ ਰਹੇ ਜਨਤਾ ਦੇ ਘੋਲ ਨੂੰ ਨੁਕਸਾਨ ਪਹੁੰਚਾਉਣ ਵਾਲਾ ਦੱਸਿਆ ਸੀ। ਜਿੰਨਾ ਚਿਰ ਪੰਜਾਬ ਕਾਂਗਰਸ ਤੋਂ ਸ਼ਾਹੂਕਾਰ ਨਵਾਜ਼ ਲੋਕਾਂ ਦਾ ਪੱਲੜਾ ਹਲਕਾ ਨਹੀਂ ਕਰ ਦਿੱਤਾ ਜਾਂਦਾ ਤੇ ਇਸ ਵਿਚ ਪੰਜਾਬ ਦੇ ਮਜ਼ਦੂਰਾਂ, ਕਿਸਾਨਾਂ ਦੀ ਨੁਮਾਇੰਦਗੀ ਵਧ ਨਹੀਂ ਜਾਂਦੀ, ਕਾਂਗਰਸ ਆਪਣੇ ਆਜ਼ਾਦੀ ਦੇ ਘੋਲ ਵਿਚ ਕਾਮਯਾਬ ਨਹੀਂ ਹੋ ਸਕਦੀ। ਅਕਾਲੀਆਂ ਦੀ ਦੋਮੂੰਹੀ ਪਾਲਿਸੀ ਦੀ ਵੀ ਮੁਜ਼ੱਮਤ ਕੀਤੀ ਗਈ।

ਆਫੀਸ਼ਲ ਕਮਿਊਨਿਸਟ ਭਰਾਵਾਂ ਨੂੰ ਵੀ ਅਪੀਲ ਕੀਤੀ ਗਈ ਕਿ ਉਨ੍ਹਾਂ ਦਾ ਜੋੜ ਕਿਰਤੀ ਸ਼ੋਸ਼ਲਿਸਟ ਤੇ ਨੌਜੁਆਨ ਸਭਾ ਦੇ ਨਾਲ ਸ਼ੋਭਦਾ ਹੈ, ਨਾ ਕਿ ਭਾਰਗੋ ਤੇ ਅਕਾਲੀ ਗਠਜੋੜ ਨਾਲ।

ਇਸ ਕਾਨਫਰੰਸ ਵਿਚ ਪੰਜਾਬ ਦੇ ਕਿਸਾਨੀ ਮਸਲਿਆਂ ਦਾ ਚਾਰਟਰ ਪਾਸ ਕਰਵਾਇਆ ਗਿਆ ਅਤੇ ਅੰਗਰੇਜ਼ ਪੱਖੀ ਯੂਨੀਅਨਿਸਟ ਵਜ਼ਾਰਤ ਵਿਰੁੱਧ ਫੈਸਲਾਕੁੰਨ ਮੋਰਚਾ ਲਾਉਣ ਦਾ ਐਲਾਨ ਕੀਤਾ ਗਿਆ ਸੀ। ਜ਼ਿਲ੍ਹੇ ਵਾਰ ਇਕ ਲੱਖ ਵਲੰਟੀਅਰ ਭਰਤੀ ਕਰਨ ਦੇ ਕੋਟੇ ਲਾਏ ਗਏ ਸਨ, ਜਿਹੜੇ ਪੰਜਾਬ ਕਿਸਾਨ ਸਭਾ ਦੇ ਹੁਕਮ ਅਨੁਸਾਰ ਜੱਦੋ ਜਹਿਦ ਦੇ ਮੈਦਾਨ ਵਿਚ ਕੁੱਦਣ। ਜ਼ਿਲ੍ਹਾ ਕਮੇਟੀਆਂ ਨੂੰ ਹਦਾਇਤ ਕੀਤੀ ਗਈ ਕਿ ਉਹ ਸਰਕਾਰ ਦੀ ਕਿਸੇ ਵੀ ਭੜਕਾਹਟ ਦਾ ਸ਼ਿਕਾਰ ਨਾ ਹੋਣ। ਮੁਕਾਮੀ ਮਸਲਿਆਂ ਲਈ ਵੀ ਅੰਦੋਲਨ ਤੇ ਪ੍ਰਚਾਰ ਕਰਨ। ਜਥੇਬੰਦੀ ਨੂੰ ਤੇ ਵਲੰਟੀਅਰਾਂ ਦੀ ਭਰਤੀ ਨੂੰ ਪਹਿਲ ਦੇਣ। ਜੇ ਕਿਸੇ ਮੁਕਾਮੀ ਮਸਲੇ ਉਤੇ ਝਗੜਾ ਵੀ ਹੋ ਜਾਵੇ ਤਾਂ ਉਸਨੂੰ ਆਪਣੀ ਤਾਕਤ ਅਨੁਸਾਰ ਨਜਿੱਠਣ। ਜ਼ਿਲ੍ਹੇਵਾਰ ਮਸਲੇ ਹੱਲ ਕਰਦਿਆਂ ਜਾਂ ਜਲੂਸ ਮੁਜ਼ਾਹਰੇ ਕਰਦਿਆਂ ਮੋਰਚਾ ਲੱਗ ਜਾਵੇ ਤਾਂ ਜ਼ਿਲ੍ਹਾ ਕਮੇਟੀਆਂ ਆਪਣੀ ਤਾਕਤ ਤੋਂ ਕੰਮ ਲੈ ਕੇ ਫੈਸਲੇ ਕਰਨ। ਪਹਿਲ ਆਉਣ ਵਾਲੇ ਸਰਬ ਪੰਜਾਬ ਮੋਰਚੇ ਨੂੰ ਦਿੱਤੀ ਜਾਵੇਗੀ। ਜੋ ਫੈਸਲਾਕੁੰਨ ਹੋਵੇਗਾ ਤੇ ਲਗਾਤਾਰ ਲੜਿਆ ਜਾਵੇਗਾ।

ਅਖ਼ੀਰਲੇ ਦਿਨ ਪੰਜਾਬ ਕਿਸਾਨ ਸਭਾ ਦੇ ਅਹੁਦੇਦਾਰਾਂ ਦੀ ਚੋਣ ਹੋਈ। ਜਿਸ ਵਿਚ ਬਾਬਾ ਕੇਸਰ ਸਿੰਘ ਪ੍ਰਧਾਨ, ਬਾਬਾ ਅਰੂੜ ਸਿੰਘ ਮੀਤ ਪ੍ਰਧਾਨ ਅਤੇ ਭਗਤ ਸਿੰਘ ਬਿਲਗਾ ਜਨਰਲ ਸਕੱਤਰ ਚੁਣੇ ਗਏ ਸਨ। ਕਾਮਰੇਡ ਟਹਿਲ ਸਿੰਘ ਭੰਗਾਲੀ ਤੇ ਕਰਤਾਰ ਸਿੰਘ ਗਿੱਲ ਸਹਾਇਕ ਸਕੱਤਰ ਚੁਣੇ ਗਏ ਸਨ। ਖਜਾਨਚੀ ਅਰੂੜ ਸਿੰਘ ਨੂੰ ਬਣਾਇਆ ਗਿਆ ਸੀ।

ਅਜਲਾਸ ਖ਼ਤਮ ਹੋਇਆ। ਡੈਲੀਗੇਟ ਪੁਰਉਤਸ਼ਾਹ ਸਰਕਾਰ ਨਾਲ ਆਖ਼ਰੀ ਲੋਹਾ ਲੈਣ ਲਈ ਵਾਪਸ ਆਪਣੇ-ਆਪਣੇ ਜ਼ਿਲ੍ਹਿਆਂ ਨੂੰ ਪਰਤੇ ਸਨ। ਭਗਤ ਸਿੰਘ ਬਿਲਗਾ ਜਨਰਲ ਸਕੱਤਰ ਨੂੰ ਰਸਤੇ ਵਿਚ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਬਿਲਗੇ ਪਿੰਡ ਦੀ ਹਦੂਦ ਵਿਚ ਹੀ ਨਜ਼ਰਬੰਦ ਕਰ ਦਿੱਤਾ ਗਿਆ ਸੀ। ਕਿਰਤੀ ਲੀਡਰਸ਼ਿਪ ਨੇ ਫੈਸਲਾ ਕੀਤਾ ਕਿ ਭਗਤ ਸਿੰਘ ਬਿਲਗਾ ਪਾਰਟੀ ਵੱਲੋਂ ਕੀਤੇ ਗਏ ਫੈਸਲਿਆਂ ਦੀ ਕਾਮਯਾਬੀ ਲਈ ਪਲੈਨ ਤਿਆਰ ਕਰੇ ਅਤੇ ਪਿੰਡ ਨਾ ਛੱਡੇ।

ਪੰਜਾਬ ਕਿਸਾਨ ਸਭਾ ਦਾ ਅਗਲਾ ਅਜਲਾਸ 5-7 ਸਤੰਬਰ ਨੂੰ ਸਰਗੋਧੇ ਵਿਚ ਹੋਇਆ। ਜਿਸ ਵਿਚ ਬਾਬਾ ਅਰੂੜ ਸਿੰਘ ਪ੍ਰਧਾਨ ਤੇ ਡਾਕਟਰ ਭਾਗ ਸਿੰਘ ਜਨਰਲ ਸਕੱਤਰ ਚੁਣੇ ਗਏ ਸਨ। 23 ਮਾਰਚ 1939 ਨੂੰ ਲਾਹੌਰ ਕਿਸਾਨ ਮੋਰਚਾ ਲੱਗ ਚੁੱਕਾ ਸੀ ਅਤੇ ਇਹ ਸ਼ੈਸ਼ਨ ਉਸ ਮੋਰਚੇ ਦੌਰਾਨ ਹੋਇਆ ਸੀ। ਚਾਰ ਹਜ਼ਾਰ ਕਿਸਾਨ ਉਦੋਂ ਤੱਕ ਜੇਲ੍ਹ ਜਾ ਚੁੱਕੇ ਸਨ। ਜੰਗ ਸ਼ੁਰੂ ਹੋ ਗਈ ਤਾਂ ਕਿਸਾਨ ਸਭਾ ਦਾ ਤੀਸਰਾ ਅਜਲਾਸ ਮਾਰਚ 1940 ਵਿਚ ਅੰਮ੍ਰਿਤਸਰ ਵਿਚ ਹੋਇਆ।

'ਦੁਆਬੇ ਮੇਂ ਨਹਿਰ ਨਿਕਾਲੋ' (20 ਦਸੰਬਰ 1938)

ਮਲਕਾ ਨੂਰ ਜਹਾਂ ਨੇ ਆਪਣੀਆਂ ਗਰਮੀਆਂ ਕੱਟਣ ਲਈ ਨੂਰ ਮਹੱਲ ਦੀ ਸਰਾਏ ਅਤੇ ਨੂਰ ਮਹੱਲ ਇਸ ਕਰਕੇ ਬਣਾਇਆ ਸੀ ਕਿ ਇਹ ਦੋ ਪਾਣੀਆਂ (ਦੋਆਬਾ) ਨਾਲ ਘਿਰਿਆ ਸਰਸਬਜ਼ ਇਲਾਕਾ ਸੀ। ਰੋਪੜ ਬੰਨ੍ਹ ਲਾ ਕੇ ਸਰਹੱਦ ਨਹਿਰ ਕੱਢਣ ਨਾਲ ਦਰਿਆ ਸਤਲੁੱਜ ਇਕ ਨਦੀ ਬਣਕੇ ਰਹਿ ਗਿਆ ਸੀ। ਖੂਹਾਂ ਦਾ ਪਾਣੀ 52 ਤੋਂ 56 ਫੁੱਟ ਹੇਠਾਂ ਚਲਾ ਗਿਆ ਸੀ। ਪੁਰਾਣੇ ਖੂਹ ਤਾਂ ਸੁੱਕ ਹੀ ਗਏ ਸਨ। ਕਈ ਵਾਰੀ ਕਿਸਾਨ ਨੂੰ ਖੂਹ ਵਿਚ ਵਾਰ-ਵਾਰ ਉੱਤਰਕੇ ਟੋਭਣੀ ਬਣਾਉਣੀ ਪੈਂਦੀ ਸੀ, ਜਿਸ ਨਾਲ ਉਹ ਕਿਆਰਾ-ਕਿਆਰਾ ਕਰਕੇ ਸਿੰਚਾਈ ਕਰਦਾ ਸੀ। ਦੂਜੇ ਪਾਸੇ ਜ਼ਮੀਨੀ ਮਾਲੀਏ ਦੀ ਸ਼ਰਹ ਇਸ ਇਲਾਕੇ ਵਿਚ ਸਭ ਤੋਂ ਵੱਧ ਸੀ। ਇਥੋਂ ਦੇ ਕਿਸਾਨ ਪ੍ਰਦੇਸਾਂ ਨੂੰ ਗਏ। ਜ਼ਮੀਨ ਦੀ ਥੁੜੋਂ ਕਾਰਨ ਉਨ੍ਹਾਂ ਨੇ ਨੀਲੀ ਬਾਰ ਨੂੰ ਜਾ ਕੇ ਆਬਾਦ ਕੀਤਾ ਸੀ। ਗ਼ਦਰ ਪਾਰਟੀ ਦੇ ਦੂਜੇ ਸੱਦੇ 'ਤੇ ਆਉਣ ਵਾਲੇ ਗ਼ਦਰੀ ਜ਼ਿਆਦਾਤਰ ਏਸ ਇਲਾਕੇ ਦੇ ਸਨ। ਇਸ ਵਿਚ ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ ਦੀ ਰਿਆਸਤ ਹੈ। ਇਹ ਬੱਬਰ ਅਕਾਲੀ ਲਹਿਰ ਦਾ ਵੀ ਗੜ੍ਹ ਬਣਿਆ। ਜ਼ਮੀਨ, ਰੋਟੀ ਤੇ ਆਜ਼ਾਦੀ ਦੀ ਲੜਾਈ ਲੜ ਰਹੇ ਇਨ੍ਹਾਂ ਕਿਸਾਨਾਂ ਦੀ 1935 ਵਿਚ ਮੰਗ ਸੀ 'ਦੁਆਬੇ ਮੇਂ ਨਹਿਰ ਨਿਕਾਲੋ', 'ਕਰਜ਼ੇ 'ਤੇ ਉੱਕੀ ਲਕੀਰ', 'ਮਾਲੀਆ ਇਨਕਮ ਟੈਕਸ ਦੀ ਸ਼ਰਹ 'ਤੇ ਲੱਗੇ'। ਬਰਤਾਨਵੀ ਸਰਕਾਰ ਉਹ ਕੁਝ ਵੀ ਕਰਨ ਲਈ ਤਿਆਰ ਨਹੀਂ ਸੀ। ਸਰਕਾਰ ਦਾ ਬਹਾਨਾ ਸੀ ਕਿ ਇਸ ਖੇਤਰ ਦੀ ਜ਼ਮੀਨ ਉੱਚੀ ਹੈ ਜਿਸ ਕਰਕੇ ਰੋਪੜ ਤੋਂ ਇਧਰ ਨੂੰ ਪਾਣੀ ਨਹੀਂ ਚੜ੍ਹ ਸਕਦਾ। ਕਿਸਾਨਾਂ ਦਾ ਇਕ ਡੈਪੂਟੇਸ਼ਨ ਛੋਟੂ ਰਾਮ ਅਤੇ ਖੋਸਲਾ ਚੀਫ਼ ਇੰਜੀਨੀਅਰ ਨੂੰ ਮਿਲਿਆ। ਚੀਫ਼ ਇੰਜੀਨੀਅਰ ਨੇ ਡੈਪੂਟੇਸ਼ਨ ਨੂੰ ਦੱਸਿਆ ਕਿ ਦੁਆਬੇ ਨੂੰ ਰੋਪੜ ਤੋਂ ਨਹਿਰ ਨਿਕਲ ਸਕਦੀ ਹੈ ਪਰ ਸਰਕਾਰ ਕੱਢਣਾ ਨਹੀਂ ਚਾਹੁੰਦੀ। ਇਸ ਕਰਕੇ ਮੈਂ ਵੀ ਕਹਿ ਦਿੰਦਾ ਹਾਂ ਕਿ ਦੁਆਬੇ ਦੀ ਜ਼ਮੀਨ ਉੱਚੀ ਹੈ ਪਾਣੀ ਨਹੀਂ ਚੜ੍ਹੇਗਾ। ਦੁਆਬਾ ਉੱਜੜ ਰਿਹਾ ਸੀ। ਬੂਝਾ ਸਿੰਘ ਤੇ ਡਾਕਟਰ ਭਾਗ ਸਿੰਘ ਦੀ ਅਗਵਾਈ ਵਿਚ ਇਕ ਨਵਾਂ ਲੇਅ ਮੈਦਾਨ ਵਿਚ ਆ ਰਿਹਾ ਸੀ। ਚੈਨ ਸਿੰਘ ਚੈਨ, ਗੁਰਚਰਨ ਸਿੰਘ ਰੰਧਾਵਾ, ਗੁਰਬਖ਼ਸ਼ ਸਿੰਘ ਅੱਟਾ, ਅਜੀਤ ਸਿੰਘ ਗੜ੍ਹਪਧਾਣਾ, ਮਹਿੰਗਾ ਸਿੰਘ ਖਾਨਖਾਨਾ, ਵਿਸ਼ਨੂੰ ਦੱਤ ਸ਼ਰਮਾ ਤੇ ਰਜਿੰਦਰ ਸਿੰਘ ਸਰੀਂਹ ਕਿਰਤੀ ਪਾਰਟੀ ਦੇ ਲੀਡਰਾਂ ਤੇ ਕਾਰਕੁੰਨਾਂ ਵਿਚ ਸ਼ਾਮਲ ਹੋ ਚੁੱਕੇ ਸਨ। ਭਗਤ ਸਿੰਘ ਬਿਲਗਾ ਉਸ ਵੇਲੇ ਸੂਬਾ ਕਮੇਟੀ ਦੇ ਸਕੱਤਰ ਸਨ ਤੇ ਪਿੰਡ ਨਜ਼ਰਬੰਦ ਸਨ। ਸਾਰਿਆਂ ਨੇ ਮੀਟਿੰਗ ਕਰਕੇ ਫੈਸਲਾ ਲਿਆ ਕਿ 'ਦੁਆਬੇ ਮੇਂ ਨਹਿਰ ਨਿਕਾਲੋ' ਦੇ ਸੁਆਲ 'ਤੇ ਜਲੰਧਰ ਸ਼ਹਿਰ ਵਿਚ ਭਾਰੀ ਰੈਲੀ ਤੇ ਮੁਜ਼ਾਹਰਾ ਕੀਤਾ ਜਾਏ। ਹਰ ਇਲਾਕੇ ਤੋਂ ਜੱਥੇ ਕਿਰਤੀ ਵਰਕਰਾਂ ਦੀ ਅਗਵਾਈ ਵਿਚ ਪੈਦਲ ਮਾਰਚ ਕਰਦੇ ਹੋਏ ਜਲੰਧਰ ਪਹੁੰਚਣ। ਪਿੰਡ-ਪਿੰਡ ਜਲਸੇ ਕੀਤੇ ਗਏ। ਲੋਹੀਆਂ ਦੇ ਇਲਾਕੇ ਵਿਚ ਬਾਬਾ ਨੱਥਾ ਸਿੰਘ ਲਾਲ ਝੰਡੇ ਵਾਲਾ ਪਿੰਡ-ਪਿੰਡ ਫਿਰਦਾ ਰਿਹਾ

ਸੀ, "ਭੋਲਿਓ ਕਿਸਾਨੋ! ਦੁਨੀਆਂ ਦਾ ਕਿਸਾਨ ਟਰੈਕਟਰਾਂ ਨਾਲ ਖੇਤੀ ਕਰਦਾ ਹੈ, ਨਹਿਰਾਂ, ਟਿਊਬਵੈੱਲਾਂ ਨਾਲ ਪਾਣੀ ਦਿੰਦਾ ਹੈ, ਉਸਦੇ ਘਰ ਬਿਜਲੀ ਜਗਮਗਾਉਂਦੀ ਹੈ।" ਦਰਅਸਲ ਉਹ ਬੂਝਾ ਸਿੰਘ ਦੇ ਲੈਕਚਰਾਂ ਨੂੰ ਸੱਥਾਂ ਵਿਚ ਜਾ ਕੇ ਦੁਹਰਾਉਂਦਾ ਸੀ। "ਹਲ਼, ਕਮਜ਼ੋਰ ਢੱਗੇ, ਹਨ੍ਹੇਰਾ ਘਰ ਤੇ ਬਰਾਨੀ ਜ਼ਮੀਨ ਤੈਨੂੰ ਬਚਾ ਨਹੀਂ ਸਕਦੇ। ਕਰਜ਼ ਇੰਜ ਨਹੀਂ ਉਤਰਨੇ, ਚਲੋ 'ਦੁਆਰੇ ਮੇਂ ਨਹਿਰ ਨਿਕਾਲੋ' ਦੇ ਮੁਜ਼ਾਹਰੇ ਵਿਚ ਸ਼ਾਮਲ ਹੋਵੋ ਤੇ ਮੁਲਕ ਦੀ ਆਜ਼ਾਦੀ ਲਈ ਅੱਗੇ ਵਧੋ।" ਮੁਜ਼ਾਹਰੇ ਦਾ ਦਿਨ ਆ ਗਿਆ। ਬਾਬਾ ਨੱਥਾ ਸਿੰਘ, ਬੇਅੰਤ ਸਿੰਘ ਕੰਗ ਤੇ ਟਹਿਲ ਸਿੰਘ ਨੂੰ ਨਾਲ ਲੈ ਜਲੰਧਰ ਵੱਲ ਤੁਰ ਪਿਆ। ਨਕੋਦਰ, ਸ਼ੰਕਰ, ਲਿੱਤਰਾਂ, ਮਹਿਤਪੁਰ ਤੋਂ ਜਸਵੰਤ ਸਿੰਘ ਵਿਰਦੀ, ਨਿਰਮਲ ਸਿੰਘ ਲਿੱਤਰਾਂ ਤੇ ਬਚਨ ਸਿੰਘ ਮਹਿਤਪੁਰ ਆਪਣੇ ਜੱਥੇ ਲੈ ਰਵਾਨਾ ਹੋ ਗਏ। ਬਾਬਾ ਗੰਗਾ ਸਿੰਘ ਮਲਸੀਹਾਂ ਜੋ ਕਦੇ ਸ਼ਾਹਕੋਟ ਦੇ ਇਲਾਕੇ ਵਿਚ ਸਰਦਾਰ ਸਵਰਨ ਸਿੰਘ ਦੇ ਖ਼ਾਸ ਹਮਾਇਤੀ ਹੁੰਦੇ ਸਨ, ਵੀ ਕਿਰਤੀ, ਕਿਸਾਨਾਂ ਵਿਚ ਆ ਮਿਲੇ। ਜਵਾਲਾ ਸਿੰਘ ਸਾਦਿਕਪੁਰ ਨਕੋਦਰ ਚੜ੍ਹਦੇ ਵੱਲੋਂ ਕਿਸਾਨ ਇਕੱਤਰ ਕਰਕੇ ਰੈਲੀ ਵਿਚ ਸ਼ਾਮਲ ਹੋਣ ਲਈ ਤੁਰ ਪਿਆ।

ਨਵਾਂਸ਼ਹਿਰ ਤੋਂ ਹੁਕਮ ਸਿੰਘ ਮਾਰੀਓ, ਕਿਰਪਾ ਸਿੰਘ ਭਰੋਮਜ਼ਾਰਾ, ਦੌਲਤਪੁਰੀਏ ਬੱਬਰ, ਆਤਮਾ ਸਿੰਘ ਬੀਕਾ ਵੀ ਜਥੇ ਦੇ ਨਾਲ ਆ ਗਏ ਸਨ। ਦੁਆਬੇ ਦੇ ਮੇਲਿਆਂ ਦਾ ਸ਼ਿੰਗਾਰ ਧਨੀ ਰਾਤ ਚਾਤ੍ਰਿਕ ਦੇ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਦਾ ਪ੍ਰਤੀਕ ਤਾਇਆ ਚਿੰਤਾ ਮਹਿਲ-ਗਹਿਲਾਂ, ਸੁਰਿੰਦਰ ਮੋਹਨ ਮਾਹਿਲ, ਧੰਨਾ ਸਿੰਘ ਸੁੱਜੋਂ ਜਥੇ ਵਿਚ ਸ਼ਾਮਲ ਸਨ।

ਢੋਲਾਂ ਦੀ ਆਵਾਜ਼ ਕੰਨ ਪਾੜ ਰਹੀ ਸੀ। ਮੂੰਹ 'ਤੇ ਇਕੋ ਨਾਹਰਾ ਸੀ, "ਦੁਆਬੇ ਮੇਂ ਨਹਿਰ ਨਿਕਾਲੋ'। ਰੈਲੀ ਸ਼ੁਰੂ ਕਰਨ ਲਈ ਅਜੇ ਉਡੀਕ ਹੋ ਰਹੀ ਸੀ, ਚੜ੍ਹਦੇ ਜਲੰਧਰ ਵੱਲੋਂ ਲੋਕਾਂ ਦਾ ਹੜ੍ਹ ਬੱਲੀ ਦੁਸਾਂਝ, ਅਨਵਰ ਅੱਪਰਾ, ਗੋਹੀਰਾਂ ਦੇ ਮੁਹੰਮਦਾ ਅਤੇ ਮੁਹੰਮਦ ਅਲੀ ਤੇ ਸੰਸਾਰ ਚੰਦ ਪਾਸਲੇ ਦੀ ਅਗਵਾਈ ਵਿਚ ਜਲੰਧਰ ਪਹੁੰਚ ਗਿਆ। ਗ਼ਦਰੀ ਬਾਬੇ ਆਪਣੀ ਉੱਮਤ ਨੂੰ ਵੇਖ ਗਦ-ਗਦ ਹੋ ਰਹੇ ਸਨ। ਸਾਰਾ ਹੀ ਜੰਡਿਆਲਾ ਭਾਈ ਸ਼ੇਰ ਸਿੰਘ, ਜਗਜੀਤ ਜੱਗੀ ਤੇ ਮਹਿੰਦਰ ਕਾਲੇ ਦੀ ਰਹਿਨੁਮਾਈ ਵਿਚ ਛਾਉਣੀ ਟੱਪ ਆਇਆ ਸੀ। ਬੰਡਾਲੇ ਤੋਂ ਦੀਵਾਨ ਸਿੰਘ, ਨਰੰਜਣ ਸਿੰਘ, ਬਿਲਗੇ ਤੋਂ ਨਿਰਮਲ ਸਿੰਘ ਰੂਸ ਤੇ ਉਸਦੇ ਨੌਜਵਾਨ ਪੁੱਤਰ ਅਰਜਨ ਸਿੰਘ ਰੁੜਕੀਆ ਸਮੇਤ ਜਲੰਧਰ ਵੱਲ ਵਧ ਰਹੇ ਸਨ।

ਰੈਲੀ ਸ਼ੁਰੂ ਹੋ ਗਈ, ਲੱਖ ਤੋਂ ਵੱਧ ਦਾ ਇਕੱਠ ਜਲੰਧਰ ਸ਼ਹਿਰ ਵਿਚ ਪਹਿਲੀ ਵਾਰ ਹੋਇਆ ਸੀ। ਹਤਿਆਰੇ ਬੇਲਾ ਸਿੰਘ ਜੈਨ ਦਾ ਮੁਕਤੀ ਦਾਤਾ ਗ਼ਦਰੀ ਸੂਰਬੀਰ ਬਾਬਾ ਹਰੀ ਸਿੰਘ ਸੂੰਢ ਪ੍ਰਧਾਨ ਜ਼ਿਲ੍ਹਾ ਕਿਸਾਨ ਕਮੇਟੀ ਫੁੱਲਾਂ ਦੇ ਹਾਰਾਂ ਨਾਲ ਲੱਦਿਆ ਹੋਇਆ ਸੀ। ਉਸਦੇ ਪਿੱਛੇ ਬਾਬਾ ਭਗਵਾਨ ਸਿੰਘ ਦੁਸਾਂਝ, ਕਰਮ ਸਿੰਘ ਚੀਮਾ, ਭਾਗ ਸਿੰਘ ਕੈਨੇਡੀਅਨ, ਵਰਿਆਮ ਸਿੰਘ ਜੰਡਿਆਲਾ ਤੇ ਬਾਬਾ ਬੀਰ ਸਿੰਘ ਪੁਆਦੜਾ

ਚਲ ਰਹੇ ਸਨ। ਸਭ ਤੋਂ ਅੱਗੇ ਊਠ 'ਤੇ ਸਵਾਰ ਬਾਬਾ ਲਾਲ ਸਿੰਘ ਜੰਡਿਆਲਾ ਟਮਕ ਵਜਾ ਰਿਹਾ ਸੀ। ਲੋਕਾਂ ਦੇ ਇਸ ਸਮੁੰਦਰ ਨੇ ਅੰਗਰੇਜ਼ੀ ਡਿਪਟੀ ਕਮਿਸ਼ਨਰ ਜਲੰਧਰ ਦੇ ਕੰਨ ਖੋਲ੍ਹ ਦਿੱਤੇ ਤੇ ਬ੍ਰਿਟਿਸ਼ ਹਕੂਮਤ ਨੂੰ ਪਤਾ ਲੱਗ ਗਿਆ ਕਿ ਕਿਰਤੀ ਪਾਰਟੀ ਦੀ ਰਹਿਨੁਮਾਈ ਵਿਚ ਦੁਆਬੇ ਦੇ ਲੋਕ ਨਹਿਰ ਦੀ ਮੰਗ ਕਰ ਰਹੇ ਹਨ ਤੇ ਉਹ ਹਰ ਕੁਰਬਾਨੀ ਕਰਨ ਲਈ ਤਿਆਰ ਹਨ। ਦਰਅਸਲ ਇਹ ਮੁਜ਼ਾਹਰਾ ਕਿਰਤੀ ਪਾਰਟੀ ਵੱਲੋਂ ਆਉਣ ਵਾਲੇ ਘੋਲ ਦੀ ਤਿਆਰੀ ਦੀ ਰੀਹਰਸਲ ਸੀ। ਹਰ ਜ਼ਿਲ੍ਹੇ ਵਿਚ ਮੁਕਾਮੀ ਮੰਗਾਂ ਦੇ ਆਧਾਰ 'ਤੇ ਅਜਿਹੇ ਰੀਹਰਸਲਕਾਰ ਪੰਜਾਬ ਵਿਚ ਕਿਸਾਨ ਮੋਰਚਾ ਲਾਉਣ ਦੀਆਂ ਤਿਆਰੀਆਂ ਕਰ ਰਹੇ ਸਨ।

ਅੰਗਰੇਜ਼ ਗਏ, ਭਾਖੜਾ ਡੈਮ ਬਣਿਆ ਤੇ ਦੁਆਬੇ ਨੂੰ ਨਹਿਰ ਵੀ ਨਿਕਲ ਗਈ। ਦੁਆਬਾ ਫਿਰ ਹਰਾ-ਭਰਾ ਹੋ ਗਿਆ। ਪਰ 'ਸਿਰ ਮੁੰਡਾਤੇ ਹੀ ਉਲੇ ਪੜੇ' ਨਹਿਰ ਤਾਂ ਨਿਕਲ ਗਈ ਪਰ ਭਾਖੜਾ ਡੈਮ ਦਾ ਸਾਰਾ ਖ਼ਰਚ ਕਿਸਾਨਾਂ 'ਤੇ ਪਾ ਦਿੱਤਾ। ਕੈਰੋਂ ਦੀ ਹਕੂਮਤ ਵੇਲੇ ਇਸ ਖੁਸ਼ਹੈਸੀਅਤ ਕਰ ਦੇ ਖਿਲਾਫ਼ ਕਿਸਾਨਾਂ ਨੂੰ ਫਿਰ ਲੜਨਾ ਪਿਆ। ਗੋਲੀਆਂ ਖਾਧੀਆਂ, ਮੌਤਾਂ ਹੋਈਆਂ। ਹਜ਼ਾਰਾਂ ਕਿਸਾਨਾਂ ਜੇਲ੍ਹਾਂ ਵਿਚ ਗਏ ਤਾਂ ਇਸ ਟੈਕਸ ਤੋਂ ਛੁਟਕਾਰਾ ਹੋਇਆ।

ਫਿਰੋਜ਼ਪੁਰ ਤੇ ਕਲਸੀਆਂ ਦਾ ਮੋਰਚਾ

ਬਰਤਾਨਵੀ ਸਰਕਾਰ ਜ਼ਿਲ੍ਹਾ ਫਿਰੋਜ਼ਪੁਰ ਦੀ ਖ਼ਤਰੇ ਦੀ ਘੰਟੀ ਸਮਝਦੀ ਸੀ। ਉਹ ਨਹੀਂ ਸੀ ਚਾਹੁੰਦੀ ਕਿ ਇਸ ਇਲਾਕੇ ਵਿਚ ਕੋਈ ਵੀ ਬਰਤਾਨਵੀ ਸਰਕਾਰ ਵਿਰੋਧੀ ਲਹਿਰ ਚੱਲੇ ਅਤੇ ਖੱਬੀ ਕਿਰਤੀ ਕਿਸਾਨ ਲਹਿਰ ਜੜ੍ਹਾਂ ਫੜੇ। ਹੋ ਸਕਦਾ ਹੈ ਇਸ ਇਲਾਕੇ ਵਿਚ ਗ਼ਦਰ ਪਾਰਟੀ ਦੇ ਇਨਕਲਾਬੀ ਪਿਛੋਕੜ ਦਾ ਅਸਰ ਹੋਵੇ। ਭਗਤ ਸਿੰਘ ਕੱਚਰਭਾਨ, ਈਸ਼ਰ ਸਿੰਘ ਢੁੱਡੀਕੇ, ਸੱਜਣ ਸਿੰਘ ਖੁਖਰਾਣਾ ਆਦਿ ਗ਼ਦਰੀ ਸ਼ਹੀਦ ਇਸੇ ਇਲਾਕੇ ਦੇ ਸਨ। ਬਾਬ ਨਿਧਾਨ ਸਿੰਘ ਚੁੱਘਾ, ਬਾਬਾ ਅਰੂੜ ਸਿੰਘ ਚੂਹੜਚੱਕ ਉਮਰ ਕੈਦ ਕੱਟ ਕੇ ਰਿਹਾਅ ਹੋ ਚੁੱਕੇ ਸਨ।

ਕਿਰਤੀ ਕਿਸਾਨ ਪਾਰਟੀ ਦੀ ਜ਼ਿਲ੍ਹਾ ਫਿਰੋਜ਼ਪੁਰ ਦੀ ਪਹਿਲੀ ਕਮੇਟੀ ਅਜੇ ਬਣੀ ਹੀ ਸੀ ਕਿ ਗ੍ਰਿਫਤਾਰ ਕਰ ਲਈ ਗਈ ਸੀ। ਤਕਰੀਰਾਂ ਨੂੰ ਆਧਾਰ ਬਣਾ ਕੇ ਰਾਮ ਨਾਥ ਮੋਗਾ, ਬਾਬਾ ਚੰਨਣ ਸਿੰਘ ਚੂਹੜ ਚੱਕ, ਕਰਮ ਸਿੰਘ ਅਜੀਤਵਾਲ ਨੂੰ ਪੰਜ-ਪੰਜ ਸਾਲ ਦੀ ਸਖ਼ਤ ਕੈਦ ਕਰ ਦਿੱਤੀ ਗਈ ਸੀ।

ਬਾਬਾ ਅਰੂੜ ਸਿੰਘ ਤੇ ਨਿਧਾਨ ਸਿੰਘ ਚੁੱਘਾ ਦੇ ਰਿਹਾਅ ਹੋਣ ਤੋਂ ਬਾਅਦ ਜ਼ੀਰਾ ਅਤੇ ਮੋਗਾ ਦੀਆਂ ਤਹਿਸੀਲਾਂ ਕਿਰਤੀ ਪਾਰਟੀ ਦਾ ਗੜ੍ਹ ਬਣ ਗਈਆਂ ਸਨ। ਬਾਬਾ ਅਰੂੜ ਸਿੰਘ ਨੂੰ ਪਿੰਡ ਵਿਚ ਆਮ ਕਰਕੇ ਬਾਬੂ ਅਰੂੜ ਸਿੰਘ ਕਹਿ ਕੇ ਪੁਕਾਰਿਆ ਜਾਂਦਾ ਸੀ। ਉਹ ਕਿਰਤੀ ਪਾਰਟੀ ਦੀ ਪ੍ਰੋਵੈਂਸ਼ੀਅਲ ਕਮੇਟੀ ਦੇ ਮੈਂਬਰ ਰਹੇ ਸਨ। ਜੇਕਰ ਬਾਬਾ ਜਵਾਲਾ ਸਿੰਘ ਨੂੰ ਪੱਛਮੀ ਪੰਜਾਬ ਦੀ ਕਿਰਤੀ ਕਿਸਾਨ ਲਹਿਰ ਦਾ ਜਰਨੈਲ

ਕਿਹਾ ਜਾਵੇ ਤਾਂ ਬਾਬਾ ਅਰੂੜ ਸਿੰਘ ਪੂਰਬੀ ਪੰਜਾਬ ਦੀ ਕਿਰਤੀ ਕਿਸਾਨ ਲਹਿਰ ਦਾ ਜਰਨੈਲ ਸਿੰਘ ਸੀ। ਉਹ ਆਪਣੇ ਇਲਾਕੇ ਵਿਚ ਏਨੇ ਹਰਮਨ ਪਿਆਰੇ ਸਨ ਕਿ 1937 ਦੀ ਚੋਣ ਵਿਚ ਬਿਨ੍ਹਾਂ ਮੁਕਾਬਲੇ ਚੁਣੇ ਗਏ ਸਨ।

ਗ਼ਦਰ ਪਾਰਟੀ ਦੀ ਦੂਜੀ ਕਾਲ ਉੱਤੇ ਗ਼ਦਰੀ ਕਮਿਊਨਿਸਟ ਅਰਜਨਟੀਨਾ ਤੋਂ ਮਾਸਕੋ ਹੁੰਦੇ ਹੋਏ ਇਸ ਇਲਾਕੇ ਵਿਚ ਪਹੁੰਚੇ ਸਨ। ਬਚਨ ਸਿੰਘ ਘੋਲੀਆ, ਉਜਾਗਰ ਸਿੰਘ ਬੁੱਧਸਿੰਘ ਵਾਲਾ, ਕੇਹਰ ਸਿੰਘ ਮਾਹਲਾ, ਬਚਨ ਸਿੰਘ ਤਖਾਣਬੱਧ ਅਤੇ ਮਿਹਰ ਸਿੰਘ ਝੰਡੇਆਣਾ ਪਹਿਲੇ ਪੂਰ ਵਿਚ ਆ ਗਏ ਸਨ। ਬਾਅਦ ਵਿਚ ਬਾਬਾ ਨਿਧਾਨ ਸਿੰਘ ਮਹੇਸਰੀ, ਰਤਨ ਸਿੰਘ ਘੋਲੀਆ ਖ਼ੁਰਦ ਅਮਰੀਕਾ ਤੋਂ ਮਾਸਕੋ ਹੁੰਦੇ ਹੋਏ ਇਨ੍ਹਾਂ ਨਾਲ ਆ ਮਿਲੇ ਸਨ। ਅਰਜਨ ਸਿੰਘ ਪੁਰਾਣੇਵਾਲ ਅਤੇ ਹੋਰ ਕਈ ਅਰਜਨਟੀਨਾ ਤੋਂ ਸਿੱਧੇ ਹੀ ਇਥੇ ਆ ਗਏ ਸਨ। ਗਰੁੱਪ ਨੇ ਬਾਬਾ ਅਰੂੜ ਸਿੰਘ ਦੀ ਅਗਵਾਈ ਵਿਚ ਸੈਂਕੜੇ ਨੌਜੁਆਨ ਕਿਰਤੀ ਲੀਡਰ ਪੈਦਾ ਕੀਤੇ ਸਨ। ਜਿਹੜੇ ਅੱਜ ਦੋਵਾਂ ਕਮਿਊਨਿਸਟ ਪਾਰਟੀਆਂ ਦੀਆਂ ਉਪਰਲੀਆਂ ਸਫ਼ਾਂ ਵਿਚ ਕੰਮ ਕਰ ਰਹੇ ਹਨ।

ਅੰਗਰੇਜ਼ ਹਕੂਮਤ ਨੇ ਚੂਹੜ ਚੱਕ, ਢੁੱਡੀਕੇ, ਅਜੀਤਵਾਲ ਆਦਿ ਪਿੰਡਾਂ ਵਿਚ ਤਾਜ਼ੀਰੀ ਪੁਲਸ ਚੌਕੀਆਂ ਬਿਠਾ ਦਿੱਤੀਆਂ ਸਨ, ਜਿਨ੍ਹਾਂ ਦਾ ਸਾਰਾ ਖ਼ਰਚ ਪਿੰਡ ਨੂੰ ਦੇਣਾ ਪੈਂਦਾ ਸੀ। ਮਾਲੀਏ ਅਤੇ ਨਹਿਰੀ ਮਾਲੀਏ ਦੇ ਕਰਜ਼ੇ ਹੇਠ ਦੱਬੇ ਕਿਸਾਨਾਂ ਉਤੇ ਇਕ ਹੋਰ ਵਾਧੂ ਭਾਰ ਸੀ। ਕਿਰਤੀ ਪਾਰਟੀ ਨੇ ਇਸ ਵਿਰੁੱਧ ਅੰਦੋਲਨ ਕਰਨ ਦਾ ਫੈਸਲਾ ਲਿਆ ਸੀ। ਆਰਥਿਕ ਸੰਕਟ ਵਿਚ ਫਸੇ ਕਿਸਾਨ ਕਿਰਤੀ ਪਾਰਟੀ ਦੀ ਇਸ ਕਾਲ ਉਤੇ ਹੁੰਮਹੁੰਮਾ ਕੇ ਇਸ ਅੰਦੋਲਨ ਵਿਚ ਸ਼ਾਮਲ ਹੋ ਗਏ ਸਨ। ਪਿੰਡ-ਪਿੰਡ ਵਿਚ ਕਿਸਾਨ ਕਮੇਟੀਆਂ ਬਣਨੀਆਂ ਸ਼ੁਰੂ ਹੋ ਗਈਆਂ ਸਨ। ਹੁਣ ਇਹ ਇਲਾਕਾ ਆਪਸੀ ਮਾਰਧਾੜ ਛੱਡ ਕੇ ਸਿਆਸੀ ਸੂਝ ਵਲ ਪਰਤ ਪਿਆ ਸੀ। ਮੋਗੇ ਦੇ ਨੌਜੁਆਨ ਸ਼ੋਸ਼ਲਿਸਟ ਠਾਕਰ ਗੋਬਿੰਦ ਸਿੰਘ ਨੇ ਇਸ ਘੋਲ ਵਿਚ ਉੱਘਾ ਰੋਲ ਅਦਾ ਕੀਤਾ ਸੀ। ਥੋੜ੍ਹੇ ਅਰਸੇ ਵਿਚ ਹੀ ਪਾਸ ਪਰਤ ਗਿਆ ਸੀ। ਸਰਕਾਰ ਨੂੰ ਪੁਲਸ ਦੀਆਂ ਤਾਜ਼ੀਰੀ ਚੌਕੀਆਂ ਚੁੱਕਣੀਆਂ ਪਈਆਂ ਸਨ। ਇਸ ਜਿੱਤ ਦੀ ਖ਼ੁਸ਼ੀ ਵਿਚ ਦਾਉਧਰ ਵਿਚ ਕਿਸਾਨ ਕਾਨਫਰੰਸ ਕੀਤੀ ਗਈ ਸੀ। ਕਲਕੱਤੇ ਤੋਂ ਦੇਸ਼ ਨਿਕਾਲਾ ਮਿਲ ਜਾਣ ਕਾਰਨ ਗੇਂਦਾ ਸਿੰਘ ਵੀ ਇਥੇ ਪਹੁੰਚ ਗਿਆ ਸੀ। ਦੂਜੇ ਪਾਸੇ ਚੀਨ ਤੋਂ ਦੇਸ ਬਦਰ ਹੋ ਕੇ ਦਸੌਂਧਾ ਸਿੰਘ ਅਜੀਤਵਾਲ ਆਪਣੇ ਸਾਥੀਆਂ ਸਮੇਤ ਇਸ ਇਲਾਕੇ ਵਿਚ ਆ ਗਏ ਸਨ। ਉਪਰਲੀ ਜਿੱਤ ਸਦਕਾ ਬਾਬਾ ਅਰੂੜ ਸਿੰਘ ਪੰਜਾਬ ਅਸੰਬਲੀ ਦੇ ਬਿਨ੍ਹਾਂ ਮੁਕਾਬਲਾ ਮੈਂਬਰ ਚੁਣੇ ਗਏ ਸਨ।

ਅੰਗਰੇਜ਼ਾਂ ਨੇ ਮੋਗਾ ਤਹਿਸੀਲ ਦੇ ਸੱਤ ਪਿੰਡ ਕਲਸੀਆਂ ਰਾਜੇ ਨੂੰ ਦੇ ਦਿੱਤੇ ਸਨ। ਇਨ੍ਹਾਂ ਪਿੰਡਾਂ ਵਿਚ ਚੜਿੱਕ ਵੀ ਸ਼ਾਮਲ ਸੀ। ਇਹ ਪਿੰਡ ਕਲਸੀਆਂ ਤੋਂ ਕਿਤੇ ਦੂਰ ਪੈਂਦੇ ਸਨ ਅਤੇ ਮੋਗਾ ਤਹਿਸੀਲ ਦੇ ਪਿੰਡਾਂ ਵਿਚ ਘਿਰੇ ਹੋਏ ਸਨ ਅਤੇ ਚੂਹੜ ਚੱਕ ਦੇ ਨੇੜੇ ਸਨ। ਇਸ ਚੜਿੱਕ ਦਾ ਇਲਾਕਾ ਬਹੁਤ ਪਛੜਿਆ ਹੋਇਆ ਸੀ ਅਤੇ

ਮਾਲੀਆ ਅੰਗਰੇਜ਼ੀ ਇਲਾਕੇ ਨਾਲੋਂ ਵੀ ਜ਼ਿਆਦਾ ਸੀ। ਇਸ ਇਲਾਕੇ ਵਿਚ ਨਾ ਕੋਈ ਸਕੂਲ, ਨਾ ਹਸਪਤਾਲ, ਨਾ ਸੜਕ ਅਤੇ ਨਾ ਸਲੋਤਰਖਾਨਾ ਸੀ। ਚੜਿੱਕ ਕਸਬੇ ਵਿਚ ਰਾਜੇ ਵੱਲੋਂ ਹਰ ਸਾਲ ਪਸ਼ੂਆਂ ਦੀ ਮੰਡੀ ਲਾਈ ਜਾਂਦੀ ਸੀ। ਜਿੱਥੇ ਦੂਰ-ਦੂਰ ਤੋਂ ਪਸ਼ੂ ਵਿਕਣ ਲਈ ਆਉਂਦੇ ਸਨ। ਰਾਜਾ ਇਨ੍ਹਾਂ ਤੋਂ ਵਿਕਰੀ ਟੈਕਸ ਉਗਰਾਹੁੰਦਾ ਸੀ ਅਤੇ ਇਸ ਤੋਂ ਉਸਨੂੰ ਕਾਫੀ ਆਮਦਨ ਹੁੰਦੀ ਸੀ। ਰਾਜਾ ਇਨ੍ਹਾਂ ਟੈਕਸਾਂ ਵਿਚ ਲਗਾਤਾਰ ਵਾਧਾ ਕਰਦਾ ਰਹਿੰਦਾ ਸੀ ਅਤੇ ਕਿਸਾਨ ਇਸ ਤੋਂ ਤੰਗ ਆ ਚੁੱਕੇ ਸਨ। ਜ਼ਿਲ੍ਹਾ ਕਿਰਤੀ ਪਾਰਟੀ ਨੇ ਇਸ ਵਿਰੁੱਧ ਅੰਦੋਲਨ ਕਰਨ ਦਾ ਫੈਸਲਾ ਕਰ ਲਿਆ ਅਤੇ ਬਾਬਾ ਅਰੂੜ ਸਿੰਘ ਦੀ ਅਗਵਾਈ ਵਿਚ ਕਿਸਾਨ ਲਹਿਰ ਸ਼ੁਰੂ ਹੋ ਗਈ ਸੀ। 29 ਜੁਲਾਈ 1938 ਨੂੰ ਚੜਿੱਕ ਵਿਚ ਭਾਰੀ ਕਿਸਾਨ ਮੁਜ਼ਾਹਰਾ ਹੋਇਆ ਜਿਸ ਵਿਚ ਫੈਸਲਾ ਲਿਆ ਗਿਆ ਕਿ ਚੜਿੱਕ ਦੀ ਪਸ਼ੂ ਮੰਡੀ ਦਾ ਬਾਈਕਾਟ ਕੀਤਾ ਜਾਵੇ। ਇਹ ਬਾਈਕਾਟ ਤਕਰੀਬਨ ਮੁਕੰਮਲ ਰਿਹਾ ਸੀ। ਜਿਥੇ 1937 ਵਿਚ 2848 ਪਸ਼ੂ ਵਿਕੇ ਸਨ ਓਥੇ ਇਸ ਬਾਈਕਾਟ ਸਮੇਂ ਸਿਰਫ਼ 789 ਪਸ਼ੂ ਹੀ ਵਿਕੇ ਸਨ। ਉਹ ਵੀ ਰਾਜੇ ਦੇ ਅਹਿਲਕਾਰਾਂ ਨੇ ਦਿਖਾਵੇ ਦੇ ਤੌਰ 'ਤੇ ਕੀਤਾ ਸੀ। ਇਸਨੇ ਰਾਜੇ ਦੀ ਆਮਦਨ ਵਿਚ ਕਾਫੀ ਘਾਟਾ ਪਾਇਆ ਸੀ।

ਇਸ ਤੋਂ ਬਾਅਦ ਇਹ ਮੋਰਚਾ ਰਿਆਸਤ ਦੇ ਹੈਡਕੁਆਟਰ ਕਲਸੀਆਂ ਵਲ ਤੁਰ ਪਿਆ। ਸੱਤਿਆਗ੍ਰਿਹੀ ਕਲਸੀਆਂ ਨੂੰ ਜਾਣੇ ਸ਼ੁਰੂ ਹੋ ਗਏ ਸਨ। ਪਰ ਰਿਆਸਤੀ ਹਾਕਮਾਂ ਨੇ ਬਾਬਾ ਕਲਸੀਆਂ ਨੂੰ ਮੋਰਚੇ ਦੇ ਸ਼ੁਰੂ ਵਿਚ ਹੀ ਗ੍ਰਿਫਤਾਰ ਕਰ ਲਿਆ ਸੀ।

ਉਜਾਗਰ ਸਿੰਘ ਬਿਲਗਾ ਨੂੰ ਕਲਸੀਆਂ ਕੇਂਦਰ ਦਾ ਇੰਚਾਰਜ ਬਣਾਇਆ ਗਿਆ ਸੀ। ਜ਼ਿਲ੍ਹਾ ਅੰਬਾਲਾ ਤੋਂ ਗੁਲਜ਼ਾਰ ਸਿੰਘ ਕੰਢੇ ਕੱਢ ਤੇ ਗੁਰਮੁੱਖ ਸਿੰਘ ਅੰਬਾਲਵੀ ਜਥੇ ਭੇਜਦੇ ਸਨ। ਬਾਬਾ ਅਰੂੜ ਸਿੰਘ ਮੋਗੇ ਤੋਂ ਅਤੇ ਬਾਬਾ ਕਰਮ ਸਿੰਘ ਬਿਲਗਾ ਫਿਲੌਰ ਤੋਂ ਜਥੇ ਭੇਜਦੇ ਸਨ। ਰਿਆਸਤ ਕੋਲ ਐਨੇ ਸੱਤਿਆਗ੍ਰਿਹੀਆਂ ਨੂੰ ਰੱਖਣ ਲਈ ਜੇਲ੍ਹ ਵਿਚ ਥਾਂ ਨਹੀਂ ਸੀ। 14 ਜਨਵਰੀ 1939 ਨੂੰ ਰਿਆਸਤੀ ਸਰਕਾਰ ਨੇ ਹਾਰ ਮੰਨ ਲਈ ਸੀ। ਉਸਨੇ ਟੈਕਸ ਘਟਾ ਦਿੱਤਾ ਅਤੇ ਕਿਸਾਨ ਸੱਤਿਆਗ੍ਰਿਹੀ ਰਿਹਾਅ ਕਰ ਦਿੱਤੇ ਸਨ। ਇਨ੍ਹਾਂ ਜਿੱਤਾਂ ਨਾਲ ਮੋਗਾ ਤਹਿਸੀਲ ਕਿਰਤੀ ਕਮਿਊਨਿਸਟਾਂ ਦਾ ਗੜ੍ਹ ਬਣ ਗਈ ਸੀ। ਪਿੰਡ-ਪਿੰਡ ਵਿਚ ਕਿਸਾਨ ਕਮੇਟੀਆਂ ਕਾਇਮ ਹੋ ਗਈਆਂ ਅਤੇ ਪਾਰਟੀ ਦੇ ਮਜ਼ਬੂਤ ਸੈੱਲ ਕਾਇਮ ਹੋ ਗਏ ਸਨ। ਪਾਰਟੀ ਐਨੀ ਕੁ ਮਜ਼ਬੂਤ ਸੀ ਕਿ ਇਸ ਕੇਂਦਰ ਤੋਂ ਨੀਲੀਬਾਰ ਆਦਿ ਜ਼ਿਲ੍ਹਿਆਂ ਵਿਚ ਪਾਰਟੀ ਕੰਮ ਕਰਨ ਲਈ ਸਾਥੀ ਭੇਜੇ ਜਾਂਦੇ ਸਨ। ਇਥੋਂ ਹੀ ਪਟਿਆਲਾ ਅਤੇ ਨਾਭਾ ਰਿਆਸਤਾਂ ਵੱਲ ਲਹਿਰ ਦਾ ਰੁਖ਼ ਵਧਿਆ ਸੀ।

ਲੁਧਿਆਣੇ ਦਾ ਮਜ਼ਦੂਰ ਕੇਂਦਰ

ਲੁਧਿਆਣਾ ਸ਼ਹਿਰ ਦਾ ਹਮੇਸ਼ਾਂ ਹੀ ਝੁਕਾਅ ਖੱਬੀ ਲਹਿਰ ਵੱਲ ਰਿਹਾ ਹੈ। ਇਥੋਂ ਦੇ ਕਾਂਗਰਸੀ ਵੀ ਖੱਬੀ ਸੋਚ ਦੇ ਸਨ। ਕੌਮਪ੍ਰਸਤ ਮੁਸਲਮਾਨ ਜ਼ਿਆਦਾ ਕਰਕੇ ਇਸ ਜ਼ਿਲ੍ਹੇ

ਦੀ ਹੀ ਦੇਣ ਸਨ। ਇਸੇ ਕਰਕੇ ਇਨ੍ਹਾਂ 'ਤੇ ਕੋਈ ਨਾ ਕੋਈ ਮੁਕੱਦਮਾ ਚਲਦਾ ਹੀ ਰਹਿੰਦਾ ਸੀ ਅਤੇ ਲੰਮੀਆਂ ਸਜ਼ਾਵਾਂ ਹੁੰਦੀਆਂ ਸਨ। ਲੁਧਿਆਣਾ ਨੈਸ਼ਨਲਿਸਟ ਅਹਿਰਾਰ ਪਾਰਟੀ ਦਾ ਕੇਂਦਰ ਸੀ। ਚੌਧਰੀ ਅਹਿਮਦ ਹਸਨ, ਮੌਲਾਨਾ ਹਬੀਬੁਲ ਰਹਿਮਾਨ, ਅਬਦੁਲ ਗਨੀ ਏਥੋਂ ਦੀ ਹੀ ਦੇਣ ਸਨ। ਲੁਧਿਆਣੇ ਦੀ ਦਰੇਸੀ ਗਰਾਉਂਡ ਕੌਮੀ ਲਹਿਰ ਦਾ ਮੈਦਾਨੇ ਜੰਗ ਸੀ ਕੌਮੀ ਵਰਕਰਾਂ 'ਤੇ ਲਾਠੀਚਾਰਜ ਹੁੰਦਾ ਰਹਿੰਦਾ ਸੀ। ਏਥੋਂ ਦੇ ਕੌਮਪ੍ਰਸਤ ਵਕੀਲ ਖਰਚਕੇ ਵੀ ਪਹੁੰਚਦੇ ਸਨ। ਬਾਪੂ ਸਭ ਦਾ ਮੋਹਰੀ ਹੁੰਦਾ ਸੀ। ਹੌਜ਼ਰੀ ਵਰਕਰਾਂ ਦੀ ਇਕ ਤਕੜੀ ਟੀਮ ਟਰੇਡ ਯੂਨੀਅਨ ਕੰਮ ਵਿੱਚ ਤਾਂ ਅੱਗੇ ਹੁੰਦੀ ਸੀ ਪਰ ਅਜ਼ਾਦੀ ਦੀ ਲੜਾਈ ਵਿੱਚ ਵੀ ਵੱਧ ਚੜ੍ਹਕੇ ਹਿੱਸਾ ਲੈਂਦੀ ਸੀ।

ਕਾਮਰੇਡ ਅਲਬੇਲ ਸਿੰਘ, ਗੁਰਦਿਆਲ ਸਿੰਘ ਜੜਤੌਲੀ ਅਤੇ ਕਰਮ ਸਿੰਘ ਜੜਤੌਲੀ ਹਰ ਲੜਾਈ ਵਿੱਚ ਅੱਗੇ ਰਹਿੰਦੇ ਸਨ।

ਲੁਧਿਆਣੇ ਦੇ ਹਰ ਬਸ਼ਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਵਾਰਸ ਹੋਣ ਦਾ ਮਾਣ ਪ੍ਰਾਪਤ ਹੈ। ਬਾਬਾ ਅਰੂੜ ਸਿੰਘ ਲੇਹਲ ਤੇ ਨੰਦ ਸਿੰਘ ਕੈਲੇ ਇਸੇ ਜ਼ਿਲ੍ਹੇ ਦੇ ਹੀ ਸਨ। ਜਿਨਾਂ ਨੇ ਜੇਲ੍ਹ ਵਿਚ ਲੰਬੀਆਂ ਭੁੱਖਹੜਤਾਲਾਂ ਕੀਤੀਆਂ ਸਨ ਅਤੇ ਉਨ੍ਹਾਂ ਨੂੰ ਮਰਨ ਕਿਨਾਰੇ ਹੋਇਆਂ ਨੂੰ ਰਿਹਾਅ ਕੀਤਾ ਗਿਆ। ਗ਼ਦਰ ਪਾਰਟੀ ਦੇ ਆਗੂ ਗੁਰਮੁਖ ਸਿੰਘ ਲਲਤੋਂ ਇਸੇ ਜਿਲ੍ਹੇ ਦੇ ਜੰਮਪਲ ਸਨ। ਗ਼ਦਰ ਪਾਰਟੀ ਦੇ ਦੂਜੇ ਸੱਦੇ 'ਤੇ ਦੇਸ ਪਰਤੇ ਹਜ਼ਾਰਾ ਸਿੰਘ ਹਮਦਮ ਅਜੇ ਤਕ ਦੇਸਭਗਤ ਕਮੇਟੀ ਦੇ ਉਚ ਪੱਧਰੇ ਆਗੂ ਹਨ। ਜ਼ਿਲ੍ਹਾ ਜਲੰਧਰ ਦੀਆਂ ਤਹਿਸੀਲਾਂ ਫਿਲੌਰ ਅਤੇ ਨਕੋਦਰ ਦਾ ਸਿਆਸੀ ਅਖਾੜਾ ਅਸਲ ਲੁਧਿਆਣਾ ਸ਼ਹਿਰ ਹੀ ਸੀ। ਇਨ੍ਹਾਂ ਤਹਿਸੀਲਾਂ ਵਿੱਚ ਕੌਮੀ ਪ੍ਰਚਾਰ ਲਈ ਲੀਡਰ ਆਮ ਤੌਰ 'ਤੇ ਇਸ ਸ਼ਹਿਰ ਵਿੱਚੋਂ ਹੀ ਜਾਂਦੇ ਸਨ। 1937 ਤੋਂ ਬਾਅਦ ਕਮਿਊਨਿਸਟ ਲਹਿਰ ਵਿੱਚ ਇਸ ਜ਼ਿਲ੍ਹੇ ਨੇ ਅਹਿਮ ਰੋਲ ਅਦਾ ਕੀਤਾ ਸੀ।

ਸਾਹਿਰ ਲੁਧਿਆਣਵੀ, ਮਦਨ ਲਾਲ ਦੀਦੀ ਅਤੇ ਗੁਰਦਿਆਲ ਸਿੰਘ ਥਾਂਦੀ ਗੜ੍ਹਪਧਾਨਾ ਗੌਰਮਿੰਟ ਕਾਲਜ ਵਿੱਚ ਪੜ੍ਹਦੇ ਕਮਿਊਨਿਸਟ ਵਿਚਾਰਾਂ ਦੇ ਪਹਿਲੇ ਵਿਦਿਆਰਥੀ ਸਨ। ਜਿਨ੍ਹਾਂ ਨੇ ਸਟੂਡੈਂਟ ਯੂਨੀਅਨ ਕਾਇਮ ਕੀਤੀ ਸੀ। ਸਾਹਿਰ ਆਪਣੇ ਵਿਦਿਆਰਥੀ ਜੀਵਨ ਸਮੇਂ ਹੀ ਕਿਰਤੀ ਅਖ਼ਬਾਰ ਲਈ ਨਜ਼ਮਾਂ ਲਿਖਦਾ ਰਿਹਾ ਸੀ। ਇਹ ਸਾਹਿਰ ਦੀ ਇਨਕਲਾਬੀ ਸ਼ਾਇਰੀ ਦਾ ਆਗਾਜ਼ ਸੀ। ਮਦਨ ਲਾਲ ਦੀਦੀ ਹਣ ਸੀ.ਪੀ. ਈ. ਪੰਜਾਬ ਦੀ ਟਰੇਡ ਯੂਨੀਅਨ ਦਾ ਮਹਾਨ ਆਗੂ ਹੈ ਅਤੇ ਅਫਸੋਸ ਵਾਲੀ ਗੱਲ ਹੈ ਕਿ ਗੁਰਦਿਆਲ ਸਿੰਘ ਥਾਂਦੀ ਹਵਾਈ ਜਹਾਜ਼ ਚਲਾਉਂਦਾ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ।

ਏਸੇ ਹੀ ਜ਼ਿਲ੍ਹੇ ਦੇ ਐਤੀਆਣਾ ਅਤੇ ਸ਼ੇਰਪੁਰ ਦੇ ਬਹਾਦਰ ਕਿਸਾਨਾਂ ਨੇ ਖੁਸ਼ ਹੈਸੀਅਤੀ ਮੋਰਚੇ ਸਮੇਂ ਗੋਲੀਆਂ ਖਾਧੀਆਂ ਸਨ।

ਲਾਹੌਰ ਕਿਸਾਨ ਮੋਰਚਾ
(23 ਮਾਰਚ ਤੋਂ 4 ਸਤੰਬਰ, 1939)

ਪੰਜਾਬ ਸਰਕਾਰ ਨੇ ਲਾਹੌਰ ਜ਼ਿਲ੍ਹੇ ਵਿੱਚ ਫੇਰ ਬੰਦੋਬਸਤ ਕਰਨ ਦਾ ਐਲਾਨ ਕਰ ਦਿੱਤਾ ਸੀ। ਜ਼ਿਲਾ ਕਿਸਾਨ ਕਮੇਟੀ ਨੇ ਇਸ ਐਲਾਨਨਾਵੇਂ ਦੇ ਖਿਲਾਫ਼ ਪੰਜਾਬ ਅਸੰਬਲੀ ਅੱਗੇ ਮੁਜ਼ਾਹਰਾ ਕਰਨ ਦਾ ਫੈਸਲਾ ਕੀਤਾ। ਡਿਪਟੀ ਕਮਿਸ਼ਨਰ ਨੇ ਇਸ ਮੁਜ਼ਾਹਰੇ ਨੂੰ ਠੁੱਸ ਕਰਨ ਲਈ ਦਫਾ 144 ਲਾ ਦਿੱਤੀ ਸੀ। ਪੁਲਸ ਨੇ ਜਲੂਸ ਨੂੰ ਮੋਚੀ ਗੇਟ ਰੋਕ ਲਿਆ ਸੀ। ਕਾਮਰੇਡ ਯੋਗ ਰਾਜ ਪੁਲਸ ਦਾ ਘੇਰਾ ਤੋੜਕੇ ਅੱਗੇ ਵਧਿਆ ਤਾਂ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ। ਇਸ ਤੋਂ ਉਤਸ਼ਾਹਤ ਹੋ ਕੇ ਸਾਰਾ ਜਥਾ ਹੀ ਧੱਕਾ ਦੇ ਕੇ ਅੱਗੇ ਵਧ ਗਿਆ ਸੀ ਅਤੇ ਪੁਲਸ ਨੇ 374 ਬੰਦਿਆਂ ਨੂੰ ਗ੍ਰਿਫਤਾਰ ਕਰਕੇ ਜ਼ੇਲ੍ਹ ਭੇਜ ਦਿੱਤਾ ਸੀ।

ਇਸ ਤੋਂ ਬਾਅਦ ਜ਼ਿਲ੍ਹਾ ਕਿਸਾਨ ਸਭਾ ਨੇ ਰੋਜ਼ਾਨਾ 25 ਕਿਸਾਨ ਵਲੰਟੀਅਰਾਂ ਦਾ ਜਥਾ ਭੇਜਣਾ ਸ਼ੁਰੂ ਕਰ ਦਿੱਤਾ ਸੀ। ਸਰਕਾਰ ਇਨ੍ਹਾਂ ਨੂੰ ਮਹੀਨੇ ਦੀ ਸਜ਼ਾ ਕਰਕੇ ਜ਼ੇਲ੍ਹ ਭੇਜ ਦਿੰਦੀ ਸੀ। ਜ਼ਿਲ੍ਹਾ ਕਿਸਾਨ ਸਭਾ ਨੇ ਸੂਬਾ ਕਿਸਾਨ ਸਭਾ ਦੀ ਮਦਦ ਨਾਲ ਇਹ ਮੋਰਚਾ ਮਈ ਦੇ ਸ਼ੁਰੂ ਤਕ ਚਲਾਇਆ ਸੀ। ਇਸ ਤੋਂ ਬਾਅਦ ਜ਼ਿਲ੍ਹਾ ਕਿਸਾਨ ਸਭਾ ਨੇ ਸੂਬੇ ਨੂੰ ਅਪੀਲ ਕੀਤੀ ਕਿ ਦੂਜੇ ਜ਼ਿਲ੍ਹਿਆਂ ਵਿੱਚੋਂ ਵੀ ਜਥੇ ਭੇਜੇ ਜਾਣ। ਇਸ ਅਪੀਲ 'ਤੇ ਵਿਚਾਰ ਕਰਨ ਲਈ ਕਿਰਤੀ ਪਾਰਟੀ ਦੀ ਸੂਬਾ ਐਗਜ਼ੈਕਟਿਵ ਦੀ ਵਿਸ਼ੇਸ਼ ਮੀਟਿੰਗ ਬੁਲਾਈ ਗਈ। ਸਾਰੀ ਲਹਿਰ ਦਾ ਰੀਵੀਊ ਕੀਤਾ ਗਿਆ। ਜਲੰਧਰ, ਲਾਇਲਪੁਰ, ਅੰਮ੍ਰਿਤਸਰ ਆਦਿ ਵਿੱਚ ਕਿਸਾਨ ਕਾਮਯਾਬ ਹੋ ਚੁੱਕੇ ਸਨ। ਨੀਲੀ ਬਾਰ, ਪਠਾਨਕੋਟ, ਹੁਸ਼ਿਆਰਪੁਰ ਵਿੱਚ ਮੁਜ਼ਾਰਿਆਂ ਦਾ ਘੋਲ ਚੱਲ ਰਿਹਾ ਸੀ। ਕਲਸੀਆਂ ਵਿੱਚ ਕਿਸਾਨ ਸਭਾ ਗ੍ਰਿਫਤਾਰੀਆਂ ਦੇ ਰਹੀ ਸੀ। ਮਤਲਬ ਕਿ ਹਰ ਜ਼ਿਲ੍ਹਾ ਕਿਸਾਨ ਕਮੇਟੀ ਆਪਣੀਆਂ ਆਪਣੀਆਂ ਮੰਗਾਂ ਦੇ ਅਧਾਰ 'ਤੇ ਘੋਲ ਲੜ ਰਹੀ ਸੀ।

ਲਾਇਲਪੁਰ ਦੇ ਫੈਸਲੇ ਅਨੁਸਾਰ ਇਸ ਤੋਂ ਬਾਅਦ ਪ੍ਰੋਵਿਨਸ਼ੀਅਲ ਕਿਸਾਨ ਚਾਰਟਰ ਦੀਆਂ ਮੰਗਾਂ ਦੇ ਅਧਾਰ 'ਤੇ ਮੋਰਚਾ ਲੜਨ ਦੀਆਂ ਤਿਆਰੀਆਂ ਹੋ ਰਹੀਆਂ ਸਨ।

ਜ਼ਿਲ੍ਹਾ ਲਾਹੌਰ ਦੀ ਕਿਸਾਨ ਕਮੇਟੀ ਵੱਲੋਂ ਆਪਣੇ ਤੌਰ 'ਤੇ ਮੋਰਚਾ ਜਾਰੀ ਰੱਖਣਾ ਔਖਾ ਹੋ ਗਿਆ ਸੀ। ਇਸ ਸਾਰੇ ਹਾਲਤ ਵਿੱਚ ਸੂਬਾ ਕਿਸਾਨ ਸਭਾ ਲਈ ਫੈਸਲਾ ਲੈਣਾ ਵੀ ਬੜਾ ਔਖਾ ਸੀ। ਕਿਰਤੀ ਪਾਰਟੀ ਦੀ ਸੂਬਾ ਕਮੇਟੀ ਨੇ ਇਸ ਉੱਤੇ ਕਈ ਦਿਨ ਵਿਚਾਰ ਕੀਤਾ ਅਤੇ ਵਕਤ ਦੀ ਨਜ਼ਾਕਤ ਨੂੰ ਸਾਹਮਣੇ ਰੱਖਦਿਆਂ ਅਤੇ ਕਿਸਾਨ ਯਕਜਹਿੱਤੀ ਮੱਦੇਨਜ਼ਰ ਰੱਖਦਿਆਂ ਕਿਰਤੀ ਪਾਰਟੀ ਨੇ ਆਪਣੀ ਸੂਬਾ ਕਿਸਾਨ ਕਮੇਟੀ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਉਹ ਲਾਹੌਰ ਦੇ ਕਿਸਾਨ ਮੋਰਚੇ ਨੂੰ ਆਪਣੇ ਹੱਥ ਵਿੱਚ ਲਵੇ ਅਤੇ ਇਸ ਮੋਰਚੇ ਨੂੰ ਪੰਜਾਬ ਕਿਸਾਨ ਚਾਰਟਰ ਦੀਆਂ ਮੰਗਾਂ ਦੇ ਅਧਾਰ

'ਤੇ ਲੜਿਆ ਜਾਵੇ। ਹਰ ਜ਼ਿਲ੍ਹੇ ਦੇ ਕਿਸਾਨ ਜਥੇ ਲਾਹੌਰ ਨੂੰ ਪੈਦਲ ਚਾਲੇ ਪਾਉਣ ਅਤੇ ਰਾਹ ਵਿੱਚ ਕਿਸਾਨ ਮੰਗਾਂ ਦਾ ਪ੍ਰਚਾਰ ਕਰਦੇ ਹੋਏ ਲਾਹੌਰ ਪਹੁੰਚਕੇ ਗ੍ਰਿਫਤਾਰੀ ਦੇਣ, ਨਵੇਂ ਫੈਸਲੇ 'ਤੇ ਅਮਲ ਕਰਨ ਲਈ ਜ਼ਿਲ੍ਹਿਆਂ ਵਿੱਚ ਚਲਦੇ ਘੋਲਾਂ ਨੂੰ ਬੰਦ ਕਰਨਾ ਪਿਆ ਸੀ। ਨਿਰਸੰਦੇਹ ਇਸ ਨਾਲ ਜ਼ਿਲਿਆਂ ਵਿੱਚ ਚੱਲਦੇ ਘੋਲਾਂ ਨੂੰ ਨੁਕਸਾਨ ਪਹੁੰਚਾ ਸੀ ਅਤੇ ਸੂਬਾ ਕਿਸਾਨ ਸਭਾ ਨੂੰ ਬਿਨ੍ਹਾਂ ਪੂਰੀ ਤਿਆਰੀ ਤੋਂ ਮਜ਼ਬੂਰਨ ਲਾਹੌਰ ਮੋਰਚੇ ਵਿੱਚ ਸ਼ਾਮਲ ਹੋਣਾ ਪਿਆ ਸੀ।

ਜ਼ਿਲ੍ਹਿਆਂ ਤੋਂ ਚੱਲਣ ਵਾਲੇ ਜਥਿਆਂ ਦਾ ਪ੍ਰੋਗਰਾਮ ਇਸ ਤਰ੍ਹਾਂ ਬਣਾਇਆ ਗਿਆ ਕਿ ਉਹ ਰਾਹ ਵਿੱਚ ਆਉਂਦੇ ਜ਼ਿਆਦਾ ਤੋਂ ਜ਼ਿਆਦਾ ਪਿੰਡਾਂ ਵਿੱਚੋਂ ਦੀ ਲੰਘਣ ਅਤੇ ਪ੍ਰਚਾਰ ਕਰਦੇ ਜਾਣ। ਜਿਥੇ ਰਾਤ ਠਹਿਰਨ ਉਥੇ ਭਾਰੀ ਜਲਸਾ ਕੀਤਾ ਜਾਵੇ। ਸਭ ਤੋਂ ਪਹਿਲਾਂ ਅੰਮ੍ਰਿਤਸਰ ਦੇ ਤਿੰਨੇ ਜਥੇ ਵੱਖਰਾ ਵੱਖਰਾ ਰੂਟ ਲੈ ਕੇ ਲਾਹੌਰ ਪਹੁੰਚਣ। ਉਸ ਤੋਂ ਬਾਅਦ ਜ਼ਿਲ੍ਹਾ ਜਲੰਧਰ ਦੇ ਨਵਾਂ ਸ਼ਹਿਰ ਤੇ ਫਿਲੌਰ ਦੇ ਜੱਥੇ ਜਲੰਧਰ, ਕਪੂਰਥਲਾ, ਅੰਮ੍ਰਿਤਸਰ ਤੇ ਕਸੂਰ ਆਦਿ ਇਲਾਕਿਆਂ ਰਾਹੀਂ ਪਹੁੰਚਣ। ਏਸੇ ਤਰ੍ਹਾਂ ਫਿਰੋਜ਼ਪੁਰ ਦਾ ਜਥਾ ਕਾਵਾਂ ਦੇ ਪੱਤਣ ਰਾਹੀਂ ਲੰਘ ਕੇ ਜਾਵੇ। ਹੁਸ਼ਿਆਰਪੁਰ ਦਾ ਜਥਾ ਫਗਵਾੜਾ, ਜਲੰਧਰ ਤੇ ਅਮ੍ਰਿਤਸਰ ਦੇ ਪਿੰਡਾਂ ਵਿੱਚੋਂ ਦੀ ਹੁੰਦਾ ਹੋਇਆ ਲਾਹੌਰ ਪਹੁੰਚੇ। ਲੁਧਿਆਣੇ ਦਾ ਜਥਾ ਸਤਲੁਜ ਪਾਰ ਕਰਕੇ ਜਲੰਧਰ ਦੇ ਪਿੰਡਾਂ ਵਿੱਚੋਂ ਦੀ ਹੁੰਦਾ, ਲੰਘਕੇ ਜਾਵੇ। ਲਾਇਲਪੁਰ, ਸ਼ੇਖੂਪੁਰਾ ਅਤੇ ਨੀਲੀਬਾਰ ਦੇ ਜਥੇ ਤਹਿਸੀਲਾਂ ਚੂਨੀਆਂ ਵਿੱਚੋਂ ਦੀ ਜਾਣ। ਗੁਰਦਾਸਪੁਰ ਦੇ ਪਨਿਆੜ ਆਸ਼ਰਮ ਦਾ ਜਥਾ ਉੱਤਰ ਵੱਲੋਂ ਦੀ ਜਾਵੇ। ਏਸੇ ਤਰ੍ਹਾਂ ਅੰਬਾਲਾ ਅਤੇ ਰਿਆਸਤੀ ਜਥਿਆਂ ਨੇ ਆਪਣੇ ਰੂਟਾਂ ਰਾਹੀਂ ਲਾਹੌਰ ਵੱਲ ਨੂੰ ਮਾਰਚ ਕੀਤਾ ਸੀ।

ਲਾਹੌਰ ਕਿਸਾਨ ਮੋਰਚੇ ਦੀਆਂ ਸਾਰੇ ਮੁਲਕ ਵਿੱਚ ਧੁੰਮਾਂ ਪੈ ਗਈਆਂ ਸਨ। ਇਹ ਮੋਰਚਾ ਮੱਠਾ ਪੈਣ ਦੀ ਥਾਂ ਭਖਦਾ ਹੀ ਗਿਆ ਸੀ। ਲਾਹੌਰ ਮੋਰਚਾ ਹੁਣ ਦਫਾ 144 ਤੋੜਨ ਦਾ ਮੋਰਚਾ ਹੀ ਨਹੀਂ ਰਹਿ ਗਿਆ ਸਗੋਂ ਸੂਬੇ ਦੀਆਂ ਕਿਸਾਨ ਤੇ ਮੁਜ਼ਾਹਰਾ ਮੰਗਾਂ ਦਾ ਮੋਰਚਾ ਬਣ ਗਿਆ ਸੀ। ਇਸ ਨੇ ਸਿਕੰਦਰੀ ਵਜ਼ਾਰਤ ਨੂੰ ਵਖਤ ਪਾ ਦਿੱਤਾ ਸੀ। ਵਜ਼ਾਰਤ ਨੇ ਸਾਰੇ ਪੰਜਾਬ ਵਿੱਚ ਦਫਾ 144 ਲਾ ਦਿੱਤੀ ਅਤੇ ਜੱਥੇ ਨੂੰ ਤੁਰਨ ਦੇ ਮੁਕਾਮ 'ਤੇ ਹੀ ਗ੍ਰਿਫਤਾਰ ਕਰਨ ਲੱਗ ਪਈ ਸੀ। ਇਸ ਨਾਲ ਰਸਤੇ ਦੇ ਪ੍ਰਚਾਰ ਦਾ ਪ੍ਰੋਗਰਾਮ ਵੀ ਠੱਪ ਹੋ ਗਿਆ ਅਤੇ ਅਮਲੀ ਰੂਪ ਵਿੱਚ ਲਾਹੌਰ ਦਾ ਮੋਰਚਾ ਵੀ। ਇਸ 'ਤੇ ਵਿਚਾਰ ਕਰਨ ਲਈ ਕਿਰਤੀ ਪਾਰਟੀ ਦੀ ਹੰਗਾਮੀ ਮੀਟਿੰਗ ਬੁਲਾਈ ਗਈ ਸੀ। ਵੱਖ ਵੱਖ ਜਥਿਆਂ ਦੇ ਰੂਟ ਅਤੇ ਰਾਹ ਵਿੱਚ ਠਹਿਰਨ ਦੇ ਪ੍ਰੋਗਰਾਮ ਅਖ਼ਬਾਰਾਂ ਵਿੱਚ ਛਪ ਚੁੱਕੇ ਸਨ। ਜ਼ਿਲ੍ਹਾ ਕਮੇਟੀਆਂ ਨੂੰ ਹਦਾਇਤਾਂ ਭੇਜੀਆਂ ਗਈਆਂ ਕਿ ਮੁਕੱਰਰ ਹੋ ਚੁੱਕੀ ਤਾਰੀਖ ਤੇ ਛਪ ਚੁਕੇ ਹਰ ਪੜਾਅ ਤੋਂ ਪੰਜਾਂ ਦਾ ਜਥਾ ਗ੍ਰਿਫਤਾਰ ਕਰਵਾਇਆ ਜਾਵੇ ਅਤੇ ਪਹੁੰਚਣ ਦੀ ਤਾਰੀਖ਼ 'ਤੇ 5 ਕਿਸਾਨਾਂ ਦਾ ਜਥਾ ਲਾਹੌਰ ਵਿੱਚ ਗ੍ਰਿਫਤਾਰੀ ਦੇਵੇ। ਇਸ ਤਰ੍ਹਾਂ ਹਰ ਰੋਜ਼ ਪੰਜ ਦਾ ਜਥਾ ਲਾਹੌਰ ਵਿੱਚ ਵੀ ਗ੍ਰਿਫਤਾਰੀ ਦਿੰਦਾ ਸੀ ਅਤੇ ਹਰ ਜ਼ਿਲ੍ਹੇ

ਵਿੱਚ ਇਕ ਜਾਂ ਦੋ ਪੜਾਵਾਂ 'ਤੇ ਪੰਜ ਪੰਜ ਦੇ ਜਥੇ ਗ੍ਰਿਫਤਾਰੀ ਦਿੰਦੇ ਸਨ। ਮੋਰਚੇ ਨੂੰ ਜਾਰੀ ਰੱਖਣ ਲਈ ਸਖਤ ਮਿਹਨਤ ਕਰਨੀ ਪਈ ਸੀ। ਇਸ ਨਾਲ ਨੌਜਵਾਨ ਲੀਡਰਸ਼ਿਪ ਅੱਗੇ ਆਈ ਸੀ। ਮਿਸਾਲ ਵੱਜੋਂ ਬਿਲਗੇ ਤੋਂ ਜਵਾਲੇ ਦੀ ਅਗਵਾਈ ਵਿੱਚ ਛੇ ਕਿਸਾਨਾਂ ਦੇ ਜਥੇ ਨੇ ਗ੍ਰਿਫਤਾਰੀ ਦਿੱਤੀ ਸੀ ਅਤੇ ਦੂਜੇ ਦਿਨ ਤਿੰਨ ਮੀਲ ਦੀ ਦੂਰੀ 'ਤੇ ਪਾਸਲੇ ਤੋਂ ਗੁਰਚਰਨ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਜੱਥੇ ਨੇ ਗ੍ਰਿਫਤਾਰੀ ਦਿੱਤੀ ਸੀ। ਏਸੇ ਤਰ੍ਹਾਂ ਗੁਰਬਖਸ਼ ਸਿੰਘ ਅੱਟਾ, ਜਵਾਲਾ ਸਿੰਘ ਬੜਾ ਪਿੰਡ ਆਦਿ ਨੌਜਵਾਨਾਂ ਦੀ ਅਗਵਾਈ ਵਿੱਚ ਜਥੇ ਗ੍ਰਿਫਤਾਰ ਹੋਏ ਸਨ।

ਪਹਿਲਾਂ ਹਰ ਪੜਾਅ ਉੱਤੇ ਜਥੇ ਦੀ ਟਹਿਲ ਸੇਵਾ ਤੇ ਹੋਰ ਇੰਤਜਾਮ ਲਈ ਅਤੇ ਰਾਤ ਦੇ ਜਲਸੇ ਲਈ ਮੁਕਾਮੀ ਲੋਕ ਹੀ ਆਉਂਦੇ ਸਨ ਅਤੇ ਗ੍ਰਿਫਤਾਰੀਆਂ ਬਾਰੇ ਸੁਣਕੇ ਆਸ ਪਾਸ ਦੇ ਪਿੰਡਾਂ ਦੇ ਕਿਸਾਨ ਹੁਮ-ਹੁਮਾਕੇ ਦੁਪਹਿਰ ਤਕ ਪਹੁੰਚ ਜਾਂਦੇ ਸਨ ਅਤੇ ਫੁੱਲਾਂ ਦੇ ਹਾਰ ਪਾ ਕੇ ਜੱਥੇ ਨੂੰ ਰਵਾਨਾ ਕਰਦੇ ਸਨ। ਇਹ ਇਕੱਠ ਹਜ਼ਾਰਾਂ ਵਿੱਚ ਹੋ ਜਾਂਦੇ ਸਨ। ਤਕਰੀਰਾਂ ਤੋਂ ਬਾਅਦ ਜਥਾ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰਦਾ ਸੀ, ਨਵੇਂ ਦਾਅਪੇਚਾਂ ਅਨੁਸਾਰ ਹੁਣ ਇਕੱਲੇ ਲਾਹੌਰ ਵਿੱਚ ਹੀ ਨਹੀਂ ਹਰ ਜ਼ਿਲ੍ਹਾ ਕਚਹਿਰੀ ਵਿੱਚ ਮੁਕੱਦਮੇ ਚੱਲ ਰਹੇ ਸਨ ਅਤੇ ਗ੍ਰਿਫਤਾਰ ਕੀਤੇ ਜਥੇ ਕਚਹਿਰੀਆਂ ਵਿੱਚ ਨਾਹਰੇਬਾਜ਼ੀ ਕਰਦੇ ਰਹਿੰਦੇ ਸਨ। ਇਸ ਨਾਲ ਮੋਰਚੇ ਦਾ ਪ੍ਰਚਾਰ ਪਹਿਲਾਂ ਨਾਲੋਂ ਵੀ ਵੱਧ ਗਿਆ।

ਸਤਿਆਗ੍ਰਹੀਆਂ ਨੂੰ ਛੇ-ਛੇ ਮਹੀਨੇ, ਨੌਂ-ਨੌਂ ਮਹੀਨੇ ਦੀ ਸਜ਼ਾ ਕਰਕੇ ਜ਼ਿਲ੍ਹਿਆਂ ਦੀਆਂ ਜੇਲ੍ਹਾਂ ਤੋਂ ਮੁਲਤਾਨ ਅਤੇ ਰਾਵਲਪਿੰਡੀ ਦੀਆਂ ਸੈਂਟਰਲ ਜ਼ੇਲ੍ਹਾਂ ਵਿੱਚ ਭੇਜ ਦਿੱਤਾ ਜਾਂਦਾ ਸੀ। ਕਿਰਤੀ ਪਾਰਟੀ ਦੇ ਨੌਜਵਾਨ ਆਗੂਆਂ ਨੇ ਜ਼ੇਲ੍ਹਾਂ ਵਿੱਚ ਮਾਰਕਸਵਾਦ ਦੇ ਸਕੂਲ ਲਾਉਣੇ ਸ਼ੁਰੂ ਕਰ ਦਿੱਤੇ ਸਨ। ਜੇਲ੍ਹਾਂ ਵਿੱਚਲੇ ਰਾਜਸੀ ਵਿੱਦਿਆ ਦੇ ਇਨ੍ਹਾਂ ਸਕੂਲਾਂ ਨੇ ਅੱਜ ਦੇ ਉੱਚ ਪਧਰੇ ਕਮਿਊਨਿਸਟ ਲੀਡਰ ਪੈਦਾ ਕੀਤੇ। ਏਸੇ ਕਰਕੇ ਲਾਹੌਰ ਦਾ ਮੋਰਚਾ ਕਈ ਪੱਖਾਂ ਤੋਂ ਪੰਜਾਬ ਦੇ ਰਾਜਸੀ ਇਤਿਹਾਸ ਵਿੱਚ ਇਕ ਅਹਿਮ ਮੁਕਾਮ ਹੈ।

ਲਾਹੌਰ ਮੋਰਚੇ ਵਿੱਚ 500 ਕਿਸਾਨ ਵਲੰਟੀਅਰ ਕੈਦ ਹੋਏ ਸਨ ਜਿਨ੍ਹਾਂ ਵਿੱਚ ਕਾਫੀ ਗਿਣਤੀ ਵਿੱਚ ਔਰਤਾਂ ਵੀ ਸਨ। ਜੇਲ੍ਹ ਦੇ ਅੰਦਰ ਕਾਮਰੇਡ ਯੋਗ ਰਾਜ ਦਾ ਬੱਚਾ ਗੁਰਮੀਤ, ਬੀਬੀ ਹਰਕਿਸ਼ਨ ਕੌਰ, ਭਾਗ ਸਿੰਘ ਅਤੇ ਲਾਲਦੀਨ ਸ਼ਹੀਦ ਹੋ ਗਏ ਸਨ। ਕਿਸਾਨ ਮਜ਼ਦੂਰ ਲਹਿਰ ਉੱਭਰ ਕੇ ਮੁਲਕ ਦੀ ਅਜ਼ਾਦੀ ਵਿੱਚ ਨਵਾਂ ਮੋੜ ਲਿਆਂਦਾ ਸੀ।

ਮੋਰਚਾ ਜਦੋਂ ਸਿਖਰਾਂ 'ਤੇ ਸੀ ਤਾਂ ਬਦਕਿਸਮਤੀ ਨੂੰ ਦੂਜੀ ਸੰਸਾਰ ਜੰਗ ਛਿੜ ਪਈ ਸੀ। ਇਕ ਪਾਸੇ ਅੰਗਰੇਜ਼, ਫਰਾਂਸ, ਅਮਰੀਕਾ ਅਤੇ ਦੂਜੇ ਪਾਸੇ ਜਰਮਨ, ਇਟਲੀ ਤੇ ਫੇਰ ਜਪਾਨ ਦੁਨੀਆਂ ਨੂੰ ਵੰਡਣ ਲਈ ਜੰਗ ਵਿੱਚ ਉੱਤਰ ਆਏ ਸਨ। ਕਿਰਤੀ ਪਾਰਟੀ ਸਮੇਤ ਹਿੰਦੋਸਤਾਨ ਦੀਆਂ ਇਨਕਲਾਬੀ ਪਾਰਟੀਆਂ ਨੇ ਦੇਸ ਨੂੰ ਅੰਗਰੇਜ਼ੀ

ਸਾਮਰਾਜ ਤੋਂ ਅਜ਼ਾਦ ਕਰਵਾਉਣ ਦਾ ਸੱਦਾ ਦਿੱਤਾ। ਇਹ ਹੁਣ ਸਾਂਤੀਪੂਰਨ ਸਤਿਆਗ੍ਰਹਿ ਦਾ ਸਮਾਂ ਨਹੀਂ ਸੀ ਸਗੋਂ ਖਾੜਕੂ ਘੋਲ ਲਾਮਬੰਦ ਕਰਨ ਦਾ ਸਮਾਂ ਸੀ।

ਤਰੀਪੁਰਾ ਕਾਂਗਰਸ ਸੈਸ਼ਨ 1939

1939 ਵਿੱਚ ਸੁਭਾਸ਼ ਚੰਦਰ ਬੋਸ ਸੀਤਾ ਰਮਈਆ ਦੇ ਮੁਕਾਬਲੇ ਵਿੱਚ ਜ਼ਿਆਦਾ ਵੋਟਾਂ ਲੈ ਕੇ ਕਾਂਗਰਸ ਦਾ ਪ੍ਰਧਾਨ ਚੁਣਿਆ ਗਿਆ ਸੀ। ਕਿਰਤੀ ਕਮਿਊਨਿਸਟਾਂ ਤੇ ਹੋਰ ਖੱਬੀਆਂ ਪਾਰਟੀਆਂ ਨੇ ਸੁਭਾਸ਼ ਚੰਦਰ ਬੋਸ ਦੀ ਮਦਦ ਕੀਤੀ ਸੀ। ਮਹਾਤਮਾ ਗਾਂਧੀ ਨੇ ਇਸ ਨੂੰ ਆਪਣੀ ਜ਼ਾਤੀ ਹਾਰ ਸਮਝਿਆ ਅਤੇ ਕਾਂਗਰਸ ਵਰਕਿੰਗ ਕਮੇਟੀ ਨਾਮਜ਼ਦ ਕਰਨ ਵਿੱਚ ਸਹਾਈ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਦਰਅਸਲ ਮਹਾਮਤਮਾ ਗਾਂਧੀ ਕਾਂਗਰਸ ਦਾ ਡਿਕਟੇਟਰ ਸੀ। ਕਾਂਗਰਸ ਵਿੱਚ ਕੋਈ ਵੀ ਗੱਲ ਉਸਦੀ ਮਰਜ਼ੀ ਤੋਂ ਬਗੈਰ ਨਹੀਂ ਹੋ ਸਕਦੀ ਸੀ। ਕਾਂਗਰਸ ਵਿੱਚ ਸੰਕਟ ਪੈਦਾ ਹੋ ਗਿਆ ਜਿਸ 'ਤੇ ਸੁਭਾਸ਼ ਚੰਦਰ ਬੋਸ ਨੂੰ ਕਾਂਗਰਸ ਦੀ ਪ੍ਰਧਾਨਗਰੀ ਤੋਂ ਅਸਤੀਫਾ ਦੇਣਾ ਪਿਆ ਸੀ। ਕਿਰਤੀ ਪਾਰਟੀ ਦੇ ਲੀਡਰ ਡਾ. ਭਾਗ ਸਿੰਘ ਨੇ ਪੰਜਾਬ ਦੇ ਡੈਲੀਗੇਸ਼ਨ ਦੀ ਅਗਵਾਈ ਕਰਦੇ ਹੋਏ ਸੁਭਾਸ਼ ਚੰਦਰ ਬੋਸ ਦੇ ਹੱਕ ਵਿੱਚ ਸਟੈਂਡ ਲਿਆ ਸੀ। ਇਸ ਨਾਜ਼ੁਕ ਮੌਕੇ 'ਤੇ ਕੇਂਦਰੀ ਕਾਂਗਰਸ ਸੋਸ਼ਲਿਸਟ ਲੀਡਰਸ਼ਿਪ ਮਹਾਤਮਾ ਗਾਂਧੀ ਦੇ ਪੱਖ ਵਿੱਚ ਹੋ ਗਈ ਸੀ। ਡਾ. ਭਾਗ ਸਿੰਘ ਨੇ ਪ੍ਰੈੱਸ ਕਾਨਫਰੰਸ ਕਰਕੇ ਕਿਰਤੀ ਪਾਰਟੀ ਦੇ ਸਟੈਂਡ ਦੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਤੇ ਸੋਸ਼ਲਿਸਟ ਲੀਡਰਾਂ ਦੇ ਰਵੱਈਏ ਦੀ ਸਖਤ ਮੁਖਾਲਫ਼ਤ ਕੀਤੀ ਸੀ। ਸੁਭਾਸ਼ ਚੰਦਰ ਬੋਸ ਇਸ ਤੋਂ ਬਾਅਦ ਕਾਂਗਰਸ ਤੋਂ ਵੱਖ ਹੋ ਗਏ ਸਨ ਅਤੇ ਉਨ੍ਹਾਂ ਨੇ ਫਾਰਵਰਡ ਬਲਾਕ ਨਾਂ ਦੀ ਜਥੇਬੰਦੀ ਖੜ੍ਹੀ ਕਰ ਲਈ ਸੀ। ਪੰਜਾਬ ਵਿੱਚੋਂ ਮਾਸਟਰ ਮੋਤਾ ਸਿੰਘ ਤੇ ਸਰਦੂਲ ਸਿੰਘ ਕਵੀਸ਼ਰ ਆਦਿ ਵੀ ਇਸ ਵਿੱਚ ਸ਼ਾਮਲ ਹੋ ਗਏ ਸਨ। ਪਰ ਸਭ ਤੋਂ ਜ਼ਿਆਦਾ ਬੰਗਾਲ ਨੇ ਇਸ ਕਾਂਗਰਸ ਬਗ਼ਾਵਤ ਵਿੱਚ ਹਿੱਸਾ ਲਿਆ।

ਤਰੀਪੁਰਾ ਕਾਂਗਰਸ ਸੈਸ਼ਨ ਦੇ ਦੌਰਾਨ ਕਿਰਤੀ ਪਾਰਟੀ ਦੀ ਉਚ ਪੱਧਰੀ ਲੀਡਰਸ਼ਿਪ ਨੇ ਸੁਭਾਸ਼ ਚੰਦਰ ਬੋਸ ਨਾਲ ਖੁਫੀਆ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਫੱਤੇਵਾਲ ਕਤਲ ਕੇਸ ਦੇ ਮਫਰੂਰ ਅੱਛਰ ਸਿੰਘ ਛੀਨਾ, ਬੂਝਾ ਸਿੰਘ, ਰਾਮ ਕਿਸ਼ਨ ਬੀ.ਏ. ਨੈਸ਼ਨਲ ਅਤੇ ਡਾ. ਭਾਗ ਸਿੰਘ ਨੇ ਹਿੱਸਾ ਲਿਆ ਸੀ। ਇਹ ਮੀਟਿੰਗ ਦਰਅਸਲ ਸੁਭਾਸ਼ ਚੰਦਰ ਬੋਸ ਨੂੰ ਹਿੰਦੋਸਤਾਨ ਤੋਂ ਬਾਹਰ ਕੱਢਣ ਲਈ ਇਕ ਆਰੰਭਕ ਬਾਤਚੀਤ ਹੀ ਸੀ।

ਦੂਜੀ ਸੰਸਾਰ ਜੰਗ ਦੇ ਆਰੰਭ ਵਿੱਚ

1939 ਦੀ ਪਹਿਲੀ ਸਤੰਬਰ ਨੂੰ ਹਲਕੇ ਨੀਲੇ ਚੋਲੇ ਵਿੱਚ ਦਾਹੜੀ ਕੇਸਾਂ ਵਾਲਾਂ, ਦੇਖਣ ਵਿੱਚ ਲੱਗਦਾ ਬੋਧੀ ਭਿਕਸ਼ੂ, ਥੰਮਣਵਾਲ ਤੋਂ ਬਿਲਗੇ ਨੂੰ ਰਵਾਂ ਰਵੀਂ ਆ ਰਿਹਾ ਸੀ। ਕੋਲੇ ਆਉਂਦਿਆਂ ਹੀ ਕੜਾਕ ਕੇ ਬੋਲਿਆ, "ਬੱਚੂ ਬਿੱਲਾ ਫਿਰ ਵਾੜ ਵਿੱਚ

ਫਸ ਗਿਆ ਹੈ, ਆਓ ਕੁੱਟ ਕੇ ਮਾਰ ਕੱਢੀਏ ਅਤੇ ਮੁਲਕ ਅਜ਼ਾਦ ਕਰਾਈਏ।" ਦੂਜੀ ਸੰਸਾਰ ਜੰਗ ਦਾ ਬਿਗਲ ਵੱਜ ਗਿਆ ਸੀ। ਵਾਇਸਰਾਏ ਹਿੰਦ ਨੇ ਹਿੰਦੋਸਤਾਨ ਦੇ ਲੋਕਾਂ ਨੂੰ ਪੁਛਣ ਤੋਂ ਬਿਨ੍ਹਾਂ ਹੀ ਪਹਿਲੀ ਸਤੰਬਰ 1939 ਨੂੰ ਅੰਗਰੇਜ਼ ਤੇ ਫਰਾਂਸੀਸੀ ਪੱਖ ਵਿੱਚ ਹਿੰਦੋਸਤਾਨ ਦੇ ਜੰਗ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਸੀ। ਗ਼ਦਰੀ ਬਾਬਿਆਂ ਨੇ ਉਸ ਵੇਲੇ ਕਿਹਾ ਸੀ, "ਅੰਗਰੇਜ਼ ਫਿਰ ਜਰਮਨ ਨਾਲ ਜੰਗ ਵਿੱਚ ਫਸ ਗਏ ਹਨ, ਆਓ ਇਨ੍ਹਾਂ ਨੂੰ ਮਾਰ ਕੱਢੀਏ ਤੇ ਹਿੰਦ ਆਜ਼ਾਦ ਕਰਾਈਏ।" ਇਹ ਕਥਨ ਕਰਨ ਵਾਲੇ ਸਨ ਬਾਬਾ ਅਮਰ ਸਿੰਘ ਜੀ ਸ਼ੇਰਪੁਰਾ (ਲੁਧਿਆਣਾ), ਜਿਨ੍ਹਾਂ ਸੰਸਾਰ ਜੰਗ 1915-16 ਵਿੱਚ ਬਰਮਾ ਗ਼ਦਰ ਸਾਜ਼ਸ਼ ਕੇਸ ਵਿੱਚ ਕਾਲੇ ਪਾਣੀ ਉਮਰ ਕੈਦ ਕੱਟੀ ਸੀ। ਉਹ ਅਠਾਰਾਂ ਸਾਲਾਂ ਬਾਅਦ ਰਿਹਾਅ ਹੋਏ ਸਨ। ਸਾਰੇ ਗ਼ਦਰੀ ਬਾਬਿਆਂ ਦਾ ਇਹੋ ਹੀ ਖ਼ਿਆਲ ਸੀ। ਸਾਰੇ ਅਡੋਲ ਉੱਥੇ ਹੀ ਖੜ੍ਹੇ ਰਹੇ ਸਨ। ਆਪਣੇ ਮਕਸਦ ਦੀ ਪੂਰਤੀ ਲਈ ਬਾਬਾ ਅਮਰ ਸਿੰਘ ਸਰਹੱਦਾਂ ਪਾਰ ਕਰਕੇ ਬੈਂਕਾਕ ਜਾ ਪਹੁੰਚਾ ਸੀ ਅਤੇ ਉਸਨੇ ਬਾਬਾ ਹਰੀ ਸਿੰਘ ਉਸਮਾਨ ਅਤੇ ਪ੍ਰੀਤਮ ਸਿੰਘ ਨਾਗੋਕੇ ਨਾਲ ਮਿਲ ਇੰਡੀਅਨ ਨੈਸ਼ਨਲ ਆਰਮੀ ਦਾ ਪਹਿਲਾ ਯੂਨਿਟ ਖੜਾ ਕਰ ਦਿੱਤਾ ਸੀ। ਜਿਸ ਨੂੰ ਅੱਗੇ ਜਾ ਕੇ ਜਨਰਲ ਮੋਹਣ ਸਿੰਘ ਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਸੰਭਾਲਿਆ ਸੀ.

ਹਿੰਦੋਸਤਾਨ ਦੇ ਕਿਰਤੀਆਂ, ਕਮਿਊਨਿਸਟਾਂ, ਸੋਸ਼ਲਿਸਟਾਂ, ਫਾਰਵਰਡ ਬਲਾਕੀਆਂ ਨੇ ਇਸ ਜੰਗ ਨੂੰ ਦੋ ਡਾਕੂਆਂ ਦੇ ਦਰਮਿਆਨ ਦੁਨੀਆਂ ਦੀ ਦੁਬਾਰਾ ਵੰਡ ਲਈ ਲੜੀ ਜਾ ਰਹੀ ਜੰਗ ਦੱਸਿਆ ਸੀ ਤੇ ਹਿੰਦੋਸਤਾਨੀਆਂ ਨੂੰ ਇਨਕਲਾਬੀ ਲਾਮਬੰਦੀ ਕਰ ਕੇ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਲੜਨ ਦੀ ਅਪੀਲ ਕੀਤੀ ਸੀ।

ਕਾਂਗਰਸ ਪਾਰਟੀ ਨੇ ਇਸ ਜੰਗ ਵਿੱਚ ਨਾਨ-ਕੋਅਪਰੇਸ਼ਨ ਦਾ ਮਤਾ ਪਤਾ ਪਾਸ ਕੀਤਾ ਅਤੇ ਅਕਤੂਬਰ 1939 ਵਿੱਚ ਸੂਬਿਆਂ ਦੀਆਂ ਕਾਂਗਰਸੀ ਵਜ਼ਾਰਤਾਂ ਨੇ ਅਸਤੀਫੇ ਦੇ ਦਿੱਤੇ ਸਨ. ਇਸੇ ਹੀ ਤਰ੍ਹਾਂ ਨੈਸ਼ਨਲਿਸਟ, ਮਜਲਸੇ ਅਹਿਰਾਰ ਨੇ ਵੀ ਜੰਗ ਦਾ ਵਿਰੋਧ ਕਰਨ ਦਾ ਫੈਸਲਾ ਲਿਆ ਸੀ, ਜਦੋਂ ਕਿ ਮੁਸਲਿਮ ਲੀਗ ਨੇ ਜੰਗ ਵਿੱਚ ਅੰਗਰੇਜ਼ੀ ਹਕੂਮਤ ਦੀ ਮਦਦ ਕਰਨ ਦਾ ਮਤਾ ਪਾਸ ਕੀਤਾ ਸੀ ਅਤੇ ਨਾਲ ਹੀ ਇਹ ਮੰਗ ਵੀ ਕਰ ਦਿੱਤੀ ਸੀ ਕਿ ਇਸਦੇ ਸਿੱਟੇ ਵੱਜੋਂ ਸੂਬਾਈ ਅਸੰਬਲੀਆਂ ਵਿੱਚ ਮੁਸਲਮ ਮੈਂਬਰਾਂ ਦੀ ਗਿਣਤੀ ਵਧਾਈ ਜਾਵੇ। ਪੰਜਾਬ ਦੀ ਅਕਾਲੀ ਪਾਰਟੀ ਇਸ ਮਾਮਲੇ 'ਤੇ ਵੰਡੀ ਗਈ ਸੀ। ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਮਹਾਰਾਜਾ ਪਟਿਆਲਾ ਦੇ ਨਾਲ ਫੌਜ ਵਿੱਚ ਭਰਤੀ ਹੋਣ ਦੀ ਪ੍ਰੇਰਨਾ ਕਰਦੇ ਸਨ। ਇਸਦੇ ਉਲਟ ਜਥੇਦਾਰ ਨਾਗੋਕੇ ਦਾ ਗਰੁੱਪ ਕਾਂਗਰਸ ਨਾਲ ਖੜ੍ਹਾ ਸੀ। ਬਲਦੇਵ ਸਿੰਘ ਨੇ ਯੂਨੀਅਨਿਸਟ ਪਾਰਟੀ ਵਿੱਚ ਵਜ਼ਾਰਤ ਕਬੂਲ ਕਰ ਲਈ ਸੀ। ਅਪੋਜ਼ੀਸ਼ਨ ਦੇ ਅਕਾਲੀ-ਕਾਂਗਰਸੀ ਲੀਡਰ ਸੰਪੂਰਨ ਸਿੰਘ ਨੇ ਕਚਹਿਰੀ ਵਿੱਚ ਬਿਆਨ ਦੇ ਕੇ ਕਲੰਕ ਖਟ ਲਿਆ ਸੀ। ਅਦਾਲਤ ਨੇ ਉਸਨੂੰ ਇਕ ਆਨਾ ਜੁਰਮਾਨਾ ਕਰਕੇ ਬਦਦਿਆਨਤਦਾਰੀ ਦਾ ਖ਼ਿਤਾਬ ਦਿੱਤਾ।

ਹਿੰਦੋਸਤਾਨ ਦੇ ਰਾਜਿਆਂ, ਨਵਾਬਾਂ, ਲੈਂਡਲਾਰਡਾਂ ਤੇ ਪੰਜਾਬ ਦੀ ਸਿਕੰਦਰੀ ਵਜ਼ਾਰਤ ਨੇ ਅੰਗਰੇਜ਼ਾਂ ਨੂੰ ਭਰਪੂਰ ਮਦਦ ਦਾ ਫੈਸਲਾ ਕੀਤਾ ਸੀ। ਕਿਰਤੀ ਪਾਰਟੀ ਨੇ ਐਂਟੀ-ਵਾਰ ਕਾਨਫਰੰਸਾਂ ਤੇ ਕਿਸਾਨ ਸਟੂਡੈਂਟ ਫਰੰਟਾਂ ਨੇ ਜੰਗ ਦੇ ਖਿਲਾਫ ਰੈਲੀਆਂ ਕੀਤੀਆਂ ਸਨ।

ਕਿਰਤੀ ਪਾਰਟੀ ਉੱਤੇ ਪਹਿਲਾ ਵਾਰ ਕਿਰਤੀ ਲਹਿਰ, ਮੇਰਠ ਬੰਦ

ਅੰਗਰੇਜ਼ ਹਕੂਮਤ ਨੇ ਪਹਿਲਾ ਵਾਰ ਅਖ਼ਬਾਰ ਕਿਰਤੀ ਲਹਿਰ, ਮੇਰਠ, 'ਤੇ ਕੀਤਾ ਸੀ। ਪੰਡਤ ਪੰਤ ਦੀ ਕਾਂਗਰਸੀ ਵਜ਼ਾਰਤ ਦੇ ਅਸਤੀਫ਼ੇ ਤੋਂ ਦੂਜੇ ਦਿਨ ਪੁਲਸ ਨੇ ਕਿਰਤੀ ਉਰਦੂ ਤੇ ਪੰਜਾਬੀ ਹਫਤਾਵਾਰ ਦੇ ਦਫਤਰ 'ਤੇ ਛਾਪਾ ਕਾਰਕੇ ਆਜ਼ਾਦ ਪ੍ਰੈਸ 'ਤੇ ਕਬਜ਼ਾ ਕਰ ਲਿਆ ਸੀ। ਬਾਅਦ 'ਚ ਅਖ਼ਬਾਰ ਦੀ ਤੇ ਪ੍ਰੈਸ ਦੀ ਹਰ ਚੀਜ਼ ਪਬਲਿਕ ਤੌਰ 'ਤੇ ਕੌਡੀਆਂ ਦੇ ਭਾਅ ਨਿਲਾਮ ਕਰ ਦਿੱਤੀ ਸੀ। ਇਸਦੀ ਬੋਲੀ ਦੇਣ ਵਾਲਿਆਂ ਵਿਚ ਜ਼ਿਆਦਾਤਰ ਪ੍ਰੈਸਾਂ ਦੇ ਮਾਲਕ ਮੇਰਠ ਦੇ ਕਾਂਗਰਸੀ ਹੀ ਸਨ। ਦੁਖਦਾਇਕ ਗੱਲ ਇਹ ਹੋਈ ਕਿ ਨਯਾਬ ਦਸਤਵੇਜ਼ਾਂ ਅਤੇ ਸ਼ਹੀਦਾਂ ਦੀਆਂ ਤਸਵੀਰਾਂ ਦੇ ਬਲਾਕ ਭੰਨ ਤੋੜ ਦਿੱਤੇ ਗਏ ਸਨ। ਭਾਵੇਂ ਇਹ ਪ੍ਰੈਸ ਕਾਨੂੰਨੀ ਤੌਰ 'ਤੇ ਬਾਬਾ ਕਰਮ ਸਿੰਘ ਧੂਤ ਦੀ ਜਾਤੀ ਮਾਲਕੀ ਸੀ ਤਾਂ ਵੀ ਕਾਨੂੰਨ ਦੇ ਰਖਵਾਲਿਆਂ ਨੇ ਇਸਦੀ ਕੋਈ ਪ੍ਰਵਾਹ ਨਾ ਕੀਤੀ। ਕਿਰਤੀ ਪਾਰਟੀ ਨੂੰ ਇਸ ਨਾਲ ਹਜ਼ਾਰਾਂ ਰੁਪਏ ਦਾ ਨੁਕਸਾਨ ਹੋਇਆ।

ਕਿਰਤੀ ਦੇ ਦਫਤਰ ਵਿਚ ਕੰਮ ਕਰਨ ਵਾਲੇ ਸਾਥੀ ਹਰਮਿੰਦਰ ਸਿੰਘ, ਮੁਬਾਰਕ ਸਾਗਰ, ਬਾਬਾ ਕਰਮ ਸਿੰਘ ਧੂਤ, ਦੂੱਲਾ ਸਿੰਘ ਜਲਾਲਦੀਵਾਲ ਅਤੇ ਭਾਰਤ ਸਿੰਘ ਰੂਪੋਸ਼ ਹੋ ਗਏ ਸਨ। ਜੰਗ ਦੇ ਖਿਲਾਫ 1926 ਤੋਂ ਹੀ ਕਿਰਤੀ ਪਾਰਟੀ ਪ੍ਰਚਾਰ ਕਰ ਰਹੀ ਸੀ ਤੇ ਇਸ ਜੰਗ ਨੂੰ ਉਸਨੇ ਆਜ਼ਾਦੀ ਦੀ ਜੰਗ ਵਿਚ ਬਦਲਣ ਦਾ ਨਾਹਰਾ ਦਿੱਤਾ ਸੀ। ਕਿਰਤੀ ਦੇ ਬੰਦ ਹੋਣ ਨਾਲ ਘਾਟ ਮਹਿਸੂਸ ਹੋਈ। ਕਿਰਤੀ ਸੂਬਾ ਕਮੇਟੀ ਨੇ ਬਿਲਗੇ ਆਪਣੀ ਖੁਫੀਆ ਮੀਟਿੰਗ ਕਰਕੇ ਲਾਲ ਝੰਡਾ ਖੁਫੀਆ ਅਖ਼ਬਾਰ ਜਾਰੀ ਕਰਨ ਦਾ ਫੈਸਲਾ ਕੀਤਾ। ਉਸ ਸਮੇਂ ਦੀ ਆਪਣੀ ਸਿਆਸੀ ਪਾਲਸੀ ਬਾਬਤ ਲੇਖ ਲਿਖੇ ਗਏ ਤੇ ਲਾਲ ਝੰਡੇ ਵਿਚ ਛਾਪ ਕੇ ਲੋਕਾਂ ਤਕ ਪਹੁੰਚਾਉਣ ਦਾ ਫੈਸਲਾ ਹੋਇਆ। ਰਾਮ ਸਿੰਘ ਦੱਤ ਨੂੰ ਅਖ਼ਬਾਰ ਕੱਢਣ ਦੀ ਡਿਊਟੀ ਸੌਂਪੀ ਗਈ, ਪਰ ਉਹ ਪੰਦਰਾਂ ਦਿਨ ਬਾਅਦ ਖ਼ੁਫ਼ੀਆ ਪੁਲਸ ਦਾ ਵਵੇਲਾ ਕਰਦਾ ਹੋਇਆ ਵਾਪਸ ਬਿਲਗੇ ਪਰਤ ਆਇਆ ਸੀ। ਇੰਜ ਭਾਸਦਾ ਸੀ ਕਿ ਬਰਸਾਤ ਦੇ ਜੰਮੇ ਨੂੰ ਚੁਫੇਰੇ ਹਰਾ ਹੀ ਹਰਾ ਨਜ਼ਰ ਆਉਂਦਾ ਸੀ। ਲਾਲ ਢੰਡੋਰੇ ਦੇ ਪੁਰਾਣੇ ਵਰਕਰਾਂ ਨੇ ਉਸਦੇ ਸੁੱਤਿਆਂ-ਸੁੱਤਿਆਂ, ਸਰਹਾਣੇ ਦੋ ਸਾਈਕਲੋਸਟਾਈਲ ਮਸ਼ੀਨਾਂ ਰੱਖਕੇ ਉਰਦੂ ਤੇ ਪੰਜਾਬੀ ਦਾ ਲਾਲ ਝੰਡਾ ਨਾਂ ਦਾ ਅਖ਼ਬਾਰ ਬਿਲਗੇ ਤੋਂ ਛਾਪ ਦਿੱਤਾ। ਪੰਜਾਬ ਵਿਚ ਇਸਦੀ ਤਕਸੀਮ ਸੁਖਾਲੀ ਹੀ ਸੀ। ਕਿਰਤੀ ਦੇ ਪੁਰਾਣੇ ਗਾਹਕਾਂ ਨੂੰ ਹੀ ਇਹ ਅਖ਼ਬਾਰ ਪਹੁੰਚਾ ਦਿੱਤਾ ਜਾਂਦਾ ਸੀ। ਪਹਿਲੇ ਪਰਚੇ ਵਿਚ ਕਿਰਤੀ ਸੂਬਾ ਕਮੇਟੀ ਦਾ ਜੰਗ ਬਾਰੇ ਐਲਾਨ ਅਤੇ ਉਸਦੀ ਵਿਆਖਿਆ

ਦਰਜ ਸੀ। ਬਾਅਦ ਵਿਚ ਇਹ ਅਖ਼ਬਾਰ ਕਦੇ ਸ਼ੇਖ਼ੂਪੁਰੇ ਤੋਂ, ਫਿਰ ਗੁਰਦਾਸਪੁਰ, ਫਿਰ ਮੋਗੇ ਦੇ ਇਲਾਕੇ ਤੋਂ ਨਿਕਲਦਾ ਰਿਹਾ। ਇਸਦਾ ਭਰਪੂਰ ਜ਼ਿਕਰ ਗੁਰਚਰਨ ਸਿੰਘ ਸਹਿੰਸਰਾ ਦੀ 'ਉਹ ਵੀ ਦਿਨ ਸਨ' ਕਿਤਾਬ ਵਿਚ ਆਉਂਦਾ ਹੈ। ਇਸ ਨੂੰ ਤਕਸੀਮ ਕਰਨ ਵਾਲੇ ਸਾਥੀਆਂ ਬਾਬਤ ਇਕ ਮਿਸਾਲ ਦੇ ਦੇਣੀ ਜ਼ਰੂਰੀ ਹੈ। ਬਾਬਾ ਨੱਥਾ ਸਿੰਘ 'ਝੰਡੇ ਵਾਲਾ ਬਾਬਾ' ਮੋਗੇ ਤੋਂ ਬੰਦ ਟਰੰਕ ਵਿਚ ਇਸ ਅਖ਼ਬਾਰ ਦਾ ਬੰਡਲ ਲਿਆ ਰਿਹਾ ਸੀ। ਬੇੜੀ ਰਾਹੀਂ ਸਤਲੁਜ ਪਾਰ ਕਰਨ ਲੱਗਿਆਂ ਟਰੰਕ ਬੇੜੀ ਵਿਚ ਰੱਖ ਲਿਆ। ਸਵਾਰੀਆਂ ਬੈਠ ਗਈਆਂ ਤੇ ਪਿੱਛੋਂ ਦੋ ਪੁਲਸ ਦੇ ਸਿਪਾਹੀ ਵੀ ਇਸ ਵਿਚ ਸਵਾਰ ਹੋਏ। ਬੇੜੀ ਅਗਲੇ ਪੱਤਣ 'ਤੇ ਲੱਗ ਗਈ, ਬਾਬੇ ਨੇ ਇਕ ਸੁਆਰੀ ਨੂੰ ਟਰੰਕ ਚੁਕਵਾਉਣ ਲਈ ਕਿਹਾ। ਟਰੰਕ ਭਾਰਾ ਸੀ, ਪੁਲਸ ਨੂੰ ਸ਼ੱਕ ਪੈ ਗਿਆ। ਕਹਿਣ ਲੱਗੇ, "ਓਏ ਬੁੱਢਿਆ, ਖੋਲ੍ਹ ਇਸ ਟਰੰਕ ਨੂੰ ਇਸ ਵਿਚ ਕੀ ਹੈ?" ਬਾਬੇ ਨੂੰ ਔਹੜ ਗਈ ਤੇ ਕਹਿਣ ਲੱਗਾ, "ਕੁੰਜੀ ਕੁੜੀਆਂ ਕੋਲ ਹੈ ਤੇ ਉਹ ਅੱਗੇ ਨਿੱਕਲ ਗਈਆਂ ਹਨ।" ਪੁਲਸੀਆਂ ਕਿਹਾ, "ਜਾਹ ਲੈ ਕੇ ਆ।" ਬਾਬਾ ਕੁੜੀਆਂ ਨੂੰ ਹਾਕਾਂ ਮਾਰਦਾ ਝੱਲ ਬੇਲੇ ਵਿਚ ਅਲੋਪ ਹੋ ਗਿਆ। ਅਜਿਹੇ ਸਨ ਲਾਲ ਝੰਡੇ ਨੂੰ ਤਕਸੀਮ ਕਰਨ ਵਾਲੇ ਵਰਕਰ।

ਕੈਂਬਲਪੁਰ ਜੇਲ੍ਹ

ਲਾਲ ਝੰਡਾ ਨਿਕਲਦੇ ਸਾਰ ਹੀ ਦਸੰਬਰ 1939 ਦੇ ਅਖ਼ੀਰ ਵਿਚ ਭਗਤ ਸਿੰਘ ਬਿਲਗਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਸਨੂੰ ਤਿੰਨ ਹਫ਼ਤੇ ਜਲੰਧਰ ਜੇਲ੍ਹ ਵਿਚ ਰੱਖ ਕੇ ਲਾਹੌਰ ਕਿਲ੍ਹੇ ਵਿਚ ਭੇਜ ਦਿੱਤਾ ਸੀ। ਇਹ ਕਿਲ੍ਹਾ ਉਸ ਲਈ ਕੋਈ ਨਵੀਂ ਚੀਜ਼ ਨਹੀਂ ਸੀ। ਉਹੀ ਗੁਰਦਿੱਤ ਸਿੰਘ ਤੇ ਉਹੀ ਬੂਆ ਦਿੱਤਾ ਤੇ ਕਿਲ੍ਹੇ ਦੀਆਂ ਉਹੀ ਪੌੜੀਆਂ, ਹੇਠਲੀ ਮਿਆਨੀ ਦੀ ਹਵਾਲਾਤ। ਉਸ ਵੇਲੇ ਖਾਕਸਾਰ ਲਹਿਰ ਨੇ ਸਰਕਾਰ ਦਾ ਨੱਕ ਵਿਚ ਦਮ ਕਰ ਰੱਖਿਆ ਸੀ। ਲਾਹੌਰ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ ਤੇ ਕਿਲ੍ਹਾ ਗੋਰੇ ਸਿਪਾਹੀਆਂ ਨਾਲ ਭਰ ਦਿੱਤਾ ਗਿਆ ਸੀ। ਰਾਤ ਨੂੰ ਗੋਰੇ ਸਿਪਾਹੀ ਨਮਾਜ਼ ਵਾਲੇ ਥੜ੍ਹੇ 'ਤੇ ਬੈਠ ਕੇ ਬੀਅਰ ਪੀਂਦੇ ਸਨ। ਕੁਝ ਦਿਨਾਂ ਬਾਅਦ ਟੀਕਾ ਰਾਮ ਸੁਖਨ ਨੂੰ ਵੀ ਇਸੇ ਕਿਲ੍ਹੇ ਵਿਚ ਲੈ ਆਂਦਾ ਗਿਆ ਸੀ। ਤਖ਼ਤਿਆਂ ਦੀਆਂ ਝੀਤਾਂ ਵਿਚੀਂ ਭਗਤ ਸਿੰਘ ਨੂੰ ਉਹ ਨਜ਼ਰ ਆ ਗਿਆ ਸੀ। ਦੂਸਰੇ ਦਿਨ ਐਤਵਾਰ ਸੀ। ਜਦ ਬੂਆ ਦਿੱਤਾ ਰੋਟੀ ਲੈ ਕੇ ਆਇਆ ਤਾਂ ਇਕ ਬਾਲ ਉਸਦੀ ਉਂਗਲੀ ਲੱਗਾ ਹੋਇਆ ਸੀ, ਜਿਸ ਦੇ ਗਲ ਵਿਚ ਤਵੀਤ ਸੀ। ਭਗਤ ਸਿੰਘ ਨੂੰ ਸ਼ਰਾਰਤ ਸੁੱਝੀ। ਉਸਨੇ ਕਿਹਾ, "ਕੀ ਇਹ ਗੁਰਦਿੱਤ ਸਿੰਘ ਦਾ ਲੜਕਾ ਹੈ?" ਉਸ ਵੇਲੇ ਬੂਆ ਦਿੱਤਾ ਇਕੱਲਾ ਹੀ ਸੀ ਅਤੇ ਉਸਨੇ ਦੱਸਿਆ, "ਇਹ ਹੀ ਬਚਿਆ ਹੈ। ਏਸੇ ਕਰਕੇ ਇਸਦੇ ਗਲ ਵਿਚ ਤਵੀਤ ਹੈ।" ਭਗਤ ਸਿੰਘ ਨੇ ਕਿਹਾ, "ਬੂਆ ਦਿੱਤਾ, ਜਿਸ ਪਿਓ ਨੂੰ ਕਲ੍ਹ ਫੜ ਕੇ ਲਿਆਏ ਹੋ ਉਹ ਸਫ਼ੈਦ ਵਾਲਾਂ ਵਾਲਾ ਗੋਰਾ ਸੰਤ ਹੈ। ਉਸ ਦੀ ਆਹ ਪੈ ਗਈ ਤਾਂ ਬਚਣਾ ਇਹ ਵੀ ਨਹੀਂ।" ਫਿਰ ਕੀ ਸੀ, ਸਰਦਾਰਨੀ ਨੂੰ ਜਾ ਖ਼ਬਰ ਹੋਈ। ਸੁਖਨ ਵਾਸਤੇ ਖੀਰ ਕੜਾਹ ਦਾ

ਲੱਗਿਆ ਥਾਲ ਸ਼ਾਮ ਨੂੰ ਆ ਗਿਆ। ਭਗਤ ਸਿੰਘ ਦੀ ਕਿਸਮਤ ਵਿਚ ਉਹ ਹੀ ਬੂਆ ਦਿੱਤਾ ਤੇ ਜੂਠੇ ਟੁਕੜੇ। ਮਨ-ਮਨ ਵਿਚ ਉਹ ਕਹਿ ਰਿਹਾ ਸੀ, "ਸਾਲਿਆ! ਖਾ ਲੈ ਇਹ ਮੇਰੀ ਹੀ ਦੇਣ ਹੈ।"

ਕਿਲ੍ਹੇ ਦੀ ਇੰਟੈਰੋਗੇਸ਼ਨ ਦਾ ਹੁਣ ਨਵਾਂ ਤਰੀਕਾ ਸੀ। ਇਕ ਐਤਵਾਰ ਸਵੇਰੇ ਹੀ ਭਗਤ ਸਿੰਘ ਨੂੰ ਕੋਠੀ ਤੋਂ ਉਪਰ ਦਫਤਰ ਵਿਚ ਲੈ ਆਂਦਾ ਗਿਆ। ਅੱਗੇ ਬੰਤਾ ਸਿੰਘ ਇੰਸਪੈਕਟਰ ਬੈਠਾ ਸੀ। ਉਸਨੇ ਕੁਰਸੀ ਤੋਂ ਉੱਠ ਕੇ ਬੜੇ ਆਦਰ ਨਾਲ ਭਗਤ ਸਿੰਘ ਨੂੰ ਕਰਸੀ 'ਤੇ ਬਿਠਾਇਆ ਤੇ ਕਹਿਣ ਲੱਗਾ, "ਲਓ ਅਖ਼ਬਾਰ ਪੜ੍ਹ ਲਓ, ਮੈਂ ਕਿਹਾ ਸਾਡੇ ਜ਼ਿਲ੍ਹੇ ਦੇ ਲੀਡਰ ਆਏ ਹੋਏ ਹਨ, ਦਰਸ਼ਨ ਹੀ ਕਰ ਆਵਾਂ।" ਅੱਧਾ ਘੰਟਾ ਦੋਨੋਂ ਅਖ਼ਬਾਰ ਪੜ੍ਹਦੇ ਰਹੇ। ਚਾਹ ਮੰਗਵਾਈ ਤੇ ਫੇਰ ਸਧਾਰਨ ਤੌਰ 'ਤੇ ਗੱਲ ਛੇੜ ਲਈ। "ਇਸ ਲੜਾਈ ਦੀ ਕੁਝ ਸਮਝ ਨਹੀਂ ਆਉਂਦੀ।" ਫਾਸ਼ਿਸਟ ਜਰਮਨੀ ਨੇ ਫਰਾਂਸ 'ਤੇ ਹਮਲਾ ਕਰ ਦਿੱਤਾ, ਬਰਤਾਨੀਆ ਫਰਾਂਸ ਦੇ ਹੱਕ ਵਿਚ ਹੋ ਗਿਆ। ਰੂਸ ਦਾ ਪਤਾ ਨਹੀਂ ਲੱਗਦਾ ਉਸਦੀ ਕੀ ਨੀਤੀ ਹੈ?" ਉਹ ਭਗਤ ਸਿੰਘ ਨੂੰ ਬਹਿਸ ਵਿਚ ਪਾ ਕੇ ਲਾਲ ਝੰਡੇ ਵਿਚ ਛਪੇ ਮਜ਼ਮੂਨ ਬਾਬਤ ਜਾਨਣਾ ਚਾਹੁੰਦਾ ਸੀ ਕਿ ਕੀ ਇਹ ਇਸਨੇ ਲਿਖਿਆ ਹੈ। ਭਗਤ ਸਿੰਘ ਹਾਂ ਹੂੰ ਤੋਂ ਸਿਵਾਏ ਕੁਝ ਬੋਲਿਆ ਹੀ ਨਾ ਤੇ ਉਸ ਦੀਆਂ ਹੀ ਸੁਣਦਾ ਰਿਹਾ। ਆਖ਼ਰ ਵਿਚ ਬੰਤਾ ਸਿੰਘ ਕਹਿਣ ਲੱਗਾ, "ਕੁਝ ਪੱਲੇ ਹੀ ਨਾ ਪਾਇਆ, ਕੀ ਪੁੱਛ ਲਵੋਗੇ, ਇਨ੍ਹਾਂ ਦੁਬਾਰਿਆਂ ਤੋਂ।" ਥੋੜ੍ਹੇ ਦਿਨਾਂ ਬਾਅਦ ਇਕ ਹੋਰ ਨੌਜਵਾਨ ਇੰਸਪੈਕਟਰ ਆ ਗਿਆ। ਉਸ ਕੋਲ ਰਿਪੋਰਟਾਂ ਦਾ ਇਕ ਬੰਡਲ ਸੀ। ਜਿਨ੍ਹਾਂ ਵਿਚ ਭਗਤ ਸਿੰਘ ਦੀਆਂ ਦੋ ਸਾਲ ਦੀਆਂ ਰੋਜ਼ਾਨਾ ਰਿਪੋਰਟਾਂ ਸਨ। ਉਹ ਪੜ੍ਹੀ ਜਾਵੇ ਤੇ ਪੁੱਛੀ ਜਾਵੇ। ਭਗਤ ਸਿੰਘ ਨੇ ਕਿਹਾ, "ਇਨ੍ਹਾਂ ਦੀ ਜੇ ਇਕ ਨਕਲ ਮੈਨੂੰ ਦੇ ਦੇਵੋ ਤਾਂ ਚੰਗਾ ਹੋਵੇਗਾ, ਭੁੱਲੀਆਂ ਯਾਦਾਂ ਚੇਤੇ ਆ ਜਾਣਗੀਆਂ, ਕਿਤੇ ਕੁਝ ਲਿਖਿਆ ਤਾਂ ਕੰਮ ਆਉਣਗੀਆਂ।" ਦਰਅਸਲ ਜੰਗ ਸ਼ੁਰੂ ਹੋਣ ਤਕ ਭਗਤ ਸਿੰਘ ਨੂੰ ਤਾਂ ਸਿਰਫ਼ ਇਕ ਸਾਲ ਖੁੱਲ੍ਹੇ ਰਹਿ ਕੇ ਕੰਮ ਕਰਨ ਦਾ ਮੌਕਾ ਮਿਲਿਆ ਸੀ। ਉਸ ਉੱਤੇ ਲਾਇਆ ਗਿਆ ਸਿਪਾਹੀ ਹਫ਼ਤੇਵਾਰ ਡਾਇਰੀ ਭੇਜਦਾ ਸੀ। ਉਸਨੇ ਰੋਜ਼ ਦੀ ਹਿਸਟਰੀਸ਼ੀਟ ਕਲਮਬੰਦ ਕੀਤੀ ਹੋਈ ਸੀ ਤੇ ਉਹ ਤਕਰੀਬਨ ਠੀਕ ਹੀ ਸੀ। ਕਿਤੇ-ਕਿਤੇ ਕਿਸੇ ਪੁਲਸ ਮੁਖ਼ਬਰ ਵੱਲੋਂ ਮਨਘੜਤ ਦੋਸ਼ਾਂ ਦੀ ਵੀ ਰਿਪੋਰਟ ਸੀ। ਮਾਸਟਰ ਅਰਜਨ ਦਾਸ ਟਾਊਟ ਨੇ ਲਿਖਾਇਆ ਸੀ ਕਿ ਪੰਜ ਵਜੇ ਸ਼ਾਮ ਦੀ ਗੱਡੀ ਇਕ ਸ਼ਖ਼ਸ ਬਿਲਗੇ ਸਟੇਸ਼ਨ 'ਤੇ ਉਤਰਕੇ ਭਗਤ ਸਿੰਘ ਤੇ ਉਜਾਗਰ ਸਿੰਘ ਨੂੰ ਬੰਬਾਂ ਦਾ ਇਕ ਟੋਕਰਾ ਦੇ ਗਿਆ ਸੀ। ਉਹ ਇਹ ਟੋਕਰਾ ਲੈ ਕੇ ਉਜਾਗਰ ਸਿੰਘ ਦੇ ਖੂਹ ਨੂੰ ਚਲੇ ਗਏ ਸਨ। ਪਿੰਡ ਵਿਚ ਰਹਿੰਦਿਆਂ ਇਹੋ ਜਿਹੀ ਅਕਲ ਦੇ ਮਾਲਕ ਘਟੀਆ ਬੰਦਿਆਂ ਨਾਲ ਵੀ ਵਾਸਤਾ ਪਿਆ ਸੀ। ਪਰ ਦੂਜੇ ਪਾਸੇ ਬੰਤਾ ਸਿੰਘ ਇੰਸਪੈਕਟਰ ਵਰਗੇ ਸੂਝਵਾਨ ਅਫ਼ਸਰ ਵੀ ਸਨ। ਇਸੇ ਕਾਰਣ ਬੰਤਾ ਸਿੰਘ ਨੂੰ ਦਿਓਲੀ ਕੈਂਪ ਜੇਲ੍ਹ ਦਾ ਇੰਚਾਰਜ ਲਾ ਦਿੱਤਾ ਗਿਆ ਸੀ ਜਿਸ ਨੇ ਦਿਓਲੀ ਕੈਂਪ ਜੇਲ੍ਹ ਵਿਚੋਂ ਜੈ ਪ੍ਰਕਾਸ਼ ਵਲੋਂ ਗੁਪਤ ਬਾਹਰ ਭੇਜੀ ਜਾ

ਰਹੀ ਰਿਪੋਰਟ ਕਾਬੂ ਕਰ ਲਈ ਸੀ।

ਭਗਤ ਸਿੰਘ ਨੂੰ ਕੈਂਬਲਪੁਰ ਜੇਲ੍ਹ ਭੇਜਣ ਦੇ ਆਦੇਸ਼ ਉਹ ਕਿਲ੍ਹੇ ਤੋਂ ਜਾਣ ਲੱਗਾ ਕਰ ਗਿਆ ਸੀ।

ਇਸ ਕਿਲ੍ਹੇ ਦੇ ਮਾਲਕ ਕਿੰਨੀ ਕੁ ਅਕਲ ਦੇ ਮਾਲਕ ਸਨ, ਇਸਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਕ ਦਿਨ ਦੋ ਠਾਣੇਦਾਰ ਝਗੜਦੇ-ਝਗੜਦੇ ਭਗਤ ਸਿੰਘ ਦੀ ਹਵਾਲਾਤ ਅੱਗੇ ਆ ਗਏ। ਗੁਰਦਿੱਤ ਸਿੰਘ ਕਹਿਣ ਲੱਗਾ, ਦੇਖੋ ਜੀ! ਇਹ ਮੰਨਦਾ ਹੀ ਨਹੀਂ ਕਿ ਅਮਰੀਕਾ ਦੀ ਫੋਰਡ ਫੈਕਟਰੀ ਮਿੰਟਾਂ ਵਿਚ ਛੇ ਮੋਟਰ ਕਾਰਾਂ ਬਣਾ ਦਿੰਦੀ ਹੈ ਤੇ ਭਲਾ ਮੀਰ ਦਾਦ ਖ਼ਾਂ ਨੇ ਕਿਤੇ ਝੂਠ ਬੋਲਿਆ ਸੀ। ਦੂਜਾ ਕਹਿਣ ਲੱਗਾ, ਦੇਖੋ ਦੁਨੀਆਂ ਵਿਚ ਇਹਦੇ ਵਰਗੇ ਮੂਰਖ ਵੀ ਵਸਦੇ ਹਨ। ਗੁਰਦਿੱਤ ਸਿੰਘ ਕਹਿੰਦਾ ਸੀ ਕਿ ਫੋਰਡ ਨੇ ਅਜਿਹੇ ਠੱਪੇ ਬਣਾਏ ਹਨ ਜਿਸ ਨਾਲ ਮੋਟਰਾਂ ਬਣ-ਬਣ ਕੇ ਬਾਹਰ ਚਲੇ ਜਾਂਦੀਆਂ ਹਨ। ਭਗਤ ਸਿੰਘ ਦੇ ਸਮਝਾਉਣ 'ਤੇ ਕਿ ਫੋਰਡ ਫੈਕਟਰੀ ਵਿਚ ਕਨਵੇਅਰ ਸਿਸਟਮ ਕਿਸ ਤਰ੍ਹਾਂ ਕੰਮ ਕਰਦਾ ਹੈ, ਦੋਹਾਂ ਨੂੰ ਸਮਝ ਆ ਗਈ। ਦੂਜੇ ਹਫ਼ਤੇ ਬਖ਼ਸ਼ੀ ਬਦਰੀ ਨਾਥ ਡਿਪਟੀ ਸੁਪਰਡੈਂਟ ਆ ਗਿਆ, ਉਸਦੇ ਹੱਥ ਵਿਚ ਲੈਨਿਨ ਦੀ ਕਿਤਾਬ 'ਸਟੇਟ ਐਂਡ ਰੈਵੂਲੂਸ਼ਨ' ਸੀ। ਉਸਨੇ ਕਿਹਾ, "ਮੈਂ ਟੈਸਟ ਦੇਣਾ ਹੈ, ਜਿਸ ਤੋਂ ਬਾਅਦ ਮੇਰੀ ਤਰੱਕੀ ਹੋਣੀ ਹੈ। ਮੈਂ ਅੰਗਰੇਜ਼ੀ ਦੀ ਐਮ. ਏ. ਹਾਂ ਅਤੇ ਤੂੰ ਜਿਨ੍ਹਾਂ ਪੰਜਾਬੀ ਪੜ੍ਹਿਆਂ ਨੂੰ ਅਰਜਨਟੀਨਾ ਤੋਂ ਮਾਸਕੋ ਲੈ ਕੇ ਗਿਆ ਸੀ, ਉਨ੍ਹਾਂ ਨੂੰ ਇਸ ਕਿਤਾਬ ਦੀ ਕੀ ਸਮਝ ਲੱਗੀ ਹੋਵੇਗੀ?" ਭਗਤ ਸਿੰਘ ਹੱਸ ਪਿਆ ਤੇ ਕਹਿਣ ਲੱਗਾ, "ਤੂੰ ਇਹ ਕਿਤਾਬ ਸਾਨੂੰ ਫੜਨ ਲਈ ਪੜ੍ਹ ਰਿਹਾ ਹੈਂ ਅਤੇ ਉਨ੍ਹਾਂ ਪੰਜਾਬੀ ਪੜ੍ਹਿਆਂ ਦੀ ਜ਼ਿੰਦਗੀ ਦਾ ਇਹ ਇਕ ਹਿੱਸਾ ਹੈ। ਉਹ ਇਸਨੂੰ ਬਾਖ਼ੂਬੀ ਸਮਝਦੇ ਹਨ।" ਬਾਅਦ ਵਿਚ ਪਤਾ ਲੱਗਾ ਕਿ ਇਹ ਉਹ ਹੀ ਬਖ਼ਸ਼ੀ ਬਦਰੀ ਨਾਥ ਸੀ ਜਿਹੜਾ ਟੋਕੀਓ ਪਹੁੰਚ ਕੇ ਆਈ.ਐਨ.ਏ. ਦੀਆਂ ਖ਼ਬਰਾਂ ਬਰਤਾਨਵੀ ਸਰਕਾਰ ਨੂੰ ਦਿੰਦਾ ਰਿਹਾ ਸੀ।

ਦੋ ਮਹੀਨੇ ਬਾਅਦ ਭਗਤ ਸਿੰਘ ਨੂੰ ਹੱਥਕੜੀ ਤੇ ਬੇੜੀ ਲਾ ਕੇ ਕੈਂਬਲਪੁਰ ਜੇਲ੍ਹ ਭੇਜ ਦਿੱਤਾ ਸੀ। ਕਿਲ੍ਹੇ ਵਿਚੋਂ ਭੁੱਖਾ ਹੀ ਤੁਰਿਆ ਸੀ ਅਤੇ ਸਾਰੀ ਰਾਤ ਗੱਡੀ ਵਿਚ ਭੁੱਖਾ ਹੀ ਰਿਹਾ ਸੀ। ਸਵੇਰੇ ਕੈਂਬਲਪੁਰ ਜੇਲ੍ਹ ਪਹੁੰਚਣ ਤੋਂ ਬਾਅਦ ਜਿਹੜੀ ਰੋਟੀ ਮਿਲੀ ਜ਼ਮੀਰ ਨੇ ਖਾਣ ਦੀ ਇਜਾਜ਼ਤ ਨਾ ਦਿੱਤੀ। ਗੱਡੀ ਵਿਚ ਮਨ ਦੀ ਕਲਪਨਾ ਸੀ ਕਿ ਚਾਰ ਸਾਲ ਤੋਂ ਵਿਛੜੇ ਤੇਜਾ ਸਿੰਘ ਨੂੰ ਜਾ ਮਿਲਾਂਗਾ। ਇਸਦੇ ਉਲਟ ਕੋਠੀਬੰਦ ਕਰ ਦਿੱਤਾ ਗਿਆ, ਫੂੜ੍ਹੀ, ਦੋ ਲੋਹੇ ਦੇ ਬਾਟੇ, ਹਾਥੀ ਦੇ ਕੰਨਾਂ ਜਿੱਡੇ ਦੋ ਪਰਸ਼ਾਦੇ ਤੇ ਦਾਲ, ਇਕ ਪਾਣੀ ਦੀ ਘੜੀ। ਇਹ ਸਾਰਾ ਸਾਮਾਨ ਹਾਜ਼ਰ ਕਰ ਦਿੱਤਾ ਗਿਆ। ਉਹ ਸੋਚਾਂ ਵਿਚ ਪੈ ਗਿਆ, "ਜੇ ਮੈਂ ਇਹ ਸਭ ਕੁਝ ਪ੍ਰਵਾਨ ਕਰ ਲਿਆ ਤਾਂ ਮੋਹਰ ਲੱਗ ਜਾਏਗੀ। ਗ੍ਰਿਫਤਾਰੀਆਂ ਤਾਂ ਹੋਰ ਵੀ ਹੋਣੀਆਂ ਹਨ, ਸਭ ਨੂੰ ਇਹੋ ਕੁਝ ਹੀ ਮਿਲੇਗਾ। ਸ਼ਾਹੀ ਕਿਲ੍ਹੇ ਤੋਂ ਤੁਰਨ ਲੱਗਿਆਂ ਖ਼ਿਆਲ ਸੀ ਕਿ ਇਮਤਿਹਾਨ ਖ਼ਤਮ ਹੋ ਗਿਆ ਪਰ ਅਜੇ ਆਜ਼ਮਾਇਸ਼ ਬਾਕੀ ਸੀ। ਉਸਨੇ ਫੈਸਲਾ ਕਰ ਲਿਆ ਕਿ ਇਹ ਸਲੂਕ ਪ੍ਰਵਾਨ ਨਹੀਂ ਕਰਨਾ।

ਆਉਣ ਵਾਲੇ ਸਾਥੀਆਂ ਲਈ ਲੜਾਈ ਲੜਨੀ ਹੀ ਪੈਣੀ ਹੈ। ਭਗਤ ਸਿੰਘ ਨੇ ਭੁੱਖ ਹੜਤਾਲ ਕਰ ਦਿੱਤੀ। ਜਦੋਂ ਜੇਲ੍ਹ ਸੁਪਰਡੈਂਟ ਆਇਆ ਤਾਂ ਭਗਤ ਸਿੰਘ ਨੇ ਉਸਨੂੰ ਸਾਫ-ਸਾਫ ਦੱਸ ਦਿੱਤਾ ਕਿ 'ਮੁਕੱਦਮਾ ਚਲਾਓ ਤੇ ਸ਼ਜਾ ਦਿਓ ਤਾਂ ਇਹ ਕੈਦੀਆਂ ਵਾਲੀ ਖ਼ੁਰਾਕ ਪ੍ਰਵਾਨ ਕਰ ਲਵਾਂਗਾ। ਬਿਨ੍ਹਾਂ ਮੁਕੱਦਮਾ ਚਲਾਏ ਜੇਲ੍ਹ ਵਿਚ ਬੇਮਿਆਦੇ ਸਮੇਂ ਲਈ ਰੱਖਣਾ ਹੈ ਤਾਂ ਨਜ਼ਰਬੰਦਾਂ ਵਾਲਾ ਸਲੂਕ ਕਰੋ, ਇਸ ਤੋਂ ਘੱਟ ਮੈਂ ਕੋਈ ਚੀਜ਼ ਪ੍ਰਵਾਨ ਨਹੀਂ ਕਰਾਂਗਾ।"

ਇਕ ਹਫ਼ਤੇ ਬਾਅਦ ਜੇਲ੍ਹ ਦਾ ਡਾਕਟਰ ਜਬਰੀ ਖ਼ੁਰਾਕ ਦੇਣ ਲਈ ਆ ਗਿਆ। ਭੁੱਖ ਹੜਤਾਲੀ ਵੀ ਅਣਜਾਣ ਤੇ ਡਾਕਟਰ ਵੀ ਅਣਜਾਣ। ਉਹ ਨੱਕ ਰਾਹੀਂ ਨਾਲੀ ਚੜਾ ਖ਼ੁਰਾਕ ਦੇਣ ਤੋਂ ਡਰਦਾ ਸੀ। ਕਿਉਂਕਿ ਜੇ ਫੇਫੜਿਆਂ ਵਿਚ ਦੁੱਧ ਚਲਾ ਗਿਆ ਤਾਂ ਮੌਤ ਯਕੀਨੀ ਸੀ। ਖ਼ੂਬ ਜ਼ੋਰ ਅਜ਼ਮਾਈ ਹੁੰਦੀ ਸੀ। ਡਾਕਟਰ ਲੱਕੜ ਦੀਆਂ ਕੀਲੀਆਂ ਨਾਲ ਦੰਦਵੀੜ ਪੁੱਟਦਾ ਤਾਂ ਭਗਤ ਸਿੰਘ ਸੁਰਾਖ਼ ਵਿਚ ਜੀਭ ਫਸਾ ਦਿੰਦਾ ਸੀ। ਇਕ ਕੈਦੀ ਕਲਿੱਪ ਨਾਲ ਜੀਭ ਫੜ ਬਾਹਰ ਨੂੰ ਖਿੱਚਦਾ। ਇਸੇ ਸਿਲਸਿਲੇ ਵਿਚ ਭਗਤ ਸਿੰਘ ਦੇ ਸਾਰੇ ਦੰਦ ਹਿੱਲ ਗਏ ਸਨ। ਇਹ ਪਤਾ ਲਗਣ 'ਤੇ ਸਿਵਲ ਸਰਜਨ ਆਇਆ ਤੇ ਕਹਿਣ ਲੱਗਾ, ਦੋ ਬੇਵਕੂਫ਼। ਇਕ ਨੇ ਪਹਿਲੀ ਵਾਰ ਭੁੱਖ ਹੜਤਾਲ ਕੀਤੀ ਹੈ ਅਤੇ ਜ਼ੋਰ-ਅਜ਼ਮਾਈ ਦੇ ਨਤੀਜੇ ਨਹੀਂ ਜਾਣਦਾ। ਸਭ ਦੰਦ, ਦਾਹੜਾਂ ਹਿਲਾ ਬੈਠਾ। ਇਹ ਦੰਦਵੀੜ ਹੁਣ ਜ਼ਿਆਦਾ ਦੇਰ ਨਹੀਂ ਰਹੇਗੀ। ਇਸ ਡਾਕਟਰ ਨੇ ਪਹਿਲੀ ਵੇਰ ਫੋਰਸ-ਫੀਡਿੰਗ ਕੀਤੀ ਹੈ। ਦੂਸਰੇ ਦਿਨ ਸਿਵਲ ਸਰਜਨ ਆਪ ਦਰਜਨ ਦੇ ਕਰੀਬ ਹੱਟੇ-ਕੱਟੇ ਕੈਦੀ ਨਾਲ ਲੈ ਕੇ ਇਕਦਮ ਭਗਤ ਸਿੰਘ 'ਤੇ ਆ ਝਪਟਿਆ। ਅੰਗ-ਅੰਗ ਕਾਬੂ ਕਰ ਲਿਆ, ਨਾਸਾਂ ਰਾਹੀਂ ਰਬੜ ਦੀ ਨਾਲੀ ਮੇਹਦੇ ਵਲ ਚੜ੍ਹਾ ਦਿੱਤੀ ਤੇ ਕੰਨ ਲਾ ਕੇ ਪਰਖ ਕੀਤੀ ਕਿ ਕਿਤੇ ਹਵਾ ਤਾਂ ਨਹੀਂ ਆਉਂਦੀ। ਨਾਲੀ ਫੇਫੜਿਆਂ ਵੱਲ ਤਾਂ ਨਹੀਂ ਚਲੇ ਗਈ। ਤਸੱਲੀ ਕਰਨ ਤੋਂ ਬਾਅਦ ਉਸਨੇ ਪੀਕ ਰਾਹੀਂ ਦੁੱਧ ਮੇਹਦੇ ਵਿਚ ਪਾ ਦਿੱਤਾ ਅਤੇ ਕਹਿਣ ਲੱਗਾ ਕਿ ਲਾਹੌਰ ਜੇਲ੍ਹ ਵਿਚ ਮੈਂ ਇਹ ਹੀ ਕੰਮ ਕਰਦਾ ਰਿਹਾ ਹਾਂ। ਇੱਕੀ ਦਿਨ ਦੀ ਭੁੱਖ ਹੜਤਾਲ ਤੋਂ ਬਾਅਦ ਨਜ਼ਰਬੰਦਾਂ ਲਈ ਨਿਯਮ ਤੈਅ ਹੋ ਕੇ ਆ ਗਏ ਸਨ। ਤੇਜਾ ਸਿੰਘ ਵਲੋਂ ਭੁੱਖ ਹੜਤਾਲ ਛੱਡ ਦੇਣ ਦੇ ਆਦੇਸ਼ ਆ ਗਏ ਸਨ। ਜੇਲ੍ਹ ਵਾਲੇ ਭਗਤ ਸਿੰਘ ਨੂੰ ਸਟਰੇਚਰ 'ਤੇ ਪਾ ਕੇ ਸ਼ਾਹੀ ਅਹਾਤੇ ਵਿਚ ਛੱਡ ਆਏ ਸਨ।

ਇਹ ਸ਼ਾਹੀ ਅਹਾਤਾ ਕੀ ਸੀ? ਜੇਲ੍ਹ ਦੇ ਅੰਦਰ ਇਕ ਹੋਰ ਜੇਲ੍ਹ ਸੀ। ਤੇਜਾ ਸਿੰਘ ਚਾਰ ਸਾਲ ਤੋਂ ਇਸ ਜੇਲ੍ਹ ਵਿਚ ਸੀ ਪਰ ਕਿਸੇ ਕੈਦੀ ਨੇ ਉਸਨੂੰ ਨਹੀਂ ਦੇਖਿਆ ਸੀ। ਦਰਅਸਲ ਗੰਗਾ ਰਾਮ ਨੂੰ ਪਿੰਜਰੇ ਵਿਚ ਬੰਦ ਕਰਕੇ ਚੂਰੀ ਪਾ ਦੇਣ ਵਾਲੀ ਗੱਲ ਸੀ। ਇਸ ਅਹਾਤੇ ਵਿਚ ਚਿੜੀ ਵੀ ਨਹੀਂ ਸੀ ਫਟਕ ਸਕਦੀ। ਇਸਦੇ ਦੁਆਲੇ ਅੱਠ ਫੁੱਟ ਉੱਚੀ ਚਾਰਦੀਵਾਰੀ ਸੀ। ਚੌਵੀ ਘੰਟੇ ਦਰਵਾਜ਼ਾ ਬੰਦ ਰਹਿੰਦਾ ਸੀ। ਅੰਦਰ ਪਹਿਰੇ 'ਤੇ ਸ਼ੇਰ ਖਾਂ ਹੈਡ ਵਾਰਡਰ ਦਿਨ ਨੂੰ ਹਰ ਵੇਲੇ ਮੌਜੂਦ ਰਹਿੰਦਾ ਸੀ। ਹੋਰਨਾਂ ਅਹਾਤਿਆਂ ਵਾਂਗ ਇਸਦੀ ਵੀ ਰਾਤ ਨੂੰ ਆਵਾਜ਼ ਆਉਂਦੀ ਸੀ: "ਸ਼ਾਹੀ ਅਹਾਤਾ ਸਭ ਅੱਛਾ।"

ਕੈਂਬਲਪੁਰ ਦੇ ਕੈਦੀਆਂ ਦਾ ਖ਼ਿਆਲ ਸੀ ਕਿ ਇਸ ਵਿਚ ਬਾਦਸ਼ਾਹ ਕੈਦ ਕੀਤੇ ਹੋਏ ਹਨ। ਗਰਮੀਆਂ ਵਿਚ ਸਖ਼ਤ ਲੋਅ ਵਗਦੀ ਸੀ। ਹਨ੍ਹੇਰੀਆਂ ਨਾਲ ਸੁੱਤੇ ਪਏ ਸਰੀਰ 'ਤੇ ਮਿੱਟੀ ਦੀ ਤਹਿ ਜੰਮ ਜਾਂਦੀ ਸੀ। ਸਿਆਲ਼ਾਂ ਨੂੰ ਬਾਰਸ਼ਾਂ ਤੇ ਸਰਦੀ ਪੈਂਦੀ ਸੀ। ਇਥੋਂ ਦੇ ਲੋਕ ਅੱਤ ਦੇ ਗ਼ਰੀਬ ਸਨ। ਇਹ ਲੋਕ ਬਟੇਰਿਆਂ, ਕੁੱਕੜਾਂ ਤੇ ਕੁੱਤਿਆਂ ਦੀ ਲੜਾਈ ਪਿੱਛੇ ਕਤਲ ਕਰਕੇ ਜੇਲ੍ਹ ਆ ਜਾਂਦੇ ਸਨ। ਇਸ ਜੇਲ੍ਹ ਵਿਚ ਸਭ ਸਜ਼ਾਯਾਫ਼ਤਾ ਹੀ ਸਨ। ਜੇਲ੍ਹ ਦਾ ਡਿਪਟੀ ਪੁਲਸ ਤੇ ਠਾਣੇਦਾਰ ਵੀ ਸਜ਼ਾ ਦੇ ਤੌਰ 'ਤੇ ਹੀ ਇਸ ਜੇਲ੍ਹ ਵਿਚ ਲਾਏ ਜਾਂਦੇ ਸਨ। ਇਸ ਲਈ ਸਾਡੇ ਸਮੇਤ ਸਭ ਨੂੰ ਉਤਲੀ ਅਫਸਰਸ਼ਾਹੀ ਨਾਲ ਨਫ਼ਰਤ ਸੀ। ਇਹ ਗੱਲਾਂ ਸ਼ਾਹੀ ਕੈਦੀਆਂ ਦੇ ਹੱਕ ਵਿਚ ਜਾਂਦੀਆਂ ਸਨ।

ਸਾਰੇ ਅਹਾਤੇ ਦਾ ਵਾਤਾਵਰਣ ਖਾਮੋਸ਼ ਸੀ। ਪਿੰਡਾਂ ਤੋਂ ਦੂਰ, ਨਾ ਉਘ ਨਾ ਸੁਘ, ਨਾ ਵਾਕਫ਼ੀ, ਨਾ ਮਰਿਆਂ ਦੀ ਖ਼ਬਰ, ਨਾ ਜੀਊਂਦਿਆਂ ਦੀ ਸਾਰ। ਤੇਜਾ ਸਿੰਘ ਚਾਰ ਸਾਲ ਤੋਂ ਇਕੱਲਾ ਰਹਿਣ 'ਤੇ ਆਦਤਨ ਖ਼ਾਮੋਸ਼ ਹੋ ਗਿਆ ਸੀ। ਕੈਨੇਡਾ ਵਿਚ ਪਲੇ ਇਕਬਾਲ ਸਿੰਘ ਨੂੰ ਹਰ ਰੋਜ਼ ਨਕਸੀਰ ਫੁੱਟ ਜਾਂਦੀ ਸੀ। ਇਹ ਮਲੂਕਜ਼ਾਦਾ ਸੱਸੀ ਵਾਲੀ ਤੱਤੀ ਰੇਤਾ ਵਿਚ ਆ ਫਸਿਆ ਸੀ। ਸ਼ਾਹੀ ਅਹਾਤਾ ਬਹੁਤ ਖੁੱਲ੍ਹਾ ਸੀ ਅਤੇ ਸਾਰੀ ਜੇਲ੍ਹ ਦਾ ਛੇਵਾਂ ਹਿਸਾ ਸੀ। ਇਸ ਵਿਚ ਬੰਗਾਲ ਦੇ ਸ਼ਾਹੀ ਕੈਦੀ ਵੀ ਰੱਖੇ ਹੋਏ ਸਨ। 1914-15 ਵਾਲੇ ਗ਼ਦਰੀ ਬਾਬੇ ਵੀ ਇਸਦੀਆਂ ਕੋਠੀਆਂ ਵਿਚ ਬੰਦ ਰਹੇ ਸਨ। ਦਰਅਸਲ ਇਹ ਜੇਲ੍ਹ ਪੰਜਾਬ ਦੀ ਕਾਲੇ ਪਾਣੀ ਜੇਲ੍ਹ ਹੀ ਸੀ। ਨਵੇਂ ਨਿਯਮਾਂ ਅਨੁਸਾਰ ਹਰ ਹਫ਼ਤੇ ਮੁਲਾਕਾਤ ਹੋ ਸਕਦੀ ਸੀ ਪਰ ਇਥੇ ਆਵੇ ਕੌਣ, ਠਹਿਰੇ ਕਿੱਥੇ? ਸਾਲ ਵਿਚ ਇਕ ਵਾਰ ਮੁਲਾਕਾਤ ਹੋ ਜਾਣੀ ਵੀ ਗਨੀਮਤ ਸੀ। ਬਸ 'ਘੁੱਟ ਕੇ ਮਰ ਜਾਓ, ਯੇਹੀ ਮਰਜ਼ੀ ਮੇਰੇ ਸੱਯਾਦ ਕੀ ਹੈ'। ਇਸ ਖ਼ਾਮੋਸ਼ ਮਾਹੌਲ ਨੂੰ ਤੋੜਨਾ ਪੈ ਗਿਆ। ਮੁਲਾਕਾਤਾਂ ਸੱਦੀਆਂ ਗਈਆਂ ਤੇ ਬਾਹਰ ਪਾਰਟੀ ਨਾਲ ਤੁਅੱਲਕਾਤ ਪੈਦਾ ਕੀਤੇ ਗਏ ਸਨ। ਜੰਗ ਸ਼ੁਰੂ ਹੁੰਦਿਆਂ ਹੀ ਪਾਰਟੀ ਨੇ ਜਸਵੰਤ ਸਿੰਘ ਵਿਰਦੀ ਨੂੰ ਸ਼ੰਕਰ ਤੋਂ ਰਾਵਲਪਿੰਡੀ ਭੇਜ ਦਿੱਤਾ ਸੀ ਕਿਉਂਕਿ ਸ਼ੰਕਰ ਵਿਚ ਰਹਿਣ ਨਾਲ ਉਸਦੀ ਗ੍ਰਿਫਤਾਰੀ ਦਾ ਖ਼ਤਰਾ ਸੀ। ਕਿਰਤੀ ਪਾਰਟੀ ਨੇ ਜੀਵਨ ਸਿੰਘ ਦੁਖੀ ਨੂੰ ਵੀ ਜਸਵੰਤ ਕੋਲ ਰਾਵਲਪਿੰਡੀ ਭੇਜ ਦਿੱਤਾ ਸੀ। ਲਾਹੌਰ ਤੋਂ ਚਿੱਠੀ-ਪੱਤਰ ਰਾਵਲਪਿੰਡੀ ਪਹੁੰਚ ਜਾਂਦਾ ਤੇ ਰਾਵਲਪਿੰਡੀ ਤੋਂ ਉਹ ਚਿੱਠੀ ਪੱਤਰ ਲੈ ਕੇ ਕੀਲੀਆਂ, ਖੂਟੀਆਂ ਵੇਚਦਾ ਕੈਂਬਲਪੁਰ ਜੇਲ੍ਹ ਵਾਰਡਰਾਂ ਦੇ ਫੈਮਿਲੀ ਕੁਆਟਰਾਂ ਵਿਚ ਚਲੇ ਜਾਂਦਾ ਸੀ। ਖ਼ਾਸ ਸੰਬੰਧ ਵਾਲੇ ਵਾਰਡਰ ਦੇ ਘਰ ਜਾ ਕੇ ਚਿੱਠੀ-ਪੱਤਰ ਦੇ ਆਉਂਦਾ ਸੀ ਅਤੇ ਕੈਂਬਲਪੁਰ ਜੇਲ੍ਹ ਵਾਲਿਆਂ ਦੇ ਖ਼ਤ-ਪੱਤਰ ਲੈ ਜਾਂਦਾ ਸੀ। ਦੂਸਰੇ ਦਿਨ ਸਭ ਕੁਝ ਸ਼ਾਹੀ ਅਹਾਤੇ ਵਿਚ ਪਹੁੰਚ ਜਾਂਦਾ ਸੀ। ਬਾਅਦ ਵਿਚ ਗ਼ਦਰੀ ਕੈਦੀਆਂ ਨੇ ਜੇਲ੍ਹ ਵਿਚ ਡਿਊਟੀ ਦੇਣ ਵਾਲੇ ਇਲੈਕਟ੍ਰੀਸ਼ਨ ਨੂੰ ਵੀ ਗੰਢ ਲਿਆ ਸੀ। ਉਹ ਗੁਰਦਾਸਪੁਰੀਏ ਹੋਣ ਕਾਰਨ ਵਤਨੀ ਭਰਾ ਵੀ ਬਣ ਗਿਆ ਸੀ। ਤਿੰਨਾਂ ਨੇ ਹੀ ਆਪਣੀਆਂ-ਆਪਣੀਆਂ ਡਿਊਟੀਆਂ ਵੰਡ ਲਈਆਂ ਸਨ। ਤੇਜਾ ਸਿੰਘ ਲਾਲ ਝੰਡੇ ਲਈ ਲੇਖ ਲਿਖ ਕੇ ਭੇਜਦਾ ਸੀ। ਬਾਹਰ ਨਾਲ ਸੰਪਰਕ ਕਾਇਮ ਰੱਖਣ ਦਾ

ਇੰਚਾਰਜ ਭਗਤ ਸਿੰਘ ਸੀ। ਜੇਲ੍ਹ ਵਾਲਿਆਂ ਨਾਲ ਇੱਟ ਖੜੱਕਾ ਰੱਖਣਾ ਇਕਬਾਲ ਦਾ ਕੰਮ ਸੀ। ਜੇਲ੍ਹ ਵਾਲੇ ਉਸਤੋਂ ਗੁਲੇਲੇ ਤੋਂ ਕਾਂ ਵਾਂਗ ਡਰਦੇ ਸਨ। ਇਲੈਟ੍ਰੀਸ਼ਨ ਸੱਦਣਾ ਹੋਵੇ ਤਾਂ ਉਸਦੇ ਕਮਰੇ ਵਿਚ ਦੀ ਬਿਜਲੀ ਦਾ ਫਿਊਜ਼ ਉਡਾ ਕੇ ਬੰਦ ਕਰ ਦਿੱਤੀ ਜਾਂਦੀ ਸੀ। ਇਲੈਕਟ੍ਰੀਸ਼ਨ ਨੇ ਝੱਟਪੱਟ ਆ ਜਾਣਾ ਤੇ ਤੇਜਾ ਸਿੰਘ ਦੇ ਲਿਖੇ ਲੇਖ ਲੈ ਜਾਣੇ। ਹੁਣ ਉਹ ਰੋਟੀ-ਪਾਣੀ ਸਰਕਾਰੀ ਖਾਂਦੇ ਸਨ ਅਤੇ ਕੰਮ ਪਾਰਟੀ ਦਾ ਕਰਦੇ ਸਨ। ਸੰਪਰਕ ਏਨਾ ਤੇਜ਼ ਸੀ ਕਿ ਗੁਰਚਰਨ ਸਿੰਘ ਸਹਿਸਰਾ ਦਾ ਇਕ ਰੁੱਕਾ ਪਹੁੰਚਿਆ ਕਿ ਬੰਗੂ ਅਟਕ ਪਾਰ ਕਰ ਗਿਆ ਹੈ ਭਾਵ ਸੁਭਾਸ਼ ਚੰਦਰ ਬੋਸ ਪਿਸ਼ਾਵਰ ਜਾ ਪੁੱਜਾ ਹੈ ਅਤੇ ਅੱਗੇ ਕਾਬਲ ਜਾਣ ਦੇ ਇੰਤਜ਼ਾਮ ਹੋ ਰਹੇ ਹਨ। ਕਿਰਤੀ ਤੇ ਕਮਿਊਨਿਸਟ ਪਾਰਟੀਆਂ ਦੇ ਇਤਿਹਾਦ ਦਾ ਕੰਮ ਵੀ ਇੱਥੋਂ ਹੀ ਸ਼ੁਰੂ ਹੋਇਆ ਸੀ।

ਜੰਗ ਸਿਖ਼ਰਾਂ 'ਤੇ ਜਾ ਰਹੀ ਸੀ। ਸੁਭਾਸ਼ ਚੰਦਰ ਬੋਸ ਦੇ ਜਾਣ ਨਾਲ ਹੁਣ ਕੈਂਬਲਪੁਰ ਜੇਲ੍ਹ ਤੋਂ ਫ਼ਰਾਰ ਹੋਣ ਦੀਆਂ ਤਜਵੀਜ਼ਾਂ ਹੋ ਰਹੀਆਂ ਸਨ। ਇੰਜੀਨੀਅਰ ਇਕਬਾਲ ਨੂੰ ਗਿਣਤੀ-ਮਿਣਤੀ ਕਰਦਿਆਂ ਦੇਖ ਕੇ ਜੇਲ੍ਹ ਵਾਲੇ ਚੁਕੰਨੇ ਹੋ ਗਏ। ਉਨ੍ਹਾਂ ਨੇ ਡਿਓੜੀ ਦੀ ਛੱਤ 'ਤੇ ਬੰਦੂਕਧਾਰੀ ਵਾਰਡਰ ਦਾ ਚੌਵੀ ਘੰਟੇ ਪਹਿਰਾ ਲਾ ਦਿੱਤਾ। ਡਿਓੜੀ ਤੋਂ ਸਾਰਾ ਸ਼ਾਹੀ ਅਹਾਤਾ ਨਜ਼ਰ ਆਉਂਦਾ ਸੀ। ਸ਼ਾਹੀ ਕੈਦੀਆਂ ਦੀ ਸਾਰੀ ਨਕਲੋਹਰਕਤ 'ਤੇ ਨਿਗਾਹ ਰੱਖਣੀ ਸ਼ੁਰੂ ਹੋ ਗਈ ਸੀ। ਇਕ ਦਿਨ ਸਿਖ਼ਰ ਦੁਪਹਿਰੇ ਧੁੱਪ ਵਿਚ ਲੂਹ ਹੁੰਦੇ ਪਹਿਰੇਦਾਰ ਨੂੰ ਭਗਤ ਸਿੰਘ ਨੇ ਠੰਢੇ ਪਾਣੀ ਦਾ ਗਿਲਾਸ ਦਿੱਤਾ। ਉਸ ਨਾਲ ਬੋਲਚਾਲ ਸ਼ੁਰੂ ਹੋ ਗਈ। ਦੋ ਕੁ ਦਿਨ ਬਾਅਦ ਪੁੱਛਿਆ, "ਕੀ ਗੱਲ ਹੈ, ਤੁਹਾਨੂੰ ਇਥੇ ਇਸ ਤਰ੍ਹਾਂ ਕਿਉਂ ਫਾਹੇ ਦਿੱਤਾ ਗਿਆ?" ਵਾਰਡਰ ਨੇ ਦੱਸਿਆ, "ਕਹਿੰਦੇ ਨੇ ਤੁਸੀਂ ਜੇਲ੍ਹ ਵਿਚੋਂ ਦੌੜ ਜਾਣਾ ਹੈ।" ਦੋਸਤੀ ਵਧਦੀ ਗਈ ਤੇ ਇਕ ਦਿਨ ਉਹੀ ਵਾਰਡਰ ਕਹਿਣ ਲੱਗਾ, "ਜੇ ਦੌੜਨਾ ਹੈ ਤਾਂ ਗੱਲ ਕਰੋ। ਡਿਓੜੀ ਵਿਚ ਦੀ ਹੀ ਕੱਢ ਦਿਆਂਗੇ ਪਰ ਤਿੰਨਾਂ ਦਾ ਤਿੰਨ ਹਜ਼ਾਰ ਰੁਪਏ ਲਵਾਂਗੇ। ਕੋਟ ਮੌਕੇ ਉਤੇ ਰੱਸੇ ਸੁੱਟ ਕੇ ਕਹਿ ਦੇਵਾਂਗੇ ਕਿ ਦੀਵਾਰ ਟੱਪ ਗਏ ਹਨ।"

ਹਫ਼ਤੇ ਕੁ ਬਾਅਦ ਜੇਲ੍ਹ ਦੇ ਡਿਪਟੀ ਨੇ ਸੁਨੇਹਾ ਦਿੱਤਾ ਕਿ, "ਇਕ ਹੋਰ ਆ ਗਿਆ ਹੈ। ਮਰਨ ਕਿਨਾਰੇ ਕਰਕੇ ਲਾਹੌਰ ਕਿਲ੍ਹੇ ਵਿਚੋਂ ਕੱਢ ਕੇ ਕੈਂਬਲਪੁਰ ਜੇਲ੍ਹ ਮਰਨ ਲਈ ਭੇਜ ਦਿੰਦੇ ਹਨ। ਉਹ ਬਚਦਾ ਨਜ਼ਰ ਨਹੀਂ ਆਉਂਦਾ। ਪੀਲੇ ਡੱਡੂ ਵਰਗਾ ਰੰਗ, ਮੰਜੇ 'ਤੇ ਪਿਆ ਵੀ ਨਜ਼ਰ ਨਹੀਂ ਆਉਂਦਾ। ਸਿਵਲ ਸਰਜਨ ਨੂੰ ਦਵਾਈ ਬੂਟੀ ਕਰਨ ਲਈ ਸੱਦਿਆ ਹੈ।"

ਇਹ ਅੱਛਰ ਸਿੰਘ ਛੀਨਾ ਸੀ। ਸ਼ਾਹੀ ਅਹਾਤੇ ਵਾਲਿਆਂ ਨੇ ਕਿਹਾ, "ਛੇਤੀਂ ਕਰੋ ਉਸਨੂੰ ਸਾਡੇ ਕੋਲ ਭੇਜ ਦਿਓ, ਉਸਦੀ ਦਵਾਈ ਸਾਡੇ ਪਾਸ ਹੈ, ਸਿਵਲ ਸਰਜਨ ਪਾਸ ਨਹੀਂ ਹੈ।" ਅੱਛਰ ਸਿੰਘ ਛੀਨੇ ਦੀ ਡੋਲੀ ਸ਼ਾਹੀ ਅਹਾਤੇ ਵਿਚ ਆ ਗਈ ਸੀ। ਫਰਾਰ ਹੋਣ ਦੀਆਂ ਸਭ ਸਕੀਮਾਂ ਬਦਲ ਗਈਆਂ, ਹਫ਼ਤੇ ਦੇ ਵਿਚ-ਵਿਚ ਹੀ ਛੀਨਾ ਨੌਂ-ਬਰ-ਨੌਂ ਹੋ ਗਿਆ। ਸੋਵੀਅਤ ਰੂਸ ਦੇ ਜੰਗ ਵਿਚ ਦਾਖ਼ਲ ਹੋਣ ਨਾਲ ਕਮਿਊਨਿਸਟਾਂ ਲਈ

ਇਹ 'ਪੀਪਲਜ਼ ਵਾਰ' ਬਣ ਗਈ। ਜੇਲ੍ਹ ਦੇ ਅਫ਼ਸਰ ਹਿਟਲਰ ਦੀ ਜਿੱਤ ਦੀਆਂ ਖ਼ਬਰਾਂ ਲਿਆ ਕੇ ਦੱਸਿਆ ਕਰਦੇ ਸਨ ਅਤੇ ਉਸਦੀ ਪ੍ਰਸ਼ੰਸਾ ਦੇ ਪੁਲ ਬੰਨ੍ਹਿਆ ਕਰਦੇ ਸਨ। ਇਸਦੇ ਉਲਟ ਸ਼ਾਹੀ ਕੈਦੀ ਦ੍ਰਿੜ੍ਹਤਾ ਨਾਲ ਸੋਵੀਅਤ ਯੂਨੀਅਨ ਦੀ ਆਖ਼ਰੀ ਜਿੱਤ ਬਾਰੇ ਬਹਿਸ ਕਰਿਆ ਕਰਦੇ ਸਨ।

ਪਹਿਲੀ ਮਈ 1942 ਨੂੰ ਕੈਂਬਲਪੁਰ ਜੇਲ੍ਹ ਦੇ ਦਰਵਾਜ਼ੇ ਚਪੱਟ ਖੁੱਲ੍ਹ ਗਏ। ਕੈਂਬਲਪੁਰ ਦੇ ਚਾਰੇ ਸਾਥੀ ਤੇਜਾ ਸਿੰਘ ਸੁਤੰਤਰ, ਇਕਬਾਲ ਸਿੰਘ ਹੁੰਦਲ, ਭਗਤ ਸਿੰਘ ਬਿਲਗਾ ਤੇ ਅੱਛਰ ਸਿੰਘ ਛੀਨਾ ਰਿਹਾਅ ਕਰ ਦਿੱਤੇ ਗਏ ਸਨ। ਗੁਜਰਾਤ ਜੇਲ੍ਹ ਵਿਚੋਂ ਸੋਹਣ ਸਿੰਘ ਜੋਸ਼, ਫਿਰੋਜ਼ਦੀਨ ਮਨਸੂਰ, ਕਰਮ ਸਿੰਘ ਮਾਨ ਅਤੇ ਫਜ਼ਲ ਇਲਾਹੀ ਕੁਰਬਾਨ ਸਮੇਤ ਅੱਠ ਕਮਿਊਨਿਸਟ ਲੀਡਰ ਰਿਹਾਅ ਕਰ ਦਿੱਤੇ ਗਏ ਸਨ।

ਰਾਵੀ ਦੇ ਉਸ ਪਾਰ

ਦੂਸਰੀ ਸੰਸਾਰ ਜੰਗ ਸ਼ੁਰੂ ਹੋਣ ਤਕ ਕਿਰਤੀ ਪਾਰਟੀ ਆਪਣੀ ਮਜ਼ਬੂਤ ਹੋਂਦ ਕਾਇਮ ਕਰ ਚੁੱਕੀ ਸੀ। ਬਰਤਾਨੀਆ ਸਰਕਾਰ ਦੀਆਂ ਸਖ਼ਤੀਆਂ ਹੁਣ ਇਸ ਨੂੰ ਖ਼ਤਮ ਨਹੀਂ ਕਰ ਸਕਦੀਆਂ ਸਨ। ਇਸ ਦਾ ਬੁਨਿਆਦੀ ਕਾਰਨ ਇਹ ਸੀ ਕਿ ਜ਼ਿੰਦਾ ਗ਼ਦਰੀ ਬਾਬਿਆਂ ਦਾ ਹੱਥ ਇਸਦੀ ਪਿੱਠ 'ਤੇ ਸੀ। ਸਗੋਂ ਉਹ ਸ਼ੋਸ਼ਲਿਜ਼ਮ ਦੀ ਜਾਣਕਾਰੀ ਹਾਸਲ ਕਰਕੇ ਕਿਰਤੀ ਪਾਰਟੀ ਦੀ ਅਗਵਾਈ ਵੀ ਕਰ ਰਹੇ ਸਨ। ਜੇ ਸ਼ਹੀਦ ਬਾਬਾ ਜਵਾਲਾ ਸਿੰਘ ਕਿਸਾਨ ਸਭਾ ਦਾ ਜਨਮਦਾਤਾ ਸਨ ਤਾਂ ਬਾਬਾ ਅਰੂੜ ਸਿੰਘ ਚੂਹੜਚੱਕ ਵਰਗੇ ਬਜ਼ੁਰਗ ਆਹਲਾ-ਤਰੀਨ ਕਮਿਊਨਿਸਟ ਆਰਗੇਨਾਈਜ਼ਰ ਸਨ।

ਗ਼ਦਰ ਪਾਰਟੀ ਦੀ ਦੂਜੀ ਪੀੜ੍ਹੀ ਦੇ ਮਾਸਕੋ ਤੋਂ ਪਰਤੇ ਗ਼ਦਰੀ ਕਮਿਊਨਿਸਟਾਂ ਨੇ ਮਿਹਨਤ ਨਾਲ ਸਟੱਡੀ ਸਰਕਲ ਦੇ ਕੇ ਪੰਜਾਬ ਵਿਚ ਸੂਝਵਾਨ ਕਮਿਊਨਿਸਟ ਕਾਰਕੁੰਨ ਤਿਆਰ ਕੀਤੇ ਸਨ। ਜਿਹੜੇ ਰੋਜ਼ਮਰਾ ਦੀ ਰਾਜਸੀ ਜੱਦੋ ਜਹਿਦ ਵਿਚ ਪੈ ਕੇ ਤਜਰਬੇਕਾਰ ਹੋ ਗਏ ਸਨ। ਪੁਲਸ ਦੀਆਂ ਸਖ਼ਤੀਆਂ ਦੇ ਬਾਵਜੂਦ ਲੋਕਾਂ ਲਈ ਜੂਝਦੇ ਇਨ੍ਹਾਂ ਕਾਰਕੁੰਨਾਂ ਦੀ ਗਿਣਤੀ ਵਧਦੀ ਹੀ ਗਈ ਸੀ ਤੇ ਇਨ੍ਹਾਂ ਵਿਚ ਪਾਰਟੀ ਦੀ ਵਾਗਡੋਰ ਸੰਭਾਲਣ ਦੀ ਯੋਗਤਾ ਆ ਗਈ ਸੀ। ਇਹ ਨੌਜਵਾਨ ਕਿਰਤੀ ਕਾਰਕੁੰਨ ਨਾ ਅਮਰੀਕਾ ਤੋਂ ਆਏ ਸਨ ਤੇ ਨਾ ਹੀ ਇਨ੍ਹਾਂ ਨੇ ਮਾਸਕੋ ਯੂਨੀਵਰਸਿਟੀ ਤੋਂ ਸਿਆਸੀ ਵਿਦਿਆ ਹਾਸਲ ਕੀਤੀ ਸੀ। ਇਹ ਤਾਂ ਪੰਜਾਬ ਦੀ ਧਰਤੀ ਦੇ ਜੰਮਪਲ ਸਨ, ਜਿਨ੍ਹਾਂ ਨੇ ਸੰਘਰਸ਼ ਵਿਚ ਕਮਿਊਨਿਸਟ ਸਿਧਾਂਤ ਸਿੱਖਿਆ ਤੇ ਇਨ੍ਹਾਂ ਦੀਆਂ ਜੜ੍ਹਾਂ ਪੰਜਾਬ ਦੀ ਜ਼ਮੀਨ ਵਿਚ ਬੜੀਆਂ ਗਹਿਰੀਆਂ ਸਨ। ਇਨ੍ਹਾਂ ਨੇ ਗ਼ਦਰੀ ਬਾਬਿਆਂ ਦੇ ਇਨਕਲਾਬੀ ਵਿਰਸੇ ਨੂੰ ਅਪਣਾ ਲਿਆ ਸੀ ਤੇ ਮਾਸਕੋ ਤੋਂ ਪਰਤੇ ਗ਼ਦਰੀ ਕਮਿਊਨਿਸਟਾਂ ਤੋਂ ਰਾਜਸੀ ਸੂਝ ਹਾਸਲ ਕਰ ਲਈ ਸੀ।

ਭਗਤ ਸਿੰਘ ਬਿਲਗਾ ਦੀ ਗ੍ਰਿਫਤਾਰੀ ਤੋਂ ਬਾਅਦ ਕਿਰਤੀ ਪਾਰਟੀ ਦੀ ਲੀਡਰਸ਼ਿਪ ਅੰਡਰਗਰਾਊਂਡ ਚਲੀ ਗਈ ਸੀ। ਕਾਮਰੇਡ ਜਨਰਲ ਸਕੱਤਰ ਨੇ ਅਪ੍ਰੈਲ 1940 ਵਿਚ

ਰਾਵੀ ਤੋਂ ਦੂਜੇ ਪਾਰ ਸੂਬਾ ਕਮੇਟੀ ਦੀ ਵਧਾਈ ਹੋਈ ਮੀਟਿੰਗ ਸੱਦੀ ਸੀ, ਜਿਸ ਵਿਚ ਕਾਮਰੇਡ ਧਨਵੰਤਰੀ, ਡਾ. ਭਾਗ ਸਿੰਘ, ਰਾਮ ਸਿੰਘ ਦੱਤ, ਬੂਝਾ ਸਿੰਘ, ਦਸੌਂਧਾ ਸਿੰਘ ਢਾਡਾ, ਸੰਤਾ ਸਿੰਘ ਗੰਡੀਵਿੰਡ, ਅੱਛਰ ਸਿੰਘ ਛੀਨਾ, ਹਰਮਿੰਦਰ ਸਿੰਘ ਸੋਢੀ, ਨੈਣਾ ਸਿੰਘ ਧੂਤ, ਮੋਹਨ ਲਾਲ, ਗੁਰਚਰਨ ਸਿੰਘ ਸਹਿੰਸਰਾ, ਕਰਤਾਰ ਸਿੰਘ ਗਿੱਲ, ਹਰਨਾਮ ਸਿੰਘ ਚਮਕ, ਮੁਹੱਬਤ ਸਿੰਘ, ਦੂੱਲਾ ਸਿੰਘ, ਬਚਨ ਸਿੰਘ ਤਖਾਣਬੱਧ, ਬਾਬਾ ਅਰੂੜ ਸਿੰਘ ਤੇ ਹੋਰ ਸਾਥੀ ਸ਼ਾਮਲ ਹੋਏ ਸਨ।

ਕਿਰਤੀ ਪਾਰਟੀ ਦੀ ਪੁਰਾਣੀ ਲੀਡਰਸ਼ਿਪ ਤੋਂ ਪੰਜਾਬ ਸੀ.ਆਈ.ਡੀ. ਕਾਫੀ ਜਾਣੂੰ ਸੀ। ਇਨ੍ਹਾਂ ਦਾ ਪੁਲਸ ਦੀ ਨਿਗਾਹ ਵਿਚ ਆ ਜਾਣਾ ਆਸਾਨ ਸੀ। ਇਸ ਲਈ ਨਵੇਂ ਕੇਡਰ ਵਿਚੋਂ ਕਾਮਰੇਡ ਗੁਰਚਰਨ ਸਿੰਘ ਸਹਿੰਸਰਾ ਸਕੱਤਰ, ਚੈਨ ਸਿੰਘ ਚੈਨ ਤੇ ਹਰਬੰਸ ਸਿੰਘ ਕਰਨਾਣਾ ਸਕੱਤਰੇਤ ਦੇ ਮੈਂਬਰ ਬਣਾਏ ਗਏ ਸਨ। ਪਾਰਟੀ ਹੈਡਕੁਆਟਰ ਲਾਹੌਰ ਵਿਚ ਬਣਾਇਆ ਗਿਆ ਤੇ ਸਭ ਕਾਗਜ਼ ਪੱਤਰ ਤੇ ਫੰਡ ਇਨ੍ਹਾਂ ਦੇ ਹਵਾਲੇ ਕਰ ਦਿੱਤੇ ਗਏ। ਇਸੇ ਤਰ੍ਹਾਂ ਇਨ੍ਹਾਂ ਨੇ ਹਾਲਾਤ ਅਨੁਸਾਰ ਜਿਲ੍ਹਾ ਕਮੇਟੀਆਂ ਦੀ ਬਦਲੀ ਵੀ ਕਰ ਦਿੱਤੀ। ਕਾਮਰੇਡ ਧਨਵੰਤਰੀ ਖ਼ੁਫ਼ੀਆ ਕੰਮਾਂ ਦੇ ਮਾਹਿਰ ਸਨ। ਉਨ੍ਹਾਂ ਨੇ ਪਾਰਟੀ ਦਫਤਰ ਤੇ ਪਾਰਟੀ ਦੇ ਖ਼ੁਫ਼ੀਆ ਛਾਪੇਖਾਨੇ ਲਈ ਮਕਾਨ ਲੈ ਕੇ ਦਿੱਤੇ ਸਨ। ਕਾਮਰੇਡ ਦੇਵ ਦੱਤ ਅਟੱਲ ਖੁੱਲ੍ਹੇ ਤੇ ਗੁਪਤ ਕੰਮ ਲਈ ਇਕ ਕੜੀ ਵਜੋਂ ਮੁਕੱਰਰ ਕੀਤੇ ਗਏ ਸਨ। ਕਾਮਰੇਡ ਦੇਵ ਦੱਤ ਅਟੱਲ ਨੇ ਇਸ ਸਮੇਂ ਹੀ ਲੜਕੀਆਂ ਦਾ ਇਕ ਮਜ਼ਬੂਤ ਗਰੁੱਪ ਪਾਰਟੀ ਵਿਚ ਲਿਆਂਦਾ। ਇਨ੍ਹਾਂ ਵਿਚ ਸ਼ਕੁੰਤਲਾ, ਸਰਲਾ, ਊਸ਼ਾ, ਗੁਰਬਚਨ ਕੌਰ ਮਾਨ ਆਦਿ ਸ਼ਾਮਲ ਸਨ। ਕਾਮਰੇਡ ਧਨਵੰਤਰੀ ਦੀ ਡਿਊਟੀ ਸੂਬਾ ਸਰਹੱਦ ਤੇ ਇਰਾਨ ਵਿੱਚੋਂ ਪਾਰਟੀ ਲਈ ਹਥਿਆਰ ਖ਼ਰੀਦਣ ਦੀ ਲੱਗੀ ਸੀ। 7 ਜੂਨ 1940 ਨੂੰ ਕਾਮਰੇਡ ਰਾਮ ਕਿਸ਼ਨ ਤੇ ਅੱਛਰ ਸਿੰਘ ਛੀਨਾ ਸੁਭਾਸ਼ ਚੰਦਰ ਬੋਸ ਨੂੰ ਦੇਸੋਂ ਬਾਹਰ ਲਿਜਾਣ ਲਈ ਪੇਸ਼ਾਵਰ ਵੱਲ ਤੁਰ ਗਏ ਸਨ। 8 ਜੂਨ ਨੂੰ ਧਨਵੰਤਰੀ ਤੇ ਮੋਹਣ ਲਾਲ ਪੁਲਸ ਦੇ ਕਾਬੂ ਆ ਗਏ। ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਦਿਓਲੀ ਕੈਂਪ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ।

ਕਾਂਗਰਸ ਦਾ ਇਨਫਰਾਦੀ ਸਤਿਆਗ੍ਰਹਿ ਸ਼ੁਰੂ ਹੋ ਗਿਆ। ਮਹਾਤਮਾ ਗਾਂਧੀ ਦੀਆਂ ਹਦਾਇਤਾਂ ਅਨੁਸਾਰ ਇਕੱਲਾ-ਇਕੱਲਾ ਸਤਿਆਗ੍ਰਹੀ ਪਹਿਲਾਂ ਪੁਲਸ ਨੂੰ ਇਤਲਾਹ ਦਿੰਦਾ ਤੇ ਫੇਰ ਥਾਣੇ ਅੱਗੇ ਜਾ ਕੇ ਧੀਮੀ ਆਵਾਜ਼ ਵਿਚ ਨਾਹਰਾ ਲਾਉਂਦਾ ਤੇ ਗ੍ਰਿਫਤਾਰ ਹੋ ਜਾਂਦਾ ਸੀ। ਦੂਸਰੇ ਪਾਸੇ ਕਿਰਤੀ ਪਾਰਟੀ ਨੇ ਆਪਣੇ ਗੁਪਤ ਅਖ਼ਬਾਰ 'ਲਾਲ ਝੰਡਾ' ਰਾਹੀਂ, ਇਸ਼ਤਿਹਾਰਾਂ ਦੇ ਜ਼ਰੀਏ, ਕੰਧਾਂ 'ਤੇ ਲਿਖ ਕੇ ਅਤੇ ਬਚ-ਬਚਾਕੇ ਪਿੰਡਾਂ ਵਿਚ ਲੈਕਚਰ ਕਰ, ਐਲਾਨੀਆ ਕਿਹਾ, "ਇਹ ਜੰਗ ਸਾਮਰਾਜੀ ਜੰਗ ਹੈ, ਸਾਮਰਾਜੀ ਤਾਕਤਾਂ ਦੁਨੀਆਂ ਦੀ ਦੁਬਾਰਾ ਵੰਡ ਲਈ ਤੇ ਬਸਤੀਆਂ ਨੂੰ ਗ਼ੁਲਾਮ ਰੱਖਣ ਲਈ ਇਹ ਜੰਗ ਲੜ ਰਹੀਆਂ ਹਨ। ਇਸ ਲਈ ਹਿੰਦੋਸਤਾਨੀ ਲੋਕਾਂ ਦਾ ਫਰਜ਼ ਹੈ ਕਿ ਇਸ ਮੌਕੇ 'ਤੇ ਮੁਲਕ ਆਜ਼ਾਦ ਕਰਾਉਣ ਦੀ ਜੰਗ ਛੇੜ ਦੇਣ। ਸਾਡੀਆਂ ਫੌਜਾਂ

ਅੰਗਰੇਜ਼ਾਂ ਦੇ ਖ਼ਿਲਾਫ਼ ਬਗ਼ਾਵਤ ਕਰਨ। ਫੌਜੀ ਭਰਤੀ ਤੇ ਜੰਗੀ ਚੰਦੇ ਰੋਕ ਦਿੱਤੇ ਜਾਣ।"

ਪੰਜਾਬ ਦੀ ਬਰਤਾਨੀਆਂ ਦੀ ਕਠਪੁਤਲੀ ਸਿਕੰਦਰ ਵਜ਼ਾਰਤ ਨੇ ਸਖ਼ਤੀ ਦਾ ਦੌਰ ਸ਼ੁਰੂ ਕਰ ਦਿੱਤਾ। ਉਸਨੇ 26 ਜੂਨ 1940 ਨੂੰ ਪੰਜਾਬ ਭਰ ਵਿਚੋਂ 94 ਇਨਕਲਾਬੀ ਗ੍ਰਿਫਤਾਰ ਕਰ ਲਏ, ਜਿਨ੍ਹਾਂ ਵਿਚ 53 ਕਿਰਤੀ ਪਾਰਟੀ ਦੇ, 16 ਸ਼ੋਸ਼ਲਿਸਟ, 19 ਕਮਿਊਨਿਸਟ ਆਫੀਸ਼ਲ ਤੇ 6 ਹੋਰ ਸ਼ਾਮਲ ਸਨ। ਇਨ੍ਹਾਂ ਛਾਪਿਆਂ ਵਿਚ ਸਭ ਗ਼ਦਰੀ ਬਾਬੇ ਫੜੇ ਗਏ ਸਨ ਅਤੇ ਕਿਰਤੀ ਪਾਰਟੀ ਦੀ ਸੂਬਾ ਕਮੇਟੀ ਦੇ ਕੁਝ ਮੈਂਬਰ ਵੀ ਉਨ੍ਹਾਂ ਗ੍ਰਿਫਤਾਰ ਕਰ ਲਏ ਸਨ। ਅਗਸਤ ਵਿਚ ਡਾ. ਭਾਗ ਸਿੰਘ ਤੇ ਕਾਮਰੇਡ ਰਾਮ ਸਿੰਘ ਦੱਤ ਵੀ ਫੜੇ ਗਏ ਸਨ। ਅਗਲੇ ਸੱਤਾਂ ਮਹੀਨਿਆਂ ਦੌਰਾਨ ਬੂਝਾ ਸਿੰਘ ਤੇ ਦਸੌਂਧਾ ਸਿੰਘ ਵੀ ਗ੍ਰਿਫਤਾਰ ਕਰ ਲਏ ਗਏ ਸਨ। ਦਰਅਸਲ ਇਹ ਸੁਭਾਸ਼ ਚੰਦਰ ਬੋਸ ਨੂੰ ਲੈਣ ਗਏ ਸਨ ਜੋ ਸੱਤਿਆਗ੍ਰਹਿ ਕਰਕੇ ਜੇਲ੍ਹ ਚਲੇ ਗਏ ਸੀ। ਉਨ੍ਹਾਂ ਦੀ ਥਾਂ 'ਤੇ ਬਚਨ ਸਿੰਘ ਘੋਲੀਆ, ਵਧਾਵਾ ਰਾਮ, ਦਲੀਪ ਸਿੰਘ ਜੌਹਲ, ਖੁਸ਼ਹਾਲ ਖਾਂ ਪਟਕ ਤੇ ਜਗਜੀਤ ਸਿੰਘ ਲਾਇਲਪੁਰੀ ਨੂੰ ਸੂਬਾ ਕਮੇਟੀ ਵਿਚ ਸ਼ਾਮਲ ਕਰ ਲਿਆ ਗਿਆ ਸੀ। ਕਾਮਰੇਡ ਗੁਰਚਰਨ ਸਿੰਘ ਸਹਿਸਰਾ ਨੂੰ ਸੂਬਾ ਸਰਹੱਦ ਵਿਚ ਪਾਰਟੀ ਦੀ ਬਰਾਂਚ ਕਾਇਮ ਕਰਨ ਲਈ ਭੇਜ ਦਿੱਤਾ ਗਿਆ ਸੀ। ਉਸ ਦੀ ਥਾਂ ਚੈਨ ਸਿੰਘ ਚੈਨ ਸਕੱਤਰ ਚੁਣਿਆ ਗਿਆ ਸੀ।

ਆਮੂ ਦਰਿਆ ਦਾ ਸ਼ਹੀਦ

ਕਾਮਰੇਡ ਰਾਮ ਕਿਸ਼ਨ ਬੀ.ਏ. ਨੈਸ਼ਨਲ ਤੇ ਅੱਛਰ ਸਿੰਘ ਛੀਨਾ 7 ਜੂਨ 1940 ਨੂੰ ਸੁਭਾਸ਼ ਚੰਦਰ ਬੋਸ ਨੂੰ ਕਾਬਲ ਤੇ ਉਸ ਤੋਂ ਅੱਗੇ ਲੈ ਜਾਣ ਲਈ ਤੁਰ ਪਏ ਸਨ। ਇਨ੍ਹਾਂ ਨੇ ਕਬਾਇਲੀ ਇਲਾਕੇ ਵਿਚ ਸੁਭਾਸ਼ ਚੰਦਰ ਬੋਸ ਦਾ ਇੰਤਜ਼ਾਰ ਕਰਨਾ ਸੀ। ਜਦੋਂ ਸੁਭਾਸ਼ ਚੰਦਰ ਬੋਸ ਨਾ ਪਹੁੰਚਿਆ ਤਾਂ ਇਨ੍ਹਾਂ ਨੇ ਗੱਲਾਢੇਰ ਦੇ ਭਗਤ ਰਾਮ ਤਲਵਾੜ ਦੀ ਡਿਊਟੀ ਲਾ ਦਿੱਤੀ ਕਿ ਉਹ ਸੁਭਾਸ਼ ਚੰਦਰ ਬੋਸ ਨੂੰ ਕਾਬਲ ਲੈ ਆਵੇ।

ਉਹੀ ਪੁਰਾਣਾ ਤਰੀਕਾ। ਦੋਹਾਂ ਨੇ ਕਬਾਇਲੀ ਪਠਾਣੀ ਲਿਬਾਸ ਪਹਿਨ ਲਿਆ, ਪਿੰਡਾਂ ਪਹਾੜਾਂ ਨੂੰ ਲੰਘਦੇ ਰਾਤ ਹੁਜਰਿਆਂ ਵਿਚ ਗੁਜ਼ਾਰਦੇ। ਅੱਛਰ ਸਿੰਘ ਛੀਨਾ ਗੂੰਗਾ ਤੇ ਬਹਿਰਾ ਬਣ ਗਿਆ। ਰਾਮ ਕਿਸ਼ਨ ਅੱਗੇ-ਅੱਗੇ ਛੀਨਾ ਪਿੱਛੇ-ਪਿੱਛੇ ਗੂੰਗੇ ਪੀਰ ਦੀ ਜ਼ਿਆਰਤ ਕਰਨ ਦੇ ਬਹਾਨੇ ਕਾਬਲ ਵੱਲ ਤੁਰ ਪਏ। ਸਾਡੇ ਬਜ਼ੁਰਗਾਂ ਨੇ ਢੇਰ ਚਿਰ ਪਹਿਲਾਂ ਵੀ ਇਹ ਰਾਹ ਗਾਹੇ ਹੋਏ ਸਨ। ਕੂਕੇ ਇਨ੍ਹੀਂ ਰਾਹੀਂ ਹੀ ਤਾਸ਼ਕੰਦ ਪੁੱਜੇ ਸਨ। ਹਿਜ਼ਰਤੀ ਇਨਕਲਾਬੀ ਬੁਖਾਰੇ ਨੂੰ ਜਾਂਦਿਆਂ ਇਨ੍ਹਾਂ ਪਗਡੰਡੀਆਂ ਵਿਚ ਦੀ ਹੀ ਲੰਘੇ ਸਨ। ਗ਼ਦਰੀ ਸੂਰਬੀਰਾਂ ਲਈ ਤਾਂ ਹਿੰਦੋਸਤਾਨ ਅਪੜਨ ਦਾ ਇਹ ਇਕੋ ਇਕ ਰਾਹ ਸੀ। ਆਪਣੇ ਬਜ਼ੁਰਗਾਂ ਦੀ ਪੈੜ ਫੜੀ ਪੈਦਲ ਫਾਸਲਾ ਤਹਿ ਕਰਦੇ ਇਹ ਕਾਬਲ ਤਕ ਗਏ। ਰੋਡੇ ਭੋਡੇ ਪਹਾੜਾਂ ਤੇ ਪਗਡੰਡੀਆਂ 'ਤੇ ਚਲ ਕੇ ਰਾਤ ਨੂੰ ਪਹਾੜੀ ਖੁੰਦਰਾਂ

ਵਿਚ ਸੌਂ ਕੇ ਮਹੀਨੇ ਕੁ ਬਾਅਦ ਆਮੂ ਦਰਿਆ ਦੇ ਕਿਨਾਰੇ ਜਾ ਪਹੁੰਚੇ। ਇਕ ਪਾਸੇ ਅਫ਼ਗਾਨ ਸਰਹੱਦੀ ਗਾਰਡ ਪਹਿਰਾ ਦੇ ਰਹੇ ਸਨ, ਦੂਜੇ ਪਾਸੇ ਰੂਸ ਦੀ ਫੌਜ। ਆਮੂ ਦਰਿਆ ਦੀਆਂ ਲਹਿਰਾਂ ਨਾਲ ਡਿੱਗੀ ਇਕ ਢਿੱਗ ਦਾ ਸਹਾਰਾ ਲੈ ਕੇ ਛੁਪਕੇ ਬੈਠ ਗਏ। ਜੰਗ ਦੇ ਇਸ ਸਮੇਂ ਵਿਚ ਜੇਕਰ ਅਫ਼ਗਾਨ ਬਾਦਸ਼ਾਹ ਨਾਦਰ ਸ਼ਾਹ ਦੇ ਅੜਿੱਕੇ ਆ ਜਾਂਦੇ ਤਾਂ ਗੋਲੀ ਵੱਜ ਜਾਣੀ ਸੀ। ਕਿਸੇ ਨੇ ਪੁੱਛਣਾ ਹੀ ਨਹੀਂ ਸੀ ਕਿ ਇਹ ਕੌਣ ਹਨ। ਰੂਸ ਵਾਲੇ ਵੀ ਕਿਸੇ ਕਿਸਮ ਦੀ ਭੜਕਾਹਟ ਤੋਂ ਬੜੇ ਮੁਹਤਾਤ ਸਨ। ਗੋਲੀ ਏਧਰੋਂ ਵੀ ਵੱਜ ਸਕਦੀ ਸੀ। ਆਮੂ ਦਰਿਆ ਤੇਜ਼ੀ ਨਾਲ ਵਗ ਰਿਹਾ ਸੀ। ਢਿੱਗਾਂ ਡਿੱਗ ਰਹੀਆਂ ਸਨ। ਇਨ੍ਹਾਂ ਢਿੱਗਾਂ ਓਹਲੇ ਸਿਰ ਛੁਪਾਈ ਬੈਠੇ ਸਲਾਹ ਕਰ ਰਹੇ ਸਨ। ਰਾਮ ਕਿਸ਼ਨ ਨੇ ਕਿਹਾ, "ਪਹਿਲਾਂ ਮੈਂ ਤਰ ਕੇ ਦਰਿਆ ਪਾਰ ਕਰਨ ਦੀ ਕੋਸ਼ਿਸ਼ ਕਰਦਾ ਹਾਂ।" ਛੀਨਾ ਬੋਲਿਆ, "ਜੇ ਤੂੰ ਦਰਿਆ ਵਿਚ ਡੁੱਬ ਕੇ ਮਰ ਗਿਆ ਮੈਂ ਤਾਂ ਜ਼ੁਬਾਨ ਵੀ ਨਹੀਂ ਜਾਣਦਾ। ਅਫ਼ਗਾਨ ਮਿਲਟਰੀ ਦੇ ਹੱਥ ਆਉਣ 'ਤੇ ਉਹ ਮੈਨੂੰ ਮਾਰ ਮੁਕਾਉਣਗੇ। ਇਸ ਲਈ ਪਹਿਲਾਂ ਮੈਂ ਤਰਕੇ ਦਰਿਆ ਪਾਰ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਜੇ ਡੁੱਬ ਗਿਆ ਤਾਂ ਤੂੰ ਨਾ ਵੜੀਂ, ਮੁੜ ਪਿੱਛੇ ਜਾ ਦੱਸੀਂ।" ਦਰਿਆ ਦਾ ਪਾੜਾ ਇਸ ਥਾਂ ਥੋੜ੍ਹਾ ਸੀ। ਇਸ ਲਈ ਪਾਣੀ ਪੱਥਰ ਚੀਰਦਾ ਤੇਜ਼ੀ ਨਾਲ ਵਗ ਰਿਹਾ ਸੀ। ਛੀਨੇ ਨੇ ਛਾਲ ਮਾਰ ਦਿੱਤੀ। ਲਹਿਰਾਂ ਉਸਨੂੰ ਵਹਾ ਕੇ ਲੈ ਗਈਆਂ। ਉਹ ਤਰਨਾ ਤਾਂ ਜਾਣਦਾ ਸੀ ਪਰ ਤੇਜ਼ ਪਾਣੀ ਅੱਗੇ ਪੇਸ਼ ਨਾ ਗਈ। ਅੱਧ ਟੱਪ ਜਾਣ ਤੋਂ ਬਾਅਦ ਪਾਣੀ ਦੀ ਛੱਲ ਨੇ ਦੱਬ ਲਿਆ ਸੀ। ਉਸਨੇ ਇਕ ਵਾਰ ਆਪ ਦੱਸਿਆ ਸੀ, "ਮੈਨੂੰ ਉਸ ਡੁੱਬਣ ਸਮੇਂ ਸਾਰੇ ਸਾਥੀ ਅੱਖਾਂ ਸਾਹਮਣੇ ਆ ਗਏ ਸਨ। ਡੁੱਬਕੇ ਇਕ ਵੇਰੀਂ ਉੱਤੇ ਨੂੰ ਆਇਆ ਤੇ ਪਾਣੀ ਦੀ ਛੱਲ ਨੇ ਚੁੱਕ ਕਿਨਾਰੇ ਬਰੇਤੀ 'ਤੇ ਜਾ ਸੁੱਟਿਆ।" ਛੀਨਾ ਬਾਹਰ ਨਿਕਲ ਕੇ ਕਿਨਾਰੇ 'ਤੇ ਖੜ੍ਹਾ ਰਾਮ ਕਿਸ਼ਨ ਨੂੰ ਨਾ ਆਉਣ ਦਾ ਇਸ਼ਾਰਾ ਦੇਣ ਹੀ ਲੱਗਾ ਸੀ ਕਿ ਰਾਮ ਕਿਸ਼ਨ ਨੇ ਬਿਨ੍ਹਾਂ ਉਡੀਕੇ ਦਰਿਆ ਵਿਚ ਛਾਲ ਮਾਰ ਦਿੱਤੀ। ਮਿੰਟਾਂ ਵਿਚ ਉਹ ਅੱਖਾਂ ਤੋਂ ਓਹਲੇ ਹੋ ਗਿਆ ਅਤੇ ਉਸਨੇ ਮੁੜ ਕੇ ਪਾਣੀ ਵਿਚੋਂ ਸਿਰ ਬਾਹਰ ਨਾ ਕੱਢਿਆ। ਰਾਮ ਕਿਸ਼ਨ ਆਮੂ ਦਰਿਆ ਦੀ ਗੋਦ ਵਿਚ ਅਲੋਪ ਹੋ ਗਿਆ ਸੀ। ਉਸ ਦੀ ਸੋਵੀਅਤ ਧਰਤੀ 'ਤੇ ਪੈਰ ਪਾਉਣੀ ਦੀ ਉਮੰਗ ਮਨ ਵਿਚ ਹੀ ਰਹਿ ਗਈ ਸੀ। ਸੋਵੀਅਤ ਘੋੜ ਸਵਾਰ ਮਿਲਟਰੀ ਨੇ ਮੀਲਾਂ-ਬੱਧੀ ਦਰਿਆ ਆਮੂ ਫੋਲ ਮਾਰਿਆ, ਉਸਦੀ ਲਾਸ਼ ਕਿਤੇ ਨਜ਼ਰ ਨਾ ਆਈ। ਕਾਮਰੇਡ ਰਾਮ ਕਿਸ਼ਨ ਦੀ ਮੌਤ ਦੀ ਖ਼ਬਰ 1942 ਵਿਚ ਮਿਲੀ ਸੀ ਜਦੋਂ ਛੀਨੇ ਨੂੰ ਕੈਂਬਲਪੁਰ ਜੇਲ੍ਹ ਵਿਚ ਲੈ ਆਂਦਾ ਸੀ। ਉਸਦੇ ਬੱਚੇ ਪੁਲਸ ਤੋਂ ਬਚ ਕੇ ਲਾਹੌਰ ਛੱਡ ਦਿੱਲੀ ਚਲੇ ਗਏ ਸਨ। ਉਹ ਬੇਸਰੋਂ ਸਮਾਨ ਤੇ ਬੇਆਸਰੇ ਹੋ ਗਏ ਸਨ। ਕਾਮਰੇਡ ਰਾਮ ਕਿਸ਼ਨ ਜ਼ਿਲ੍ਹਾ ਝੰਗ ਦੇ ਜੰਮਪਲ ਸਨ। ਮਲਕਾਂ ਦੇ ਘਰ ਪੈਦਾ ਹੋਏ। ਉਨ੍ਹਾਂ ਨੇ ਪ੍ਰਾਇਮਰੀ ਤਾਲੀਮ ਨੇੜੇ ਦੇ ਪਿੰਡ ਤੋਂ ਲਈ ਸੀ। ਮੈਟ੍ਰਿਕ ਝੰਗ ਹਾਈ ਸਕੂਲ ਤੋਂ ਪਾਸ ਕੀਤੀ। ਸਰਹੱਦ 'ਤੇ ਰਹਿੰਦਿਆਂ ਛੋਟੇ ਹੁੰਦਿਆਂ ਹੀ ਇਹ ਬੱਚਾ ਬਹਾਦਰ ਤੇ ਖ਼ਤਰੇ ਸਹੇੜਨ ਵਾਲਾ ਹੋ ਗਿਆ ਸੀ। ਸਰਹੱਦੋਂ ਪਾਰ ਚਲੇ ਜਾਣਾ ਤੇ

ਵਾਪਸ ਆ ਜਾਣਾ ਉਸ ਦਾ ਨਿੱਤ ਦਾ ਸ਼ੁਗਲ ਸੀ। ਪਠਾਣੀਂ ਰਹਿਣੀ-ਬਹਿਣੀ ਤੇ ਪਸ਼ਤੋ ਬੋਲਣ ਦਾ ਆਦੀ ਹੋ ਗਿਆ ਸੀ। ਲਾਹੌਰ ਆ ਜਾਣ ਤੋਂ ਬਾਅਦ ਉਸਨੇ ਕਾਲਜ ਛੱਡਕੇ ਨੌਜਵਾਨ ਭਾਰਤ ਸਭਾ ਵਿਚ ਦਾਖ਼ਲਾ ਲੈ ਲਿਆ ਸੀ ਅਤੇ ਬਾਅਦ ਵਿਚ ਸ਼ਹੀਦ ਭਗਤ ਸਿੰਘ ਨਾਲ ਨੈਸ਼ਨਲ ਕਾਲਜ ਤੋਂ ਬੀ.ਏ. ਪਾਸ ਕੀਤੀ ਸੀ। ਕਰਾਚੀ ਕਾਂਗਰਸ ਸਮੇਂ 1931 ਵਿਚ ਉਹ ਗ਼ਦਰੀ ਬਾਬਿਆਂ ਦੇ ਸੰਪਰਕ ਵਿਚ ਆ ਗਿਆ ਸੀ ਤੇ ਕਿਰਤੀ ਪਾਰਟੀ ਦਾ ਮਹਾਨ ਲੀਡਰ ਬਣ ਗਿਆ ਸੀ।

ਤਿੰਨ ਵਾਰ ਮੌਤ ਦੇ ਮੂੰਹ ਵਿਚੋਂ ਬਚਿਆ ਕਿਰਤੀ ਲੀਡਰ ਅੱਛਰ ਸਿੰਘ ਛੀਨਾ

ਫੱਤੇਵਾਲ ਕਤਲ ਕੇਸ, ਆਮੂ ਦਰਿਆ ਤੇ ਸਿਆਚਿਨ ਗਲੇਸ਼ੀਅਰ ਪਾਰ ਕਰਕੇ ਹਿੰਦੋਸਤਾਨ ਪਹੁੰਚਣ ਵਾਲਾ ਅੱਛਰ ਸਿੰਘ ਛੀਨਾ ਨਿੰਮੋਝੂਣਾ ਹੋ ਕੇ ਆਮੂ ਦਰਿਆ ਦੇ ਕੰਢੇ 'ਤੇ ਖੜ੍ਹਾ ਸੀ। ਤਿੰਨ ਮਹੀਨੇ ਪੈਦਲ ਸਫ਼ਰ ਕਰਕੇ, ਠੋਕਰਾਂ ਖਾਂਦਾ ਮੰਜ਼ਿਲੇ-ਮਕਸੂਦ 'ਤੇ ਪੁੱਜਾ ਤਾਂ ਕਾਫ਼ਲੇ ਦਾ ਸਿਪਾਹ-ਸਲਾਰ ਆਮੂ ਦਰਿਆ ਦੀ ਭੇਂਟ ਚੜ੍ਹ ਗਿਆ ਸੀ। ਧੀਮੀ ਆਵਾਜ਼ ਵਿਚ ਗਾਉਂਦਾ ਸੀ, "ਰਾਹ ਰਵਾਂ ਰਾਹੇਂ ਮੁਹੱਬਤ ਰਹਿ ਨਾ ਜਾਨਾ ਰਾਹ ਮੇਂ'।" ਸੋਵੀਅਤ ਘੋੜ ਸਵਾਰ ਫੌਜੀਆਂ ਨੇ ਅੱਛਰ ਸਿੰਘ ਛੀਨਾ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਜੇਲ੍ਹ ਬੰਦ ਕਰ ਦਿੱਤਾ ਸੀ। ਰਾਤ ਨੂੰ ਸੋਚਾਂ ਵਿਚ ਡੁੱਬਿਆ ਸੋਚਦਾ ਸੀ, ਉਡੀਕ ਲੈਂਦਾ ਤਾਂ ਸੋਵੀਅਤ ਘੋੜ ਸਵਾਰਾਂ ਨੇ ਬਚਾ ਹੀ ਲੈਣਾ ਸੀ। ਫਿਰ ਭਾਵੇਂ ਹਵਾਲਾਤ ਵਿਚ ਬੰਦ ਹੀ ਕਰ ਦਿੰਦੇ। ਇਹ ਖ਼ਮੀਰ ਇਥੇ ਹੀ ਪੈਣਾ ਸੀ। "ਤੂਫ਼ਾਨ ਮੇਂ ਕਿਸ਼ਤੀ ਜਹਾਂ ਜਾ ਲਗੀ ਵਹੀਂ ਕਿਨਾਰਾ ਹੋ ਗਯਾ'। ਸਵੇਰ ਹੋਈ ਸੋਵੀਅਤ ਅਫ਼ਸਰ ਨੇ ਬਿਆਨ ਲਏ ਅਤੇ ਮਾਸਕੋ ਖ਼ਬਰ ਕਰ ਦਿੱਤੀ। ਯੂਨੀਵਰਸਿਟੀ ਦਾ ਪ੍ਰੋਫੈਸਰ ਕਜ਼ਲੋਵ ਮਲਿੰਕੀ ਇਕ ਹਫ਼ਤੇ ਬਾਅਦ ਆਇਆ ਅਤੇ ਛੀਨੇ ਨੂੰ ਮਾਸਕੋ ਲੈ ਗਿਆ। ਕੌਮਾਂਤਰੀ ਲੀਡਰਾਂ ਨੂੰ ਮਿਲਕੇ ਸਿਆਸੀ ਵਿਚਾਰ-ਵਟਾਂਦਰਾ ਕਰਦਾ ਰਿਹਾ। ਛੀਨੇ ਦੇ ਮਾਸਕੋ ਹੁੰਦੇ ਹੀ ਹਿਟਲਰ ਦੀਆਂ ਫਾਸ਼ੀ ਫੌਜਾਂ ਨੇ ਸੋਵੀਅਤ ਰੂਸ ਉੱਤੇ ਧਾਵਾ ਬੋਲ ਦਿੱਤਾ ਸੀ। ਹਾਲਾਤ ਬੜੇ ਗੰਭੀਰ ਹੋ ਗਏ ਸਨ। ਫਾਸ਼ੀ ਫੌਜਾਂ ਪਿੰਡ, ਸ਼ਹਿਰ ਤਬਾਹ ਕਰਦੀਆਂ ਅੱਗੇ ਵਧ ਰਹੀਆਂ ਸਨ। ਉਹ ਸੋਵੀਅਤ ਸ਼ਹਿਰੀਆਂ ਦਾ ਕਤਲੇਆਮ ਕਰ ਰਹੀਆਂ ਸਨ। ਬਰਲਨ-ਬਗਦਾਦ ਰੇਲਵੇ, ਬਗਦਾਦ-ਤਹਿਰਾਨ-ਦਿੱਲੀ ਰੇਲਵੇ, ਜਰਮਨ ਹਕੂਮਤ ਦੇ ਪੁਰਾਣੇ ਸੁਪਨੇ ਸਨ। ਇਸ ਪਲੈਨ 'ਤੇ ਅਮਲ ਹੋ ਰਿਹਾ ਸੀ। ਇਸ ਖ਼ਾਲਸ ਏਰੀਅਨ ਬਰੀਡ ਦੇ ਡਿਕਟੇਟਰ ਨੂੰ ਏਸ਼ੀਆ, ਅਫ਼ਰੀਕਾ ਆਦਿ ਦੇ ਲੋਕ ਇਨ੍ਹਾਂ ਦੀ ਸੇਵਾ ਕਰਨ ਲਈ ਹੀ ਪੈਦਾ ਹੋਏ ਭਾਸਦੇ ਸਨ। ਉਹ ਮੁਲਕ ਫਤਹਿ ਕਰਕੇ ਦਿੱਲੀ ਪਹੁੰਚਣ ਦੇ ਖ਼ਾਬ ਲੈ ਰਿਹਾ ਸੀ। ਛੀਨਾ ਆਪਣੇ ਮੁਲਕ ਨੂੰ ਵਾਪਸ ਆਉਣ ਲਈ ਕਾਹਲਾ ਸੀ। ਰੂਸ ਤੋਂ ਨਿਕਲਣਾ ਮੁਸ਼ਕਲ ਸੀ। ਤਜ਼ਵੀਜ਼ ਬਣੀ ਕਿ ਪਾਮੀਰ ਜਾ ਕੇ ਗਾਈਡ ਦੀ ਮਦਦ ਨਾਲ ਹਿੰਦੂਕੁਸ਼ ਪਹਾੜ ਪਾਰ ਕੀਤਾ ਜਾਵੇ। ਇਹ ਸਿਆਚਿਨ ਗਲੇਸ਼ੀਅਰ ਨੂੰ ਅਬੂਰ

ਕਰਕੇ ਹੀ ਹੋ ਸਕਦੇ ਸੀ। ਛੀਨੇ ਅਤੇ ਉਸਦੇ ਗਾਈਡ ਨੇ ਰੱਸਾ ਲੈ ਕੇ ਇਕ ਸਿਰਾ ਇਕ ਨੇ ਤੇ ਦੂਜਾ ਸਿਰਾ ਦੂਜੇ ਨੇ ਲੱਕ ਨਾਲ ਬੰਨ੍ਹ ਲਿਆ। ਦੋਹਾਂ ਨੇ ਆਪਣੇ ਹੱਥੀਂ ਲੋਹੇ ਦੇ ਤਿੱਖੇ ਸੂਏ ਵਾਲੀਆਂ ਬਾਂਸ ਦੀਆਂ ਲਾਠੀਆਂ ਫੜ ਲਈਆਂ। ਗਾਈਡ ਅੱਗੇ-ਅੱਗੇ ਬਰਫ਼ ਵਿਚ ਸੂਏ ਖੋਭਦਾ ਤੁਰਿਆ ਜਾਂਦਾ ਸੀ ਅਤੇ ਛੀਨਾ ਇਸੇ ਤਰ੍ਹਾਂ ਉਸਦੇ ਪਿੱਛੇ-ਪਿੱਛੇ ਕਦਮ ਪੁੱਟੀ ਜਾਂਦਾ ਸੀ। ਸਦੀਆਂ ਤੋਂ ਜੰਮੇ ਇਸ ਗਲੇਸ਼ੀਅਰ ਵਿਚ ਜੇ ਕਿਤੇ ਤੇੜ ਆ ਜਾਂਦੀ ਤਾਂ ਦੋਹਾਂ ਵਿਚੋਂ ਕਿਸੇ ਦਾ ਪੈਰ ਤੇੜ ਵਿਚ ਧਸ ਜਾਂਦਾ ਤਾਂ ਦੂਸਰਾ ਦੋਨੋਂ ਸੂਏ ਬਰਫ਼ ਵਿਚ ਜ਼ੋਰ ਨਾਲ ਗੱਡਕੇ ਰੱਸਾ ਖਿੱਚ ਕੇ ਉਸ ਨੂੰ ਬਚਾਉਣ ਲਈ ਸਹਾਰਾ ਦਿੰਦਾ ਸੀ। ਜਾਨ ਜ਼ੋਖ਼ਮ ਵਿਚ ਪਾਉਣ ਵਾਲਾ ਕੰਮ ਸੀ। ਜੇ ਕਿਤੇ ਇਨ੍ਹਾਂ ਵਿਚੋਂ ਕੋਈ ਵੀ ਬਰਫ਼ ਦੀ ਤੇੜ ਵਿਚ ਡਿੱਗਕੇ ਹੇਠਾਂ ਉੱਤਰ ਜਾਂਦਾ ਤਾਂ ਮੌਤ ਯਕੀਨੀ ਸੀ। ਪਰ ਉਸ ਦੀ ਲਾਸ਼ ਡੀਪ ਫਰੀਜ਼ ਹੋ ਕੇ ਇੰਨਬਿੰਨ ਸਾਲਾਂਬੱਧੀ ਉਥੇ ਪਈ ਰਹਿਣੀ ਸੀ। ਨਾ ਉਹ ਬੁੱਸਣੀ ਸੀ, ਨਾ ਹੀ ਜ਼ਾਇਆ ਹੋਣੀ ਸੀ। ਹੋ ਸਕਦਾ ਸੀ ਇਕ ਸਦੀ ਤਕ ਉਸੇ ਤਰ੍ਹਾਂ ਪਈ ਰਹਿੰਦੀ।

ਇਕ ਇਟਾਲੀਅਨ ਐਕਸਪੋਡੀਸ਼ਨ ਨੇ ਇਹ ਗਲੇਸ਼ੀਅਰ ਸਰ ਕੀਤਾ ਸੀ ਤੇ ਇਕ ਵੱਡੀ ਪੁਸਤਕ ਤਸਵੀਰਾਂ ਨਕਸ਼ਿਆਂ ਸਮੇਤ ਪ੍ਰਕਾਸ਼ਤ ਕੀਤੀ ਸੀ, ਜੋ ਕਲਕੱਤਾ ਲਾਇਬ੍ਰੇਰੀ ਵਿਚ ਪਈ ਹੈ ਤੇ ਕੈਂਬਲਪੁਰ ਦੇ ਨਜ਼ਰਬੰਦ ਕੈਦੀਆਂ ਨੇ ਇਸਦਾ ਮੁਤਾਲਿਆ ਵੀ ਕੀਤਾ ਸੀ। ਛੀਨਾ ਜਾਂ ਉਸਦਾ ਗਾਈਡ ਮਰ ਵੀ ਜਾਂਦੇ ਤਾਂ ਕਿਸੇ ਇਕ ਲਾਈਨ ਵੀ ਨਹੀਂ ਲਿਖਣੀ ਸੀ। ਗਲੇਸ਼ੀਅਰ ਪਾਰ ਕਰਕੇ ਛੀਨਾ ਹਿੰਦ ਦੀ ਧਰਤੀ 'ਤੇ ਖੜ੍ਹਾ ਸੀ। ਗਾਈਡ ਵਾਪਸ ਚਲਾ ਗਿਆ। ਛੀਨਾ ਥੱਲੇ ਖੱਡ ਵਿਚ ਆ ਗਿਆ, ਉਥੇ ਨੇੜੇ ਗਰਮ ਪਾਣੀ ਦੇ ਚਸ਼ਮੇ ਸਨ। ਦੂਰੋਂ-ਦੂਰੋਂ ਜੋੜਾਂ ਦੇ ਦਰਦ ਵਾਲੇ ਮਰੀਜ਼ ਖੱਚਰਾਂ 'ਤੇ ਚੜ੍ਹਕੇ ਇਥੇ ਨਹਾਉਣ ਆਉਂਦੇ ਸਨ। ਛੀਨੇ ਨੇ ਵੀ ਇਕ ਖੱਚਰ ਕਿਰਾਏ 'ਤੇ ਕਰ ਲਈ। ਪੈਸੇ ਗਿਲਗਿਤ ਪਹੁੰਚ ਕੇ ਆਪਣੀ ਦੁਕਾਨ ਤੋਂ ਅਦਾ ਕਰਨ ਦਾ ਵਾਅਦਾ ਕਰ ਲਿਆ। ਕਈਆਂ ਦਿਨਾਂ ਬਾਅਦ ਖੱਚਰਾਂ ਦਾ ਕਾਫ਼ਲਾ ਗਿਲਗਿਤ ਪਹੁੰਚ ਗਿਆ। ਛੀਨੇ ਦੇ ਪਾਸ ਸੌ-ਸੌ ਰੁਪਏ ਦੇ ਨੋਟ ਹੀ ਸਨ। ਨੋਟ ਤੁੜਾਉਣ ਲਈ ਗਿਲਗਿਤ ਘੁੰਮਣ ਲੱਗਾ। ਇਥੇ ਸੌ ਦਾ ਨੋਟ ਤੋੜਨ ਵਾਲਾ ਕੋਈ ਨਹੀਂ ਸੀ। ਅੰਤ ਦੀ ਗ਼ਰੀਬੀ ਸੀ। ਇਥੋਂ ਦੇ ਵਸਨੀਕਾਂ ਨੇ ਤਾਂ ਅਜੇ ਤਕ ਪਹੀਆਂ ਵਾਲੀ ਗੱਡੀ ਵੀ ਨਹੀਂ ਵੇਖੀ ਸੀ। ਖੱਚਰ ਵਾਲਾ ਕਾਹਲਾ ਪੈ ਗਿਆ। ਛੀਨੇ ਨੂੰ ਨੋਟ ਤੁੜਾਉਣ ਲਈ ਸਰਕਾਰੀ ਖਜ਼ਾਨੇ ਜਾਣਾ ਪਿਆ। ਸਾਹਮਣੇ ਗੱਦੀ 'ਤੇ ਇਕ ਰਾਜਾ ਬੈਠਾ ਸੀ। ਹੱਥ 'ਤੇ ਬਾਜ਼, ਰੋਹਬ ਰਾਜਿਆਂ ਵਾਲਾ, ਪਰ ਪਦਵੀ ਇਕ ਤਹਿਸੀਲਦਾਰ ਜਿੰਨੀ ਹੀ ਸੀ। ਉਹ ਬਰਤਾਨਵੀ ਖ਼ੁਫ਼ੀਆ ਏਜੰਸੀ ਦਾ ਸੂਝਵਾਨ ਅਫ਼ਸਰ ਸੀ। ਗੱਲਾਂ ਹੀ ਗੱਲਾਂ ਵਿਚ ਤਾੜ ਗਿਆ ਕਿ ਦਾਲ ਵਿਚ ਕੁਝ ਕਾਲਾ ਹੈ। ਉਸ ਨੇ ਛੀਨੇ ਨੂੰ ਹਿਰਾਸਤ ਵਿਚ ਲੈ ਲਿਆ। ਦੂਸਰੇ ਦਿਨ ਹਥਿਆਰਬੰਦ ਪਹਿਰੇ ਹੇਠ ਖੱਚਰ 'ਤੇ ਚੜ੍ਹਾ ਕੇ ਨੌਸ਼ਹਿਰੇ ਵੱਲ ਨੂੰ ਤੋਰ ਦਿੱਤਾ। ਪੰਜਾਬ ਪਹੁੰਚਦਿਆਂ ਹੀ ਪੁਲਸ ਨੇ ਛੀਨੇ ਨੂੰ ਪਛਾਣ ਲਿਆ ਸੀ। ਇਹ ਤਾਂ ਫੱਤੇਵਾਲ ਕਤਲ ਕੇਸ ਦਾ ਮਫ਼ਰੂਰ

ਅੱਛਰ ਸਿੰਘ ਛੀਨਾ ਹੈ। ਉਸ ਨੂੰ ਲਾਹੌਰ ਸ਼ਾਹੀ ਕਿਲ੍ਹੇ ਦੀ ਹਵਾਲਾਤ ਵਿਚ ਡੱਕ ਦਿੱਤਾ ਗਿਆ। ਉਸ ਤੋਂ ਦੋ ਮਹੀਨੇ ਬਾਅਦ ਕੈਂਬਲਪੁਰ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ। ਜੇਲ੍ਹ ਅਫਸਰਾਂ ਨੇ ਨਜ਼ਰਬੰਦਾਂ ਨੂੰ ਸੁਨੇਹਾ ਦਿੱਤਾ: "ਕਿਲ੍ਹੇ ਦੀ ਸੀ.ਆਈ.ਡੀ. ਇਕ ਹੋਰ ਲਾਸ਼ ਸਾਡੇ ਮੱਥੇ ਮਾਰ ਗਈ ਹੈ, ਗੋਡੇ, ਗਿੱਟੇ ਸੁੱਜੇ ਹੋਏ ਹਨ, ਪੀਲਾ ਡੱਡੂ ਵਰਗਾ ਰੰਗ, ਉਹ ਸਾਨੂੰ ਦੋਸ਼ੀ ਠਹਿਰਾਉਣ ਲਈ ਇਸ ਜੇਲ੍ਹ ਵਿਚ ਛੱਡ ਗਏ ਹਨ। (ਨੋਟ: ਅੱਛਰ ਸਿੰਘ ਛੀਨੇ ਤੇ ਰਾਮ ਕਿਸ਼ਨ ਦੀ ਕਾਬਲ ਤੇ ਆਮੂ ਦਰਿਆ ਦੀ ਘਟਨਾ ਅਤੇ ਛੀਨੇ ਦੀ ਵਾਪਸੀ, ਕੈਂਬਲਪੁਰ ਜੇਲ੍ਹ ਤਕ ਦੇ ਸਫ਼ਰ ਦੀ ਵਾਰਤਾ, ਅੱਛਰ ਸਿੰਘ ਛੀਨੇ ਨੇ ਆਪਣੀ ਜ਼ੁਬਾਨੀ ਬਿਆਨ ਕੀਤੀ ਹੋਈ ਹੈ-ਲੇਖਕ)

ਟਰਾਂਸਪੋਰਟ ਯੂਨੀਅਨ ਪੰਜਾਬ ਦੀ ਕਿਰਤੀ ਪਾਰਟੀ ਨੂੰ ਦੇਣ

1935 ਵਿੱਚ ਪ੍ਰਾਈਵੇਟ ਬੱਸਾਂ ਅਤੇ ਟਰੱਕਾਂ ਦੇ ਮਾਲਕ ਖੁਦ ਆਪਣੀਆਂ ਗੱਡੀਆਂ ਚਲਾਉਂਦੇ ਸਨ। ਉਨ੍ਹਾਂ ਨੇ ਪੁਲਸ ਦੀਆਂ ਜ਼ਿਆਦਤੀਆਂ ਆਦਿ ਤੋਂ ਬਚਣ ਲਈ ਬੱਸ ਯੂਨੀਅਨ ਤੇ ਟਰੱਕ ਯੂਨੀਅਨਾਂ ਬਣਾ ਰੱਖੀਆਂ ਸਨ। ਇਹ ਯੂਨੀਅਨਾਂ ਤਕਰੀਬਨ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਕਾਇਮ ਸਨ। ਇਨ੍ਹਾਂ ਯੂਨੀਅਨਾਂ ਵਿੱਚ ਕਾਫੀ ਰਾਜਸੀ ਵਰਕਰ ਦੇ ਰਿਟਾਇਰ ਫੌਜੀ ਸ਼ਾਮਲ ਸਨ, ਜਿਨ੍ਹਾਂ ਦਾ ਝੁਕਾਅ ਦੇਸ ਦੀ ਅਜ਼ਾਦੀ ਵਲ ਸੀ। ਬਰਤਾਨਵੀ ਸਰਕਾਰ ਇਕ ਸਮੇਂ ਇਨ੍ਹਾਂ ਦੀਆਂ ਕੌਮਪ੍ਰਸਤ ਕਾਰਵਾਈਆਂ ਤੋਂ ਕਾਫੀ ਭੈ-ਭੀਤ ਹੋ ਗਈ ਸੀ। ਇਹ ਯੂਨੀਅਨ ਕੌਮੀ ਲਹਿਰ ਦੀ ਕਾਫੀ ਸਹਾਇਤਾ ਕਰਦੀਆਂ ਸਨ। ਕੌਮੀ ਕਾਰਕੁਨਾਂ ਨੂੰ ਬਿਨ੍ਹਾਂ ਕਿਰਾਇਆ ਲਿਆਂ ਇਕ ਥਾਂ ਤੋਂ ਦੂਜੀ ਥਾਂ ਲਿਜਾਇਆ ਕਰਦੀਆਂ ਸਨ ਅਤੇ ਜਲਸਿਆਂ ਜਲੂਸਾਂ 'ਤੇ ਦੂਰ ਦੂਰ ਤੱਕ ਉਨ੍ਹਾਂ ਨੂੰ ਬੱਸਾਂ ਟਰੱਕਾਂ ਰਾਹੀਂ ਮੁਫਤ ਪਹੁੰਚਾ ਦਿੰਦੀਆਂ ਸਨ। ਦੇਸ ਵਿੱਚ ਇਨਕਲਾਬੀ ਰੁਝਾਨ ਪੈਦਾ ਹੋ ਜਾਣ 'ਤੇ ਇਨ੍ਹਾਂ ਟਰਾਂਸਪੋਰਟਾਂ ਤੇ ਡਰਾਇਵਰਾਂ ਕੰਡਕਟਰਾਂ ਨੇ ਇਨਕਲਾਬੀ ਕਾਰਨਾਮਿਆਂ ਵਿੱਚ ਸਰਗਰਮ ਹਿਸਾ ਲੈਣਾ ਸ਼ੁਰੂ ਕਰ ਦਿੱਤਾ ਸੀ।

ਗ਼ਦਰ ਪਾਰਟੀ ਕੇਂਦਰ ਕਾਬਲ ਅਤੇ ਕਿਰਤੀ ਪਾਰਟੀ ਕੇਂਦਰ ਅੰਮ੍ਰਿਤਸਰ ਦੀ ਡਾਕ ਲਿਆਉਣ ਤੇ ਲੈ ਜਾਣ ਵਿੱਚ ਇਨ੍ਹਾਂ ਯੂਨੀਅਨਾਂ ਨੇ ਅਹਿਮ ਰੋਲ ਅਦਾ ਕੀਤਾ ਸੀ। ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਹਮਲਾ ਕਰਕੇ ਰਿਹਾਈ ਕਰਾਉਣ ਦੀ ਕੋਸ਼ਿਸ਼ ਵਿੱਚ ਸ਼ਹੀਦ ਹਜ਼ਾਰਾ ਸਿੰਘ ਟਾਟਾਨਗਰ ਉਸ ਵੇਲੇ ਕੰਡਕਟਰ ਅਤੇ ਟਹਿਲ ਸਿੰਘ ਭੰਗਾਲੀ ਡਰਾਈਵਰ ਨੇ ਅਹਿਮ ਰੋਲ ਅਦਾ ਕੀਤਾ ਸੀ।

ਬਰਤਾਨਵੀ ਹਕੂਮਤ ਨੇ ਪ੍ਰਾਈਵੇਟ ਟਰਾਂਸਪੋਰਟਾਂ ਦਾ ਇਨਕਲਾਬੀ ਰੁਖ ਦੇਖ ਕੇ ਸਾਰੀ ਟਰਾਂਸਪੋਰਟ ਨੂੰ ਸਰਕਾਰ ਦੇ ਅਧੀਨ ਕਰ ਲੈਣ ਦੀ ਤਜ਼ਵੀਜ਼ ਰੱਖੀ ਸੀ। ਇਸ 'ਤੇ ਬਰਤਾਨਵੀਂ ਪਾਰਲੀਮੈਂਟ ਵਿੱਚ ਬਹਿਸ ਹੋਈ ਸੀ। ਪਾਰਲੀਮੈਂਟ ਦੇ ਜਾਣਕਾਰ ਮੈਂਬਰਾਂ ਨੇ ਸ਼ਪਸ਼ਟ ਕੀਤਾ ਕਿ ਇਹ ਟਰਾਂਸਪੋਰਟਰ ਡੀਮੋਬੇਲਾਈਜ਼ਡ ਫੌਜ ਹਨ ਜਿਨ੍ਹਾਂ ਨੇ ਆਪਣੇ ਦੋ ਦੋ ਏਕੜ ਖੇਤ ਵੇਚ ਕੇ ਬੱਸਾਂ ਤੇ ਟਰੱਕ ਖਰੀਦੇ ਹਨ। ਇਨ੍ਹਾਂ ਦੀ ਸਿਰਫ ਇਹ ਮਾਲਕੀ

ਤੇ ਰੋਟੀ ਦਾ ਸਾਧਨ ਹਨ। ਜੇ ਸਰਕਾਰ ਨੇ ਇਨ੍ਹਾਂ 'ਤੇ ਕਬਜ਼ਾ ਕਰ ਲਿਆ ਤਾਂ ਇਹ ਜਾਂ ਤਾਂ ਡਕੈਤ ਬਣਕੇ ਮੁਲਕ ਵਿੱਚ ਮਾਰ-ਧਾੜ ਕਰ ਦੇਣਗੇ ਜਾਂ ਫਿਰ ਇਨਕਲਾਬੀ ਤਾਕਤਾਂ ਵਿੱਚ ਮਿਲਕੇ ਸਰਕਾਰ ਨੂੰ ਉਲਟਾਉਣ ਦੇ ਜਤਨ ਕਰਨਗੇ। ਇਸ ਨਾਲ ਅਮਨ ਕਾਨੂੰਨ ਦਾ ਮਸਲਾ ਖੜ੍ਹਾ ਹੋ ਜਾਵੇਗਾ। ਇਸ ਕਰਕੇ ਇਨ੍ਹਾਂ ਨਾਮ ਕਟੇ ਟਰੇਂਡ ਫੌਜੀਆਂ ਨੂੰ ਬੱਸਾਂ ਟਰੱਕਾਂ ਨਾਲ ਹੀ ਬੱਝੇ ਰਹਿਣ ਦੇਣਾ ਚਾਹੀਦਾ ਹੈ।

ਇਸ ਟਰਾਂਸਪੋਰਟ ਤਾਕਤ ਨੇ ਜਲੰਧਰ, ਹੁਸ਼ਿਆਰਪੁਰ, ਅੰਮ੍ਰਿਤਸਰ, ਮੋਗਾ, ਲਾਇਲਪੁਰ ਅਤੇ ਸ਼ੇਖੂਪੁਰ ਖਾਸ ਕਰਕੇ ਸ਼ਲਾਘਾਯੋਗ ਕੰਮ ਕੀਤਾ ਸੀ। ਇਹ ਮਫਰੂਰ ਵਰਕਰਾਂ ਨੂੰ ਵੀ ਇਕ ਥਾਂ ਤੋਂ ਦੂਜੀ ਥਾਂ ਪਹੁੰਚਾ ਦਿੰਦੇ ਸਨ। ਪਾਰਟੀ ਦੇ ਗੁਪਤ ਅਖ਼ਬਾਰ "ਲਾਲ ਝੰਡੇ" ਨੂੰ ਥਾਂ ਥਾਂ ਪਹੁੰਚਾ ਦਿੰਦੇ ਸਨ। ਇਨ੍ਹਾਂ ਕਾਰਨਾਂ ਕਰਕੇ ਕਈਆਂ ਨੂੰ ਕਾਰੋਬਾਰੀ ਨੁਕਸਾਨ ਵੀ ਉਠਾਉਣਾ ਪਿਆ ਸੀ ਅਤੇ ਕਈ ਜੇਲ੍ਹਾਂ ਵਿੱਚ ਵੀ ਡੱਕੇ ਗਏ ਸਨ। ਜ਼ਿਨ੍ਹਾਂ ਵਿੱਚੋਂ ਸਾਧੂ ਸਿੰਘ ਬੜਾ ਪਿੰਡ, ਭਾਈ ਸ਼ੇਰ ਸਿੰਘ ਜੰਡਿਆਲਾ, ਭਗਵਾਨ ਸਿੰਘ ਸ਼ੇਖੂਪੁਰਾ, ਰਛਪਾਲ ਲਾਇਲਪੁਰ ਤੇ ਸ਼ੇਖ ਹਾਮੁਦੀਨ ਅੰਮ੍ਰਿਤਸਰ ਦੇ ਨਾਂ ਖਾਸ ਵਰਨਣਯੋਗ ਹਨ।

ਕਾਮਰੇਡ ਅਬਾਦ ਖਾਨ ਸਪੁੱਤਰ ਈਸਾ ਖਾਨ ਖਟਕ ਪਿੰਡ ਪੀਰ ਪਾਈ ਨੌਸ਼ਹਿਰਾ ਸਰਹੱਦ ਦੀ ਦਾਸਤਾਂ ਤਾਂ ਹੋਰ ਵੀ ਲੰਬੀ ਹੈ। ਇਸ ਨੇ 1923 ਤੋਂ ਲੈ ਕੇ 1940 ਤੱਕ ਗ਼ਦਰੀ ਬਾਬਿਆਂ ਨੂੰ ਅਤੇ ਉਨ੍ਹਾਂ ਦੇ ਸੰਦੇਸ਼ਾਂ ਨੂੰ ਕਾਬਲ ਪਹੁੰਚਾਇਆ ਸੀ। ਸੁਭਾਸ਼ ਚੰਦਰ ਬੋਸ ਦੀ ਫਰਾਰੀ ਵਿੱਚ ਵੀ ਉਸ ਨੇ ਖਾਸ ਰੋਲ ਅਦਾ ਕੀਤਾ ਸੀ। ਉਹ ਟੁੱਟੀ ਫੁੱਟੀ ਲਾਰੀ ਦਾ ਮਾਲਕ ਸੀ ਤੇ ਪੇਸ਼ਾਵਰ, ਜਲਾਲਾਬਾਦ ਤੇ ਕਾਬੁਲ ਰੂਟ 'ਤੇ ਚੱਲਦਾ ਸੀ।

ਫੌਲਾਦੀ ਸ਼ਹਿਰ ਟਾਟਾ ਨਗਰ

ਕਾਮਰੇਡ ਹਜ਼ਾਰਾ ਸਿੰਘ ਦੇ ਖ਼ੂਨ ਨਾਲ ਸਿੰਜੀ ਧਰਤੀ- ਕਾਲੇ ਪਾਣੀ ਜੇਲ੍ਹ 'ਚੋਂ ਹਜ਼ਾਰਾ ਸਿੰਘ ਤੇ ਉਸ ਦੇ ਸਾਥੀ ਮਦਰਾਸ ਜੇਲ੍ਹ ਵਿੱਚ ਭੇਜ ਦਿੱਤੇ ਗਏ ਸਨ। " ਸਿਆਸੀ ਕੈਦੀਓਂ ਕੋ ਰਿਹਾ ਕਰੋ" ਦੀ ਲੋਕ ਲਹਿਰ ਸਦਕਾ ਉਨ੍ਹਾਂ ਦੀਆਂ ਰਿਹਾਈਆਂ ਹੋ ਗਈਆਂ ਸਨ। ਪੰਜਾਬ ਦੀ ਹਕੂਮਤ ਨੇ ਜੇਲ੍ਹਾਂ ਵਿੱਚੋਂ ਨਿਕਲਦਿਆਂ ਨੂੰ ਨੋਟਿਸ ਜਾਰੀ ਕਰ ਦਿੱਤਾ ਸੀ, " ਉਹ ਪੰਜਾਬ ਵਿੱਚ ਦਾਖਲ ਨਹੀਂ ਹੋ ਸਕਦੇ।" ਹਜ਼ਾਰਾ ਸਿੰਘ ਕਿਰਤੀ ਲਹਿਰ ਦੇ ਮੇਰਠ ਦਫਤਰ 'ਚ ਪਹੁੰਚ ਗਿਆ ਸੀ। 1939 ਦੇ ਸ਼ੁਰੂ 'ਚ ਚੱਕ ਮਾਈਦਾਸ ਵਿੱਚ ਕਿਰਤੀ ਪਾਰਟੀ ਦੀ ਸੂਬਾ ਕਮੇਟੀ ਦਾ ਗੁਪਤ ਅਜਲਾਸ ਹੋਇਆ ਸੀ। ਜਿਸ ਵਿੱਚ ਹਜ਼ਾਰਾ ਸਿੰਘ ਨੇ ਟਾਟਾ ਨਗਰ ਦੇ ਭਾਰੀ ਫੌਲਾਦੀ ਸ਼ਹਿਰ ਦੇ ਮਜ਼ਦੂਰਾਂ ਵਿੱਚ ਕੰਮ ਕਰਨ ਦੀ ਜ਼ਿੰਮੇਵਾਰੀ ਲੈ ਲਈ ਸੀ ਅਤੇ ਅਪ੍ਰੈਲ 1939 ਵਿੱਚ ਟਾਟਾ ਚਲੇ ਗਏ ਸਨ। ਉਸ ਵੇਲੇ ਟਾਟਾ ਨਗਰ ਵਿੱਚ ਅਬਦੁਲ ਬਾਰੀ ਦੀ ਮਾਲਕਾਂ-ਪੱਖੀ ਯੂਨੀਅਨ ਮੌਜੂਦ ਸੀ। ਤਿੰਨ ਮਹੀਨੇ ਦੀ ਸਖਤ ਮਿਹਨਤ ਨਾਲ ਹਜ਼ਾਰਾ ਸਿੰਘ ਨੇ ਇਕ ਮਜ਼ਬੂਤ ਖਾੜਕੂ ਯੂਨੀਅਨ ਕਾਇਮ ਕਰ ਲਈ ਸੀ। ਟਾਟਾ ਵਾਇਰ ਕੰਪਨੀ ਦੇ ਮਾਲਕ ਸ੍.

ਇੰਦਰ ਸਿੰਘ ਪਿਤਾ ਸ੍ਰ. ਬਲਦੇਵ ਸਿੰਘ ਅਕਾਲੀ ਡੀਫੈਂਸ ਮਨਿਸਟਰ ਨੇ ਇਸ ਯੂਨੀਅਨ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਮਜ਼ਦੂਰਾਂ ਦੀਆਂ ਮੰਗਾਂ ਵੀ ਠੁਕਰਾ ਦਿੱਤੀਆਂ ਸਨ। ਮਜ਼ਦੂਰਾਂ ਨੇ ਹੜਤਾਲ ਕਰ ਦਿੱਤੀ ਅਤੇ ਕਾਰਖਾਨਾ ਮੁਕੰਮਲ ਤੌਰ 'ਤੇ ਬੰਦ ਹੋ ਗਿਆ। ਜਦੋਂ ਮਾਲਕ ਨੇ ਪੁਲਸ ਦੀ ਮਦਦ ਨਾਲ ਬਾਹਰੋਂ ਮਜ਼ਦੂਰ ਭਰਤੀ ਕਰਕੇ ਟਰੱਕਾਂ ਰਾਹੀਂ ਅੰਦਰ ਲਿਜਾਣ ਦੀ ਕੋਸ਼ਿਸ਼ ਕੀਤੀ ਤਾਂ ਮਜ਼ਦੂਰਾਂ ਨੇ ਧਰਨਾ ਸ਼ੁਰੂ ਕਰ ਦਿੱਤਾ। ਉਹ ਫੈਕਟਰੀ ਦੇ ਗੇਟ ਅੱਗੇ ਕਤਾਰ ਬੰਨ੍ਹ ਕੇ ਲੰਮੇ ਪੈ ਗਏ ਸਨ। ਮਾਲਕ ਦਾ ਟਰੱਕ ਸਿੱਧਾ ਉਨ੍ਹਾਂ ਵੱਲ ਵਧਿਆ ਆ ਰਿਹਾ ਸੀ। ਹਜ਼ਾਰਾ ਸਿੰਘ ਪਿਕਟਿੰਗ ਕਰ ਰਹੇ ਮਜ਼ਦੂਰਾਂ ਦੀ ਅਗਵਾਈ ਕਰ ਰਹੇ ਸਨ। ਉਨ੍ਹਾਂ ਫੁਰਤੀ ਨਾਲ ਛਾਲ ਮਾਰ ਕੇ ਟਰੱਕ ਦੇ ਪਾਏਦਾਨ 'ਤੇ ਖੜੋ ਕੇ ਸਟੇਅਰਿੰਗ ਨੂੰ ਘੁੰਮਾ ਦਿੱਤਾ। ਮਜ਼ਦੂਰ ਬਚ ਗਏ। ਪਰ ਮਾਲਕ ਦੇ ਮੁੰਡਿਆਂ ਨੇ ਹਜ਼ਾਰਾ ਸਿੰਘ ਨੂੰ ਧੱਕਾ ਦੇ ਕੇ ਟਰੱਕ ਦੇ ਅਗੇ ਸੁੱਟ ਦਿੱਤਾ ਅਤੇ ਟਰੱਕ ਉਨ੍ਹਾਂ ਦੀ ਛਾਤੀ ਦੇ ਉਪਰੋਂ ਦੀ ਲੰਘ ਗਿਆ। ਹਜ਼ਾਰਾ ਸਿੰਘ ਸ਼ਹੀਦ ਹੋ ਗਏ। ਸਾਰੇ ਮੁਲਕ ਵਿੱਚ ਹਾਹਾਕਾਰ ਮਚ ਗਈ।

ਨੌਜਵਾਨ ਭਾਰਤ ਸਭਾ ਦੇ ਇਨਕਲਾਬੀਆਂ ਵਿੱਚ ਊਟੀ ਬੈਂਕ ਕੇਸ ਸਮੇਂ ਤੇ ਉਸਤੋਂ ਬਾਅਦ ਕਾਲੇ ਪਾਣੀ ਦੀ ਭੁੱਖ ਹੜਤਾਲ ਸਮੇਂ ਉਸਦੇ ਬਹਾਦਰਾਨਾ ਕਾਰਨਾਮਿਆਂ ਨੇ ਹਜ਼ਾਰਾ ਸਿੰਘ ਨੂੰ ਇਨਕਲਾਬੀਆਂ ਦੀ ਅਗਲੀ ਸਫ ਵਿੱਚ ਲੈ ਆਂਦਾ ਸੀ। ਸਿਆਸੀ ਕੈਦੀਆਂ ਦੀ ਰਿਹਾਈ ਲਈ ਮਹਾਤਮਾ ਗਾਂਧੀ ਨੂੰ ਪ੍ਰੈਸ ਵਿੱਚ ਲਿਖੇ ਖੁੱਲ੍ਹੇ ਖਤ ਪੜ੍ਹ ਕੇ ਕਾਂਗਰਸੀ ਲੀਡਰਾਂ ਵਿੱਚ ਵੀ ਉਸਦਾ ਬੜਾ ਹੜਾ ਸਨਮਾਨ ਬਣ ਗਿਆ ਸੀ। ਹਜ਼ਾਰਾ ਸਿੰਘ ਦੇ ਸੈਂਕੜੇ ਇਨਕਲਾਬੀ ਸਾਥੀਆਂ ਨੇ ਉਸਦੀ ਮੌਤ ਉੱਤੇ ਅੱਥਰੂ ਵਹਾਏ। ਕਿਰਤੀ ਪਾਰਟੀ ਲਈ ਤਾਂ ਇਹ ਇਕ ਅਸਹਿ ਸਦਮਾ ਸੀ। ਕਵੀਆਂ ਨੇ ਹਜ਼ਾਰਾ ਸਿੰਘ ਦੀਆਂ ਵਾਰਾਂ ਲਿਖੀਆਂ। ਲੁਧਿਆਣਾ ਗੌਰਮਿੰਟ ਕਾਲਜ ਦੇ ਨੌਜਵਾਨ ਵਿਦਿਆਰਥੀ ਸਾਹਿਰ ਲੁਧਿਆਣਵੀਂ ਨੇ ਕਸਮ ਖਾਧੀ ਕਿ:

ਕਸਮ ਉਸ ਵਕਤ ਕੀ
ਜਿਸ ਵਕਤ ਸਰ ਅਸ਼ਫਾਕ ਓ ਬਿਸਮਲ ਕੇ
ਜੁਦਾ ਹੋ ਕਰ ਤਨੇ ਬੇਜਾਨ ਸੇ
ਮਕਤਲ ਮੇ ਲਟਕਤੇ ਥੇ

ਕਸਮ ਟਾਟਾ ਨਗਰ ਕੇ ਖ਼ੂਨ ਮੇਂ
ਲੁਥੜੇ ਨਜ਼ਾਰੋਂ ਕੀ
ਕਸਮ ਹੈ ਲਾਰੀਓਂ ਕੀ ਜ਼ਦ ਮੇਂ
ਰੌਂਦੇ ਜਾਂਨਿਸਰੋਂ ਕੀ

ਕਿ ਜ਼ਰਦਾਰੋਂ ਕੋ ਨਾਦਾਰੋਂ ਕੀ
ਚੌਖਟ ਪਰ ਝੁਕਾ ਦੂੰਗਾ

ਮਲੂਕੀਅਤ ਕੇ ਮੀਨਾਰੋਂ ਕੀ
ਬੁਨਿਆਦੋਂ ਹਿਲਾ ਦੂੰਗਾ

ਕਾਮਰੇਡ ਹਜ਼ਾਰਾ ਸਿੰਘ ਦੀ ਦਰਦਨਾਕ ਮੌਤ ਨੂੰ ਗੁਰਮੁਖ ਸਿੰਘ (ਨਵੀਂ ਸੈਂਟਰਲ ਜੇਲ੍ਹ ਮੁਲਤਾਨ) ਨੇ ਕਿਸ ਤਰ੍ਹਾਂ ਸੁਣਿਆ

ਜ਼ਿੰਦਗੀ ਦੇ ਚੁਰਾਹੇ ਪਰ ਨਾ ਜਾਣੀਏ ਕਿਤਨੇ ਵਾਕਿਆਤ ਕਿਤਨੇ ਹਾਦਸੇ ਹੋਏ ਅਤੇ ਕਿੰਨੇ ਲੋਕਾਂ ਨਾਲ ਮੱਥਾ ਲਾਉਣਾ ਪੈਂਦਾ ਹੈ। ਲੋਕ ਆਉਂਦੇ ਹਨ ਅਤੇ ਚਲੇ ਜਾਂਦੇ ਹਨ। ਹਾਦਸੇ ਹੁੰਦੇ ਹਨ ਅਤੇ ਬੀਤ ਜਾਂਦੇ ਹਨ ਅਤੇ ਜ਼ਿੰਦਗੀ ਸੁਨਸਾਨ ਸੜਕ ਦੀ ਤਰ੍ਹਾਂ ਨਵੇਂ ਕਾਫਲੇ ਦੇ ਇੰਤਜ਼ਾਰ ਵਿੱਚ ਪੂਰਬ ਦੀ ਤਰਫ਼ ਆਪਣੇ ਹੱਥ ਫਲਾਈ ਰਹਿੰਦੀ ਹੈ। ਪਰ ਕਦੀਂ ਕਦੀਂ ਕੋਈ ਸ਼ਖਸੀਅਤ ਇਹੋ ਜਿਹੀ ਵੀ ਜ਼ਿੰਦਗੀ ਵਿੱਚ ਮਿਲ ਜਾਂਦੀ ਹੈ ਜੋ ਬਸ ਮਿਲ ਹੀ ਜਾਂਦੀ ਹੈ, ਜੁਦਾ ਨਹੀਂ ਹੋ ਸਕਦੀ।

ਕਾਮਰੇਡ ਹਜ਼ਾਰਾ ਸਿੰਘ ਦੀ ਸ਼ਖਸੀਅਤ ਵੀ ਇਕ ਇਹੋ ਜਿਹੀ ਸ਼ਖਸੀਅਤ ਸੀ। ਅੰਡੇਮਾਨ ਦੇ ਦੁਰਾਡੇ ਸਾਹਲ ਪੁਰ ਜੇਲ੍ਹ ਦੀ ਕਾਲ ਕੋਠੜੀ ਵਿੱਚ ਸਭ ਤੋਂ ਪਹਿਲੀ ਵਾਰ ਮੇਰੀ ਉਨ੍ਹਾਂ ਨਾਲ ਮੁਲਾਕਾਤ ਹੋਈ। ਉਥੋਂ ਦੀ ਜ਼ਿੰਦਗੀ, ਉਥੋਂ ਦੀ ਜੱਦੋ ਜਹਿਦ ਅਤੇ ਉਥੋਂ ਦੀਆਂ ਮੁਸੀਬਤਾਂ ਵਿੱਚ ਇਸ ਨੌਜਵਾਨ ਦੇ ਸਬਰ ਅਤੇ ਜਵਾਂ ਮਰਦੀ ਨੇ ਸਿਰਫ ਮੇਰੇ ਹੀ ਦਿਲ ਵਿੱਚ ਥਾਂ ਨਹੀਂ ਬਣਾਈ ਬਲਕਿ ਜੇਲ੍ਹ ਦੇ ਸਾਰੇ ਸਾਥੀਆਂ, ਇਥੋਂ ਤਕ ਕਿ ਅਫਸਰਾਂ ਅਤੇ ਮੁਲਾਜ਼ਮਾਂ ਤਾਈਂ ਵੀ ਦਿਲ ਵਿੱਚ ਬਹਾਦਰ ਨੌਜਵਾਨ ਲਈ ਇੱਜ਼ਤ ਅਤੇ ਮੁਹੱਬਤ ਪੈਦਾ ਹੋ ਗਈ ਸੀ।

ਅਜ ਉਹ ਸਾਡੇ ਵਿਚਾਲੇ ਨਹੀਂ ਹੈ! ਸਰਮਾਏਦਾਰੀ ਦੀ ਕਤਲਗਾਹ ਵਿੱਚ ਉਹ ਕੁਰਬਾਨ ਹੋ ਚੁੱਕਿਆ ਹੈ। ਪਰ ਉਸ ਦੀ ਕੁਰਬਾਨੀ ਮਜ਼ਦੂਰ ਇਨਕਲਾਬ ਦੇ ਰਾਹ ਵਿੱਚ ਮੀਲ ਪੱਥਰ ਬਣੀ ਹੋਈ ਸਾਨੂੰ ਦੱਸ ਰਹੀ ਹੈ ਕਿ ਅਸੀਂ ਇਨਕਲਾਬ ਦੇ ਰਾਹ ਵਿੱਚ ਕਿਤਨੀ ਦੂਰ ਅੱਗੇ ਵਧ ਆਏ ਹਾਂ ਅਤੇ ਉਸਦੀ ਯਾਦ ਹਰ ਇਨਕਲਾਬੀ ਦੇ ਦਿਲ ਵਿੱਚ ਸਵੇਰੇ ਦੇ ਸੂਰਜ ਦੀ ਉਸ ਕਿਰਨ ਦੀ ਤਰ੍ਹਾਂ ਹਮੇਸ਼ਾ ਚਮਕਦੀ ਰਹੇਗੀ ਜੋ ਕਿ ਰਾਤ ਦੇ ਅੰਧੇਰੇ ਨੂੰ ਦੂਰ ਕਰਦੀ ਹੋਈ ਰੌਸ਼ਨੀ ਦਾ ਸੰਦੇਸ਼ਾ ਦਿੰਦੀ ਹੈ।

ਇਨ੍ਹਾਂ ਸਭ ਗੱਲਾਂ ਤੋਂ ਸਿਵਾ ਸਭ ਤੋਂ ਭਾਰੀ ਨੁਕਸਾਨ ਪੰਜਾਬ ਦੀ ਇਨਕਲਾਬੀ ਲਹਿਰ ਦਾ ਹੋਇਆ। ਸਾਥੀ ਹਜ਼ਾਰਾ ਸਿੰਘ ਆਮ ਤੌਰ ਪੁਰ ਬਾਤ-ਚੀਤ ਵੇਲੇ ਪੰਜਾਬ ਦੀ ਖ਼ਰਾਬ ਇਨਕਲਾਬੀ ਹਾਲਤ ਪਰ ਅਫਸੋਸ ਕੀਤਾ ਕਰਦੇ ਸਨ। ਉਨ੍ਹਾਂ ਦਾ ਦ੍ਰਿੜ ਵਿਸ਼ਵਾਸ ਇਹ ਸੀ ਕਿ ਉਥੇ ਦੇ ਸਾਰੇ ਇਨਕਲਾਬੀ ਮੋਤੀਆਂ ਨੂੰ ਇਕ ਹਾਰ ਵਿੱਚ ਪਰੋਕੇ ਖ਼ੂਬਸੂਰਤ ਮਾਲਾ ਬਣਾਈ ਜਾਏ। ਪਰ ਅਫਸੋਸ ਕਿ ਉਹ ਜਵਾਂ ਮਰਦ ਆਪਣੇ ਇਨਕਲਾਬੀ ਵਿਸ਼ਿਆਂ ਦੀ ਪੂਰੀ ਮੰਜ਼ਿਲ ਤਹਿ ਹੋਣ ਤੋਂ ਪਹਿਲਾਂ ਹੀ ਸਰਮਾਏਦਾਰੀ ਦੀ ਇਨਸਾਨੀਅਤ ਤੋਂ ਗਿਰੀ ਹੋਈ ਆਦਤ ਦਾ ਸ਼ਿਕਾਰ ਬਣ ਗਿਆ।

ਪਰ ਸਾਨੂੰ ਇਸ ਬਹਾਦਰ ਸ਼ਹੀਦ ਦੀ ਇਨਕਲਾਬੀ ਮੌਤ ਪਰ ਫ਼ਖਰ ਹੈ। ਦੁਨੀਆਂ ਭਰ ਦੀ ਮਜ਼ਦੂਰ ਲਹਿਰ ਹਮੇਸ਼ਾ ਉਸ ਦੀ ਕੁਰਬਾਨੀ ਦੀ ਮਿਸਾਲ ਰੱਖ ਕੇ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰੇਗੀ।

ਸ਼ਹੀਦ ਹਜ਼ਾਰਾ ਸਿੰਘ ਦੀ ਮੌਤ ਤੋਂ ਬਾਅਦ ਕਿਰਤੀ ਪਾਰਟੀ ਨੇ ਲਗਾਤਾਰ ਆਪਣੇ ਅਹਿਮ ਵਰਕਰ ਟਾਟਾ ਨਗਰ ਭੇਜੇ ਸਨ। ਨੈਣਾ ਸਿੰਘ ਧੂਤ ਨੇ ਸੁਚੱਜੇ ਢੰਗ ਨਾਲ ਇਸ ਹੜਤਾਲ ਦੀ ਅਗਵਾਈ ਕੀਤੀ ਸੀ। ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰਕੇ ਬਿਹਾਰ ਵਿੱਚੋਂ ਦੇਸਨਿਕਾਲਾ ਦੇ ਦਿੱਤਾ ਸੀ। ਉਸ ਤੋਂ ਬਾਅਦ ਮਾਸਕੋ ਤੋਂ ਪਰਤੇ ਕਰਤਾਰ ਸਿੰਘ ਸਰੀਂਹ ਨੂੰ ਤੇ ਹਰਦੇਵ ਰਾਏ ਨੂੰ ਭੇਜਿਆ ਗਿਆ ਸੀ। ਹੜਤਾਲ ਤਿੰਨ ਮਹੀਨੇ ਚਲਦੀ ਰਹੀ ਸੀ। ਕਿਰਤੀ ਪਾਰਟੀ ਟਾਟਾ ਨਗਰ ਵਿੱਚ ਨਿਗਰ ਪਾਰਟੀ ਯੂਨਿਟ ਤੇ ਟਰੇਡ ਯੂਨੀਅਨ ਕਾਇਮ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਪਰ ਪੁਲਸ ਹਰ ਨਵੇਂ ਪੰਜਾਬੀ ਚਿਹਰੇ ਦੀ ਭਾਲ ਵਿੱਚ ਲਗੀ ਰਹਿੰਦੀ ਸੀ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਬਾਹਰ ਕੱਢ ਦਿੰਦੀ ਸੀ। ਕਾਫੀ ਸੋਚ ਵਿਚਾਰ ਤੋਂ ਬਾਅਦ ਵਿਦਿਆਰਥੀ ਕਾਰਕੁੰਨ ਦਇਆ ਸਿੰਘ ਨੂੰ ਗੁਪਤ ਰਹਿ ਕੇ ਟਾਟਾ ਨਗਰ ਵਿੱਚ ਕੰਮ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ।

ਦੂਜੀ ਸੰਸਾਰ ਜੰਗ ਸ਼ੁਰੂ ਹੋਣ 'ਤੇ ਕਿਰਤੀ ਪਾਰਟੀ ਦੇ ਆਗੂ ਬੂਝਾ ਸਿੰਘ ਤੇ ਹਰਬੰਸ ਸਿੰਘ ਕਰਨਾਣਾ ਕੰਮ ਦਾ ਜਾਇਜ਼ਾ ਲੈਣ ਲਈ ਟਾਟਾ ਗਏ ਸਨ। ਕਰਨਾਣਾ ਸੁਭਾਸ਼ ਬਾਬੂ ਨੂੰ ਲੱਭਣ ਲਈ ਕਲਕੱਤੇ ਚਲੇ ਗਿਆ ਸੀ ਕਿਉਂਕਿ ਅੱਛਰ ਸਿੰਘ ਤੇ ਰਾਮ ਕਿਸ਼ਨ ਕਾਬਲ ਵਿੱਚ ਉਸਦੀ ਉਡੀਕ ਕਰ ਰਹੇ ਸਨ। ਉਸ ਨੂੰ ਕਲਕੱਤੇ ਗ੍ਰਿਫਤਾਰ ਕਰ ਲਿਆ ਗਿਆ ਸੀ। ਕਲਕੱਤੇ ਦੇ ਪੰਜਾਬੀ ਸਾਥੀਆਂ ਨੇ ਉਸਦੀ ਜ਼ਮਾਨਤ ਦੇ ਕੇ ਉਸ ਨੂੰ ਪੰਜਾਬ ਪਹੁੰਚਾ ਦਿੱਤਾ ਸੀ ਅਤੇ ਜ਼ਮਾਨਤ ਜ਼ਬਤ ਕਰਵਾ ਲਈ ਸੀ। ਬੂਝਾ ਸਿੰਘ ਨੂੰ ਟਾਟਾ ਤੋਂ ਗ੍ਰਿਫਤਾਰ ਕਰਕੇ ਪੁਲਸ ਨੇ ਦਿਓਲੀ ਕੈਂਪ ਜੇਲ੍ਹ ਵਿੱਚ ਭੇਜ ਦਿੱਤਾ ਸੀ।

ਕਿਰਤੀ ਪਾਰਟੀ ਅਜੇ ਵੀ ਜ਼ੋਰ-ਅਜ਼ਮਾਈ ਵਿੱਚ ਲੱਗੀ ਹੋਈ ਸੀ ਕਿਉਂਕਿ ਹਿੰਦੋਸਤਾਨ ਵਿੱਚ ਟਾਟਾ ਦਾ ਕਾਰਖਾਨਾ ਸਭ ਤੋਂ ਵਧ ਜੰਗੀ ਸਮਾਨ ਬਣਾ ਰਿਹਾ ਸੀ। ਨੌਜਵਾਨ ਗੁਰਬਚਨ ਸਿੰਘ ਰੰਧਾਵਾ ਫੋਟੋਗ੍ਰਾਫਰ ਅਤੇ ਗੰਧਰਵ ਸੈਨ ਡਰਾਈਕਲੀਨਰ ਦੇ ਰੂਪ ਵਿੱਚ ਗੁਪਤ ਕੰਮ ਕਰਨ ਲਈ ਟਾਟਾ ਭੇਜੇ ਗਏ ਸਨ। ਸੀ. ਆਈ. ਡੀ. ਬੜੀ ਚੌਕੰਨੀ ਸੀ। ਇਨ੍ਹਾਂ ਦੋਹਾਂ ਨੇ ਗ੍ਰਿਫਤਾਰ ਹੋ ਜਾਣ ਤੋਂ ਬਾਅਦ ਜਦੋਂ ਬਿਆਨ ਦਿੱਤੇ ਤਾਂ ਪੁਲਸ ਨੂੰ ਸ਼ੱਕ ਪੈ ਗਿਆ ਸੀ। ਪੁਲਸ ਨੇ ਇਨ੍ਹਾਂ ਦੋਹਾਂ ਨੂੰ ਜੇਲ੍ਹ ਬੰਦ ਕਰਕੇ ਪੰਜਾਬ ਸਰਕਾਰ ਤੋਂ ਉਨ੍ਹਾਂ ਦੀ ਰਿਪੋਰਟ ਮੰਗ ਲਈ। ਰਿਪੋਰਟ ਵਿੱਚ ਉਨ੍ਹਾਂ ਨੂੰ ਬੜੇ ਖ਼ਤਰਨਾਕ ਵਿਅਕਤੀ ਦੱਸਿਆ ਗਿਆ ਸੀ ਜਿਸ ਕਰਕੇ ਉਨ੍ਹਾਂ ਕੈਂਪ ਜੇਲ੍ਹ ਭੇਜ ਦੇਣ ਦੇ ਹੁਕਮ ਕਰ ਦਿੱਤੇ ਗਏ ਸਨ।

ਜੰਗ ਵੇਲੇ ਹਾਲਾਤ ਬੜੇ ਨਾਜ਼ੁਕ ਸਨ। ਕਿਰਤੀ ਵਰਕਰਾਂ ਦੀਆਂ ਕੁਰਬਾਨੀਆਂ ਦੇ ਬਾਵਜੂਦ ਕਾਮਯਾਬੀ ਨਾ ਹੋ ਸਕੀ ਅਤੇ ਸਮੇਂ ਲਈ ਕਿਰਤੀ ਪਾਰਟੀ ਨੂੰ ਟਾਟਾ ਨਗਰ ਦਾ ਮੋਰਚਾ ਛੱਡਣਾ ਪਿਆ।

•

ਪੰਜਾਬ ਕਿਸਾਨ ਸਭਾ ਦਾ ਫਤਹਿਗੜ੍ਹ ਕੋਰੋਟਾਨਾ ਸੈਸ਼ਨ (1941)

ਕਿਸਾਨ ਸਭਾ ਕਿਰਤੀ ਪਾਰਟੀ ਦੀ ਬੁਨਿਆਦੀ ਜਨਤਕ ਜਥੇਬੰਦੀ ਸੀ। ਕਿਰਤੀ ਪਾਰਟੀ ਦੇ ਮੁਖੀ ਆਗੂ ਇਸ ਜਨਤਕ ਜਥੇਬੰਦੀ ਰਾਹੀਂ ਹੀ ਪਾਰਟ ਵਿੱਚ ਸ਼ਾਮਲ ਹੋਏ ਸਨ। ਜੰਗ ਸਮੇਂ ਬਾਬਾ ਸੋਹਣ ਸਿੰਘ. ਡਾ. ਭਾਗ ਸਿੰਘ ਤੇ ਕਾਮਰੇਡ ਬੂਝਾ ਸਿੰਘ ਆਲ ਇੰਡੀਆ ਕਿਸਾਨ ਕਮੇਟੀ ਦੇ ਕਰਮਵਾਰ ਪ੍ਰਧਾਨ, ਜਨਰਲ ਸੈਕਟਰੀ ਅਤੇ ਮੀਤ ਪ੍ਰਧਾਨ ਚੁਣੇ ਗਏ ਸਨ। ਕਾਮਰੇਡ ਕਰਤਾਰ ਸਿੰਘ ਗਿੱਲ ਨੂੰ ਸਿੰਧ ਤੇ ਸੂਬਾ ਸਰਹੱਦ ਵਿੱਚ ਆਰਗੇਨਾਈਜ਼ਰ ਨਿਯੁਕਤ ਕੀਤਾ ਗਿਆ ਸੀ। ਜਿਸਨੇ ਸਿੰਧ ਦੀ ਹਾਰੀ (ਕਿਸਾਨ) ਜਥੇਬੰਦੀ ਨੂੰ ਕਿਸਾਨ ਸਭਾ ਵਿੱਚ ਸੰਗਠਤ ਕੀਤਾ। ਜੰਗ ਦੇ ਦੌਰਾਨ ਹੀ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਨੂੰ ਵਿਦਿਆਰਥੀ ਫਰੰਟ ਤੋਂ ਕਿਸਾਨ ਫਰੰਟ ਵਿੱਚ ਲਿਆਂਦਾ ਗਿਆ ਸੀ। ਉਸਦਾ ਨਾਂ ਕਿਸਾਨੀ ਮਸਲਿਆਂ ਤੇ ਮਾਹਰਾਂ ਵਿੱਚ ਗਿਣਿਆਂ ਜਾਂਦਾ ਸੀ। ਅਤੇ ਆਲ ਇੰਡੀਆ ਕਿਸਾਨ ਸਭਾ ਦੀਆਂ ਉੱਚੀਆਂ ਪਦਵੀਆਂ 'ਤੇ ਵੀ ਰਿਹਾ ਸੀ।

ਪੰਜਾਬ ਸੂਬਾ ਕਿਸਾਨ ਸਭਾ ਦਾ ਪਹਿਲਾ ਡੈਲੀਗੇਟ ਅਜਲਾਸ ਲਾਇਲਪੁਰ ਵਿੱਚ, ਦੂਜਾ ਸਰਗੋਧੇ ਵਿੱਚ ਤੇ ਤੀਜਾ ਅੰਮ੍ਰਿਤਸਰ ਵਿੱਚ ਹੋਇਆ ਸੀ। ਜੰਗ ਜ਼ੋਰਾਂ 'ਤੇ ਸੀ, ਬਰਤਾਨਵੀਂ ਹਕੂਮਤ ਦਾ ਤਸ਼ੱਦਦ ਵੀ ਪੂਰੇ ਜੋਬਨ 'ਤੇ ਸੀ। ਸਭ ਉਘੇ ਕਿਸਾਨ ਆਗੂ ਜੇਲ੍ਹਾਂ ਵਿੱਚ ਬੰਦ ਸਨ। ਕਿਰਤੀ ਪਾਰਟੀ ਦੇ ਰੂਪੋਸ਼ ਆਗੂਆਂ ਦੀ ਜ਼ਬਰਦਸਤ ਭਾਲ ਹੋ ਰਹੀ ਸੀ। ਕਿਰਤੀ ਪਾਰਟੀ ਨੇ ਸੂਬਾ ਕਿਸਾਨ ਕਮੇਟੀ ਦਾ ਚੌਥਾ ਡੈਲੀਗੇਟ ਅਜਲਾਸ ਮੋਗੇ ਤੋਂ ਨੌਂ ਮੀਲ ਦੂਰ ਕੋਰੋਟਾਨਾ ਪਿੰਡ ਵਿੱਚ ਕਰਨ ਦਾ ਫੈਸਲਾ ਕੀਤਾ। ਕਿਸਾਨ ਸਭਾ ਨੇ ਆਪਣੀ ਤਾਕਤ ਦਾ ਮੁਜ਼ਾਹਰਾ ਕਰਨਾ ਸੀ। ਸਰਕਾਰ ਲਈ ਵੀ ਇਹ ਇਕ ਚੁਣੌਤੀ ਸੀ। ਹਰ ਪਿੰਡ ਵਿੱਚ ਕਿਸਾਨ ਇਕਾਈਆਂ ਦੀ ਬਕਾਇਦਾ ਚੋਣ ਕਰਾਈ ਗਈ ਸੀ। ਇਕਾਈਆਂ ਦੇ ਅਹੁਦੇਦਾਰ ਚੁਣੇ ਗਏ ਸਨ। ਤਹਿਸੀਲ ਤੇ ਜ਼ਿਲ੍ਹੇ ਲਈ ਡੈਲੀਗੇਟ ਚੁਣੇ ਗਏ ਸਨ। ਥਾਣਾ, ਤਹਿਸੀਲ ਅਤੇ ਜ਼ਿਲ੍ਹਾ ਪੱਧਰ ਤੱਕ ਖੁਲ੍ਹੇ ਅਜਲਾਸ ਕੀਤੇ ਗਏ ਸਨ। ਸੂਬਾ ਅਜਲਾਸ ਦੀ ਪੂਰੀ ਤਿਆਰੀ ਹੋ ਚੁੱਕੀ ਸੀ। ਪੰਜਾਬ ਸਰਕਾਰ ਅੱਗ ਬਬੂਲਾ ਹੋ ਉੱਠੀ ਸੀ। ਉਸ ਨੇ ਇਸ ਅਜਲਾਸ ਨੂੰ ਫੇਲ੍ਹ ਕਰਨ ਲਈ ਸਤਲੁਜ ਦਰਿਆ ਦੇ ਪੱਤਣਾਂ ਅਤੇ ਪੁਲਾਂ 'ਤੇ ਘੋੜ ਸਵਾਰ ਪੁਲਸ ਦੇ ਪਹਿਰੇ ਲਾ ਦਿੱਤੇ ਗਏ ਸਨ। ਪਿੰਡਾਂ ਵਿੱਚ ਡੌਂਡੀਆਂ ਪਿਟਵਾ ਦਿੱਤੀਆਂ ਗਈਆਂ ਸਨ ਕਿ ਕੋਰੋਟਾਨਾ ਕੋਈ ਨਾ ਜਾਵੇ, ਗੋਲੀ ਚੱਲ ਜਾਵੇਗੀ। ਸਰਕਾਰ ਦੇ ਸਾਰੇ ਛੜਯੰਤਰਾਂ ਦੇ ਬਾਵਜੂਦ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਨਾ ਕੇਵਲ ਡੈਲੀਗੇਟ ਹੀ ਪਹੁੰਚੇ ਸਗੋਂ ਆਮ ਕਿਸਾਨ ਵਹੀਰਾਂ ਘੱਤ ਮੋਗੇ ਨੂੰ ਪਹੁੰਚ ਗਏ ਸਨ। ਮੋਗੇ ਤੋਂ ਕੋਰੋਟਾਨਾ ਵੱਲ ਪ੍ਰਧਾਨ ਦਾ ਜ਼ਲੂਸ ਸ਼ੁਰੂ ਹੋਇਆ, ਪ੍ਰਧਾਨ ਕਾਮਰੇਡ ਮੰਗਲ ਸਿੰਘ ਅਲੀਪੁਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸ ਤੋਂ ਬਾਅਦ ਤੇਜਾ ਸਿੰਘ ਚੂਹੜਕਾਣਾ ਨੇ ਜਲੂਸ ਦੀ ਅਗਵਾਈ ਕੀਤੀ, ਪੁਲਸ ਨੇ ਉਸ ਨੂੰ ਵੀ ਗ੍ਰਿਫਤਾਰ ਕਰ ਲਿਆ ਸੀ। ਇਸੇ ਤਰ੍ਹਾਂ ਉਪਰੋਥਲੀ ਨੌਂ

ਪ੍ਰਧਾਨ ਗ੍ਰਿਫਤਾਰ ਕੀਤੇ ਗਏ ਸਨ। ਜਿਨ੍ਹਾਂ ਵਿੱਚ ਲਾਲ ਸਿੰਘ ਕੰਵਲ, ਮੁਹੰਮਦ ਹਯਾਤ ਵੀ ਸ਼ਾਮਲ ਸਨ। ਜਲੂਸ ਆਪਣੇ ਆਖਰੀ ਪੜਾਅ ਕੋਰੋਟਾਨਾ ਪੰਡਾਲ ਵਿੱਚ ਪਹੁੰਚ ਗਿਆ ਸੀ ਤੇ ਗਹਿਲ ਸਿੰਘ ਛੱਜਲਵਢੀ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲ ਲਈ ਸੀ। ਪੁਲਸ ਨੇ ਨੌਂ ਮੀਲ ਦੇ ਰਸਤੇ ਵਿੱਚ ਢਾਈ ਘੰਟਿਆਂ ਦੌਰਾਨ ਜਲੂਸ 'ਤੇ ਕਈ ਵਾਰ ਲਾਠੀਚਾਰਜ ਕੀਤਾ ਸੀ। ਲੋਕਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਕੀਤੇ ਸਭ ਜਤਨ ਫੇਲ੍ਹ ਹੋ ਗਏ ਸਨ।

ਤੰਬੂਆਂ ਦੀਆਂ ਗੋਲ ਕਤਾਰਾਂ ਅੰਦਰ ਸੂਬਾ ਕਿਸਾਨ ਸਭਾ ਦਾ ਦਫਤਰ ਸੀ, ਜਿਸ ਵਿੱਚ ਜਗਜੀਤ ਸਿੰਘ ਲਾਇਲਪੁਰੀ ਸਕੱਤਰ ਕਿਸਾਨ ਸਭਾ ਡਿਊਟੀ ਦੇ ਰਿਹਾ ਸੀ। ਬਾਹਰ ਲਾਠੀਆਂ ਵਾਲੀ ਕਿਸਾਨ ਵਲੰਟੀਅਰ ਕੋਰ ਪੁਜ਼ੀਸ਼ਨ ਲੈ ਕੇ ਖੜ੍ਹੀ ਸੀ। ਪੁਲਸ ਦੀ ਕੋਈ ਪੇਸ਼ ਨਾ ਗਈ। ਡੈਲੀਗੇਟ ਅਜਲਾਸ ਤੇ ਆਮ ਸੈਸ਼ਨ ਪੂਰੀ ਤਰ੍ਹਾਂ ਕਾਮਯਾਬ ਹੋਏ। ਤਕਰੀਰਾਂ ਹੋਈਆਂ, ਕਵੀ ਦਰਬਾਰ ਅਤੇ ਡਰਾਮਾ ਹੋਏ। ਪੁਲਸ ਦੀ ਜਦੋਂ ਕੋਈ ਵੀ ਚਾਲ ਨਾ ਚਲੀ ਤਾਂ ਉਸਨੇ ਬੁਖਲਾ ਕੇ ਕਾਮਰੇਡ ਗੈਂਦਾ ਸਿੰਘ ਦਉਧਰ, ਪ੍ਰੇਮ ਸਿੰਘ ਸਰਾਭਾ ਤੇ ਉੱਤਮ ਸਿੰਘ ਜ਼ਖਮੀ ਦਾ ਲੁਧਿਆਣੇ ਦਾ ਸਾਰਾ ਡਰਾਮਾ ਸੁਕੈਡ ਗ੍ਰਿਫਤਾਰ ਕਰ ਲਿਆ ਸੀ। ਕਾਮਰੇਡ ਜਗੀਰ ਸਿੰਘ ਜੋਗਾ ਨੂੰ ਝੰਡਾ ਲਹਿਰਾਉਂਦਿਆਂ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਸੀ।

ਕਿਰਤੀ ਪਾਰਟੀ ਨੇ ਇਸ ਕਿਸਾਨ ਸੈਸ਼ਨ ਨੂੰ ਕਾਮਯਾਬ ਕਰਨ ਲਈ ਕਾਮਰੇਡ ਸੁਰੈਣ ਸਿੰਘ ਘਾਲੀ ਦੀ ਜ਼ੁੰਮੇਵਾਰੀ ਲਾਈ ਸੀ। ਜਿਸਨੇ ਬੜੀ ਸੂਝ ਨਾਲ ਪਿੰਡ ਪਿੰਡ ਫਿਰ ਕੇ ਫੰਡ ਇਕੱਠਾ ਕੀਤਾ ਅਤੇ ਵਲੰਟੀਅਰ ਭਰਤੀ ਕੀਤੇ ਸਨ। ਕੋਰੋਟਾਨਾ ਕਿਸਾਨ ਸੈਸ਼ਨ ਦੀ ਕਾਮਯਾਬੀ 'ਤੇ ਲੋਕ ਖੁਸ਼ ਸਨ। ਸਰਕਾਰ ਹੈਰਾਨ ਸੀ ਅਤੇ ਸਭ ਤੋਂ ਵੱਡ ਹੈਰਾਨੀ ਜੇਲ੍ਹ ਬੈਠੇ ਸਾਥੀਆਂ ਨੂੰ ਖੁਸ਼ੀ ਦੇ ਰੂਪ ਵਿੱਚ ਹੋਈ ਸੀ। ਦਰਅਸਲ ਇਹ ਕਿਸਾਨ ਸਭਾ ਤੇ ਕਿਰਤੀ ਪਾਰਟੀ ਦੀ ਤਾਕਤ ਦਾ ਮੁਜ਼ਾਹਰਾ ਸੀ।

ਸਮੂਹਕ ਗ੍ਰਿਫਤਾਰੀਆਂ ਤੋਂ ਬਾਅਦ

ਲਾਹੌਰ ਕਿਸਾਨ ਮੋਰਚੇ ਵਿੱਚ ਕੈਦ ਕੱਟ ਰਹੇ ਗ਼ਦਰੀ ਬਾਬਿਆਂ ਤੇ ਮਾਸਕੋ ਤੋਂ ਪਰਤੇ ਗ਼ਦਰੀਆਂ ਨੂੰ ਰਿਹਆ ਹੁੰਦਿਆਂ ਹੀ ਰਾਵਲਪਿੰਡੀ ਜੇਲ੍ਹ ਦੇ ਗੇਟ ਤੋਂ ਦੁਬਾਰਾ ਫਿਰ ਗ੍ਰਿਫਤਾਰ ਕਰ ਲਿਆ ਗਿਆ ਸੀ। ਇਨ੍ਹਾਂ ਸਭ ਨੂੰ ਮੁਜ਼ੱਫਰਗੜ੍ਹ ਅਤੇ ਰਾਜਨਪੁਰ ਸਬ-ਜੇਲ੍ਹ ਵਿੱਚ ਕੈਦ ਕਰ ਦਿੱਤਾ ਗਿਆ ਸੀ। ਰਾਜਨਪੁਰ ਬਲੋਚਿਸਤਾਨ ਦੀ ਹੱਦ ਉੱਤੇ ਸੀ। ਹਜ਼ੂਰਾ ਸਿੰਘ ਮੰਢਾਲੀ ਨੂੰ ਫੌਜ ਵਿੱਚ ਬਾਗੀਆਨਾ ਪ੍ਰਚਾਰ ਕਰਨ ਦੇ ਦੋਸ਼ ਵਿੱਚ ਬਰਤਰਫ਼ ਕਰਕੇ ਦੋ ਮਹੀਨੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਿੱਚ ਰੱਖਿਆ ਗਿਆ ਸੀ ਅਤੇ ਉਸ ਤੋਂ ਬਾਅਦ ਮੁਜ਼ੱਫਰਗੜ੍ਹ ਜੇਲ੍ਹ ਵਿੱਚ ਭੇਜ ਦਿੱਤਾ ਸੀ। ਪੁਲਸ ਨੇ ਉਸ ਦਾ ਹੱਡ ਹੱਡ ਭੰਨ੍ਹ ਸੁੱਟਿਆ ਸੀ। ਹਜ਼ੂਰਾ ਸਿੰਘ ਪੁਲਸ ਤਸ਼ੱਦਦ ਦੀ ਤਾਬ ਨਾ ਝੱਲ ਸਕਿਆ ਅਤੇ ਜੇਲ੍ਹ ਵਿੱਚ ਹੀ ਸ਼ਹੀਦ ਹੋ ਗਿਆ ਸੀ। ਅੰਗਰੇਜ਼ੀ ਹਕੂਮਤ ਇਨ੍ਹਾਂ ਇਨਕਲਾਬੀ ਕੈਦੀਆਂ ਨੂੰ

ਲੋਕਾਂ ਤੋਂ ਦੂਰ ਕਿਸੇ ਉਜਾੜ ਥਾਂ 'ਤੇ ਰੱਖਣਾ ਚਾਹੁੰਦੀ ਸੀ। ਇਸ ਕੰਮ ਵਾਸਤੇ ਕੋਟੇ ਬੂੰਦੀ ਦੇ ਨਜ਼ਦੀਕ ਦਿਓਲੀ ਕੈਂਪ ਜੇਲ੍ਹ ਬਣਾਈ ਗਈ ਸੀ। ਇਹ ਆਵਾਜਾਈ ਦੇ ਸਾਧਨਾਂ ਤੋਂ ਮੀਲਾਂ ਦੂਰ ਸੀ। ਹੱਥਕੜੀਆਂ ਬੇੜੀਆਂ ਲਾਕੇ ਗ਼ਦਰੀ ਬਾਬਿਆਂ ਤੇ ਉਨ੍ਹਾਂ ਦੇ ਸਿਆਸੀ ਵਾਰਸਾਂ ਨੂੰ ਸੱਖਰ ਪਾਰ ਕਰਾਕੇ ਕੇਂਦਰੀ ਹਿੰਦੋਸਤਾਨ ਦੇ ਇਸ ਦਿਓਲੀ ਕੈਂਪ ਵਿੱਚ ਭੇਜ ਦਿੱਤਾ ਸੀ। ਬੰਗਾਲ ਛੱਡਕੇ ਸਾਰੇ ਹਿੰਦੋਸਤਾਨ ਦੇ ਨਜ਼ਰਬੰਦ ਇਨਕਲਾਬੀ ਇਥੇ ਲੈ ਆਂਦੇ ਗਏ ਸਨ। ਪੰਜਾਬ ਵਿੱਚੋਂ ਜਿਸ ਨੂੰ ਵੀ ਫੜਦੇ ਸਨ ਉਸ ਨੂੰ ਦਿਓਲੀ ਕੈਂਪ ਜੇਲ੍ਹ ਵਿੱਚ ਭੇਜ ਦਿੰਦੇ ਸਨ। ਇਹ ਕੌਮੀ ਇਕੱਮੁਠਤਾ (ਇਨਟੈਗਰੇਸ਼ਨ) ਦਾ ਕੇਂਦਰ ਹੀ ਬਣ ਗਿਆ ਸੀ। ਮਦਰਾਸ ਤੋਂ ਕਾਮਰੇਡ ਘਾਟੇ ਅਤੇ ਬੰਬਈ, ਯੂ. ਪੀ., ਬਿਹਾਰ ਵਿੱਚੋਂ ਗ੍ਰਿਫਤਾਰ ਕੀਤੇ ਸਾਰੇ ਸਾਥੀ ਇਥੇ ਲੈ ਆਂਦੇ ਸਨ। ਫੇਰ ਵੀ, ਸਭ ਤੋਂ ਵੱਧ ਰੌਣਕ ਪੰਜਾਬੀਆਂ ਦੀ ਹੀ ਸੀ ਅਤੇ ਉਨ੍ਹਾਂ ਵਿੱਚ ਵੀ ਕਿਰਤੀ ਵਰਕਰਾਂ ਦੀ। ਮੁਬਾਰਕ ਸਾਗਰ, ਮੋਹਣ ਲਾਲ, ਕੁਲਬੀਰ, ਕੁਲਤਾਰ, ਗੁਲਾਮ ਮੁਹੰਮਦ, ਬੀ.ਪੀ. ਐਲ. ਬੇਦੀ ਤੇ ਮੁਣਸ਼ੀ ਅਹਿਮਦਦੀਨ ਆਦਿ ਏਥੇ ਹੀ ਨਜ਼ਰਬੰਦ ਸਨ। ਜੈ ਪ੍ਰਕਾਸ਼ ਨਰਾਇਣ ਵੀ ਇਸ ਜੇਲ੍ਹ ਵਿੱਚ ਹੀ ਬੰਦ ਕੀਤਾ ਗਿਆ ਸੀ। ਬੰਤਾ ਸਿੰਘ ਇੰਸਪੈਕਟਰ ਸੀ. ਆਈ. ਡੀ. ਇਸ ਕੈਂਪ ਦਾ ਸਿਆਸੀ ਇੰਨਚਾਰਜ ਸੀ। ਛੇਤੀ ਹੀ ਕਿਰਤੀ ਤੇ ਕਮਿਊਨਿਸਟ ਸਾਥੀਆਂ ਨੇ ਬਾਹਰ ਖ਼ਤੋ-ਖ਼ਤਾਬਤ ਕਰਨ ਦੇ ਰਾਹ ਲੱਭ ਲਏ ਸਨ। ਇਸ ਕੈਂਪ ਵਿੱਚ ਕੌਣ ਕਿਸ ਪਾਰਟੀ ਨਾਲ ਖੜ੍ਹਾ ਸੀ, ਬਾਰੇ ਜਾਣਕਾਰੀ ਜੈ ਪ੍ਰਕਾਸ਼ ਦੀ ਫੜੀ ਗਈ ਰਿਪੋਰਟ ਤੋਂ ਲੱਗ ਸਕਦੀ ਹੈ। ਸ੍ਰੀ ਮਤੀ ਜੈ ਪ੍ਰਕਾਸ਼ ਨਰਾਇਣ ਜਦੋਂ ਉਸ ਦੀ ਮੁਲਾਕਾਤ ਕਰਨ ਆਈ ਤਾਂ ਜੈ ਪ੍ਰਕਾਸ਼ ਨਰਾਇਣ ਨੇ ਆਪਣੀ ਗੁਪਤ ਰਿਪੋਰਟ ਉਸ ਦੁਆਰਾ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਸੀ, ਜੋ ਬੰਤਾ ਸਿੰਘ ਇੰਸਪੈਕਟਰ ਦੇ ਹੱਥ ਆ ਗਈ ਸੀ ਅਤੇ ਸਰਕਾਰ ਨੇ ਸਾਰੇ ਅੰਗਰੇਜ਼ੀ ਪ੍ਰੈਸ ਵਿੱਚ ਛਪਵਾ ਦਿੱਤੀ ਸੀ। ਕਿਰਤੀ ਕਮਿਊਨਿਸਟਾਂ ਵਿੱਚੋਂ ਸਿਰਫ ਮੁਣਸ਼ੀ ਅਹਿਮਦਦੀਨ ਹੀ ਪਾਰਟੀ ਛੱਡ ਕੇ ਜੈ ਪ੍ਰਕਾਸ਼ ਨਰਾਇਣ ਨਾਲ ਗਿਆ ਸੀ। ਬਾਕੀ ਸਭ ਕਮਿਊਨਿਸਟ ਪਾਰਟੀ ਨਾਲ ਅਡੋਲ ਖੜ੍ਹੇ ਰਹੇ ਸਨ।

ਏਨੀਆਂ ਸਖਤੀਆਂ ਦੇ ਬਾਵਜੂਦ ਕਿਰਤੀ ਪਾਰਟੀ ਪਹਿਲਾਂ ਨਾਲੋਂ ਕਿਤੇ ਮਜ਼ਬੂਤ ਹੋ ਗਈ ਸੀ। ਇਸ ਦੇ ਕੰਮ ਦਾ ਦਾਇਰਾ ਸੂਬਾ ਸਕੱਤਰ (ਪੇਸ਼ਾਵਰ) ਤਕ ਵੱਧ ਗਿਆ ਸੀ। ਕਿਸਾਨ ਜਥੇਬੰਦੀ ਸਿੰਧ ਹੈਦਰਾਬਾਦ ਤੱਕ ਹਾਰੀ (ਕਿਸਾਨ) ਲਹਿਰ ਦੀ ਸ਼ਕਲ ਵਿੱਚ ਫੈਲ ਗਈ ਸੀ। ਕਿਰਤੀਆਂ ਦਾ ਲਾਲ ਝੰਡਾ (ਗੁਪਤ ਅਖ਼ਬਾਰ) ਪੇਸ਼ਾਵਰ ਤੋਂ ਦਿੱਲੀ ਤਕ ਪਹੁੰਚ ਰਿਹਾ ਸੀ।

ਫੌਜਾਂ ਵਿੱਚ ਬਗਾਵਤਾਂ ਦੇ ਆਸਾਰ ਨਜ਼ਰ ਆਉਣ ਲੱਗ ਪਏ ਸਨ। 21 ਨੰਬਰ ਰਸਾਲੇ ਦੇ ਫੌਜੀਆਂ ਨੇ ਅੰਗਰੇਜ਼ ਅਫ਼ਸਰਾਂ ਦੇ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਉਹ ਹਥਿਆਰ ਲੈ ਕੇ ਬਾਗੀ ਹੋਣ ਲਈ ਤਿਆਰੀਆਂ ਕਰ ਰਹੇ ਸਨ ਕਿ ਗ੍ਰਿਫਤਾਰ ਕਰ ਲਏ ਗਏ ਸੀ। ਸਿਕੰਦਰਾਬਾਦ ਲਿਜਾ ਕੇ ਉਨ੍ਹਾਂ ਦਾ ਕੋਰਟ ਮਾਰਸ਼ਲ ਕੀਤਾ ਗਿਆ ਸੀ। ਜਿਸ ਤੋਂ ਬਾਅਦ ਬਿਸ਼ਨ ਸਿੰਘ ਬੁੱਟਰ (ਅਮ੍ਰਿਤਸਰ), ਗੁਰਚਰਨ ਸਿੰਘ ਚੁਗਾਵਾਂ,

ਅਜਾਇਬ ਸਿੰਘ ਨੰਦਪੁਰ ਅਤੇ ਸਾਧੂ ਸਿੰਘ ਦਦੇਹਰ ਨੂੰ ਫਾਂਸੀ ਲਾ ਦਿੱਤਾ ਗਿਆ ਸੀ। ਇਕ ਸੌ ਚਾਰ ਫੌਜੀਆਂ ਨੂੰ ਇਕ ਸਾਲ ਤੋਂ ਲੈ ਕੇ ਪੰਦਰਾਂ ਸਾਲ ਤੱਕ ਦੀ ਸਖਤ ਸਜ਼ਾ ਦਿੱਤੀ ਗਈ ਸੀ। ਕੋਰਟ ਮਾਰਸ਼ਲ ਦੀ ਤਫ਼ਤੀਸ਼ ਦੌਰਾਨ ਇਹ ਸਪੱਸ਼ਟ ਹੋਇਆ ਕਿ ਇਹ ਜੁਆਨ ਕਿਰਤੀ ਪਾਰਟੀ ਨਾਲ ਤੁਅੱਲਕ ਰੱਖਦੇ ਸਨ। ਸਰਕਾਰ ਨੂੰ ਡਰ ਸੀ ਕਿ ਇਸ ਦਾ ਸਿੱਖ ਲੀਡਰਾਂ 'ਤੇ ਬੁਰਾ ਪ੍ਰਤੀਕਰਮ ਹੋਵੇਗਾ। ਪੰਜਾਬ ਗਵਰਨਰ 25-9-1940 ਦੀ ਰੀਪੋਰਟ ਨੰ: 5073/1940 ਦਸਦੀ ਹੈ :– "ਮਾਸਟਰ ਤਾਰਾ ਸਿੰਘ ਨੇ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਅਤੇ ਲਾਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਮੇਰਾ ਖਿਆਲ ਹੈ ਕਿ ਸਾਰੇ ਅਕਾਲੀ ਸਹਿਮਤ ਹੋ ਗਏ ਸਨ ਕਿ ਫ਼ੌਜ ਵਿੱਚ ਸਿੱਖਾਂ ਦੀ ਭਰਤੀ ਲਈ ਹਰ ਸੰਭਵ ਯਤਨ ਕੀਤਾ ਜਾਵੇ। ਇਨ੍ਹਾਂ ਹਾਲਤਾਂ ਵਿੱਚ ਕਾਂਗਰਸ ਵਿੱਚ ਦੁਫੇੜ ਨੂੰ ਹੋਰ ਦੇਰ ਨਹੀਂ ਕੀਤੀ ਜਾ ਸਕਦੀ ਸੀ। ਕੇਂਦਰੀ ਭਾਰਤ ਵਿਚਲੀਆਂ ਇਨ੍ਹਾਂ ਸਜ਼ਾਵਾਂ ਦਾ ਸਿੱਖਾਂ ਉੱਤੇ ਕੋਈ ਬੁਰਾ ਪ੍ਰਭਾਵ ਨਹੀਂ ਸੀ ਪਿਆ। ਬਗ਼ਾਵਤ ਕਰਨ ਵਾਲਿਆਂ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਦਾ ਭਾਵੇਂ ਕਿ ਜਨਤਕ ਪ੍ਰਚਾਰ ਨਹੀਂ ਕੀਤਾ ਗਿਆ ਸੀ ਪਰ ਮੈਨੂੰ ਸ਼ੱਕ ਹੈ ਇਹ ਆਮ ਕਰਕੇ ਪਤਾ ਹੀ ਸੀ ਕਿ ਚਾਰ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ। ਮੇਰੇ ਕੋਲ ਇਹ ਸੂਚਨਾ ਹੈ ਕਿ ਕੁਝ ਇਕ ਅਕਾਲੀਆਂ ਨੇ ਨਿੱਜੀ ਗੱਲਬਾਤ ਵਿੱਚ ਇਹ ਮੰਨਿਆਂ ਹੈ ਕਿ ਇਹ ਸਜ਼ਾਵਾਂ ਵਾਜਬ ਸਨ।'

ਇਸੇ ਤਰ੍ਹਾਂ ਮਿਸਰ ਵਿਚਲੇ ਐਮ. ਟੀ. ਰਸਾਲੇ ਨੇ ਬਗਾਵਤ ਕਰ ਦਿੱਤੀ ਸੀ ਅਤੇ ਝਾਂਸੀ ਬਰਗੇਡ ਬਾਗ਼ੀ ਹੋ ਗਿਆ। ਫੌਜਾਂ ਵਿੱਚ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਨਫ਼ਰਤ ਵਧ ਰਹੀ ਸੀ। ਅੰਗਰੇਜ਼ੀ ਹਕੂਮਤ ਨੇ ਪੰਜਾਬੀ ਪਲਟਣਾਂ ਵਿਚਲੀਆਂ ਬਗ਼ਾਵਤੀ ਹਰਕਤਾਂ ਦੀ ਜ਼ੁੰਮੇਵਾਰ ਕਿਰਤੀ ਪਾਰਟੀ ਨੂੰ ਠਹਿਰਾਇਆ ਸੀ।

ਕਿਰਤੀ ਪਾਰਟੀ ਦੀਆਂ ਖਾੜਕੂ ਵਲੰਟਰੀਅਰ ਕੋਰਾਂ, ਗੁਰੀਲੇ ਦਸਤੇ ਅਤੇ ਡੀਫੈਂਸ ਕੋਰਾਂ ਇਨਕਲਾਬੀ ਤਿਆਰੀ ਦੀਆਂ ਨਿਸ਼ਾਨੀਆਂ ਸਨ। ਪਾਰਟੀ ਦੇ 400 ਅਜਿਹੇ ਸਰਗਰਮ ਮੈਂਬਰ ਸਨ ਜਿਹੜੇ ਕਿਸੇ ਵੀ ਸਮੇਂ ਤੇ ਕਿੰਨੇ ਵੀ ਖਤਰਨਾਕ ਕੰਮ ਲਈ ਡਿਊਟੀ ਦੇਣ ਵਾਸਤੇ ਚੌਵੀ ਘੰਟੇ ਵਿੱਚ ਤਿਆਰ ਹੋ ਸਕਦੇ ਸਨ। ਇਹ ਮੈਂਬਰ ਪੂਰੀ ਸਿਆਸੀ ਸੂਝ ਰੱਖਦੇ ਸਨ ਅਤੇ ਚੰਗੇ ਪਾਰਟੀ ਆਰਗੇਨਾਈਜ਼ਰ ਵੀ ਸਨ ਤੇ ਹਰ ਜਿਲ੍ਹੇ ਵਿੱਚ ਮਾਰਕਸੀ ਸਟੱਡੀ ਸਰਕਲ ਵੀ ਦਿੰਦੇ ਸਨ। 15 ਅਗਸਤ 1940 ਤਕ 250 ਕਿਰਤੀ ਆਗੂ ਜੇਲ੍ਹੀ ਨਜ਼ਰਬੰਦ ਸਨ। 25 ਕਿਰਤੀ ਆਗੂਆਂ ਨੂੰ ਇਸ਼ਤਹਾਰੀ ਮੁਜ਼ਰਮ ਕਰਾਰ ਦੇ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ ਸਨ। 150 ਦੇ ਗ੍ਰਿਫਤਾਰੀ ਵਰੰਟ ਜਾਰੀ ਸਨ। ਇਨ੍ਹਾਂ ਆਗੂਆਂ ਦੀ ਗ੍ਰਿਫਤਾਰੀ ਲਈ ਕਈ ਹਜ਼ਾਰ ਦੇ ਇਨਾਮ ਵੀ ਰੱਖੇ ਗਏ ਸਨ। ਸਾਰੇ ਸੂਬੇ ਵਿੱਚ ਮੀਲ ਪੱਥਰਾਂ ਉੱਤੇ, ਦੀਵਾਰਾਂ ਅਤੇ ਕਚਹਿਰੀਆਂ ਸਾਹਮਣੇ ਜੰਗ ਦੇ ਖ਼ਿਲਾਫ਼ ਨਾਹਰੇ ਲਿਖੇ ਜਾਂਦੇ ਸਨ। ਲੋਕ ਵੱਧ ਚੜ੍ਹ ਕੇ ਪਾਰਟੀ ਫੰਡ ਦਿੰਦੇ ਸਨ।

ਗੁਰੀਲਾ ਦਸਤੇ ਅਖ਼ਬਾਰ ਪਹੁੰਚਾਉਂਦੇ, ਕੰਧਾਂ 'ਤੇ ਨਾਹਰੇ ਲਿਖਦੇ ਤੇ ਰੂਪੋਸ਼ ਸਾਥੀਆਂ ਦੀ ਹਿਫ਼ਾਜ਼ਤ ਕਰਦੇ ਸਨ। ਅਠਾਰਾਂ ਜਿਲ੍ਹਾ ਕਮੇਟੀਆਂ ਕੋਲ ਆਪਣੇ-ਆਪਣੇ ਅਜਿਹੇ ਗੁਰੀਲੇ ਦਸਤੇ ਸਨ। ਪੰਜਾਬ ਵਿੱਚ ਅਜਿਹੇ ਗੁਰੀਲਿਆਂ ਦੀ ਗਿਣਤੀ ਪੰਜ ਸੌ ਤਕ ਪਹੁੰਚ ਗਈ ਸੀ। ਸਰਹੱਦੀ ਸੂਬੇ ਵਿੱਚ ਤੇ ਜੰਮੂ ਕਸ਼ਮੀਰ ਵਿੱਚ ਜ਼ਿਲ੍ਹਾ ਕਮਿਊਨਿਸਟ ਯੂਨਿਟ ਸਥਾਪਤ ਹੋ ਗਏ ਸਨ। ਸੂਬਾ ਸਰਹੱਦ ਦਾ ਸਾਰੇ ਦਾ ਸਾਰਾ ਫਾਰਵਰਡ ਬਲਾਕ ਕਿਰਤੀ ਪਾਰਟੀ ਵਿੱਚ ਸ਼ਾਮਲ ਹੋ ਗਿਆ ਸੀ। ਆਤਮਜ਼ਈ, ਖੇਲੀ, ਬਜੌਰੀ ਤੇ ਮਹਿਮਦ ਸਰਹੱਦੀ ਕਬੀਲਿਆਂ ਵਿੱਚ ਕਿਰਤੀ ਪਾਰਟੀ ਦੇ ਕਾਰਕੁੰਨ ਮੌਜੂਦ ਸਨ। (ਦੇਖੋ ਸਹਿੰਸਰਾ ਦੀ ਲਿਖੀ ਕਿਤਾਬ, "ਵੇਖੇ ਡਿਠੇ ਪਠਾਣ")।

ਹੁਸ਼ਿਆਰਪੁਰ ਦੀ ਗੜ੍ਹਸ਼ੰਕਰ ਤਹਿਸੀਲ ਅੰਗਰੇਜ਼ੀ ਕਾਗਜ਼ਾਂ ਵਿੱਚ ਸਭ ਤੋਂ ਖਤਰਨਾਕ ਤਹਿਸੀਲ ਸੀ। ਇਥੋਂ ਦੀ ਜ਼ਮੀਨ ਗੁਰੀਲਾ ਜੰਗ ਲਈ ਬੜੀ ਢੁਕਵੀਂ ਹੈ। ਇਸੇ ਲਈ 1940 ਵਿੱਚ ਅੰਗਰੇਜ਼ੀ ਸਰਕਾਰ ਨੇ ਇਸ ਤਹਿਸੀਲ ਦੇ ਸਾਰੇ ਉੱਘੇ ਸਿਆਸੀ ਕਾਰਕੁੰਨ ਗ੍ਰਿਫ਼ਤਾਰ ਕਰ ਲਏ ਸਨ, ਜਿਨ੍ਹਾਂ ਵਿੱਚ ਕਿਰਤੀ ਪਾਰਟੀ ਦੇ ਦਸੌਂਧਾ ਸਿੰਘ ਢਾਕਾ, ਅਰਜਨ ਸਿੰਘ ਸੱਚਖੜੌਂਦੀ, ਬਾਬਾ ਗੌਂਦਾ ਸਿੰਘ ਗੜ੍ਹਸ਼ੰਕਰ, ਮੂਲਾ ਸਿੰਘ ਬਾਹੇਵਾਲ ਦਇਆ ਸਿੰਘ ਅਤੇ ਮੇਹਰ ਸਿੰਘ ਲੰਗੇਰੀ, ਜਥੇਦਾਰ ਵਤਨ ਸਿੰਘ ਸ਼ਾਮਲ ਸਨ। ਮਾਸਟਰ ਹਰੀ ਸਿੰਘ ਅਤੇ ਡਾ. ਭਾਗ ਸਿੰਘ ਪਹਿਲੋਂ ਹੀ ਗ੍ਰਿਫਤਾਰ ਕਰਕੇ ਦਿਓਲੀ ਭੇਜ ਦਿੱਤੇ ਗਏ ਸਨ।

ਜੰਗ ਦੇ ਦੌਰਾਨ ਕਿਰਤੀ ਪਾਰਟੀ ਦੀ ਜਥੇਬੰਦਕ ਤਾਕਤ ਦਾ ਅਤੇ ਇਸਦੇ ਕੰਮ ਦਾ ਜ਼ਾਇਜ਼ਾ ਚੈਨ ਸਿੰਘ ਚੈਨ ਦੀ ਕਿਤਾਬ "ਕਿਰਤੀ ਪਾਰਟੀ ਦੂਜੀ ਸੰਸਾਰ ਜੰਗ ਦੌਰਾਨ" ਵਿੱਚ ਵਿਸਥਾਰ ਵਿੱਚ ਪੇਸ਼ ਕੀਤਾ ਗਿਆ ਹੈ।

1940-41 ਦੇ ਸਾਲਾਂ ਦੌਰਾਨ ਅੰਗਰੇਜ਼ੀ ਹਕੂਮਤ ਨੇ ਕਿਰਤੀ ਪਾਰਟੀ ਦੇ ਤਿੰਨ ਸਾਥੀ ਵੀ ਲਪੇਟ ਲਏ ਗਏ ਸਨ। ਦਿਓਲੀ ਕੈਂਪ ਜੇਲ੍ਹ ਵਿੱਚ ਅਤੇ ਪੰਜਾਬ ਦੀਆਂ ਹੋਰ ਜ਼ੇਲ੍ਹਾਂ ਵਿੱਚ ਬੰਦ ਕਿਰਤੀ ਲੀਡਰਾਂ ਨੂੰ ਇਸ ਸਾਜ਼ਿਸ਼ ਕੇਸ ਵਿਚ ਸ਼ਾਮਲ ਕਰ ਲਿਆ ਗਿਆ ਸੀ। ਹਿਟਲਰ ਵੱਲੋਂ ਰੂਸ ਉੱਤੇ ਹਮਲਾ ਕਰ ਦੇਣ ਤੋਂ ਬਾਅਦ ਅਤੇ ਕਮਿਊਨਿਸਟਾਂ ਲਈ ਜੰਗ ਦਾ ਖਾਸਾ ਬਦਲ ਜਾਣ ਕਾਰਨ ਇਹ ਕੇਸ ਖਟਾਈ ਵਿੱਚ ਪੈ ਗਿਆ ਸੀ।

ਕਿਰਤੀ ਕਮਿਊਨਿਸਟ ਏਕਤਾ

ਇਸ ਏਕਤਾ ਵਿੱਚ ਤਿੰਨ ਧਿਰਾਂ ਨੇ ਆਪਣਾ ਆਪਣਾ ਹਿੱਸਾ ਪਾਇਆ ਸੀ:

ਪਹਿਲੀ— ਕੈਂਬਲਪੁਰ ਜੇਲ੍ਹ ਦੇ ਨਜ਼ਰਬੰਦ ਸਾਥੀ।

ਦੂਜੀ— ਦਿਓਲੀ ਕੈਂਪ ਦੇ ਸਾਥੀ।

ਤੀਜੀ— ਜੇਲ੍ਹੋਂ ਬਾਹਰ ਕੰਮ ਕਰ ਰਹੇ ਸਾਥੀ।

ਦਿਓਲੀ ਜੇਲ੍ਹ ਦੇ ਸਾਥੀਆਂ ਨੇ ਏਕਤਾ ਲਈ ਸਾਂਝੀ ਅਪੀਲ ਕੀਤੀ ਸੀ। ਇਸ ਅਪੀਲ ਦਾ ਬਾਹਰਲੇ ਸਾਥੀਆਂ ਤੇ ਏਨਾ ਅਸਰ ਨਹੀਂ ਹੋਇਆ ਸੀ। ਪਰ ਕਾਮਰੇਡ ਤੇਜਾ

ਸਿੰਘ ਸੁਤੰਤਰ ਵੱਲੋਂ ਕੈਂਬਲਪੁਰ ਜੇਲ੍ਹ ਵਿੱਚੋਂ ਕੀਤੀ ਅਪੀਲ ਨੂੰ ਕਿਰਤੀ ਸੂਬਾ ਕਮੇਟੀ ਨੇ ਗੰਭੀਰਤਾ ਨਾਲ ਵਿਚਾਰਿਆ ਸੀ। ਬਾਹਰਲੇ ਕਿਰਤੀ ਸਾਥੀ ਆਪਣੇ ਕੰਮ ਨੁਕਸਾਨ ਪਹੁੰਚਾਏ ਬਿਨ੍ਹਾਂ ਏਕਤਾ ਚਾਹੁੰਦੇ ਸਨ। ਉਸ ਵੇਲੇ ਸੀ. ਪੀ. ਆਈ. ਦੇ ਪੰਜਾਬ ਦੇ ਪ੍ਰਤੀਨਿਧ ਹਰਬੰਸ ਸਿੰਘ ਬਾਸੀ ਤੇ ਰਾਜਬੰਸ ਖੰਨਾ ਟਾਲ ਮਟੋਲ ਕਰਕੇ ਦਿਨ ਲੰਘਾ ਰਹੇ ਸਨ। ਉਹ ਮਹੀਨਿਆਂ ਬੱਧੀ ਮਿਲਦੇ ਹੀ ਨਹੀਂ ਸੀ। ਜੇਲ੍ਹ ਦੇ ਸਾਥੀਆਂ ਦੀਆਂ ਅਪੀਲਾਂ ਵਿੱਚ ਸਭ ਤੋਂ ਵੱਧ ਜ਼ੋਰ ਇਸ ਗੱਲ 'ਤੇ ਦਿੱਤਾ ਗਿਆ ਸੀ ਕਿ ਇਕ ਮੁਲਕ ਵਿੱਚ ਇਕ ਹੀ ਕਮਿਊਨਿਸਟ ਪਾਰਟੀ ਹੁੰਦੀ ਹੈ। ਇਸ ਲਈ ਸਭ ਨੂੰ ਇਸ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਬਾਹਰਲੇ ਕਿਰਤੀਆਂ ਨੇ ਇਸ ਉੱਤੇ ਅਮਲ ਕਰਨ ਲਈ ਫੈਸਲਾ ਕਰ ਲਿਆ ਸੀ ਅਤੇ ਆਪਣੇ ਰੈਂਕ ਐਂਡ ਫਾਈਲ ਵਿੱਚ ਸਮਝਾਊ ਮੁਹਿੰਮ ਵੀ ਸ਼ੁਰੂ ਕਰ ਦਿੱਤਾ ਸੀ। ਇਸ ਦੇ ਉਲਟ ਹਰਬੰਸ ਸਿੰਘ ਬਾਸੀ ਨੇ ਮੌਕੇ ਤੋਂ ਫਾਇਦਾ ਉਠਾਕੇ ਕਿਰਤੀ ਪਾਰਟੀ ਨੂੰ ਖੇਰੂੰ-ਖੇਰੂੰ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਉਸ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਕੱਲੇ ਇਕੱਲੇ ਮੈਂਬਰੀ ਲਈ ਦਰਖਾਸਤਾਂ ਦਿਓ, ਜਿਸ ਨੂੰ ਜੀ ਚਾਹੇ ਲਵਾਂਗੇ। ਇਸ ਰਵਈਏ ਦੇ ਖਿਲਾਫ ਸੋਢੀ ਹਰਮਿੰਦਰ ਸਿੰਘ ਸੀ.ਪੀ.ਆਈ ਦੀ ਕੇਂਦਰੀ ਕਮੇਟੀ ਨਾਲ ਗੱਲ ਕਰਨ ਲਈ ਬੰਬਈ ਭੇਜਿਆ ਗਿਆ ਸੀ ਪ੍ਰ ਉਸ ਨੂੰ ਦਿੱਲੀ ਪਹੁੰਚਣ 'ਤੇ ਹੀ ਗ੍ਰਿਫਤਾਰ ਕਰ ਲਿਆ ਸੀ। ਕਿਰਤੀ ਪਾਰਟੀ ਚਾਹੁੰਦੀ ਸੀ ਕਿ ਇਸ ਦੀਆਂ ਮੁਢਲੀਆਂ ਕਮੇਟੀਆਂ ਤੋਂ ਲੈ ਕੇ ਤਹਿਸੀਲ ਕਮੇਟੀਆਂ ਤੇ ਪ੍ਰੋਵਿਨਸ਼ੀਅਲ ਕਮੇਟੀ ਅਤੇ ਸੂਬਾ ਕਮੇਟੀ ਸੀ.ਪੀ.ਆਈ. ਵਿੱਚ ਸ਼ਾਮਲ ਹੋ ਜਾਣ। ਦਰਅਸਲ ਇਸ ਮਜ਼ਬੂਤ ਤਾਕਤ ਨੂੰ ਆਪਣੇ ਵਿੱਚ ਸਮੋ ਲੈਣਾ ਸੀ.ਪੀ.ਆਈ. ਦੀ ਤਾਕਤ ਤੋਂ ਬਾਹਰ ਸੀ। 1940 ਵਿੱਚ ਸੀ. ਪੀ. ਆਈ. ਦੇ 16 ਆਗੂਆਂ ਦੀਆਂ ਗ੍ਰਿਫਤਾਰੀਆਂ ਤੋਂ ਬਾਅਦ ਇਨ੍ਹਾਂ ਤੇ ਤਾਂ ਹੂੰਝਾ ਹੀ ਫਿਰ ਗਿਆ ਸੀ (ਡਾ: ਅਧਿਕਾਰੀ ਦੀ ਰਿਪੋਰਟ) ਇਨ੍ਹਾਂ ਦੇ ਕੰਮ ਦਾ ਦਾਇਰਾ ਮੀਆਂ ਇਫ਼ਤਖਾਰ ਦੀ ਕੋਠੀ ਤੇ ਕਾਂਗਰਸ ਦੇ ਦਫਤਰ ਤਕ ਹੀ ਮਹਿਦੂਦ ਹੋ ਗਿਆ ਸੀ। ਏਕਤਾ ਕਮਿਊਨਿਸਟ ਲਹਿਰ ਨੂੰ ਮਜ਼ਬੂਤ ਕਰਨ ਲਈ ਕਰਨੀ ਸੀ ਨਾ ਕਿ ਕਿਰਤੀ ਪਾਰਟੀ ਨੂੰ ਖਤਮ ਕਰਨ ਲਈ।

ਕਿਰਤੀ ਕਮਿਊਨਿਸਟ ਨੇ ਕਿਸਾਨ ਸਭਾ, ਮੁਜ਼ਾਰਾ ਲਹਿਰ, ਟਰੇਡ ਯੂਨੀਅਨ ਆਦਿ ਜਥੇਬੰਦੀਆਂ ਦੇ ਬਲਬੋਲੇ 'ਤੇ ਅਵਾਮੀ ਸ਼ਕਲ ਤਿਆਰ ਕਰ ਲਈ ਸੀ। ਭਾਵੇਂ ਕਿ ਇਨ੍ਹਾਂ ਦੇ ਸੈਂਕੜੇ ਮੈਂਬਰ ਗ੍ਰਿਫਤਾਰ ਹੋ ਚੁੱਕੇ ਸਨ, ਸਰਕਾਰ ਦਾ ਤਸ਼ੱਦਦ ਇਨ੍ਹਾਂ ਦੇ ਕੰਮ ਨੂੰ ਰੋਕ ਨਹੀਂ ਸੀ ਸਕਿਆ। ਸਿਆਸੀ ਤੌਰ 'ਤੇ ਇਹ ਅਡੋਲ ਖੜ੍ਹੇ ਰਹੇ ਸਨ।

ਹਿਟਲਰ ਜਦੋਂ ਸੋਵੀਅਤ ਰੂਸ 'ਤੇ ਹਮਲਾ ਕਰਨ ਤੋਂ ਬਾਅਦ ਅੱਗੇ ਹੀ ਅੱਗੇ ਵਧਦਾ ਆ ਰਿਹਾ ਸੀ ਤਾਂ ਸੀ. ਪੀ. ਆਈ. ਦੇ ਦੋ ਲੀਡਰ ਹਰਜਾਪ ਸਿੰਘ ਐਮ. ਐਲ. ਏ. ਤੇ ਕੇਬਲ ਸਿੰਘ ਦਿਲ ਛੱਡ ਗਏ ਸਨ ਤੇ 'ਹੇਲ ਹਿਟਲਰ' ਦੇ ਨਾਹਰੇ ਲਾਉਣ ਲੱਗ ਪਏ ਸਨ। ਜਦੋਂ ਕਿ ਕਿਰਤੀ ਕਮਿਊਨਿਸਟ ਗੁਲਜ਼ਾਰ ਸਿੰਘ ਕੰਡੇ ਕੱਢ ਤੋਂ ਲੈ ਕੇ ਤੇਜਾ ਸਿੰਘ ਸੁਤੰਤਰ ਤਕ ਮਜ਼ਬੂਤੀ ਨਾਲ ਕਮਿਊਨਿਸਟ ਅਕੀਦੇ 'ਤੇ ਖੜ੍ਹੇ ਸਨ।

ਬਰਤਾਨਵੀਂ ਹਕੂਮਤ ਦੀ ਅਕਲਮੰਦੀ ਜਾਂ ਬੇਵਕੂਫੀ ਸਮਝੋ ਉਸ ਨੇ ਕਮਿਊਨਿਸਟ, ਸੋਸ਼ਲਿਸਟ ਤੇ ਹੋਰ ਇਨਕਲਾਬੀ ਤਰੱਕੀਪਸੰਦ ਸੋਚ ਦੇ ਲੋਕ ਸਾਰੇ ਹਿੰਦੋਸਤਾਨ ਵਿੱਚੋਂ ਲਿਆ ਕੇ ਦਿਓਲੀ ਕੈਂਪ ਜੇਲ੍ਹ ਵਿੱਚ ਬੰਦ ਕੀਤੇ ਹੋਏ ਸਨ। ਇਨ੍ਹਾਂ ਨਜ਼ਰਬੰਦਾਂ ਵਿੱਚ ਕਿਰਤੀ ਕੈਦੀਆਂ ਦੀ ਸਭ ਤੋਂ ਵੱਧ ਗਿਣਤੀ ਸੀ। ਗਿਣਤੀ ਦੇ ਪੱਖੋਂ ਹੀ ਨਹੀਂ ਕੁਰਬਾਨੀ ਦੇ ਪੱਖੋਂ ਵੀ ਕਿਰਤੀ, ਗ਼ਦਰੀ ਬਾਬੇ ਉਮਰ ਕੈਦਾਂ ਕੱਟ ਕੇ ਕਿਸਾਨ ਮੋਰਚਿਆਂ ਵਿੱਚ ਸਜ਼ਾਵਾਂ ਭੁਗਤ ਕੇ ਦੁਬਾਰਾ ਫਿਰ ਦਿਓਲ ਕੈਂਪ ਵਿੱਚ ਸਜਾਵਾਂ ਭੁਗਤ ਰਹੇ ਸਨ। ਦੂਜੀ ਗ਼ਦਰੀ ਪੀੜ੍ਹੀ ਦੇ ਮਾਸਕੋ ਤੋਂ ਪਰਤੇ ਕਿਰਤੀ ਵੀ ਇਥੇ ਹੀ ਲੈ ਆਂਦੇ ਸਨ। ਹਰ ਮਹੀਨੇ ਕਿਰਤੀਆਂ ਦਾ ਨਵੇਂ ਤੋਂ ਨਵਾਂ ਗਰੁੱਪ ਗ੍ਰਿਫਤਾਰ ਕਰਕੇ ਬਰਤਾਨਵੀਂ ਹਕੂਮਤ ਦਿਓਲੀ ਕੈਂਪ ਵਿੱਚ ਭੇਜ ਦਿੰਦੀ ਸੀ। ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਆਗੂ ਵੀ ਇਸ ਜੇਲ੍ਹ ਵਿੱਚ ਲਿਆਂਦੇ ਗਏ ਸਨ। ਇਨ੍ਹਾਂ ਕਿਰਤੀ ਕਾਰਕੁੰਨਾਂ ਨੂੰ ਨੇੜਿਓ ਹੋ ਕੇ ਵੇਖਿਆ ਸੀ ਅਤੇ ਸਮਝਦੇ ਸਨ ਕਿ ਪੰਜਾਬ ਸੀ. ਪੀ. ਆਈ. ਦੀ ਸੂਬਾ ਕਮੇਟੀ ਵੱਲੋ ਕਿਰਤੀਆਂ ਦੇ ਖਿਲਾਫ ਭੇਜੀਆਂ ਗਈਆਂ ਰਿਪੋਰਟਾਂ ਗ਼ਲਤ ਸਨ। ਕਿਰਤੀ-ਕਾਰਕੁੰਨਾਂ ਦੀ ਸਿਆਸੀ ਸੂਝ, ਲਗਨ ਤੇ ਕੰਮ ਤੋਂ ਉਹ ਬੜੇ ਪ੍ਰਭਾਵਤ ਹੋਏ ਸਨ। ਇਸੇ ਲਈ ਉਨ੍ਹਾਂ ਨੇ ਪੰਜਾਬ ਵਿੱਚ ਕਮਿਊਨਿਸਟ ਏਕਤਾ ਦੇ ਸੁਝਾਓ ਕੇਂਦਰੀ ਕਮੇਟੀ ਨੂੰ ਭੇਜੇ ਸਨ।

ਦਿਓਲੀ ਕੈਂਪ ਜੇਲ੍ਹ ਅਤੇ ਕੇਂਦਰੀ ਹਿੰਦੋਸਤਾਨ ਤੋਂ ਲਾਹੌਰ ਤਕ ਅਤੇ ਲਾਹੌਰ ਤੋਂ ਅਟਕ ਤਕ ਦੀਆਂ ਸਾਰੀਆਂ ਜੇਲ੍ਹਾਂ ਵਿੱਚ ਕਿਰਤੀ ਸੂਬਾ ਕਮੇਟੀ ਦੇ ਗੁਪਤ ਸੰਪਰਕ ਕਾਇਮ ਹੋ ਚੁੱਕੇ ਸਨ ਤੇ ਬਕਾਇਦਾ ਖਤੋ ਖਿਤਾਬਤ ਹੁੰਦੀ ਸੀ। ਜੇਕਰ ਸੀ. ਪੀ. ਆਈ. ਦੀ ਕੇਂਦਰੀ ਕਮੇਟੀ ਉਸ ਸਮੇਂ ਕਿਰਤੀ ਸੂਬਾ ਕਮੇਟੀ ਨੂੰ ਮਾਨਤਾ ਦੇ ਦਿੰਦੀ ਅਤੇ ਪੰਜਾਬ ਦੇ ਮੈਂਬਰਾਂ ਨੂੰ ਉਸ ਵਿੱਚ ਸ਼ਾਮਲ ਕਰ ਦਿੰਦੀ (ਕਿਉਂਕਿ ਸੀ. ਪੀ. ਆਈ. ਦੀ ਪੰਜਾਬ ਵਿੱਚ ਹੋਂਦ ਤਕਰੀਬਨ ਖਤਮ ਹੀ ਸੀ) ਤਾਂ ਉਹ ਕਮਿਊਨਿਸਟ ਜਥੇਬੰਦੀ ਨੂੰ ਖੇਰੂੰ ਖੇਰੂੰ ਹੋਣ ਤੋਂ ਬਚਾ ਸਕਦੀ ਸੀ। ਹਰਬੰਸ ਸਿੰਘ ਬਾਸੀ ਤੇ ਰਾਜਬੰਸ ਖੰਨਾ ਤੋਂ ਬਿਨ੍ਹਾਂ ਬਾਹਰ ਸੀ. ਪੀ. ਆਈ. ਦੀ ਕੋਈ ਤਾਕਤ ਨਹੀਂ ਰਹਿ ਗਈ ਸੀ। 1942 ਵਿੱਚ ਇਹ ਦੋਵੇਂ ਆਗੂ ਵੀ ਪਾਰਟੀ ਛੱਡ ਕੇ ਅਲੋਪ ਹੋ ਗਏ ਸਨ।

ਏਧਰ ਕਿਰਤੀ ਪਾਰਟੀ ਦੇ ਕੰਮ ਨੇ ਬਰਤਾਨਵੀਂ ਹਕੂਮਤ ਨੂੰ ਵਖਤ ਪਾਇਆ ਹੋਇਆ ਸੀ ਅਤੇ ਉਸ ਸਮੇਂ ਪੰਜਾਬ ਦੀ ਸਭ ਤੋਂ ਮਜ਼ਬੂਤ ਇਨਕਲਾਬੀ ਪਾਰਟੀ ਬਣ ਕੇ ਉੱਭਰੀ ਸੀ। ਪੰਜਾਬ ਵਿੱਚ ਇਸ ਦੀ ਜਗ੍ਹਾ ਲੈਣ ਵਾਲੀ ਹੋਰ ਕੋਈ ਕਮਿਊਨਿਸਟ ਜਥੇਬੰਦੀ ਨਹੀਂ ਸੀ। ਸ਼ਾਇਦ ਜੇਲ੍ਹਾਂ ਵਿੱਚ ਬੈਠੇ ਸਾਥੀ ਕਿਰਤੀ ਪਾਰਟੀ ਵੱਲੋਂ ਪੰਜਾਬ ਵਿੱਚ ਹੋ ਰਹੇ ਕੰਮ ਬਾਰੇ ਪੂਰੀ ਤਰ੍ਹਾਂ ਜਾਣੂੰ ਵੀ ਨਹੀਂ ਸਨ। ਉਨ੍ਹਾਂ ਨੂੰ ਸ਼ਾਇਦ ਇਹ ਵੀ ਵਹਿਮ ਹੋਵੇ ਕਿ ਉਨ੍ਹਾਂ ਦੇ ਜੇਲ੍ਹ ਜਾਣ ਤੋਂ ਬਾਅਦ ਪਾਰਟੀ ਦੀ ਹੋਂਦ ਖਤਮ ਹੋ ਗਈ। ਇਸ ਦੇ ਉਲਟ ਬਾਹਰਲੀ ਨੌਜਵਾਨ ਕਿਰਤੀ ਲੀਡਰਸ਼ਿਪ ਨੇ ਤਾਂ ਪਾਰਟੀ ਦੇ ਤੌਰ 'ਤੇ ਸੀ. ਪੀ. ਆਈ. ਵਿੱਚ ਸ਼ਾਮਲ ਹੋ ਜਾਣ ਦੇ ਹੁਕਮਨਾਮੇ ਭੇਜਣੇ ਗ਼ਲਤ ਸਾਬਤ ਹੋਏ ਸਨ।

ਪਿਊਪਲ ਵਾਰ ਦਾ ਜ਼ਮਾਨਾ ਸੀ। ਪਹਿਲੀ ਮਈ 1942 ਨੂੰ ਪੰਜਾਬ ਦੇ ਅੱਠ ਕਿਰਤੀ ਕਮਿਊਨਿਸਟ ਆਗੂ ਜੇਲ੍ਹਾਂ ਵਿੱਚੋਂ ਰਿਹਾਅ ਕਰ ਦਿੱਤੇ ਗਏ ਸਨ। ਤੇਜਾ ਸਿੰਘ ਸੁਤੰਤਰ, ਭਗਤ ਸਿੰਘ ਬਿਲਗਾ, ਅੱਛਰ ਸਿੰਘ ਛੀਨਾ ਅਤੇ ਇਕਬਾਲ ਸਿੰਘ ਹੁੰਦਲ ਕੈਂਬਲਪੁਰ ਜੇਲ੍ਹ ਵਿੱਚੋਂ ਰਿਹਾਅ ਹੋ ਕੇ ਬਾਹਰ ਆ ਗਏ ਸਨ। ਸੋਹਣ ਸਿੰਘ ਜੋਸ਼, ਫਿਰੋਜ਼ਦੀਨ ਮਨਸੂਰ, ਫਜ਼ਲ ਇਲਾਹੀ ਕੁਰਬਾਨ, ਕਰਮ ਸਿੰਘ ਮਾਨ ਗੁਜਰਾਤ ਜੇਲ੍ਹ 'ਚੋਂ ਰਿਹਾਅ ਕਰ ਦਿੱਤੇ ਗਏ ਸਨ। ਫਿਰ ਪੰਜਾਬ ਕਮਿਊਨਿਸਟ ਪਾਰਟੀ ਦੀ ਸਾਂਝੀ ਸੂਬਾ ਕਮੇਟੀ ਬਣੀ। ਇਸ ਵਿੱਚ ਕਾਮਰੇਡ ਜੋਸ਼ ਸੂਬੇ ਦੇ ਸਕੱਤਰ ਤੇ ਇਕਬਾਲ ਕੇਂਦਰੀ ਕਮੇਟੀ ਦੇ ਨੁਮਾਇੰਦੇ ਦਸੇ ਗਏ। ਇਕਬਾਲ ਤੇ ਸੋਹਣ ਸਿੰਘ ਨੂੰ ਸੂਬਾ ਕਮੇਟੀ ਦਾ ਕੰਮ ਦਿੱਤਾ ਗਿਆ ਸੀ। ਪੰਜਾਬ ਸੂਬਾ ਕਮੇਟੀ ਦੀਆਂ ਰਿਪੋਰਟਾਂ ਕੇਂਦਰੀ ਕਮੇਟੀ ਨੂੰ ਭੇਜਣ, ਦੂਸਰੀਆਂ ਪਾਰਟੀਆਂ ਨਾਲ ਗੱਲਬਾਤ ਕਰਨ ਅਤੇ ਸਰਕਾਰੀ ਅਮਲੇ ਆਦਿ ਨਾਲ ਮਿਲਣ ਮਿਲਾਉਣ ਦਾ ਕੰਮ ਇਨ੍ਹਾਂ ਦੋਹਾਂ ਆਗੂਆਂ ਨੇ ਸੰਭਾਲ ਲਿਆ ਸੀ। ਬਾਕੀ ਦੇ ਛੇ ਮੈਂਬਰ ਪਿੰਡਾਂ ਤੇ ਸ਼ਹਿਰਾਂ ਵਿੱਚ ਜਾ ਕੇ ਲੋਕਾਂ ਵਿੱਚ ਪਿਊਪਲ ਵਾਰ ਦੀ ਤੇ ਸੈਲਫ ਡਿਟਰਮੀਨੇਸ਼ਨ ਟੂ ਦਾ ਨੈਸ਼ਨਲ ਮਨਿਆਰਟੀ (ਕੌਮੀ ਘੱਟਗਿਣਤੀਆਂ ਦਾ ਸਵੈ-ਨਿਰਣੇ ਦਾ ਅਧਿਕਾਰ) ਦੀ ਵਜਾਹਤ ਕਰਦੇ ਸਨ। ਜੇਲ੍ਹ ਵਿੱਚੋਂ ਰਿਹਾਅ ਹੋ ਕੇ ਆਈ ਅਤੇ ਨਾਮਜ਼ਦ ਕੀਤੀ ਗਈ ਇਸ ਸੂਬਾ ਕਮੇਟੀ ਨੇ ਬਾਹਰ ਚਲ ਰਹੇ ਕੰਮ ਦਾ ਜ਼ਾਇਜ਼ਾ ਨਾ ਲਿਆ। ਇਸ ਨੇ ਰੂਪੋਸ਼ ਕੰਮ ਕਰ ਰਹੇ ਸਾਥੀਆਂ ਨਾਲ ਸੰਪਰਕ ਨਾ ਕੀਤਾ ਅਤੇ ਨਾ ਹੀ ਕਾਇਮ ਹੋ ਚੁੱਕੇ ਜਥੇਬੰਦਕ ਢਾਂਚੇ ਨੂੰ ਸਮਝ ਸਕੀ। ਇਸ ਦੇ ਉਲਟ ਖ਼ੁਦਾ ਵੱਲੋਂ ਭੇਜੀ ਇਸ ਕਮੇਟੀ ਨੇ ਇਲਾਹੀ ਹੁਕਮ ਸਮਝ ਕੇ ਆਪਣੇ ਆਪ ਨੂੰ ਰੱਬ ਦੇ ਰਸੂਲ ਸਮਝ ਲਿਆ। ਉਸ ਨੇ ਨਾ ਹੀ ਸਾਂਝੀ ਬਣਾਈ ਕਮੇਟੀ ਨੂੰ ਪੁਛਿਆ ਅਤੇ ਨਾ ਹੀ ਜਿਲ੍ਹਾ ਕਮੇਟੀਆਂ ਨੂੰ ਸਗੋਂ ਇਕੋ ਇਕ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ, "ਤੁਸੀਂ ਹੱਟ ਜਾਓ ਅਸੀਂ ਆ ਗਏ ਹਾਂ। ਆਪੇ ਸੰਭਾਲ ਲਵਾਂਗੇ।" ਇਸ ਨਾਲ ਰੈਂਕ ਐਂਡ ਫਾਇਲ ਵਿੱਚ ਖਲਬਲੀ ਮੱਚ ਗਈ ਜਿਸ ਨਾਲ ਪਾਰਟੀ ਦਾ ਨਾਤਲਾਫੀ ਨੁਕਸਾਨ ਹੋਇਆ।

'ਪਿਊਪਲ ਵਾਰ' ਦਾ ਜ਼ਮਾਨਾ ਸੀ। ਲੋਕ ਜਾਨਣਾ ਚਾਹੁੰਦੇ ਸਨ, ਕਮਿਊਨਿਸਟਾਂ ਨੂੰ ਕੀ ਹੋ ਗਿਆ? ਇਸ ਦਾ ਉੱਤਰ ਤਾਂ ਰਿਹਾਅ ਹੋ ਕੇ ਆਏ ਆਗੂਆਂ ਨੇ ਹੀ ਦੇਣਾ ਸੀ।

ਬਾਹਰ ਕੰਮ ਕਰ ਰਹੇ ਵਰਕਰਾਂ ਨੇ ਦਰਜਨਾਂ ਕਾਨਫਰੰਸਾਂ ਜਥੇਬੰਦ ਕੀਤੀਆਂ ਸਨ ਜਿਨ੍ਹਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ ਸਨ। ਇਹ ਲੋਕ ਸ਼ਰਧਾ ਦੇ ਫੁੱਲ ਗਲ਼ਾਂ ਵਿੱਚ ਪਾਉਣ ਲਈ ਨਹੀਂ ਆਏ ਸਨ। ਪਿਉਪਲ ਵਾਰ ਕਿਉਂ? ਸਮਝਣ ਲਈ ਆਏ ਸਨ। ਤੇਜਾ ਸਿੰਘ ਸੁਤੰਤਰ, ਭਗਤ ਸਿੰਘ ਬਿਲਗਾ, ਅੱਛਰ ਸਿੰਘ ਛੀਨਾ, ਫਿਰੋਜ਼ਦੀਨ ਮਨਸੂਰ, ਕਰਮ ਸਿੰਘ ਮਾਨ ਅਤੇ ਫਜ਼ਲ ਇਲਾਹੀ ਕੁਰਬਾਨ ਥਾਂ ਥਾਂ ਲੋਕਾਂ ਦੇ ਕਟਿਹਰੇ ਵਿੱਚ ਖੜ੍ਹੇ ਹੋ ਕੇ ਪਿਉਪਲ ਵਾਰ ਬਾਰੇ ਲੋਕਾਂ ਸਾਹਮਣੇ ਆਪਣੀਆਂ ਸਫਾਈਆਂ ਪੇਸ਼ ਕਰਦੇ ਸਨ ਅਤੇ ਸਮਝਾਉਂਦੇ ਸਨ, ਜਿਸ ਵਿੱਚ ਕਾਮਯਾਬੀ ਵੀ ਹੋਈ

ਸੀ, ਸਗੋਂ ਮੁਖਾਲਿਫ਼ਾਂ ਨੇ ਵੀ ਕਮਿਊਨਿਸਟ ਪਾਲਸੀ ਸਮਝ ਗਈ ਸੀ। ਇਹ ਗਲ਼ਾਂ ਵਿੱਚ ਹਾਰ ਪਵਾਉਣ ਦੇ ਸਮੇਂ ਨਹੀਂ ਸਨ ਸਗੋਂ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਹੋ ਕੇ ਆਪਣੀ ਪੁਜ਼ੀਸ਼ਨ ਸਾਫ ਕਰਨ ਦੇ ਦਿਨ ਸਨ। ਇਨ੍ਹਾਂ ਛੇਆਂ ਸਾਥੀਆਂ ਨੂੰ ਦਿਨ ਰਾਤ ਵਿਹਲ ਨਾ ਮਿਲਦੀ। ਦਿਨ ਨੂੰ ਕਾਨਫਰੰਸਾਂ ਵਿੱਚ ਬੋਲਣਾ, ਰਾਤ ਨੂੰ ਇਕੱਠੇ ਹੋਏ ਲੋਕਾਂ ਤੇ ਪਾਰਟੀ ਕਾਰਕੁੰਨਾਂ ਦੇ ਸੁਆਲਾਂ ਦੇ ਉੱਤਰ ਦੇਣੇ, ਸਮਝਾਊ ਬੈਠਕ ਮੀਟਿੰਗਾਂ ਕਰਨੀਆਂ।

ਦੂਜੇ ਪਾਸੇ ਦਫਤਰ ਵਿੱਚ ਬੈਠੇ ਸਕੱਤਰੇਤ ਦੇ ਦਿਲ ਵਿੱਚ ਅਜੇ ਵੀ ਕਿਰਤੀਆਂ ਦੇ ਖਿਲਾਫ ਨਫਰਤ ਪ੍ਰਬਲ ਸੀ। ਉਨ੍ਹਾਂ ਨੇ ਆਪਣੀ ਪੁਰਾਣੀ ਸੋਚ ਛੱਡੀ ਨਹੀਂ ਸੀ। ਉਹ ਕਿਰਤੀ ਕਾਰਕੁੰਨਾਂ ਨੂੰ ਵਿਰੋਧੀ ਧਿਰ ਦੇ ਮੈਂਬਰ ਹੀ ਸਮਝਦੇ ਸਨ। ਗੁਟਬੰਦ ਕਹਿੰਦੇ ਸਨ। ਦਰਅਸਲ ਕਿਰਤੀ ਕਾਰਕੁੰਨ ਹੁਣ ਇਨ੍ਹਾਂ ਦੇ ਰਹਿਮ 'ਤੇ ਸਨ। ਕਿਰਤੀ ਪਾਰਟੀ ਦੇ ਖਿਲਾਫ ਬਿਆਨ ਦੇਣ ਵਾਲੇ ਨੂੰ ਇਹ ਪਾਰਟੀ ਲਾਇਲ ਦਾ ਖਿਤਾਬ ਦਿੰਦੇ ਸਨ ਅਤੇ ਦੂਜਿਆਂ ਨੂੰ ਗੁਟਬੰਦ ਗਰਦਾਨਿਆਂ ਜਾਂਦਾ ਸੀ। ਕਿਰਤੀ ਪਾਰਟੀ ਦੀ ਨੁਕਤਾਚੀਨੀ ਕਰਨ ਨੂੰ ਸਵੈਅਲੋਚਨਾ ਦੱਸਿਆ ਜਾਂਦਾ ਸੀ। ਇਸ ਤਰ੍ਹਾਂ ਬਣੀ ਬਣਾਈ ਪਾਰਟੀ ਦੀ ਤਾਕਤ ਖੇਰੂੰ ਖੇਰੂੰ ਕੀਤੀ ਜਾ ਰਹੀ ਸੀ। ਕਿਰਤੀ ਕਾਰਕੁੰਨਾਂ ਨੂੰ ਉਸ ਵੇਲੇ ਦਰਅਸਲ ਮੈਂਬਰ ਨਹੀਂ ਪਾਰਟੀ ਦੇ ਹਮਦਰਦ ਹੀ ਸਮਝਿਆ ਜਾਂਦਾ ਸੀ। ਕਿਰਤੀ ਕਾਰਕੁੰਨਾਂ ਨੂੰ ਕਠਿਨ ਤੋਂ ਕਠਿਨ ਕੰਮ ਦਿੱਤੇ ਜਾਂਦੇ ਸਨ। ਉਹ ਪੱਛੜੇ ਹੋਏ ਇਲਾਕਿਆਂ ਵਿੱਚ ਭੇਜੇ ਜਾਂਦੇ ਸਨ। ਇਸ ਨਾਲ ਪਾਰਟੀ ਦੀ ਵਫਾਦਾਰੀ ਦਾ ਨਾਪਤੋਲ ਕੀਤਾ ਜਾਂਦਾ ਸੀ। ਸਿਆਸੀ ਸੂਝ ਦਾ ਏਨਾ ਨੀਵਾਂ ਮਿਆਰ ਸੀ ਕਿ ਪਿਉਪਲ ਵਾਰ ਨੂੰ ਸਮਝ ਹੀ ਨਾ ਸਕੇ ਤੇ ਲੋਕਾਂ ਨਾਲੋਂ ਟੁੱਟਣ ਤਕ ਚਲੇ ਗਏ। ਪਾਕਿਸਤਾਨ, ਘੱਟਗਿਣਤੀਆਂ ਦੇ ਅਧਿਕਾਰਾਂ ਬਾਬਤ, ਮਜ਼ਹਬੀ ਕੱਟੜਵਾਦ, ਪਾਨ-ਇਸਲਾਮਇਜ਼ਮ ਨਾਲ ਇਸ ਦਾ ਘੋਲ-ਮਿਚੋਲਾ ਕਰ ਦਿੱਤਾ। ਜਨੂੰਨ ਦੀ ਹੱਦ ਏਥੋਂ ਤਕ ਵਧ ਗਈ ਕਿ ਜੋਸ਼ ਜੀ ਨੇ ਜੰਡਿਆਲਾ ਸੂਬਾ ਕਿਸਾਨ ਕਾਨਫਰੰਸ ਦੇ ਅਜਲਾਸ ਵਿੱਚ ਬੇਗ਼ਮ ਤਸੱਦਕ ਹੁਸੈਨ ਨੂੰ ਨਾਲ ਖੜ੍ਹੇ ਹੋ ਕੇ ਸਟੇਜ ਤੋਂ ਕੁਰਾਨ ਦੀਆਂ ਆਇਤਾਂ ਪੜ੍ਹਕੇ ਵਾਹਜ਼ ਕਰਨ ਦੀ ਖੁੱਲ੍ਹ ਦੇ ਦਿੱਤੀ। ਕਿਰਤੀ ਕਾਮਰੇਡ ਪਾਕਿਸਤਾਨ ਦੇ ਤੇ ਘੱਟਗਿਣਤੀਆਂ ਨੂੰ ਸਵੈਅਧਿਕਾਰ ਦੇਣ ਵਾਲੇ ਡਾਕਟਰ ਅਧਿਆਰੀ ਦੇ ਥੀਸਿਸ ਨੂੰ ਗ਼ਲਤ ਸਮਝਦੇ ਸਨ। ਪਰ ਖੁੱਲ੍ਹ ਕੇ ਇਸ ਵਿਰੁੱਧ ਬੋਲਣ ਦੀ ਜੁਅੱਰਤ ਨਹੀਂ ਸੀ ਕਰਦੇ, ਕਿਉਂਕਿ ਇਹ ਕਹਿਣ ਨਾਲ ਵਿਰੋਧੀ ਗਰਦਾਨੇ ਜਾਣ ਦਾ ਡਰ ਸੀ। ਸੀ. ਪੀ. ਆਈ. ਵਿੱਚ ਸ਼ਾਮਲ ਤਾਂ ਹੋ ਗਏ ਪਰ ਸੀ. ਪੀ. ਆਈ. ਵਿੱਚੋਂ ਕੱਢੇ ਜਾਣ ਦਾ ਕੁਹਾੜਾ ਉਨ੍ਹਾਂ ਦੇ ਸਿਰ ਉੱਤੇ ਖੜ੍ਹਾ ਹੀ ਰਹਿੰਦਾ ਸੀ।

ਇਨ੍ਹਾਂ ਕਿਰਤੀ ਕਾਮਰੇਡਾਂ ਦਾ ਗਿਲਾ ਸੁਣਨ ਵਾਲਾ ਸੂਬਾ ਕਮੇਟੀ ਵਿੱਚ ਸਿਰਫ ਇਕ ਆਦਮੀ ਹੀ ਸੀ, ਤੇਜਾ ਸਿੰਘ ਸੁਤੰਤਰ। ਉਹ ਕਿਰਤੀ ਵਰਕਰਾਂ ਲਈ ਸੂਬਾ ਕਮੇਟੀ ਦੀਆਂ ਮੀਟਿੰਗਾਂ ਵਿੱਚ ਲੜਦਾ ਸੀ। ਗੱਲ ਇਥੋਂ ਤਕ ਚਲੇ ਗਈ ਸੀ ਕਿ ਸੂਬਾ ਕਮੇਟੀ ਦੀਆਂ ਮੀਟਿੰਗਾਂ ਸਕੱਤਰੇਤ ਦੇ ਮੈਂਬਰਾਂ ਤੇ ਤੇਜਾ ਸਿੰਘ ਸੁਤੰਤਰ ਦਰਮਿਆਨ ਝਗੜਿਆਂ ਤੋਂ ਸਿਵਾਏ ਕੁਝ ਸੁਣਦੀਆਂ ਨਹੀਂ ਸਨ। ਬਾਕੀ ਦੇ ਮੈਂਬਰ ਥੱਕੇ ਹਾਰੇ ਕਾਨਫਰੰਸਾਂ ਤੋਂ

ਆਉਂਦੇ ਤੇ ਇੱਥੇ ਨਾ ਮੁੱਕਣ ਵਾਲਾ ਝਗੜਾ ਇਨ੍ਹਾਂ ਮੈਂਬਰਾਂ ਲਈ ਸਿਰਦਰਦੀ ਦਾ ਕਾਰਨ ਬਣ ਗਿਆ ਸੀ। ਸਕੱਤਰੇਤ ਕੇਂਦਰੀ ਕਮੇਟੀ ਨੂੰ ਭੇਜਣ ਵਾਲੀ ਰਿਪੋਰਟ ਇੱਥੋਂ ਸ਼ੁਰੂ ਕਰਦਾ ਸੀ, "ਅਸੀਂ ਆਹ ਵੀ ਨਹੀਂ ਕੀਤਾ ਔਹ ਵੀ ਨਹੀਂ ਕੀਤਾ, ਅਸੀਂ ਕੁਝ ਕਰ ਨਹੀਂ ਪਾਏ।" ਆਖਰ ਬਾਕੀ ਮੈਂਬਰਾਂ ਨੇ ਇਨ੍ਹਾਂ ਨੂੰ ਕਹਿ ਹੀ ਦਿੱਤਾ ਕਿ ਇਹ ਕਿ ਇਹ ਹੀ ਲਿਖ ਲਿਆ ਕਰੋ, "ਮੈਂ ਨਿਰਗੁਣ ਹਾਰੇ ਕੋ ਗੁਣ ਨਾਹੀ ਆਪੇ ਤਰਸ ਪਿਉਈ।" ਅਸੀਂ ਦਿਨ ਰਾਤ ਪਾਰਟੀ ਪਾਲਿਸੀ ਦੀ ਵਜਾਹਤ ਕਰਦੇ ਕਰਦੇ ਹਾਰੇ ਥੱਕੇ ਆਉਂਦੇ ਹਾਂ, ਇਸ ਬਾਰੇ ਤੁਸੀਂ ਕੁਝ ਨਹੀਂ ਲਿਖਦੇ। ਕਿਰਪਾ ਕਰਕੇ ਪਹਿਲਾਂ ਕੀਤੇ ਕੰਮ ਬਾਰੇ ਲਿਖੋ। ਫਿਰ ਕਮੀਆਂ ਕਮਜ਼ੋਰੀਆਂ ਦੀ ਨੁਕਤਾਚੀਨੀ ਬਾਰੇ ਕਰੋ। ਸਕੱਤਰੇਤ ਦੇ ਮੈਂਬਰ ਨਾ ਬਾਹਰ ਜਾਂਦੇ ਤੇ ਨਾ ਹੀ ਲੋਕਾਂ ਨਾਲ ਹੀ ਇਨ੍ਹਾਂ ਦਾ ਵਾਹ ਪੈਂਦਾ ਸੀ। ਇਨ੍ਹਾਂ ਨੂੰ ਚੱਤੋ ਪਹਿਰ ਕਿਰਤੀ ਵਰਕਰਾਂ ਦੇ ਸੁਧਾਰ ਦਾ ਬੁਖ਼ਾਰ ਚੜ੍ਹਿਆ ਰਹਿੰਦਾ ਸੀ। ਬਿਨ੍ਹਾਂ ਸੋਚੇ ਸਮਝੇ ਮੁਸਲਿਮ ਲੀਗ ਦੀ ਹਮਾਇਤ ਕਰਨੀ ਅਤੇ ਪਿਉਪਲ ਵਾਰ ਦੇ ਸਾਮਰਾਜ ਵਿਰੋਧੀ ਜੁਜ਼ ਨੂੰ ਸਮਝਣਾ ਹੀ ਨਾ, ਸਕੱਤਰੇਤ ਦੀ ਸੂਝ ਦੀ ਨਿਸ਼ਾਨੀ ਸੀ। ਉਨ੍ਹਾਂ ਨੇ ਹਮੇਸ਼ਾ ਹੀ ਕੇਂਦਰੀ ਕਮੇਟੀ ਦੀ ਸਿਆਸਤ ਨੂੰ ਸਮਝੇ ਬਿਨ੍ਹਾਂ ਹੀ ਵਫਾਦਾਰੀ ਲੈਣ ਲਈ ਗਲਤ ਤਰੀਕੇ ਨਾਲ ਵਧਾਅ ਚੜ੍ਹਾਅ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਕਿ ਉਹ ਜ਼ਿਆਦਾ ਵਫਾਦਾਰ ਸਮਝੇ ਜਾਣ। ਇਸ ਵਜਾਹਤ ਦੀ ਤਹਿ ਤੱਕ ਪਹੁੰਚਣਾ ਉਨ੍ਹਾਂ ਦੀ ਸੋਚ ਤੋਂ ਬਾਹਰ ਸੀ। ਇਸੇ ਲਈ ਸਖਤ ਮਿਹਨਤ ਬਾਵਜੂਦ ਦਿਨ ਰਾਤ ਕੰਮ ਕਰਕੇ ਵੀ ਲੋਕਾਂ ਵਿੱਚੋਂ ਨਿਖੜਦੇ ਜਾ ਰਹੇ ਸਾਂ। ਬਾਕੀ ਦੇ ਛੇ ਮੈਂਬਰ ਆਪਸ ਵਿੱਚ ਘੁਲਮਿਲ ਗਏ ਸਨ। ਉਨ੍ਹਾਂ ਨੂੰ ਹਰ ਰੋਜ਼ ਲੋਕਾਂ ਵਿੱਚ ਜਾ ਕੇ ਬੈਠਣਾ ਪੈਂਦਾ ਸੀ ਤੇ ਵਿਰੋਧੀਆਂ ਦੀਆਂ ਤੋਹਮਤਾਂ ਦੇ ਜਵਾਬ ਦੇਣੇ ਪੈਂਦੇ ਸਨ।

ਉਕਾੜਾ ਦੇ ਮਜ਼ਦੂਰਾਂ ਨੇ ਕਾਨਫਰੰਸ ਰੱਖੀ, ਭਗਤ ਸਿੰਘ ਬਿਲਗਾ ਦੇ ਨਾਲ ਇਕਬਾਲ ਹੁੰਦਲ ਉਸ ਵਿੱਚ ਸ਼ਾਮਲ ਹੋਣ ਲਈ ਪਹੁੰਚੇ। ਉਨ੍ਹਾਂ ਦਾ ਟਾਂਗੇ ਵਿੱਚ ਜਲੂਸ ਕੱਢਿਆ ਗਿਆ ਤੇ ਮਜ਼ਦੂਰ ਲਾਲ ਝੰਡੇ ਲੈ ਕੇ ਅੱਗੇ ਅੱਗੇ ਨਾਹਰੇ ਲਾ ਰਹੇ ਸਨ। ਪਿੱਛੇ ਕਾਂਗਰਸੀ ਸ਼ਹਿਰੀਆਂ ਦਾ ਇਕ ਤਕੜਾ ਇਕੱਠ ਇਨ੍ਹਾਂ ਦੇ ਖਿਲਾਫ ਨਾਹਰੇ ਲਾਉਂਦਾ ਆ ਰਿਹਾ ਸੀ। ਟਾਂਗੇ 'ਤੇ ਬੈਠੇ ਲੀਡਰਾਂ 'ਤੇ ਫੁੱਲਾਂ ਦੀ ਨਹੀਂ, ਟਾਂਵੇਂ-ਟਾਂਵੇਂ ਇੱਟਾਂ ਰੋੜਿਆਂ ਦੀ ਵਰਖਾ ਹੁੰਦੀ। ਰਾਤ ਨੂੰ ਪੰਡਾਲ ਲੋਕਾਂ ਨਾਲ ਭਰ ਗਿਆ। ਜਦੋਂ ਇਕਬਾਲ ਬੋਲਣਾ ਸ਼ੁਰੂ ਕੀਤਾ ਤਾਂ ਪੰਡਾਲ ਵਿੱਚ ਟੋਕਾ ਟਾਕੀ ਸ਼ੁਰੂ ਹੋ ਗਈ। ਜਿਸ ਕਰਕੇ ਚੰਦ ਕੁ ਮਿੰਟ ਪਿੱਛੋਂ ਹੀ ਉਸ ਨੂੰ ਬੈਠਣਾ ਪਿਆ ਸੀ। ਭਗਤ ਸਿੰਘ ਬਿਲਗਾ ਨੇ ਲਗਾਤਾਰ ਦੋ ਘੰਟੇ ਤਕਰੀਰ ਕੀਤੀ ਸੀ। ਕੁਝ ਮਿੰਟਾਂ ਬਾਅਦ ਟੋਕਾ ਟੋਕੀ ਬੰਦ ਹੋ ਗਈ ਤੇ ਲੋਕ ਗੰਭੀਰਤਾ ਨਾਲ ਸੁਣਨ ਲੱਗ ਪਏ ਸਨ। ਜਲਸਾ ਬਰਖ਼ਾਸਤ ਹੋ ਗਿਆ ਸੀ। ਉਕਾੜਾ ਦੇ ਕਾਂਗਰਸੀ ਲੀਡਰ ਸਟੇਜ 'ਤੇ ਆਏ ਅਤੇ ਉਨ੍ਹਾਂ ਨੂੰ ਆਪਣੇ ਘਰੀਂ ਲਿਜਾਣ ਦੀ ਜ਼ਿਦ ਕਰਨ ਲੱਗੇ। ਉਹ ਕਹਿੰਦੇ ਸਨ ਰਜ਼ਾਮੰਦ ਹੋਈਏ ਜਾਂ ਨਾ, " ਅਸੀਂ ਤੁਹਾਡੀ ਨੀਤੀ ਕੁਝ ਸਮਝ ਲਈ ਹੈ ਅਤੇ ਬਾਕੀ ਸਮਝਣੀ ਚਾਹੁੰਦੇ ਹਾਂ। ਉਹ ਰਾਤ ਦੀ

ਦਾਅਵਤ 'ਤੇ ਹੀ ਹੋ ਸਕਦੀ ਹੈ। ਇਸ ਤਰ੍ਹਾਂ ਰਾਤ ਦੇ ਖਾਣੇ ਤੋਂ ਬਾਅਦ ਅੱਧੀ ਰਾਤ ਤੱਕ ਸਮਝਾਊ ਬਹਿਸ ਹੁੰਦੀ ਰਹੀ ਸੀ। ਉਹ ਮੰਨ ਗਏ ਕਿ ਤੁਸੀਂ ਆਪਣੇ ਖਿਆਲਾਂ ਦੇ ਪੱਕੇ ਲੋਕ ਹੋ ਤੇ ਇਸ ਪਿਉਪਲ ਵਾਰ ਦੀ ਸਿਆਸਤ 'ਤੇ ਈਮਾਨਦਾਰੀ ਨਾਲ ਖੜ੍ਹੇ ਹੋ। ਸਾਡਾ ਤੁਹਾਡਾ ਇਖ਼ਤਲਾਫ ਹੋ ਸਕਦਾ ਹੈ, ਪਰ ਤੁਸੀਂ ਦੇਸਭਗਤ ਲੋਕ ਹੋ।

ਪਿਉਪਲ ਵਾਰ ਬਾਰੇ ਇਖ਼ਤਲਾਫ਼ਾਤ

ਅੰਗਰੇਜ਼ਾਂ ਨੂੰ ਇੱਥੇ ਰਹਿਣ ਨੀ ਦੇਣਾ ਤੇ ਜਰਮਨ ਜਪਾਨ ਨੂੰ ਹਿੰਦੋਸਤਾਨ ਵਿੱਚ ਵੜਨ ਨੀ ਦੇਣਾ, ਇਹ ਸਾਡਾ ਮੁਲਕ ਹੈ, ਅਸੀਂ ਅੰਗਰੇਜ਼ ਦੀ ਗ਼ੁਲਾਮੀ ਬਰਦਾਸ਼ਤ ਨਹੀਂ ਕਰਦੇ ਅਤੇ ਜਾਪਾਨ ਜਰਮਨ ਦੀ ਗ਼ੁਲਾਮੀ ਕਬੂਲ ਨਹੀਂ ਕਰਾਂਗੇ। ਭਗਤ ਸਿੰਘ ਦੇ ਲੈਕਚਰ ਦੀ ਇਹ ਮੇਨ ਗੁੱਲੀ ਸੀ।

ਉਹ ਦੋਹਵੇਂ ਲਾਹੌਰ ਆ ਗਏ, ਸੂਬਾ ਕਮੇਟੀ ਦੀ ਮੀਟਿੰਗ ਹੋਈ, ਸਕਤਰੇਤ ਨੂੰ ਭਗਤ ਸਿੰਘ ਦੀ ਪਿਉਪਲ ਵਾਰ ਦੀ ਤਸ਼ਰੀਹ ਪਸੰਦ ਨਹੀਂ ਸੀ। ਉਨ੍ਹਾਂ ਵੱਲੋਂ ਭਗਤ ਸਿੰਘ ਦੀਆਂ ਇਸ ਅਧਾਰ 'ਤੇ ਕੀਤੀਆਂ ਤਕਰੀਰਾਂ 'ਤੇ ਸਖਤ ਨੁਕਤਾਚੀਨੀ ਕੀਤੀ ਗਈ ਸੀ। ਸਗੋਂ ਜੋਸ਼ ਜੀ ਵੱਲੋਂ ਵਾਰਨਿੰਗ ਵੀ ਦਿੱਤੀ ਗਈ ਸੀ ਕਿ ਹਕੂਮਤ ਉਸ ਦੀਆਂ ਤਕਰੀਰਾਂ ਬਰਦਾਸ਼ਤ ਨਹੀਂ ਕਰੇਗੀ। ਇਸ ਦੇ ਨਾਲ ਹੀ ਕਿਹਾ ਗਿਆ ਕਿ ਪਾਕਿਸਤਾਨ ਦੇ ਸੁਆਲ 'ਤੇ ਬਿਲਗੇ ਦੇ ਖਿਆਲ ਪਾਰਟੀ ਨੀਤੀ ਦੇ ਮੁਤਾਬਕ ਨਹੀਂ ਹਨ।

ਪ੍ਰੋਵਿਨਸ਼ੀਲ ਅਸੰਬਲੀ ਦੀਆਂ ਚੋਣਾਂ ਵਿੱਚ ਪਾਰਟੀ ਨੂੰ ਭਾਰੀ ਹਾਰ ਹੋਈ। ਡਾਕਟਰ ਅਧਿਕਾਰੀ ਨੇ ਲਾਹੌਰ ਵਾਈ. ਐਮ . ਸੀ. ਹਾਲ ਵਿੱਚ ਪਾਰਟੀ ਮੈਂਬਰਾਂ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ, "ਤੁਸੀਂ ਪਾਰਟੀ ਨੀਤੀ ਲੋਕਾਂ ਤਕ ਨਹੀਂ ਲਿਜਾ ਸਕੇ, ਇਸ ਲਈ ਹਾਰ ਹੋਈ ਹੈ।" ਭਗਤ ਸਿੰਘ ਬਿਲਗਾ ਤੇ ਕਰਮ ਸਿੰਘ ਮਾਨ ਨੇ ਰੁੱਕਾ ਲਿਖ ਕੇ ਅਧਿਕਾਰੀ ਨੂੰ ਭੇਜਿਆ, "ਪਿਉਪਲ ਵਾਰ ਅਤੇ ਮੁਸਲਮ ਕੌਮੀ ਘੱਟਗਿਣਤੀ ਦੇ ਸਿਧਾਂਤ ਨੂੰ ਲੋਕਾਂ ਨੇ ਕਬੂਲ ਨਹੀਂ ਕੀਤਾ, ਇਸ ਲਈ ਹਾਰ ਹੋਈ ਹੈ।" ਏਨਾ ਲਿਖਣ ਉਤੇ ਇਨ੍ਹਾਂ ਦੋਹਾਂ ਦੀ ਸ਼ਾਮਤ ਆ ਗਈ। ਮੀਟਿੰਗ ਖਤਮ ਹੋਣ ਤੋਂ ਬਾਅਦ ਦੋਹਾਂ ਨੂੰ ਹਾਜ਼ਰ ਹੋਣ ਦੇ ਹੁਕਮ ਹੋ ਗਏ ਅਤੇ ਕਿਹਾ ਗਿਆ ਕਿ ਇਹ ਪਾਰਟੀ ਦਾ ਬੁਨਿਆਦੀ ਥੀਸਿਸ ਹੈ ਜੇ ਇਸ ਨਾਲ ਮੁਤਫਿਕ ਨਹੀਂ ਹੈ ਤਾਂ ਸੂਬਾ ਕਮੇਟੀ ਵਿਚ ਨਹੀਂ ਰਹਿ ਸਕਦੇ ਤੇ ਨੀ ਹੀ ਪਾਰਟੀ ਦੇ ਪ੍ਰਚਾਰਕ ਤੇ ਪਾਰਟੀ ਆਰਗੇਨਾਈਜ਼ਰ ਹੀ ਰਹਿ ਸਕਦੇ ਹੋ। ਮਾਨ ਨੂੰ ਹੁਕਮ ਕਰ ਦਿੱਤਾ ਗਿਆ ਸੀ ਕਿ ਉਹ ਕਾਲਾ ਕੋਟ ਪਾ ਕੇ ਕਚਹਿਰੀ ਵਿੱਚ ਪ੍ਰੈਕਟਸ ਸ਼ੁਰੂ ਕਰ ਦੇਵੇ। ਮਾਨ ਬਾਰ ਐਟ ਲਾਅ ਹਨ। ਭਗਤ ਸਿੰਘ ਨੂੰ ਹੁਕਮ ਦਿੱਤਾ ਗਿਆ ਕਿ ਸਿੱਧਾ ਬਿਲਗੇ ਜਾਵੇ ਤੇ ਖੇਤੀ ਸ਼ੁਰੂ ਕਰੇ।

ਤੀਸਰੇ ਦਿਨ ਜਲੰਧਰ ਪਾਰਟੀ ਮੈਂਬਰਾਂ ਦੀ ਜਰਨਲ ਬਾਡੀ ਮੀਟਿੰਗ ਸੀ। ਅਧਿਕਾਰੀ ਨੇ ਪਾਕਿਸਤਾਨ ਤੇ ਕੌਮੀ ਘੱਟਗਿਣਤੀ ਦੇ ਥੀਸਿਸ ਦੀ ਵਜ਼ਾਹਤ ਵਿੱਚ

ਲੰਬਾ ਭਾਸ਼ਣ ਦਿੱਤਾ ਸੀ। ਭਗਤ ਸਿੰਘ ਨੇ ਉੱਠ ਕੇ ਫਿਰ ਸੁਆਲ ਕਰ ਦਿੱਤਾ ਕਿ ਇਹ "ਸੈਲਫ ਡੀਟਰਮੀਨੇਸ਼ਨ ਟੂ ਦਾ ਨੈਸ਼ਨਲ ਮਨਿਉਰਟੀਜ਼" ਨਹੀਂ ਇਹ ਤਾਂ ਪਾਨ-ਇਸਲਾਮਇਜ਼ਮ ਹੈ, ਜੋ ਮਜ਼੍ਹਬੀ ਰੂੜੀਵਾਦ ਵੱਲ ਲੈ ਜਾਵੇਗਾ। ਡਾਕਟਰ ਅਧਿਕਾਰੀ ਗੁੱਸੇ ਵਿੱਚ ਆ ਗਏ ਅਤੇ ਬੋਲੇ "ਮਾਲੂਮ ਹੋਤਾ ਹੈ ਕਿ ਪਾਕਿਸਤਾਨ ਕਾ ਲਫਜ਼ ਤੁਮ੍ਹਾਰੇ ਗਲੇ ਸੇ ਨੀਚੇ ਨਹੀਂ ਉੱਤਰਤਾ।" ਭਗਤ ਸਿੰਘ ਨੇ ਕਿਹਾ "ਅਕੇਲੇ ਮੇਰੇ ਗਲੇ ਸੇ ਨਹੀਂ ਲੋਗੋ ਕੇ ਗਲੇ ਸੀ ਭੀ ਨਹੀਂ ਉੱਤਰਤਾ।" ਇਸਤੋਂ ਬਾਅਦ ਭਗਤ ਸਿੰਘ ਨੂੰ ਪਾਰਟੀ ਵਿੱਚੋ ਪੂਰੀ ਛੁੱਟੀ ਮਿਲ ਗਈ। ਖੁਸ਼ਕਿਸਮਤੀ ਨਾਲ ਉਸ ਨੂੰ ਬਿਲਗੇ ਜਾਂਦਿਆਂ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਸਾਲ ਦੀ ਸਜ਼ਾ ਕਰਕੇ ਲਾਇਲਪੁਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਸੀ। ਉਸਦੇ ਨਾਲ ਇਸ ਤਰ੍ਹਾਂ ਦੇ ਦੋ ਹੋਰ ਜਨੂੰਨੀ ਹਜ਼ਾਰਾ ਸਿੰਘ ਹਮਦਮ ਤੇ ਉਜਾਗਰ ਸਿੰਘ ਉਲਟ ਵੀ ਲਾਇਲਪੁਰ ਜੇਲ੍ਹ ਵਿੱਚ ਕੈਦ ਕਰ ਦਿੱਤੇ ਗਏ ਸਨ।

ਪਾਰਟੀ ਨੇ ਜਗਜੀਤ ਸਿੰਘ ਲਾਇਲਪੁਰੀ ਦੇ ਹੱਥ "ਡਾਨ ਓਵਰ ਸਮਰੰਦ" ਨਾਮੀ ਕਿਤਾਬ ਲਾਇਲਪੁਰ ਜੇਲ੍ਹ ਵਿੱਚ ਭੇਜ ਦਿੱਤੀ ਤੇ ਕਿਹਾ ਕਿ ਭਗਤ ਸਿੰਘ ਇਸ ਨੂੰ ਪੜ੍ਹ ਕੇ ਪਾਕਿਸਤਾਨ ਬਾਰੇ ਆਪਣਾ ਦਿਮਾਗ ਸਾਫ਼ ਕਰਕੇ ਆਵੇ। ਬਾਬਾ ਗੁਰਮੁਖ ਸਿੰਘ ਪਹਿਲਾਂ ਹੀ ਲਾਇਲਪੁਰ ਜੇਲ੍ਹ ਵਿੱਚ ਬੰਦ ਸੀ। ਫੇਰ ਕੀ ਸੀ ਸੋਨੇ ਤੇ ਸੁਹਾਗਾ ਹੋ ਗਿਆ। "ਦਿਮਾਗ ਸਾਫ਼" ਹੋਣ ਦੀ ਥਾਂ ਉਹ ਇਸ ਥੀਸਿਸ ਦੇ ਹੋਰ ਵੀ ਖਿਲਾਫ ਹੋ ਗਿਆ। ਉੱਪਰ ਲਿਖੀ ਕਿਤਾਬ ਦੀਆਂ ਸਿਫਤਾਂ ਤੋਂ ਵੀ ਇਹ ਬਾਖੂਬੀ ਸਿੱਧ ਹੋ ਗਿਆ ਕਿ ਪਾਕਿਸਤਾਨ ਦੀ ਮੰਗ ਘੱਟਗਿਣਤੀਆਂ ਦੇ ਸਵੈਅਧਿਕਾਰਾਂ ਜਾ ਮਸਲਾ ਨਹੀਂ ਸਗੋਂ ਪਾਨ-ਇਸਲਾਮਇਜ਼ਮ ਹੈ। ਮਜ਼ਹਬੀ ਰੂੜੀਵਾਦ ਹੈ। ਕਮਿਊਨਿਸਟ ਸਿਧਾਂਤ ਵਿੱਚ ਇਸ ਲਈ ਕੋਈ ਜਗ੍ਹਾ ਨਹੀਂ ਹੈ। ਆਖਰ ਸਿੱਧ ਵੀ ਹੋ ਗਿਆ, ਇਸ ਨਾਲ ਮੁਲਕ ਦੀ ਮਜ਼ਹਬ ਦੇ ਆਧਾਰ 'ਤੇ ਵੰਡ ਹੋ ਗਈ ਅਤੇ ਮਜ਼ਹਬ ਦੇ ਨਾਂ ਤੇ ਲੋਕਾਂ ਦਾ ਕਤਲੇਆਮ ਹੋਇਆ ਸੀ। ਉਸ ਤੋਂ ਕਾਫੀ ਦੇਰ ਬਾਅਦ ਡਾਕਟਰ ਅਧਿਕਾਰੀ ਦਾ ਇਹ ਥੀਸਿਸ ਗ਼ਲਤ ਕਰਾਰ ਦੇ ਕੇ ਵਾਪਸ ਲੈ ਲਿਆ। "ਅਬ ਪਛਤਾਏ ਕਯਾ ਹੋਤ ਜਬ ਚਿੜੀਆ ਚੁਗ ਗਈ ਖੇਤ।" ਪੰਜਾਬ ਤੇ ਬੰਗਾਲ ਦੀ ਵੰਡ ਹੋ ਗਈ। ਇਕ ਖਿੱਤਾ, ਇਕ ਜ਼ੁਬਾਨ, ਇਕ ਲਿਬਾਸ ਤੇ ਇਕ ਸਭਿਆਚਾਰ ਵਾਲੇ ਲੋਕ, ਇਕੋ ਤਰ੍ਹਾਂ ਦੀ ਰਹਿਣੀ ਬਹਿਣੀ, ਸਦੀਆਂ ਤੋਂ ਇਕੱਠੇ ਵਸਣ ਵਾਲੇ ਪੰਜਾਬ ਤੇ ਬੰਗਾਲੀ ਦੋ ਫਾੜ ਕਰ ਦਿੱਤੇ ਗਏ ਸਨ। ਇਸ ਵਿੱਚ ਸਭ ਤੋਂ ਵੱਧ ਨੁਕਸਾਨ ਪੰਜਾਬ ਤੇ ਬੰਗਾਲ ਦਾ ਹੋਇਆ। ਪਾਕਿਸਤਾਨ ਵਿੱਚ ਰਹਿ ਗਏ ਕਮਿਊਨਿਸਟਾਂ ਨੂੰ ਬਹੁਤ ਹੀ ਤਸੀਹੇ ਝੱਲਣੇ ਪਏ ਸਨ। ਗੱਲ ਭਗਤ ਸਿੰਘ ਤੇ ਮਾਨ 'ਤੇ ਹੀ ਖ਼ਤਮ ਨਹੀਂ ਹੋਈ ਸੀ। ਜ਼ਿਲ੍ਹਾ ਕਮਿਊਨਿਸਟ ਕਮੇਟੀ ਜਲੰਧਰ ਨੇ ਵੀ ਜਦ ਇਹ ਹੀ ਰਾਏ ਦਿੱਤੀ ਤਾਂ ਜ਼ਿਲ੍ਹਾ ਕਮੇਟੀ ਤੋੜ ਦਿੱਤੀ ਗਈ ਸੀ। ਕਾਮਰੇਡ ਬੂਝਾ ਸਿੰਘ, ਹਰਬੰਸ ਸਿੰਘ ਕਰਨਾਣਾ ਤੇ ਗੰਧਰਵ ਸੈਨ ਨੂਰਮਹਿਲ ਨੂੰ ਪਾਰਟੀ ਵਿੱਚੋਂ ਖਾਰਜ ਕਰ ਦਿੱਤਾ ਗਿਆ ਸੀ।

ਅੰਗਰੇਜ਼ੀ ਹਕੂਮਤ ਦੇ ਖਿਲਾਫ ਲੜਦਿਆਂ ਮੁਲਕ ਦੇ ਇਕ ਸਿਰੇ ਤੋਂ ਦੂਜੇ ਸਿਰੇ

ਤਕ ਇਕਮੁੱਠ ਹੋ ਕੇ ਜੂਝਦਿਆਂ ਸਾਨੂੰ ਹਿੰਦੋਸਤਾਨੀ ਸ਼ਹਿਰੀ ਹੋਣ ਦਾ ਮਾਣ ਪ੍ਰਾਪਤ ਹੋਇਆ ਸੀ। ਉਸ ਵੇਲੇ ਇਹ ਨਾਹਰਾ ਗੂੰਜਿਆ ਸੀ, "ਜਾਤਪਾਤ ਨਹੀਂ ਛੂਤਛਾਤ ਨਹੀਂ, ਹਮ ਤੋਂ ਹਿੰਦੋਸਤਾਨੀ ਹੈ।" ਇਹ ਗੁਣ ਅਜ਼ਾਦੀ ਲਈ ਜੂਝਦਿਆਂ ਹਾਸਲ ਹੋਏ ਸਨ। ਫੇਰ ਵੀ ਹਿੰਦੋਸਤਾਨ ਇਕ ਵਿਸ਼ਾਲ ਮੁਲਕ ਹੈ। ਇਸ ਵਿੱਚ ਭਿੰਨ ਭਿੰਨ ਪ੍ਰਕਾਰ ਦੇ ਲੋਕ ਵੱਸਦੇ ਹਨ, ਜਿਨ੍ਹਾਂ ਦਾ ਕੁਝ ਵੱਖਰਾ ਵੱਖਰਾ ਸਭਿਆਚਾਰ, ਜ਼ਬਾਨ, ਰਹਿਣ-ਸਹਿਣ ਤੇ ਖਿੱਤੇ ਵੀ ਹਨ। ਜ਼ਿੰਦਗੀ ਦੀ ਤਰਜ਼ ਕੁਝ ਸਾਂਝੀ ਤੇ ਕੁਝ ਵੱਖਰੀ ਵੱਖਰੀ ਹੈ, ਜਿਸ ਤਰ੍ਹਾਂ- ਬੰਗਾਲ, ਬਿਹਾਰ, ਕੇਰਲਾ, ਤਾਮਿਲਨਾਡੂ, ਆਂਧਰਾ, ਪੰਜਾਬ ਆਦਿ। ਸਰਬਸਾਂਝੀਆਂ ਰਵਾਇਤਾਂ ਕਾਰਨ ਅਸੀਂ ਇਕ ਹਾਂ, ਹਿੰਦੋਸਤਾਨੀ ਹਾਂ, ਪਰ ਵੱਖਰੀ ਜ਼ਬਾਨ, ਰਹਿਤ-ਬਹਿਤ, ਸਭਿਆਚਾਰ ਕਾਰਨ ਸਾਡੇ ਵਿੱਚ ਵੱਖਰੇਵਾਂ ਵੀ ਹੈ। ਅਸੀਂ ਪੰਜਾਬੀ ਹਾਂ, ਬੰਗਾਲੀ ਹਾਂ, ਤਾਮਿਲ ਹਾਂ, ਆਦਿ। ਇਨ੍ਹਾਂ ਦੋਹਾਂ ਗੱਲਾਂ ਵੱਲ ਧਿਆਨ ਰੱਖਣਾ ਪਵੇਗਾ। ਮਜ਼ਹਬ ਦੇ ਆਧਾਰ 'ਤੇ ਕੌਮ ਤੇ ਮੁਲਕ ਦੀ ਵੰਡ ਕਰਨੀ ਮਜ਼ਹਬੀ ਰੂੜ੍ਹੀਵਾਦ ਹੈ। ਇਹ ਜਗੀਰੂ ਨਿਜ਼ਾਮ ਦੀ ਰਹਿੰਦ-ਖੂੰਹਦ ਹੈ ਤੇ ਸਮਾਜ ਨੂੰ ਪਿਛਾਂਹ ਵਲ ਧੱਕ ਕੇ ਅੰਧਵਿਸ਼ਵਾਸ਼ ਦੇ ਖੱਡੇ ਵਿੱਚ ਸੁੱਟਣ ਦੇ ਬਰਾਬਰ ਹੈ। ਮਜ਼ਹਬ ਨੂੰ ਅਧਾਰ ਬਣਾ ਕੇ ਕੋਈ ਮੁਲਕ ਵੀ ਤਰੱਕੀ ਨਹੀਂ ਕਰ ਸਕਦਾ ਤੇ ਇਸਦੇ ਵਸਨੀਕ ਮਜ਼ਹਬੀ ਝਗੜਿਆਂ ਦੇ ਸ਼ਿਕਾਰ ਹੋ ਕੇ ਦੁਨੀਆਂ ਦੀ ਤੱਰਕੀ ਦੀ ਰਫਤਾਰ ਤੋਂ ਪਿੱਛੇ ਰਹਿ ਜਾਂਦੇ ਹਨ ਅਤੇ ਸਮਾਜ ਤੇ ਮੁਲਕ ਦੀ ਗ਼ੁਲਾਮੀ ਦੇ ਰਸਤੇ ਤੁਰ ਪੈਂਦੇ ਹਨ, ਜਿਸਦਾ ਸਿੱਟਾ ਤਬਾਹੀ ਤੇ ਬਰਬਾਦੀ ਤੋਂ ਬਿਨ੍ਹਾਂ ਹੋਰ ਕੁਝ ਨਹੀਂ ਨਿਕਲ ਸਕਦਾ। ਸੂਬਾਵਾਦ, ਜਾਤੀਵਾਦ, ਵੱਖਵਾਦ ਦੀ ਨੁਹਾਰ ਵੀ ਖਤਰਨਾਕ ਹੈ। ਇਸ ਦੇ ਸਿੱਟੇ ਵੀ ਭੈੜੇ ਹੀ ਨਿਕਲਣਗੇ। ਇਸ ਭੁਲੇਖੇ ਵਿੱਚ ਵੀ ਨਹੀਂ ਰਹਿਣਾ ਚਾਹੀਦਾ ਕਿ ਸਾਡੇ ਵਿੱਚ ਵੱਖ ਵੱਖ ਕੌਮੀਅਤਾਂ ਵਸਦੀਆਂ ਹਨ ਜਿਨ੍ਹਾਂ ਦੀ ਬੋਲੀ ਹੋਰ ਹੈ ਸਭਿਆਚਾਰ ਵੱਖਰਾ ਹੈ, ਖਿੱਤਾ ਵੱਖਰਾ ਹੈ। ਹਿੰਦੋਸਤਾਨ ਇਕ ਫੈਡਰਲ ਰੂਪ ਦੀ ਹਕੂਮਤ ਦੁਆਰਾ ਹੀ ਜ਼ਿੰਦਾ ਰਹਿ ਸਕਦਾ ਹੈ। ਜਿਸ ਵਿੱਚ ਵੱਖ ਵੱਖ ਜ਼ਬਾਨਾਂ ਤੇ ਖਿੱਤਿਆਂ ਦੇ ਲੋਕਾਂ ਦੇ ਅਧਿਕਾਰਾਂ ਦਾ ਵਿਸ਼ੇਸ਼ ਤੌਰ 'ਤੇ ਖਿਆਲ ਰੱਖਿਆ ਜਾਵੇ। ਇਨ੍ਹਾਂ ਕੌਮੀਅਤਾਂ ਨੂੰ ਵੱਧਣ ਫੁੱਲਣ ਦੇ ਪੂਰੇ ਅਧਿਕਾਰ ਹੋਣ। ਇਹ ਇਕ ਠੀਕ ਸੈਕੁਲਰ ਹਕੂਮਤ ਹੋਵੇ। ਇਸ ਦੇ ਅਧਿਕਾਰੀ ਸਰਕਾਰੀ ਤੌਰ 'ਤੇ ਕਿਸੇ ਮਜ਼ਹਬੀ ਸਮਾਗਮਾਂ ਵਿੱਚ ਹਿੱਸਾ ਨਾ ਲੈਣ। ਸਿਆਸੀ ਪਾਰਟੀਆਂ ਨੂੰ ਮਜ਼ਹਬੀ ਜਨੂੰਨ ਉਭਾਰ ਕੇ ਵੋਟਾਂ ਮੰਗਣ ਦੀ ਸਖ਼ਤ ਮਨਾਹੀ ਹੋਵੇ। ਇਸ ਮੁਲਕ ਦੇ ਵਜ਼ੀਰ ਮਜ਼ਹਬੀ ਲਬਾਦਾ ਪਾ ਕੇ ਕਿਸੇ ਕਿਸਮ ਦਾ ਮਜ਼ਹਬੀ ਪਾਖੰਡ ਨਾ ਰਚਣ। ਆਪਣੇ ਆਪ ਨੂੰ ਹਿੰਦੋਸਤਾਨੀ ਕਹਿਣ ਵਿੱਚ ਹਰ ਇਕ ਨੂੰ ਮਾਣ ਮਹਿਸੂਸ ਹੋਵੇ। ਮੈਂ ਬੰਗਾਲੀ ਹਾਂ, ਪੰਜਾਬੀ ਹਾਂ, ਤੇਲਗੂ ਹਾਂ, ਕਹਿਣ ਨੂੰ ਉਸ ਦੀ ਯੋਗ ਸਭਿਆਚਾਰ ਵਿਰਾਸਤ ਸਮਝਿਆ ਜਾਵੇ।

ਕੌਮੀ ਘੱਟਗਿਣਤੀਆਂ ਨੂੰ ਸਵੈ-ਨਿਰਣੇ ਦਾ ਅਧਿਕਾਰ ਸਮਾਜਵਾਦ ਵਿੱਚ ਹੀ ਮਿਲ ਸਕਦਾ ਹੈ। ਜਿਸ ਸਮਾਜ ਵਿੱਚ ਆਦਮੀ ਦੀ ਆਦਮੀ ਤੋਂ ਲੁੱਟ ਹੋ ਰਹੀ ਹੋਵੇ, ਉੱਥੇ ਇਕ ਕੌਮ ਦੀ ਦੂਜੀ ਕੌਮ ਦੀ ਹੱਥੋਂ ਵੀ ਲੁੱਟ ਹੁੰਦੀ ਰਹਿੰਦੀ ਹੈ। ਇਸ ਲਈ ਸਰਮਾਏਦਾਰ

ਸਮਾਜ ਵਿੱਚ ਇਹ ਨਾਹਰਾ ਬਣ ਕੇ ਹੀ ਰਹਿ ਜਾਂਦਾ ਹੈ ਤੇ ਕਈ ਵਾਰ ਫੁੱਟ ਦਾ ਕਾਰਣ ਵੀ ਬਣ ਜਾਂਦਾ ਹੈ। ਹੁਕਮਰਾਨ ਜਮਾਤਾਂ ਉਸ ਤੋਂ ਫਾਇਦਾ ਉਠਾਉਂਦੀਆਂ ਹਨ ਤੇ ਮਜ਼ਦੂਰ ਕਿਸਾਨ ਤੇ ਮਿਹਨਤੀ ਜਨਤਾ ਇਸ ਫੁੱਟ ਕਾਰਨ ਪਿੱਸ ਜਾਂਦੀ ਹੈ। ਕਿਰਤੀ ਪਾਰਟੀ ਇਸ ਸਿਧਾਂਤ ਵਿੱਚ ਯਕੀਨ ਰੱਖਦੀ ਸੀ। ਕਿਰਤੀ ਪਾਰਟੀ ਨੇ ਅਮਲੀ ਕੌਮਪ੍ਰਸਤੀ ਅਤੇ ਸੈਕੂਲਰਿਜ਼ਮ ਗ਼ਦਰ ਪਾਰਟੀ ਤੋਂ ਗੁੜ੍ਹਤੀ ਵਿੱਚ ਲਿਆ ਸੀ ਅਤੇ ਸਭਿਆਚਾਰਕ ਇਕਾਈਆਂ ਤੇ ਕੌਮੀਅਤਾਂ ਆਦਿ ਦੀ ਉੱਨਤੀ ਅਤੇ ਇਨ੍ਹਾਂ ਦੀ ਹਿਫਾਜ਼ਤ ਅਤੇ ਹਿੰਦੋਸਤਾਨ ਵਿੱਚ ਇਕ ਵਿਸ਼ਾਲ ਫੈਡਰਲ ਢਾਂਚੇ ਦੀ ਹਕੂਮਤ ਦਾ ਗਿਆਨ ਉਨ੍ਹਾਂ ਨੂੰ ਮਾਸਕੋ ਯੂਨੀਵਰਸਿਟੀ ਦੀ ਦੇਣ ਸੀ।

ਪਰੰਤੂ ਕਿਰਤੀਆਂ ਦਾ ਵਾਹ ਉਨ੍ਹਾਂ ਸਾਥੀਆਂ ਨਾਲ ਪੈ ਗਿਆ ਜਿਹੜੇ ਇਸ ਗਿਆਨ ਨੂੰ ਨਾ ਤਾਂ ਸਮਝਦੇ ਹੀ ਸਨ ਤੇ ਨਾ ਹੀ ਸਮਝਣ ਦੀ ਕੋਸ਼ਿਸ਼ ਕਰਦੇ ਸਨ। ਉਨ੍ਹਾਂ ਨੇ ਇਕ ਵਹਿਮ ਪਾਇਆ ਹੋਇਆ ਸੀ ਕਿ ਇਹ ਕਿਰਤੀ ਤੇ ਗ਼ਦਰੀ ਕਮਿਊਨਿਸਟ ਤਾਂ ਅਨਪੜ੍ਹ ਹਨ। ਸਰਕਾਰ ਆਪਣੀ ਥਾਂ ਇਹਨਾਂ ਦੇ ਪੇਸ਼ ਪੈ ਗਈ ਸੀ। ਪਿਊਪਲ ਵਾਰ ਵੇਲੇ ਵੀ ਇਨ੍ਹਾਂ ਦੀਆਂ ਗ੍ਰਿਫਤਾਰੀਆਂ ਜਾਰੀ ਸਨ। ਸਟਾਲਨਗਰਾਦ ਦੀ ਲੜਾਈ ਵਿੱਚ ਹਿੱਸਾ ਲੈਣ ਤੋਂ ਬਾਅਦ ਹਿੰਦੋਸਤਾਨ ਪਰਤੇ ਨਿਧਾਨ ਸਿੰਘ ਮਹੇਸਰੀ, ਮੇਲਾ ਸਿੰਘ ਬਿਲਗਾ ਆਦਿ ਨੂੰ ਈਰਾਨ ਦੀ ਹੱਦ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਉਹ ਦੋ ਮਹੀਨੇ ਸ਼ਾਹੀ ਕਿਲੇ ਵਿੱਚ ਡੱਕੇ ਰਹੇ ਸਨ। ਹਰਬੰਸ ਸਿੰਘ ਕਰਨਾਣਾ, ਚੈਨ ਸਿੰਘ ਚੈਨ, ਸੋਢੀ ਹਰਮਿੰਦਰ ਸਿੰਘ ਤੇ ਦੂਲਾ ਸਿੰਘ ਆਦਿ ਨੂੰ ਗ੍ਰਿਫਤਾਰ ਕਰਕੇ ਕਿਲ੍ਹੇ ਵਿੱਚ ਬੰਦ ਕੀਤਾ ਹੋਇਆ ਸੀ ਜਦ ਕਿ ਹਰਬੰਸ ਸਿੰਘ ਬਾਸੀ ਆਮ ਖੁੱਲ੍ਹਾ ਫਿਰ ਰਿਹਾ ਸੀ। ਬਰਤਾਨਵੀਂ ਸਰਕਾਰ ਇਨ੍ਹਾਂ ਕਿਰਤੀਆਂ ਨੂੰ ਖਤਰਨਾਕ ਕਮਿਊਨਿਸਟ ਕਹਿੰਦੀ ਸੀ ਤੇ ਕਮਿਊਨਿਸਟ ਪਾਰਟੀ ਇਨ੍ਹਾਂ ਨੂੰ ਖੱਬੇ ਕੌਮਪ੍ਰਸਤ (ਲੈਫਟ ਨੈਸ਼ਨਲਿਜ਼ਮ) ਦੱਸਦੀ ਸੀ। ਏਕਤਾ ਤੋਂ ਪਹਿਲਾਂ ਜੇਲ੍ਹਾਂ ਤੋਂ ਬਾਹਰਲੇ ਕਿਰਤੀ ਆਗੂਆਂ ਨੇ ਸੁਤੰਤਰ ਦੇ ਕਹਿਣ ਅਤੇ ਦਬਾਅ ਪਾਉਣ 'ਤੇ ਹੀ ਏਕਤਾ ਲਈ ਕਦਮ ਚੁੱਕੇ ਸਨ। ਜਿਸ ਤੇਜਾ ਸਿੰਘ ਸੁਤੰਤਰ ਨੇ ਪਾਰਟੀ ਏਕਤਾ ਲਈ ਅਧਾਰ ਪੈਦਾ ਕੀਤਾ ਅਤੇ ਏਕਤਾ ਕੀਤੀ ਸੀ ਉਸਨੂੰ ਹੁਣ ਕਿਰਤੀ ਗੁਟਬੰਦਕ ਕਿਹਾ ਜਾਣ ਲੱਗ ਪਿਆ ਸੀ।

ਲਾਲ ਪਾਰਟੀ

ਕਿਰਤੀਆਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਸੀ। ਆਖ਼ਰਕਾਰ ਲਾਵਾ ਫੁੱਟ ਹੀ ਪਿਆ। 1948 ਵਿੱਚ ਪੁਰਾਣੇ ਕਿਰਤੀ ਵਰਕਰ ਹਾਜ਼ਰ ਹੋਏ ਸਨ ਅਤੇ ਲਾਲ ਕਮਿਊਨਿਸਟ ਪਾਰਟੀ ਬਣਾਉਣ ਦਾ ਐਲਾਨ ਕੀਤਾ ਗਿਆ ਸੀ। ਆਮ ਲੋਕਾਂ ਦੀ ਜਾਣਕਾਰੀ ਲਈ 'ਸਾਡੇ ਇਖਤਲਾਫ਼ਾਤ' ਨਾਂ ਦਾ ਇਕ ਪੈਂਫਲੈਟ ਵੀ ਕੱਢਿਆ ਗਿਆ ਸੀ। ਲਾਲ ਪਾਰਟੀ ਵਿੱਚ ਤਕਰੀਬਨ ਸਾਰੇ ਕਿਰਤੀ ਵਰਕਰ ਸ਼ਾਮਲ ਹੋ ਗਏ ਸਨ। ਜਿਹੜੇ ਕੁਝ ਇਕ ਸ਼ਾਮਲ ਨਹੀਂ ਹੋਏ ਸਨ ਉਨ੍ਹਾਂ ਵਿੱਚ ਭਗਤ ਸਿੰਘ ਬਿਲਗਾ ਵੀ ਸੀ।

ਇਕ ਹਫਤੇ ਤੋਂ ਬਾਅਦ ਇਕਬਾਲ ਕਾਗਜ਼ ਲੈ ਕੇ ਭਗਤ ਸਿੰਘ ਪਾਸ ਪਹੁੰਚ ਗਿਆ ਅਤੇ ਕਹਿਣ ਲੱਗਾ ਜੇ ਪਾਰਟੀ ਵਿੱਚ ਰਹਿਣਾ ਹੈ ਤਾਂ ਲਿਖਤੀ ਤੌਰ 'ਤੇ ਸੁਤੰਤਰ ਨੂੰ ਗ਼ੱਦਾਰ ਕਹੋ। ਭਗਤ ਸਿੰਘ ਬਿਲਗਾ ਵੱਲੋਂ ਇਨਕਾਰ ਕਰ ਦੇਣ 'ਤੇ ਇਕਬਾਲ ਨੇ ਮੌਕੇ 'ਤੇ ਹੀ ਉਸ ਨੂੰ ਪਾਰਟੀ 'ਚੋਂ ਖਾਰਜ ਕਰ ਦਿੱਤਾ ਸੀ।

ਦਰਅਸਲ ਪੰਜਾਬ ਦੀ ਕਮਿਊਨਿਸਟ ਸੂਬਾ ਕਮੇਟੀ ਜੰਗ ਦੇ ਦੌਰਾਨ ਪਹਿਲੇ ਹੱਲੇ ਵਿੱਚ ਹੀ ਹੂੰਝੀ ਗਈ ਸੀ। ਪੰਜਾਬ ਕਮਿਊਨਿਸਟ ਲੀਡਰਾਂ ਵਿੱਚ ਕਿਰਤੀ ਪਾਰਟੀ ਦੇ ਖਿਲਾਫ ਪੁਰਾਣਾ ਤੁਅੱਸਬ ਕਾਇਮ ਸੀ। ਉਹ ਉਸਨੂੰ ਛੱਡ ਨਾ ਸਕੇ। ਕਿਰਤੀ ਪਾਰਟੀ ਜੰਗ ਦੇ ਦੌਰਾਨ ਬਹੁਤ ਵੱਧ ਫੁੱਲ ਗਈ ਸੀ। ਇਸਨੂੰ ਹਜ਼ਮ ਕਰਨਾ ਇਨ੍ਹਾਂ ਦੇ ਪੇਟ ਦੇ ਆਕਾਰ ਤੋਂ ਵਾਧੂ ਸੀ। ਦਿਓਲੀ ਤੇ ਕੈਂਬਲਪੁਰ ਦੀਆਂ ਏਕਤਾ ਦੀਆਂ ਅਪੀਲਾਂ ਅਸਲ ਵਿੱਚ ਕੋਈ ਮਸਲਾ ਹੱਲ ਨਾ ਕਰ ਸਕੀਆਂ। ਪੰਜਾਬ ਦੀ ਇਕ ਜ਼ਬਰਦਸਤ ਜਥੇਬੰਦੀ ਨੂੰ ਖੇਰੂੰ ਖੇਰੂੰ ਕਰਨ ਤੋਂ ਸਿਵਾਏ ਇਸ ਵਿੱਚੋਂ ਹੋਰ ਕੁਝ ਨਾ ਨਿਕਲਿਆ। ਉਸੇ ਤੇਜਾ ਸਿੰਘ ਨੂੰ ਲਾਲ ਪਾਰਟੀ ਬਣਾਉਣੀ ਪਈ ਜੋ ਕੈਂਬਲਪੁਰ ਜੇਲ੍ਹ ਵਿੱਚੋਂ ਏਕਤਾ ਦੀਆਂ ਅਪੀਲਾਂ ਕਰਦਾ ਸੀ। ਬਿਨ੍ਹਾਂ ਸੋਚੇ ਸਮਝੇ ਕੀਤੇ ਗਏ ਅਜਿਹੇ ਹੁਕਮਨਾਮਿਆਂ ਨਾਲ ਕੋਈ ਮਸਲਾ ਹੱਲ ਹੋਣ ਦੀ ਥਾਂ ਇਕ ਜ਼ਬਰਦਸਤ ਜਥੇਬੰਦੀ ਨੂੰ ਢਾਅ ਲੱਗ ਗਈ ਸੀ। ਪੰਜਾਬ ਦੇ ਆਫੀਸ਼ਲ ਕਮਿਊਨਿਸਟ ਭਾਵੇਂ ਪਹਿਲੇ ਹੱਲੇ ਹੀ ਹੂੰਝੇ ਗਏ ਸਨ ਪਰ ਉਨ੍ਹਾਂ ਵਿੱਚ "ਪਾਰਟੀ ਹਮ ਹੈਂ" ਦੀ ਹਊਮੈ ਭਾਰੂ ਸੀ। ਲਾਲ ਪਾਰਟੀ ਕਿਰਤੀ ਪਾਰਟੀ ਦਾ ਹੀ ਇਕ ਹਿੱਸਾ ਸੀ। ਅਸੀਂ ਇਸ ਨੂੰ ਕਿਰਤੀ ਪਾਰਟੀ ਦੇ ਨਾਂ ਨਾਲ ਹੀ ਯਾਦ ਕਰਾਂਗੇ ਤੇ ਕਿਰਤੀ ਪਾਰਟੀ ਦੇ ਇਤਿਹਾਸ ਦਾ ਇਕ ਅੰਗ ਸਮਝਾਂਗੇ।

ਪਿਊਪਲ ਵਾਰ

ਸੋਵੀਅਤ ਯੂਨੀਅਨ ਉੱਤੇ ਜਰਮਨ ਦੇ ਹਮਲੇ ਨੇ ਅਤੇ ਉਸਦੀ ਬਲਿਟਜ਼ਰਿਗ ਰੂਪੀ ਕਾਮਯਾਬੀ ਨੇ ਤਰੱਕੀਪਸੰਦ ਦੁਨੀਆ ਨੂੰ ਵੀ ਭੈ-ਭੀਤ ਕਰ ਦਿੱਤਾ ਸੀ। ਹਿਟਲਰ ਦੀਆਂ ਫੌਜਾਂ ਦਾ ਮਾਸਕੋ, ਲੈਨਿਨਗਰਾਦ ਅਤੇ ਸਟਾਲਨਗਰਾਦ ਤਕ ਪਹੁੰਚ ਜਾਣਾ ਖਤਰੇ ਦੀ ਘੰਟੀ ਸੀ। ਪਰ ਗ਼ਦਰ ਪਾਰਟੀ ਅਤੇ ਕਿਰਤੀ ਪਾਰਟੀ ਨੂੰ ਸੋਵੀਅਤ ਯੂਨੀਅਨ ਦੀ ਅੰਤਿਮ ਜਿੱਤ ਉੱਤੇ ਜਨੂੰਨੀ ਹੱਦ ਤੱਕ ਵਿਸ਼ਵਾਸ ਸੀ। ਗ਼ਦਰ ਅਖ਼ਬਾਰ ਤੇ ਲਾਲ ਝੰਡੇ ਦੀਆਂ ਪ੍ਰਕਾਸ਼ਨਾਵਾਂ ਤੋਂ ਇਹ ਸਾਫ ਜ਼ਾਹਰ ਹੋ ਜਾਂਦਾ ਹੈ। ਕਿਰਤੀ ਪਾਰਟੀ ਨੇ ਸੋਵੀਅਤ ਦੀ ਜਿੱਤ ਲਈ ਅਹਿਮ ਅਮਲੀ ਕਦਮ ਚੁੱਕੇ ਸਨ। ਕਿਰਤੀ ਪਾਰਟੀ ਤੇ ਉਸ ਦੇ ਕਾਬਲ ਕੇਂਦਰ ਦਾ ਕਿਰਦਾਰ ਇਸ ਦੇ ਖੁੱਲ੍ਹੇ ਸਬੂਤ ਹਨ। ਕਿਰਤੀਆਂ ਦਾ ਅਤੇ ਕਮਿਊਨਿਸਟਾਂ ਦਾ ਪੱਕਾ ਵਿਸ਼ਵਾਸ ਸੀ ਕਿ ਹਿੰਦੋਸਤਾਨ ਤੇ ਹੋਰ ਗ਼ੁਲਾਮ ਦੇਸਾਂ ਦੀ ਅਜ਼ਾਦੀ ਸੋਵੀਅਤ ਜਿੱਤ ਨਾਲ ਬੱਝੀ ਹੋਈ ਹੈ। ਇਸੇ ਲਈ ਇਨ੍ਹਾਂ ਨੇ ਇਸ ਜੰਗ ਨੂੰ ਪਿਊਪਲ ਵਾਰ ਕਿਹਾ ਸੀ। ਪਰ ਕਮਿਊਨਿਸਟ ਤੇ ਕਿਰਤੀ ਏਨੇ ਤਕੜੇ ਨਹੀਂ ਸਨ ਕਿ ਇਹ ਵਿਚਾਰ ਹਿੰਦ ਦੇ ਲੋਕਾਂ ਵਿੱਚ ਪਰਚਾ ਕੇ ਉਨ੍ਹਾਂ ਨੂੰ ਨਾਲ ਲੈ ਸਕਦੇ। ਇਹ

ਤਸਵੀਰ ਦਾ ਇਕ ਰੁਖ ਸੀ।

ਹਿੰਦੋਸਤਾਨੀ ਲੋਕ ਅੰਗਰੇਜ਼ੀ ਜੂਲਾ ਉਤਾਰ ਦੇਣਾ ਚਾਹੁੰਦੇ ਸਨ। ਇਸ ਸੇਧ ਵਿੱਚ ਕਈ ਹਿੰਦੋਸਤਾਨੀ ਜਥੇਬੰਦੀਆਂ ਆਪਣੇ ਆਪਣੇ ਤਰੀਕੇ ਨਾਲ ਲੱਗੀਆਂ ਹੋਈਆਂ ਸਨ। ਦੂਰ-ਪੂਰਬ ਵਿੱਚ ਜਨਰਲ ਮੋਹਣ ਸਿੰਘ ਵੱਲੋਂ ਬਣਾਈ ਤੇ ਫੇਰ ਸੁਭਾਸ਼ ਚੰਦਰ ਬੋਸ ਵੱਲੋਂ ਜਥੇਬੰਦ ਕੀਤੀ ਅਜ਼ਾਦ ਹਿੰਦ ਫੌਜ਼ ਬਰ੍ਹਮਾ ਰਾਹੀਂ ਮਨੀਪੁਰ ਤਕ ਪਹੁੰਚ ਗਈ ਸੀ। ਹਿੰਦੋਸਤਾਨ ਅੰਦਰ "ਭਾਰਤ ਛੋੜੋ" ਲਹਿਰ ਜ਼ੋਰਾਂ ਨਾਲ ਚਲ ਰਹੀ ਸੀ ਜਿਸ ਵਿੱਚੋਂ ਅਰੁਣਾ ਆਸਫ ਅਲੀ ਉੱਭਰ ਕੇ ਸਾਹਮਣੇ ਆਈ ਸੀ। ਕਮਿਊਨਿਸਟ ਇਸ ਲਹਿਰ ਦੇ ਸਾਮਰਾਜ ਵਿਰੋਧੀ ਖਾਸੇ ਨੂੰ ਸਮਝ ਨਾ ਸਕੇ। ਉਨ੍ਹਾਂ ਨੇ ਹਰ ਚੀਜ਼ ਨੂੰ ਪਿਊਪਲ ਵਾਰ ਬਾਰੇ ਆਪਣੀ ਇਕਪਾਸੜ ਸਮਝ ਦੇ ਤਰਾਜ਼ੂ ਵਿੱਚ ਜੋਖਣਾ ਸ਼ੁਰੂ ਕਰ ਦਿੱਤਾ ਸੀ। ਆਜ਼ਾਦ ਹਿੰਦ ਫੌਜ ਨਾ ਹੀ ਇਕ ਸਰਸਰੀ ਫੌਜ ਸੀ ਤੇ ਨਾ ਹੀ ਜਪਾਨੀਆਂ ਦੇ ਭਾੜੇ ਦੀ ਫੌਜ ਸੀ। ਉਹ ਇਕ ਕੌਮੀ ਅਜ਼ਾਦੀ ਦੀ ਫੌਜ ਸੀ ਜੋ ਹਿੰਦੋਸਤਾਨ ਨੂੰ ਅਜ਼ਾਦ ਕਰਾਉਣਾ ਚਾਹੁੰਦੀ ਸੀ। ਇਸ ਸਵਾਲ 'ਤੇ ਅਜ਼ਾਦ ਹਿੰਦ ਫੌਜ ਦਾ ਜਪਾਨ ਨਾਲ ਝਗੜਾ ਵੀ ਹੋਇਆ ਸੀ ਜਿਸ ਕਰਕੇ ਜਪਾਨੀਆਂ ਨੇ ਜਨਰਲ ਮੋਹਣ ਸਿੰਘ ਨੂੰ ਜੇਲ੍ਹ ਵੀ ਕਰ ਦਿੱਤਾ ਸੀ। ਇਹ ਵੀ ਠੀਕ ਹੈ ਕਿ ਜਪਾਨੀ ਇਕ ਹੱਦ ਤੱਕ ਇਸ ਤੋਂ ਫਾਇਦਾ ਉਠਾਉਣਾ ਚਾਹੁੰਦੇ ਸਨ। ਬਰ੍ਹਮਾ ਫਰੰਟ 'ਤੇ ਜਪਾਨੀਆਂ ਨੇ ਅਜ਼ਾਦ ਹਿੰਦ ਫੌਜ ਦੇ ਕਈ ਸਿਖਸ਼ਤ ਬਰਗੇਡਾਂ ਨੂੰ ਹਥਿਆਰ ਸਪਲਾਈ ਨਾ ਕੀਤੇ। ਜੇ ਜਪਾਨੀ ਆਪਣੇ ਮਤਲਬ ਦੀ ਹੱਦ 'ਤੇ ਖੜੇ ਸਨ ਤਾਂ ਅਜ਼ਾਦ ਹਿੰਦ ਫੌਜ ਵਾਲੇ ਉਸ ਦੇ ਕਾਬੂ ਤੋਂ ਬਾਹਰ ਹੋ ਕੇ ਅੱਗੇ ਵਧ ਰਹੇ ਸਨ। ਉਨ੍ਹਾਂ ਨੇ ਅੰਗਰੇਜ਼ਾਂ ਨੂੰ ਕੱਢ ਕੇ ਜਪਾਨੀਆਂ ਦੀ ਗ਼ੁਲਾਮੀ ਕਦੇ ਕਬੂਲ ਨਹੀਂ ਸੀ ਕਰਨੀ ਅਤੇ ਨਾ ਹੀ ਹਿੰਦੋਸਤਾਨ ਵਿਚਲੀ "ਭਾਰਤ ਛੋੜੋ" ਲਹਿਰ ਨੇ ਇਹ ਹੋਣ ਦੇਣਾ ਸੀ। ਜਰਮਨ ਦੀ ਹਾਰ ਹੋਣੀ ਸ਼ੁਰੂ ਹੋ ਗਈ ਸੀ, ਲਾਲ ਫੌਜ ਬਰਲਨ ਵਧ ਰਹੀ ਸੀ। ਜਪਾਨੀ ਥੱਕ ਹਾਰ ਗਏ ਸਨ। ਲੜਾਈ ਦਾ ਪਾਸਾ ਪਰਤ ਰਿਹਾ ਸੀ। ਹਿੰਦੋਸਤਾਨੀ ਫੌਜਾਂ, ਖੁਸ਼ਕੀ, ਹਵਾਈ ਤੇ ਸਮੁੰਦਰੀ ਸਾਰੀਆਂ ਦੀਆਂ ਸਾਰੀਆਂ ਅੰਗਰੇਜ਼ੀ ਹਕੂਮਤ ਦੇ ਖਿਲਾਫ ਹੋ ਰਹੀਆਂ ਸਨ। ਪਰ ਕਮਿਊਨਿਸਟ ਮੌਕੇ ਦੀ ਨਜ਼ਾਕਤ ਨੂੰ ਨਾ ਸਮਝ ਸਕੇ, ਅਤੇ ਲੋਕਾਂ ਵਿੱਚੋਂ ਨਿੱਖੜਦੇ ਗਏ। ਉਹ ਇਨਕਲਾਬੀ ਦਾਅ ਪੇਚਾਂ ਅਤੇ ਸਮੇਂ ਦੀ ਲਚਕ ਤੋਂ ਅਨਜਾਣ ਸਨ।

ਜਰਮਨ ਤੇ ਜਾਪਾਨ ਹਾਰ ਗਏ। ਅਜ਼ਾਦ ਹਿੰਦ ਫੌਜ ਦੀ ਤੇ ਕੌਮੀ ਇਨਕਲਾਬੀਆਂ ਦੀ ਚੜ੍ਹਤ ਕਾਇਮ ਹੀ ਰਹੀ ਸੀ। ਹਿੰਦੋਸਤਾਨ ਭਰ ਦੇ ਲੋਕ ਉਨ੍ਹਾਂ ਨਾਲ ਖੜ੍ਹੇ ਸਨ। ਹਿੰਦੂਆਂ, ਸਿੱਖਾਂ, ਮੁਸਲਮਾਨਾਂ ਦਾ ਇਕੱਠ ਜਾਂ ਤਾਂ ਪੰਜਾਬ ਮਾਰਸ਼ਲ ਲਾਅ ਵੇਲੇ ਏਸ ਤਰ੍ਹਾਂ ਠਾਠਾਂ ਮਾਰਦਾ ਸੀ, ਜਾਂ ਫੇਰ ਹੁਣ ਆਈ. ਐਨ.ਏ ਦੇ ਬਹਾਦਰ ਕੈਦੀਆਂ ਵੇਲੇ ਮਾਰਦਾ ਸੀ, ਸ਼ਾਹਨਵਾਜ, ਢਿੱਲੋਂ ਤੇ ਸਹਿਗਲ ਹੀਰੋ ਬਣ ਚਮਕੇ ਸਨ। ਸਾਰੇ ਹਿੰਦੋਸਤਾਨੀ ਇਨ੍ਹਾਂ ਦੀ ਰਿਹਾਈ ਲਈ ਐਜ਼ੀਟੇਸ਼ਨ ਕਰ ਰਹੇ ਸਨ। ਇਹ ਹਿੰਦੂ ਮੁਸਲਿਮ ਸਿੱਖ ਸਮੁੱਚੇ ਹਿੰਦੋਸਤਾਨੀਆਂ ਦੇ ਇਤਿਹਾਦ ਦਾ ਮੁਜ਼ਾਹਰਾ ਸਨ। ਇਨ੍ਹਾਂ ਅੱਗੇ "ਗਾਂਧੀ ਜਿਨਾਹ

ਫਿਰ ਮਿਲੇ" ਜਾਂ ਕਾਂਗਰਸ-ਮੁਸਲਮ ਲੀਗ ਦੀ ਵਾਰਤਾ ਕੋਈ ਅਰਥ ਨਹੀਂ ਸੀ ਰੱਖਦੀ। ਸਮੁੰਦਰੀ ਬੇੜੇ ਦੀ ਬਗ਼ਾਵਤ, ਖ਼ੁਸ਼ਕੀ ਤੇ ਹਵਾਈ ਫ਼ੌਜਾਂ ਵੱਲੋਂ ਉਸ ਵਿਰੁੱਧ ਐਕਸ਼ਨ ਲੈਣੋ ਇਨਕਾਰ, ਜੰਗੀ ਬੇੜੇ ਦੇ ਟਾਵਰਾਂ ਤੋਂ ਲਾਲ ਝੰਡੇ ਲਹਿਰਾਏ ਜਾਣਾ ਬਗ਼ਾਵਤੀ ਲਹਿਰ ਦਾ ਸਿਖਰ ਸੀ। ਬੰਬਈ ਦੇ ਬਾਜ਼ਾਰਾਂ ਵਿੱਚ ਸਭ ਦਾ ਸਾਂਝਾ ਖ਼ੂਨ ਡੁੱਲ੍ਹਣਾ ਹਿੰਦੋਸਤਾਨ ਦੇ ਲੋਕਾਂ ਦੇ ਇਮਤਿਹਾਨ ਦੀ ਇਨਤਹਾ ਸੀ। ਗ਼ਦਰ ਪਾਰਟੀ ਦੇ ਬਹਾਦਰ ਸਪੂਤ ਤੇ ਕਮਿਊਨਿਸਟ ਆਗੂ ਮੀਰ ਦਾਦ ਖਾਂ ਦੀ ਸ਼ਹਾਦਤ ਇਤਿਹਾਦ ਦਾ ਰਾਹ ਵਿਖਾ ਰਹੀ ਸੀ। ਲੋਕਾਂ ਜੇ ਇਤਿਹਾਦ ਹਮੇਸ਼ਾ ਹੀ ਦੁਸ਼ਮਣ ਦੇ ਖਿਲਾਫ ਲੜਦਿਆਂ ਕਾਇਮ ਹੁੰਦੇ ਹਨ। ਇਸ ਦੇ ਉਲਟ ਕਮਿਊਨਿਸਟਾਂ ਨੇ ਗਾਂਧੀ ਜਿਨਾਹ ਦੇ ਬਗਲਗੀਰ ਹੋਣ ਨੂੰ ਹੀ ਕੌਮੀ ਇਤਿਹਾਦ ਸਮਝਿਆ, ਦੱਸਿਆ ਅਤੇ ਲਾਲ ਝੰਡੇ ਦੇ ਨਾਲ ਕਾਂਗਰਸ ਤੇ ਲੀਗ ਦੇ ਝੰਡੇ ਵੀ ਬੇੜੇ ਉੱਤੇ ਲਗਾ ਦਿੱਤੇ ਸਨ। ਉਨ੍ਹਾਂ ਨੇ ਸੁਨਹਿਰੀ ਮੌਕਾ ਖੁੰਝਾ ਲਿਆ ਸੀ।

ਅੰਗਰੇਜ਼ੀ ਹਕੂਮਤ ਹਿੰਦੀ ਲੋਕਾਂ ਦੇ ਇਸ ਇਤਿਹਾਦ ਤੋਂ ਕੰਬ ਉੱਠੀ ਸੀ। ਸਰਦਾਰ ਪਟੇਲ ਨੇ ਬੇੜੇ 'ਤੇ ਹਵਾਈ ਬਗਾਵਤ ਦੀ ਮੁਖਾਲਫ਼ਤ ਕੀਤੀ ਤੇ ਫੌਜੀਆਂ ਨੂੰ ਹਥਿਆਰ ਸੁੱਟਣ 'ਤੇ ਮਜ਼ਬੂਰ ਕਰ ਦਿੱਤਾ। ਇਨਕਲਾਬੀ ਸ਼ਾਇਰ ਸਾਹਿਰ ਲੁਧਿਆਣਵੀ ਦੀ ਰੂਹ ਤੜਪ ਉੱਠੀ ਤੇ ਉਹ ਬੋਲਿਆ:

"ਐ ਰਹਿਬਰੇ ਮੁਲਕੋ ਮਿੱਲਤ ਯਹ ਤੋ ਬਤਾ
ਯਹ ਕਿਸ ਕਾ ਖ਼ੂਨ, ਯਹ ਕੌਨ ਮਰਾ"

ਹੁਣ ਅੰਗਰੇਜ਼ ਹਿੰਦੋਸਤਾਨ ਵਿੱਚ ਲੱਗਾ ਆਪਣਾ ਅੰਸਾਸਾ ਬਚਾਉਣ ਦੇ ਫਿਕਰ ਵਿੱਚ ਸਨ ਪਰ ਜਾਂਦੇ-ਜਾਂਦੇ ਉਨ੍ਹਾਂ ਕਾਂਜੀ ਦੀ ਛਿੱਟ ਜ਼ਰੂਰ ਪਾਉਣੀ ਸੀ। ਉਨ੍ਹਾਂ ਨੇ ਦੇਸ ਦੀ ਵੰਡ ਕਰ ਦਿੱਤੀ। ਹਿੰਦੋਸਤਾਨ ਦੇ ਦੋ ਟੁਕੜੇ ਹੋ ਗਏ— ਭਾਰਤ ਅਤੇ ਪਾਕਿਸਤਾਨ। ਪੰਜਾਬ ਤੇ ਬੰਗਾਲ ਦੀ ਵੰਡ ਕਰ ਦਿੱਤੀ ਗਈ। ਕਤਲੇਆਮ ਤੇ ਔਰਤਾਂ ਦੀ ਬੇਪਤੀ ਪੰਜਾਬ ਦੇ ਪੱਲੇ ਪਈ ਸੀ। ਕੌਮੀ ਤੇ ਅਗਾਂਹਵਧੂ ਮੁਸਲਮਾਨ ਲੀਡਰ, ਜਿਹੜੇ ਏਥੋਂ ਜਾਣਾ ਨਹੀਂ ਸਨ ਚਾਹੁੰਦੇ, ਪਾਕਿਸਤਾਨ ਚਲੇ ਜਾਣ 'ਤੇ ਮਜਬੂਰ ਹੋ ਗਏ ਸਨ।

ਦੇਸ ਅਜ਼ਾਦ ਹੋਣ ਤੋਂ ਬਾਅਦ ਵੀ ਲਾਰਡ ਮਾਊਂਟਬੈਟਨ ਨੂੰ ਹਿੰਦੋਸਤਾਨ ਦਾ ਗਵਰਨਰ ਜਨਰਲ ਨਿਯੁਕਤ ਕਰ ਦਿੱਤਾ ਗਿਆ ਸੀ। ਇਸ ਕਰਕੇ ਲਾਰਡ ਤੇ ਲੇਡੀ ਮਾਊਂਟਬੈਟਨ ਹਿੰਦੋਸਤਾਨ ਦੇ ਪਹਿਲੇ ਸ਼ਹਿਰੀ ਬਣਾ ਦਿੱਤੇ ਗਏ ਸਨ।

1947 ਦੀ ਅਜ਼ਾਦੀ ਤੋਂ ਬਾਅਦ

ਅਜ਼ਾਦੀ ਮਿਲਣ ਤੋਂ ਬਾਅਦ ਗ਼ਦਰੀ ਬਾਬਿਆਂ, ਕਿਰਤੀਆਂ ਤੇ ਕਮਿਊਨਿਸਟਾਂ ਨੂੰ ਪਹਿਲਾਂ ਤੋਹਫਾ ਉਨ੍ਹਾਂ ਦੀਆਂ ਗ੍ਰਿਫਤਾਰੀਆਂ ਵਿੱਚ ਮਿਲਿਆ ਸੀ। ਬਾਬਾ ਸੋਹਣ ਸਿੰਘ ਭਕਨਾ, ਬਾਬਾ ਭਾਗ ਸਿੰਘ, ਲਾਲ ਸਿੰਘ, ਕਈ ਜੀਵਤ ਗ਼ਦਰੀ ਬਾਬੇ

ਗ੍ਰਿਫਤਾਰ ਕਰ ਲਏ ਗਏ ਸਨ। ਬਾਬਾ ਗੁਰਮੁੱਖ ਸਿੰਘ ਅਤੇ ਅਰੂੜ ਸਿੰਘ ਦੇ ਵਾਰੰਟ ਗ੍ਰਿਫਤਾਰੀ ਜਾਰੀ ਕਰ ਦਿੱਤੇ ਗਏ ਸਨ। ਸਮੂਹ ਕਮਿਊਨਿਸਟਾਂ ਨੂੰ ਗ੍ਰਿਫਤਾਰ ਕਰਕੇ ਬਿਨ੍ਹਾਂ ਮੁਕੱਦਮਾ ਚਲਾਏ ਜੇਲ੍ਹੀ ਨਜ਼ਰਬੰਦ ਕਰ ਦਿੱਤਾ ਗਿਆ ਸੀ। ਆਜ਼ਾਦ ਹਿੰਦੋਸਤਾਨ ਵਿੱਚ ਸ਼ਹਿਰੀ ਅਜ਼ਾਦੀਆਂ ਦਾ ਇਹ ਪਹਿਲਾ ਸਬਕ ਸੀ। ਇਹ ਦਰੁੱਸਤ ਹੈ ਕਿ ਗ੍ਰਿਫਾਤਰ ਕੀਤੇ ਗਏ ਗ਼ਦਰੀ ਅਤੇ ਕਮਿਊਨਿਸਟ ਕਾਂਗਰਸ ਵੱਲੋਂ ਬਰਤਾਨਵੀਂ ਸਰਕਾਰ ਨਾਲ ਘਟੀਆ ਸ਼ਰਤਾਂ 'ਤੇ ਸਮਝੌਤੇ ਦੇ ਖਿਲਾਫ਼ ਸਨ। ਪਰ ਇਸ ਦੇ ਨਾਲ ਨਾਲ ਉਨ੍ਹਾਂ ਲੋਕਾਂ ਨੇ ਮੁਲਕ ਦੀ ਅਜ਼ਾਦੀ ਲਈ ਜ਼ਿੰਦਗੀਆਂ ਵੀ ਲਾਈਆਂ ਸਨ। ਉਨ੍ਹਾਂ ਦਾ ਹੱਕ ਬਣਦਾ ਸੀ ਕਿ ਉਹ ਇਨ੍ਹਾਂ ਨਾਵਾਜਬ ਸ਼ਰਤਾਂ ਦੀ ਮੁਖਾਲਫਤ ਕਰਦੇ। ਉਨ੍ਹਾਂ ਨੂੰ ਇਸ ਬੁਨਿਆਦੀ ਹੱਕ ਤੋਂ ਵਾਂਝਿਆਂ ਰੱਖਣਾ ਕਿਥੋਂ ਦੀ ਅਜ਼ਾਦੀ ਸੀ? ਉਹ ਨਾਵਾਜਬ ਸ਼ਰਤਾਂ ਕੀ ਸਨ? (ੳ) ਅਜ਼ਾਦ ਹਿੰਦੋਸਤਾਨ ਵਿੱਚ ਅੰਗਰੇਜ਼ਾਂ ਦਾ ਲੱਗਿਆ ਸਰਮਾਇਆ ਮਹਿਫੂਜ਼ ਰਹੇਗਾ ਤੇ ਉਸਦਾ ਮੁਨਾਫ਼ਾ ਵਲਾਇਤ ਨੂੰ ਲੈ ਜਾਣ ਦੀ ਖੁੱਲ੍ਹ ਹੋਵੇਗੀ। (ਅ) ਅੰਗਰੇਜ਼ ਅਫਸਰਾਂ ਨੂੰ ਹਿੰਦੋਸਤਾਨੀ ਖਜ਼ਾਨੇ ਵਿੱਚੋਂ ਮਿਲ ਰਹੀਆਂ ਪੈਨਸ਼ਨਾਂ ਬਾਦਸਤੂਰ ਇੰਗਲੈਂਡ ਭੇਜੀਆਂ ਜਾਂਦੀਆਂ ਰਹਿਣਗੀਆਂ। (ੲ) ਅਜ਼ਾਦੀ ਦੀ ਲਹਿਰ ਨੂੰ ਕੁਚਲਣ ਵਾਲੇ ਅਫਸਰਾਂ ਦੀ ਨੌਕਰੀ ਕਾਇਮ ਰਹੇਗੀ। (ਸ) ਅੰਗਰੇਜ਼ ਦੇ ਝੋਲੀਚੁੱਕਾਂ ਨੂੰ ਮਿਲੇ ਮੁਰੱਬੇ ਜਗੀਰਾਂ ਅਤੇ ਰਿਆਇਤਾਂ ਬਾਦਸਤੂਰ ਕਾਇਮ ਰਹਿਣਗੀਆਂ। ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ, ਆਦਿ। ਇਸ ਤੋਂ ਵੀ ਵਧੇਰੇ ਲੇਡੀ ਤੇ ਲਾਰਡ ਮਾਊਂਟਬੈਟਨ ਨੂੰ ਹਿੰਦੋਸਤਾਨ ਦਾ ਪਹਿਲਾ ਸ਼ਹਿਰੀ ਬਣਾ ਦਿੱਤਾ ਗਿਆ ਸੀ ਤੇ ਲਾਰਡ ਮਾਊਂਟਬੈਟਨ ਨੂੰ ਗਵਰਨਰ ਜਨਰਲ ਦੀ ਪਦਵੀ ਦੇ ਦਿੱਤੀ ਗਈ ਸੀ।

ਗ਼ਦਰੀ ਬਾਬੇ ਚਾਹੁੰਦੇ ਸਨ ਕਿ ਅੰਗਰੇਜ਼ ਦੇ ਡਿਸਚਾਰਜ ਕੀਤੇ ਬਾਗੀ ਫੌਜੀਆਂ ਨੂੰ ਸਨਮਾਨਤ ਕਰਕੇ ਮੁੜ ਬਹਾਲ ਕੀਤਾ ਜਾਏ। ਆਈ.ਐਨ.ਏ ਦੇ ਜੋਧਿਆਂ ਨੂੰ ਅਜ਼ਾਦ ਹਿੰਦੋਸਤਾਨ ਦੀ ਫੌਜ ਵਿੱਚ ਜਗ੍ਹਾ ਦਿੱਤੀ ਜਾਏ। ਅਣਖੀਲੇ ਹਿੰਦੋਸਤਾਨੀ ਫੌਜੀ ਅਫਸਰਾਂ, ਜਿਹੜੇ ਅੰਗਰੇਜ਼ੀ ਬਦਸਲੂਕੀ ਦੇ ਖਿਲਾਫ ਉੱਠੇ ਸਨ, ਨੂੰ ਬਹਾਲ ਕਰਕੇ ਉੱਚ ਪਦਵੀਆਂ ਦਿੱਤੀਆਂ ਜਾਣ। ਗ਼ਦਰੀ ਬਾਬੇ ਤੇ ਕਮਿਊਨਿਸਟ ਲੋਕਾਂ ਤੇ ਮਜ਼ਲੂਮਾਂ ਦੇ ਹੱਕ ਵਿੱਚ ਆਵਾਜ਼ ਉਠਾਉਂਦੇ ਸਨ। ਉਹ ਮਜ਼ਦੂਰਾਂ ਕਿਸਾਨਾਂ ਦੇ ਹੱਕ ਦੀਆਂ ਗੱਲਾਂ ਕਰਦੇ ਸਨ। ਉਹ ਅਜ਼ਾਦ ਹਿੰਦੋਸਤਾਨ ਵਿੱਚ ਲੋਕਾਂ ਦੇ ਹੱਕੀ ਅਧਿਕਾਰਾਂ ਲਈ ਜੂਝ ਰਹੇ ਸਨ। ਬਾਵਜੂਦ ਗ੍ਰਿਫਤਾਰੀਆਂ ਤੇ ਸਖਤੀਆਂ ਦੇ ਉਹ ਇਨ੍ਹਾਂ ਮੰਗਾਂ ਲਈ ਦ੍ਰਿੜ੍ਹਤਾ ਨਾਲ ਜੂਝਦੇ ਰਹੇ। ਹਿੰਦ ਵਿੱਚ ਪੁਰਤਗੇਜ਼ੀ ਬਸਤੀਆਂ ਨੂੰ ਅਜ਼ਾਦ ਕਰਾਉਣ ਲਈ ਉਨ੍ਹਾਂ ਨੇ ਆਪਣਾ ਖ਼ੂਨ ਦਿੱਤਾ ਸੀ। ਪੰਡਤ ਕਿਸ਼ੋਰੀ ਲਾਲ ਜਥਾ ਲੈ ਕੇ ਗੋਆ ਗਏ ਤੇ ਕਰਨੈਲ ਸਿੰਘ ਈਸੜੂ ਇਸ ਮੁਹਾਜ਼ 'ਤੇ ਸ਼ਹੀਦ ਹੋਏ ਸਨ। ਉਹ ਰਾਜਿਆਂ ਤੇ ਨਵਾਬਾਂ ਦੇ ਵੀ ਖਿਲਾਫ਼ ਸਨ। ਦਰਸਅਲ ਉਹ ਅਜ਼ਾਦੀ ਦੇ ਆਪਣੇ ਸੁਪਨਿਆਂ ਨੂੰ ਪੂਰਨ ਰੂਪ ਵਿੱਚ ਸਾਕਾਰ ਕਰਨਾ ਚਾਹੁੰਦੇ ਸਨ।

ਲਾਲ ਕਮਿਊਨਿਸਟ ਲਹਿਰ ਅਤੇ ਪੈਪਸੂ ਦੀ ਮੁਜ਼ਾਰਾ ਲਹਿਰ

ਲਾਲ ਲੀਡਰਸ਼ਿਪ ਨੇ ਨਕੋਦਰ ਵਿੱਚ ਇਕੱਠੇ ਹੋ ਕੇ ਲਾਲ ਕਮਿਊਨਿਸਟ ਪਾਰਟੀ ਦੀ ਸਥਾਪਨਾ ਕਰਦਿਆਂ ਹੀ ਕਮਿਊਨਿਸਟ ਲਹਿਰ ਵਿੱਚ ਪਈ ਖਲਿਹਾਰ ਤੇ ਬੇਹਰਕਤੀ ਦੇ ਵਾਤਾਵਰਨ ਨੂੰ ਦੂਰ ਕਰਨ ਦੇ ਉਪਰਾਲੇ ਸ਼ੁਰੂ ਕਰ ਦਿੱਤੇ ਸਨ। ਲਾਲ ਕਮਿਊਨਿਸਟ ਪਾਰਟੀ ਅਸਲ ਵਿੱਚ ਕਿਰਤੀ ਪਾਰਟੀ ਦਾ ਹੀ ਦੂਜਾ ਨਾਂ ਸੀ। ਉਸ ਨੇ ਆਪਣੀਆਂ ਜ਼ਿਲ੍ਹਾ ਕਮੇਟੀਆਂ ਅਤੇ ਮੁਢਲੀਆਂ ਇਕਾਈਆਂ ਨੂੰ ਸਰਗਰਮ ਕੀਤਾ। ਲਾਲ ਪਾਰਟੀ ਦੇ ਕਾਫੀ ਆਗੂ 1948 ਦੇ ਛਾਪਿਆਂ ਵਿੱਚ ਗ੍ਰਿਫਤਾਰ ਕਰ ਲਏ ਗਏ ਸਨ, ਫੇਰ ਵੀ ਪਾਰਟੀ ਨੇ ਸਰਕਾਰ ਦੇ ਇਸ ਹਮਲੇ ਦਾ ਮਜ਼ਬੂਤੀ ਨਾਲ ਮੁਕਾਬਲਾ ਕਰਨ ਦੀ ਠਾਨ ਲਈ ਸੀ। ਤੇਜਾ ਸਿੰਘ ਸੁਤੰਤਰ ਅਤੇ ਬੂਝਾ ਸਿੰਘ ਰੂਪੋਸ਼ ਹੋ ਗਏ ਸਨ। ਲਾਲ ਝੰਡਾ (ਗੁਪਤ ਅਖ਼ਬਾਰ) ਦੁਬਾਰਾ ਛਪਣਾ ਸ਼ੁਰੂ ਹੋ ਗਿਆ ਸੀ।

ਲੋਕ ਮੰਗਾਂ ਦੇ ਆਧਾਰ 'ਤੇ ਖਾੜਕੂ ਘੋਲ ਦੀਆਂ ਤਿਆਰੀਆਂ ਆਰੰਭੀਆਂ ਗਈਆਂ ਸਨ ਜਿਸ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਪੈਪਸੂ ਦੇ ਮੁਜ਼ਾਰਿਆਂ ਦਾ ਘੋਲ ਸੀ। ਬਹੁਤੀ ਤਾਕਤ ਇਸ ਘੋਲ ਉੱਤੇ ਕੇਂਦਰਤ ਕੀਤੀ ਗਈ ਸੀ। ਹਥਿਆਰਬੰਦ ਸੁਰੱਖਿਆ ਦਸਤੇ ਖੜ੍ਹੇ ਕੀਤੇ ਗਏ ਸਨ ਅਤੇ ਹਥਿਆਰ ਵੀ ਕਈ ਵਿਉਂਤਾਂ ਨਾਲ ਇਕੱਠੇ ਕੀਤੇ ਗਏ ਸਨ। ਇਹ ਮਹਾਰਾਜਾ ਪਟਿਆਲਾ ਤੇ ਉਸ ਦੇ ਵਿਸਵੇਦਾਰਾਂ ਵੱਲੋਂ ਰਿਆਸਤ ਵਿੱਚ ਪਾਈਆਂ ਧਾਂਦਲੀਆਂ ਨੂੰ ਦੂਰ ਕਰਨ ਦਾ ਘੋਲ ਸੀ। ਕੱਲ੍ਹ ਦੇ ਮਾਲਕ, ਅੱਜ ਮੁਜ਼ਾਰੇ ਬਣਾ ਦਿੱਤੇ ਗਏ ਸਨ ਜਿਹੜੇ ਵਿਸਵੇਦਾਰਾਂ ਦੇ ਰਹਿਮ 'ਤੇ ਛੱਡ ਦਿੱਤੇ ਗਏ ਸਨ। ਪਟਿਆਲਾ ਦੇ ਰਾਜੇ ਦੇ ਕੁਕਰਮਾਂ ਦੀ ਦਾਸਤਾਨ ਲੰਮੀ ਹੈ। ਇਸ ਨੇ ਅੰਗਰੇਜ਼ੀ ਹਕੂਮਤ ਦੀ ਵਫਾਦਾਰੀ ਵਿੱਚ ਹਿੰਦੋਸਤਾਨ ਦੇ ਲੋਕਾਂ 'ਤੇ ਬੜੇ ਜ਼ੁਲਮ ਢਾਏ ਸਨ।

ਪੈਪਸੂ ਦੇ ਮੁਜ਼ਾਰਿਆਂ ਦੀਆਂ ਤਿੰਨ ਤੈਹਾਂ ਸਨ, ਇਨ੍ਹਾਂ ਤਿੰਨਾਂ ਹੀ ਤੈਹਾਂ ਨੂੰ ਇਕ ਪਲੇਟਫਾਰਮ ਤੇ ਲੈ ਆਉਣ ਨਾਲ ਕਮਿਊਨਿਸਟ ਪਾਰਟੀ ਦੀ ਤੀਖਣ ਸੂਝ ਦੀ ਨਿਸ਼ਾਨੀ ਸੀ। ਪਹਿਲੀ ਤਹਿ ਉਨ੍ਹਾਂ ਮੁਜ਼ਰਿਆਂ ਦੀ ਸੀ ਜਿਹੜੇ ਪਹਿਲੋਂ ਜ਼ਮੀਨ ਦੇ ਮਾਲਕ ਸਨ ਅਤ ਪਟਿਆਲੇ ਰਾਜੇ ਨੇ ਕਿਸੇ ਖੁਸ਼ਾਮਦੀ ਤੋਂ ਖੁਸ਼ ਹੋ ਕੇ ਵਿਸਵੇਦਾਰ ਬਣਾ ਦਿੱਤਾ ਸੀ। ਦੂਜੇ ਦਰਜੇ 'ਤੇ ਮਾਰੂਸੀ ਮੁਜ਼ਾਰੇ ਸਨ ਅਤੇ ਤੀਜੇ ਦਰਜੇ 'ਤੇ ਦਿਹਾੜੀ ਮਜ਼ਦੂਰ। ਇਨ੍ਹਾਂ ਸਾਰਿਆਂ ਨੂੰ ਲਹਿਰ ਨਾਲ ਖਿਚਣਾ ਲਾਲ ਪਾਰਟੀ ਜ਼ਰੂਰੀ ਸਮਝਦੀ ਸੀ।

1947 ਵਿੱਚ ਇਕ ਸ਼ਾਹੀ ਫ਼ਰਮਾਨ ਜਾਰੀ ਹੋਇਆ ਸੀ ਜਿਸ ਰਾਹੀਂ ਮੁਜ਼ਾਰੇ ਨੂੰ ਜ਼ਮੀਨ ਦਾ 1/3 ਹਿੱਸਾ ਦੇਣ ਦੀ ਗੱਲ ਕੀਤੀ ਗਈ ਸੀ। ਇਸਦੇ ਵਿਰੁੱਧ ਪਿੰਡ-ਪਿੰਡ ਮਾਰਚ ਅਤੇ ਰੈਲੀਆਂ ਕੀਤੀਆਂ ਗਈਆਂ ਸਨ। ਸਰਕਾਰ ਨੂੰ ਝੁਕਣਾ ਪਿਆ ਤੇ ਨਵੀਂ ਨੋਟੀਫਿਕੇਸ਼ਨ ਰਾਹੀਂ 1949 ਵਿੱਚ ਮੁਜ਼ਾਰੇ ਨੂੰ ਜ਼ਮੀਨ ਦਾ 3/4 ਹਿੱਸਾ ਦਿੱਤਾ ਗਿਆ ਸੀ। ਮੁਜ਼ਾਰਿਆਂ ਦੀ ਸਰਕਾਰ ਅਤੇ ਵਿਸਵੇਦਾਰਾਂ ਵਿਰੁੱਧ ਤਕੜੀ ਟੱਕਰ ਵੀ ਹੋ ਗਈ ਸੀ।

1949 ਵਿਚ ਤਾਮਕੋਟ ਵਿੱਚ ਮੁਜ਼ਾਰਾ ਪ੍ਰਤੀਨਿਧਾਂ ਦੀ ਕਨਵੈਨਸ਼ਨ ਸੱਦੀ ਗਈ ਸੀ ਜਿਸ ਵਿੱਚ ਕਾਮਰੇਡ ਤੇਜਾ ਸਿੰਘ ਸੁਤੰਤਰ ਖੁਦ ਸ਼ਾਮਲ ਹੋਏ ਸਨ। ਇਸ ਕਨਵੈਸ਼ਨ ਵਿੱਚ ਇਹ ਫੈਸਲਾ ਹੋਇਆ ਕਿ ਇਹ 3/4 ਦੀ ਮਾਲਕੀ ਦਾ ਨੋਟੀਫੀਕੇਸ਼ਨ ਵੀ ਰੱਦ ਕਰ ਦਿੱਤਾ ਜਾਏ ਤੇ ਲਹਿਰ ਅੱਗੇ ਵਧਾਈ ਜਾਏ। ਇਕੱਲਾ ਮੁਜ਼ਾਰਾ ਇਸ ਲਹਿਰ ਨੂੰ ਅੱਗੇ ਨਹੀਂ ਸੀ ਲੈ ਜਾ ਸਕਦਾ। ਮਾਰੂਸੀ ਮੁਜ਼ਾਰਿਆਂ ਨਾਲ ਦਿਹਾਤੀ ਮਜ਼ਦੂਰਾਂ ਨੂੰ ਸ਼ਾਮਲ ਕਰਨ ਲਈ ਫੈਸਲਾ ਹੋਇਆ ਕਿ ਸੀਰੀ ਨੂੰ ਸਾਰੀ ਪੈਦਾਵਾਰ ਵਿੱਚੋਂ ਪੂਰਾ ਹਿੱਸਾ ਮਿਲੇ ਅਤੇ ਵਿਸਵੇਦਾਰ ਵਾਲੀ ਕਾਟ ਬੰਦ ਕਰ ਦਿੱਤੀ ਜਾਏ। ਦੁਕਾਨਦਾਰਾਂ ਅਤੇ ਲਾਗੀਆਂ ਨੂੰ ਵੀ ਵੱਸੋਂ ਜ਼ਮੀਨੀ ਘੋਲ ਲਈ ਇੱਕਮੁਠ ਅਤੇ ਲਾਮਬੰਦ ਕੀਤੀ ਗਈ ਸੀ। ਵਿਸਵੇਦਾਰ ਨੂੰ ਪਿੰਡ ਵਿੱਚ ਕੋਈ ਠੀਕ ਤਰ੍ਹਾਂ ਬੁਲਾਉਂਦਾ ਨਹੀਂ ਸੀ। ਪਿੰਡਾਂ ਦੇ ਪਿੰਡ ਲਾਲ ਪਾਰਟੀ ਦੇ ਗੜ੍ਹ ਬਣ ਗਏ ਸਨ।

ਸਰਕਾਰ ਤੇ ਵਿਸਵੇਦਾਰਾਂ ਨਾਲ ਟਕਰਾਓ ਤੇਜ਼ ਹੋ ਚੁੱਕਾ ਸੀ। ਪੈਪਸੂ ਦੀ ਪਾਰਟੀ ਕਮੇਟੀ ਇਸ ਲਹਿਰ ਦੀ ਅਗਵਾਈ ਕਰਦੀ ਸੀ। ਬਾਅਦ ਵਿੱਚ ਲੁਧਿਆਣਾ ਜੇਲ੍ਹ ਵਿੱਚੋਂ ਸੁਰੰਗ ਲਾ ਕੇ ਫਰਾਰ ਹੋਏ ਸਾਥੀ ਗੁਰਚਰਨ ਸਿੰਘ ਰੰਧਾਵਾ, ਵਧਾਵਾ ਰਾਮ ਤੇ ਰਾਜਿੰਦਰ ਸਿੰਘ ਸਰੀਂਹ ਵੀ ਇਸ ਵਿੱਚ ਸ਼ਾਮਲ ਹੋ ਗਏ ਸਨ। ਕਾਮਰੇਡ ਧਰਮ ਸਿੰਘ ਫੱਕਰ, ਜਗੀਰ ਸਿੰਘ ਜੋਗਾ, ਗਿਆਨੀ ਬਚਨ ਸਿੰਘ, ਘੁੰਮਣ ਸਿੰਘ ਉਗਰਾਹਾਂ ਪੈਪਸੂ ਦੇ ਸਥਾਨਕ ਸਾਥੀ ਇਸ ਲਹਿਰ ਦੇ ਆਗੂ ਸਨ। ਬਾਬ ਹਰਨਾਮ ਸਿੰਘ ਧਰਮਗੜ੍ਹ ਮੁਜ਼ਾਰਾ ਲਹਿਰ ਦੇ ਮੋਢੀ ਸਨ ਤੇ ਗੱਜਣ ਸਿੰਘ ਟਾਂਡੀਆਂ ਕਿਸਾਨ ਸਭਾ ਦੇ ਪ੍ਰਧਾਨ ਸਨ। ਗਿਆਨੀ ਬਚਨ ਸਿੰਘ ਵਾਰ ਕੌਂਸਲਰ ਦਾ ਸਕੱਤਰ ਵੀ ਸੀ।

ਲਹਿਰ ਦੀ ਚੜ੍ਹਤ ਨਾਲ ਗੱਲ ਹਥਿਆਰਬੰਦ ਮੁਕਾਬਲਿਆਂ ਤਕ ਚਲੀ ਗਈ। ਗਿਆਨੀ ਬਚਨ ਸਿੰਘ ਹਥਿਆਰਬੰਦ ਦਸਤੇ ਦਾ ਕਮਾਂਡਰ ਸੀ। ਵਿਸਵੇਦਾਰਾਂ ਅਤੇ ਉਨ੍ਹਾਂ ਦੇ ਲਗਾੜਿਆਂ ਕੋਲੋਂ ਹਥਿਆਰ ਖੋਹੇ ਗਏ ਸਨ। ਕੁਝ ਇਕ ਨੂੰ ਪਾਰ ਵੀ ਬੁਲਾ ਦਿੱਤਾ ਗਿਆ ਸੀ। ਪੁਲਸ ਨਾਲ ਵੀ ਟੱਕਰਾਂ ਹੋਈਆਂ ਸਨ। ਜਿਨ੍ਹਾਂ ਵਿੱਚ ਗੱਜਣ ਸਿੰਘ, ਆਤਮਾ ਸਿੰਘ ਤੇ ਦਰਬਾਰਾ ਸਿੰਘ ਆਦਿ ਸਾਥੀ ਸ਼ਹੀਦ ਹੋ ਗਏ ਸਨ। ਹਥਿਆਰਬੰਦ ਜਥੇ ਵਿੱਚ ਸਿਰਕੱਢ ਸਾਥੀ ਪੂਰਨ ਸਿੰਘ ਸਿਰਸੀਵਾਲਾ, ਕੇਹਰ ਸਿੰਘ ਬਖਸ਼ੀਵਾਲਾ, ਈਸ਼ਰ ਸਿੰਘ ਤਾਮਕੋਟ, ਪ੍ਰੀਤਮ ਸਿੰਘ ਕਿਸ਼ਨਗੜ੍ਹ, ਪੰਡਤ ਬੰਤ ਰਾਮ ਅਲੀਸ਼ੇਰ, ਹਰਬੰਸ ਸਿੰਘ ਤੇ ਪਾਖਰ ਸਿੰਘ ਮਹੇੜੂ, ਨਸੀਬ ਸਿੰਘ ਸਮਰਾ ਆਦਿ ਸਨ। ਮੁਜ਼ਾਰਿਆਂ ਨੂੰ ਪੂਰਾ ਯਕੀਨ ਹੋ ਗਿਆ ਸੀ ਕਿ ਹੁਣ ਵਿਸਵੇਦਾਰ ਹਿੱਸਾ ਨਹੀਂ ਲੈ ਸਕਦੇ। ਮਾਰੂਸੀ ਮੁਜ਼ਾਰਿਆਂ ਤੇ ਸੀਰੀਆਂ ਨੂੰ ਪੈਦਾਵਾਰ ਵਿੱਚੋਂ ਪੂਰਾ ਹਿੱਸਾ ਮਿਲਣ ਲੱਗ ਪਿਆ ਸੀ।

ਲਾਲ ਪਾਰਟੀ ਨੇ ਐਲਾਨ ਕਰ ਦਿੱਤਾ ਸੀ ਕਿ ਵਿਸਵੇਦਾਰਾਂ ਦੀਆਂ ਘਰੇਲੂ ਜ਼ਮੀਨਾਂ 'ਤੇ ਵੀ ਕਬਜ਼ੇ ਕਰ ਲਏ ਜਾਣ। ਪਿੰਡ ਪਿੰਡ ਮੁਜ਼ਾਰਿਆਂ ਤੇ ਖੇਤ ਮਜ਼ਦੂਰਾਂ ਨੇ ਢੋਲ ਵਜਾ ਕੇ ਲਾਲ ਝੰਡੇ ਹੱਥ ਵਿੱਚ ਲੈ ਕੇ ਖੇਤਾਂ ਉਤੇ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ ਸਨ। ਲਾਲ ਕਮਿਊਨਿਸਟ ਪਾਰਟੀ ਨੇ ਚੇਤੰਨ ਜਤਨ ਕੀਤੇ ਕਿ ਵਿਸਵੇਦਾਰਾਂ ਦੀ

ਮਾਲਕੀ ਵਾਲੀ ਜ਼ਮੀਨ ਉਚੇਚੇ ਤੌਰ 'ਤੇ ਗਰੀਬ ਮੁਜ਼ਾਰਿਆਂ ਅਤੇ ਖੇਤ ਮਜ਼ਦੂਰਾਂ ਵਿੱਚ ਵੰਡੀ ਜਾਵੇ। ਦਲੇਲ ਸਿੰਘ ਵਾਲਾ, ਬਖਸ਼ੀਵਾਲਾ ਆਦਿ ਕਈ ਪਿੰਡਾਂ ਵਿੱਚ ਇਸ ਉੱਤੇ ਅਮਲ ਕੀਤਾ ਗਿਆ ਸੀ।

ਵਿਸਵੇਦਾਰਾਂ ਨੇ ਆਪਣੀ ਜਥੇਬੰਦੀ ਕਾਇਮ ਕਰਕੇ ਪ੍ਰੈੱਸ ਪਰਚਾਰ ਸ਼ੁਰੂ ਕਰ ਦਿੱਤਾ ਕਿ ਪੈਪਸੂ ਵਿੱਚ ਕਮਿਊਨਿਸਟਾਂ ਨੇ ਆਪਣੀ ਹਕੂਮਤ ਕਾਇਮ ਕਰ ਲਈ ਹੈ, ਉਹ ਮਾਲੀਆ ਉਗਰਾਉਂਦੇ ਅਤੇ ਕਚਹਿਰੀਆਂ ਲਾਉਂਦੇ ਹਨ, ਲੁੱਟਮਾਰ ਕਰਦੇ ਅਤੇ ਡਾਕੇ ਮਾਰਦੇ ਹਨ। ਉਨ੍ਹਾਂ ਨੇ ਕੇਂਦਰੀ ਸਰਕਾਰ ਕੋਲ ਜਾ ਕੇ ਰੋਣਾ-ਪਿੱਟਣਾ ਸ਼ੁਰੂ ਕਰ ਦਿੱਤਾ ਸੀ ਅਤੇ ਗੁੰਡੇ ਲੈ ਕੇ ਮੁਜ਼ਾਰਾ ਪਿੰਡਾਂ ਉੱਤੇ ਹਮਲੇ ਕਰਕੇ ਸ਼ੁਰੂ ਕਰ ਦਿੱਤੇ ਸਨ। ਇਨ੍ਹਾਂ ਹਮਲਿਆਂ ਦਾ ਮੁਜ਼ਾਰਿਆਂ ਨੇ ਵੀ ਮੁਕਾਬਲਾ ਕੀਤਾ। ਪਿੰਡ ਬਖੋਰਾ ਦੇ ਮੁਜ਼ਾਰਿਆਂ ਨੇ ਜਿਸ ਸੂਰਬੀਰਤਾ ਨਾਲ ਘੋਲ ਲੜਿਆ ਉਹ ਮਿਸਾਲ ਆਪ ਹੈ। ਪੁਲਸ ਅਤੇ ਵਿਸਵੇਦਾਰਾਂ ਦੇ ਗੁੰਡੇ ਆਉਂਦੇ , ਫ਼ਸਲ ਉਜਾੜਦੇ ਅਤੇ ਮੁਜ਼ਾਰਿਆਂ ਦੀ ਔਰਤਾਂ ਦੀ ਕੁੱਟਮਾਰ ਕਰਕੇ ਚਲੇ ਜਾਂਦੇ ਸਨ। ਮੁਜ਼ਾਰੇ ਮੁੜ ਹੱਲਾ ਬੋਲਦੇ ਜ਼ਮੀਨ 'ਤੇ ਕਬਜ਼ੇ ਕਰ ਲੈਂਦੇ ਸਨ। ਮੁਜ਼ਾਰਾ ਔਰਤਾਂ ਵੀ ਮੁਕਾਬਲੇ ਉੱਤੇ ਉੱਤਰ ਆਈਆਂ ਸਨ। ਬੀਬੀ ਹਰਦੇਵ ਕੌਰ, ਕਾਮਰੇਡ ਅਰਜਨ ਸਿੰਘ ਦੀ ਮਾਤਾ ਤੇ ਇਕ ਬੀਬੀ ਰਾੜੇਵਾਲਾ ਦੀ ਵਜ਼ਾਰਤ ਸਮੇਂ ਜੇਲ੍ਹ ਡੱਕ ਦਿੱਤੀਆਂ ਗਈਆਂ। 1951 ਵਿੱਚ ਵਿਸਵੇਦਾਰ ਨਾਨਕ ਸਿੰਘ ਜਦੋਂ ਪੁਲਸ ਤੇ ਗੁੰਡਿਆਂ ਦੀ ਧਾੜ ਲੈ ਕੇ ਜ਼ਬਰਦਸਤੀ ਫਸਲ ਕੱਟਣ ਆਇਆ ਤਾਂ ਸਗੋਂ ਮੁਜ਼ਾਰਿਆਂ ਦੇ ਨਾਲ ਹਥਿਆਰਬੰਦ ਵਾਲੰਟੀਅਰ ਵੀ ਪੁੱਜ ਗਏ ਸਨ। ਆਮੋ ਸਾਹਮਣੇ ਮੁਕਾਬਲਾ ਹੋਇਆ। ਪੁਲਸ ਨੇ ਜਦੋਂ ਹਵਾਈ ਫਾਇਰ ਕੀਤੇ, ਏਧਰੋਂ ਮੁਜ਼ਾਰਾ ਵਲੰਟੀਅਰ ਨੇ ਮੋੜਵੇਂ ਫਾਇਰ ਸ਼ੁਰੂ ਕਰ ਦਿੱਤੇ। ਗੁੰਡੇ ਭੱਜ ਤੁਰੇ ਅਤੇ ਘੋੜ ਸਵਾਰ ਪੁਲਸ ਵੀ ਭੱਜ ਗਈ। ਇਹ ਮੁਜ਼ਾਰਿਆਂ ਦੀ ਸਿੱਧੇ ਮੁਕਾਬਲੇ ਵਿੱਚ ਜਿੱਤ ਸੀ। ਮੁਜ਼ਾਰਿਆਂ ਨੇ ਵਿਸਵੇਦਾਰ ਦੀ ਹਵੇਲੀ ਜਾ ਘੇਰੀ। ਹੱਥ ਗੋਲੇ ਸੁੱਟ ਕੇ ਹੱਲਾ ਬੋਲ ਦਿੱਤਾ। ਜ਼ਖਮੀ ਹੋਏ ਗੁੰਡੇ ਵਿਸਵੇਦਾਰ ਨੂੰ ਗਾਲ੍ਹਾਂ ਕੱਢਦੇ ਹੋਏ ਨੱਠ ਤੁਰੇ।

ਬੱਸ ਫੇਰ ਤਾਂ ਵਿਸਵੇਦਾਰਾਂ ਨੂੰ ਭਾਜੜਾਂ ਹੀ ਪੈ ਗਈਆਂ ਸਨ। ਦਿਹਾਤ ਛੱਡਕੇ ਉਹ ਪਟਿਆਲਾ ਸ਼ਹਿਰ ਵਿੱਚ ਜਾ ਵੜੇ ਸਨ। ਜ਼ਮੀਨਾਂ ਉੱਤੇ ਮੁਜ਼ਾਰਿਆਂ ਦਾ ਪੱਕਾ ਕਬਜ਼ਾ ਹੋ ਗਿਆ ਸੀ ਜਿਸ ਨੂੰ ਪੈਪਸੂ ਸਰਕਾਰ ਨੇ ਬਾਅਦ ਵਿੱਚ ਕਾਨੂੰਨੀ ਸ਼ਕਲ ਦੇ ਦਿੱਤੀ ਗਈ ਸੀ ਮਾਰੂਸੀ ਮੁਜ਼ਾਰੇ ਬਿਨ੍ਹਾਂ ਮੁਆਵਜ਼ਾ ਮਾਲਕ ਬਣ ਗਏ ਸਨ। ਸੀਰੀਆਂ ਤੇ ਦਿਹਾਤੀ ਮਜ਼ਦੂਰਾਂ ਨੂੰ ਵੀ ਜ਼ਮੀਨ ਮਿਲੀ ਸੀ। ਪੈਪਸੂ ਦੇ ਮੁਜ਼ਾਰਾ ਘੋਲ ਦੀ ਗਾਥਾ ਹੋਰ ਵੀ ਲੰਬੀ ਹੈ। ਉਸ ਸਮੇਂ ਹਿੰਦੋਸਤਾਨ ਭਰ ਵਿੱਚ ਕਿਸਾਨੀ ਤੇ ਮੁਜ਼ਾਰਾ ਘੋਲ ਲੜੇ ਗਏ ਸਨ। ਤਲੰਗਾਨਾ ਦੇ ਬਹਾਦਰ ਕਿਸਾਨਾਂ ਨੇ ਵੀ ਸ਼ਾਨਦਾਰ ਲੜਾਈ ਲੜੀ ਸੀ ਪਰ ਪੈਪਸੂ ਦੇ ਮੁਜ਼ਾਰਿਆਂ ਨੇ ਆਪਣੇ ਢੰਗ ਨਾਲੇ ਸਫਲ ਲੜਾਈ ਲੜੀ ਸੀ ਜਿਸ ਵਿੱਚ ਕੋਈ ਖੱਬੀ ਮਾਅਰਕੇਬਾਜ਼ੀ ਨਹੀਂ ਸੀ ਕੀਤੀ ਗਈ। ਲਾਲ ਕਮਿਊਨਿਸਟ ਪਾਰਟੀ ਦੀ ਇਹ ਮਹਾਨ ਜਿੱਤ ਸੀ।

ਲੁਧਿਆਣਾ ਜੇਲ੍ਹ ਵਿੱਚੋ ਸੁਰੰਗ ਰਾਹੀਂ ਫ਼ਰਾਰੀ

" ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ"। ਬਾਬਾ ਗੁਰਮੁਖ ਸਿੰਘ ਪ੍ਰਿਥਵੀ ਸਿੰਘ ਦੇ ਚਲਦੀ ਗੱਡੀ ਵਿੱਚੋ ਛਾਲ ਮਾਰ ਕੇ ਫਰਾਰ ਹੋਣ ਅਤੇ ਹਜ਼ਾਰੀ ਬਾਗ ਜੇਲ੍ਹ ਵਿੱਚੋਂ ਗ਼ਦਰੀਆਂ ਦੀ ਆਮ ਫਰਾਰੀ ਦੀਆਂ ਰੌਂਗਟੇ ਖੜ੍ਹੇ ਕਰ ਦੇਣ ਦੀਆਂ ਘਟਨਾਵਾਂ ਇਸ ਕਿਤਾਬ ਵਿੱਚ ਪਹਿਲਾਂ ਹੀ ਦਿੱਤੀਆਂ ਜਾ ਚੁੱਕੀਆਂ ਹਨ। ਇਸ ਕਾਂਡ ਵਿੱਚ ਗ਼ਦਰੀਆਂ ਦੀ ਦੂਜੀ ਪੀੜ੍ਹੀ ਦਾ ਕਾਰਨਾਮਾ ਦਿੱਤਾ ਜਾ ਰਿਹਾ ਹੈ। ਲੁਧਿਆਣਾ ਸ਼ਹਿਰ ਦੇ ਦੱਖਣ ਵਿੱਚ ਰੇਲਵੇ ਲਾਈਨ ਤੋਂ ਹਟਵੀਂ ਡਿਓੜ੍ਹੀ ਦੇ ਨਾਲ ਖੱਬੇ ਪਾਸੇ ਨੂੰ ਇਕ ਲੰਬੀ ਫਾਂਸੀ ਕੋਠੀਆਂ ਦੀ ਕਤਾਰ ਸੀ। ਪਤਾ ਨਹੀਂ ਇਨ੍ਹਾਂ ਵਿੱਚ ਕਿੰਨੇ ਕੁ ਗੁਨਾਂਹਗਾਰਾਂ, ਬੇਗੁਨਾਹਾਂ ਅਤੇ ਅੰਗਰੇਜ਼ਾਂ ਦੇ ਬਾਗ਼ੀਆਂ ਨੇ ਆਪਣੀ ਜ਼ਿੰਦਗੀ ਦੇ ਆਖਰੀ ਦਿਨ ਗੁਜ਼ਾਰੇ ਹੋਣਗੇ। ਡਿਓੜ੍ਹੀ ਦੇ ਸਾਹਮਣੇ ਡਿਸਪੈਂਸਰੀ ਤੇ ਸੱਜੇ ਹੱਥ ਕੈਦੀਆਂ ਦੀਆਂ ਬੈਰਕਾਂ ਅਤੇ ਚੜ੍ਹਦੇ ਵੱਲ ਜੇਲ੍ਹ ਦਾ ਕਾਰਖਾਨਾ ਸੀ।

ਕਾਂਗਰਸੀ ਹਕੂਮਤ ਨੇ ਯੋਲ ਕੈਂਪ ਜੇਲ੍ਹ ਵਿੱਚੋਂ ਬਦਲ ਕੇ ਸਾਰੇ ਨਜ਼ਰਬੰਦ ਇਸ ਜੇਲ੍ਹ ਦੀਆਂ ਬੈਰਕਾਂ ਵਿੱਚ ਲੈ ਆਏ ਸਨ। ਬੈਰਕਾਂ ਤੋਂ 10 ਫੁੱਟ ਦੀ ਵਿੱਥ 'ਤੇ ਜੇਲ੍ਹ ਵਾਰਡਰਾਂ ਤੇ ਨੰਬਰਦਾਰਾਂ ਵੱਲੋਂ ਪੱਤਰਾ ਚੱਲਦਾ ਸੀ। ਰਾਤ ਨੂੰ ਸਭ ਅੱਛਾ ਦੀ ਆਵਾਜ਼ ਸੁਣਾਈ ਦਿੰਦੀ। ਜੇਲ੍ਹ ਵਿੱਚ ਜੇ ਕੋਈ ਮਰ ਵੀ ਜਾਵੇ ਜਾਂ ਮਰਨੇ ਪਿਆ ਹੋਵੇ ਫਿਰ ਵੀ ਇਹ "ਸਭ ਅੱਛਾ" ਜ਼ਰੂਰ ਪੁਕਾਰਿਆ ਜਾਂਦਾ ਸੀ। ਜੇਲ੍ਹ ਦੇ ਕੋਰਟ ਮੌਕੇ ਤੋਂ ਬਾਹਰ ਵਾਰਡਰਾਂ ਦੇ ਘਰ ਸਨ।

ਪੈਪਸੂ ਵਿੱਚ ਪਟਿਆਲੇ ਦੇ ਮੁਜ਼ਾਰਿਆਂ ਦਾ ਵਿਸਵੇਦਾਰਾਂ ਦੇ ਖਿਲਾਫ਼ ਇਨਕਲਾਬੀ ਘੋਲ ਚੱਲ ਰਿਹਾ ਸੀ ਜਿਸ ਦੀ ਅਗਵਾਈ ਲਾਲ ਕਮਿਊਨਿਸਟ ਪਾਰਟੀ (ਕਿਰਤੀ ਪਾਰਟੀ) ਕਰ ਰਹੀ ਸੀ। ਲਾਲ ਪਾਰਟੀ ਦੀਆਂ ਰਜਵਾੜਾਸ਼ਾਹੀ ਵਿਸਵੇਦਾਰਾਂ ਵਿਰੁੱਧ ਸਿੱਧੀਆਂ ਟੱਕਰਾਂ ਹੋ ਰਹੀਆਂ ਸਨ। ਕਾਮਰੇਡ ਰਾਜਿੰਦਰ ਸਿੰਘ ਸਰੀਂਹ ਨੇ ਗੁਰਚਰਨ ਸਿੰਘ ਰੰਧਾਵਾ ਤੇ ਵਧਾਵਾ ਰਾਮ ਅੱਗੇ ਜੇਲ੍ਹ ਵਿੱਚੋਂ ਫਰਾਰ ਹੋ ਜਾਣ ਦੀ ਤਜਵੀਜ਼ ਰੱਖੀ। ਤਿੰਨਾਂ ਵੱਲੋਂ ਹੀ ਫੈਸਲਾ ਹਾਂ ਵਿੱਚ ਹੋ ਗਿਆ। ਅਜਿਹੀਆਂ ਤਜਵੀਜ਼ਾਂ ਨੂੰ ਮੁਕੰਮਲ ਕਰਨ ਦੇ ਮਾਹਰ ਜਵਾਲਾ ਸਿੰਘ ਬੜਾ ਪਿੰਡ ਦੀ ਮਦਦ ਲਈ ਗਈ। ਉਨ੍ਹਾਂ ਨੇ ਫੈਸਲਾ ਕੀਤਾ ਕਿ ਸੁਰੰਗ ਲਾ ਕੇ ਬਾਹਰ ਨਿਕਲਿਆ ਜਾਏ। ਬੈਰਕ ਤੋਂ ਬਾਹਰਲੀ ਕੰਧ ਦਾ ਫਾਸਲਾ ਨਾਪਣਾ ਜ਼ਰੂਰੀ ਸੀ। ਜਵਾਲਾ ਸਿੰਘ ਨੇ ਜੇਲ੍ਹ ਦੀ ਬਿੱਲੀ ਫੜ ਕੇ ਉਸ ਦੇ ਗਲ ਨਾਲ ਰੱਸੀ ਬੰਨ੍ਹ ਦਿੱਤੀ ਤੇ ਮੋਰੀ ਵਿੱਚੋਂ ਦੀ ਬਿੱਲੀ ਬੈਰਕ ਵਿਚੋਂ ਦੀ ਬਾਹਰ ਸੁਟ ਦਿੱਤੀ। ਬਿੱਲੀ ਕੋਰਟ ਮੌਕੇ ਵੱਲ ਤੁਰ ਪਈ। ਜਵਾਲਾ ਸਿੰਘ ਰੱਸੀ ਛੱਡਦਾ ਗਿਆ ਅਤੇ ਕੋਰਟ ਮੌਕੇ ਤਕ ਪਹੁੰਚਣ ਤੋਂ ਬਾਅਦ ਉਸਨੇ ਬਿੱਲੀ ਨੂੰ ਅੰਦਰ ਖਿੱਚ ਲਿਆ ਤੇ ਰੱਸੀ ਨਾਪ ਕੇ ਫਾਸਲੇ ਦਾ ਪਤਾ ਕਰ ਲਿਆ। ਇਨ੍ਹਾਂ ਨੇ ਬੈਰਕਾਂ ਦੇ ਸਾਹਮਣੇ ਫੁੱਲਾਂ ਦੀਆਂ ਕਿਆਰੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਅਖਾੜਾ ਪੁੱਟ ਕੇ ਕੁਸ਼ਤੀਆਂ ਕਰਨੀਆਂ

ਸ਼ੁਰੂ ਕਰ ਦਿੱਤੀਆਂ। ਜੇਲ੍ਹ ਵਾਲੇ ਖੁਸ਼ ਸਨ ਕਿ ਚੰਗੇ ਕੰਮ ਲੱਗ ਪਏ ਹਨ। ਇਨ੍ਹਾਂ ਨੇ ਆਪਣੀ ਬੈਰਕ ਖ਼ੂਬ ਸਜਾ ਲਈ। ਘਰਾਂ ਤੋਂ ਚਿੱਟੀਆਂ ਚਾਦਰਾਂ ਅਤੇ ਦਰੀਆਂ ਮੰਗਵਾ ਕੇ ਫਰਸ਼ 'ਤੇ ਵਿਛਾ ਲਈਆਂ। ਹੁਣ ਇਹ ਬੈਰਕ ਜੇਲ੍ਹ ਦੀ ਨਹੀਂ ਸਗੋਂ ਚੌਧਰੀਆਂ ਦੀ ਹਵੇਲੀ ਲੱਗਦੀ ਸੀ। ਮਲੋਮਲੀ ਲੜ ਝਗੜ ਕੇ ਇਹ ਤਿੰਨੇ ਇਸ ਬੈਰਕ ਵਿੱਚ ਇੱਕਠੇ ਹੋ ਗਏ ਸਨ। ਰੰਬਾ, ਡੋਲ, ਸੋਧ ਲਈ ਡੋਰੀ, ਮੋਮਬੱਤੀਆਂ ਤੇ ਦੀਆਂ ਸਲਾਈ ਦੀਆਂ ਡੱਬੀਆਂ ਹਾਸਲ ਕਰ ਲਈਆਂ ਸਨ। ਉਨ੍ਹਾਂ ਜੇਲ੍ਹ ਵੱਲੋਂ ਮਿਲੀ ਡੋਲੀ ਦੇ ਨੀਚੇ ਵੱਲ ਨੂੰ ਮਿੱਟੀ ਪੁੱਟਣੀ ਸ਼ੁਰੂ ਕਰ ਦਿੱਤੀ ਸੀ। ਹਰ ਰੋਜ਼ ਓਨੀ ਕੁ ਮਿੱਟੀ ਕੱਢਦੇ ਸਨ ਜਿੰਨੀ ਕੁ ਖਪ ਜਾਂਦੀ ਸੀ। ਛੇ ਫੁੱਟ ਹੇਠਾਂ ਜਾ ਕੇ ਲੰਬੇ ਰੁਖ ਕੋਰਟ ਮੌਕੇ ਵੱਲ ਨੂੰ ਖੁਦਾਈ ਸ਼ੁਰੂ ਕੀਤੀ ਗਈ ਸੀ। ਉਂਝ ਤਾਂ ਹਰ ਇਕ ਨੇ ਆਪਣਾ ਆਪਣਾ ਰੋਲ ਨਿਭਾਇਆ ਪਰ ਜਵਾਲਾ ਸਿੰਘ ਬੜਾ ਪਿੰਡ ਸਰੀਰ ਦਾ ਹਲਕਾ ਫੁਲਕਾ ਹੱਡੀ ਦਾ ਕਰੜਾ ਤੇ ਜੁਗਤੀ ਸੀ। ਉਹ ਰਾਤ ਨੂੰ ਸੁਰੰਗ ਵਿੱਚ ਉੱਤਰ ਕੇ ਪੁਟਾਈ ਕਰਦਾ ਰਹਿੰਦਾ ਸੀ। ਉਹ ਸਵੇਰ ਹੁੰਦਿਆਂ ਹੀ ਲਿਬੜੇ ਤਿਬੜੇ ਅਖਾੜੇ ਵਿੱਚ ਵੜ ਜਾਂਦੇ ਅਤੇ ਘੁਲਣਾ ਸ਼ੁਰੂ ਕਰ ਦਿੰਦੇ ਸਨ। ਨਹਾ ਧੋ ਕੇ ਦਿਨੇ ਸੁੱਤੇ ਰਹਿੰਦੇ ਸਨ। ਕਿਸੇ ਦੇ ਕੰਨੀ ਕੋਈ ਖਬਰ ਨਾ ਲੱਗੀ। ਸੁਰੰਗ ਪੁੱਟੀ ਜਾਂਦੀ ਤੇ ਮਿੱਟੀ ਖਪਦੀ ਰਹਿੰਦੀ। ਉਨ੍ਹਾਂ ਨੇ ਨੀਵੇਂ ਥਾਵਾਂ ਨੂੰ ਵੀ ਉੱਚਾ ਕਰਨਾ ਸ਼ੁਰੂ ਕਰ ਦਿੱਤਾ ਸੀ। ਸੁਰੰਗ ਕੋਰਟ ਮੌਕਾ ਟੱਪ ਕੇ ਬਾਹਰ ਤਕ ਚਲੀ ਗਈ ਸੀ। ਪੁਰਾਣੀ ਜੇਲ੍ਹ ਦੀਆਂ ਕੰਧਾਂ ਕੱਲਰ ਖਾਧੀਆਂ ਸਨ, ਖ਼ਤਰਾ ਹੀ ਖ਼ਤਰਾ ਸੀ। ਜੇਕਰ ਮਿੱਟੀ ਦੀ ਢਿੱਗ ਡਿੱਗ ਕੇ ਕੰਧ ਬਹਿ ਜਾਂਦੀ ਤਾਂ ਅੰਦਰ ਹੀ ਕਬਰ ਬਣ ਜਾਣੀ ਸੀ। ਹੁਣ ਉੱਤੇ ਮਿੱਟੀ ਕੱਢਣੀ ਸ਼ੁਰੂ ਕਰ ਦਿੱਤੀ। ਦਰਖ਼ਤ ਦੀਆਂ ਜੜ੍ਹਾਂ ਰਾਹੀਂ ਵਾਰਡਰਾਂ ਦੇ ਰਿਹਾਇਸ਼ੀ ਕੁਆਟਰਾਂ ਤੋਂ ਗਾਉਣ ਵਜਾਉਣ ਦੀਆਂ ਅਵਾਜਾਂ ਸੁਣਨ ਲੱਗ ਪਈਆਂ ਸਨ। ਸਾਰਾ ਕੁਝ ਢੱਕ ਢਕਾ ਕੇ ਉਨ੍ਹਾਂ ਨੇ ਬਾਹਰ ਬਾਬਾ ਕਰਮ ਸਿੰਘ ਚੀਮਾ ਨੂੰ ਖ਼ਬਰ ਕਰ ਦਿੱਤੀ ਸੀ। ਭਾਗਾਂ ਭਰਿਆ ਦਿਹਾੜਾ ਵੀ ਆ ਗਿਆ ਸੀ। ਭਾਈ ਸ਼ੇਰ ਸਿੰਘ ਜੰਡਿਆਲਾ ਆਪਣੀ ਕਾਰ ਲੈ ਕੇ ਦੱਸੀ ਥਾਂ 'ਤੇ ਪਹੁੰਚ ਗਿਆ ਸੀ। ਅੱਧੀ ਰਾਤ ਟੱਪ ਗਈ, ਤਿੰਨੇ ਹੀ ਸ਼ੇਰ ਸੁਰੰਗ ਵਿੱਚ ਉੱਤਰ ਗਏ ਅਤੇ ਸਿਰ ਅੜਾ ਕੇ ਫੁੱਟ ਕੁ ਰਹਿੰਦੀ ਮਿੱਟੀ ਉੱਤੇ ਚੁੱਕ ਦਿੱਤੀ। ਗੁਰਚਰਨ ਸਿੰਘ ਰੰਧਾਵਾ ਸਰੀਰ ਦਾ ਮੋਟਾ ਸੀ। ਉਹ ਉੱਤੇ ਜੁੜਨ ਵਾਲੀ ਸੁਰੰਗ ਵਿੱਚ ਫਸ ਗਿਆ ਸੀ। ਦੁਬਾਰਾ ਫੇਰ ਰੰਬੇ ਦੀ ਵਰਤੋਂ ਕਰਨੀ ਪਈ ਸੀ ਜਿਸ ਤੋਂ ਬਾਅਦ ਤਿੰਨੇ ਹੀ ਬਾਹਰ ਆ ਗਏ ਸਨ। ਜਵਾਲਾ ਸਿੰਘ ਆਪਣੇ ਟਿਕਾਣੇ 'ਤੇ ਜਾ ਕੇ ਸੌਂ ਗਿਆ। ਬਾਹਰ ਨਿਕਲਣ ਦੀ ਬਿੜਕ ਆਉਣ 'ਤੇ ਕਾਰ ਵਾਲਿਆਂ ਦੇ ਮੂੰਹ ਵਿੱਚੋ ਨਿਕਲ ਗਿਆ, " ਉਹ ਆ ਗਏ" ਤੇ ਨਾਲ ਹੀ ਟਾਰਚ ਦੀ ਲਾਈਟ ਮਾਰ ਦਿੱਤੀ। ਇਨ੍ਹਾਂ ਤਿੰਨਾਂ ਨੂੰ ਸ਼ੱਕ ਪੈ ਗਿਆ ਕਿ ਜੇਲ੍ਹ ਵਾਲਿਆਂ ਨੂੰ ਪਤਾ ਲੱਗ ਗਿਆ ਤੇ ਉਹ ਫੜਨ ਆ ਰਹੇ ਹਨ। ਇਹ ਤਿੰਨੇ ਰੇਲ ਦੀ ਪਟੜੀ ਪੈ ਕੇ ਛਾਲਾਂ ਮਾਰਦੇ ਕਈ ਮੀਲ ਨਿਕਲ ਗਏ। ਭਾਈ ਸ਼ੇਰ ਸਿੰਘ ਦੇ ਜਥੇ ਨੂੰ ਖਾਲੀ ਮੁੜਨਾ ਪਿਆ ਸੀ। ਕਾਫੀ ਕਠਨਾਈਆਂ ਤੋਂ ਬਾਅਦ ਪੁਲਸ ਤੋਂ ਬਚਦੇ ਬਚਾਉਂਦੇ ਉਹ ਤਿੰਨੇ ਹੀ ਪੈਪਸੂ (ਪਟਿਆਲੇ) ਪਹੁੰਚ ਗਏ ਤੇ ਮੁਜਾਰਿਆਂ ਦੇ

ਲੜਾਕੂ ਜਥੇ ਦੀ ਅਗਵਾਈ ਕਰਨ ਲਗੇ।

ਜਾਣ ਲੱਗੇ ਬਿਸਤਰੇ ਇਸ ਤਰ੍ਹਾਂ ਕਰ ਗਏ ਸਨ ਕਿ ਜਿਸ ਨਾਲ ਸ਼ੱਕ ਪਵੇ ਕਿ ਅਜੇ ਸੁੱਤੇ ਹੀ ਪਏ ਹਨ। ਜੇਲ੍ਹ ਅੰਦਰ ਭੁੱਖ ਹੜਤਾਲ ਜਾਰੀ ਸੀ। ਜੇਲ੍ਹ ਦੀ ਗਿਣਤੀ ਹੋ ਗਈ ਅਤੇ "ਸਭ ਅੱਛਾ" ਵੀ ਹੋ ਗਿਆ। ਪਰ ਕਿਸੇ ਨੂੰ ਵੀ ਪਤਾ ਨਾ ਲਗਾ ਕਿ ਬਿਸਤਰੇ ਵਿੱਚੋਂ ਖਾਲੀ ਹਨ। ਸਵੇਰੇ 10 ਵਜੇ ਜਦੋਂ ਜੇਲ੍ਹ ਦਾ ਡਾਕਟਰ ਮੁਆਇਨੇ ਲਈ ਆਇਆ ਤਾਂ ਬਿਸਤਰੇ ਖਾਲੀ ਪਏ ਸਨ ਅਤੇ ਤਿੰਨੇ ਹੀ ਕੈਦੀ ਗਾਇਬ ਸਨ। ਅੱਗੇ ਸੁਰੰਗ ਨਜ਼ਰ ਆ ਰਹੀ ਸੀ। ਜੇਲ੍ਹ ਦੇ ਅਧਿਕਾਰੀ ਫਸ ਗਏ। ਉਹ ਤਾਂ ਪੂਰੀ ਗਿਣਤੀ ਦੇ ਚੁੱਕੇ ਸਨ। ਡਿਪਟੀ ਜੇਲ੍ਹ ਨੇ ਤਜਵੀਜ਼ ਦਿੱਤੀ ਕਿ ਤਿੰਨਾਂ ਚੌਹ ਕੈਦੀਆਂ ਨੂੰ ਸੁਰੰਗ ਵਿੱਚ ਸੁੱਟ ਕੇ ਗੋਲੀ ਮਾਰ ਦਿਓ ਤੇ ਅਲਾਰਮ ਕਰ ਦਿਓ, ਪੁਲਸ ਆ ਜਾਵੇਗੀ। ਪਰ ਸੁਪਰਡੈਂਟ ਜੇਲ੍ਹ ਨੇ ਇਹ ਤਜਵੀਜ਼ ਨਾਮਨਜ਼ੂਰ ਕਰ ਦਿੱਤੀ। ਅਲਾਰਮ ਹੋ ਗਿਆ ਕੈਦੀ ਕੋਠੀਆਂ ਅੰਦਰ ਬੰਦ ਕਰ ਦਿੱਤੇ ਗਏ। ਪੁਲਸ ਮਫਰੂਰ ਕੈਦੀਆਂ ਦੀ ਭਾਲ ਵਿੱਚ ਚੁਫੇਰੇ ਨਿਕਲ ਪਈ। ਰੇਲ ਗੱਡੀਆਂ ਤੇ ਲਾਰੀਆਂ ਦੀ ਤਲਾਸ਼ੀ ਸ਼ੁਰੂ ਹੋ ਗਈ। ਪੁਲਸ ਨੇ ਹੱਲ ਚਲਾਉਂਦੇ ਜੱਟਾਂ ਨੂੰ ਵੀ ਜਾ ਘੇਰਿਆ ਸੀ। ਪਰ ਮਫਰੂਰ ਸਾਥੀਆਂ ਦੀ ਕੋਈ ਉੱਘ-ਸੁੱਘ ਨਾ ਲੱਗੀ। ਭੁੱਖ ਹੜਤਾਲ ਜਾਰੀ ਸੀ। ਕੋਠੀਬੰਦ ਸਾਥੀਆਂ ਦੀ ਕਿਸੇ ਨੇ ਖ਼ਬਰ ਨਾ ਲਈ ਜਿਸ ਕਾਰਨ ਪ੍ਰੇਮ ਸਿੰਘ ਸਰਾਭਾ ਦਮ ਤੋੜ ਗਿਆ ਅਤੇ ਸ਼ਹੀਦ ਹੋ ਗਿਆ। ਕਾਮਰੇਡ ਮੇਲਾ ਸਿੰਘ ਬਿਲਗਾ ਆਖਰੀ ਸਵਾਸਾਂ ਤੇ ਪਹੁੰਚ ਚੁੱਕਾ ਸੀ। ਪੰਜਾਬ ਦੀਆਂ ਅਖ਼ਬਾਰਾਂ ਨੇ ਇਸ ਜੇਲ੍ਹ ਫਰਾਰੀ ਦੀਆਂ ਮੋਟੀਆਂ ਮੋਟੀਆਂ ਸੁਰਖੀਆਂ ਲਾਈਆਂ ਸਨ। ਪ੍ਰੇਮ ਸਿੰਘ ਦੀ ਮੌਤ ਪੰਜਾਬ ਵਿੱਚ ਭੜਥੂ ਪਾ ਦਿੱਤਾ। ਦੂਜੀ ਮੌਤ ਤੋਂ ਡਰਦਿਆਂ ਜੇਲ੍ਹ ਅਧਿਕਾਰੀਆਂ ਨੇ ਮੇਲਾ ਸਿੰਘ ਬਿਲਗਾ ਨੂੰ ਸਟੇਚਰ 'ਤੇ ਪਾ ਕੇ ਰੇਲ ਰਾਹੀਂ ਬਿਲਗੇ ਸਟੇਸ਼ਨ 'ਤੇ ਜਾ ਕੇ ਰਿਹਾਅ ਕਰ ਦਿੱਤਾ। ਤਿੰਨੇ ਸੂਰਮੇ ਗੁਰਚਰਨ ਸਿੰਘ ਰੰਧਾਵਾ, ਵਧਾਵਾ ਰਾਮ ਤੇ ਰਾਜਿੰਦਰ ਸਿੰਘ ਸਰੀਂਹ ਪੈਪਸੂ ਦੇ ਮੁਜ਼ਾਰਾ ਘੋਲ ਵਿੱਚ ਜਾ ਕੇ ਸ਼ਾਮਲ ਹੋ ਗਏ ਸਨ।

ਗ਼ਦਰ ਹੈੱਡਕੁਆਟਰ ਸਾਨਫਰਾਂਸਿਸਕੋ (1949 ਤੋਂ 1952)

ਦੂਜੀ ਸੰਸਾਰ ਜੰਗ ਤੋਂ ਪਹਿਲਾਂ ਅਤੇ ਜੰਗ ਤੋਂ ਬਾਅਦ ਗ਼ਦਰੀ ਕੇਂਦਰ ਅਮਰੀਕਾ ਦੇ ਸਾਰੇ ਸਰਗਰਮ ਮੈਂਬਰ ਹਿੰਦੋਸਤਾਨ ਨੂੰ ਤੋਰ ਦਿੱਤੇ ਗਏ ਸਨ। ਇਨ੍ਹਾਂ ਵਿੱਚ ਬਾਬਾ ਦਲੀਪ ਸਿੰਘ ਫਾਹਲਾ, ਨਿਧਾਨ ਸਿੰਘ ਮਹੇਸਰੀ (ਗ਼ਦਰੀ ਪਾਰਟੀ ਦੇ ਪ੍ਰਧਾਨ) ਵੀ ਸ਼ਾਮਲ ਸਨ। ਭਾਵੇਂ ਇਨ੍ਹਾਂ ਜਿੰਮੇਵਾਰ ਗ਼ਦਰੀਆਂ ਦੇ ਭਾਰਤ ਪਰਤਣ 'ਤੇ ਪਾਰਟੀ ਨੇ ਘਾਟ ਜ਼ਰੂਰ ਮਹਿਸੂਸ ਕੀਤੀ ਸੀ ਪਰ ਗ਼ਦਰ ਅਖਬਾਰ ਫਿਰ ਵੀ ਜਾਰੀ ਰਿਹਾ ਸੀ। ਪਿੱਛੇ ਰਹਿ ਗਏ ਸਾਥੀ ਉਮਰ ਦੇ ਪੱਖੋਂ ਸਿਆਣੇ ਹੋ ਗਏ ਸਨ। ਅਮਰੀਕੀ ਹਕੂਮਤ ਨੇ ਨਵਾਂ ਖੂਨ ਅਮਰੀਕਾ ਵਿੱਚ ਦਾਖਲ ਹੋਣੋ ਬੰਦ ਕਰ ਦਿੱਤਾ ਸੀ ਅਤੇ ਇਮੀਗਰੇਸ਼ਨ ਦੀਆਂ ਬੰਦਸ਼ਾਂ ਸਖਤ ਕਰ ਦਿੱਤੀਆਂ ਸਨ।

ਗ਼ਦਰ ਪਾਰਟੀ ਦਾ ਮਹਾਨ ਆਗੂ ਰਤਨ ਸਿੰਘ ਯੂਰਪ ਵਿੱਚ ਲਗਾਤਾਰ ਕੰਮ

ਕਰ ਰਿਹਾ ਸੀ। ਅਮਰੀਕਾ ਵਿੱਚ ਪਾਬੰਦੀਆਂ ਦੇ ਕਾਰਨ ਹੁਣ ਪੰਜਾਬੀ ਇਮੀਗਰੈਂਟ ਇੰਗਲੈਂਡ ਪਹੁੰਚਣੇ ਸ਼ੁਰੂ ਹੋ ਗਏ ਸਨ, ਜਿਨ੍ਹਾਂ ਵਿੱਚ ਕਿਰਤੀ ਅਤੇ ਕਮਿਊਨਿਸਟ ਪਾਰਟੀ ਦੇ ਉੱਘੇ ਵਰਕਰ ਵੀ ਸ਼ਾਮਲ ਸਨ। ਬਾਬਾ ਰਤਨ ਸਿੰਘ ਦੀ ਪ੍ਰੇਰਨਾ ਨਾਲ ਇੰਗਲੈਂਡ ਵਿੱਚ "ਇੰਡੀਅਨ" ਵਰਕਰਜ਼ ਐਸੋਸੀਏਸ਼ਨ ਨਾਂ ਦੀ ਜਥੇਬੰਦੀ ਕਾਇਮ ਕੀਤੀ ਗਈ ਸੀ ਕਿਉਂਕਿ ਗ਼ਦਰ ਪਾਰਟੀ ਏਥੇ ਬਣ ਨਹੀਂ ਸਕਦੀ ਸੀ। ਦਰਅਸਲ ਇਸ ਨੇ ਗ਼ਦਰ ਪਾਰਟੀ ਦੀ ਥਾਂ ਲੈ ਵਿਤਕਰਿਆਂ ਵਿਰੁੱਧ ਡਟਵੇਂ ਘੋਲ ਕੀਤੇ ਸਨ। ਇਸੇ ਹੀ ਸਮੇਂ ਹਿੰਦੋਸਤਾਨ ਦੇ ਬਹਾਦਰ ਸਪੂਤ ਊਧਮ ਸਿੰਘ ਨੇ ਕੌਕਸਟਨ ਹਾਲ ਵਿੱਚ ਜਲ੍ਹਿਆਂਵਾਲੇ ਬਾਗ ਦੇ ਕਾਤਲ ਉਡਵਾਇਰ ਨੂੰ ਗੋਲੀ ਨਾਲ ਉਡਾ ਦਿੱਤਾ ਸੀ, ਜਿਸ ਕਾਰਨ ਉਸ ਨੂੰ ਲੰਡਨ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ ਸੀ। ਬਾਬਾ ਰਤਨ ਸਿੰਘ ਅਤੇ ਸਰਦਾਰ ਅਜੀਤ ਸਿੰਘ ਜੰਗ ਦੇ ਸ਼ੁਰੂ ਵਿਚ ਹਿੰਦੋਸਤਾਨੀ ਜੰਗੀ ਕੈਦੀਆਂ ਵਿੱਚ ਪ੍ਰਚਾਰ ਕਰਦੇ ਰਹੇ ਸਨ। ਯੂਰਪ ਵਿੱਚ ਆਈ.ਐਨ.ਏ ਦਾ ਮੁੱਢ ਇਸ ਤੋਂ ਹੀ ਬੱਝਾ ਸੀ। ਬਾਬਾ ਰਤਨ ਸਿੰਘ ਅਫਰੀਕਾ ਰਾਹੀਂ ਭਾਰਤ ਪਹੁੰਚਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਮੈਡਾਗਾਸਕਰ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਮੁੜਕੇ ਇਟਲੀ ਦੀ ਫਾਸ਼ਿਸਟ ਹਕੂਮਤ ਨੂੰ ਨਾ ਭਾਇਆ। ਇਟਲੀ ਦੀ ਹਕੂਮਤ ਨੇ ਉਨ੍ਹਾਂ ਦੇ ਆਖਰੀ ਸਵਾਸ ਇਟਲੀ ਦੇ ਕਿਸੇ ਨਾਮਾਲੂਮ ਹਸਪਤਾਲ ਵਿਚ ਪੂਰੇ ਹੋ ਗਏ ਸਨ।

ਜੰਗ ਦੇ ਦੌਰਾਨ ਕਿਰਤੀ ਕਮਿਊਨਿਸਟ ਇਤਿਹਾਦ ਦਾ ਸਨਫਰਾਂਸਿਸਕੋ ਦੇ ਗ਼ਦਰੀ ਕੇਂਦਰ ਨੇ ਸਵਾਗਤ ਕੀਤਾ ਸੀ। ਇਸ ਤੋਂ ਬਾਅਦ ਗ਼ਦਰ ਪਾਰਟੀ ਨੇ ਹਿੰਦੋਸਤਾਨ ਕਮਿਊਨਿਸਟ ਪਾਰਟੀ ਦੀ ਭਰਪੂਰ ਮਾਲੀ ਇਮਦਾਦ ਵੀ ਕੀਤੀ ਸੀ ਅਤੇ ਨਾਲ ਹੀ ਪੰਜਾਬ ਕਮੇਟੀ ਲਈ ਇਕ ਨਵਾਂ ਕੀਮਤੀ ਪ੍ਰੈਸ ਖਰੀਦ ਕੇ ਭੇਜਿਆ ਸੀ। ਜੋ ਮੁਲਕ ਦੀ ਵੰਡ ਹੋਣ ਕਾਰਨ ਅਣਖੋਲ੍ਹਿਆ ਹੀ ਪਾਕਿਸਤਾਨ ਵਿੱਚ ਰਹਿ ਗਿਆ ਸੀ ਅਤੇ ਪਾਕਿਸਤਾਨ ਦੀ ਹਕੂਮਤ ਨੇ ਉਸ ਨੂੰ ਜ਼ਬਤ ਕਰ ਲਿਆ ਸੀ।

ਜਦ ਕਾਮਰੇਡ ਫਜ਼ਲ ਇਲਾਹੀ ਕੁਰਬਾਨ ਇੰਟਰਨੈਸ਼ਨਲ ਲੇਬਰ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਅਮਰੀਕਾ ਗਿਆ ਸੀ ਤਾਂ ਗ਼ਦਰ ਪਾਰਟੀ ਵਾਲਿਆਂ ਨੇ ਉਸ ਦਾ ਪੁਰਜ਼ੋਰ ਸਵਾਗਤ ਕੀਤਾ ਸੀ। ਥਾਂ-ਥਾਂ ਉਸ ਦੇ ਲੈਕਚਰ ਕਰਵਾਏ ਸਨ। ਪਾਰਟੀ ਲਈ ਫੰਡ ਇਕੱਠਾ ਕਰ ਕੇ ਵੀ ਦਿੱਤਾ ਸੀ। ਉਸ ਦੇ ਪਾਕਿਸਤਾਨ ਅਤੇ ਮੁਸਲਮ ਘੱਟ-ਗਿਣਤੀਆਂ ਬਾਰੇ ਭਾਸ਼ਣ ਅਤੇ 'ਗਾਂਧੀ ਜਿਨਾਹ ਫਿਰ ਮਿਲੋ' ਵਾਲੀਆਂ ਗੱਲਾਂ ਗ਼ਦਰੀਆਂ ਦੀ ਸੂਝ ਦਾ ਹਿੱਸਾ ਨਾ ਬਣ ਸਕੀਆਂ। ਇਨ੍ਹਾਂ ਗੱਲਾਂ ਗੱਲਾਂ ਦਾ ਅਮਰੀਕਾ ਦੇ ਗ਼ਦਰੀਆਂ 'ਤੇ ਚੰਗਾ ਅਸਰ ਨਾ ਹੋਇਆ ਫਿਰ ਵੀ ਉਨ੍ਹਾਂ ਨੇ ਪਾਰਟੀ ਦੀ ਇਮਦਾਦ ਜਾਰੀ ਰੱਖੀ ਸੀ।

ਬਾਬਾ ਗੁਰਮੁਖ ਸਿੰਘ ਦੀ ਜੇਲ੍ਹ ਤੋਂ ਰਿਹਾਈ ਅਤੇ ਬਾਅਦ ਵਿੱਚ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਬੜੇ ਨੇੜੇ ਚਲੇ ਜਾਣ ਕਾਰਨ ਬਾਬਾ ਗੁਰਮੁਖ ਸਿੰਘ ਨੇ ਤੇਜਾ ਸਿੰਘ ਸੁਤੰਤਰ ਦੀ ਸਖਤ ਨੁਕਤਾਚੀਨੀ ਵਾਲੇ ਖ਼ਤ ਅਮਰੀਕਾ ਨੂੰ ਲਿਖੇ ਸਨ।

ਤੇਜਾ ਸਿੰਘ ਸੁਤੰਤਰ ਨੇ ਜਵਾਬ ਵਿਚ ਆਪਣੀ ਸਫਾਈ ਪੇਸ਼ ਕੀਤੀ ਸੀ। ਇਨ੍ਹਾਂ ਗੱਲਾਂ ਦਾ ਵੀ ਅਮਰੀਕਾ ਵਿਚਲੇ ਗਦਰੀਆਂ ਉੱਤੇ ਚੰਗਾ ਅਸਰ ਨਾ ਹੋਇਆ। ਸਾਫ ਗੱਲ ਤਾਂ ਇਹ ਹੈ ਕਿ ਕਮਿਊਨਿਸਟ ਪਾਰਟੀ ਦੀ ਉਸ ਵੇਲੇ ਦੀ ਸਿਆਸਤ ਨਾਲ (ਪਾਕਿਸਤਾਨ ਤੇ ਸਿੱਖ ਭੂਮੀਆਂ ਦੇ ਮਸਲੇ ਬਾਰੇ) ਅਮਰੀਕਨ ਗ਼ਦਰੀਆਂ ਦੇ ਮੱਤ ਭੇਦ ਸਨ। ਉਸ ਵੇਲੇ ਅਮਰੀਕਾ ਵਿੱਚ ਐਂਟੀ-ਕਮਿਊਨਿਸਟ ਲਹਿਰ ਜ਼ੋਰਾਂ 'ਤੇ ਚੱਲ ਰਹੀ ਸੀ ਅਤੇ ਅਮਰੀਕਨ ਸਰਕਾਰ ਕਮਿਊਨਿਸਟ ਖਿਆਲਾਂ ਵਾਲੇ ਇਮੀਗਰੈਂਟਾਂ ਨੂੰ ਡੀਪੋਰਟ ਕਰ ਰਹੀ ਸੀ। ਜਿਸ ਕਰਕੇ ਅਮਰੀਕਾ ਵਿੱਚ ਪੰਜਾਬੀਆਂ ਦੀ ਗਿਣਤੀ ਵੀ ਬਹੁਤ ਘਟ ਗਈ ਸੀ।

1947 ਵਿੱਚ ਅਮਰੀਕਾ ਵਿੱਚ ਰਹਿ ਗਏ ਗ਼ਦਰੀਆਂ ਨੇ ਗ਼ਦਰ ਪਾਰਟੀ ਭੰਗ ਕਰ ਦਿੱਤੀ ਸੀ ਅਤੇ ਪੁਰਾਣੀ ਇਮਾਰਤ ਢਾਅ ਦਿੱਤੀ ਸੀ ਅਤੇ 1952 ਵਿੱਚ ਇਸ ਦੀ ਹਿੰਦੋਸਤਾਨ ਕੌਂਸਲ ਜਨਰਲ ਸਾਨਫਰਾਂਸਿਸਕੋ ਦੇ ਨਾਂ ਬਾਕਾਇਦਾ ਰਜਿਸਟਰੀ ਕਰਵਾ ਦਿੱਤੀ ਸੀ। ਇਸ ਨਾਲ ਗ਼ਦਰ ਪਾਰਟੀ ਦੀ ਪੰਜਾਹ-ਸਾਲਾ ਇਨਕਲਾਬੀ ਜੱਦੋ-ਜਹਿਦ ਸਮਾਪਤ ਹੋ ਗਈ ਸੀ ਅਤੇ ਗ਼ਦਰ ਹੈੱਡਕੁਆਟਰ ਦੀ ਥਾਂ ਗ਼ਦਰ-ਮੈਮੋਰੀਅਲ ਖੜ੍ਹਾ ਕਰ ਦਿੱਤਾ ਗਿਆ।

ਇਸ ਦੇ ਉਲਟ ਭਾਰਤ ਪਰਤੇ ਗ਼ਦਰੀ ਜ਼ਿੰਦਗੀ ਭਰ ਇਨਕਲਾਬੀ ਘੋਲ ਵਿੱਚ ਮਸਰੂਫ ਰਹੇ। ਲੋਕਾਂ ਲਈ ਲੜਦਿਆਂ ਉਨ੍ਹਾਂ ਨੇ ਅਥਾਹ ਕੁਰਬਾਨੀਆਂ ਕੀਤੀਆਂ। ਹਿੰਦੋਸਤਾਨ ਦੀ ਇਨਕਲਾਬੀ ਲਹਿਰ ਵਿੱਚ ਉਨ੍ਹਾਂ ਦੀ ਆਪਣੀ ਖਾਸ ਦੇਣ ਹੈ। ਪੰਜਾਬ ਦੀ ਨਕਸਲਵਾਦੀ ਲਹਿਰ ਦੇ ਆਗੂ ਬਾਬਾ ਬੂਝਾ ਸਿੰਘ ਨੂੰ ਬਾਦਲ ਸਰਕਾਰ ਨੇ ਗ੍ਰਿਫਤਾਰ ਕਰਕੇ ਝੂਠੇ ਪੁਲਸ ਮੁਕਾਬਲੇ ਵਿੱਚ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਉਨ੍ਹਾਂ ਦੇ ਸਾਥੀ ਕਾਮਰੇਡ ਗੰਧਰਵ ਸੈਨ ਤੇ ਬੀਬੀ ਸੁਰਿੰਦਰ 14 ਸਾਲ ਮਫਰੂਰ ਰਹੇ।

ਅੱਜ ਵੀ ਜੀਵਤ ਗ਼ਦਰੀ ਤੇ ਉਨ੍ਹਾਂ ਦੇ ਕਿਰਤੀ ਵਾਰਸ ਪੰਜਾਬ ਘੋਲ ਵਿੱਚ ਵਿਸ਼ੇਸ਼ ਹਿੱਸਾ ਪਾ ਰਹੇ ਹਨ। ਗ਼ਦਰੀਆਂ ਨੇ ਜੋ ਸ਼ਮ੍ਹਾਂ ਪੰਜਾਹ ਸਾਲ ਪਹਿਲਾਂ ਜਗਾਈ ਸੀ ਅੱਜ ਵੀ ਜਗਮਗਾਉਂਦੀ ਹੈ। ਉਹ ਅਜ਼ਾਦ ਭਾਰਤ ਵਿੱਚ ਹੋ ਰਹੀਆਂ ਕੁਰੀਤੀਆਂ ਦੇ ਖਿਲਾਫ਼ ਲੋਕਾਂ ਦੇ ਹੱਕਾਂ ਲਈ ਉਸੇ ਲਗਨ, ਦਿਆਨਦਾਰੀ ਤੇ ਦਲੇਰੀ ਨਾਲ ਸੰਘਰਸ਼ ਕਰ ਰਹੇ ਹਨ।

"ਸ਼ਾਅਲਾ-ਮੇਰਾ ਦੇਸ ਆਜ਼ਾਦ ਖੁਸ਼ਹਾਲ ਰਹੇ", ਗ਼ਦਰੀਆਂ ਦੀ ਆਖ਼ਰੀ ਖ਼ਾਹਿਸ਼ ਸੀ। ਇਹ ਪੂਰੀ ਹੋ ਕੇ ਰਹੇਗੀ।

REFERENCES

INDIA AND THE WAR, 1914
LORD HARDINGE, MY INDIAN YEARS, PP. 102-103

Within six months of the outbreak of war seven divisions of infantry and two divisions and two brigades of cavalry were sent from India overseas. But in addition to these organized forces no less than 20 batteries of artillery and 32 battalions of British infantry, 1,000 strong and more, were sent to England. Altogether 80,000 British officers and troops, and 210,000 Indian officers and men were sent from India overseas during the first six months of the war. I would here remark that the largest Indian cxpeditionery force ever previously sent from India overseas amounted to 18,000 men. It is interesting to note as regards the army in India that of nine British cavalry regiments seven were sent cvrseas, of 52 British infantry battalions 44 went overseas, and of Royal Artillery batteries 43 out of 56 were sent abroad. Twenty out of 39 Indian cavalry regimen ts and 89 out of 138 Indian infantry battalions were also sent overseas. It is a fact that for several weeks before the arrival of some untrained Territorial battalions from England the total British garrison in India, a country bigger than Europe and with a doubtful factor on the North-West Frontier, was reduced to less than 15,000 men. It was a big risk, but I took it, inspite of the repeated and vigorous protests of the Commander-in-Chief and of some of the European community, as I trusted the people of India in the great emergency that had arisen, and I told them so and my confidence was not misplaced.

•••

Lord Hardinge, My Indian Years, PP. 116-117
(Passing of Defence of India Act.)

Indian members protested against the stringency of some of its most drastic provisions and said that they would have to oppose the Bill in the assembly....I nevertheless confidently counted on them to pass the law in the end. When the bill came up for debate.......the Indian members aired their criticisms freely, but in the end it was passed unanimously with two slight .amendments that I accepted ......Those two trifling amendments "Saved the face" of the Indian critics.

Under Regulation III of 1818, of more than 300 Sikh revolutionaries were detained in Jails without trails. And a police surveillance of a good many more.

Lord Chelmsford to the King-Emperor on the Rowlatt Act, 21 May, 1919.
Chelmsford papers, (IOI).

The defence of India act, however, was only passed for the period of the war and six months after, and it was obvious that it would be necessary to consider what measures should be taken to cope with......revotutionary movement.......This commissson, which has always been known as the Rowlatt commission, gave to us at the begining of 1918 a unanimous report setting out the disorders which had taken place, their findings upon them and their recommendations for future legislation on the subject. It was impossible for my Government to ignore such a report, and consequently we felt it incumbent upon us to introduce legislation strictly following their recommendations. This legislation was introduced in the February session of this year in my legislation council, and it was imme diately evident that we should have the unanimous opposistion of all the non-official Indian members. I must say that the opposition, while unanimous on the surface, was by no means unanimous in reality, for many of the non-official Indian members expressed privately their convication that the legis- lation was necessary,. but they felt unable to resist the pressure put upon them to oppose these bills.

•••

M.K. Gandhi on the Non-cooperation Strategy,
9 January, 1921
cwmg, Vol. XIX, PP. 208-209

The resolution on non-violent non-coorperation has confirmed the resolution of the congress at Calcutta with certain additions. Those who have accepted that resolution are obliged to do the following :

1. Title-holders to relinquish their titles.
2. Parents to withdraw their children from Government controlled schools and make some arrangments for them in their homes or through a national school.
3. Any student over sixteen years who is convinced that it is a sin to learn under the shadow of a Government which the people have decided either to reform or to end should occupy himself in some other way.
4. Lawyers should give up practice as soon as possible and devote themselves to the service of the people.

5. Businessmen should give up practice trade in foreign goods, sever foreign connections as soon as possible and encou- rage hand-spinning and hand-weaving.
6. Those members of councils who have got themselves elected despite voters opposition should resign and those who, in defiance of public opinion, refuse to resign should not be approached by the voters for any political work.
7. Policemen and other Government servants should be polite, kind and truthful in their dealings with the people; they should attend political meeting but should not make any speeches there and should openly contribute money for the freedom movement.
8. Policemen should not regard service as greater than their religion or country and should, by their good behaviour, falsify the charge that they are mercenaries with no feeling for their own community.
9. Every man and women should make as much sacrifice as possible.
10. All should understand that our victory lies in preserving peace, and that only in dealing with Government but also amongst ourselves, preserving peace means not only avoiding physical violence but eschewing abuse as well.
11. All should try to strengthen Hindu-Muslim unity and, likewise, end the bitterness prevailing among the various sections in the country.

•••

M.K. Gandhi to Jawahar Lal Nehru on the Suspension of the Non-cooperation Movement, 19 February, 1922 Nehru papers (NMML)

I must tell you that this was the last straw. My letter to the Viceroy was not sent without misgiving as its language must make it clear to anyone. I was much disturbed by the Madras doings, but I drowned the warning voice. I received letters both from Hindus and Mohammedans from Calcutta, Allahabad and the Punjab, all these before the Gorakhpur incident, telling me that the wrong was not all on the Government side, that our people were becoming aggressive, defiant and threatening, that they were getting out of hand and were not non-violent in demeanour, Whilst the Ferozepur Jirka incident is dicreditable to the Government, we a re not altogether

without the blame. Hakimji complained about Baieilly. I have bitter complaints about Jajjar. In Shahajahanpur too there has been a forcible attempt to take possesion of the Town Hall From Kanouj too the congress secretary himself telegraphed saying that the volunteer boys had become unruly and were pickting a High school and preventing youngsters under 16 from going to the school. 36,000 volunteers were enlisted in Gorakhpur, not 100 of whom conformed to the congress pledge. In Calcutta Jamna lal ji tells me there is utter disorganization the volunteers wearing foreign cloth and certainly not pledged to non-violence. With all this news in my possession and much more from the South, the Chauri Chaura news (in February 1922, twenty-two policemen were mas. acred at Chauri Chaura in the Gorakhpur district of V.P.) came like a powerful match to ignite the gunpowder, and there was a blaze. I assure you that if the thing had not been suspended we would have been I leading not a non-violent struggle but essentialjy a voilent struggle. It is undoubtedly true that non-violent i spreading like the scent of the Otto of loses throughout the length and breadth of the land, but the foetid smell of violence is still powerful, and it would be unwise to ignore or underrate it The cause will prosper by this retreat. The movement had unconsciously drifted from the right path. We have come back to our moorings, and we can again go straight ahead. You anre in as disadvantageous position as I am advantageously placed for judging events in their due proportion.

•••

The Gandhi-Irwin Pact, 5 March, 1931.
Home Political, File No. 5/45/31

5. Civil disobedience will be effectively discontinued and reciprocal action will be taken by Government. The effective discontinuance of the civil disobedience movement means the effective discontinuance of all activities in furtherance thereof, by what even methods pursued and, in particular, the following :

1. The organised of the provisions of any law.
2. The movement for the non-payment of land revenue and other legal dues.
3. The publication of news-sheets in support of the civil disobedience movement.
4. Attempts to influence civil and military servants or

village officials against Government or to persuade them to resign their posts.

9. The action that Government will taken on the discontinuance of the civil disobedience movement is' stated in the following paragraphs.

10. Ordinances pro mulga ted in connection wi.h the civil disobedience movement will be withdrawn.

12. (i) Pending prosecution will be withdrawn if they have been filed in connection with the civil disobedience move- ment and relate to offences which do not involve violence other than technical violence, or incitement to such violence.

16. (a) Moveable property, which is not an illegal possession, and which has been seized in connection with the civil disobedience movement, under the ordinances or the provisions of the criminal law, will be returned, if it is still in the possession of Government.

•••

17. (a) Immovea ble property of which possession has been taken under ordinance IX of 1930 will be returned in accordance with the provisions of the ordinance.

•••


Government statement regarding Salt Satyagraha

20. Govenrncut are unable to condone breaches of the existing law relating to the salt administration, nor are they able, in the present financial conditions of the country, to make substancial modifications in the Salt Acts.

For the sake however of giving relief to certain of the poorer classes, they are prepared to extend their adminis- trative provisions, on lines alredy prevailing in certain place, in order to permit local residents In village, immediately adjoining areas where salt can be collected Or made, to collect or make salt for domestic consumption or sale witnin such village, but not for sale to, or trading with, individuals living outside them.

21. In the event of congress fa iling to give full effect to the obligations of this settlement, Government will take such act ion as may, in consequence, become necessary for the protection of the public ann individuals and the due obser- vance of law and order.

•••



ਭਗਤ ਸਿੰਘ ਬਿਲਗਾ

1-2 Desh Bhagat Yadgar Hall, Jalandhar
Punjab, India
Phone : 98140-87063
5aabparkashan@gmail.com
www.5aabparkashan.com

ISBN : 978-93-82413-59-2

₹ 225